ਬਾਰ੍ਹਵੀਂ ਸ਼੍ਰੇਣੀ ਲਈ

# ਲਾਜ਼ਮੀ ਪੰਜਾਬੀ-12

Z1A9F6

ਇਹ ਪੁਸਤਕ ਪੰਜਾਬ ਸਰਕਾਰ ਦੁਆਰਾ ਮੁਫ਼ਤ
ਦਿੱਤੀ ਜਾਣੀ ਹੈ ਅਤੇ ਵਿਕਰੀ ਲਈ ਨਹੀਂ ਹੈ।

**ਪੰਜਾਬ ਸਕੂਲ ਸਿੱਖਿਆ ਬੋਰਡ**
ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

**ਐਡੀਸ਼ਨ : 2022 .................. 2,10,000 ਕਾਪੀਆਂ**

All rights, including those of translation, reproduction
and annotation etc., are reserved by the
Punjab Government.

ਸੰਪਾਦਕ : **ਸ੍ਰੀਮਤੀ ਪਰਮਿੰਦਰ ਕੌਰ**
(ਵਿਸ਼ਾ ਮਾਹਰ-ਪੰਜਾਬੀ)
ਪੰਜਾਬ ਸਕੂਲ ਸਿੱਖਿਆ ਬੋਰਡ

ਰੀਵਿਊ ਕਰਤਾ : **ਡਾ. ਪਰਮਜੀਤ ਸਿੰਘ ਕਲਸੀ**
(ਸਟੇਟ ਅਤੇ ਨੈਸ਼ਨਲ ਅਵਾਰਡੀ)
ਜ਼ਿਲ੍ਹਾ ਭਾਸ਼ਾ ਅਫ਼ਸਰ, ਗੁਰਦਾਸਪੁਰ
**ਡਾ. ਸੁਰੇਸ਼ ਮਹਿਤਾ**
ਜ਼ਿਲ੍ਹਾ ਭਾਸ਼ਾ ਅਫ਼ਸਰ, ਪਠਾਨਕੋਟ

**ਚਿਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।
(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਇਹ ਪੁਸਤਕ ਵਿਕਰੀ ਲਈ ਨਹੀਂ ਹੈ।

**ਸਕੱਤਰ,** ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ **ਰਾਹੁਲ ਆਰਟ ਐਂਡ ਪ੍ਰੈਸ**, ਜਲੰਧਰ ਦੁਆਰਾ ਛਾਪੀ ਗਈ।

# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ, 1969 ਵਿੱਚ ਆਪਣੀ ਸਥਾਪਤੀ ਦੇ ਸਮੇਂ ਤੋਂ ਹੀ ਸਕੂਲ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਸਮੇਂ-ਸਮੇਂ ਵੱਖ-ਵੱਖ ਵਿਸ਼ਿਆਂ ਦੇ ਪਾਠ-ਕ੍ਰਮਾਂ ਨੂੰ ਨਵਿਆ ਕੇ ਉਹਨਾਂ ਅਨੁਸਾਰ ਉੱਤਮ ਪਾਠ-ਪੁਸਤਕਾਂ ਤਿਆਰ ਕਰਨ ਦੇ ਉਪਰਾਲੇ ਕਰਦਾ ਆ ਰਿਹਾ ਹੈ। ਇਸੇ ਸਿਲਸਿਲੇ ਅਧੀਨ ਐੱਨ.ਸੀ.ਐੱਫ਼. 2005 ਅਤੇ ਪੀ.ਸੀ.ਐੱਫ਼. 2013 ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬੀ ਵਿਸ਼ੇ ਦੀਆਂ ਲਗ-ਪਗ ਸਾਰੀਆਂ ਪਾਠ-ਪੁਸਤਕਾਂ ਨਵੀਆਂ ਤਿਆਰ ਕੀਤੀਆਂ ਗਈਆਂ ਹਨ। ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ, ਪੰਜਾਬੀ ਜੀਵਨ ਅਤੇ ਪੰਜਾਬੀ ਸੱਭਿਆਚਾਰ ਦੇ ਵਿਭਿੰਨ ਪੱਖਾਂ ਬਾਰੇ ਬੁਨਿਆਦੀ ਵਾਕਫ਼ੀਅਤ ਅਤੇ ਇਹਨਾਂ ਦੀ ਸਲਾਹੁਤਾ ਇਹਨਾਂ ਪਾਠ-ਪੁਸਤਕਾਂ ਦੀ ਵਿਸ਼ੇਸ਼ ਸਾਂਝੀ ਸਿਫ਼ਤ ਹੈ। ਉਂਵ ਸਾਰੀ ਪਾਠ-ਸਮਗਰੀ ਸਿੱਖਿਆ ਸੰਬੰਧੀ, ਰਾਸ਼ਟਰੀ ਸੋਚ ਅਤੇ ਰਾਸ਼ਟਰੀ ਸਰੋਕਾਰਾਂ ਨਾਲ਼ ਵੀ ਓਨੀ ਹੀ ਸੰਬੰਧਿਤ ਹੈ।

**ਲਾਜ਼ਮੀ ਪੰਜਾਬੀ**-12 ਪੰਜਾਬੀ ਲਾਜ਼ਮੀ ਵਿਸ਼ੇ ਲਈ ਤਿਆਰ ਕੀਤੀ ਗਈ ਪਾਠ-ਪੁਸਤਕ ਹੈ। ਇਹ ਪੰਜਾਬੀ ਪਾਠ-ਪੁਸਤਕ-12 ਦਾ ਸੋਧਿਆ ਅਤੇ ਕੁਝ ਵਾਧੇ ਵਾਲ਼ਾ ਰੂਪ ਹੈ ਜਿਸ ਨੂੰ ਇਹ ਨਵਾਂ ਨਾਂ ਦਿੱਤਾ ਗਿਆ ਹੈ। ਇਸ ਵਿੱਚ ਬਾਰ੍ਹਵੀਂ ਸ਼੍ਰੇਣੀ ਦੇ ਨਵੇਂ ਪਾਠ-ਕ੍ਰਮ ਅਨੁਸਾਰ ਪਾਠ-ਸਮਗਰੀ ਦਿੱਤੀ ਗਈ ਹੈ। ਵਿਦਿਆਰਥੀਆਂ ਨੂੰ ਪੰਜਾਬ ਦੇ ਨਿਰੋਏ, ਨਵੇਕਲ਼ੇ ਅਤੇ ਜੀਵਨ-ਉਤਸ਼ਾਹ ਬਖ਼ਸ਼ਣ ਵਾਲ਼ੇ ਪੰਜਾਬੀ ਸੱਭਿਆਚਾਰ ਬਾਰੇ ਮੁਢਲੀ ਪਰ ਮਹੱਤਵਪੂਰਨ ਜਾਣਕਾਰੀ ਦੇਣ ਲਈ ਇਸ ਦੇ ਵਿਭਿੰਨ ਪੱਖਾਂ ਬਾਰੇ ਅੱਠ ਲੇਖ ਹਨ ਜੋ ਆਪਣੇ-ਆਪਣੇ ਖੇਤਰ ਵਿੱਚ ਮੁਹਾਰਤ ਰੱਖਣ ਵਾਲ਼ੇ ਵਿਦਵਾਨਾਂ ਦੇ ਲਿਖੇ ਹੋਏ ਹਨ। ਫਿਰ ਵਿਹਾਰਿਕ ਦ੍ਰਿਸ਼ਟੀ ਤੋਂ ਉਪਯੋਗੀ ਪਾਠ-ਸਮਗਰੀ ਜਿਵੇਂ ਕਾਰ-ਵਿਹਾਰ ਦੇ ਪੱਤਰ, ਸੰਖੇਪ-ਰਚਨਾ, ਸ਼ਬਦ-ਕੋਸ਼ ਵਾਚਣ ਵਿਧੀ, ਵਾਕ ਦੀਆਂ ਕਿਸਮਾਂ, ਵਾਕ-ਵਟਾਂਦਰਾ ਅਤੇ ਅਖਾਉਤਾਂ ਆਦਿ ਵੀ ਸ਼ਾਮਲ ਕੀਤੀਆਂ ਗਈਆਂ ਹਨ। ਵਿਦਿਆਰਥੀਆਂ ਦੇ ਸਾਹਿਤ-ਸੁਆਦ ਲਈ ਅਤੇ ਜੀਵਨ-ਸੋਝੀ ਵਧਾਉਣ ਲਈ ਪੰਜਾਬੀ ਦੀਆਂ ਚੋਣਵੀਆਂ ਕਵਿਤਾਵਾਂ ਅਤੇ ਕਹਾਣੀਆਂ ਹਨ। ਮੈਨੂੰ ਨਿਸ਼ਚਾ ਹੈ ਕਿ ਇਹ ਪਾਠ-ਪੁਸਤਕ ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀਆਂ ਵਿੱਦਿਅਕ ਲੋੜਾਂ ਪੂਰੀਆਂ ਕਰੇਗੀ ਅਤੇ ਉਹਨਾਂ ਦੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਸਹਾਈ ਹੋਵੇਗੀ।

ਇਸ ਪਾਠ-ਪੁਸਤਕ ਨੂੰ ਮਿਆਰੀ ਬਣਾਉਣ ਲਈ ਹਰ ਪੜਾਅ 'ਤੇ ਅਨੁਭਵੀ ਅਧਿਆਪਕਾਂ ਨਾਲ਼ ਵਿਚਾਰ-ਵਟਾਂਦਰਾ ਕੀਤਾ ਗਿਆ ਹੈ। ਇਸ ਪਾਠ-ਪੁਸਤਕ ਦੀ ਸੰਪਾਦਨਾ ਸ੍ਰੀਮਤੀ ਅਮਰਜੀਤ ਕੌਰ ਦਾਲਮ ਉਪ-ਡਾਇਰੈਕਟਰ ਅਕਾਦਮਿਕ ਦੀ ਅਗਵਾਈ ਹੇਠ ਸ੍ਰੀਮਤੀ ਪਰਮਿੰਦਰ ਕੌਰ, ਵਿਸ਼ਾ-ਮਾਹਰ (ਪੰਜਾਬੀ) ਨੇ ਕੀਤੀ। ਪਾਠ-ਪੁਸਤਕ ਦੀ ਤਿਆਰੀ ਵਿੱਚ ਖੇਤਰ ਤੋਂ ਮਾਹਰਾਂ/ਅਧਿਆਪਕਾਂ ਨੇ ਖ਼ਾਸ ਕਰਕੇ ਸ੍ਰੀਮਤੀ ਅਮਰਜੀਤ ਕੌਰ ਵਿਰਕ, ਸ੍ਰੀਮਤੀ ਨਿਤਾਸ਼ਾ ਕੋਹਲੀ, ਸ੍ਰੀਮਤੀ ਜਸਵੀਰ ਕੌਰ, ਡਾ. ਸੁਖਬੀਰ ਸਿੰਘ, ਡਾ. ਵਰਿੰਦਰਜੀਤ ਵਾਤਿਸ਼, ਸ੍ਰੀ ਤਰਸੇਮ ਬੁੱਟਰ, ਸ੍ਰੀ ਮਨਮੋਹਨ ਸਿੰਘ ਦਾਊਂ, ਡਾ. ਜਾਗੀਰ ਸਿੰਘ ਨੂਰ ਅਤੇ ਸ੍ਰੀ ਕੁਲਵੰਤ ਢੰਡ ਨੇ ਸਹਿਯੋਗ ਦਿੱਤਾ।

ਕਿਸੇ ਪਾਠ-ਪੁਸਤਕ ਦੀ ਉੱਤਮਤਾ ਦੇ ਪਾਰਖੂ, ਵਾਸਤਵ ਵਿੱਚ ਇਸ ਨੂੰ ਪੜ੍ਹਨ ਤੇ ਪੜ੍ਹਾਉਣ ਵਾਲ਼ੇ ਵਿਦਿਆਰਥੀ ਅਤੇ ਅਧਿਆਪਕ ਹੀ ਹੁੰਦੇ ਹਨ।

ਉਮੀਦ ਹੈ ਕਿ ਇਸ ਪਾਠ-ਪੁਸਤਕ ਬਾਰੇ ਇਹਨਾਂ ਦੋਹਾਂ ਵਰਗਾਂ ਦੀ ਸੁਹਿਰਦ ਰਾਏ ਬੋਰਡ ਨੂੰ ਪ੍ਰਾਪਤ ਹੋਵੇਗੀ। ਉਹਨਾਂ ਦੇ ਸੁਝਾਵਾਂ ਦੀ ਲੋਅ ਵਿੱਚ ਇਸ ਪਾਠ-ਪੁਸਤਕ ਨੂੰ ਹੋਰ ਵੀ ਬਿਹਤਰ ਬਣਾਇਆ ਜਾ ਸਕੇਗਾ।

**ਚੇਅਰਮੈਨ**

ਪੰਜਾਬ ਸਕੂਲ ਸਿੱਖਿਆ ਬੋਰਡ

'ਸਮਾਜਿਕ ਨਿਆਂ, ਅਧਿਕਾਰਿਤਾ ਅਤੇ ਘੱਟ ਗਿਣਤੀ ਵਿਭਾਗ' ਪੰਜਾਬ

# ਵਿਸ਼ਾ-ਸੂਚੀ


| ਕ੍ਰਮ-ਅੰਕ | ਪਾਠ | ਪੰਨਾ ਨੰ |
|---|---|---|
| (ੳ) | ਦੋ ਸ਼ਬਦ | iii |
| (ਅ) | ਇਸ ਪਾਠ-ਪੁਸਤਕ ਬਾਰੇ | vi-viii |

**ਪਹਿਲਾ ਭਾਗ**

**ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ** 1

| ਲੇਖ | ਲੇਖਕ | |
|---|---|---|
| 1. ਪੰਜਾਬੀ ਸੱਭਿਆਚਾਰ | ਡਾ. ਬਰਿੰਦਰ ਕੌਰ | 2 |
| 2. ਪੰਜਾਬ ਦੇ ਮੇਲੇ ਤੇ ਤਿਉਹਾਰ | ਡਾ. ਐੱਸ.ਐੱਸ. ਵਣਜਾਰਾ ਬੇਦੀ | 8 |
| 3. ਪੰਜਾਬ ਦੇ ਰਸਮ-ਰਿਵਾਜ | ਗੁਲਜ਼ਾਰ ਸਿੰਘ ਸੰਧੂ | 18 |
| 4. ਪੰਜਾਬ ਦੀਆਂ ਲੋਕ-ਖੇਡਾਂ | ਸੁਖਦੇਵ ਮਾਦਪੁਰੀ | 27 |
| 5. ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ | ਕਿਰਪਾਲ ਕਜ਼ਾਕ | 36 |
| 6. ਪੰਜਾਬ ਦੇ ਲੋਕ-ਨਾਚ | ਡਾ. ਜਗੀਰ ਸਿੰਘ ਨੂਰ | 44 |
| 7. ਪੰਜਾਬ ਦੀਆਂ ਨਕਲਾਂ | ਪਿਆਰਾ ਸਿੰਘ ਖੁੰਡਾ | 58 |
| 8. ਪੰਜਾਬੀ ਸੱਭਿਆਚਾਰਿਕ ਪਰਿਵਰਤਨ | ਡਾ. ਰਾਜਿੰਦਰਪਾਲ ਸਿੰਘ ਬਰਾੜ | 64 |

**ਦੂਜਾ ਭਾਗ**

| | |
|---|---|
| 1. ਕਾਰ-ਵਿਹਾਰ ਦੇ ਪੱਤਰ | 73 |
| 2. ਸੰਖੇਪ ਰਚਨਾ | 84 |
| 3. ਸ਼ਬਦ-ਕੋਸ਼ : ਵਾਚਣ-ਵਿਧੀ | 102 |
| 4. ਵਾਕ ਦੀਆਂ ਕਿਸਮਾਂ ਅਤੇ ਵਾਕ-ਵਟਾਂਦਰਾ | 114 |
| 5. ਅਖਾਉਤਾਂ | 124 |

**ਤੀਜਾ ਭਾਗ**

ਕਵਿਤਾਵਾਂ

| ਕਵਿਤਾ | ਕਵੀ | |
|---|---|---|
| 1. ਟੁਕੜੀ ਜੱਗ ਤੋਂ ਨਯਾਰੀ | ਭਾਈ ਵੀਰ ਸਿੰਘ | 136 |
| 2. ਪੁਰਾਣੇ ਪੰਜਾਬ ਨੂੰ ਅਵਾਜ਼ਾਂ | ਪ੍ਰੋ. ਪੂਰਨ ਸਿੰਘ | 138 |
| 3. ਵਗਦੇ ਪਾਣੀ | ਡਾ. ਦੀਵਾਨ ਸਿੰਘ ਕਾਲੇਪਾਣੀ | 144 |
| 4. ਤਾਜ ਮਹਲ | ਪ੍ਰੋ. ਮੋਹਨ ਸਿੰਘ | 147 |
| 5. ਚੁੰਮ-ਚੁੰਮ ਰੱਖੋ | ਨੰਦ ਲਾਲ ਨੂਰਪੁਰੀ | 151 |

| | | | |
|---|---|---|---|
| 6. | ਦੋਸਤਾ | ਪਿਆਰਾ ਸਿੰਘ ਸਹਿਰਾਈ | 154 |
| 7. | ਵਾਰਸ ਸ਼ਾਹ | ਅੰਮ੍ਰਿਤਾ ਪ੍ਰੀਤਮ | 157 |
| 8. | ਮੇਰਾ ਬਚਪਨ | ਹਰਿਭਜਨ ਸਿੰਘ | 160 |
| 9. | ਗੀਤ | ਸ਼ਿਵ ਕੁਮਾਰ ਬਟਾਲਵੀ | 164 |
| 10. | ਐਵੇਂ ਨਾ ਬੁੱਤਾਂ 'ਤੇ ਡੋਲ੍ਹੀ ਜਾ ਪਾਣੀ | ਸੁਰਜੀਤ ਪਾਤਰ | 168 |


## ਕਹਾਣੀਆਂ


| | ਕਹਾਣੀ | ਕਹਾਣੀਕਾਰ | |
|---|---|---|---|
| 1. | ਸਾਂਝ | ਸੁਜਾਨ ਸਿੰਘ | 171 |
| 2. | ਨੀਲੀ | ਕਰਤਾਰ ਸਿੰਘ ਦੁੱਗਲ | 179 |
| 3. | ਆਪਣਾ ਦੇਸ | ਸੰਤੋਖ ਸਿੰਘ ਧੀਰ | 186 |
| 4. | ਮਾੜਾ ਬੰਦਾ | ਪ੍ਰੇਮ ਪ੍ਰਕਾਸ਼ | 196 |
| 5. | ਘਰ ਜਾਹ ਆਪਣੇ | ਗੁਲਜ਼ਾਰ ਸਿੰਘ ਸੰਧੂ | 202 |
| 6. | ਸਤੀਆ ਸੇਈ | ਦਲੀਪ ਕੌਰ ਟਿਵਾਣਾ | 209 |

# ਇਸ ਪਾਠ-ਪੁਸਤਕ ਬਾਰੇ

**ਲਾਜ਼ਮੀ ਪੰਜਾਬੀ**-12 (ਲਾਜ਼ਮੀ ਵਿਸ਼ਾ) ਦੇ ਤਿੰਨ ਭਾਗ ਹਨ। ਪਹਿਲੇ ਭਾਗ ਵਿੱਚ ਪੰਜਾਬੀ ਸੱਭਿਆਚਾਰ ਦੇ ਮਹੱਤਵਪੂਰਨ ਪੱਖਾਂ ਬਾਰੇ ਗਿਆਰਾਂ ਲੇਖ ਹਨ। ਦੂਜੇ ਭਾਗ ਵਿੱਚ ਕਾਰ-ਵਿਹਾਰ ਦੇ ਪੱਤਰ, ਸੰਖੇਪ ਰਚਨਾ, ਸ਼ਬਦ-ਕੋਸ਼ ਵਾਚਣ ਵਿਧੀ, ਵਾਕ ਦੀਆਂ ਕਿਸਮਾਂ, ਵਾਕ-ਵਟਾਂਦਰਾ ਅਤੇ ਅਖਾਉਤਾਂ ਹਨ। ਤੀਜੇ ਭਾਗ ਵਿੱਚ ਪੰਜਾਬੀ ਦੀਆਂ ਦਸ ਕਵਿਤਾਵਾਂ ਅਤੇ ਛੇ ਕਹਾਣੀਆਂ ਸ਼ਾਮਲ ਹਨ।

**ਪਹਿਲੇ ਭਾਗ ਬਾਰੇ :-**

ਇਸ ਭਾਗ ਵਿੱਚ ਦਿੱਤੇ ਲੇਖ ਪੰਜਾਬੀ ਸੱਭਿਆਚਾਰ ਦੇ ਵਿਭਿੰਨ ਪੱਖਾਂ ਦਾ ਡੂੰਘਾ ਗਿਆਨ ਰੱਖਣ ਵਾਲੇ ਵਿਦਵਾਨਾਂ ਦੇ ਲਿਖੇ ਹੋਏ ਹਨ। ਇਹਨਾਂ ਲੇਖਾਂ ਦੇ ਪਾਠ ਤੋਂ ਵਿਦਿਆਰਥੀ ਅਤੇ ਅਧਿਆਪਕ ਇਹ ਅਨੁਮਾਨ ਸਹਿਜੇ ਹੀ ਲਾ ਸਕਣਗੇ ਕਿ ਇਹ ਲੇਖ ਪੰਜਾਬੀ ਸੱਭਿਆਚਾਰ ਦੇ ਵਿਭਿੰਨ ਪੱਖਾਂ ਬਾਰੇ ਹੁੰਦੇ ਹੋਏ ਵੀ ਪੰਜਾਬੀ ਸੱਭਿਆਚਾਰ ਦੀ ਸਮੁੱਚ ਵਿੱਚ ਇੱਕ ਤਸਵੀਰ ਪੇਸ਼ ਕਰਦੇ ਹਨ। ਇਸ ਮਹਾਨ ਵਿਰਸੇ ਦੇ ਮਾਲਕ ਪੰਜਾਬੀ ਲੋਕ ਇਸ ਸੱਭਿਆਚਾਰ ਦਾ ਕੇਂਦਰੀ-ਧੁਰਾ ਹਨ। ਇਹਨਾਂ ਪੰਜਾਬੀਆਂ ਦੀ ਸਮੂਹਿਕ ਕਰਤਾਰੀ ਸਮਰੱਥਾ ਦਾ ਗੁਣ-ਗਾਨ ਇਹਨਾਂ ਲੇਖਾਂ ਵਿੱਚ ਹੋਇਆ ਹੈ। ਇਹਨਾਂ ਲੇਖਾਂ ਵਿੱਚ ਵਰਨਿਤ ਪੰਜਾਬੀ ਸੱਭਿਆਚਾਰ, ਭਾਰਤੀ ਸੱਭਿਆਚਾਰ ਦੇ ਪ੍ਰਬੰਧ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ। ਅੰਤ ਵਿੱਚ ਸੱਭਿਆਚਾਰ ਦੇ ਬਦਲਦੇ ਪਰਿਪੇਖ ਬਾਰੇ ਪਾਠ ਸ਼ਾਮਲ ਕੀਤਾ ਗਿਆ ਹੈ।

ਇਹਨਾਂ ਲੇਖਾਂ ਪਿੱਛੇ **ਪਾਠ-ਅਭਿਆਸ** ਸਿਰਲੇਖ ਹੇਠ ਦਿੱਤੇ ਪ੍ਰਸ਼ਨ ਇਹਨਾਂ ਲੇਖਾਂ ਨੂੰ ਚੰਗੇਰੀ ਤਰ੍ਹਾਂ ਸਮਝਣ ਲਈ ਬਣਾਏ ਗਏ ਹਨ ਭਾਵੇਂ ਇਹਨਾਂ ਦੀ ਪਰੀਖਿਆ ਪੱਖੋਂ ਵੀ ਮਹੱਤਤਾ ਹੈ।

**ਦੂਜੇ ਭਾਗ ਬਾਰੇ :-**

ਪਾਠ-ਪੁਸਤਕ ਦੇ ਦੂਜੇ ਭਾਗ ਵਿੱਚ ਪਹਿਲਾਂ ਕਾਰ-ਵਿਹਾਰ ਦੇ ਪੱਤਰ ਹਨ ਜੋ ਵਿਦਿਆਰਥੀਆਂ ਦੀਆਂ ਅਸਲੀ ਜੀਵਨ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਦਿੱਤੇ ਗਏ ਹਨ। (ਨਿੱਜੀ ਪੱਤਰ, ਬਿਨੈ-ਪੱਤਰ ਆਦਿ ਬਾਰੇ ਪਹਿਲਾਂ ਹੇਠਲੀਆਂ ਸ਼੍ਰੇਣੀਆਂ ਦੀਆਂ ਪਾਠ-ਪੁਸਤਕਾਂ ਵਿੱਚ ਦੱਸਿਆ ਜਾ ਚੁੱਕਾ ਹੈ।) ਇਸ ਉਪਰੰਤ ਸੰਖੇਪ ਰਚਨਾ ਬਾਰੇ ਪਾਠ-ਸਮਗਰੀ ਹੈ। ਸੰਖੇਪ ਰਚਨਾ ਦਾ ਮਹੱਤਵ ਵੀ ਬਹੁਤ ਹੈ। ਇਸ ਬਾਰੇ ਸੰਖੇਪ ਰਚਨਾ ਸੰਬੰਧੀ ਅਰੰਭਿਕ ਜਾਣਕਾਰੀ ਵਿੱਚ ਦੱਸਿਆ ਗਿਆ ਹੈ। ਪਹਿਲਾਂ ਸੰਖੇਪ ਰਚਨਾ ਬਾਰੇ ਸਿਧਾਂਤਿਕ ਜਾਣਕਾਰੀ ਦਿੱਤੀ ਗਈ ਹੈ। ਫਿਰ ਸੰਖੇਪ ਰਚਨਾ ਕਰਕੇ ਦੱਸੀ ਗਈ ਹੈ, ਇਸ ਉਪਰੰਤ ਵਿਦਿਆਰਥੀਆਂ ਦੇ ਅਭਿਆਸ ਕਰਨ ਲਈ ਗਿਣਤੀ ਵਧਾ ਕੇ ਦਿੱਤੇ ਪੈਰੇ ਹਨ। ਤੀਜੀ ਇਕਾਈ ਸ਼ਬਦ-ਕੋਸ਼ ਵਾਚਣ ਦੀ ਵਿਧੀ ਬਾਰੇ ਹੈ। ਵਿਦਿਆਰਥੀ ਸ਼ਬਦ-ਕੋਸ਼ ਵੇਖਣ ਬਾਰੇ ਜਾਣਕਾਰੀ ਹਾਸਲ ਕਰੇਗਾ। ਚੌਥੀ ਇਕਾਈ ਵਾਕ-ਬਣਤਰ ਅਤੇ ਵਾਕ-ਵਟਾਂਦਰੇ ਬਾਰੇ ਹੈ। ਇਸ ਰਾਹੀਂ ਵਿਦਿਆਰਥੀ ਸ਼ੁੱਧ ਵਾਕ ਲਿਖਣਾ ਸਿੱਖਣਗੇ। ਇਸ ਭਾਗ ਦੀ ਪੰਜਵੀਂ ਇਕਾਈ ਵਿੱਚ ਅਖਾਉਤਾਂ ਹਨ। ਸਾਰੀਆਂ ਅਖਾਉਤਾਂ ਨੂੰ ਵਾਕਾਂ ਵਿੱਚ ਵਰਤ ਕੇ ਦਰਸਾਇਆ ਗਿਆ ਹੈ। ਫਿਰ ਵੀ, ਚੰਗਾ ਹੋਵੇਗਾ ਕਿ ਵਿਦਿਆਰਥੀ ਇਹਨਾਂ ਅਖਾਉਤਾਂ ਨੂੰ ਆਪ ਵੱਖਰੇ ਵਾਕਾਂ ਵਿੱਚ ਵਰਤਣ ਦਾ ਅਭਿਆਸ ਕਰਨ ਅਤੇ ਇਹਨਾਂ ਦੀ ਵਰਤੋਂ ਵਾਲੀ ਸਥਿਤੀ ਬਾਰੇ ਸਪਸ਼ਟ ਹੋ ਜਾਣ। ਚੁਣੀਆਂ ਗਈਆਂ ਅਖਾਉਤਾਂ ਉਹ ਹਨ ਜੋ ਹਾਲੇ ਤੀਕ ਵਿਦਿਆਰਥੀਆਂ ਨੇ ਹੇਠਲੀਆਂ ਸ਼੍ਰੇਣੀਆਂ ਵਿੱਚ ਨਹੀਂ ਪੜ੍ਹੀਆਂ। ਕੁਝ ਹੋਰ ਅਖਾਉਤਾਂ ਅਭਿਆਸ ਲਈ ਸ਼ਾਮਲ ਕੀਤੀਆਂ ਗਈਆਂ ਹਨ।

**ਤੀਜੇ ਭਾਗ ਬਾਰੇ :-**

ਇਸ ਪਾਠ-ਪੁਸਤਕ ਦੇ ਤੀਜੇ ਭਾਗ ਵਿੱਚ ਪੰਜਾਬੀ ਦੇ ਦਸ ਕਵੀਆਂ ਦੀਆਂ ਦਸ ਕਵਿਤਾਵਾਂ ਅਤੇ ਛੇ ਕਹਾਣੀਕਾਰਾਂ ਦੀਆਂ ਛੇ ਕਹਾਣੀਆਂ ਹਨ। ਪੰਜਾਬੀ ਸਾਹਿਤ ਵਿੱਚੋਂ ਚੁਣੀ ਇਹ ਪਾਠ-ਸਮਗਰੀ ਵਿਦਿਆਰਥੀਆਂ ਨੂੰ ਸਾਹਿਤਿਕ ਚੇਟਕ ਲਾਉਣ ਲਈ ਹੈ। ਹੇਠਲੀਆਂ ਸ਼੍ਰੇਣੀਆਂ ਵਿੱਚ ਵੀ ਵਿਦਿਆਰਥੀਆਂ ਨੇ ਕੁਝ ਸਾਹਿਤਿਕ ਵੰਨਗੀਆਂ ਨੂੰ ਪੜ੍ਹਿਆ ਹੈ। ਉਸ ਨੂੰ ਅੱਗੇ ਜਾਰੀ ਰੱਖਣ ਲਈ ਇਹ ਕਵਿਤਾਵਾਂ ਅਤੇ ਕਹਾਣੀਆਂ ਚੁਣੀਆਂ ਗਈਆਂ ਹਨ। ਫ਼ਰਕ ਸਿਰਫ਼ ਇਹ ਹੈ ਕਿ ਸੈਕੰਡਰੀ ਪੱਧਰ 'ਤੇ ਸਾਹਿਤਿਕ ਪਾਠ-ਸਮਗਰੀ ਦੀ ਚੋਣ ਸਿਲਸਿਲੇਬੱਧ ਸੀ। ਸੀਨੀਅਰ ਸੈਕੰਡਰੀ ਪੱਧਰ ਉੱਤੇ ਚੋਣਵਾਂ ਵਿਸ਼ਾ ਪੰਜਾਬੀ ਵਿੱਚ ਵੀ ਸਾਹਿਤਿਕ ਪਾਠ-ਸਮਗਰੀ ਦਾ ਅਜਿਹਾ ਹੀ ਨਿਸ਼ਚਿਤ ਆਧਾਰ ਹੈ ਪਰ ਇਸ ਪਾਠ-ਪੁਸਤਕ ਵਿੱਚ ਕੇਵਲ ਵਿਦਿਆਰਥੀਆਂ ਦੀ ਰੁਚੀ ਤੇ ਮਾਨਸਿਕ ਵਿਕਾਸ ਨੂੰ ਮੁੱਖ ਰੱਖਦੇ ਹੋਏ ਇਹਨਾਂ ਕਵਿਤਾਵਾਂ ਅਤੇ ਕਹਾਣੀਆਂ ਦੀ ਚੋਣ ਕੀਤੀ ਗਈ ਹੈ। ਅਰੰਭ ਵਿੱਚ ਕਵੀ ਜਾਂ ਕਹਾਣੀਕਾਰ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਫਿਰ ਚੁਣੀ ਗਈ ਰਚਨਾ ਬਾਰੇ ਟਿੱਪਣੀ ਹੈ। ਫਿਰ ਕਵੀ ਦੀ ਕਵਿਤਾ ਜਾਂ ਕਿਸੇ ਕਹਾਣੀਕਾਰ ਦੀ ਕਹਾਣੀ ਪਿੱਛੋਂ ਪਾਠ-ਅਭਿਆਸ ਦਿੱਤੇ ਹਨ। ਪਾਠ-ਅਭਿਆਸਾਂ ਵਿੱਚ ਪੁੱਛੇ ਪ੍ਰਸ਼ਨਾਂ ਦਾ ਉੱਤਰ ਲੱਭਦਿਆਂ- ਲੱਭਦਿਆਂ ਵਿਦਿਆਰਥੀ ਰਚਨਾ ਦੇ ਸਾਰੇ ਮਹੱਤਵਪੂਰਨ ਪੱਖਾਂ ਤੋਂ ਵਾਕਫ਼ ਹੋ ਸਕਣਗੇ।

**ਇਸ ਪਾਠ-ਪੁਸਤਕ ਨੂੰ ਪੜ੍ਹਾਉਣ ਬਾਰੇ ਸੁਝਾਅ :-**

ਇਸ ਪਾਠ-ਪੁਸਤਕ ਵਿੱਚ ਦਿੱਤੀ ਪਾਠ-ਸਮਗਰੀ ਨੂੰ ਪੜ੍ਹਾਉਣ ਪੱਖੋਂ ਮੁਢਲਾ ਹਵਾਲਾ ਜਾਂ ਅਰੰਭ-ਬਿੰਦੂ ਹੀ ਮੰਨਿਆ ਜਾਣਾ ਚਾਹੀਦਾ ਹੈ। ਇਹ ਵਿਦਿਆਰਥੀ ਦੀ ਹੋਰ ਪੜ੍ਹਨ ਤੇ ਜਾਣਨ ਦੀ ਜਿਗਿਆਸਾ ਜਗਾਉਣ ਵਾਲੀ ਬਣੇਗੀ। ਪੰਜਾਬੀ ਸੱਭਿਆਚਾਰ ਨੂੰ ਸਿਧਾਂਤਿਕ ਪੱਖੋਂ ਜਾਣਨ ਲਈ ਇਹ ਗਿਆਰਾਂ ਲੇਖ ਹੀ ਕਾਫ਼ੀ ਨਹੀਂ। ਵਿਦਿਆਰਥੀ ਦੀ ਉਤਸੁਕਤਾ ਜਾਗੇਗੀ ਤਾਂ ਉਹ ਹੋਰ ਵਸੀਲਿਆਂ, ਜਿਵੇਂ ਇਸ ਵਿਸ਼ੇ 'ਤੇ ਲਿਖੀਆਂ ਕਿਤਾਬਾਂ ਅਤੇ ਅਖ਼ਬਾਰਾਂ-ਰਿਸਾਲਿਆਂ ਵਿੱਚ ਇਸ ਸੰਬੰਧੀ ਛਪਦੇ ਲੇਖਾਂ ਨੂੰ ਪੜ੍ਹਨ ਵੱਲ ਰੁਚਿਤ ਹੋਵੇਗਾ। ਅੰਤਿਮ ਉਦੇਸ਼ ਇਹ ਹੈ ਕਿ ਵਿਦਿਆਰਥੀ ਸੱਭਿਆਚਾਰ ਤੇ ਪੰਜਾਬੀ ਸੱਭਿਆਚਾਰ ਬਾਰੇ ਵੱਧ ਤੋਂ ਵੱਧ ਸਪਸ਼ਟ ਹੋਵੇ ਤਦ ਹੀ ਉਹ ਸੱਭਿਆਚਾਰ ਦੇ ਸਿਹਤਮੰਦ ਪੱਖਾਂ ਨੂੰ ਸਲਾਹੁੰਦਾ ਹੋਇਆ ਗ੍ਰਹਿਣ ਕਰੇਗਾ ਅਤੇ ਫਿਰ ਆਪਣੀ ਸਮਰੱਥਾ ਮੁਤਾਬਕ ਇਸ ਵਿੱਚ ਆਪਣਾ ਯੋਗਦਾਨ ਵੀ ਪਾ ਸਕੇਗਾ। ਚੰਗਾ ਹੋਵੇਗਾ ਕਿ ਇਸ ਪਾਠ-ਪੁਸਤਕ ਵਿੱਚ ਸ਼ਾਮਲ ਸੱਭਿਆਚਾਰ ਸੰਬੰਧੀ ਪਾਠ-ਸਮਗਰੀ ਨੂੰ ਚੁਫੇਰੇ ਮਿਲਦੀਆਂ ਸੱਭਿਆਚਾਰ ਦੀਆਂ ਜੀਵੰਤ ਝਲਕਾਂ ਨਾਲ਼ ਜੋੜ ਕੇ ਸਮਝਾਇਆ ਜਾਵੇ।

ਕਾਰ-ਵਿਹਾਰ ਦੇ ਪੱਤਰ ਤੇ ਸੰਖੇਪ ਰਚਨਾ ਸਾਡੇ ਵਿਹਾਰਿਕ ਜੀਵਨ ਨਾਲ਼ ਜੁੜੀਆਂ ਚੀਜ਼ਾਂ ਹਨ ਇਸ ਲਈ ਅਜੋਕੇ ਜੀਵਨ ਨਾਲ਼ ਸੰਬੰਧਿਤ ਕਰਕੇ ਇਹਨਾਂ ਦਾ ਅਭਿਆਸ ਕਰਵਾਇਆ ਜਾਵੇ। ਭਾਸ਼ਾ-ਸਮਰੱਥਾ ਨੂੰ ਵਧਾਉਣ ਲਈ ਅਭਿਆਸ ਦੀ ਬਹੁਤ ਮਹੱਤਤਾ ਹੈ। ਸ਼ਬਦ-ਕੋਸ਼ ਵਾਚਣ-ਵਿਧੀ ਪੜ੍ਹਨ ਸਮੇਂ ਵਿਦਿਆਰਥੀ ਸ਼ਬਦ-ਕੋਸ਼ ਦੇਖਣ ਦੀ ਜਾਚ ਸਿੱਖੇਗਾ। ਉਸ ਨੂੰ ਪੰਜਾਬੀ ਭਾਸ਼ਾ ਨੂੰ ਜਾਣਨ ਦੀ ਚੇਟਕ ਲਗੇਗੀ। ਵਾਕ ਦੀਆਂ ਕਿਸਮਾਂ ਅਤੇ ਵਾਕ-ਵਟਾਂਦਰੇ ਰਾਹੀਂ ਵਿਦਿਆਰਥੀ ਭਾਸ਼ਾ ਨੂੰ ਸ਼ੁੱਧ ਲਿਖਣਾ ਸਿੱਖ ਜਾਵੇਗਾ। ਉਂਞ ਕਹਾਵਤ ਵੀ ਹੈ ਕਿ ਅਭਿਆਸ ਦੁਆਰਾ ਮਨੁੱਖ ਪੂਰਨਤਾ ਨੂੰ ਪ੍ਰਾਪਤ ਕਰਦਾ ਹੈ। ਭਾਸ਼ਾ ਦੀ ਸਿਖਲਾਈ ਲਈ ਅਭਿਆਸ ਦਾ ਸਰਬੋਤਮ ਦਰਜਾ ਹੈ। ਇਸ ਲਈ ਪਾਠ-ਪੁਸਤਕ ਵਿੱਚ ਦਿੱਤੇ ਪਾਠ-

ਅਭਿਆਸਾਂ ਨੂੰ ਹੱਲ ਕਰਨ ਵਿੱਚ ਵਿਸ਼ੇਸ਼ ਦਿਲਚਸਪੀ ਲਈ ਜਾਵੇ। ਇਹਨਾਂ ਤੋਂ ਬਿਨਾਂ ਵੀ ਅਧਿਆਪਕ ਜਿਵੇਂ-ਜਿਵੇਂ ਜ਼ਰੂਰਤ ਸਮਝੇ ਵਸਤੂਨਿਸ਼ਠ, ਛੋਟੇ ਉੱਤਰਾਂ ਵਾਲ਼ੇ ਅਤੇ ਨਿਬੰਧਨੁਮਾ ਉੱਤਰਾਂ ਵਾਲ਼ੇ ਹੋਰ ਪ੍ਰਸ਼ਨ ਵੀ ਵਿਦਿਆਰਥੀ ਨੂੰ ਅਭਿਆਸ ਕਰਾਉਣ ਲਈ ਪੁੱਛ ਸਕਦਾ ਹੈ।

ਅਖਾਉਤਾਂ ਬਾਰੇ ਤਾਂ ਏਨਾ ਹੀ ਕਹਿਣਾ ਹੈ ਕਿ ਇਹ ਬੀਤੇ ਵਿੱਚ ਪੰਜਾਬੀਆਂ ਦੇ ਜੀਵਨ-ਨਿਚੋੜਾਂ ਨਾਲ਼ ਭਰੇ ਕੈਪਸੂਲ ਹਨ। ਇਹਨਾਂ ਦੀ ਢੁਕਵੀਂ ਵਰਤੋਂ ਜਨ-ਸਧਾਰਨ ਨਿੱਤ ਕਰਦਾ ਹੈ। ਇਸ ਲਈ ਵਿਦਿਆਰਥੀ ਨੂੰ ਪ੍ਰੇਰਿਆ ਜਾਵੇ ਕਿ ਉਹ ਆਪਣੇ ਆਲ਼ੇ-ਦੁਆਲ਼ੇ ਵਿੱਚ ਪੰਜਾਬੀਆਂ ਦੀ ਗੱਲ-ਬਾਤ ਨੂੰ ਇਸ ਪੱਖੋਂ ਦਿਲਚਸਪੀ ਨਾਲ਼ ਸੁਣੇ। ਏਨਾ ਹੀ ਨਹੀਂ, ਉਹ ਜਦੋਂ ਕਦੇ ਕੋਈ ਅਜਿਹੀ ਅਖਾਉਤ ਸੁਣੇ ਜੋ ਅਜੇ ਪੁਸਤਕਾਂ ਵਿੱਚ ਦਰਜ ਨਹੀਂ ਹੈ, ਉਸ ਨੂੰ ਆਪਣੀ ਡਾਇਰੀ ਵਿੱਚ ਲਿਖੇ। ਆਪਣੇ ਵਿਰਸੇ ਦੀ ਸੰਭਾਲ਼ ਵਿੱਚ ਉਹ ਇੰਞ ਵੀ ਯੋਗਦਾਨ ਪਾ ਸਕਦਾ ਹੈ। ਇਹ ਵੀ ਧਿਆਨ ਰੱਖਿਆ ਜਾਵੇ ਕਿ ਕਿਸੇ ਅਖਾਉਤ ਨੂੰ ਅੱਗੋਂ ਅਜਿਹੇ ਪ੍ਰਸੰਗ ਵਿੱਚ ਵਰਤਿਆ ਜਾਵੇ ਜੋ ਸਿਹਤਮੰਦ ਹੋਵੇ ਤੇ ਕਿਸੇ ਜਾਤ, ਧਰਮ ਜਾਂ ਇਸਤਰੀ ਦੇ ਵਿਰੁੱਧ ਨਾ ਜਾਂਦਾ ਹੋਵੇ।

ਇਸ ਪਾਠ-ਪੁਸਤਕ ਵਿੱਚ ਸ਼ਾਮਲ ਕਵਿਤਾਵਾਂ ਤੇ ਕਹਾਣੀਆਂ ਨੂੰ ਇੰਞ ਪੜ੍ਹਾਇਆ ਜਾਵੇ ਕਿ ਵਿਦਿਆਰਥੀ ਇਹਨਾਂ ਲੇਖਕਾਂ ਦੀਆਂ ਹੋਰ ਰਚਨਾਵਾਂ ਅਤੇ ਸਾਫ਼-ਸੁਥਰਾ 'ਤੇ ਸਿਹਤਮੰਦ ਸਾਹਿਤ ਪੜ੍ਹਨ ਲਈ ਉਤਸੁਕ ਹੋਵੇ। ਇਵੇਂ ਹੀ ਉਹ ਹੋਰ ਪੜ੍ਹਨ ਦਾ ਇੱਛੁਕ ਹੋਵੇ। ਉਂਞ ਇਸ ਪਾਠ-ਪੁਸਤਕ ਨੂੰ ਪਾਠ-ਕ੍ਰਮ ਤੇ ਪਰੀਖਿਆ ਦੀਆਂ ਲੋੜਾਂ ਅਨੁਸਾਰ ਵੀ ਪੜ੍ਹਾਇਆ ਜਾਵੇ।

**ਸ੍ਰੀਮਤੀ ਪਰਮਿੰਦਰ ਕੌਰ**
ਵਿਸ਼ਾ-ਮਾਹਰ
ਪੰਜਾਬ ਸਕੂਲ ਸਿੱਖਿਆ ਬੋਰਡ।

ਪਹਿਲਾ ਭਾਗ

# ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ

ਲੇਖਕਾ ਬਾਰੇ

# ਡਾ. ਬਰਿੰਦਰ ਕੌਰ

## (12 ਅਪਰੈਲ, 1966)

| | | |
|---|---|---|
| ਪਿਤਾ ਜੀ ਦਾ ਨਾਂ | : | ਸਰਦਾਰ ਗੁਰਦਿਆਲ ਸਿੰਘ |
| ਮਾਤਾ ਜੀ ਦਾ ਨਾਂ | : | ਸਰਦਾਰਨੀ ਸੁਰਜੀਤ ਕੌਰ |
| ਜਨਮ-ਮਿਤੀ | : | 12 ਅਪਰੈਲ, 1966 |
| ਜਨਮ-ਸਥਾਨ | : | ਅੰਮ੍ਰਿਤਸਰ (ਪੰਜਾਬ) |
| ਵਿੱਦਿਆ-ਪ੍ਰਾਪਤੀ | : | ਐੱਮ. ਏ. (ਪੰਜਾਬੀ), ਐੱਮ. ਫਿਲ, ਪੀ-ਐੱਚ. ਡੀ., ਪੋਸਟ-ਡਾਕਟਰਲ ਰਿਚਰਚ (ਯੂ.ਜੀ.ਸੀ. ਨਵੀਂ ਦਿੱਲੀ) |
| ਕੰਮ-ਕਿੱਤਾ | : | ਅਧਿਐਨ, ਅਧਿਆਪਨ, ਐਡਮਿਨਿਸਟਰੇਸ਼ਨ। |

ਡਾ. ਬਰਿੰਦਰ ਕੌਰ 1990 ਤੋਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਕਾਰਜ ਵਿੱਚ ਜੁੜੇ ਹੋਏ ਹਨ। ਸੰਨ 2003 ਤੋਂ ਪੰਜਾਬ ਦੇ ਵੱਖ-ਵੱਖ ਕਾਲਜਾਂ ਵਿੱਚ ਬਤੌਰ ਪ੍ਰਿੰਸੀਪਲ ਸੇਵਾ ਨਿਭਾ ਰਹੇ ਹਨ। ਵਿਸ਼ੇਸ਼ ਉਪਰਾਲਾ ਪੰਜਾਬ ਦੇ ਸਰਹੱਦੀ ਪਿੰਡ ਨਰੋਟ ਜੈਮਲ ਸਿੰਘ (ਜ਼ਿਲ੍ਹਾ ਪਠਾਨਕੋਟ) ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਾਂਸਟੀਚੂਐਂਟ ਕਾਲਜ ਨੂੰ ਸਫਲਤਾਪੂਰਵਕ ਬਤੌਰ ਫਾਊਂਡਰ ਪ੍ਰਿੰਸੀਪਲ ਚਲਾਉਣ ਦਾ ਰਿਹਾ। ਆਪ ਪੰਜਾਬੀ ਸਾਹਿਤ, ਭਾਸ਼ਾ ਅਤੇ ਲੋਕ-ਧਾਰਾ ਨਾਲ਼ ਜੁੜੇ ਵਿਸ਼ਿਆਂ ਸੰਬੰਧੀ ਪੁਸਤਕਾਂ ਦੀ ਪ੍ਰਕਾਸ਼ਨਾਂ ਕਰਵਾ ਚੁੱਕੇ ਹਨ। ਇਸ ਤੋਂ ਇਲਾਵਾ ਰੰਗ-ਮੰਚ, ਬਿਜਲਈ ਮੀਡੀਆ (ਟੀ. ਵੀ.) ਅਤੇ ਪੰਜਾਬੀ ਪੱਤਰਕਾਰਿਤਾ ਵਿੱਚ ਸ਼ੌਕ ਰੱਖਦੇ ਹਨ।

ਹਥਲੀ ਪਾਠ-ਪੁਸਤਕ ਵਿੱਚ ਸ਼ਾਮਲ ਕੀਤਾ ਗਿਆ ਇਹਨਾਂ ਦਾ ਲੇਖ 'ਪੰਜਾਬੀ ਸੱਭਿਆਚਾਰ' ਇਹਨਾਂ ਦੇ ਹੁਣੇ ਜਿਹੇ ਸੰਪੰਨ ਹੋਏ ਪੋਸਟ ਡਾਕਟਰਲ ਰਿਸਰਚ ਪ੍ਰੋਜੈਕਟ ਲਈ ਕੀਤੇ ਖੋਜ-ਕਾਰਜ ਦਾ ਹਿੱਸਾ ਹੈ ਜੋਕਿ ਬਾਰ੍ਹਵੀਂ ਦੇ ਵਿਦਿਆਰਥੀਆਂ ਨੂੰ ਆਪਣੇ ਸੂਬੇ, ਇੱਥੋਂ ਦੇ ਇਤਿਹਾਸ, ਰਾਜਨੀਤੀ, ਲੋਕ-ਧਾਰਾ ਅਤੇ ਖ਼ਾਸ ਕਰਕੇ ਪੰਜਾਬੀ ਸੱਭਿਆਚਾਰ ਅਤੇ ਉਪ ਸੱਭਿਆਚਾਰਾਂ ਬਾਰੇ ਜਾਣਕਾਰੀ ਦੇਣ ਦੇ ਨਾਲ਼-ਨਾਲ਼ ਪੰਜਾਬੀਅਤ ਦੇ ਵਿਲੱਖਣ ਪਛਾਣ-ਚਿੰਨ੍ਹਾਂ ਤੋਂ ਜਾਣੂ ਕਰਵਾਉਣ ਦਾ ਉਪਰਾਲਾ ਹੈ। ਪੰਜਾਬੀ ਸੱਭਿਆਚਾਰ ਦੇ ਲੱਛਣਾਂ ਨੂੰ ਉਲੀਕਣ ਦੇ ਨਾਲ਼-ਨਾਲ਼ ਗੁਆਚ ਰਹੀਆਂ ਕਦਰਾਂ-ਕੀਮਤਾਂ ਬਾਰੇ ਵੀ ਚਿੰਤਾ ਪ੍ਰਗਟਾਈ ਹੈ।

# ਪੰਜਾਬੀ ਸੱਭਿਆਚਾਰ

ਸੱਭਿਆਚਾਰ ਕਿਸੇ ਖ਼ਾਸ ਖਿੱਤੇ ਜਾਂ ਕੌਮ ਦੀ ਸਮੁੱਚੀ ਜੀਵਨ-ਜਾਚ ਹੁੰਦੀ ਹੈ। ਸੱਭਿਆਚਾਰ ਨਿਸ਼ਚੇ ਹੀ ਉਸ ਕੌਮ ਦੇ ਜੀਵਨ ਨਾਲ਼ ਜੁੜੇ ਵੱਖ-ਵੱਖ ਵਿਚਾਰਾਂ, ਮਨੌਤਾਂ, ਰਹਿਣ-ਸਹਿਣ, ਕਦਰਾਂ-ਕੀਮਤਾਂ, ਖਾਣ-ਪੀਣ, ਰੀਤੀ-ਰਿਵਾਜਾਂ, ਪਹਿਰਾਵੇ, ਬੋਲੀ ਅਤੇ ਤਿੱਥ-ਤਿਉਹਾਰ ਦਾ ਸੁਮੇਲ ਹੈ। ਓਪਰੀ ਨਜ਼ਰੇ ਵੇਖਿਆਂ ਜਿੱਥੇ ਸੱਭਿਆਚਾਰ ਦੀ ਪ੍ਰਕਿਰਤੀ ਸਧਾਰਨ ਜਾਪਦੀ ਹੈ, ਉੱਥੇ ਇਸ ਦਾ ਅਧਿਐਨ ਕਰਦੇ ਹੋਏ ਅਸੀਂ ਮਹਿਸੂਸ ਕਰ ਸਕਦੇ ਹਾਂ ਕਿ ਇਹ ਆਪਣੇ-ਆਪ ਵਿੱਚ ਇੱਕ ਜਟਿਲ ਵਰਤਾਰਾ ਵੀ ਹੈ।

## ਸੱਭਿਆਚਾਰ : ਪਰਿਭਾਸ਼ਾ ਅਤੇ ਸਰੂਪ

ਸੱਭਿਆਚਾਰ ਸ਼ਬਦ ਅਸਲ ਵਿੱਚ ਦੋ ਸ਼ਬਦਾਂ 'ਸੱਭਯ' ਅਤੇ 'ਆਚਾਰ' ਦਾ ਸੁਮੇਲ ਹੈ। 'ਸੱਭਯ' ਦਾ ਸ਼ਾਬਦਿਕ ਅਰਥ ਨਿਯਮਬੱਧਤਾ ਹੈ ਜਦਕਿ 'ਆਚਾਰ' ਦਾ ਅਰਥ ਆਚਰਨ ਹੈ। ਭਾਵ ਉਹ ਚਰਿੱਤਰ ਜੋ ਜੀਵਨ ਵਿੱਚ ਕਿਸੇ ਨਿਯਮਬੱਧਤਾ ਦਾ ਧਾਰਨੀ ਹੈ, ਨੂੰ ਸੱਭਿਆਚਾਰ ਕਿਹਾ ਜਾਂਦਾ ਹੈ। ਵੱਖ-ਵੱਖ ਭਾਸ਼ਾਵਾਂ ਵਿੱਚ ਸੱਭਿਆਚਾਰ ਦੇ ਭਾਵੇਂ ਵੱਖ-ਵੱਖ ਨਾਂ ਹਨ ਪਰ ਇਹਨਾਂ ਦਾ ਸ਼ਾਬਦਿਕ ਅਰਥ ਤੇ ਭਾਵ ਇੱਕ ਹੀ ਹੈ।

ਨਿਯਮਬੱਧਤਾ ਵਿੱਚ ਵਿਅਕਤੀ ਵਿਸ਼ੇਸ਼ ਵੱਲੋਂ ਚੰਗੀ ਜੀਵਨ-ਜਾਚ ਲਈ ਅਪਣਾਏ ਗਏ ਨੇਮਬੱਧ ਅਸੂਲ ਹੁੰਦੇ ਹਨ ਜਿਨ੍ਹਾਂ ਨੂੰ ਸਾਰੇ ਲੋਕ (ਸਮੂਹ / ਗੁੱਟ / ਜੁੱਟ) ਪ੍ਰਵਾਨ ਕਰਦੇ ਹਨ। ਕੋਈ ਵੀ ਕੁਰੀਤੀ ਜਾਂ ਬੇਨਿਯਮੀ ਕਿਸੇ ਸੱਭਿਆਚਾਰ ਦਾ ਅੰਗ ਨਹੀਂ ਬਣ ਸਕਦੀ ਜਾਂ ਸਰਬ-ਪ੍ਰਵਾਨਿਤ ਨਹੀਂ ਹੋ ਸਕਦੀ। ਸਮਾਜ ਇਸ ਨੂੰ ਕੁਰੀਤੀ ਜਾਂ ਬੇਨਿਯਮੀ ਪ੍ਰਵਾਨ ਨਹੀਂ ਕਰਦਾ ਅਤੇ ਸੱਭਿਆਚਾਰ ਸਿਰਫ਼ ਸਮਾਜ ਵਿੱਚ ਰਹਿੰਦਿਆਂ ਹੋਇਆਂ ਹੀ ਗ੍ਰਹਿਣ ਕੀਤਾ ਜਾ ਸਕਦਾ ਹੈ। ਇਸੇ ਹੀ ਆਧਾਰ 'ਤੇ ਮਨੁੱਖ ਨੂੰ ਸਮਾਜਿਕ ਪ੍ਰਾਣੀ ਪਰਿਭਾਸ਼ਿਤ ਕੀਤਾ ਜਾਂਦਾ ਹੈ।

'ਸੱਭਿਆਚਾਰ' ਸ਼ਬਦ ਲਈ ਹਿੰਦੀ ਭਾਸ਼ਾ ਵਿੱਚ 'ਸੰਸਕ੍ਰਿਤੀ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਸ਼ਬਦ 'ਸੰਸਕ੍ਰਿਤੀ' ਦੀ ਨਿਰੁਕਤੀ ਹੈ: ਸਮ + ਸ + ਕ੍ਰਿਤੀ = ਸੰਸਕ੍ਰਿਤੀ। ਇਹ ਸ਼ਬਦ ਹਿੰਦੀ ਭਾਸ਼ਾ ਦੇ ਪੁਰਾਣੇ ਰੂਪ ਸੰਸਕ੍ਰਿਤ (ਭਾਵ ਸੁਆਰੀ ਹੋਈ ਭਾਸ਼ਾ) ਤੋਂ ਲਿਆ ਗਿਆ ਹੈ। ਅੰਗਰੇਜ਼ੀ ਵਿੱਚ ਸੱਭਿਆਚਾਰ ਲਈ ਵਰਤਿਆ ਜਾਣ ਵਾਲ਼ਾ ਸ਼ਬਦ 'ਕਲਚਰ' (Culture) ਹੈ। 'ਕਲਚਰ' ਸ਼ਬਦ ਲੈਟਿਨ ਭਾਸ਼ਾ ਤੋਂ ਆਇਆ ਹੈ। ਜਿਸ ਦੇ ਸ਼ਾਬਦਿਕ ਅਰਥ ਹਨ to cultivate land ਭਾਵ 'ਭੂਮੀ ਦੀ ਬਿਜਾਈ' ਅਰਥਾਤ ਉਹ ਪ੍ਰਕਿਰਿਆ ਜਿਸ ਰਾਹੀਂ ਮਨੁੱਖ ਆਪਣੇ-ਆਪ ਨੂੰ ਵਾਤਾਵਰਨ ਅਨੁਸਾਰ ਢਾਲ਼ਦਾ ਹੈ।

ਹਰੇਕ ਭਾਸ਼ਾ ਵਿੱਚ ਸੱਭਿਆਚਾਰ ਲਈ ਵੱਖ-ਵੱਖ ਸ਼ਬਦ ਵਰਤੇ ਜਾਂਦੇ ਹਨ ਪਰ ਇਹਨਾਂ ਦਾ ਭਾਵ ਇੱਕੋ ਹੀ ਹੈ ਕਿ ਮਨੁੱਖ ਸਮਾਜ ਵਿੱਚ ਰਹਿੰਦਿਆਂ ਹੋਇਆਂ ਜਿਨ੍ਹਾਂ ਸਮਾਜਿਕ ਲੋੜਾਂ ਅਨੁਸਾਰ ਰੀਤੀ-ਰਿਵਾਜਾਂ ਨੂੰ ਕਿਸੇ ਨਿਯਮ ਅਧੀਨ ਗ੍ਰਹਿਣ ਕਰਦਾ ਹੈ, ਨੂੰ ਸੱਭਿਆਚਾਰ ਕਿਹਾ ਜਾਂਦਾ ਹੈ।

## ਪੰਜਾਬੀ ਸੱਭਿਆਚਾਰ ਦਾ ਇਤਿਹਾਸਿਕ ਪਿਛੋਕੜ ਅਤੇ ਵਰਗ-ਵੰਡ

ਭਾਰਤ ਅਨੇਕਤਾ ਵਿੱਚ ਏਕਤਾ ਵਾਲ਼ਾ ਮੁਲਕ ਹੈ। ਭਾਵ ਭਾਰਤ ਇੱਕ ਅਜਿਹਾ ਦੇਸ ਹੈ ਜਿੱਥੇ ਵਿਭਿੰਨ ਸੱਭਿਆਚਾਰ ਪ੍ਰਾਪਤ ਹੁੰਦੇ ਹਨ। ਇੱਥੇ ਵੱਖ-ਵੱਖ ਰਾਜਾਂ ਦੀਆਂ ਆਪੋ-ਆਪਣੀਆਂ ਭਾਸ਼ਾਵਾਂ/ਬੋਲੀਆਂ,

ਰਹਿਣ-ਸਹਿਣ, ਖਾਣ-ਪੀਣ, ਪਹਿਰਾਵਾ ਇੱਕ-ਦੂਸਰੇ ਨਾਲੋਂ ਵੱਖਰਾ ਮਿਲੇਗਾ। ਇਸ ਅਨੇਕਤਾ ਵਿੱਚ ਉਪ ਸੱਭਿਆਚਾਰਿਕ ਵਿਲੱਖਣਤਾਵਾਂ ਦੇ ਬਾਵਜੂਦ ਭਾਰਤੀ ਸੱਭਿਆਚਾਰ ਦੀ ਏਕਤਾ ਕਾਇਮ ਹੈ। ਉਪ ਸੱਭਿਆਚਾਰ ਦਰਅਸਲ ਸੱਭਿਆਚਾਰ ਦਾ ਹੀ ਹਿੱਸਾ ਹੁੰਦਾ ਹੈ। ਫ਼ਰਕ ਕੇਵਲ ਏਨਾ ਹੀ ਹੈ ਕਿ ਜਿੱਥੇ ਸੱਭਿਆਚਾਰ ਦਾ ਸੰਬੰਧ ਕਿਸੇ ਜਨ-ਸਮੂਹ ਜਾਂ ਸਮਾਜ ਨਾਲ਼ ਹੁੰਦਾ ਹੈ, ਉੱਥੇ ਉਪ ਸੱਭਿਆਚਾਰ ਉਪ ਸਮੂਹਾਂ ਜਾਂ ਸਥਾਨਿਕ ਖਿੱਤਿਆਂ ਨਾਲ਼ ਸੰਬੰਧਿਤ ਹੁੰਦਾ ਹੈ। ਉਦਾਹਰਨ ਦੇ ਤੌਰ 'ਤੇ ਜੇ ਭਾਰਤੀ ਸੱਭਿਆਚਾਰ ਦੇ ਸੰਦਰਭ ਵਿੱਚ ਵੇਖਿਆ ਜਾਵੇ ਤਾਂ ਬੰਗਾਲੀ, ਪੰਜਾਬੀ, ਗੁਜਰਾਤੀ ਜਾਂ ਮਰਾਠੀ ਆਦਿ ਜੇਕਰ ਇੱਥੋਂ ਦੇ ਉਪ ਸੱਭਿਆਚਾਰ ਹਨ, ਉੱਥੇ ਇਹੀ ਉਪ ਸੱਭਿਆਚਾਰ ਆਪੋ-ਆਪਣੇ ਖਿੱਤਿਆਂ ਵਿਚਲੇ ਜਨ-ਸਮੂਹਾਂ ਦੇ (ਮੂਲ) ਸੱਭਿਆਚਾਰ ਵੀ ਹਨ। ਹੋਰ ਸੌਖੀ ਤਰ੍ਹਾਂ ਸਮਝਣ ਲਈ ਜਿੱਥੇ ਪੰਜਾਬ ਰਾਜ ਦਾ ਆਪਣਾ 'ਪੰਜਾਬੀ ਸੱਭਿਆਚਾਰ' ਹੈ, ਉੱਥੇ ਇਸ ਦੇ ਵੱਖ-ਵੱਖ ਭੂਗੋਲਿਕ ਖਿੱਤਿਆਂ: ਮਾਝਾ, ਮਾਲਵਾ, ਦੁਆਬਾ ਅਤੇ ਪੁਆਧ ਵਿੱਚ ਇਲਾਕਾਈ ਵਿਸ਼ੇਸ਼ਤਾਈਆਂ ਅਤੇ ਵੱਖਰਤਾਵਾਂ ਕਾਰਨ ਇਹੀ ਪੰਜਾਬੀ ਸੱਭਿਆਚਾਰ ਵਿੱਚ ਕ੍ਰਮਵਾਰ ਮਾਝੀ, ਮਲਵਈ, ਦੁਆਬੀ ਅਤੇ ਪੁਆਧੀ ਉਪ ਸੱਭਿਆਚਾਰ ਵਜੋਂ ਜਾਣੇ ਜਾਂਦੇ ਹਨ। ਕਿਹਾ ਜਾ ਸਕਦਾ ਹੈ ਕਿ ਸਮਾਜ ਵਿੱਚ ਵਿਚਰਦਿਆਂ ਵੱਖ-ਵੱਖ ਜਾਤਾਂ, ਕਿੱਤਿਆਂ, ਜ਼ੁਬਾਨਾਂ, ਧਰਮਾਂ ਆਦਿ ਨਾਲ਼ ਸੰਬੰਧ ਰੱਖਣ ਵਾਲ਼ੇ ਸਮੂਹਾਂ/ਵਰਗਾਂ ਦੇ ਆਧਾਰ 'ਤੇ ਅਪਣਾਏ ਜੀਵਨ-ਢੰਗ ਉਪ ਸੱਭਿਆਚਾਰ ਅਖਵਾਉਂਦੇ ਹਨ।

ਜੇਕਰ ਪੰਜਾਬੀ ਸੱਭਿਆਚਾਰ ਦੀ ਗੱਲ ਕਰੀਏ ਤਾਂ ਏਨੇ ਛੋਟੇ ਜਿਹੇ ਖੇਤਰਫਲ ਵਿੱਚ ਪਸਰੇ ਇਸ ਇਲਾਕੇ/ ਖਿੱਤੇ ਦੇ ਵਾਸੀਆਂ ਨੇ ਭਾਰਤ ਹੀ ਨਹੀਂ ਸਗੋਂ ਪੂਰੇ ਵਿਸ਼ਵ ਵਿੱਚ ਵਿਲੱਖਣ ਪਛਾਣ ਕਾਇਮ ਰੱਖੀ ਹੋਈ ਹੈ। ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ 'ਆਲੂ ਅਤੇ ਪੰਜਾਬੀ ਦੁਨੀਆਂ ਦੇ ਹਰ ਕੋਨੇ ਵਿੱਚ ਮਿਲ ਜਾਂਦੇ ਹਨ।' ਪੰਜਾਬੀਆਂ ਦੀ ਇਸ ਵੱਖਰੀ ਪਛਾਣ ਦਾ ਕਾਰਨ ਨਿਸ਼ਚੇ ਹੀ ਇਸ ਦੇ ਵਿਲੱਖਣ ਪਛਾਣ-ਚਿੰਨ੍ਹ ਹਨ। ਸਰਬ-ਪ੍ਰਵਾਨਿਤ ਮੱਤ ਹੈ ਕਿ ਭਾਰਤੀ ਸੱਭਿਆਚਾਰ ਅਸਲ ਵਿੱਚ ਪੰਜਾਬੀ ਸੱਭਿਆਚਾਰ ਦੀ ਧਾਰਾ ਆਰੀਆ ਜਾਤੀ ਦੇ ਇਤਿਹਾਸ ਨਾਲ਼ ਪ੍ਰਮੁੱਖ ਰੂਪ ਵਿੱਚ ਜੁੜੀ ਹੋਈ ਹੈ। ਵੈਦਿਕ ਸੱਭਿਆਚਾਰ ਦੇ ਮਹਾਨ ਗ੍ਰੰਥ ਅਤੇ ਭਾਰਤੀ ਸੱਭਿਆਚਾਰ ਦਾ ਮਹਾਨ ਸ੍ਰੋਤ 'ਰਿਗਵੇਦ' ਪੰਜਾਬ ਦੇ ਦਰਿਆਵਾਂ ਦੇ ਕੰਢਿਆਂ ਉੱਤੇ ਹੀ ਰਚਿਆ ਗਿਆ। ਪੰਜਾਬੀ ਸੱਭਿਆਚਾਰ ਕਿਉਂਜੋ ਭਾਰਤੀ ਸੱਭਿਆਚਾਰ ਦਾ ਪਹਿਲਾ ਪੜਾਅ ਮੰਨਿਆ ਜਾਂਦਾ ਹੈ ਇਸ ਲਈ ਇੱਥੋਂ ਦਾ ਭੂਗੋਲ, ਇਤਿਹਾਸ, ਰਾਜਨੀਤੀ ਅਤੇ ਆਰਥਿਕਤਾ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ। ਪੰਜਾਬ ਨਾ ਸਿਰਫ਼ ਹਿੰਦੁਸਤਾਨ ਦਾ ਪ੍ਰਵੇਸ਼-ਦੁਆਰ ਰਿਹਾ ਹੈ ਸਗੋਂ ਹਿੰਦੁਸਤਾਨ ਦੇ ਨਾਮਕਰਨ ਵਿੱਚ ਵੀ ਇਸ ਖਿੱਤੇ ਦੀ ਭੂਮਿਕਾ ਵਰਨਣਯੋਗ ਹੈ। ਰਿਗਵੈਦਿਕ ਕਾਲ ਵਿੱਚ ਪੰਜਾਬ ਸੱਤਾਂ ਦਰਿਆਵਾਂ ਦੀ ਧਰਤੀ ਹੋਣ ਕਾਰਨ 'ਸਪਤ-ਸਿੰਧੂ' ਦੇ ਨਾਂ ਨਾਲ਼ ਜਾਣਿਆ ਜਾਂਦਾ ਰਿਹਾ ਹੈ। ਸਮੇਂ ਦੇ ਨਾਲ਼ ਮਹਾਂਭਾਰਤ ਦੇ ਯੁੱਗ ਵਿੱਚ ਪੰਜਾਬ ਨੂੰ ਪੰਚ-ਨਦ ਭਾਵ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਣ ਲੱਗਾ ਜੋਕਿ ਮੁਸਲਮਾਨਾਂ ਦੇ ਆਉਣ ਨਾਲ਼ ਫ਼ਾਰਸੀ ਭਾਸ਼ਾ ਦੇ ਅਨੁਵਾਦ ਅਨੁਸਾਰ ਪੰਜ-ਆਬ (ਪੰਜਾਬ) ਭਾਵ ਪੰਜ ਪਾਣੀਆਂ ਦੀ ਧਰਤੀ ਵਜੋਂ ਜਾਣਿਆ ਜਾਣ ਲੱਗਾ। ਇੱਥੇ ਇਹ ਦੱਸਣਾ ਵੀ ਵਾਜਬ ਹੈ ਕਿ ਭਾਰਤੀ ਸੱਭਿਆਚਾਰ ਦੀਆਂ ਪ੍ਰਮੁੱਖ ਘਟਨਾਵਾਂ ਵੀ ਪੰਜਾਬ ਵਿੱਚ ਹੀ ਵਾਪਰੀਆਂ ਹਨ।

ਰਿਗਵੇਦ ਦੇ ਨਾਲ਼-ਨਾਲ਼ ਪਾਣਿਨੀ ਦਾ ਨਿਯਮਬੱਧ ਵਿਆਕਰਨ-ਗ੍ਰੰਥ ਵੀ ਇਸੇ ਹੀ ਧਰਤੀ ਦੀ ਰਚਨਾ ਹੈ। ਤਕਸ਼ਿਲਾ ਮਹਾਨ ਵਿਸ਼ਵ-ਵਿਦਿਆਲੇ ਦੀ ਸਥਾਪਨਾ ਵੀ ਪੰਜਾਬ ਵਿੱਚ ਹੀ ਹੋਈ। ਰਮਾਇਣ, ਭਗਵਤ ਗੀਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿ ਮਹਾਨ ਗ੍ਰੰਥਾਂ ਦੀ ਰਚਨਾ ਵੀ ਇਸੇ ਹੀ ਧਰਤੀ 'ਤੇ ਹੋਈ।

ਇਹ ਵੀ ਵਰਨਣਯੋਗ ਹੈ ਕਿ ਇਹ ਸਭ ਆਧੁਨਿਕ ਪੰਜਾਬ ਵਿੱਚ ਨਹੀਂ ਰਚੇ ਗਏ ਬਲਕਿ ਇਹ ਉਹ ਸਮਾਂ ਸੀ ਜਦੋਂ ਪੰਜਾਬ ਦੀਆਂ ਸੱਭਿਆਚਾਰਿਕ ਅਤੇ ਭੂਗੋਲਿਕ ਸਰਹੱਦਾਂ ਅਜੋਕੇ ਰਾਜਨੀਤਿਕ ਨਕਸ਼ੇ ਵਿਚਲੀਆਂ ਹੱਦ-ਬੰਦੀਆਂ ਤੋਂ ਕਿਧਰੇ ਵਿਸ਼ਾਲ ਸਨ। ਮੱਧ-ਕਾਲ ਵਿੱਚ ਪੰਜਾਬ ਇਸਲਾਮ ਧਰਮ ਅਤੇ ਇਸਲਾਮਿਕ ਸੰਸਕ੍ਰਿਤੀ ਦਾ ਬਹੁਤ ਵੱਡਾ ਖੇਤਰ ਬਣਿਆ ਰਿਹਾ ਜਿਸ ਦੇ ਸਿੱਟੇ ਵਜੋਂ ਪੰਜਾਬ ਦੀ ਵੱਸੋਂ ਦਾ ਇੱਕ ਬਹੁਤ ਵੱਡਾ ਹਿੱਸਾ ਇਸਲਾਮ ਧਰਮ ਨਾਲ਼ ਜੁੜ ਗਿਆ। ਇਸਲਾਮਿਕ ਸੂਫ਼ੀ-ਸੰਤਾਂ ਨੇ ਪੰਜਾਬੀ ਸੱਭਿਆਚਾਰ ਵਿੱਚ ਭਾਰਤੀ ਅਤੇ ਇਸਲਾਮੀ ਰੰਗ ਦਾ ਸੁਮੇਲ ਸਥਾਪਿਤ ਕਰਨ ਦਾ ਭਰਪੂਰ ਯਤਨ ਕੀਤਾ। ਸਿੱਖ ਗੁਰੂਆਂ ਨੇ ਆਪਣੀ ਨਿਰੋਈ ਮਾਨਵਵਾਦੀ ਸੋਚ ਨਾਲ਼ ਇੱਕ ਨਵੇਂ ਸੱਭਿਆਚਾਰ ਦਾ ਨਿਰਮਾਣ ਕੀਤਾ ਹੈ ਜੋ ਅਜੋਕੇ ਪੰਜਾਬੀ ਸੱਭਿਆਚਾਰ ਦਾ ਧੁਰਾ ਹੈ।

ਪੰਜਾਬੀ ਸੱਭਿਆਚਾਰ ਦੇ ਇਤਿਹਾਸਿਕ ਸਫ਼ਰ 'ਚੋਂ ਗੁਜ਼ਰਦਿਆਂ ਅਸੀਂ ਸੱਤ ਦਰਿਆਵਾਂ ਤੋਂ ਪੰਜ ਅਤੇ ਘਟਦੇ-ਘਟਦੇ ਅਜੋਕੇ ਬਚੇ ਢਾਈ ਕੁ ਦਰਿਆਵਾਂ ਤੱਕ ਸੀਮਿਤ ਹੋ ਕੇ ਰਹਿ ਗਏ ਹਾਂ। 1947 ਦੀ ਦੇਸ ਦੀ ਵੰਡ ਪੰਜਾਬੀਆਂ ਉੱਪਰ ਕਹਿਰ ਬਣ ਕੇ ਟੁੱਟੀ। ਅਜੇ ਪੰਜਾਬ ਦੇ ਲੋਕ ਸੱਭਿਆਚਾਰਿਕ ਰਿਸ਼ਤਿਆਂ ਵਿੱਚ ਆਈ ਦਰਾੜ ਦੇ ਦਰਦ 'ਚੋਂ ਨਹੀਂ ਸਨ ਉੱਭਰ ਸਕੇ ਕਿ 1 ਨਵੰਬਰ, 1966 ਨੂੰ ਭਾਸ਼ਾਈ ਆਧਾਰ 'ਤੇ ਪੰਜਾਬ ਰਾਜ ਨੂੰ ਤਿੰਨ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ ਜਿਸ ਦੇ ਨਤੀਜੇ ਵਜੋਂ ਅੱਜ ਦਾ ਹਰਿਆਣਾ ਅਤੇ ਹਿਮਾਚਲ ਰਾਜ ਪੰਜਾਬ ਦੇ ਭੂਗੋਲਿਕ ਨਕਸ਼ੇ ਤੋਂ ਸਦਾ ਲਈ ਬਾਹਰ ਹੋ ਗਏ।

**ਪੰਜਾਬੀ ਸੱਭਿਆਚਾਰ ਦੇ ਲੱਛਣ**

ਦੁਨੀਆਂ ਭਰ ਦੇ ਸੱਭਿਆਚਾਰਾਂ ਵਿੱਚੋਂ ਪੰਜਾਬੀ ਸੱਭਿਆਚਾਰ ਦੇ ਵਿਲੱਖਣ ਪਛਾਣ-ਚਿੰਨ੍ਹ ਹਨ। ਪੰਜਾਬ ਹਿੰਦੁਸਤਾਨ ਦਾ ਸਰਹੱਦੀ ਸੂਬਾ ਹੋਣ ਕਰਕੇ ਇੱਥੋਂ ਦੇ ਬਾਸ਼ਿੰਦੇ ਸੂਰਮਿਆਂ ਅਤੇ ਬਹਾਦਰਾਂ ਦੀ ਕੌਮ ਹਨ। ਇਸ ਲਈ ਪੰਜਾਬੀਆਂ ਵਿੱਚ ਕੁਰਬਾਨੀ ਦਾ ਜਜ਼ਬਾ ਕੁੱਟ-ਕੁੱਟ ਕੇ ਭਰਿਆ ਹੋਇਆ ਹੈ।

ਇਹ ਬੇਪਰਵਾਹ ਜਵਾਨ ਪੰਜਾਬ ਦੇ!
ਮੌਤ ਨੂੰ ਮਖੌਲਾਂ ਕਰਨ
ਪਿਆਰ ਨਾਲ਼ ਇਹ ਕਰਨ ਗ਼ੁਲਾਮੀ
ਜਾਨ ਕੋਹ ਆਪਣੀ ਵਾਰ ਦਿੰਦੇ
ਪਰ ਟੈਂ ਨਾ ਮੰਨਣ ਕਿਸੀ ਦੀ............ (ਪ੍ਰੋ. ਪੂਰਨ ਸਿੰਘ)

ਇਤਿਹਾਸ ਗਵਾਹ ਹੈ ਕਿ ਜ਼ਾਲਮ ਹਾਕਮਾਂ ਦੇ ਅੱਗੇ ਝੁਕਣਾ ਇਹਨਾਂ ਦੀ ਅਣਖ ਨੂੰ ਵੰਗਾਰ ਪਾਉਂਦਾ ਹੈ ਜਿਸ ਦਾ ਜੁਆਬ ਦੇਣਾ ਇਹ ਚੰਗੀ ਤਰ੍ਹਾਂ ਨਾਲ਼ ਜਾਣਦੇ ਹਨ। ਪੰਜਾਬ ਰਾਜ ਦੇਸ ਦਾ ਅੰਨ-ਭੰਡਾਰ ਰਿਹਾ ਹੈ ਇਸ ਲਈ ਕਿਸੇ ਤੋਂ ਭੀਖ ਮੰਗਣਾ ਪੰਜਾਬੀਆਂ ਦੇ ਸੁਭਾਅ ਵਿੱਚ ਸ਼ਾਮਲ ਨਹੀਂ।

ਫਰੀਦਾ ਬਾਰ ਪਰਾਇਐ ਬੈਸਣਾ ਸਾਂਈ ਮੁਝੈ ਨਾ ਦੇਹਿ।
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।। (ਬਾਬਾ ਫ਼ਰੀਦ)

ਪੰਜਾਬੀ ਸੱਭਿਆਚਾਰ ਦਾ ਇੱਕ ਹੋਰ ਲੱਛਣ ਇਸ ਦਾ ਮਿੱਸਾਪਣ ਹੈ। ਕਈ ਸਦੀਆਂ ਤੱਕ ਬਾਹਰੀ ਹਮਲਾਵਰਾਂ ਭਾਵ ਮੁਗ਼ਲਾਂ, ਮੁਸਲਮਾਨਾਂ ਅਤੇ ਅੰਗਰੇਜ਼ਾਂ ਦੇ ਇੱਥੇ ਕਾਬਜ਼ ਹੋਣ ਅਤੇ ਆਪੋ-ਆਪਣੇ ਸੱਭਿਆਚਾਰ ਦੇ ਫੈਲਾਅ ਕਰਕੇ ਪੰਜਾਬੀ ਸੱਭਿਆਚਾਰ ਦਾ ਸੁਭਾਅ 'ਮਿੱਸਾ' ਅਤੇ 'ਦਰੁਸਤ ਹਾਜ਼ਮੇ ਵਾਲ਼ਾ'

ਹੋ ਨਿੱਬੜਿਆ ਹੈ। ਇੱਥੋਂ ਦੀ ਭਾਸ਼ਾ/ਬੋਲੀ, ਪਹਿਰਾਵਾ, ਰੀਤੀ-ਰਿਵਾਜ, ਮਨੌਤਾਂ, ਪੰਜਾਬੀ ਸੱਭਿਆਚਾਰ ਦੇ ਬਹੁਨਸਲੀ, ਬਹੁਜਾਤੀ ਅਤੇ ਬਹੁਕੌਮੀ ਇਤਿਹਾਸ ਵੱਲ ਇਸ਼ਾਰਾ ਕਰਦੇ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਿਸੇ ਵੇਲ਼ੇ ਪੰਜਾਬੀ ਆਪਣੀ ਮਿਹਨਤਕਸ਼ੀ ਲਈ ਇੱਕ ਮਿਸਾਲ ਸਨ। ਇਸੇ ਮਿਹਨਤ ਸਦਕਾ ਹੀ ਦੇਸ ਨੂੰ ਲੋੜ ਵੇਲ਼ੇ ਅਨਾਜ ਦੇ ਭੰਡਾਰ ਦੇਣ ਵੇਲ਼ੇ ਹਰੀ ਕ੍ਰਾਂਤੀ ਵੀ ਇਸੇ ਹੀ ਸੂਬੇ ਵਿੱਚ ਆਈ। ਦਰਿਆਈ ਪਾਣੀ ਰੱਜਵੇਂ ਹੋਣ ਕਾਰਨ ਸੂਬੇ ਦੀ ਆਰਥਿਕਤਾ ਸੁਧਰੇ ਰੂਪ ਵਾਲ਼ੀ ਰਹੀ। ਹਾਲਾਂਕਿ ਸਮੇਂ ਦੇ ਬਦਲਾਅ ਅਤੇ ਕੁਦਰਤੀ ਸਾਧਨਾਂ ਦੇ ਘਟਣ ਅਤੇ ਰਾਜਨੀਤਿਕ ਕਾਰਨਾਂ ਕਰਕੇ ਪੰਜਾਬ ਦੇ ਲੋਕ ਬਿਹਤਰ ਅਤੇ ਖ਼ੁਸ਼ਹਾਲ ਜੀਵਨ ਲਈ ਪੜ੍ਹ-ਲਿਖ ਕੇ ਬਾਹਰਲੇ ਮੁਲਕਾਂ ਵਿੱਚ ਜਾ ਵੱਸੇ ਹਨ। ਰੋਜ਼ਾਨਾ ਦੇ ਕਾਰ-ਵਿਹਾਰ ਵਿਚਲੇ ਬਦਲਾਅ ਨਾਲ਼ ਮਨੁੱਖੀ ਸੁਭਾਅ ਵਿੱਚ ਤਬਦੀਲੀ ਆਉਣੀ ਲਾਜ਼ਮੀ ਹੈ ਜਿਸ ਨਾਲ਼ ਲੋਕਾਂ ਦਾ ਇੱਕ-ਦੂਜੇ ਪ੍ਰਤਿ ਰਵੱਈਆ ਵੀ ਬਦਲ ਰਿਹਾ ਹੈ।

ਨਿਸ਼ਚੇ ਹੀ ਵਿਸ਼ਵ ਪੱਧਰ 'ਤੇ ਬਦਲ ਰਹੀਆਂ ਪਰਿਸਥਿਤੀਆਂ ਪੰਜਾਬੀ ਮਾਨਸਿਕਤਾ ਵਿੱਚ ਕੁਝ ਪਰਿਵਰਤਨ ਲਿਆ ਰਹੀਆਂ ਹਨ। ਨੌਜਵਾਨਾਂ ਦਾ ਵਿਦੇਸ਼ਾਂ ਵੱਲ ਰੁਝਾਨ, ਪੱਛਮੀ ਸੱਭਿਅਤਾ ਦੀ ਦੌੜ, ਸੁਖਾਲ਼ਾ-ਜੀਵਨ ਜਿਊਂਣ ਦੀ ਵਧ ਰਹੀ ਤਾਂਘ ਆਦਿ ਜਿਹੇ ਰੁਝਾਨਾਂ ਦੇ ਚੱਲਦਿਆਂ ਪੰਜਾਬੀ ਸੱਭਿਆਚਾਰ ਬਹੁਤ ਪ੍ਰਭਾਵਿਤ ਹੋ ਰਿਹਾ ਹੈ। ਇਸ ਤੱਥ ਵਿੱਚ ਦੋ ਰਾਵਾਂ ਨਹੀਂ ਕਿ ਕਿਸੇ ਖਿੱਤਾ-ਵਿਸ਼ੇਸ਼ ਦਾ ਸੱਭਿਆਚਾਰ ਸਮਾਜ ਵਿੱਚ ਵਾਪਰ ਰਹੀਆਂ ਤਬਦੀਲੀਆਂ ਦੇ ਨਾਲ਼-ਨਾਲ਼ ਬਦਲਣਾ ਸੁਭਾਵਿਕ ਹੈ ਪਰ ਮੂਲ ਰੂਪ ਵਿੱਚ ਸੱਭਿਆਚਾਰ ਪਹਿਲਾਂ ਵਾਲ਼ਾ ਹੀ ਰਹਿੰਦਾ ਹੈ। ਪੰਜਾਬੀ ਸੱਭਿਆਚਾਰ ਇਸ ਦੀ ਇੱਕ ਜਿਊਂਦੀ-ਜਾਗਦੀ ਬੇਮਿਸਾਲ ਉਦਾਹਰਨ ਹੈ।

## ਪਾਠ-ਅਭਿਆਸ

**1. ਵਸਤੂਨਿਸ਼ਠ ਪ੍ਰਸ਼ਨ :**

(ੳ) ਜਿੱਥੇ ਪੰਜਾਬੀ ਸੱਭਿਆਚਾਰ ਦੀ ਪ੍ਰਕਿਰਤੀ ਸਧਾਰਨ ਜਾਪਦੀ ਹੈ, ਉੱਥੇ ਇਸ ਦਾ ਅਧਿਐਨ ਕਰਦੇ ਸਮੇਂ ਅਸੀਂ ਕੀ ਮਹਿਸੂਸ ਕਰਦੇ ਹਾਂ ?

(ਅ) ਸੱਭਿਆਚਾਰ ਨਿਸ਼ਚੇ ਹੀ ਉਸ ...................... ਦੇ ਜੀਵਨ ਨਾਲ਼ ਜੁੜੇ ਵੱਖ-ਵੱਖ ਵਿਚਾਰਾਂ ਮਨੌਤਾਂ, ਰਹਿਣ-ਸਹਿਣ, ਕਦਰਾਂ-ਕੀਮਤਾਂ ......................, ਪਹਿਰਾਵੇ, ਬੋਲੀ ਅਤੇ ਤਿੱਥ-ਤਿਉਹਾਰਾਂ ਦਾ ...................... ਹੈ।

(ੲ) ਸੱਭਿਆਚਾਰ ਕਿਹੜੇ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ ?

(ਸ) ਅੰਗਰੇਜ਼ੀ ਭਾਸ਼ਾ ਵਿੱਚ ਸੱਭਿਆਚਾਰ ਲਈ ਕਲਚਰ ਸ਼ਬਦ ਵਰਤਿਆ ਜਾਂਦਾ ਹੈ। (ਹਾਂ/ਨਹੀਂ)

(ਹ) ਇਸ ਪਾਠ ਦੇ ਆਧਾਰ 'ਤੇ ਦੱਸੋ ਕਿ ਪੰਜਾਬ ਦੇ ਦਰਿਆਵਾਂ ਦੇ ਕੰਢਿਆਂ ਉੱਤੇ ਕਿਹੜੇ ਵੇਦ ਦੀ ਰਚਨਾ ਕੀਤੀ ਗਈ ?

(ਕ) ਰਿਗਵੇਦ ਸਮੇਂ ਪੰਜਾਬ ਨੂੰ ਕਿਸ ਨਾਂ ਨਾਲ਼ ਜਾਣਿਆ ਜਾਂਦਾ ਸੀ ?

(ਖ) ਅਣਵੰਡੇ ਪੰਜਾਬ ਵਿਚਲੇ ਪੰਜ ਦਰਿਆਵਾਂ ਵਿੱਚੋਂ ਅਜੋਕੇ ਪੰਜਾਬ ਵਿੱਚ ਕਿੰਨੇ ਦਰਿਆ ਰਹਿ ਗਏ ਹਨ ?

(ਗ) ਭਾਰਤ ਅਤੇ ਪਾਕਿਸਤਾਨ ਦੀ ਵੰਡ ਕਦੋਂ ਹੋਈ ?

(ਘ) ਹਿਮਾਚਲ ਅਤੇ ਹਰਿਆਣਾ ਰਾਜ ਕਦੋਂ ਹੋਂਦ ਵਿੱਚ ਆਏ ?

(ਙ)ਰਿਗਵੇਦ ਦੀ ਰਚਨਾ ਦੇ ਨਾਲ਼-ਨਾਲ਼ ਕਿਹੜੇ ਨਿਯਮਬੱਧ ਵਿਆਕਰਨ-ਗ੍ਰੰਥ ਦੀ ਰਚਨਾ ਇਸ ਧਰਤੀ 'ਤੇ ਹੋਈ।

2. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ।**

(ੳ) ਸੱਭਿਆਚਾਰ ਦੀ ਪਰਿਭਾਸ਼ਾ ਕੀ ਹੈ ?

(ਅ) ਸੱਭਿਆਚਾਰ ਅਤੇ ਉਪ ਸੱਭਿਆਚਾਰ ਵਿੱਚ ਕੀ ਅੰਤਰ ਹੈ ?

(ੲ)ਪੰਜਾਬੀ ਸੱਭਿਆਚਾਰ ਦੇ ਇਤਿਹਾਸਿਕ ਪਿਛੋਕੜ ਬਾਰੇ ਦੱਸੋ।

(ਸ) ਪੰਜਾਬੀ ਸੱਭਿਆਚਾਰ ਦੇ ਮੁੱਖ ਲੱਛਣ ਕੀ ਹਨ ?

(ਹ)ਸੰਸਾਰ ਦੇ ਸੱਭਿਆਚਾਰਾਂ ਵਿੱਚੋਂ ਪੰਜਾਬੀ ਸੱਭਿਆਚਾਰ ਕਿਵੇਂ ਵਿਲੱਖਣ ਹੈ ?

*******

**ਲੇਖਕ ਬਾਰੇ**

## ਡਾ. ਐੱਸ.ਐੱਸ. ਵਣਜਾਰਾ ਬੇਦੀ

**(1924—2001)**

| | | |
|---|---|---|
| ਮਾਤਾ ਜੀ ਦਾ ਨਾਂ | : | ਸ੍ਰੀਮਤੀ ਪ੍ਰੇਮ ਕੌਰ |
| ਪਿਤਾ ਜੀ ਦਾ ਨਾਂ | : | ਸ. ਸੁੰਦਰ ਸਿੰਘ ਬੇਦੀ |
| ਜਨਮ-ਮਿਤੀ | : | 28 ਨਵੰਬਰ, 1924 |
| ਜਨਮ-ਸਥਾਨ | : | ਸਿਆਲਕੋਟ (ਹੁਣ ਪਾਕਿਸਤਾਨ ਵਿੱਚ)। |
| ਵਿੱਦਿਆ-ਪ੍ਰਾਪਤੀ | : | ਐੱਮ.ਏ., ਪੀ-ਐੱਚ.ਡੀ. |
| ਕੰਮ-ਕਿੱਤਾ | : | ਅਧਿਆਪਨ, ਲੇਖਨ, ਸੰਪਾਦਨ<br>ਪੰਜਾਬੀ ਸੱਭਿਆਚਾਰ ਦੇ ਖੇਤਰ ਵਿੱਚ ਆਪ ਦਾ ਖੋਜ-ਕਾਰਜ ਮਹੱਤਵਪੂਰਨ ਹੈ। |
| **ਮੁੱਖ ਰਚਨਾਵਾਂ** | : | ਮੇਰਾ ਨਾਨਕਾ ਪਿੰਡ, ਮੇਰਾ ਦਾਦਕਾ ਪਿੰਡ, ਵਿਰਸੇ ਦੀ ਫੁਲਕਾਰੀ, ਪੰਜਾਬ ਦਾ ਲੋਕ-ਸਾਹਿਤ, ਬਾਤਾਂ ਮੁੱਢ ਕਦੀਮ ਦੀਆਂ, ਬਾਤਾਂ ਲੋਕ-ਪੰਜਾਬ ਦੀਆਂ, ਰਾਜਾ ਰਸਾਲੂ, ਪੰਜਾਬੀ ਸਾਹਿਤ ਇਤਿਹਾਸ ਦੀਆਂ ਲੋਕ-ਰੂੜ੍ਹੀਆਂ, ਮੱਧਕਾਲੀ ਕਥਾ ਸਾਹਿਤ-ਰੂਪ ਤੇ ਪਰੰਪਰਾ।<br>ਸ੍ਵੈਜੀਵਨੀ:ਅੱਧਾ ਸੋਨਾ ਅੱਧੀ ਮਿੱਟੀ, ਮੇਰੇ ਰਾਹਾਂ ਦੇ ਰੰਗ, ਗਲੀਏ ਚਿਕੜ ਦੂਰਿ ਘਰਿ।<br>ਪੰਜਾਬੀ ਲੋਕਧਾਰਾ ਵਿਸ਼ਵ-ਕੋਸ਼ (ਅੱਠ ਜਿਲਦਾਂ) ਆਪ ਦਾ ਨਿੱਗਰ ਕਾਰਜ ਹੈ। |

ਹਥਲੀ ਪਾਠ-ਪੁਸਤਕ ਵਿੱਚ ਇਹਨਾਂ ਦਾ ਲੇਖ 'ਪੰਜਾਬ ਦੇ ਮੇਲੇ ਤੇ ਤਿਉਹਾਰ' ਸ਼ਾਮਲ ਕੀਤਾ ਗਿਆ ਹੈ। ਇਸ ਵਿੱਚ ਇਹਨਾਂ ਨੇ ਪਹਿਲਾਂ ਪੰਜਾਬੀਆਂ ਦੇ ਜੀਵਨ ਵਿੱਚ ਮੇਲੇ ਦੀ ਮਹੱਤਤਾ ਦੱਸੀ ਹੈ। ਫਿਰ ਰੁੱਤ-ਚੱਕਰ ਮੁਤਾਬਿਕ ਪੰਜਾਬ ਦੇ ਮੁੱਖ ਮੇਲਿਆਂ ਦਾ ਵਰਨਣ ਕੀਤਾ ਹੈ। ਇਸ ਉਪਰੰਤ ਤਿਉਹਾਰਾਂ ਬਾਰੇ ਦੱਸਿਆ ਹੈ। ਪੰਜਾਬ ਦੇ ਕਈ ਤਿਉਹਾਰਾਂ ਸਮੇਂ ਮੇਲੇ ਵੀ ਲੱਗਦੇ ਹਨ, ਜਿਵੇਂ: ਦਿਵਾਲ਼ੀ, ਦਸਹਿਰਾ, ਹੋਲੀ, ਤੀਆਂ ਆਦਿ ਤਿਉਹਾਰ ਵੀ ਹਨ ਅਤੇ ਇਹਨਾਂ ਦੇ ਨਾਂ ਦੇ ਮੇਲੇ ਵੀ ਲੱਗਦੇ ਹਨ।

# ਪੰਜਾਬ ਦੇ ਮੇਲੇ ਤੇ ਤਿਉਹਾਰ

ਕਿਸੇ ਜਾਤੀ ਦੀ ਸੰਸਕ੍ਰਿਤਿਕ ਨੁਹਾਰ ਮੇਲਿਆਂ ਤੇ ਤਿਉਹਾਰਾਂ ਵਿੱਚੋਂ ਪੂਰੇ ਰੰਗ ਵਿੱਚ ਪ੍ਰਤਿਬਿੰਬਿਤ ਹੁੰਦੀ ਹੈ।

**ਮੇਲੇ** :- ਮੇਲਿਆਂ ਵਿੱਚ ਜਾਤੀ ਖੁੱਲ੍ਹ ਕੇ ਸਾਹ ਲੈਂਦੀ, ਲੋਕ-ਪ੍ਰਤਿਭਾ ਨਿੱਖਰਦੀ ਤੇ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਮਨ-ਪਰਚਾਵੇ ਤੇ ਮੇਲ਼-ਜੋਲ਼ ਦੇ ਸਮੂਹਿਕ ਵਸੀਲੇ ਹੋਣ ਦੇ ਨਾਲ਼, ਮੇਲੇ ਧਾਰਮਿਕ ਤੇ ਕਲਾਤਮਿਕ ਭਾਵਾਂ ਦੀ ਵੀ ਤ੍ਰਿਪਤੀ ਕਰਦੇ ਹਨ। ਇਹਨਾਂ ਵਿੱਚ ਜਾਤੀ ਦਾ ਸਮੁੱਚਾ ਮਨ ਤਾਲ-ਬੱਧ ਹੋ ਕੇ ਨੱਚਦਾ ਤੇ ਇਕਸੁਰ ਹੋ ਕੇ ਗੂੰਜਦਾ ਹੈ।

ਮੇਲਾ ਬੀਜ-ਰੂਪ ਵਿੱਚ, ਪੰਜਾਬੀ ਚਰਿੱਤਰ ਵਿੱਚ ਹੀ ਸਮਾਇਆ ਹੋਇਆ ਹੈ। ਪੰਜਾਬੀਆਂ ਲਈ ਤਾਂ ਹਰ ਪਲ, ਹਰ ਪੁਰਬ ਤੇ ਹਰ ਦਿਨ ਹੀ ਮੇਲਾ ਹੁੰਦਾ ਹੈ। ਦੂਜੇ ਪ੍ਰਾਂਤਾਂ ਵਾਲ਼ੇ ਕਹਿੰਦੇ ਹਨ ਕਿ ਪੰਜਾਬੀ ਆਏ ਹੀ ਦੁਨੀਆਂ ਵਿੱਚ ਮੇਲਾ ਮਨਾਉਣ ਹਨ। ਜਿੱਥੇ ਚਾਰ-ਛੇ ਪੰਜਾਬੀ ਜੁੜ ਜਾਣ, ਉਹ ਤੁਰਦਾ-ਫਿਰਦਾ ਮੇਲਾ ਬਣ ਜਾਂਦਾ ਹੈ। ਪਰ ਜਦੋਂ ਸੱਚ-ਮੁੱਚ ਹੀ ਕੋਈ ਤਿਉਹਾਰ ਜਾਂ ਮੇਲਾ ਹੋਵੇ, ਫੇਰ ਤਾਂ ਪੰਜਾਬੀਆਂ ਦਾ ਜਲਾਲ ਤੇ ਭਖਦਾ ਉਤਸ਼ਾਹ ਵੇਖਣ ਵਾਲ਼ਾ ਹੁੰਦਾ ਹੈ।

ਮੇਲਾ ਇੱਕੋ-ਇੱਕ ਅਜਿਹਾ ਇਕੱਠ ਹੈ ਜਿਸ ਵਿੱਚ ਸਭ ਲਾੜੇ ਹੁੰਦੇ ਹਨ, ਬਰਾਤੀ ਕੋਈ ਵੀ ਨਹੀਂ। ਪੰਜਾਬੀ ਤਾਂ ਮੇਲੇ ਵਿੱਚ ਸੱਚ-ਮੁੱਚ ਲਾੜਾ ਬਣਿਆ ਫਿਰਦਾ ਹੈ। ਉਸ ਦਾ 'ਨਿੱਜ' ਘੋੜੀ ਚੜ੍ਹਿਆ ਹੁੰਦਾ ਹੈ। ਮੇਲੇ ਦਾ ਹਰ ਦ੍ਰਿਸ਼ ਮਨਮੋਹਣਾ ਤੇ ਲੁਭਾਵਣਾ ਹੋਣ ਦੇ ਨਾਲ਼, ਸੱਭਿਆਚਾਰਿਕ ਪ੍ਰਤਿਨਿਧਤਾ ਵੀ ਕਰਦਾ ਹੈ। ਪੰਜਾਬੀ ਹਰ ਪੁਰਬ ਤੇ ਮੇਲੇ ਉੱਤੇ ਕੋਈ ਨਵੀਂ ਚੀਜ਼ ਜ਼ਰੂਰ ਖ਼ਰੀਦਦੇ ਹਨ। ਇਸੇ ਲਈ ਹਰ ਮੇਲੇ ਵਿੱਚ ਇੱਕ ਭਰਪੂਰ ਬਜ਼ਾਰ ਉੱਭਰ ਆਉਂਦਾ ਹੈ ਜਿੱਥੇ ਖਾਣ-ਪੀਣ ਦੀਆਂ ਵੰਨ-ਸਵੰਨੀਆਂ ਚੀਜ਼ਾਂ ਦੇ ਨਾਲ਼ ਨਿੱਤ ਵਰਤੋਂ ਦਾ ਨਿੱਕ-ਸੁੱਕ, ਚੂੜੀਆਂ, ਵੰਗਾਂ, ਹਾਰ- ਸ਼ਿੰਗਾਰ ਤੇ ਖਿਡੌਣਿਆਂ ਆਦਿ ਦੀਆਂ ਦੁਕਾਨਾਂ ਸਜੀਆਂ ਹੁੰਦੀਆਂ ਹਨ। ਇਲਾਕੇ ਦੇ ਕਲਾਕਾਰ ਤੇ ਸ਼ਿਲਪੀ ਆਪੋ-ਆਪਣੀ ਕਲਾ ਦੀਆਂ ਸੁੰਦਰ ਕ੍ਰਿਤਾਂ ਮੇਲੇ ਵਿੱਚ ਲਿਆਉਂਦੇ ਹਨ।

ਪੰਜਾਬ ਦੇ ਬਹੁਤੇ ਮੇਲੇ ਮੌਸਮਾਂ, ਰੁੱਤਾਂ ਅਤੇ ਤਿਉਹਾਰਾਂ ਨਾਲ਼ ਸੰਬੰਧਿਤ ਹਨ। ਮੌਸਮੀ ਮੇਲੇ ਜੋ ਮਨੁੱਖੀ ਮਨ ਦੀ ਕੁਦਰਤ ਨਾਲ਼ ਇਕਸੁਰਤਾ ਦੇ ਪ੍ਰਤੀਕ ਹਨ; ਰੁੱਤਾਂ ਦੇ ਬਦਲਦੇ ਗੇੜ ਵਿੱਚੋਂ ਜਨਮੇ। ਹਰ ਨਵੀਂ ਰੁੱਤ ਆਪਣੇ ਨਾਲ਼ ਨਵੇਂ ਪ੍ਰਕਿਰਤਿਕ ਵਾਤਾਵਰਨ ਨੂੰ ਲਿਆਉਂਦੀ ਹੋਈ ਜੀਵਨ ਵਿੱਚ ਨਵਾਂ ਸਾਹਸ ਭਰਦੀ ਹੈ। ਰੁੱਤਾਂ ਵਿੱਚੋਂ ਸਭ ਤੋਂ ਮਿੱਠੀ ਤੇ ਸੋਹਣੀ ਰੁੱਤ ਬਸੰਤ ਦੀ ਹੈ। ਇਸ ਸੁਹਾਵਣੀ ਰੁੱਤੇ ਮਾਘ ਸੁਦੀ ਪੰਜ ਨੂੰ ਬਸੰਤ ਪੰਚਮੀ ਦਾ ਤਿਉਹਾਰ ਸਾਰੇ ਪੰਜਾਬ ਵਿੱਚ ਬੜੇ ਹੁਲਾਸ ਤੇ ਚਾਅ ਨਾਲ਼ ਮਨਾਇਆ ਜਾਂਦਾ ਹੈ। ਅਨੇਕਾਂ ਥਾਂਈਂ ਨਿੱਕੇ-ਵੱਡੇ ਮੇਲੇ ਲੱਗਦੇ ਹਨ। ਪਟਿਆਲ਼ੇ ਤੇ ਛੇਹਰਟੇ ਦੀ ਬਸੰਤ ਪੰਚਮੀ ਖ਼ਾਸ ਪ੍ਰਸਿੱਧ ਹੈ। ਦੇਸ-ਵੰਡ ਤੋਂ ਪਹਿਲਾਂ ਬਸੰਤ ਦਾ ਇੱਕ ਵੱਡਾ ਮੇਲਾ ਹਕੀਕਤ ਰਾਏ ਦੀ ਸਮਾਧ ਉੱਤੇ, ਲਾਹੌਰ ਵਿੱਚ ਲੱਗਿਆ ਕਰਦਾ ਸੀ।

ਫੱਗਣ ਮਹੀਨੇ ਵਿੱਚ ਹੋਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਹੋਲੀ ਰੰਗਾਂ ਦਾ ਤਿਉਹਾਰ ਹੈ। ਕਹਿੰਦੇ ਹਨ ਕਿ ਰੰਗਾਂ ਵਿੱਚ ਕੁਦਰਤ ਵੱਸਦੀ ਹੈ ਤੇ ਕੁਦਰਤ ਵਿੱਚ ਰੱਬ। ਰੰਗਾਂ ਨਾਲ਼ ਖੇਡਦਾ ਪੰਜਾਬੀ ਕੁਦਰਤ ਤੇ ਰੱਬ ਦੋਹਾਂ ਨਾਲ਼ ਇਕਸੁਰ ਹੋ ਜਾਂਦਾ ਹੈ।

ਇਹ ਤਿਉਹਾਰ ਪ੍ਰਾਚੀਨ ਕਾਲ ਤੋਂ ਚੱਲਿਆ ਆ ਰਿਹਾ ਹੈ ਜਿਸ ਵਿੱਚ ਹਰ ਯੁਗ ਕਈ ਵਿਸ਼ਵਾਸ ਤੇ ਧਾਰਮਿਕ ਅੰਸ਼ ਰਚਾਉਂਦਾ ਰਿਹਾ ਹੈ ਜਿਸ ਕਰਕੇ ਇਸ ਦਾ ਮੂਲ ਸਰੂਪ ਨਿਤਾਰਨਾ ਕਠਨ ਹੋ ਗਿਆ ਹੈ। ਕਈ ਹੋਲੀ ਨੂੰ ਪੁਰਾਣਿਕ ਕਾਲ ਦੇ ਪ੍ਰਹਿਲਾਦ ਭਗਤ ਦੀ ਕਥਾ ਨਾਲ਼ ਜੋੜਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪੁਰਬ ਨੂੰ, ਪੰਜਾਬੀਆਂ ਦੀਆਂ ਬੀਰ-ਭਾਵਨਾਵਾਂ ਨੂੰ ਪ੍ਰਜੁਲਿਤ ਕਰਨ ਲਈ ਨਵੀਂ ਦਿਸ਼ਾ ਦਿੱਤੀ। ਉਹ ਹੋਲੀ ਵਾਲੇ ਦਿਨ ਅਨੰਦਪੁਰ ਸਾਹਿਬ ਵਿੱਚ ਇੱਕ ਦਰਬਾਰ ਸਜਾਇਆ ਕਰਦੇ ਸਨ ਜਿਸ ਵਿੱਚ ਸੂਰਮੇ ਇਕੱਠੇ ਹੋ ਕੇ ਸ਼ਸਤਰਾਂ ਦੇ ਕਰਤੱਬ ਵਿਖਾਉਂਦੇ ਅਤੇ ਗੁਰੂ ਜੀ ਸਿਰਕੱਢ ਸੂਰਮਿਆਂ ਨੂੰ ਇਨਾਮ ਤੇ ਸਨਮਾਨ ਦਿਆ ਕਰਦੇ ਸਨ। ਹੁਣ ਵੀ ਹੋਲੇ-ਮਹੱਲੇ ਨੂੰ ਅਨੰਦਪੁਰ ਸਾਹਿਬ ਵਿੱਚ ਭਾਰੀ ਮੇਲਾ ਜੁੜਦਾ ਹੈ।

ਸਾਵਣ ਦੀ ਰੁੱਤ ਦਾ ਆਪਣਾ ਸੁਆਦ ਹੈ। ਇਸ ਸੁਹਾਵਣੀ ਰੁੱਤੇ ਤੀਆਂ ਦੇ ਮੌਸਮੀ ਮੇਲੇ ਲੱਗਦੇ ਹਨ। ਨਵੀਆਂ ਵਿਆਹੀਆਂ-ਵਰ੍ਹੀਆਂ ਕੁੜੀਆਂ ਇਸ ਤਿੱਥ ਦੀ ਉਡੀਕ ਖ਼ਾਸ ਉਤਸੁਕਤਾ ਨਾਲ਼ ਕਰਦੀਆਂ ਹਨ। ਤੀਆਂ ਦਾ ਮੇਲਾ ਹਰ ਪਿੰਡ ਵਿੱਚ ਲੱਗਦਾ ਹੈ ਜੇ ਹੋਰ ਕੁਝ ਨਹੀਂ ਤਾਂ ਪਿੰਡ ਦੀਆਂ ਕੁੜੀਆਂ, ਪਿੱਪਲਾਂ ਹੇਠਾਂ ਪੀਂਘਾਂ ਪਾ ਕੇ ਝੂਟਦੀਆਂ ਤੇ ਤੀਆਂ ਦੇ ਗੀਤ ਗਾਉਂਦੀਆਂ, ਮੇਲਾ ਰਚ ਲੈਂਦੀਆਂ ਹਨ।

ਪੰਜਾਬ ਦੇ ਕੁਝ ਮੇਲੇ ਪ੍ਰਾਚੀਨ ਕਾਲ ਤੋਂ ਚੱਲੀ ਆ ਰਹੀ ਸਰਪ-ਪੂਜਾ ਦੀ ਦੇਣ ਹਨ। ਪੁਰਾਣ-ਕਥਾਵਾਂ ਅਨੁਸਾਰ ਧਰਤੀ ਸ਼ੇਸ਼ਨਾਗ ਦੇ ਫੰਨਾਂ ਉੱਤੇ ਖੜ੍ਹੀ ਹੈ। ਪਰਲੋ ਵੇਲੇ ਵਿਸ਼ਨੂੰ ਭਗਵਾਨ ਸ਼ੇਸ਼ਨਾਗ ਦੀ ਸੇਜ ਉੱਤੇ ਹੀ ਨਿਵਾਸ ਕਰਦੇ ਹਨ ਅਤੇ ਸ਼ੇਸ਼ਨਾਗ ਆਪਣੇ ਹਜ਼ਾਰ ਫੰਨਾਂ ਨਾਲ਼, ਵਿਸ਼ਨੂੰ ਦੇ ਸਿਰ ਉੱਤੇ ਛਤਰ ਵਾਂਗ ਝੂਲਦਾ ਰਹਿੰਦਾ ਹੈ। ਆਦਿ ਮਨੁੱਖ ਦਾ ਵਿਸ਼ਵਾਸ ਸੀ ਕਿ ਸ਼ੇਸ਼ਨਾਗ ਭੋਇੰ ਦੀ ਉਤਪਾਦਿਕਤਾ ਉੱਤੇ ਵੀ ਅਸਰ ਪਾਉਂਦਾ ਹੈ। ਪਹਿਲੇ ਸਮਿਆਂ ਵਿੱਚ ਕਿਸਾਨ ਪੈਲ਼ੀ ਨੂੰ ਵਾਹੁਣ, ਬੀਜਣ ਤੇ ਵੱਢਣ ਤੋਂ ਪਹਿਲਾਂ ਨਾਗ ਪੂਜਿਆ ਕਰਦਾ ਸੀ ਅਤੇ ਇਹਨੀਂ ਦਿਨੀਂ ਖੇਤਾਂ ਦੇ ਨੇੜੇ ਮੇਲੇ ਵੀ ਲੱਗਿਆ ਕਰਦੇ ਸਨ ਜਿਨ੍ਹਾਂ ਵਿੱਚ ਨਾਗ ਦੇਵਤੇ ਦੀ ਉਚੇਚੀ ਪੂਜਾ ਕੀਤੀ ਜਾਂਦੀ ਸੀ। ਇਹਨਾਂ ਮੇਲਿਆਂ ਨੂੰ ਨਾਗ-ਮਾਹਾ ਕਿਹਾ ਜਾਂਦਾ ਸੀ।

### ਗੁੱਗੇ ਨਾਲ਼ ਸੰਬੰਧਿਤ ਮੇਲੇ

ਵਰਖਾ ਰੁੱਤ ਦੇ ਕੁਝ ਮੇਲੇ ਗੁੱਗੇ ਨਾਲ਼ ਸੰਬੰਧਿਤ ਹਨ। ਗੁੱਗੇ ਦੀ ਪੂਜਾ ਅਸਲ ਵਿੱਚ ਸਰਪ-ਪੂਜਾ ਦਾ ਹੀ ਵਧੇਰੇ ਸੁਧਰਿਆ ਰੂਪ ਹੈ। ਗੁੱਗਾ ਸ਼ਬਦ ਉਸ ਸੱਪ ਦਾ ਵਾਚਕ ਹੈ ਜੋ ਰੂਪ ਬਦਲ ਕੇ, ਮਨੁੱਖ ਦਾ ਜਾਮਾ ਧਾਰਨ ਕਰ ਸਕੇ। ਲੋਕ-ਧਾਰਾ ਅਨੁਸਾਰ, ਗੁੱਗਾ ਮੂਲ ਰੂਪ ਵਿੱਚ ਸੱਪਾਂ ਦਾ ਰਾਜਾ ਸੀ ਜੋ ਮਨੁੱਖੀ ਜਾਮੇ ਵਿੱਚ ਸੰਸਾਰ ਵਿੱਚ ਆਇਆ।

ਜਾਪਦਾ ਹੈ ਕਿ ਗੁੱਗਾ ਕੋਈ ਰਾਜਪੂਤੀ ਯੋਧਾ ਸੀ ਜਿਸ ਨੇ ਕੁਝ ਲੜਾਈਆਂ ਆਪਣੇ ਕਬੀਲੇ ਦੇ ਲੋਕਾਂ ਨਾਲ਼ ਲੜੀਆਂ ਅਤੇ ਕੁਝ ਬਾਹਰੋਂ ਆਏ ਮੁਸਲਮਾਨ ਧਾੜਵੀਆਂ ਨਾਲ਼। ਇਸ ਦੀ ਵੀਰ-ਗਾਥਾ ਉੱਤੇ, ਪਿੱਛੋਂ ਮੁਸਲਮਾਨੀ ਰੰਗ ਚਾੜ੍ਹ ਦਿੱਤਾ ਗਿਆ ਅਤੇ ਸਮੇਂ ਦੇ ਬੀਤਣ ਨਾਲ਼ ਲੋਕ-ਧਾਰਾ ਦੇ ਅਨੇਕਾਂ ਤੱਤ ਇਸ ਕਥਾ ਵਿੱਚ ਸਮਾ ਗਏ। ਹੌਲ਼ੀ- ਹੌਲ਼ੀ ਗੁੱਗੇ ਨੂੰ ਸਰਪ-ਪੂਜਾ ਨਾਲ਼ ਜੋੜ ਲਿਆ ਗਿਆ। ਗੁੱਗੇ ਦੀ ਸਿਮਰਤੀ ਵਿੱਚ ਇੱਕ ਵੱਡਾ ਮੇਲਾ ਛਪਾਰ ਵਿੱਚ ਲੱਗਦਾ ਹੈ।

### ਛਪਾਰ ਦਾ ਮੇਲਾ

ਇਹ ਮੇਲਾ ਲੁਧਿਆਣੇ ਦੇ ਪਿੰਡ ਛਪਾਰ ਵਿੱਚ, ਭਾਦਰੋਂ ਸੁਦੀ ਚੌਦਾਂ ਨੂੰ ਲੱਗਦਾ ਹੈ। ਇੱਥੇ ਪਿੰਡ ਦੀ ਦੱਖਣੀ ਗੁੱਠੇ ਗੁੱਗੇ ਪੀਰ ਦੀ ਇੱਕ ਮਾੜੀ ਹੈ। ਇਸ ਦੀ ਗੁੱਗੇ ਦੇ ਭਗਤਾਂ ਨੇ, ਰਾਜਸਥਾਨ ਦੀ ਕਿਸੇ ਮਾੜੀ ਤੋਂ ਮਿੱਟੀ ਲਿਆ ਕੇ 1880 ਬਿਕਰਮੀ ਵਿੱਚ ਇੱਥੇ ਸਥਾਪਨਾ ਕੀਤੀ। ਉਦੋਂ ਤੋਂ ਹੀ ਇਹ ਮੇਲਾ ਚੱਲਿਆ ਆ ਰਿਹਾ ਹੈ। ਛਪਾਰ ਦਾ ਮੇਲਾ ਭਾਵੇਂ ਗੁੱਗੇ ਦੀ ਸਿਮਰਤੀ ਵਿੱਚ ਲੱਗਦਾ ਹੈ ਪਰ ਇਸ ਵਿੱਚ ਗੁੱਗੇ ਦੇ

ਭਗਤਾਂ ਤੋਂ ਬਿਨਾਂ ਦੂਜੇ ਲੋਕ ਵੀ ਚੋਖੀ ਮਾਤਰਾ ਵਿੱਚ ਸ਼ਾਮਲ ਹੁੰਦੇ ਹਨ ਅਤੇ ਇਸ ਮੇਲੇ ਦਾ ਚਰਿੱਤਰ ਲੌਕਿਕ ਹੋ ਗਿਆ ਹੈ। ਇਸ ਮੇਲੇ ਵਿੱਚ ਪੰਜਾਬੀਆਂ ਨੂੰ ਉਹਨਾਂ ਦੇ ਪੂਰੇ ਰੰਗ ਵਿੱਚ ਵੇਖਿਆ ਜਾ ਸਕਦਾ ਹੈ।

ਦੇਵੀ ਮਾਤਾ ਦੇ ਮੇਲੇ

ਕੁਝ ਮੇਲੇ ਦੇਵੀ ਮਾਤਾ ਨੂੰ ਪਤਿਆਉਣ ਲਈ ਲੱਗਦੇ ਹਨ। ਦੇਵੀ ਮਾਤਾ ਦੀ ਪੂਜਾ ਇੱਥੇ ਮੁੱਢ-ਕਦੀਮ ਤੋਂ ਚੱਲੀ ਆ ਰਹੀ ਹੈ। ਮਹਿੰਜੋਦੜੋ ਤੇ ਹੜੱਪਾ ਦੀ ਖੁਦਾਈ ਵਿੱਚੋਂ ਕੁਝ ਮੂਰਤੀਆਂ ਇੱਕ ਦੇਵੀ ਮਾਤਾ ਦੀਆਂ ਵੀ ਲੱਭੀਆਂ ਹਨ। ਪਹਾੜੀ ਇਲਾਕੇ ਵਿੱਚ ਦੇਵੀ ਮਾਤਾ ਦੀ ਪੂਜਾ, ਮੈਦਾਨੀ ਇਲਾਕੇ ਦੇ ਮੁਕਾਬਲੇ ਵਿੱਚ ਜ਼ਿਆਦਾ ਪ੍ਰਚਲਿਤ ਹੈ। ਜਵਾਲਾ ਜੀ, ਚਿੰਤਪੁਰਨੀ, ਨੈਣਾਦੇਵੀ ਅਤੇ ਮਨਸਾ ਦੇਵੀ ਦੇ ਅਸਥਾਨਾਂ 'ਤੇ ਚੇਤਰ ਅਤੇ ਅੱਸੂ ਮਹੀਨਿਆਂ ਵਿੱਚ ਨਰਾਤਿਆਂ ਦੇ ਦਿਨੀਂ ਮੇਲੇ ਲੱਗਦੇ ਹਨ।

ਜਰਗ ਦਾ ਮੇਲਾ

ਇਹ ਮੇਲਾ ਚੇਤਰ ਦੇ ਮਹੀਨੇ ਦੇ ਪਹਿਲੇ ਮੰਗਲਵਾਰ ਨੂੰ ਜਰਗ ਪਿੰਡ ਵਿੱਚ ਸੀਤਲਾ ਦੇਵੀ ਨੂੰ ਪਤਿਆਉਣ ਲਈ ਲੱਗਦਾ ਹੈ। ਲੋਕਾਂ ਦਾ ਨਿਸ਼ਚਾ ਹੈ ਕਿ ਬੱਚਿਆਂ ਨੂੰ ਚੇਚਕ ਦੇ ਦਾਣੇ, ਸੀਤਲਾ ਦੇਵੀ ਦੇ ਪ੍ਰਵੇਸ਼ ਕਰਨ ਨਾਲ਼ ਨਿਕਲ਼ਦੇ ਹਨ। ਸੀਤਲਾ ਦੇਵੀ ਨੂੰ ਖ਼ੁਸ਼ ਰੱਖਣ ਲਈ ਲੋਕਾਂ ਵੱਲੋਂ ਕਈ ਰੱਖਾਂ ਤੇ ਉਪਾਅ ਕੀਤੇ ਜਾਂਦੇ ਹਨ। ਜਿਨ੍ਹਾਂ ਮਾਂਵਾਂ ਦੇ ਬੱਚੇ ਅਰੋਗ ਹੋ ਜਾਂਦੇ ਹਨ, ਉਹ ਉਚੇਚੇ ਤੌਰ ਉੱਤੇ ਜਰਗ ਦੇ ਮੇਲੇ 'ਤੇ ਸੁੱਖਣਾ ਦੇਣ ਆਉਂਦੀਆਂ ਹਨ।

ਜਰਗ ਦਾ ਮੇਲਾ ਇੱਕ ਟੋਭੇ ਦੁਆਲ਼ੇ ਲੱਗਦਾ ਹੈ। ਮਾਤਾ ਦੀ ਪੂਜਾ ਕਰਨ ਵਾਲ਼ੇ, ਟੋਭੇ ਵਿੱਚੋਂ ਮਿੱਟੀ ਕੱਢ ਕੇ, ਇੱਕ ਮਟੀਲਾ ਜਿਹਾ ਖੜ੍ਹਾ ਕਰ ਲੈਂਦੇ ਹਨ। ਇਸ ਮਟੀਲੇ ਨੂੰ ਮਾਤਾ ਦਾ ਰੂਪ ਮੰਨ ਕੇ ਪੂਜਿਆ ਜਾਂਦਾ ਹੈ ਤੇ ਭੇਟਾਵਾਂ ਚੜ੍ਹਾਈਆਂ ਜਾਂਦੀਆਂ ਹਨ।

ਇਸ ਮੇਲੇ ਵਿੱਚ ਦੇਵੀ ਮਾਤਾ ਨੂੰ 'ਬਹਿੜੀਏ' ਅਥਵਾ ਬੇਹੇ ਗੁਲਗੁਲੇ ਭੇਟ ਕੀਤੇ ਜਾਂਦੇ ਹਨ। ਇਸ ਕਰਕੇ ਇਸ ਮੇਲੇ ਨੂੰ 'ਬਹਿੜੀਏ ਦਾ ਮੇਲਾ' ਵੀ ਕਿਹਾ ਜਾਣ ਲੱਗ ਪਿਆ ਹੈ। ਜਿਨ੍ਹਾਂ ਲੋਕਾਂ ਨੇ ਸੁੱਖਾਂ ਸੁੱਖੀਆਂ ਹੁੰਦੀਆਂ ਹਨ, ਉਹਨਾਂ ਦੁਆਰਾ ਮੇਲੇ ਦੀ ਪੂਰਵ ਸੰਧਿਆ ਨੂੰ ਮਾਈ ਦੀ ਭੇਟਾ ਲਈ ਗੁਲਗੁਲੇ ਪਕਾ ਕੇ ਪਹਿਲਾਂ ਸੀਤਲਾ ਦੇਵੀ ਦੇ ਵਾਹਣ ਖੋਤੇ ਨੂੰ ਖੁਆਏ ਜਾਂਦੇ ਹਨ ਤੇ ਫਿਰ ਕੁਝ ਵੰਡੇ ਤੇ ਕੁਝ ਆਪ ਖਾਧੇ ਜਾਂਦੇ ਹਨ।

ਇਸ ਮੇਲੇ ਵਿੱਚ ਖੋਤਿਆਂ ਦੀ ਬੜੀ ਕਦਰ ਕੀਤੀ ਜਾਂਦੀ ਹੈ। ਲੋਕੀ ਇਹਨਾਂ ਨੂੰ ਸੀਤਲਾ ਮਾਈ ਦਾ ਵਾਹਨ ਹੋਣ ਕਰਕੇ ਪੂਜਦੇ ਅਤੇ ਗੁਲਗੁਲੇ ਤੇ ਛੋਲੇ ਆਦਿ ਭੇਟ ਕਰਦੇ ਹਨ। ਘੁਮਿਆਰ ਆਪੋ-ਆਪਣੇ ਖੋਤਿਆਂ ਨੂੰ ਉਚੇਚੇ ਤੌਰ 'ਤੇ, ਸਜਾ-ਸ਼ਿੰਗਾਰ ਕੇ ਲਿਆਉਂਦੇ ਹਨ। ਕਈਆਂ ਨੇ ਖੋਤਿਆਂ ਉੱਪਰ ਘੋਗਿਆਂ, ਕੌਡੀਆਂ ਤੇ ਮੋਤੀਆਂ ਨਾਲ਼ ਜੜੀਆਂ ਵੰਨ-ਸਵੰਨੀਆਂ ਝੁੱਲਾਂ ਪਾਈਆਂ ਹੁੰਦੀਆਂ ਹਨ।

ਪੀਰਾਂ-ਫ਼ਕੀਰਾਂ ਦੀ ਸ਼ਰਧਾ ਵਿੱਚ ਮੇਲੇ

ਪੰਜਾਬੀਆਂ ਦੇ ਦਿਲਾਂ ਵਿੱਚ ਪੀਰਾਂ-ਫ਼ਕੀਰਾਂ ਲਈ ਅਥਾਹ ਸ਼ਰਧਾ ਭਰੀ ਪਈ ਹੈ। ਕਹਿੰਦੇ ਹਨ, ਪੀਰਾਂ-ਫ਼ਕੀਰਾਂ ਵਿੱਚ ਇੱਕ ਕਣੀ ਹੁੰਦੀ ਹੈ ਜਿਸ ਦਾ ਕੁਝ ਅੰਸ਼ ਉਹਨਾਂ ਵਿੱਚ ਸ਼ਰਧਾ ਰੱਖਣ ਵਾਲ਼ੇ ਮੁਰੀਦਾਂ ਵਿੱਚ ਰਚ ਜਾਂਦਾ ਹੈ ਤੇ ਸਹਿਜ ਭਾਵ ਵਿੱਚ ਹੀ ਉਹਨਾਂ ਦੇ ਸਭ ਸੰਕਟ ਦੂਰ ਹੋ ਜਾਂਦੇ ਹਨ। ਖ਼ਾਨਗਾਹਾਂ, ਹੁਜਰਿਆਂ ਤੇ ਤਕੀਆਂ ਉੱਤੇ ਲੱਗਦੇ ਮੇਲੇ ਇਸੇ ਸ਼ਰਧਾ ਦੇ ਬੋਧਕ ਹਨ। ਖ਼ਾਨਗਾਹਾਂ ਪੀਰਾਂ ਦੀਆਂ ਕਬਰਾਂ ਹੁੰਦੀਆਂ ਹਨ ਜਿਨ੍ਹਾਂ ਦੇ ਆਲ਼ੇ-ਦੁਆਲ਼ੇ ਦਰਖ਼ਤਾਂ ਦੀਆਂ ਝਿੜੀਆਂ ਬਣੀਆਂ ਹੁੰਦੀਆਂ ਹਨ।

ਖ਼ਾਨਗਾਹਾਂ, ਹੁਜਰਿਆਂ ਤੇ ਤਕੀਆਂ ਉੱਤੇ ਲੱਗਦੇ ਮੇਲੇ ਸੁਭਾਅ ਵਿੱਚ ਭਾਵੇਂ ਧਾਰਮਿਕ ਹਨ ਤੇ ਪੀਰਾਂ ਪ੍ਰਤਿ ਆਦਰ-ਭਾਵ ਤੇ ਸ਼ਰਧਾ ਪ੍ਰਗਟਾਉਣ ਲਈ, ਉਹਨਾਂ ਦੇ ਮੁਰੀਦਾਂ ਤੇ ਸੇਵਕਾਂ ਵੱਲੋਂ ਸ਼ੁਰੂ ਕੀਤੇ ਗਏ ਪਰ ਸਮੇਂ ਦੇ ਗੇੜ ਨਾਲ਼ ਇਹ ਸਾਂਝੇ ਮੇਲਿਆਂ ਦਾ ਰੂਪ ਧਾਰਨ ਕਰ ਗਏ ਅਤੇ ਇਹਨਾਂ ਵਿੱਚ ਸਭ ਧਰਮਾਂ ਦੇ ਲੋਕ ਬਿਨਾਂ ਪੱਖ-ਪਾਤ ਦੇ ਸ਼ਾਮਲ ਹੋਣ ਲੱਗੇ। ਇਹ ਮੇਲੇ ਪੰਜਾਬੀਆਂ ਦੇ ਸਾਂਝੇ ਸੱਭਿਆਚਾਰ ਤੇ ਭਾਵਕ ਏਕਤਾ ਦਾ ਹੁੰਗਾਰਾ ਭਰਦੇ ਹਨ। ਅਜਿਹੇ ਬਹੁਤੇ ਮੇਲੇ ਸੂਫ਼ੀ ਫ਼ਕੀਰਾਂ ਨਾਲ਼ ਸੰਬੰਧਿਤ ਹਨ।

### ਜਗਰਾਵਾਂ ਦੀ ਰੋਸ਼ਨੀ

ਰੋਸ਼ਨੀ ਦਾ ਮੇਲਾ ਜਗਰਾਵਾਂ ਵਿੱਚ ਪ੍ਰਸਿੱਧ ਸੂਫ਼ੀ ਫ਼ਕੀਰ ਅਬਦੁੱਲ ਕਾਦਰ ਜਿਲਾਨੀ ਦੀ ਕਬਰ ਉੱਤੇ ਹਰ ਸਾਲ 14 ਤੋਂ 16 ਫੱਗਣ ਤੱਕ ਲੱਗਦਾ ਹੈ। ਭਾਵੇਂ ਇਹ ਮੇਲਾ ਮੁਸਲਮਾਨੀ ਮੁੱਢ ਦਾ ਹੈ ਪਰ ਇਲਾਕੇ ਦੇ ਹਿੰਦੂ-ਸਿੱਖ ਵੀ ਇਸ ਮੇਲੇ ਵਿੱਚ ਹੁੰਮ-ਹੁੰਮਾ ਕੇ ਸ਼ਾਮਲ ਹੁੰਦੇ ਹਨ। ਦੇਸ ਦੀ ਵੰਡ ਪਿੱਛੋਂ, ਮੁਸਲਮਾਨਾਂ ਦੇ ਪੰਜਾਬ ਵਿੱਚੋਂ ਹਿਜਰਤ ਕਰ ਜਾਣ ਮਗਰੋਂ ਵੀ ਇਹ ਮੇਲਾ ਪਹਿਲਾਂ ਵਾਂਗ ਹੀ ਉਸੇ ਜੋਸ਼ ਤੇ ਉਮੰਗ ਨਾਲ਼ ਲਗਾਤਾਰ ਲੱਗ ਰਿਹਾ ਹੈ। ਇਸ ਮੇਲੇ ਦਾ ਨਾਂ 'ਰੋਸ਼ਨੀ' ਇਸ ਲਈ ਪਿਆ ਕਿਉਂਕਿ ਮੇਲੇ ਦੇ ਦਿਨੀਂ ਪੀਰ ਦੀ ਕਬਰ ਉੱਤੇ ਅਨੇਕਾਂ ਚਿਰਾਗ਼ ਬਾਲ਼ੇ ਜਾਂਦੇ ਹਨ ਜਿਨ੍ਹਾਂ ਦੀ ਰੋਸ਼ਨੀ ਕਾਫ਼ੀ ਦੂਰੋਂ ਵਿਖਾਈ ਦਿੰਦੀ ਹੈ ਤੇ ਅਲੌਕਿਕ ਦ੍ਰਿਸ਼ ਪੇਸ਼ ਕਰਦੀ ਹੈ। ਇਸ ਮੇਲੇ ਦਾ ਆਪਣਾ ਜਲੌ ਹੈ।

ਮਲੇਰਕੋਟਲੇ ਵਿੱਚ ਹੈਦਰ ਸ਼ੇਖ਼ ਦੇ ਮਕਬਰੇ ਉੱਤੇ ਨਿਮਾਣੀ ਇਕਾਦਸ਼ੀ ਨੂੰ ਇੱਕ ਭਾਰੀ ਮੇਲਾ ਲੱਗਦਾ ਹੈ। ਮਲੇਰਕੋਟਲੇ ਵਿੱਚ ਹੀ ਪੋਹ ਦੇ ਪਹਿਲੇ ਵੀਰਵਾਰ ਨੂੰ ਸਖ਼ੀਸਰਵਰ ਦਾ ਇੱਕ ਹੋਰ ਮੇਲਾ ਲੱਗਦਾ ਹੈ ਜਿਸ ਨੂੰ 'ਨਿਗਾਹਾ ਮੇਲਾ' ਕਹਿੰਦੇ ਹਨ। ਅਜਿਹਾ ਹੀ ਇੱਕ ਮੇਲਾ ਮੋਗੇ ਵਿੱਚ ਵੀ ਲੱਗਦਾ ਹੈ। ਲੁਧਿਆਣੇ ਦੇ ਭਾਡਲਾ ਪਿੰਡ ਵਿਖੇ ਵੀ ਸਖ਼ੀਸਰਵਰ ਦੀ ਖ਼ਾਨਗਾਹ ਉੱਤੇ ਜੇਠ ਦੇ ਚਾਨਣ ਪੱਖ ਦੇ ਪਹਿਲੇ ਵੀਰਵਾਰ ਨੂੰ ਇੱਕ ਮੇਲਾ ਲੱਗਦਾ ਹੈ।

### ਗੁਰੂ ਸਾਹਿਬਾਂ ਦੀ ਸਿਮਰਤੀ ਵਿੱਚ ਮੇਲੇ

ਪੰਜਾਬ ਗੁਰੂਆਂ ਦੀ ਇਲਾਹੀ ਧਰਤੀ ਹੈ। ਪ੍ਰੋ: ਪੂਰਨ ਸਿੰਘ ਅਨੁਸਾਰ ਪੰਜਾਬ ਜਿਊਂਦਾ ਹੀ ਗੁਰਾਂ ਦੇ ਨਾਂ ਉੱਤੇ ਹੈ। ਪੰਜਾਬ ਦੀ ਚੱਪਾ-ਚੱਪਾ ਧਰਤੀ ਗੁਰੂਆਂ ਦੇ ਜੀਵਨ ਦੇ ਕਿਸੇ ਨਾ ਕਿਸੇ ਪ੍ਰਸੰਗ ਨੂੰ ਹਿੱਕ ਵਿੱਚ ਸਮੋਈ ਬੈਠੀ ਹੈ। ਗੁਰੂਆਂ ਦੇ ਪਾਵਨ-ਸਥਾਨਾਂ ਉੱਤੇ ਖ਼ਾਸ-ਖ਼ਾਸ ਤਿੱਥਾਂ ਨੂੰ ਮੇਲੇ ਲੱਗਦੇ ਰਹਿੰਦੇ ਹਨ। ਪੱਛਮੀ ਪੰਜਾਬ ਵਿੱਚ ਹਰ ਪੂਰਨਮਾਸੀ ਨੂੰ ਪੰਜਾ ਸਾਹਿਬ ਵਿੱਚ ਅਤੇ ਕੱਤਕ ਦੀ ਪੂਰਨਮਾਸੀ ਨੂੰ ਨਨਕਾਣਾ ਸਾਹਿਬ ਵਿੱਚ ਭਾਰੀ ਮੇਲਾ ਲੱਗਿਆ ਕਰਦਾ ਸੀ। ਲਾਹੌਰ ਵਿੱਚ ਗੁਰੂ ਅਰਜਨ ਦੇਵ ਦੇ ਸ਼ਹੀਦੀ-ਦਿਵਸ ਉੱਤੇ ਡੇਹਰਾ ਸਾਹਿਬ ਜੋ ਹੁਣ ਪਾਕਿਸਤਾਨ 'ਚ ਹੈ, ਵਿੱਚ ਜੋੜ-ਮੇਲਾ ਲੱਗਿਆ ਕਰਦਾ ਸੀ। ਭਾਰਤੀ ਪੰਜਾਬ ਵਿੱਚ ਮੁਕਤਸਰ, ਤਰਨਤਾਰਨ, ਡੇਰਾ ਬਾਬਾ ਨਾਨਕ ਤੇ ਗੁਰਦਾਸਪੁਰ ਆਦਿ ਥਾਂਵਾਂ ਉੱਤੇ, ਗੁਰੂ-ਸਾਹਿਬਾਂ ਦੀ ਸਿਮਰਤੀ ਵਿੱਚ ਮੇਲੇ ਲੱਗਦੇ ਹਨ ਜਿਨ੍ਹਾਂ ਵਿੱਚੋਂ ਦੋ-ਤਿੰਨ ਖ਼ਾਸ ਪ੍ਰਸਿੱਧ ਮੇਲਿਆਂ ਦਾ ਜ਼ਿਕਰ ਕਰਨਾ ਇੱਥੇ ਜ਼ਰੂਰੀ ਹੈ :-

### ਮੁਕਤਸਰ ਦਾ ਮੇਲਾ

ਇਹ ਪ੍ਰਸਿੱਧ ਮੇਲਾ ਮਾਘੀ ਵਾਲ਼ੇ ਦਿਨ ਮੁਕਤਸਰ ਵਿੱਚ ਲੱਗਦਾ ਹੈ। ਇਤਿਹਾਸ ਦੱਸਦਾ ਹੈ ਕਿ 1705 ਈ: ਵਿੱਚ ਮੁਗਲਾਂ ਦੀਆਂ ਫ਼ੌਜਾਂ ਗੁਰੂ ਗੋਬਿੰਦ ਸਿੰਘ ਦਾ ਪਿੱਛਾ ਕਰਦੀਆਂ ਮਾਲਵੇ ਦੇ ਇਲਾਕੇ ਵਿੱਚ ਆਈਆਂ ਤਾਂ ਸਿੰਘਾਂ ਨੇ ਖਿਦਰਾਣੇ (ਅਜੋਕਾ ਮੁਕਤਸਰ) ਦੇ ਤਾਲ ਦੇ ਕੰਢੇ ਵੈਰੀਆਂ ਦਾ ਮੁਕਾਬਲਾ

ਕੀਤਾ। ਇਸੇ ਯੁੱਧ ਵਿੱਚ ਚਾਲ੍ਹੀ ਸਿੰਘ ਜੋ ਪਹਿਲਾਂ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਗਏ ਸਨ, ਸ਼ਹੀਦ ਹੋਏ। ਗੁਰੂ ਗੋਬਿੰਦ ਸਿੰਘ ਜੀ ਨੇ ਜਥੇਦਾਰ ਮਹਾਂ ਸਿੰਘ ਦੀ ਬੇਨਤੀ ਮੰਨ ਕੇ ਬੇਦਾਵਾ ਪਾੜ ਦਿੱਤਾ ਤੇ ਉਹਨਾਂ ਨਾਲ਼ ਟੁੱਟੀ ਮੁੜ ਗੰਢੀ। ਗੁਰੂ ਜੀ ਨੇ ਇਹਨਾਂ ਸ਼ਹੀਦ ਸਿੰਘਾਂ ਨੂੰ 'ਮੁਕਤੇ' ਕਹਿ ਕੇ ਸਨਮਾਨਿਆ ਅਤੇ ਇਸ ਥਾਂ ਦਾ ਨਾਂ ਮੁਕਤਸਰ ਰੱਖਿਆ।

ਮਾਘੀ ਵਾਲ਼ੇ ਦਿਨ ਸੰਗਤਾਂ ਹੁੰਮ-ਹੁੰਮਾ ਕੇ ਇੱਥੇ ਆਉਂਦੀਆਂ ਹਨ ਅਤੇ ਮੁਕਤਸਰ ਦੇ ਪਾਵਨ ਸਰੋਵਰ ਵਿੱਚ ਇਸ਼ਨਾਨ ਕਰਦੀਆਂ ਹਨ।

ਅਨੰਦਪੁਰ ਸਾਹਿਬ ਦਾ ਹੋਲਾ-ਮਹੱਲਾ

ਹੋਲੀ ਤੋਂ ਅਗਲੇ ਦਿਨ ਚੇਤ ਵਦੀ ਪਹਿਲੀ ਨੂੰ ਅਨੰਦਪੁਰ ਸਾਹਿਬ ਵਿੱਚ ਕੇਸਗੜ੍ਹ ਦੇ ਸਥਾਨ ਉੱਤੇ ਇੱਕ ਮੇਲਾ ਭਰਦਾ ਹੈ ਜਿਸ ਨੂੰ 'ਹੋਲਾ-ਮਹੱਲਾ' ਕਹਿੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਖ਼ਾਲਸੇ ਨੂੰ ਸ਼ਸਤਰ-ਵਿੱਦਿਆ ਤੇ ਯੁੱਧ-ਕਲਾ ਵਿੱਚ ਨਿਪੁੰਨ ਕਰਨ ਲਈ ਦੋ ਦਲ ਬਣਾ ਕੇ ਉਹਨਾਂ ਵਿੱਚ ਮਸਨੂਈ ਲੜਾਈ ਕਰਵਾਉਂਦੇ ਤੇ ਬਹਾਦਰ ਯੋਧਿਆਂ ਨੂੰ ਸਿਰੋਪੇ ਬਖ਼ਸ਼ਦੇ। ਉਦੋਂ ਤੋਂ ਹਰ ਸਾਲ ਅਨੰਦਪੁਰ ਸਾਹਿਬ ਵਿੱਚ ਹੋਲੀ ਤੋਂ ਅਗਲੇ ਦਿਨ ਹੋਲਾ-ਮਹੱਲਾ ਮਨਾਇਆ ਜਾਣ ਲੱਗਾ।

ਤਰਨਤਾਰਨ ਦੀ ਮੱਸਿਆ

ਤਰਨਤਾਰਨ ਵਿੱਚ ਉਂਞ ਤਾਂ ਹਰ ਮੱਸਿਆ ਨੂੰ ਹੀ ਮੇਲਾ ਲੱਗਦਾ ਹੈ ਪਰ ਭਾਦੋਂ ਦੀ ਮੱਸਿਆ ਨੂੰ ਇੱਕ ਬੜਾ ਭਾਰੀ ਉਤਸਵ ਮਨਾਇਆ ਜਾਂਦਾ ਹੈ। ਲੋਕੀਂ ਦੂਰੋਂ-ਦੂਰੋਂ ਹੁੰਮ-ਹੁੰਮਾ ਕੇ ਇਸ ਮੇਲੇ ਵਿੱਚ ਆਉਂਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲ਼ੇ ਸਥਾਨਾਂ 'ਤੇ ਵੀ ਮੋਰਿੰਡਾ, ਚਮਕੌਰ ਸਾਹਿਬ ਅਤੇ ਫ਼ਤਿਹਗੜ੍ਹ ਸਾਹਿਬ ਵਿੱਚ ਵੱਡੇ ਜੋੜ-ਮੇਲੇ ਲੱਗਦੇ ਹਨ।

ਪੰਜਾਬੀਆਂ ਦੀ ਆਪਣੇ ਮਹਿਬੂਬ ਪਾਤਰਾਂ ਤੇ ਕਵੀਆਂ ਪ੍ਰਤਿ ਵੀ ਸਨੇਹ ਤੇ ਸ਼ਰਧਾ ਹੈ। ਜਗਦੇਵ ਕਲਾਂ ਵਿੱਚ ਹਾਸ਼ਮ ਸ਼ਾਹ ਤੇ ਲੁਧਿਆਣੇ ਵਿੱਚ ਪ੍ਰੋ: ਮੋਹਨ ਸਿੰਘ ਦੀ ਯਾਦ ਵਿੱਚ ਮੇਲੇ ਲੱਗਦੇ ਹਨ।

ਤਿਉਹਾਰ :-

ਪੰਜਾਬ ਵਿੱਚ ਤਿਉਹਾਰ ਲਗਾਤਾਰ ਚੱਲਦੇ ਰਹਿੰਦੇ ਹਨ। ਚੰਨ ਦੀਆਂ ਤਿਥਾਂ ਨਾਲ਼ ਸੰਬੰਧਿਤ ਪੁਰਬ ਇਕਾਦਸ਼ੀ, ਪੂਰਨਮਾਸੀ ਤੇ ਮੱਸਿਆ ਆਦਿ ਖੂਹ ਦੀਆਂ ਟਿੰਡਾਂ ਵਾਂਗ ਗੇੜੇ ਪਏ ਰਹਿੰਦੇ ਹਨ। ਫਿਰ ਸੰਗਰਾਂਦ ਹਰ ਮਹੀਨੇ ਨਵੇਂ ਮੂੰਹ ਆਉਂਦੀ ਹੈ।

ਪੰਜਾਬ ਵਿੱਚ ਨਵਾਂ ਵਰ੍ਹਾ ਚੇਤਰ ਦੀ ਏਕਮ ਤੋਂ ਸ਼ੁਰੂ ਹੁੰਦਾ ਹੈ। ਇਸ ਦਿਨ 'ਨਵਾਂ ਸੰਮਤ' ਮਨਾਇਆ ਜਾਂਦਾ ਹੈ। ਇਸ ਰੁੱਤ ਵਿੱਚ ਬਹਾਰ ਭਰ ਜੋਬਨ ਵਿੱਚ ਹੁੰਦੀ ਹੈ। ਸੋ ਰੁੱਤ ਦਾ ਸੁਆਦ ਮਾਣਨ ਲਈ ਇਸ ਦਿਨ ਨਵੀਂ ਕਣਕ ਦੀਆਂ ਬੱਲੀਆਂ ਤੇ ਛੋਲਿਆਂ-ਦੀਆਂ ਹੋਲਾਂ ਭੁੰਨ ਕੇ ਖਾਧੀਆਂ ਜਾਂਦੀਆਂ ਹਨ। ਇਸ ਰੀਤ ਨੂੰ 'ਅੰਨ ਨਵਾਂ ਕਰਨਾ' ਕਹਿੰਦੇ ਹਨ।

ਚੇਤਰ ਸੁਦੀ ਅੱਠਵੀਂ ਨੂੰ ਦੇਵੀ ਦੇ ਉਪਾਸ਼ਕ ਕੰਜਕਾਂ ਕਰਦੇ ਹਨ। ਇਸ ਦਿਨ ਕੁਆਰੀਆਂ ਕੁੜੀਆਂ ਜਿਨ੍ਹਾਂ ਨੂੰ 'ਕੰਜਕਾਂ' ਕਹਿੰਦੇ ਹਨ, ਦੇਵੀ ਮਾਤਾ ਦਾ ਰੂਪ ਮੰਨ ਕੇ ਪੂਜਿਆ ਜਾਂਦਾ ਹੈ ਤੇ ਉਹਨਾਂ ਨੂੰ ਕੜਾਹ-ਪੂੜੀਆਂ ਤੇ ਕੁਝ ਪੈਸੇ ਦੱਖਣਾ ਵਜੋਂ ਭੇਟ ਕੀਤੇ ਜਾਂਦੇ ਹਨ। ਇਹ ਵਿਸ਼ਵਾਸ ਹੈ ਕਿ ਕੰਜਕਾਂ ਕਰਨ ਨਾਲ਼ ਮਾਤਾ ਰਾਣੀ ਪ੍ਰਸੰਨ ਰਹਿੰਦੀ ਹੈ ਤੇ ਬੱਚੇ ਨਿਰੋਏ।

ਚੇਤਰ ਸੁਦੀ ਨੌਂ ਨੂੰ ਰਾਮ-ਨੌਂਵੀਂ ਦਾ ਤਿਉਹਾਰ ਪੈਂਦਾ ਹੈ। ਇਸ ਤਿਥ ਨੂੰ ਸ੍ਰੀ ਰਾਮ ਚੰਦਰ ਜੀ ਨੇ ਜਨਮ ਲਿਆ ਸੀ। ਰਾਮ-ਨੌਂਵੀਂ ਨੂੰ ਮੰਦਰਾਂ ਵਿੱਚ ਸ੍ਰੀ ਰਾਮ ਚੰਦਰ ਜੀ ਦੀ ਮਹਿਮਾ ਵਿੱਚ ਭਜਨ ਗਾਏ ਜਾਂਦੇ ਹਨ ਅਤੇ ਪਾਣੀ ਦੀਆਂ ਛਬੀਲਾਂ ਲਾਈਆਂ ਜਾਂਦੀਆਂ ਹਨ।

ਜੇਠ-ਹਾੜ੍ਹ ਦੀਆਂ ਤਪਦੀਆਂ ਲੂਆਂ ਪਿੱਛੋਂ ਸਾਵਣ ਦੇ ਮੀਂਹਾਂ ਦਾ ਆਪਣਾ ਸੁਆਦ ਹੈ। ਇਸ ਰੁੱਤ ਦਾ ਰਸ ਤੇ ਸੁਰਗੀ ਝੂਟਾ ਮਾਣਨ ਲਈ, ਸਾਵਣ ਦੀ ਤੀਜੀ ਤਿਥ ਨੂੰ ਤੀਆਂ ਮਨਾਈਆਂ ਜਾਂਦੀਆਂ ਹਨ। ਹਰ ਸਾਵਣ ਦੀ ਪੂਰਨਮਾਸੀ ਨੂੰ ਰੱਖੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਹ ਤਿਉਹਾਰ ਭੈਣ-ਭਰਾ ਦੇ ਪਵਿੱਤਰ ਪਿਆਰ ਤੇ ਇੱਕ-ਦੂਜੇ ਪ੍ਰਤਿ ਮਿੱਠੀਆਂ ਨਿਰਛਲ ਭਾਵਨਾਵਾਂ ਦਾ ਪ੍ਰਤੀਕ ਹੈ। ਭੈਣਾਂ ਬੜੇ ਚਾਅ ਨਾਲ਼ ਭਰਾਵਾਂ ਦੀ ਵੀਣੀ 'ਤੇ ਰੱਖੜੀ ਦਾ ਸੂਤਰ ਬੰਨ੍ਹਦੀਆਂ ਹਨ।

ਭਾਦਰੋਂ ਦੇ ਮਹੀਨੇ ਗੁੱਗਾ-ਨੌਂਵੀਂ ਦਾ ਤਿਉਹਾਰ ਆਉਂਦਾ ਹੈ। ਗੁੱਗੇ ਦੇ ਭਗਤ ਗੁੱਗੇ ਦੀ ਪ੍ਰਸੰਨਤਾ ਲਈ ਸੱਪਾਂ ਦੀਆਂ ਖੁੱਡਾਂ ਵਿੱਚ ਕੱਚੀ ਲੱਸੀ ਪਾਉਂਦੇ ਹਨ। ਘਰਾਂ ਵਿੱਚ ਮਿੱਠੀਆਂ ਸੇਵੀਆਂ ਰਿੰਨ੍ਹੀਆਂ ਜਾਂਦੀਆਂ ਹਨ।

ਇਸੇ ਰੁੱਤੇ ਦੁਆਪਰ ਯੁੱਗ ਵਿੱਚ ਕ੍ਰਿਸ਼ਨ ਜੀ ਨੇ ਅਵਤਾਰ ਧਾਰਨ ਕੀਤਾ ਸੀ। ਇਹਨਾਂ ਦਾ ਪੁਰਬ ਭਾਦਰੋਂ ਦੀ ਕ੍ਰਿਸ਼ਨਾ-ਪੱਖ ਦੀ ਅੱਠਵੀਂ ਨੂੰ 'ਜਨਮ-ਅਸ਼ਟਮੀ' ਵਜੋਂ ਮਨਾਇਆ ਜਾਂਦਾ ਹੈ।

ਅੱਸੂ ਦੇ ਮਹੀਨੇ ਅਕਾਸ਼ ਦੀ ਨੀਲੀ ਭਾਹ ਵੇਖਣ ਵਾਲ਼ੀ ਹੁੰਦੀ ਹੈ। ਲੋਕਾਂ ਨੂੰ ਤਾਰਿਆਂ ਵਿੱਚ ਆਪਣੇ ਪਿੱਤਰ ਵਿਖਾਈ ਦਿੰਦੇ ਹਨ। ਇਸ ਮਹੀਨੇ ਹਨੇਰੇ ਪੱਖ ਦੀਆਂ ਪੰਦਰਾਂ ਤਿਥਾਂ ਨੂੰ ਸ੍ਰਾਧ ਕੀਤੇ ਜਾਂਦੇ ਹਨ ਅਥਵਾ ਪਿੱਤਰਾਂ ਪ੍ਰਤਿ ਸ਼ਰਧਾ ਪ੍ਰਗਟ ਕੀਤੀ ਜਾਂਦੀ ਹੈ। ਸ੍ਰਾਧ ਇੱਕ ਧਾਰਮਿਕ ਰੀਤ ਹੈ ਜਿਸ ਦਾ ਮਨੋਰਥ ਪਿੱਤਰਾਂ ਨੂੰ ਅਗਲੇ ਲੋਕ ਵਿੱਚ ਭੋਜਨ ਪਹੁੰਚਾਉਣਾ ਹੈ।

ਸ੍ਰਾਧਾਂ ਦੇ ਮੁੱਕਦਿਆਂ ਹੀ ਨਰਾਤੇ ਸ਼ੁਰੂ ਹੋ ਜਾਂਦੇ ਹਨ ਜੋ ਅੱਸੂ ਮਹੀਨੇ ਦੇ ਚਾਨਣ-ਪੱਖ ਦੀ ਏਕਮ ਤੋਂ ਨੌਂਵੀਂ ਤਿਥ ਤੱਕ ਰਹਿੰਦੇ ਹਨ। ਇਹਨਾਂ ਤਿਥਾਂ ਵਿੱਚ ਮਾਤਾ ਗੌਰਜਾਂ ਤੇ 'ਸਾਂਝੀ ਮਾਈ' ਦੀ ਪੂਜਾ ਕੀਤੀ ਜਾਂਦੀ ਹੈ। ਇਹ ਤਿਥਾਂ ਮੰਗਲ਼ ਕਾਰਜਾਂ ਲਈ ਬੜੀਆਂ ਸ਼ੁੱਭ ਮੰਨੀਆਂ ਜਾਂਦੀਆਂ ਹਨ।

ਪਹਿਲੇ ਨਰਾਤੇ ਵਾਲ਼ੇ ਦਿਨ ਕੁੜੀਆਂ ਘਰ ਦੀ ਕਿਸੇ ਨੁੱਕਰੇ ਜਾਂ ਕੋਰੇ ਕੁੱਜੇ ਵਿੱਚ ਜੌਂ ਬੀਜਦੀਆਂ ਹਨ ਜਿਸ ਨੂੰ 'ਖੇਤਰੀ' ਜਾਂ 'ਗੌਰਜਾਂ ਦੀ ਖੇਤੀ' ਕਿਹਾ ਜਾਂਦਾ ਹੈ। ਦਸਹਿਰੇ ਵਾਲ਼ੇ ਦਿਨ ਤੱਕ ਇਸ ਖੇਤਰੀ ਵਿੱਚੋਂ ਜੌਂਆਂ ਦੇ ਬੁੰਬਲ਼ ਨਿਕਲ਼ ਆਉਂਦੇ ਹਨ ਤੇ ਕੁੜੀਆਂ ਇਹਨਾਂ ਬੁੰਬਲ਼ਾਂ ਨੂੰ ਆਪਣੇ ਭਰਾਵਾਂ ਅਤੇ ਹੋਰ ਮਰਦ- ਰਿਸ਼ਤੇਦਾਰਾਂ ਦੀਆਂ ਪੱਗਾਂ ਵਿੱਚ ਟੁੰਗਦੀਆਂ ਹਨ ਅਤੇ ਉਹ ਉਹਨਾਂ ਨੂੰ ਸਗਨ ਦਿੰਦੇ ਹਨ।

ਨਰਾਤਿਆਂ ਵਿੱਚ ਸਾਂਝੀ ਦੇਵੀ ਦੀ ਪੂਜਾ ਕੀਤੀ ਜਾਂਦੀ ਹੈ। ਪਹਿਲੇ ਨਰਾਤੇ ਨੂੰ ਗੋਹੇ ਵਿੱਚ ਮਿੱਟੀ ਗੁੰਨ੍ਹ ਕੇ ਘਰ ਦੀ ਕਿਸੇ ਕੰਧ ਉੱਤੇ ਸਾਂਝੀ ਮਾਈ ਦੀ ਮੂਰਤੀ ਬਣਾ ਲਈ ਜਾਂਦੀ ਹੈ। ਮੂਰਤੀ ਵਿੱਚ ਕਲਾਤਮਿਕ ਸੁੰਦਰਤਾ ਭਰਨ ਲਈ ਕਈ ਵਿਧੀਆਂ ਵਰਤੀਆਂ ਜਾਂਦੀਆਂ ਹਨ। ਉਸ ਨੂੰ ਫੁੱਲਾਂ, ਕੌਡੀਆਂ ਤੇ ਮੋਤੀਆਂ ਨਾਲ਼ ਸਜਾਇਆ ਤੇ ਗਹਿਣਿਆਂ ਨਾਲ਼ ਸ਼ਿੰਗਾਰਿਆ ਜਾਂਦਾ ਹੈ। ਇੱਕ ਪਾਸੇ ਚੰਨ ਚੜ੍ਹਦਾ ਤੇ ਦੂਜੇ ਪਾਸੇ ਸੂਰਜ ਡੁੱਬਦਾ ਵਿਖਾਇਆ ਜਾਂਦਾ ਹੈ। ਕਈ ਘਰਾਂ ਵਿੱਚ ਸਾਂਝੀ ਦੇਵੀ ਦੀ ਮੂਰਤੀ ਦੀ ਥਾਂ ਕੇਵਲ ਉਸ ਦਾ ਚਿੱਤਰ ਹੀ ਉਲੀਕਿਆ ਜਾਂਦਾ ਹੈ। ਸਾਂਝੀ ਦੀ ਮੂਰਤੀ ਤੇ ਚਿੱਤਰ ਲੋਕ-ਕਲਾ ਦਾ ਸੋਹਣਾ ਨਮੂਨਾ ਹਨ ਤੇ ਇਸ ਵਿੱਚੋਂ ਲੋਕ-ਪ੍ਰਤਿਭਾ ਪੂਰੇ ਜਲੌ ਵਿੱਚ ਰੂਪਮਾਨ ਹੋਈ ਹੈ। ਸਾਂਝੀ ਮਾਈ ਦੀ ਪੂਜਾ ਹਰ ਰੋਜ਼ ਸ਼ਾਮ ਵੇਲ਼ੇ ਕੀਤੀ ਜਾਂਦੀ ਹੈ। ਦਸਹਿਰੇ ਵਾਲ਼ੇ ਦਿਨ ਸਰਘੀ ਵੇਲ਼ੇ ਸਾਂਝੀ ਮਾਈ ਦੀ ਮੂਰਤੀ ਨੂੰ ਕਿਸੇ ਟੋਭੇ ਜਾਂ ਨਦੀ-ਨਾਲ਼ੇ ਵਿੱਚ ਜਲ-ਪ੍ਰਵਾਹ ਕਰ ਦਿੱਤਾ ਜਾਂਦਾ ਹੈ।

ਨਰਾਤਿਆਂ ਵਿੱਚ ਹੀ ਕਸਬਿਆਂ ਤੇ ਸ਼ਹਿਰਾਂ ਵਿੱਚ ਪੰਜਾਬ ਦਾ ਸਭ ਤੋਂ ਵੱਡਾ ਲੋਕ-ਨਾਟ ਰਾਮ-ਲੀਲ੍ਹਾ ਖੇਡਿਆ ਜਾਂਦਾ ਹੈ। ਦਸਵੇਂ ਨਰਾਤੇ ਨੂੰ ਦਸਹਿਰਾ ਮਨਾਇਆ ਜਾਂਦਾ ਹੈ।

ਕੱਤਕ ਤੋਂ ਸਰਦੀ ਦੀ ਰੁੱਤ ਸ਼ੁਰੂ ਹੁੰਦੀ ਹੈ। ਇਸ ਰੁੱਤ ਵਿੱਚ ਸਭ ਤੋਂ ਵੱਡੇ ਉਤਸਵ ਮਨਾਏ ਜਾਂਦੇ ਹਨ।

ਕੱਤਕ ਦੀ ਪੂਰਨਮਾਸੀ ਨੂੰ, ਸਾਰੇ ਪੰਜਾਬ ਵਿੱਚ, ਗੁਰੂ ਨਾਨਕ ਦੇਵ ਜੀ ਦਾ ਜਨਮ-ਉਤਸਵ, ਬੜੀ ਧੂਮ-ਧਾਮ ਨਾਲ਼ ਮਨਾਇਆ ਜਾਂਦਾ ਹੈ।

ਕੱਤਕ ਦੇ ਮਹੀਨੇ ਜੀਵਨ ਦੀ ਕਣੀ ਪ੍ਰਜਵਲਿਤ ਹੁੰਦੀ ਹੈ। ਇਸ ਦੇ ਹਨੇਰੇ ਪੱਖ ਦੀ ਚੌਥੀ ਤਿਥ ਨੂੰ 'ਕਰਵਾ-ਚੌਥ' ਦਾ ਪੁਰਬ ਆਉਂਦਾ ਹੈ। ਇਸ ਦਿਨ ਸੁਹਾਗਣ ਇਸਤਰੀਆਂ ਨਿਰਜਲ ਵਰਤ ਰੱਖ ਕੇ ਆਪਣੇ-ਆਪਣੇ ਪਤੀ ਦੀ ਲੰਮੀ ਉਮਰ ਲਈ ਕਾਮਨਾ ਕਰਦੀਆਂ ਹਨ, ਇਸ ਵਰਤ ਤੋਂ ਚਾਰ-ਦਿਨ ਬਾਅਦ ਅਸ਼ਟਮੀ ਨੂੰ ਔਲਾਦ ਦੀ ਸੁੱਖ-ਸ਼ਾਂਤੀ ਅਤੇ ਤੰਦਰੁਸਤੀ ਲਈ ਨਿਰਜਲ ਵਰਤ ਰਖ ਕੇ ਅਹੋਈ ਦੇਵੀ ਦੀ ਪੂਜਾ ਕਰਦੀਆਂ ਹਨ।

ਪਰ ਕੱਤਕ ਦਾ ਸਭ ਤੋਂ ਵੱਡਾ ਲੋਕ-ਪੁਰਬ ਦਿਵਾਲ਼ੀ ਦਾ ਹੈ ਜੋ ਮੱਸਿਆ ਨੂੰ ਸਾਰੇ ਭਾਰਤ ਵਿੱਚ, ਕਿਸੇ ਨਾ ਕਿਸੇ ਰੂਪ ਵਿੱਚ ਮਨਾਇਆ ਜਾਂਦਾ ਹੈ। ਲੋਕੀਂ ਆਪਣੇ ਘਰਾਂ ਨੂੰ ਲਿੰਬ-ਪੋਚ ਕੇ ਸੁਆਰ-ਸ਼ਿੰਗਾਰ ਲੈਂਦੇ ਹਨ। ਉਹ ਘਰ ਦੀਆਂ ਦਿਵਾਰਾਂ ਉੱਤੇ ਲੱਛਮੀ ਦੇਵੀ, ਉਸ ਦਾ ਵਾਹਨ ਮੋਰ ਅਤੇ ਫੁੱਲ, ਵੇਲਾਂ ਤੇ ਬੂਟੇ ਉਲੀਕ ਕੇ, ਉਹਨਾਂ ਵਿੱਚ ਰੰਗ ਭਰਦੇ ਹਨ।

ਰਾਤ ਵੇਲ਼ੇ ਘਰਾਂ ਦੇ ਦਰਵਾਜ਼ਿਆਂ, ਖਿੜਕੀਆਂ ਅਤੇ ਕੋਠਿਆਂ ਦੇ ਬਨੇਰਿਆਂ ਉੱਤੇ, ਦੀਵਿਆਂ ਨੂੰ ਪਾਲ਼ਾਂ ਵਿੱਚ ਸਜਾ ਕੇ ਬਾਲ਼ਿਆ ਜਾਂਦਾ ਹੈ। ਇਸ ਰਾਤ ਕਈ ਲੋਕ ਲੱਛਮੀ ਦੇਵੀ ਦੀ ਪੂਜਾ ਕਰਦੇ ਹਨ।

ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਦਿਵਾਲੀ ਦਾ ਜਲੌ ਵੇਖਣ ਵਾਲ਼ਾ ਹੁੰਦਾ ਹੈ। ਅੰਮ੍ਰਿਤਸਰ ਵਿੱਚ ਦਿਵਾਲ਼ੀ ਦਾ ਮੁੱਢ ਗੁਰੂ ਹਰਿਗੋਬਿੰਦ ਜੀ ਦੇ ਵੇਲ਼ੇ ਬੱਝਿਆ। ਜਦੋਂ ਗੁਰੂ ਹਰਿਗੋਬਿੰਦ ਜੀ ਗਵਾਲ਼ੀਅਰ ਦੇ ਕਿਲ੍ਹੇ ਤੋਂ 52 ਰਾਜਿਆਂ ਨੂੰ ਬੰਦੀ ਤੋਂ ਛੁਡਵਾ ਕੇ ਅੰਮ੍ਰਿਤਸਰ ਪੁੱਜੇ ਤਾਂ ਉਸ ਦਿਨ ਸਬੱਬ ਨਾਲ਼ ਦਿਵਾਲ਼ੀ ਸੀ। ਉਹਨਾਂ ਦੇ ਸੁਆਗਤ ਵਿੱਚ ਸਾਰਾ ਸ਼ਹਿਰ ਤੇ ਸ੍ਰੀ ਹਰਮਿੰਦਰ ਸਾਹਿਬ ਜਗਮਗਾ ਉੱਠਿਆ। ਉਦੋਂ ਤੋਂ ਹੀ ਸ੍ਰੀ ਹਰਿਮੰਦਰ ਸਾਹਿਬ ਵਿੱਚ ਦਿਵਾਲ਼ੀ ਨੂੰ ਉਚੇਚੀ ਰੋਸ਼ਨੀ ਕੀਤੀ ਜਾਂਦੀ ਹੈ।

ਦਿਵਾਲ਼ੀ ਮੌਸਮੀ ਉਤਸਵ ਹੈ, ਇਹ ਅੰਦਰ ਦੀ ਜੀਵਨ-ਕਣੀ ਕੁਦਰਤ ਦੀ ਕਣੀ ਨਾਲ਼ ਇਕਸੁਰ ਹੋ ਕੇ ਜਗਣ ਦਾ ਉਤਸਵ ਹੈ ਭਾਵ ਕੁਦਰਤ ਦੀ ਜੋਤ ਨਾਲ਼ ਅੰਦਰ ਦੀ ਜੋਤੀ ਨੂੰ ਪ੍ਰਜਵਲਿਤ ਕਰਨਾ। ਦੀਵਿਆਂ ਦੀ ਜੋਤ ਤਾਂ ਇਸ ਦਾ ਪ੍ਰਤੀਕ ਹੈ ਪਰ ਮਿਥਿਹਾਸ ਕਹਿੰਦਾ ਹੈ ਕਿ ਰਾਮ ਚੰਦਰ ਰਾਵਣ ਉੱਤੇ ਵਿਜੈ ਪ੍ਰਾਪਤ ਕਰਨ ਪਿੱਛੋਂ ਸੀਤਾ ਨੂੰ ਨਾਲ਼ ਲੈ ਕੇ ਜਦੋਂ ਅਜੁੱਧਿਆ ਪਹੁੰਚੇ ਤਾਂ ਉਹਨਾਂ ਦੇ ਸੁਆਗਤ ਵਿੱਚ ਸਾਰਾ ਸ਼ਹਿਰ ਜਗਮਗਾ ਉੱਠਿਆ।

ਪੋਹ ਦੇ ਮਹੀਨੇ ਦੇ ਅਖ਼ੀਰਲੇ ਦਿਨ ਲੋਹੜੀ ਮਨਾਈ ਜਾਂਦੀ ਹੈ। ਲੋਹੜੀ ਦੇ ਪੁਰਬ ਤੋਂ ਕੁਝ ਦਿਨ ਪਹਿਲਾਂ ਛੋਟੇ-ਛੋਟੇ ਬੱਚੇ ਟੋਲੀਆਂ ਬਣਾ ਕੇ ਸੁਰੀਲੀ ਲੈਅ ਵਿੱਚ ਗੀਤ ਅਲਾਪਦੇ ਹੋਏ ਲੋਹੜੀ ਲਈ ਲੱਕੜਾਂ, ਗੋਹੇ ਤੇ ਢੀਂਗਰ ਆਦਿ ਇਕੱਠਾ ਕਰਦੇ ਹਨ। ਕਿਸੇ-ਕਿਸੇ ਗੀਤ ਵਿੱਚ ਤਾਂ ਇਤਿਹਾਸ ਦਾ ਕੋਈ ਅੰਸ਼ ਵੀ ਉਸਲਵੱਟੇ ਲੈ ਰਿਹਾ ਹੈ। 'ਸੁੰਦਰ ਮੁੰਦਰੀਏ' ਗੀਤ ਵਿੱਚ ਦੁੱਲੇ ਭੱਟੀ ਦੇ ਜੀਵਨ ਦੀ ਇੱਕ ਘਟਨਾ ਵੱਲ ਸੰਕੇਤ ਹੈ।

ਲੋਹੜੀ ਵਾਲ਼ੀ ਰਾਤ ਉਂਞ ਤਾਂ ਹਰ ਗਲੀ-ਮਹੱਲੇ ਵਿੱਚ ਹੀ ਲੋਹੜੀ ਬਾਲ਼ੀ ਜਾਂਦੀ ਹੈ ਪਰ ਜਿਸ ਘਰ ਪੁੱਤਰ ਜੰਮਿਆ ਹੋਵੇ ਜਾਂ ਨਵਾਂ-ਨਵਾਂ ਵਿਆਹ ਹੋਇਆ ਹੋਵੇ, ਉਹ ਲੋਹੜੀ ਨੂੰ ਉਚੇਚੇ ਸ਼ਗਨਾਂ ਨਾਲ਼

ਮਨਾਉਂਦੇ ਹਨ ਅਤੇ ਗਲ਼ੀ-ਮਹੱਲੇ ਵਿੱਚ ਗੁੜ ਤੇ ਚਿੜਵੇ-ਰਿਓੜੀਆਂ ਵੰਡਦੇ ਹਨ। ਅੱਜ-ਕੱਲ੍ਹ ਨਵਜੰਮੀਆਂ ਕੁੜੀਆਂ ਦੀ ਵੀ ਲੋਹੜੀ ਮਨਾਈ ਜਾਂਦੀ ਹੈ।

ਲੋਹੜੀ ਤੋਂ ਅਗਲੇ ਦਿਨ ਮਾਘੀ ਦਾ ਤਿਉਹਾਰ ਆਉਂਦਾ ਹੈ ਜਿਸ ਨੂੰ 'ਮਕਰ ਸੰਕ੍ਰਾਂਤੀ' ਵੀ ਕਿਹਾ ਜਾਂਦਾ ਹੈ। ਮੁਕਤਸਰ ਦਾ ਪ੍ਰਸਿੱਧ ਮੇਲਾ ਮਾਘੀ ਨੂੰ ਹੀ ਲੱਗਦਾ ਹੈ। ਫੱਗਣ ਦੀ ਮੱਸਿਆ ਨੂੰ ਸ਼ਿਵਰਾਤਰੀ ਦਾ ਪੁਰਬ ਆਉਂਦਾ ਹੈ।

ਇਸ ਤਰ੍ਹਾਂ ਪੰਜਾਬ ਵਿੱਚ ਮੇਲੇ ਅਤੇ ਤਿਉਹਾਰ ਲਗਾਤਾਰ ਚੱਲਦੇ ਰਹਿੰਦੇ ਹਨ।

## ਪਾਠ-ਅਭਿਆਸ

1. **ਵਸਤੂਨਿਸ਼ਠ ਪ੍ਰਸ਼ਨ :**

(ੳ) ਮੇਲੇ ਦਾ ਹਰ ਦ੍ਰਿਸ਼ ਮਨਮੋਹਣਾ ਅਤੇ ਲੁਭਾਵਣਾ ਹੋਣ ਦੇ ਨਾਲ਼ ਹੋਰ ਕਿਸ ਚੀਜ਼ ਦੀ ਪ੍ਰਤਿਨਿਧਤਾ ਕਰਦਾ ਹੈ ?

(ਅ) ਪੰਜਾਬ ਦੇ ਬਹੁਤੇ ਮੇਲੇ ਮੌਸਮਾਂ, ਰੁੱਤਾਂ ਤੇ ਤਿਉਹਾਰਾਂ ਨਾਲ਼ ਸੰਬੰਧਿਤ ਹਨ। (ਹਾਂ/ਨਹੀਂ)

(ੲ)ਗੁਰੂ ਗੋਬਿੰਦ ਸਿੰਘ ਜੀ ਹੋਲੀ ਵਾਲ਼ੇ ਦਿਨ ਅਨੰਦਪੁਰ ਸਾਹਿਬ ਵਿਖੇ ਯੋਧਿਆਂ ਦੇ ਦੋ ਦਲ ਬਣਾ ਕੇ ਕੀ ਕਰਵਾਉਂਦੇ ਸਨ ?

(ਸ) ਛਪਾਰ ਦਾ ਮੇਲਾ ਕਿਸ ਦੀ ਯਾਦ ਵਿੱਚ ਲੱਗਦਾ ਹੈ।

(ਹ)ਮਹਿੰਜੋਦੜੋ ਤੇ ਹੜੱਪਾ ਦੀ ਖੁਦਾਈ ਕਰਦੇ ਸਮੇਂ ਲੱਭੀਆਂ ਮੂਰਤੀਆਂ ਵਿੱਚੋਂ ਇੱਕ ਮੂਰਤੀ ਕਿਸ ਦੀ ਸੀ ?

(ਕ) ਜਰਗ ਦਾ ਮੇਲਾ ਕਿੱਥੇ ਅਤੇ ਕਿਸ ਨੂੰ ਪਤਿਆਉਣ ਲਈ ਲੱਗਦਾ ਹੈ ?

(ਖ) ਮਾਘੀ ਵਾਲ਼ੇ ਦਿਨ ਮੁਕਤਸਰ ਦੇ ਪਾਵਨ ਸਰੋਵਰ ਵਿੱਚ ਸੰਗਤਾਂ ਕੀ ਕਰਦੀਆਂ ਹਨ ?
(ਮੱਥਾ ਟੇਕਦੀਆਂ ਹਨ/ਇਸ਼ਨਾਨ ਕਰਦੀਆਂ ਹਨ)

(ਗ) ਰੁੱਤ ਦਾ ਸੁਆਦ ਮਾਣਨ ਲਈ ਨਵੀਂ ਕਣਕ ਦੀਆਂ ਬੱਲੀਆਂ ਅਤੇ ਛੋਲਿਆਂ ਦੀਆਂ ਹੌਲ਼ਾਂ ਭੁੰਨ ਕੇ ਕਿਹੜੇ ਮਹੀਨੇ ਖਾਧੀਆਂ ਜਾਂਦੀਆਂ ਹਨ। (ਚੇਤਰ/ਅੱਸੂ)

2. **ਡਾ. ਵਣਜਾਰਾ ਬੇਦੀ ਦੇ ਲੇਖ 'ਪੰਜਾਬ ਦੇ ਮੇਲੇ ਤੇ ਤਿਉਹਾਰ' ਦੇ ਆਧਾਰ 'ਤੇ ਦੱਸੋ:**

(ੳ) ਮੇਲਿਆਂ ਦਾ ਕਿਸੇ ਜਾਤੀ ਲਈ ਕੀ ਮਹੱਤਵ ਹੁੰਦਾ ਹੈ ?

(ਅ) 'ਮੇਲਾ' ਸ਼ਬਦ ਬੀਜ ਰੂਪ ਵਿੱਚ ਪੰਜਾਬੀ ਚਰਿੱਤਰ ਵਿੱਚ ਹੀ ਸਮਾਇਆ ਹੈ, ਦੱਸੋ ਕਿਵੇਂ ?

(ੲ)ਪੰਜਾਬ ਦੇ ਮੇਲਿਆਂ ਦੀ ਕਿਹੜੀ-ਕਿਹੜੀ ਵਿਸ਼ੇਸ਼ਤਾ ਹੈ ?

(ਸ) ਪੰਜਾਬ ਦੇ ਮੁੱਖ ਮੌਸਮੀ ਮੇਲੇ ਕਿਹੜੇ-ਕਿਹੜੇ ਹਨ ? ਇਹਨਾਂ ਵਿੱਚੋਂ ਕਿਸੇ ਇੱਕ ਮੇਲੇ ਬਾਰੇ ਸੰਖੇਪ ਨੋਟ ਲਿਖੋ।

(ਹ) ਪ੍ਰਾਚੀਨ ਕਾਲ ਤੋਂ ਚੱਲੀ ਆ ਰਹੀ ਸਰਪ-ਪੂਜਾ ਨਾਲ਼ ਸੰਬੰਧਿਤ ਕਿਹੜੇ ਮੇਲੇ ਹਨ ? ਇਹਨਾਂ ਵਿੱਚੋਂ ਕਿਸੇ ਇੱਕ ਮੇਲੇ ਦਾ ਵਰਨਣ ਕਰੋ।

(ਕ) ਦੇਵੀ ਮਾਤਾ ਦੇ ਮੇਲਿਆਂ ਦਾ ਕੀ ਪਿਛੋਕੜ ਹੈ ? ਦੇਵੀ ਮਾਤਾ ਨਾਲ਼ ਸੰਬੰਧਿਤ ਕਿਸੇ ਇੱਕ ਮੇਲੇ ਬਾਰੇ ਸੰਖੇਪ ਨੋਟ ਲਿਖੋ।

(ਖ) ਗੁਰੂ ਸਾਹਿਬਾਂ ਦੀ ਸਿਮਰਤੀ ਵਿੱਚ ਪੰਜਾਬ ਦੇ ਕਿਹੜੇ-ਕਿਹੜੇ ਮੇਲੇ ਲੱਗਦੇ ਹਨ ? ਕਿਸੇ ਇੱਕ ਮੇਲੇ ਬਾਰੇ ਜਾਣਕਾਰੀ ਦਿਓ।

(ਗ) ਪੰਜਾਬ ਵਿੱਚ ਤਿਥਾਂ ਨਾਲ਼ ਸੰਬੰਧਿਤ ਕਿਹੜੇ-ਕਿਹੜੇ ਤਿਉਹਾਰ ਮਨਾਏ ਜਾਂਦੇ ਹਨ ?

3. **'ਪੰਜਾਬ ਦੇ ਮੇਲੇ ਤੇ ਤਿਉਹਾਰ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।**

******

ਲੇਖਕ ਬਾਰੇ

## ਗੁਲਜ਼ਾਰ ਸਿੰਘ ਸੰਧੂ

(1935)

| | | |
|---|---|---|
| ਮਾਤਾ ਜੀ ਦਾ ਨਾਂ | : | ਸ੍ਰੀਮਤੀ ਗੁਰਚਰਨ ਕੌਰ |
| ਪਿਤਾ ਜੀ ਦਾ ਨਾਂ | : | ਸ.ਹਰੀ ਸਿੰਘ |
| ਜਨਮ-ਮਿਤੀ | : | 27 ਫ਼ਰਵਰੀ, 1935 |
| ਜਨਮ-ਸਥਾਨ | : | ਪਿੰਡ ਕੋਟਲਾ ਬਡਲਾ, ਜ਼ਿਲ੍ਹਾ ਲੁਧਿਆਣਾ |
| ਵਿੱਦਿਆ-ਪ੍ਰਾਪਤੀ | : | ਐੱਮ.ਏ. (ਅੰਗਰੇਜ਼ੀ) |
| ਕੰਮ-ਕਿੱਤਾ | : | ਆਪ ਵੱਖ-ਵੱਖ ਮਹਿਕਮਿਆਂ ਵਿੱਚ ਅਧਿਕਾਰੀ ਪਦਾਂ 'ਤੇ ਰਹੇ। ਇਸ ਤੋਂ ਬਿਨਾਂ ਆਪ ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ ਵਿੱਚ ਪੱਤਰਕਾਰੀ ਵਿਭਾਗ ਵਿੱਚ ਪ੍ਰੋਫ਼ੈਸਰ ਵੀ ਰਹੇ ਹਨ। ਉਸ ਤੋਂ ਪਹਿਲਾਂ ਆਪ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਰਹੇ। ਫਿਰ 'ਦੇਸ਼-ਸੇਵਕ' ਦੈਨਿਕ ਅਖ਼ਬਾਰ ਦੇ ਸੰਪਾਦਕ ਰਹੇ। ਆਪ ਕਹਾਣੀ-ਲੇਖਕ ਵੀ ਹਨ। 'ਹੁਸਨ ਦੇ ਹਾਣੀ', 'ਇੱਕ ਸਾਂਝ ਪੁਰਾਣੀ' ਅਤੇ 'ਸੋਨੇ ਦੀ ਇੱਟ' ਆਪ ਦੇ ਮੁੱਖ ਕਹਾਣੀ-ਸੰਗ੍ਰਹਿ ਹਨ। |

ਇਸ ਪਾਠ-ਪੁਸਤਕ ਵਿੱਚ ਸ਼ਾਮਲ ਆਪ ਦੇ ਲੇਖ 'ਪੰਜਾਬ ਦੇ ਰਸਮ-ਰਿਵਾਜ' ਵਿੱਚ ਆਪ ਨੇ ਜੀਵਨ-ਨਾਟਕ ਦੀਆਂ ਮੁੱਖ ਝਾਕੀਆਂ ਜਨਮ, ਵਿਆਹ ਤੇ ਮਰਨ ਨਾਲ਼ ਸੰਬੰਧਿਤ ਪੰਜਾਬ ਦੇ ਮੁੱਖ ਰਸਮ-ਰਿਵਾਜਾਂ ਬਾਰੇ ਦੱਸਿਆ ਹੈ।

# ਪੰਜਾਬ ਦੇ ਰਸਮ-ਰਿਵਾਜ

ਰਸਮ-ਰਿਵਾਜ, ਰਹੁ-ਰੀਤਾਂ ਤੇ ਸੰਸਕਾਰ ਭਾਈਚਾਰਿਕ ਜੀਵਾਂ ਦੇ ਮਨਾਂ ਦੀਆਂ ਸਿੱਕਾਂ, ਸੱਧਰਾਂ ਤੇ ਜਜ਼ਬਿਆਂ ਦੀ ਤਰਜਮਾਨੀ ਕਰਦੇ ਹਨ। ਭਾਈਚਾਰਿਕ ਜੀਵਾਂ ਦੇ ਜਨਮ, ਮਰਨ ਤੇ ਵਿਆਹ-ਸ਼ਾਦੀ ਦੇ ਮੌਕੇ 'ਤੇ ਇਹਨਾਂ ਦਾ ਅਸਲੀ ਰੂਪ ਸਾਮ੍ਹਣੇ ਆਉਂਦਾ ਹੈ। ਜੀਵਨ-ਨਾਟਕ ਦੀਆਂ ਇਹਨਾਂ ਤਿੰਨਾਂ ਝਾਕੀਆਂ ਦੇ ਰੰਗ-ਮੰਚ ਆਮ ਤੌਰ 'ਤੇ ਸਾਡੇ ਘਰਾਂ ਦੇ ਵਿਹੜੇ ਹੁੰਦੇ ਹਨ। ਇਹਨਾਂ ਦੇ ਪਾਤਰ ਸਾਡੇ ਪਰਿਵਾਰ ਦੇ ਹਾਜ਼ਰ ਦੇਵਤਾ—ਜਲ ਤੇ ਬੈਸੰਤਰ ਭਾਵ ਜਲ-ਪਰਮੇਸ਼ਰ ਤੇ ਬਸੰਤਰ-ਦੇਵਤਾ ਹੁੰਦੇ ਹਨ। ਅਗਵਾਈ ਵਾਸਤੇ ਅਸੀਂ ਕਿਸੇ ਪੰਡਤ, ਪ੍ਰੋਹਤ, ਨਾਈ, ਭਾਈ, ਦਾਈ ਜਾਂ ਮੁੱਲਾਂ-ਮੁਲਾਣੇ ਨੂੰ ਸੱਦ ਲੈਂਦੇ ਹਾਂ।

ਇਹ ਸੰਸਕਾਰ ਕਿਵੇਂ ਉਪਜੇ ਅਤੇ ਇਹਨਾਂ ਦੇ ਪਿੱਛੇ ਕੀ-ਕੀ ਮਨੋਰਥ ਕੰਮ ਕਰ ਰਹੇ ਸਨ, ਇਹ ਬੜਾ ਦਿਲਚਸਪ ਵਿਸ਼ਾ ਹੈ। ਮੁਢਲੇ ਮਨੁੱਖ ਨੂੰ ਦੈਵੀ ਤਾਕਤਾਂ ਦਾ ਭੈ ਸਾਥੋਂ ਜ਼ਿਆਦਾ ਸੀ। ਬਹੁਤ ਸਾਰੇ ਸੰਸਕਾਰਾਂ ਦਾ ਅਰੰਭ ਇਹਨਾਂ ਦੈਵੀ ਤਾਕਤਾਂ ਨੂੰ ਪਤਿਆਉਣ ਜਾਂ ਰਿਝਾਉਣ ਕਰਕੇ ਹੋਇਆ।

ਕੁਝ ਸੰਸਕਾਰ, ਖ਼ੁਸ਼ੀਆਂ ਦੇ ਪ੍ਰਗਟਾਵੇ ਤੋਂ ਵੀ ਪੈਦਾ ਹੋਏ ਸਿੱਧ ਹੁੰਦੇ ਹਨ। ਮਨੂ ਦੀ ਭਾਈਚਾਰਿਕ ਵੰਡ ਅਨੁਸਾਰ ਮਨੁੱਖ ਦੇ ਜੀਵਨ ਨੂੰ ਚਾਰ ਭਾਗਾਂ-ਬ੍ਰਹਮਚਰਜ, ਗ੍ਰਿਸਤ, ਬਾਨਪ੍ਰਸਥ ਤੇ ਸਨਿਆਸ—ਵਿੱਚ ਵੰਡਿਆ ਗਿਆ ਸੀ ਅਤੇ ਹਰ ਭਾਗ ਦੇ ਵੱਖ-ਵੱਖ ਸੰਸਕਾਰ ਬੱਝੇ ਹੋਏ ਸਨ। ਇਹਨਾਂ ਦੀ ਮਰਯਾਦਾ ਵਿੱਚ ਬੱਝੇ ਸਾਡੇ ਵਡਾਰੂ ਰੋਜ਼ਾਨਾ ਜੀਵਨ ਦੀਆਂ ਅਨੇਕ ਸਮੱਸਿਆਵਾਂ ਦੀ ਚਿੰਤਾ ਦਾ ਭਾਰ ਆਪਣੇ ਮਨ ਉੱਤੇ ਪਾਉਣ ਦੀ ਥਾਂ ਇਹਨਾਂ ਉੱਤੇ ਛੱਡ ਦਿੰਦੇ ਸਨ। ਹੁਣ ਇਹਨਾਂ ਵਿੱਚੋਂ ਬਹੁਤੇ ਸੰਸਕਾਰ ਸਾਡੇ ਭਾਈਚਾਰੇ ਵਿੱਚੋਂ ਲੋਪ ਹੁੰਦੇ ਜਾਂਦੇ ਹਨ। ਇਹੋ ਕਾਰਨ ਹੈ ਕਿ ਇਹਨਾਂ ਦੀ ਸਾਂਭ- ਸੰਭਾਲ਼ ਤੇ ਵਰਨਣ ਬੜਾ ਜ਼ਰੂਰੀ ਹੋ ਗਿਆ ਹੈ।

ਸਾਡੇ ਬਹੁਤੇ ਸੰਸਕਾਰ ਅਗਨੀ, ਪਾਣੀ, ਲੋਹੇ, ਅਨਾਜ ਅਤੇ ਬਿਰਖਾਂ ਦੀਆਂ ਟਾਹਣੀਆਂ ਰਾਹੀਂ ਨੇਪਰੇ ਚਾੜ੍ਹੇ ਜਾਂਦੇ ਰਹੇ ਹਨ। ਅਗਨੀ ਚਾਨਣ ਦਾ ਚਿੰਨ੍ਹ ਹੈ, ਪਾਣੀ ਸ਼ੁੱਧਤਾ ਦਾ, ਲੋਹਾ ਬਚਾਅ ਦਾ, ਅਨਾਜ ਚੜ੍ਹਾਵੇ ਦਾ ਅਤੇ ਬਿਰਖ ਦੀ ਟਾਹਣੀ ਜਾਂ ਹਰੀ ਘਾਹ ਜਿਸ ਨੂੰ 'ਦੱਭ' ਵੀ ਕਹਿੰਦੇ ਹਨ, ਚੰਗੇ ਸਗਨਾਂ ਦਾ ਸੂਚਕ ਮੰਨਿਆ ਜਾਂਦਾ ਹੈ। ਸਭ ਤੋਂ ਪਹਿਲਾਂ ਅਸੀਂ ਗਰਭ-ਸੰਸਕਾਰ ਬਾਰੇ ਗੱਲ ਕਰਦੇ ਹਾਂ। ਪਹਿਲੇ ਸਮੇਂ ਵਿੱਚ ਪ੍ਰੇਤ-ਰੂਹਾਂ ਤੋਂ ਬਚਣ ਲਈ ਗਰਭ ਦੇ ਤੀਜੇ, ਪੰਜਵੇਂ ਜਾਂ ਸੱਤਵੇਂ ਮਹੀਨੇ ਵਿੱਚ ਇਸਤਰੀ ਦੇ ਪੱਲੇ ਨਾਲ਼ ਅਨਾਜ ਬੰਨ੍ਹਿਆ ਜਾਂ ਉਸ ਦੇ ਪੱਲੇ ਪਾਇਆ ਜਾਂਦਾ ਸੀ। (ਜੇ ਕੁੜੀ ਸਹੁਰੇ ਘਰ ਹੋਵੇ ਤਾਂ ਇਹ ਅਨਾਜ ਮਾਪੇ ਭੇਜਦੇ ਸਨ।) ਉਹ ਇਸ ਨੂੰ ਰਿੰਨ੍ਹ ਕੇ ਖਾਂਦੀ ਸੀ ਤੇ ਭਾਈਚਾਰੇ ਵਿੱਚ ਵੰਡਦੀ ਸੀ। ਇਸ ਸੂਰਤ ਵਿੱਚ ਇਹ ਰਸਮ ਕਰਨ ਵੇਲੇ ਦੋਵੇਂ ਪਤੀ-ਪਤਨੀ, ਪਤਨੀ ਦੇ ਮਾਪਿਆਂ ਵੱਲੋਂ ਘੱਲੇ ਹੋਏ ਕੱਪੜੇ ਪਹਿਨ ਕੇ ਜਠੇਰਿਆਂ ਦੀ ਪੂਜਾ ਕਰਦੇ ਸਨ।

ਪੰਜਾਬ ਵਿੱਚ ਆਮ ਤੌਰ 'ਤੇ ਪਹਿਲਾ ਬੱਚਾ ਹੋਣ ਸਮੇਂ ਕੁੜੀ ਨੂੰ ਉਸ ਦੇ ਪੇਕੇ ਭੇਜ ਦਿੱਤਾ ਜਾਂਦਾ ਸੀ। ਪੇਕੇ ਭੇਜਣ ਦਾ ਕਾਰਨ ਇਹ ਦੱਸਿਆ ਜਾਂਦਾ ਸੀ ਕਿ ਉਸ ਦੀ ਮਾਂ ਉਸ ਦੀਆਂ ਸਰੀਰਿਕ ਲੋੜਾਂ ਤੋਂ ਸਹੁਰੇ ਘਰ ਨਾਲੋਂ ਵਧੇਰੇ ਜਾਣੂ ਹੁੰਦੀ ਹੈ ਇਸ ਲਈ ਆਮ ਕਰਕੇ ਪਹਿਲੇ ਬੱਚੇ ਦਾ ਜਨਮ ਉਸ ਦੇ ਨਾਨਕੇ ਘਰ ਹੁੰਦਾ ਹੈ।

ਜਣੇਪੇ ਦੀਆਂ ਰਸਮਾਂ ਵਿੱਚ ਜਣੇਪੇ ਤੋਂ ਪਿੱਛੋਂ ਬੱਚਾ ਤੇ ਜੱਚਾ ਨੂੰ ਧੂਫ ਦਿੱਤੀ ਜਾਂਦੀ ਸੀ ਜਾਂ ਦੀਵਾ ਬਾਲ਼ ਕੇ ਰੱਖਿਆ ਜਾਂਦਾ ਸੀ ਜਿਹੜਾ ਦਸ ਦਿਨ ਲਗਾਤਾਰ ਜਗਦਾ ਰਹਿੰਦਾ ਸੀ। ਮੁੰਡਾ ਜੰਮਿਆ ਹੋਵੇ ਤਾਂ ਪਿੰਡ ਦੇ ਲਾਗੀ ਅਤੇ ਭਾਈਚਾਰੇ ਦੇ ਹੋਰ ਬੰਦੇ ਵਧਾਈਆਂ ਲੈ ਕੇ ਆ ਜਾਂਦੇ ਸਨ। ਦੱਭ ਨੂੰ ਖ਼ੁਸ਼ੀ ਦੇ ਮੌਕੇ ਉੱਤੇ ਵਧਾਈ ਦਾ ਚਿੰਨ੍ਹ ਮੰਨਿਆ ਜਾਂਦਾ ਸੀ। ਵਧਾਈਆਂ ਲੈ ਕੇ ਲਾਗੀਆਂ ਨੂੰ ਸ਼ਰਧਾ ਅਨੁਸਾਰ

ਲਾਗ ਅਤੇ ਭਾਈਚਾਰੇ ਵਿੱਚ ਗੁੜ, ਮਿਸਰੀ ਜਾਂ ਪਤਾਸੇ ਵੰਡੇ ਜਾਂਦੇ ਸਨ। ਇਹਨਾਂ ਵਿੱਚੋਂ ਕੁਝ ਰੀਤਾਂ ਹਾਲਾਂ ਵੀ ਕਾਇਮ ਹਨ।

ਜਨਮ ਤੋਂ ਪਿੱਛੋਂ ਗੁੜ੍ਹਤੀ ਦੀ ਰਸਮ ਮਹੱਤਵਪੂਰਨ ਮੰਨੀ ਜਾਂਦੀ ਸੀ। ਬੱਚੇ ਦੇ ਜਨਮ ਤੋਂ ਇਕਦਮ ਬਾਅਦ ਕੋਈ ਚੀਜ਼ (ਗੁੜ, ਸ਼ਹਿਦ ਜਾਂ ਦੁੱਧ ਆਦਿ) ਉਸ ਦੇ ਮੂੰਹ ਨੂੰ ਲਾਈ ਜਾਂ ਚਟਾਈ ਜਾਂਦੀ ਸੀ, ਉਸ ਰਸਮ ਨੂੰ 'ਗੁੜ੍ਹਤੀ ਦੇਣਾ' ਕਿਹਾ ਜਾਂਦਾ ਸੀ। ਮੰਨਿਆ ਜਾਂਦਾ ਸੀ ਕਿ ਬੱਚੇ ਦਾ ਸੁਭਾਅ ਗੁੜ੍ਹਤੀ ਦੇਣ ਵਾਲ਼ੇ ਬੰਦੇ ਦੇ ਸੁਭਾਅ ਜਿਹਾ ਹੀ ਹੋਵੇਗਾ। ਕਈ ਵਾਰੀ ਗਰਭਵਤੀਆਂ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਉਸ ਬੰਦੇ ਨੂੰ ਮਨ ਵਿੱਚ ਧਾਰ ਲੈਂਦੀਆਂ ਸਨ ਜਿਸ ਤੋਂ ਉਹਨਾਂ ਨੇ ਗੁੜ੍ਹਤੀ ਦਿਵਾਉਣੀ ਹੁੰਦੀ ਸੀ। ਉਹ ਆਪਣੇ ਬੱਚੇ ਨੂੰ ਉਸੇ ਵਰਗਾ ਬਣਦਾ ਵੇਖਣ ਦੀਆਂ ਚਾਹਵਾਨ ਹੁੰਦੀਆਂ ਸਨ। ਗੁੜ੍ਹਤੀ ਮਿਸਰੀ ਦੀ ਡਲ਼ੀ ਜਾਂ ਕਿਸੇ ਭੇਡ-ਬੱਕਰੀ ਦੇ ਦੁੱਧ ਦੀ ਦਿੱਤੀ ਜਾਂਦੀ ਸੀ। ਗੁੜ੍ਹਤੀ ਦੇਣ ਦੇ ਸਮੇਂ ਤੱਕ ਮਾਂ ਆਪਣੇ ਬੱਚੇ ਨੂੰ ਦੁੱਧ ਨਹੀਂ ਸੀ ਚੁੰਘਾਉਂਦੀ। ਇਹ ਰੀਤ ਕੁਝ ਬਦਲਵੇਂ ਰੂਪ ਵਿੱਚ ਹੁਣ ਤੱਕ ਵੀ ਪ੍ਰਚਲਿਤ ਹੈ।

ਜਣੇਪੇ ਤੋਂ ਪੰਜ ਦਿਨ ਪਿੱਛੋਂ 'ਪੰਜਵੀਂ ਨ੍ਹਾਉਣ' ਦੀ ਰੀਤ ਸੀ। ਪੰਜਵੇਂ ਦਿਨ ਮਾਂਵਾਂ ਪਾਣੀ ਵਿੱਚ ਸੇਂਜੀ, ਮੇਥੀ ਜਾਂ ਵਣ ਦੇ ਪੱਤੇ ਉਬਾਲ਼ ਕੇ ਨ੍ਹਾਉਂਦੀਆਂ ਸਨ। ਇਹ 'ਪੰਜਵੀਂ ਨ੍ਹਾਉਣ' ਦਾਈ ਕਰਾਉਂਦੀ ਸੀ। ਨ੍ਹਾਉਣ ਤੋਂ ਪਹਿਲਾਂ ਉਹ ਮਾਂ ਦੀਆਂ ਤਲ਼ੀਆਂ ਥੱਲੇ ਕੁਝ ਨਕਦੀ ਰਖਾ ਲੈਂਦੀ ਸੀ ਜਿਹੜੀ ਬਾਅਦ ਵਿੱਚ ਉਸੇ ਨੂੰ ਦੇ ਦਿੱਤੀ ਜਾਂਦੀ ਸੀ।

ਛੇਵੇਂ ਦਿਨ ਚੌਂਕ ਪੂਰ ਕੇ ਮਾਂ ਨੂੰ ਰੋਟੀ ਖੁਆਈ ਜਾਂਦੀ ਸੀ। ਇਸ ਰੀਤ ਨੂੰ ਪੰਜਾਬ ਵਿੱਚ 'ਛਟੀ' ਕਹਿੰਦੇ ਹਨ। ਇਸ ਵੇਲ਼ੇ ਮਾਂ ਰੱਜ ਕੇ ਖਾਂਦੀ ਸੀ। ਵਿਸ਼ਵਾਸ ਕੀਤਾ ਜਾਂਦਾ ਸੀ ਕਿ ਉਹ ਜਿੰਨਾ ਨੀਅਤ ਭਰ ਕੇ ਖਾਏਗੀ, ਓਨੀ ਹੀ ਉਸ ਦੇ ਬੱਚੇ ਦੀ ਨੀਅਤ ਭਰੀ ਰਹੇਗੀ।

ਪੰਜਾਬ ਵਿੱਚ 'ਬਾਹਰ ਵਧਾਉਣ' ਦੀ ਰਸਮ ਤੇਰ੍ਹਵੇਂ ਦਿਨ ਕੀਤੀ ਜਾਂਦੀ ਸੀ। ਮੁੰਡਾ ਹੋਵੇ ਤਾਂ ਇਸੇ ਸਮੇਂ ਸਾਰੇ ਲਾਗੀ ਤੋਹਫ਼ੇ ਲੈ ਕੇ ਵਧਾਈਆਂ ਦੇਣ ਆਉਂਦੇ ਸਨ। ਮਹਿਰਾ ਮੌਲ਼ੀ ਵਿੱਚ ਸ਼ਰੀਂਹ ਦੇ ਪੱਤਿਆਂ ਦਾ ਸਿਹਰਾ, ਤਰਖਾਣ ਗੁੱਲੀ-ਡੰਡਾ, ਮੋਚੀ ਮੌਜੇ, ਘੁਮਿਆਰ ਨ੍ਹਾਉਣ ਵਾਲ਼ਾ ਢੋਰਾ ਜਾਂ ਝੱਜਰ ਤੇ ਦਾਈ ਬੱਚੇ ਵਾਸਤੇ ਤੜਾਗੀ ਭੇਟ ਕਰਦੀ ਸੀ। ਇਹਨਾਂ ਤੋਹਫ਼ਿਆਂ ਤੇ ਵਧਾਈਆਂ ਦੇ ਬਦਲੇ ਉਹਨਾਂ ਨੂੰ ਬਣਦਾ-ਸਰਦਾ ਲਾਗ ਦਿੱਤਾ ਜਾਂਦਾ ਸੀ। ਘਰ ਵਾਲ਼ੇ ਲਾਗੀਆਂ ਨੂੰ ਲਾਗ ਦੇ ਕੇ ਭਾਈਚਾਰੇ ਵਿੱਚ ਪਰੋਸੇ ਵੰਡਦੇ ਸਨ। ਸ਼ਾਮ ਨੂੰ ਬੱਚੇ ਦੀ ਮਾਂ ਜਣੇਪੇ ਤੋਂ ਪਿੱਛੋਂ ਪਹਿਲੀ ਵਾਰੀ ਹੱਥ ਵਿੱਚ ਪਾਣੀ ਦੀ ਗੜਵੀ ਲੈ ਕੇ ਬਾਹਰ ਜਾਂਦੀ ਸੀ। ਬਾਹਰੋਂ ਚੰਗੇ ਸਗਨਾਂ ਵਾਸਤੇ ਉਹ ਹਰਾ ਘਾਹ ਪੁੱਟ ਲਿਆਉਂਦੀ ਸੀ ਅਤੇ ਇਸ ਨੂੰ ਲਿਆ ਕੇ ਆਪਣੇ ਸਿਰ੍ਹਾਣੇ ਰੱਖ ਲੈਂਦੀ ਸੀ। ਇਹ ਘਾਹ ਹਰ ਪ੍ਰਕਾਰ ਉਸ ਦੀ ਰਾਖੀ ਕਰਦਾ ਮੰਨਿਆ ਜਾਂਦਾ ਸੀ। ਕੁਝ ਬਦਲਵੇਂ ਰੂਪ ਵਿੱਚ ਇਹ ਰੀਤਾਂ ਅਜੇ ਵੀ ਪ੍ਰਚਲਿਤ ਹਨ।

ਮੁੰਡਾ ਹੋਵੇ ਤਾਂ ਬਹੁਤੀ ਥਾਂਈਂ ਇਸੇ ਦਿਹਾੜੇ ਦਾਦਕਿਆਂ ਨੂੰ ਨਾਈ ਦੇ ਹੱਥ ਦੱਭ, ਖੰਮ੍ਹਣੀ ਤੇ ਗੁੜ ਦੀ ਭੇਲੀ ਭੇਜਦੇ ਹਨ। ਥੋੜ੍ਹਾ-ਬਹੁਤ ਸਗਨ ਬਾਕੀ ਅੰਗਾਂ-ਸਾਕਾਂ ਨੂੰ ਵੀ ਭੇਜਿਆ ਜਾਂਦਾ ਹੈ। ਉਹ ਅੱਗੋਂ ਭੇਲੀ ਦੇ ਬਦਲੇ ਆਪਣੀ ਨੂੰਹ ਲਈ ਗਹਿਣੇ,ਕੱਪੜੇ ਅਤੇ ਨਾਈ ਤੇ ਦਾਈ ਨੂੰ ਲਾਗ ਵਜੋਂ ਤਿਓਰ ਆਦਿ ਘੱਲਦੇ ਹਨ। ਉਂਞ ਭੇਲੀ ਪਹੁੰਚਣ 'ਤੇ ਮੁੰਡੇ ਦੇ ਨਾਨਕਿਆਂ ਵੱਲੋਂ 'ਛੂਛਕ' ਭੇਜਣ ਦਾ ਰਿਵਾਜ ਆਮ ਹੈ। ਮੁੰਡੇ ਦੇ ਜਨਮ ਤੋਂ ਪਿੱਛੋਂ ਆਉਣ ਵਾਲ਼ੀ ਲੋਹੜੀ ਉੱਤੇ ਮੁੰਡੇ-ਕੁੜੀਆਂ ਭੇਲੀ ਮੰਗ ਕੇ ਖਾਂਦੇ ਹਨ। ਪਰੰਤੂ ਹੁਣ ਕੁੜੀਆਂ ਪ੍ਰਤਿ ਦ੍ਰਿਸ਼ਟੀਕੋਣ ਬਦਲਣ ਕਰਕੇ ਕੁੜੀ ਦੇ ਜਨਮ ਵੇਲ਼ੇ ਵੀ ਇਹ ਰੀਤਾਂ ਨਿਭਾਈਆਂ ਜਾਂਦੀਆਂ ਹਨ।

ਪੰਜਾਬ ਵਿੱਚ 'ਨਾਂ ਰੱਖਣ' ਵਾਸਤੇ ਕੋਈ ਖ਼ਾਸ 'ਨਾਮ- ਸੰਸਕਾਰ' ਨਹੀਂ ਮਨਾਇਆ ਜਾਂਦਾ । ਕਈ ਵਾਰੀ ਭਰਾਈ ਜਿਹੜਾ ਨਾਂ ਦੱਸ ਦੇਵੇ ਰੱਖ ਲੈਂਦੇ ਹਨ ਤੇ ਕਈ ਵਾਰੀ ਆਪਣੇ-ਆਪਣੇ ਧਾਰਮਿਕ ਗ੍ਰੰਥ ਦਾ

ਕੋਈ ਪੰਨਾ ਪਿੰਡ ਦੇ ਗ੍ਰੰਥੀ, ਮੌਲਵੀ ਜਾਂ ਪੰਡਤ ਤੋਂ ਖੁਲ੍ਹਵਾ ਕੇ ਪੰਨੇ ਦੇ ਪਹਿਲੇ ਅੱਖਰ ਤੋਂ ਕੋਈ ਨਾਂ ਰੱਖ ਲੈਂਦੇ ਹਨ।

ਹਿੰਦੂ ਪਰਿਵਾਰਾਂ ਵਿੱਚ 'ਮੁੰਡਨ ਸੰਸਕਾਰ' ਤੀਜੇ ਤੋਂ ਪੰਜਵੇਂ ਸਾਲ ਵਿੱਚ ਕੀਤਾ ਜਾਂਦਾ ਹੈ। ਆਮ ਤੌਰ 'ਤੇ ਇਹ ਸੰਸਕਾਰ ਅਜਿਹੇ ਸਥਾਨ ਉੱਤੇ ਕੀਤਾ ਜਾਂਦਾ ਹੈ ਜਿੱਥੋਂ ਦੀ ਬੱਚੇ ਦੇ ਮਾਪਿਆਂ ਨੇ ਸੁੱਖ ਸੁੱਖੀ ਹੋਵੇ। ਮੁੰਡਨ ਤੋਂ ਪਿੱਛੋਂ 'ਜਨੇਊ ਪਹਿਨਣ' ਤੱਕ ਪੰਜਾਬ ਦੇ ਹਿੰਦੂ ਆਮ ਤੌਰ 'ਤੇ ਹੋਰ ਕੋਈ ਵਿਸ਼ੇਸ਼ ਸੰਸਕਾਰ ਨਹੀਂ ਕਰਦੇ।

ਜਿਵੇਂ ਹਿੰਦੂ ਜਨੇਊ ਪਹਿਨਦੇ ਹਨ, ਉਸੇ ਤਰ੍ਹਾਂ ਸਿੱਖ ਅੰਮ੍ਰਿਤ ਛਕਦੇ ਹਨ। ਮੋਟੇ ਰੂਪ ਵਿੱਚ ਬਚਪਨ ਤੋਂ ਜਵਾਨੀ ਤੱਕ ਦੇ ਇਹ ਹੀ ਮੁੱਖ ਸੰਸਕਾਰ ਹਨ ਜਿਹੜੇ ਹਿੰਦੂ, ਸਿੱਖ, ਮੁਸਲਮਾਨ ਸਭ ਕਰਦੇ ਹਨ। ਭਾਵੇਂ ਹਰ ਫ਼ਿਰਕਾ ਆਪਣੇ-ਆਪਣੇ ਧਰਮ ਦੀ ਮਰਯਾਦਾ ਤੇ ਸ਼ਰ੍ਹਾ ਅਨੁਸਾਰ ਇਹਨਾਂ ਵਿੱਚ ਤਬਦੀਲੀ ਕਰ ਲੈਂਦਾ ਹੈ।

ਪਹਿਲੇ ਸਮਿਆਂ ਵਿੱਚ ਇਹ ਸਾਰੇ ਚਾਅ-ਮਲ੍ਹਾਰ ਤੇ ਰਸਮਾਂ-ਗੀਤਾਂ ਮੁੰਡਿਆਂ ਲਈ ਹੀ ਕੀਤੀਆਂ ਜਾਂਦੀਆਂ ਸਨ। ਧੀ ਜੰਮਦੀ ਸੀ ਤਾਂ ਮਾਪਿਆਂ ਦੇ ਭਾਅ ਦਾ ਪਹਾੜ ਡਿਗ ਪੈਂਦਾ ਸੀ। ਨਾ ਕੋਈ ਵਧਾਈ ਦਿੰਦਾ ਸੀ ਤੇ ਨਾ ਹੀ ਕਿਸੇ ਨੂੰ ਲੱਡੂ ਵੰਡੇ ਜਾਂਦੇ ਸਨ। ਧੀਆਂ ਦਾ 'ਨਾਮਕਰਨ ਸੰਸਕਾਰ' ਵੀ ਕੋਈ ਨਹੀਂ ਸੀ ਹੁੰਦਾ, 'ਕੰਨ-ਵਿੰਨ੍ਹ ਸੰਸਕਾਰ' ਵੀ ਨਾਂ-ਮਾਤਰ ਹੀ ਹੁੰਦਾ ਸੀ। ਕੋਈ ਵਣਜਾਰਾ ਵੰਙਾਂ ਚੜ੍ਹਾਉਣ ਆਵੇ ਤਾਂ ਕੰਨ ਵਿੰਨ੍ਹ ਜਾਂਦਾ ਸੀ। ਕੁੜੀਆਂ ਉਸ ਨੂੰ ਗੁੜ ਦੀ ਰੋੜੀ ਤੇ ਆਪਣੀ ਮਾਂ ਤੋਂ ਦੁਆਨੀ-ਚੁਆਨੀ ਲੈ ਕੇ ਦੇ ਦਿੰਦੀਆਂ ਸਨ। ਪਰ ਹੁਣ ਧੀਆਂ ਪ੍ਰਤਿ ਦ੍ਰਿਸ਼ਟੀਕੋਣ ਬਦਲ ਰਿਹਾ ਹੈ। ਛੋਟੇ ਪਰਿਵਾਰਾਂ ਦੀ ਲੋੜ ਨੇ ਮਾਪਿਆਂ ਦਾ ਹਰ ਬੱਚੇ ਪ੍ਰਤਿ ਰੁਝਾਨ ਬਦਲ ਦਿੱਤਾ ਹੈ। ਉਂਞ ਵੀ ਧੀਆਂ ਪੜ੍ਹਨ-ਲਿਖਣ ਤੇ ਕਮਾਉਣ ਲੱਗ ਪਈਆਂ ਹਨ। ਭਾਰ ਨਾ ਬਣਨ ਕਾਰਨ ਉਹਨਾਂ ਦਾ ਘਰ ਵਿੱਚ ਸਤਿਕਾਰਯੋਗ ਸਥਾਨ ਹੋ ਗਿਆ ਹੈ ਤੇ ਹੋ ਰਿਹਾ ਹੈ।

ਮੁੰਡੇ-ਕੁੜੀ ਦੇ ਜਵਾਨ ਹੋਣ 'ਤੇ ਵਿਆਹ ਦੀਆਂ ਰਸਮਾਂ ਦੀ ਲੜੀ ਸ਼ੁਰੂ ਹੋ ਜਾਂਦੀ ਹੈ। ਪਹਿਲਾਂ, 'ਰੋਕਣ' ਜਾਂ 'ਠਾਕਣ' ਦੀ ਰਸਮ ਹੁੰਦੀ ਹੈ। ਪਹਿਲੇ ਸਮੇਂ ਵਿੱਚ ਕੁੜੀ ਵਾਲੇ ਨਾਈ ਦੇ ਹੱਥ ਮੁੰਡੇ ਨੂੰ ਇੱਕ ਰੁਪਈਆ ਭੇਜ ਦਿੰਦੇ ਸਨ ਜਿਸ ਦਾ ਭਾਵ ਇਹ ਹੁੰਦਾ ਸੀ ਕਿ ਕੁੜਮਾਈ ਜਾਂ ਮੰਗਣੀ ਭਾਵੇਂ ਕਦੀ ਵੀ ਹੋਵੇ, ਨਾਤਾ ਪੱਕਾ ਹੈ ਪਰ ਹੁਣ ਇਸ ਦੇ ਵੀ ਰੂਪ ਬਦਲ ਰਹੇ ਹਨ।

ਵਰ ਲੱਭ ਕੇ ਨਾਤਾ ਤੈਅ ਹੋ ਜਾਣ ਤੋਂ ਪਿੱਛੋਂ 'ਕੁੜਮਾਈ' ਜਾਂ 'ਸਗਾਈ' ਦੀ ਰਸਮ ਹੁੰਦੀ ਹੈ । ਪਹਿਲੇ ਸਮੇਂ ਵਿੱਚ ਕੁੜੀ ਵਾਲੇ ਨਾਈ ਦੇ ਹੱਥ ਖੰਮ੍ਹਣੀ, ਰੁਪਈਆ, ਪੰਜ ਮਿਸਰੀ ਦੇ ਕੂਜੇ, ਪੰਜ ਛੁਹਾਰੇ, ਕੇਸਰ ਆਦਿ ਦੇ ਕੇ ਮੁੰਡੇ ਦੇ ਘਰ ਨੂੰ ਘੱਲ ਦਿੰਦੇ ਸਨ। ਮੁੰਡੇ ਵਾਲਿਆਂ ਨੇ ਰਿਸ਼ਤੇਦਾਰਾਂ ਅਤੇ ਸ਼ਰੀਕੇ ਵਿੱਚ ਸੱਦਾ ਭੇਜਿਆ ਹੁੰਦਾ ਸੀ। ਮੁੰਡੇ ਦੇ ਮਾਮੇ ਤੇ ਪਿਤਾ ਪੰਚਾਇਤ ਦੀ ਹਾਜ਼ਰੀ ਵਿੱਚ ਮੁੰਡੇ ਨੂੰ ਚੌਂਕੀ 'ਤੇ ਬਿਠਾ ਲੈਂਦੇ ਅਤੇ ਨਾਈ ਆਪਣੇ ਨਾਲ ਲਿਆਂਦੀਆਂ ਚੀਜ਼ਾਂ ਉਸ ਦੀ ਝੋਲੀ ਵਿੱਚ ਪਾ ਕੇ ਕੇਸਰ ਦਾ ਟਿੱਕਾ ਉਸ ਦੇ ਮੱਥੇ ਉੱਤੇ ਲਾ ਦਿੰਦਾ। ਕੁੜੀ ਦਾ ਬਾਪ ਜਾਂ ਵਿਚੋਲਾ ਪੱਲੇ ਵਾਲੀਆਂ ਚੀਜ਼ਾਂ ਵਿੱਚੋਂ ਇੱਕ ਛੁਹਾਰਾ ਤੇ ਮਿਸਰੀ ਮੁੰਡੇ ਦੇ ਮੂੰਹ ਵਿੱਚ ਪਾ ਦਿੰਦਾ। ਬਾਕੀ ਛੁਹਾਰੇ ਮੁੰਡੇ ਦੇ ਅਜਿਹੇ ਹਾਣੀਆਂ ਨੂੰ ਦਿੱਤੇ ਜਾਂਦੇ ਜਿਨ੍ਹਾਂ ਦੀ ਛੇਤੀ ਹੀ ਮੰਗਣੀ ਹੋਣ ਦੀ ਆਸ ਹੁੰਦੀ। ਭਾਈਚਾਰੇ ਦੀਆਂ ਇਸਤਰੀਆਂ ਇੱਕ-ਇੱਕ ਰੁਪਈਆ ਤੇ ਠੂਠੀ ਵਾਰ ਕੇ ਮੁੰਡੇ ਦੀ ਝੋਲੀ ਵਿੱਚ ਪਾਉਂਦੀਆਂ। ਮੁੰਡੇ ਦਾ ਮਾਮਾ ਉਸ ਨੂੰ ਚੁੱਕ ਕੇ ਜਾਂ ਸਹਾਰਾ ਦੇ ਕੇ ਚੌਂਕੀ ਤੋਂ ਉਤਾਰ ਲੈਂਦਾ ਅਤੇ ਨਾਈ ਨੂੰ ਲਾਗ ਤੇ ਖ਼ਰਚਾ ਦੇ ਕੇ ਵਿਦਾ ਕਰ ਦਿੰਦੇ ਸਨ।

ਮੁੰਡੇ ਵਾਲੇ ਨਾਈ ਦੇ ਹੱਥ ਮੰਗੇਤਰ ਕੁੜੀ ਵਾਸਤੇ ਸੂਟ, ਜੁੱਤੀ, ਗਹਿਣਾ, ਲਾਲ ਪਰਾਂਦੀ, ਮਹਿੰਦੀ, ਮੌਲੀ, ਖੰਡ, ਚੌਲ, ਛੁਹਾਰੇ ਤੇ ਨਕਦੀ ਆਦਿ ਘੱਲਦੇ। ਕੁੜੀ ਆਪਣੇ ਘਰ ਨ੍ਹਾ-ਧੋ ਕੇ, ਮੁੰਡੇ ਦੇ ਘਰਦਿਆਂ ਵੱਲੋਂ ਭੇਜੀ ਜੁੱਤੀ, ਕੱਪੜੇ ਤੇ ਲਾਲ ਪਰਾਂਦੀ ਪਹਿਨ ਕੇ ਚੜ੍ਹਦੇ ਵੱਲ ਮੂੰਹ ਕਰ ਕੇ ਪੀੜ੍ਹੇ 'ਤੇ ਬੈਠ ਜਾਂਦੀ।

ਪਿੰਡ ਦੀ ਨਾਇਣ ਸਹੁਰਿਆਂ ਦੀ ਭੇਜੀ ਨਕਦੀ ਉਸ ਦੀ ਝੋਲ਼ੀ ਵਿੱਚ ਪਾ ਕੇ ਖੰਡ ਤੇ ਛੁਹਾਰਾ ਉਸ ਦੇ ਮੂੰਹ ਵਿੱਚ ਪਾ ਦਿੰਦੀ ਅਤੇ ਇਸ ਤਰ੍ਹਾਂ ਉਸ ਦੀ ਵੀ ਸਗਾਈ ਹੋ ਜਾਂਦੀ। ਲਾਲ ਪਰਾਂਦੀ ਉਸ ਦੀ ਸਗਾਈ ਦੀ ਨਿਸ਼ਾਨੀ ਹੁੰਦੀ ਸੀ, ਇਸ ਨੂੰ ਕੁੜੀ ਓਨਾ ਚਿਰ ਨਹੀਂ ਸੀ ਲਾਹੁੰਦੀ ਜਿੰਨਾ ਚਿਰ ਕਿ ਇਹ ਟੁੱਟ ਨਹੀਂ ਸੀ ਜਾਂਦੀ। ਸਹੁਰਿਆਂ ਵੱਲੋਂ ਆਏ ਚੌਲ਼ ਉਸ ਨੂੰ ਤੇ ਉਸ ਦੀਆਂ ਕੁਆਰੀਆਂ ਸਹੇਲੀਆਂ ਨੂੰ ਖੁਆਏ ਜਾਂਦੇ। ਥੋੜ੍ਹੇ-ਥੋੜ੍ਹੇ ਸਗਨਾਂ ਦੇ ਚੌਲ਼ ਭਾਈਚਾਰੇ ਵਿੱਚ ਵੀ ਵੰਡੇ ਜਾਂਦੇ। ਮੰਗਣੀ ਨਾਲ਼ ਨਾਤਾ ਪੱਕਾ ਹੋ ਜਾਂਦਾ। ਕੁੜਮਾਈ ਤੋਂ ਵਿਆਹ ਤੱਕ ਹੋਰ ਕੋਈ ਰਸਮ ਨਹੀਂ ਸੀ ਹੁੰਦੀ ਪਰ ਹੁਣ ਇਸ ਰੀਤ ਦੇ ਵੀ ਰੂਪ ਬਦਲ ਰਹੇ ਹਨ।

ਮੰਗਣੀ ਤੋਂ ਪਿੱਛੋਂ ਕਿਸੇ ਸ਼ੁੱਭ ਮਹੀਨੇ ਦੀ ਤਿਥ ਤੇ ਘੜੀ ਵਿਆਹ ਲਈ ਨਿਯਤ ਕਰ ਲਈ ਜਾਂਦੀ ਹੈ। ਇਸ ਨੂੰ 'ਸਾਹਾ ਕਢਵਾਉਣਾ' ਕਹਿੰਦੇ ਹਨ।

ਇਸ ਤੋਂ ਪਿੱਛੋਂ ਜਦ ਵਿਆਹ ਵਿੱਚ ਥੋੜ੍ਹੇ ਦਿਨ ਰਹਿ ਜਾਣ ਤਾਂ ਕੁੜੀ ਵਾਲ਼ੇ 'ਸਾਹੇ ਦੀ ਚਿੱਠੀ' ਜਾਂ 'ਲਗਨ' ਲਿਖਾਉਂਦੇ ਹਨ। ਚਿੱਠੀ ਨੂੰ ਦੱਭ, ਚੌਲ, ਹਲ਼ਦੀ, ਖੰਮ੍ਹਣੀ ਆਦਿ ਵਿੱਚ ਲਪੇਟ ਕੇ ਨਾਈ, ਪੰਡਤ ਜਾਂ ਵਿਚੋਲੇ ਆਦਿ ਦੇ ਹੱਥ ਮੁੰਡੇ ਵਾਲ਼ਿਆਂ ਨੂੰ ਭੇਜਿਆ ਜਾਂਦਾ ਹੈ। ਇਹ ਚਿੱਠੀ ਪੰਚਾਇਤ ਅਤੇ ਮੁੰਡੇ ਨੂੰ ਬਿਠਾ ਕੇ ਸਭ ਦੀ ਹਾਜ਼ਰੀ ਵਿੱਚ ਖੋਲ੍ਹੀ ਅਤੇ ਪੜ੍ਹੀ ਜਾਂਦੀ ਹੈ। ਨਾਈ ਜਾਂ ਪ੍ਰੋਹਤ ਨੂੰ ਲਾਗ ਦੇ ਕੇ ਵਾਪਸ ਭੇਜ ਦਿੱਤਾ ਜਾਂਦਾ ਹੈ।

ਸਾਹੇ ਦੀ ਚਿੱਠੀ ਤੋਂ ਪਿੱਛੋਂ ਦੋਹਾਂ ਘਰਾਂ ਵਿੱਚ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਕੁੜੀ ਵਾਲ਼ੇ ਭਾਈਚਾਰੇ ਵਿੱਚ ਮੌਲ਼ੀ ਜਾਂ ਰੂੰ ਕੱਤਣ ਤੇ ਪੀਹਣ ਲਈ ਦਾਣੇ ਵੰਡ ਦਿੰਦੇ। ਅੱਜ-ਕੱਲ੍ਹ ਅਜਿਹੇ ਕੰਮ ਮਸ਼ੀਨਾਂ 'ਤੇ ਕਰਵਾ ਲਏ ਜਾਂਦੇ ਹਨ। ਫੇਰ ਵੀ ਕੁੜੀ ਦਾ ਵਿਆਹ ਸਾਰੇ ਭਾਈਚਾਰੇ ਦਾ ਕੰਮ ਸਮਝਿਆ ਜਾਂਦਾ ਹੈ ਜਿਸ ਵਿੱਚ ਵਿੱਤ ਅਨੁਸਾਰ ਸਭ ਦੇ ਸਭ ਹਿੱਸਾ ਪਾਉਂਦੇ ਹਨ। ਮੁੰਡੇ ਵਾਲ਼ੇ ਵੀ ਆਪਣੇ ਘਰ ਵਰੀ ਆਦਿ ਤਿਆਰ ਕਰਨ ਲੱਗ ਜਾਂਦੇ ਹਨ।

ਜਿਸ ਦਿਨ ਤੋਂ ਲਗਨ ਭੇਜ ਦਿੱਤਾ ਜਾਂਦਾ ਹੈ, ਕੁੜੀ ਤੇ ਮੁੰਡੇ ਦਾ ਬਾਹਰ ਨਿਕਲਣਾ, ਕਿਸੇ ਨਾਲ਼ ਹੱਸਣਾ, ਬੋਲਣਾ ਤੇ ਕੰਮ ਕਰਨਾ ਮਨ੍ਹਾ ਹੋ ਜਾਂਦਾ ਹੈ। ਇਸ ਨੂੰ 'ਸਾਹੇ ਲੱਤ ਬੰਨ੍ਹਣਾ' ਜਾਂ 'ਥੜ੍ਹੇ ਪਾਉਣਾ' ਕਹਿੰਦੇ ਹਨ। ਅਜਿਹਾ ਕਿਸੇ ਵੀ ਪ੍ਰਕਾਰ ਦੀ ਦੁਰਘਟਨਾ ਤੋਂ ਬਚਣ ਲਈ ਕੀਤਾ ਜਾਂਦਾ ਹੈ।

ਇਸ ਤੋਂ ਪਿੱਛੋਂ ਸੱਤ ਸੁਹਾਗਣ ਇਸਤਰੀਆਂ ਇਕੱਠੀਆਂ ਕਰ ਕੇ ਉਹਨਾਂ ਨੂੰ ਗੁੜ ਆਦਿ ਦਿੱਤਾ ਜਾਂਦਾ ਹੈ। ਇਹ ਸੱਤ ਸੁਹਾਗਣਾਂ ਵਿਆਹ ਦੇ ਹਰ ਕੰਮ ਲਈ ਇਕੱਠੀਆਂ ਹੁੰਦੀਆਂ ਹਨ। ਇੱਕ ਸਮਾਂ ਉਹ ਵੀ ਸੀ ਕਿ ਇਹਨਾਂ ਵਿੱਚੋਂ ਇੱਕ ਵੀ ਘੱਟ ਹੋਵੇ ਤਾਂ ਕੋਈ ਰਸਮ ਸ਼ੁਰੂ ਨਹੀਂ ਸੀ ਹੁੰਦੀ।

ਸੱਤ ਜਾਂ ਨੌਂ ਦਿਨ ਪਹਿਲਾਂ 'ਕੜਾਹੀ ਚੜ੍ਹਾਈ' ਜਾਂਦੀ ਸੀ। ਵਿਆਂਹਦੜ ਦੀ ਮਾਂ ਇਸ ਕੜਾਹੀ ਵਿੱਚ ਤਿਆਰ ਕੀਤੇ ਗੁਲਗੁਲੇ ਆਪਣੇ ਪੇਕਿਆਂ ਨੂੰ ਲੈ ਜਾਂਦੀ ਤੇ ਉਹਨਾਂ ਨੂੰ ਵਿਆਹ ਦਾ ਦਿਨ ਦੱਸ ਆਉਂਦੀ। ਉਹ 'ਨਾਨਕੀ ਛੱਕ' ਦੀ ਤਿਆਰੀ ਕਰਨ ਲੱਗ ਜਾਂਦੇ। ਵਿਆਹ ਤੋਂ ਪਹਿਲਾਂ ਵੱਡੀ ਰੀਤ ਕੇਵਲ ਵਟਣੇ ਜਾਂ ਮਾਂਈਏਂ ਦੀ ਹੁੰਦੀ ਸੀ। ਬੰਨੜੇ ਜਾਂ ਬੰਨੜੀ ਦੇ ਸਿਰ ਉੱਤੇ ਚਾਰ ਕੁੜੀਆਂ ਚਾਰੇ ਕੰਨੀਆਂ ਫੜ ਕੇ ਪੀਲ਼ੀ ਚਾਦਰ ਦਾ ਚੰਦੋਆ ਤਾਣ ਕੇ ਖੜ੍ਹੀਆਂ ਹੋ ਜਾਂਦੀਆਂ। ਇੱਕ ਠੂਠੀ ਵਿੱਚ ਤੇਲ, ਪਾਣੀ ਤੇ ਹਲ਼ਦੀ ਮਿਲ਼ਾ ਕੇ ਵਟਣਾ ਤਿਆਰ ਕੀਤਾ ਹੁੰਦਾ। ਇਹ ਵਟਣਾ ਘਾਹ ਦੀ ਗੁੱਟੀ ਨਾਲ਼ ਲਾ-ਲਾ ਕੇ ਮੁੰਡੇ ਜਾਂ ਕੁੜੀ ਦੇ ਵਾਲ਼ਾਂ ਦੀ ਲਿਟ ਨੂੰ ਲਾਇਆ ਜਾਂਦਾ। ਇਸ ਤੋਂ ਪਿੱਛੋਂ ਇਹ ਹੱਥਾਂ, ਪੈਰਾਂ ਅਤੇ ਚਿਹਰੇ 'ਤੇ ਦੱਬ-ਦੱਬ ਕੇ ਮਲ਼ਿਆ ਜਾਂਦਾ। ਇਹ ਵਿਆਹ ਵਾਲ਼ੇ ਦਿਨ ਤੱਕ ਲੱਗਦਾ ਰਹਿੰਦਾ ਸੀ। ਅਜੋਕੇ ਸਮੇਂ ਵਿੱਚ ਇਸ ਰੀਤ ਵਿੱਚ ਵੀ ਕੁਝ ਪਰਿਵਰਤਨ ਆਇਆ ਹੈ।

ਵਿਆਹ ਤੋਂ ਇੱਕ ਦਿਨ ਪਹਿਲਾਂ ਸੱਦੇ ਹੋਏ ਅੰਗ-ਸਾਕ ਪਹੁੰਚਣੇ ਸ਼ੁਰੂ ਹੋ ਜਾਂਦੇ ਹਨ। ਸਭ ਤੋਂ ਵਧੇਰਾ ਮੇਲ਼ ਨਾਨਕਿਆਂ ਦਾ ਹੁੰਦਾ ਹੈ ਜਿਹੜੇ ਆਪਣੀ ਦੋਹਤਰੀ ਜਾਂ ਦੋਹਤਮਾਨ ਲਈ ਗਹਿਣੇ, ਬਿਸਤਰੇ,

ਪਲੰਘ, ਬਰਤਨ ਤੇ ਕੱਪੜੇ-ਲੀੜੇ ਲੈ ਕੇ ਆਉਂਦੇ ਹਨ। ਇਹ ਵੀ ਆਮ ਹੈ ਕਿ ਮਾਮੇ-ਮਾਮੀ ਨੇ ਇੱਕ-ਦੂਜੇ ਦਾ ਲੜ ਫੜਿਆ ਹੁੰਦਾ ਹੈ। ਬਾਕੀ ਮੇਲ਼ ਚੋਹਲ ਕਰਦਾ ਤੇ ਬੰਬੀਹੇ ਬੁਲਾਉਂਦਾ ਪਿੰਡ ਦੀ ਜੂਹ ਵਿੱਚ ਵੜਦਾ ਹੈ। ਵਿਆਂਹਦੜ ਦੀ ਮਾਂ ਆਪਣੇ ਭਰਾ-ਭਰਜਾਈ ਦੇ ਸੁਆਗਤ ਲਈ ਉਡੀਕ ਕਰ ਰਹੀ ਹੁੰਦੀ ਹੈ।

ਦੂਜੇ ਦਿਨ ਚੰਨ ਚੜ੍ਹਨ ਤੋਂ ਪਹਿਲਾਂ ਮੁੰਡੇ ਨੂੰ ਆਖ਼ਰੀ ਵਟਣਾ ਮਲ਼ ਕੇ ਨੁਹਾ ਦਿੰਦੇ ਹਨ। ਨੁਹਾ ਕੇ ਉਸ ਨੂੰ ਮਾਮੇ ਦੀ ਲਿਆਂਦੀ ਹੋਈ ਪੁਸ਼ਾਕ ਪਹਿਨਾਈ ਜਾਂਦੀ ਹੈ। ਇਸ ਤੋਂ ਪਿੱਛੋਂ ਮੁੰਡੇ ਦੇ ਸਿਰ ਉੱਤੇ ਮੌੜ੍ਹ (ਮੁਕਟ) ਜਾਂ ਮੱਥੇ 'ਤੇ ਸਿਹਰਾ ਬੰਨ੍ਹ ਦਿੰਦੇ ਹਨ। ਸਰਬਾਲ੍ਹੇ ਨੂੰ ਵੀ ਇਸੇ ਤਰ੍ਹਾਂ ਨੁਹਾ ਕੇ ਸਿਹਰਾ ਬੰਨ੍ਹਿਆ ਜਾਂਦਾ ਹੈ।

ਇਸ ਤੋਂ ਪਿੱਛੋਂ 'ਘੋੜੀ' ਦੀ ਰੀਤ ਹੁੰਦੀ ਹੈ। ਘੋੜੀ ਚੜ੍ਹਨ ਤੋਂ ਪਹਿਲਾਂ ਮੁੰਡੇ ਦੀ ਭਰਜਾਈ ਸੁਰਮਾ ਪਾ ਕੇ 'ਸੁਰਮਾ ਪੁਆਈ' ਲੈ ਲੈਂਦੀ ਹੈ। ਉਸ ਤੋਂ ਪਿੱਛੋਂ ਉਸ ਦੀ ਭੈਣ ਵਾਗ ਫੜਦੀ ਹੈ ਤੇ ਲੜ ਜਾਂ ਪੱਲਾ ਝੱਲਦੀ ਨਾਲ਼ ਤੁਰਦੀ ਹੈ। ਮੁੰਡੇ ਦੀ ਮਾਂ ਤੇ ਹੋਰ ਸ਼ਰੀਕਣੀਆਂ ਸਲਾਮੀਆਂ ਪਾਉਂਦੀਆਂ ਹਨ ਅਤੇ ਪੂਰੇ ਸ਼ਗਨ ਮਨਾ ਕੇ ਉਸ ਨੂੰ ਮੋਟਰ, ਰੱਥ ਆਦਿ ਵਿੱਚ ਬਿਠਾ ਦਿੰਦੀਆਂ ਹਨ। ਘੋੜੀ ਉੱਤੋਂ ਉਤਾਰਨ ਤੋਂ ਪਹਿਲਾਂ ਉਹ ਵਾਗ ਫੜਨ ਵਾਲ਼ੀ ਭੈਣ ਨੂੰ 'ਵਾਗ-ਫੜਾਈ' ਦੇ ਕੇ ਬਾਕੀ ਭੈਣਾਂ ਨੂੰ ਖ਼ੁਸ਼ੀਆਂ ਵਿੱਚ ਰੁਪਈਏ ਵੰਡਦਾ ਘੋੜੀ ਚੜ੍ਹ ਜਾਂਦਾ ਹੈ।

ਜਦ ਜੰਞ ਕੁੜੀ ਵਾਲ਼ਿਆਂ ਦੇ ਪਿੰਡ ਪਹੁੰਚ ਜਾਂਦੀ ਹੈ ਤਾਂ ਅੱਗੇ ਪਿੰਡ ਦੀ ਪੰਚਾਇਤ ਸੁਆਗਤ ਵਿੱਚ ਖੜ੍ਹੀ ਹੁੰਦੀ ਹੈ। ਪਿੰਡ ਦੇ ਦਰਵਾਜ਼ੇ ਉੱਤੇ ਜਾਂ ਡੇਰੇ ਵਿੱਚ ਪਹੁੰਚਣ 'ਤੇ 'ਮਿਲ਼ਨੀ' ਹੁੰਦੀ ਹੈ। ਮਿਲ਼ਨੀ ਤੋਂ ਪਿੱਛੋਂ ਜੰਞ ਡੇਰੇ (ਜੰਨ-ਵਾਸ) ਪਹੁੰਚ ਜਾਂਦੀ ਹੈ। ਮੁੰਡਾ ਰਾਤ ਦੀ ਰੋਟੀ ਡੇਰੇ ਵਿੱਚ ਹੀ ਖਾਂਦਾ ਹੈ। ਜੇ ਜਾਂਞੀਆਂ ਦੀ ਗੋਤਣ ਕੋਈ ਕੁੜੀ ਉਸ ਪਿੰਡ ਵਿੱਚ ਵਿਆਹੀ ਹੋਵੇ ਤਾਂ ਉਸ ਨੂੰ ਮਿਠਿਆਈ ਤੇ ਰੁਪਏ ਸਮੇਤ ਪੱਤਲ਼ਾਂ ਭੇਜ ਕੇ ਉਸ ਦਾ ਮਾਣ-ਸਤਿਕਾਰ ਕੀਤਾ ਜਾਂਦਾ ਹੈ।

ਵਿਆਹ ਵਿੱਚ ਫੇਰਿਆਂ ਦੀ ਰਸਮ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸ ਤੋਂ ਬਿਨਾਂ ਵਿਆਹ ਸੰਪੂਰਨ ਨਹੀਂ ਸਮਝਿਆ ਜਾਂਦਾ ਪਰ ਇਹਨਾਂ ਰਸਮਾਂ ਵਿੱਚ ਥਾਂ-ਥਾਂ 'ਤੇ ਰਿਵਾਜ ਅਨੁਸਾਰ ਤਬਦੀਲੀ ਕੀਤੀ ਜਾਂਦੀ ਹੈ। ਕੁੜੀ ਨੂੰ ਕੁੜੀ ਦਾ ਮਾਮਾ ਖਾਰਿਆਂ ਤੋਂ ਚੁੱਕ ਕੇ ਅੰਦਰ ਬਿਠਾ ਦਿੰਦਾ ਹੈ। ਇੱਥੇ ਹੀ ਕੁੜੀ ਦੀ ਮਾਂ ਮਾਮੇ ਨੂੰ ਮਿਸਰੀ ਜਾਂ ਦੁੱਧ ਦੇ ਕੇ ਸਨਮਾਨਦੀ ਹੈ। ਸਿੰਘ-ਸਭਾ ਲਹਿਰ ਨੇ ਅਨੰਦ-ਕਾਰਜ ਦੀ ਰੀਤ ਦਾ ਪ੍ਰਚਾਰ ਕੀਤਾ। ਇੱਥੇ ਹਵਨ ਦੀ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ । ਫਿਰ ਸੁਹਾਗ-ਜੋੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਲ਼ੇ-ਦੁਆਲ਼ੇ ਲਾਂਵਾਂ ਦੇ ਪਾਠ ਤੇ ਕੀਰਤਨ ਸਮੇਂ ਚਾਰ ਫੇਰੇ ਲੈਂਦੀ ਹੈ। ਚਾਰੇ ਲਾਂਵਾਂ ਪੜ੍ਹ ਕੇ ਗ੍ਰੰਥੀ ਜਾਂ ਭਾਈ ਅਨੰਦ ਸਾਹਿਬ ਦਾ ਪਾਠ ਕਰਕੇ ਭੋਗ ਪਾ ਦਿੰਦਾ ਹੈ। ਅਨੰਦ-ਕਾਰਜ ਜਾਂ ਲਗਨ-ਫੇਰਿਆਂ ਨਾਲ਼ ਅਸਲੀ ਕਾਰਜ ਖ਼ਤਮ ਹੋ ਜਾਂਦਾ ਹੈ।

ਫਿਰ 'ਵਰੀ' ਹੁੰਦੀ ਹੈ। ਜਾਂਞੀ ਜਿਹੜੀ ਵੀ 'ਵਰੀ' ਲੈ ਕੇ ਆਏ ਹੋਣ, ਥਾਲ਼ੀਆਂ, ਟੋਕਰਿਆਂ ਵਿੱਚ ਖਿਲਾਰ ਕੇ ਬੰਦ ਦੀ ਬੰਦ ਕੁੜੀ ਵਾਲ਼ਿਆਂ ਦੇ ਘਰ ਲਿਆਉਂਦੇ ਹਨ। ਇਹ ਭਾਈਚਾਰੇ ਨੂੰ ਦਿਖਾਈ ਜਾਂਦੀ ਹੈ।

ਇਸੇ ਤਰ੍ਹਾਂ ਜੰਞ ਦੇ ਤੁਰਨ ਤੋਂ ਪਹਿਲਾਂ ਕੁੜੀ ਵਾਲ਼ੇ ਮੁੰਡੇ ਵਾਲ਼ਿਆਂ ਨੂੰ ਤੇ ਆਪਣੇ ਭਾਈਚਾਰੇ ਨੂੰ ਦਿੱਤਾ ਜਾਣ ਵਾਲ਼ਾ 'ਦਾਜ' ਤੇ 'ਖੱਟ' ਵਿਖਾਉਂਦੇ ਹਨ। ਇਸ ਵਿੱਚ ਉਹ ਸਭ ਕੁਝ ਵਿਖਾਇਆ ਜਾਂਦਾ ਹੈ ਜਿਹੜਾ ਕੁੜੀ ਵਾਲ਼ੇ ਮੁੰਡੇ ਵਾਲ਼ਿਆਂ ਨੂੰ ਜਾਂ ਆਪਣੀ ਧੀ ਨੂੰ ਦਿੰਦੇ ਹਨ। ਦਾਜ ਵੇਖ ਕੇ ਬਰਾਤ ਤਾਂ ਚਲੀ ਜਾਂਦੀ ਹੈ ਪਰ ਮੁੰਡਾ ਤੇ ਉਸ ਦਾ ਸਰਬਾਲ੍ਹਾ ਬੈਠੇ ਰਹਿੰਦੇ ਹਨ। ਭਾਈਚਾਰੇ ਦੀਆਂ ਔਰਤਾਂ ਮੁੰਡੇ ਨੂੰ ਸਲਾਮੀਆਂ ਪਾਉਂਦੀਆਂ ਹਨ। ਕੁੜੀਆਂ ਟਿੱਚਰਾਂ ਕਰਦੀਆਂ ਹਨ ਤੇ ਉਸ ਤੋਂ ਛੰਦ ਆਦਿ ਸੁਣਦੀਆਂ ਹਨ।

ਸਰਬਾਲ੍ਹੇ ਨੂੰ ਤਾਂ ਬੱਸ, ਹੱਥਾਂ ਉੱਤੇ ਹੀ ਚੁੱਕ ਲੈਂਦੀਆਂ ਹਨ। ਪਰ ਹੁਣ ਇਹਨਾਂ ਗੀਤਾਂ ਦੇ ਵੀ ਰੂਪ ਬਦਲ ਰਹੇ ਹਨ।

ਇਸ ਤੋਂ ਪਿੱਛੋਂ ਜੰਞ ਵਿਦਾ ਕਰ ਦਿੱਤੀ ਜਾਂਦੀ ਹੈ। ਮਾਮਾ ਰੋਂਦਾ-ਕੁਰਲਾਉਂਦਾ ਕੁੜੀ ਨੂੰ ਗੋਦੀ ਚੁੱਕ ਕੇ ਡੋਲ੍ਹੇ ਜਾਂ ਰੱਥ ਵਿੱਚ ਬਿਠਾ ਆਉਂਦਾ ਹੈ।

ਮੁੰਡੇ ਦੇ ਘਰ ਪਹੁੰਚਣ ਉੱਤੇ ਮੁੰਡੇ ਦੀ ਮਾਂ ਸ਼ਗਨਾਂ ਦੀ ਥਾਲ਼ੀ ਲੈ ਕੇ ਨੂੰਹ-ਪੁੱਤ ਨੂੰ ਲੈਣ ਜਾਂਦੀ ਹੈ। ਦਰਵਾਜ਼ੇ ਉੱਤੇ ਉਹ ਪਾਣੀ ਨਾਲ਼ 'ਵਾਰਨੇ ਵਾਰਦੀ ਹੈ'। ਉਹ ਸੱਤ ਵਾਰੀ ਪਾਣੀ ਮੂੰਹ ਨੂੰ ਲਾਉਂਦੀ ਹੈ ਭਾਵ ਉਹ ਪੁੱਤ ਦੇ ਦੁੱਖ ਆਪਣੇ ਸਿਰ ਲੈਣ ਦੀ ਕੁਰਬਾਨੀ ਕਰਦੀ ਹੈ। ਮੁੰਡਾ ਉਸ ਨੂੰ ਰੋਕਦਾ ਹੈ। ਸੱਤਵੀਂ ਵਾਰੀ ਤਾਂ ਉਸ ਦੀਆਂ ਦਰਾਣੀਆਂ-ਜਿਠਾਣੀਆਂ ਉਸ ਨੂੰ ਬਿਲਕੁਲ ਹੀ ਉਹ ਪਾਣੀ ਨਹੀਂ ਪੀਣ ਦਿੰਦੀਆਂ। ਇਸ ਤੋਂ ਪਿੱਛੋਂ ਵਹੁਟੀ ਨੂੰ ਭਾਈਚਾਰੇ ਦੀਆਂ ਔਰਤਾਂ ਸਗਨ ਪਾਉਂਦੀਆਂ ਹਨ ਤੇ ਮੂੰਹ ਵੇਖਦੀਆਂ ਹਨ।

ਦੂਜੇ ਦਿਨ ਸਵੇਰੇ ਲਾੜਾ ਤੇ ਵਹੁਟੀ ਪਿੱਤਰਾਂ, ਸ਼ਹੀਦਾਂ ਜਾਂ ਤੁਲਸੀ ਦੇ ਬੂਟੇ ਦੀ ਪੂਜਾ ਵਾਸਤੇ ਜਾਂਦੇ ਹਨ। ਕਈ ਥਾਂਵਾਂ ਉੱਤੇ ਇਸ ਸਮੇਂ ਛਟੀ ਖੇਡਣ ਦਾ ਵੀ ਰਿਵਾਜ ਹੈ। ਲਾੜਾ ਤੇ ਵਹੁਟੀ ਇੱਕ-ਦੂਜੇ ਦੇ ਸੱਤ-ਸੱਤ ਛਿਟੀਆਂ ਮਾਰਦੇ ਹਨ। ਇਸੇ ਸ਼ਾਮ ਉਹ 'ਕੰਙਣਾ' ਖੇਲ੍ਹਦੇ ਹਨ।

ਤੀਜੇ ਦਿਨ ਬਹੂ ਨੂੰ ਤੋਰਨ ਤੋਂ ਪਹਿਲਾਂ ਪਿੰਡ ਨੂੰ 'ਦਿਖਾਵਾ' ਦਿਖਾਇਆ ਜਾਂਦਾ ਹੈ। ਬਹੂ ਦੀ ਛੋਟੀ ਨਣਾਨ ਪੇਟੀ ਖੋਲ੍ਹਦੀ ਹੈ ਤੇ 'ਪੇਟੀ-ਖੁਲ੍ਹਾਈ' ਦਾ ਮਨ-ਭਾਉਂਦਾ ਸੂਟ ਕੱਢ ਲੈਂਦੀ ਹੈ। ਵਿਆਹ ਦੀਆਂ ਇਹਨਾਂ ਰਸਮਾਂ ਵਿੱਚ ਹੁਣ ਕਿਤੇ-ਕਿਤੇ ਤਬਦੀਲੀ ਆ ਗਈ ਹੈ।

ਜਨਮ ਅਤੇ ਵਿਆਹ ਦੀਆਂ ਮੁੱਖ ਰਸਮਾਂ ਤੋਂ ਪਿੱਛੋਂ ਅਕਾਲ-ਚਲਾਣੇ ਜਾਂ ਮੌਤ ਦੀਆਂ ਰਸਮਾਂ ਦਾ ਜ਼ਿਕਰ ਕਰਨਾ ਵੀ ਬਣਦਾ ਹੈ। ਵਿਅਕਤੀ ਦੇ ਪ੍ਰਾਣ ਤਿਆਗਣ ਤੋਂ ਪਿੱਛੋਂ ਤ੍ਰੀਮਤਾਂ ਘਰ ਵਿੱਚ ਵੈਣ ਪਾਉਣ ਲੱਗ ਜਾਂਦੀਆਂ ਹਨ ਅਤੇ ਮਰਦ ਬਾਹਰ ਫੂਹੜੀ ਵਿਛਾ ਕੇ ਬੈਠ ਜਾਂਦੇ ਹਨ। ਸਾਰੇ ਉਸ ਦੇ ਚੰਗੇ ਅਮਲਾਂ ਦੀ ਸਿਫ਼ਤ ਕਰਦੇ ਹਨ।

ਫਿਰ ਮਿਰਤਕ ਨੂੰ ਆਖ਼ਰੀ ਇਸ਼ਨਾਨ ਕਰਵਾਇਆ ਜਾਂਦਾ ਹੈ। ਜੇ ਇਸਤਰੀ ਸੁਹਾਗਣ ਮਰੀ ਹੋਵੇ ਤਾਂ ਕੱਪੜਿਆਂ ਨਾਲ਼ ਗਹਿਣੇ ਤੇ ਲਾਲ ਚੰਦੋਗੀ ਪਹਿਨਾ ਕੇ, ਹੱਥਾਂ-ਪੈਰਾਂ ਨੂੰ ਮਹਿੰਦੀ ਤੇ ਹੋਂਠਾਂ ਨੂੰ ਦੰਦਾਸਾ, ਅੱਖਾਂ ਵਿੱਚ ਸੁਰਮਾ, ਵੀਣੀ ਉੱਤੇ ਚੂੜੀਆਂ ਤੇ ਮੱਥੇ ਉੱਤੇ ਬਿੰਦੀ ਲਾ ਕੇ ਅੰਤਿਮ ਯਾਤਰਾ ਲਈ ਤਿਆਰ ਕਰਦੇ ਹਨ।

ਮਿਰਤਕ ਨੂੰ ਨੁਹਾਉਂਦਿਆਂ, ਓਧਰ ਚਿਖਾ ਵਾਸਤੇ ਬਾਲਣ ਢੋ ਲਿਆ ਜਾਂਦਾ ਹੈ ਤੇ ਏਧਰ ਅਰਥੀ ਤਿਆਰ ਕਰ ਲਈ ਜਾਂਦੀ ਹੈ। ਅਰਥੀ ਵਾਸਤੇ ਬਾਂਸ ਜਾਂ ਬੇਰੀ ਦੀ ਲੱਕੜੀ ਵਰਤੀ ਜਾਂਦੀ ਹੈ। ਕਿੱਲਾਂ ਦੀ ਥਾਂ ਬੱਭੜ ਆਦਿ ਨਾਲ਼ ਹੀ ਅਰਥੀ ਦੀਆਂ ਲੱਕੜੀਆਂ ਨੂੰ ਬੰਨ੍ਹਿਆ ਜਾਂਦਾ ਹੈ।

ਘਰ ਤੋਂ ਸਿਵਿਆਂ ਨੂੰ ਜਾਂਦੇ ਸਮੇਂ ਮਿਰਤਕ ਦੇ ਕਰੀਬੀ ਰਿਸ਼ਤੇਦਾਰ ਉਸ ਦੀ ਅਰਥੀ ਨੂੰ ਆਪਣੇ ਮੋਢਿਆਂ ਉੱਤੇ ਚੁੱਕ ਕੇ ਲਿਜਾਂਦੇ ਹਨ। ਘਰੋਂ ਤੁਰਨ ਸਮੇਂ ਰਸਮੀ ਤੌਰ 'ਤੇ ਉਸ ਦੀ ਮਿਰਤਕ ਦੇਹੀ ਤੋਂ ਪੈਸੇ ਵਾਰ ਕੇ ਉਸ ਦਾ ਭਾੜਾ ਜਾਂ ਕਿਰਾਇਆ ਉਤਾਰ ਦਿੱਤਾ ਜਾਂਦਾ ਹੈ।

ਅੱਧ-ਮਾਰਗ ਤੋਂ ਪਿੱਛੋਂ ਇਸਤਰੀਆਂ ਉੱਥੇ ਹੀ ਬੈਠ ਜਾਂਦੀਆਂ ਸਨ ਤੇ ਮਰਦ ਅਰਥੀ ਨਾਲ਼ ਚਲੇ ਜਾਂਦੇ ਸਨ ਪਰ ਅੱਜ-ਕੱਲ੍ਹ ਔਰਤਾਂ ਵੀ ਸ਼ਮਸ਼ਾਨ-ਘਾਟ ਦੇ ਅੰਦਰ ਤੱਕ ਚਲੀਆਂ ਜਾਂਦੀਆਂ ਹਨ। ਸ਼ਮਸ਼ਾਨ-ਭੂਮੀ ਵਿੱਚ ਪਹੁੰਚ ਕੇ ਅਰਥੀ ਲਾਹ ਲੈਂਦੇ ਹਨ। ਚਿਖਾ ਵਾਸਤੇ ਲੱਕੜੀ ਚਿਣ ਲੈਂਦੇ ਹਨ। ਫਿਰ ਮਿਰਤਕ ਦੇਹੀ ਨੂੰ ਚਿਖਾ ਉੱਤੇ ਲਿਟਾ ਦਿੱਤਾ ਜਾਂਦਾ ਹੈ।

ਇਸ ਤੋਂ ਪਿੱਛੋਂ ਵੱਡਾ ਪੁੱਤਰ ਆਪਣੇ ਹੱਥ ਵਿੱਚ ਲਾਂਬੂ ਲੈ ਕੇ ਸੱਜਿਓਂ ਖੱਬੇ ਨੂੰ ਇੱਕ ਗੇੜਾ ਅਰਥੀ ਦੇ ਦੁਆਲ਼ੇ ਕੱਢਦਾ ਹੈ। ਮਿਰਤਕ ਦੇ ਪੈਰਾਂ ਕੋਲ਼ ਪਹੁੰਚ ਕੇ ਉਹ ਚਿਖਾ ਨੂੰ ਲਾਂਬੂ ਲਾ ਦਿੰਦਾ ਹੈ। ਅੱਗ ਲੱਗ ਜਾਣ 'ਤੇ ਅਰਥੀ ਨਾਲ਼ ਆਏ ਸਾਰੇ ਆਦਮੀ ਦੂਰ ਜਾ ਕੇ ਖਲੋ ਜਾਂਦੇ ਹਨ। ਜਦ ਚਿਖਾ ਜਲ਼ ਕੇ ਮੁਰਦੇ ਦੀ ਖੋਪਰੀ ਵਿਖਾਈ ਦੇਣ ਲੱਗ ਜਾਵੇ ਤਾਂ ਕੋਈ ਆਦਮੀ ਅਰਥੀ ਦਾ ਇੱਕ ਡੰਡਾ ਕੱਢ ਕੇ ਮੁਰਦੇ ਦੀ ਖੋਪਰੀ ਠਕੋਰਦਾ ਹੈ ਅਤੇ ਹਥਲਾ ਡੰਡਾ ਚਿਖਾ ਦੇ ਉੱਪਰੋਂ ਲਾਸ਼ ਦੇ ਪੈਰਾਂ ਤੋਂ ਪਾਰ ਸੁੱਟ ਦਿੰਦਾ ਹੈ। ਇਸ ਨੂੰ 'ਕਪਾਲ-ਕ੍ਰਿਆ' ਕਹਿੰਦੇ ਹਨ।

'ਕਪਾਲ-ਕ੍ਰਿਆ' ਤੋਂ ਪਿੱਛੋਂ ਅਰਥੀ ਨਾਲ਼ ਆਏ ਸਾਰੇ ਬੰਦੇ ਚਿਖਾ ਦੇ ਬਾਹਰ ਪਏ ਬਾਲਣ ਦੇ ਤੀਲ੍ਹਿਆਂ ਨੂੰ ਚਿਖਾ ਉੱਤੇ ਸੁੱਟਦੇ ਹਨ ਅਤੇ ਫਿਰ ਬਿਨਾਂ ਪਿਛਾਂਹ ਤੱਕਣ ਤੋਂ ਵਾਪਸ ਤੁਰ ਪੈਂਦੇ ਹਨ। ਸਾਰੇ ਆਦਮੀ ਇਹਨਾਂ ਚਿੰਨ੍ਹਾਂ ਰਾਹੀਂ ਮੁਰਦੇ ਨਾਲ਼ ਆਪਣੇ ਸੰਬੰਧ ਤੋੜਦੇ ਹਨ ਕਈ ਵਾਰੀ ਡੱਕਾ ਤੋੜਦੇ ਹਨ ਤੇ ਕਈ ਵਾਰੀ ਕੰਡਾ। ਕਈ ਨਿੰਮ ਦੀ ਪੱਤੀ ਚਬਾ ਕੇ ਮਰਨ ਵਾਲ਼ੇ ਨੂੰ ਆਪਣੇ ਵਾਸਤੇ ਨਿੰਮੋਂ ਕੌੜਾ ਕਰ ਦਿੰਦੇ ਹਨ ਜਾਂ ਅੱਕ ਦਾ ਦੁੱਧ ਚੋ ਕੇ ਅੱਕੋਂ ਕੌੜਾ।

ਰਸਤੇ ਵਿੱਚ ਸਾਰੇ ਸੱਜਣ ਕਿਸੇ ਖੂਹ, ਟੋਭੇ ਜਾਂ ਛੱਪੜ ਉੱਤੇ, ਹੋ ਸਕੇ ਤਾਂ ਇਸ਼ਨਾਨ, ਨਹੀਂ ਤਾਂ ਹੱਥ-ਮੂੰਹ ਧੋਂਦੇ ਹਨ। ਮੌਤ ਤੋਂ ਤੀਜੇ ਦਿਨ ਮੁਰਦੇ ਦੇ ਫੁੱਲ ਚੁਗਣ ਜਾਂਦੇ ਹਨ। ਫੁੱਲਾਂ ਨੂੰ ਹਰਿਦੁਆਰ ਜਾਂ ਕੀਰਤਪੁਰ ਸਾਹਿਬ ਜਲ-ਪ੍ਰਵਾਹ ਕੀਤਾ ਜਾਂਦਾ ਹੈ।

ਇਸ ਤੋਂ ਪਿੱਛੋਂ ਕੁਝ ਦਿਨ ਦੂਰ-ਨੇੜੇ ਦੀਆਂ ਮਕਾਣਾਂ ਆਉਂਦੀਆਂ ਹਨ। ਹੰਗਾਮੇ ਦੇ ਸਮੇਂ ਇੱਕ ਰਸਮ 'ਦਸਤਾਰਬੰਦੀ' ਦੀ ਕੀਤੀ ਜਾਂਦੀ ਹੈ। ਭਾਈਚਾਰੇ ਦੀ ਹਾਜ਼ਰੀ ਵਿੱਚ ਵੱਡਾ ਪੁੱਤਰ ਆਪਣੇ ਸਹੁਰਿਆਂ ਦੀ ਦਿੱਤੀ ਪੱਗ ਬੰਨ੍ਹਦਾ ਹੈ। ਇਸ ਤਰ੍ਹਾਂ ਉਹ ਆਪਣੇ ਪਿਤਾ ਦਾ ਵਾਰਸ ਬਣ ਜਾਂਦਾ ਹੈ।

ਜਿੱਥੋਂ ਤੱਕ ਮੁਸਲਿਮ ਭਾਈਚਾਰੇ ਦਾ ਸੰਬੰਧ ਹੈ, ਉਹਨਾਂ ਦੀਆਂ ਰਸਮਾਂ ਵਿੱਚ ਦੋ ਵੱਡੇ ਫ਼ਰਕ ਹਨ। ਉਹ ਅੰਮ੍ਰਿਤਪਾਨ/ਜਨੇਊ ਦੀ ਥਾਂ ਸੁੰਨਤ ਦੀ ਰਸਮ ਕਰਦੇ ਹਨ ਤੇ ਮੌਤ ਉਪਰੰਤ ਮਿਰਤਕ ਦੇਹ ਨੂੰ ਅਗਨੀ ਦੀ ਭੇਟ ਕਰਨ ਦੀ ਥਾਂ ਦਫ਼ਨਾਉਂਦੇ ਹਨ।

ਇਸ ਤਰ੍ਹਾਂ ਜੀਵਨ-ਨਾਟਕ ਦੇ ਅਰੰਭ ਤੋਂ ਅੰਤ ਤੱਕ ਵਿਭਿੰਨ ਰਸਮ-ਰਿਵਾਜ ਕੀਤੇ ਜਾਂਦੇ ਹਨ। ਇਹਨਾਂ ਦੀ ਪੂਰਤੀ ਵਿੱਚ ਦਾਈ, ਨਾਈ ਤੇ ਭਾਈ ਕ੍ਰਮਵਾਰ ਜਨਮ, ਵਿਆਹ ਤੇ ਮੌਤ ਦੀਆਂ ਰਸਮਾਂ ਵਿੱਚ ਮਹੱਤਵਪੂਰਨ ਭਾਗ ਲੈਂਦੇ ਹਨ। ਸਮੇਂ ਦੇ ਬਦਲਾਅ ਨਾਲ਼ ਉੱਪਰ ਦੱਸੇ ਰਸਮ-ਰਿਵਾਜਾਂ ਵਿੱਚ ਵੀ ਕਿਤੇ-ਕਿਤੇ ਤਬਦੀਲੀ ਆਈ ਹੈ।

## ਪਾਠ-ਅਭਿਆਸ

**1. ਵਸਤੂਨਿਸ਼ਠ ਪ੍ਰਸ਼ਨ :**

(ੳ) ਪੰਜਾਬ ਦੇ ਰਸਮ-ਰਿਵਾਜ ਦੇ ਆਧਾਰ 'ਤੇ ਦੱਸੋ ਕਿ ਜੀਵਨ-ਨਾਟਕ ਦੀਆਂ ਝਾਕੀਆਂ ਦੇ ਰੰਗ-ਮੰਚ ਆਮ ਤੌਰ 'ਤੇ ਕਿਹੜੇ ਹੁੰਦੇ ਹਨ ?

(ਅ) ਮੁਢਲਾ ਮਨੁੱਖ ਬਹੁਤ ਸਾਰੇ ਸੰਸਕਾਰਾਂ ਦਾ ਅਰੰਭ ਕਰਨ ਸਮੇਂ ਦੈਵੀ ਤਾਕਤਾਂ ਨੂੰ ਕਿਉਂ ਰਿਝਾਉਂਦਾ ਸੀ ?

(ੲ)ਪੰਜਾਬ ਦੇ ਰਸਮ-ਰਿਵਾਜਾਂ ਦੀ ਸਾਂਭ-ਸੰਭਾਲ਼ ਦਾ ਵਰਨਣ ਕਰਨਾ ਕਿਉਂ ਜ਼ਰੂਰੀ ਹੋ ਗਿਆ ਹੈ ?

(ਸ) ਬਿਰਖ ਦੀ ਟਾਹਣੀ ਜਾਂ ਹਰੀ ਘਾਹ ਜਿਸ ਨੂੰ 'ਦੱਭ' ਵੀ ਕਹਿੰਦੇ ਹਨ, ਚੰਗੇ ਸ਼ਗਨਾਂ ਦੀ ਸੂਚਕ ਮੰਨੀ ਜਾਂਦੀ ਹੈ। (ਹਾਂ/ਨਹੀਂ)

(ਹ)ਬੱਚੇ ਦੇ ਜਨਮ ਤੋਂ ਬਾਅਦ ਕਿਹੜੀਆਂ ਦੋ ਰਸਮਾਂ ਕੀਤੀਆਂ ਜਾਂਦੀਆਂ ਹਨ ?

(ਕ) ਹਿੰਦੂ ਪਰਿਵਾਰਾਂ ਵਿੱਚ ਬੱਚੇ ਦਾ ਮੁੰਡਨ-ਸੰਸਕਾਰ ਕਦੋਂ ਕੀਤਾ ਜਾਂਦਾ ਹੈ ?

(ਖ) ਅੱਜ-ਕੱਲ੍ਹ ਕੁੜੀਆਂ ਮਾਪਿਆਂ ਉੱਤੇ ਭਾਰ ਨਾ ਹੋਣ ਕਾਰਨ, ਉਹਨਾਂ ਦਾ ਘਰ ਵਿੱਚ ਕੀ ਸਥਾਨ ਬਣ ਗਿਆ ਹੈ ?

(ਗ) ਮੁੰਡੇ-ਕੁੜੀ ਦੇ ਜਵਾਨ ਹੋਣ 'ਤੇ ਵਿਆਹ ਤੋਂ ਪਹਿਲਾਂ ਕਿਹੜੀ ਰਸਮ ਕੀਤੀ ਜਾਂਦੀ ਹੈ ?

(ਘ) ਵਿਆਹ ਤੋਂ ਪਹਿਲਾਂ ਉਹ ਕਿਹੜੀ ਵੱਡੀ ਰੀਤ ਹੈ ਜਿਹੜੀ ਬੰਨੜੇ ਅਤੇ ਬੰਨੜੀ ਦੋਹਾਂ ਲਈ ਕੀਤੀ ਜਾਂਦੀ ਹੈ ?

(ਙ)ਸ਼ਗਨ ਪੁਆਉਣ ਵਾਲ਼ੀ ਕੁੜੀ ਲਈ ਲਾਲ ਪਰਾਂਦੀ ਕਿਸ ਚੀਜ਼ ਦੀ ਨਿਸ਼ਾਨੀ ਮੰਨੀ ਜਾਂਦੀ ਹੈ ?

(ਚ) ਹੰਗਾਮੇ ਸਮੇਂ ਕਿਹੜੀ ਰਸਮ ਕੀਤੀ ਜਾਂਦੀ ਹੈ ?

(ਛ) ਮੁਸਲਮਾਨ ਮਿਰਤਕ ਦੇਹ ਲਈ ਕਿਹੜੀ ਰਸਮ ਕਰਦੇ ਹਨ ?

(ਜ) ........................ ਤੋਂ ਪਿੱਛੋਂ ਅਰਥੀ ਨਾਲ਼ ਆਏ ਸਾਰੇ ਬੰਦੇ ........................ ਦੇ ਬਾਹਰ ਪਏ ........................ ਦੇ ਤੀਲ੍ਹਿਆਂ ਨੂੰ ਚਿਖਾ ਉੱਤੇ ਸੁੱਟਦੇ ਹਨ।

2. **'ਪੰਜਾਬ ਦੇ ਰਸਮ-ਰਿਵਾਜ' ਪਾਠ ਦੇ ਆਧਾਰ 'ਤੇ ਦੱਸੋ :**

(ੳ) ਮਨੁੱਖੀ ਜੀਵਨ ਵਿੱਚ ਰਸਮ-ਰਿਵਾਜਾਂ ਦਾ ਕੀ ਮਹੱਤਵ ਹੈ ?

(ਅ) ਰਸਮ-ਰਿਵਾਜਾਂ ਦੇ ਪੈਦਾ ਹੋਣ ਦੇ ਕੀ ਕਾਰਨ ਦੱਸੇ ਗਏ ਹਨ ?

(ੲ)ਪੰਜਾਬ ਵਿੱਚ ਜੀਵ ਦੇ ਜਨਮ ਨਾਲ਼ ਸੰਬੰਧਿਤ ਕਿਹੜੇ-ਕਿਹੜੇ ਰਸਮ-ਰਿਵਾਜ ਹਨ ?

(ਸ) ਪਹਿਲੇ ਸਮਿਆਂ ਵਿੱਚ ਮੁੰਡੇ ਅਤੇ ਕੁੜੀ ਦੇ ਜੰਮਣ 'ਤੇ ਰਸਮ-ਰਿਵਾਜਾਂ ਦੇ ਪੱਖ ਤੋਂ ਕੀ ਵਿਤਕਰਾ ਸੀ ? ਹੁਣ ਇਹ ਵਿਤਕਰਾ ਕਿਵੇਂ ਘਟ ਰਿਹਾ ਹੈ ?

(ਹ)ਪੰਜਾਬ ਵਿੱਚ ਵਿਆਹ ਦੇ ਰਸਮ-ਰਿਵਾਜ ਕਿਹੜੇ-ਕਿਹੜੇ ਸਨ ? ਹੁਣ ਇਹਨਾਂ ਵਿੱਚ ਕੀ ਤਬਦੀਲੀ ਆ ਰਹੀ ਹੈ ?

(ਕ) ਵਿਆਹ ਕੇ ਲਿਆਉਣ ਪਿੱਛੋਂ ਮੁੰਡੇ ਦੇ ਘਰ ਕਿਹੜੀਆਂ-ਕਿਹੜੀਆਂ ਰਸਮਾਂ ਹੁੰਦੀਆਂ ਹਨ ?

(ਖ) ਜੀਵ ਦੀ ਮੌਤ ਹੋਣ 'ਤੇ ਕਿਹੜੀਆਂ-ਕਿਹੜੀਆਂ ਰਸਮਾਂ ਹੁੰਦੀਆਂ ਹਨ ?

(ਗ) ਪੰਜਾਬ ਦੇ ਰਸਮ-ਰਿਵਾਜਾਂ ਦੇ ਪੱਖੋਂ ਵੱਖ-ਵੱਖ ਧਾਰਮਿਕ ਭਾਈਚਾਰਿਆਂ ਵਿੱਚ ਕੀ-ਕੀ ਭਿੰਨਤਾ ਹੈ ?

3. **'ਪੰਜਾਬ ਦੇ ਰਸਮ-ਰਿਵਾਜ' ਪਾਠ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।**

*******

ਲੇਖਕ ਬਾਰੇ

# ਸੁਖਦੇਵ ਮਾਦਪੁਰੀ

(1935-2020)

| | | |
|---|---|---|
| ਮਾਤਾ ਜੀ ਦਾ ਨਾਂ | : | ਸ੍ਰੀਮਤੀ ਸੁਰਜੀਤ ਕੌਰ |
| ਪਿਤਾ ਜੀ ਦਾ ਨਾਂ | : | ਸ. ਦਿਆ ਸਿੰਘ |
| ਜਨਮ-ਮਿਤੀ | : | 12 ਜੂਨ, 1935 |
| ਜਨਮ-ਜਥਾਨ | : | ਪਿੰਡ ਮਾਦਪੁਰ, ਜ਼ਿਲ੍ਹਾ ਲੁਧਿਆਣਾ |
| ਵਿੱਦਿਆ-ਪ੍ਰਾਪਤੀ | : | ਐੱਮ. ਏ. ਪੰਜਾਬੀ |
| ਕੰਮ-ਕਿੱਤਾ | : | ਅਧਿਆਪਨ, ਸਾਹਿਤਕਾਰੀ |

ਸ੍ਰੀ ਸੁਖਦੇਵ ਮਾਦਪੁਰੀ ਪੰਜਾਬੀ ਸੱਭਿਆਚਾਰ ਅਤੇ ਲੋਕ-ਸਾਹਿਤ ਨੂੰ ਪਰਨਾਈ ਹੋਈ ਸ਼ਖ਼ਸੀਅਤ ਹਨ। ਆਪ ਬਚਪਨ ਤੋਂ ਹੀ ਲੋਕ-ਸਾਹਿਤ ਨਾਲ਼ ਜੁੜੇ ਹੋਏ ਹਨ। ਆਪ ਨੇ ਪੰਜਾਬ ਦੇ ਪਿੰਡਾਂ ਵਿੱਚੋਂ ਬਜ਼ੁਰਗ ਔਰਤਾਂ, ਮਰਦਾਂ ਅਤੇ ਮੁਟਿਆਰਾਂ ਕੋਲ਼ ਜਾ ਕੇ ਸੈਂਕੜੇ ਲੋਕ-ਗੀਤਾਂ, ਲੋਕ-ਕਹਾਣੀਆਂ, ਅਖਾਣਾਂ, ਬੁਝਾਰਤਾਂ ਅਤੇ ਲੋਕ- ਖੇਡਾਂ ਨੂੰ ਦੇਖ ਕੇ, ਸੁਣ ਕੇ ਇਕੱਤਰ ਕੀਤਾ ਹੈ ਤੇ ਫਿਰ ਇਸ ਸਮਗਰੀ ਨੂੰ ਪੁਸਤਕਾਂ ਦੇ ਰੂਪ ਵਿੱਚ ਸੰਭਾਲ਼ਿਆ ਹੈ। ਇਸ ਤੋਂ ਇਲਾਵਾ ਆਪ ਵਰ੍ਹਿਆਂਬੱਧੀ 'ਪੰਜਾਬ ਸਕੂਲ ਸਿੱਖਿਆ ਬੋਰਡ' ਦੇ ਦੋ ਬਾਲ-ਰਿਸਾਲਿਆਂ 'ਪੰਖੜੀਆਂ' ਅਤੇ 'ਪ੍ਰਾਇਮਰੀ ਸਿੱਖਿਆ' ਦੇ ਸੰਪਾਦਕ ਵੀ ਰਹੇ । ਲੋਕ-ਖੇਡਾਂ ਬਾਰੇ ਆਪ ਦੀਆਂ ਦੋ ਪੁਸਤਕਾਂ "ਪੰਜਾਬ ਦੀਆਂ ਲੋਕ-ਖੇਡਾਂ" ਅਤੇ "ਪੰਜਾਬ ਦੀਆਂ ਵਿਰਾਸਤੀ ਖੇਡਾਂ" ਪ੍ਰਕਾਸ਼ਿਤ ਹੋ ਚੁੱਕੀਆਂ ਹਨ।

ਆਪ ਨੇ ਪੰਜਾਬੀ ਲੋਕ-ਸੰਸਕ੍ਰਿਤੀ ਅਤੇ ਸੱਭਿਆਚਾਰ ਬਾਰੇ ਤਿੰਨ ਦਰਜਨ ਤੋਂ ਵੱਧ ਪੁਸਤਕਾਂ ਲਿਖੀਆਂ। ਪੰਜਾਬੀ ਸੱਭਿਆਚਾਰ, ਲੋਕ-ਸਾਹਿਤ ਅਤੇ ਬਾਲ-ਸਾਹਿਤ ਦੇ ਖੇਤਰ ਵਿੱਚ ਪਾਏ ਯੋਗਦਾਨ ਸਦਕਾ ਆਪ ਨੂੰ ਪੰਜਾਬ ਸਰਕਾਰ ਨੇ "ਸ਼੍ਰੋਮਣੀ ਪੰਜਾਬੀ ਬਾਲ-ਸਾਹਿਤ ਲੇਖਕ", ਪ੍ਰੋ. ਮੋਹਨ ਸਿੰਘ ਮੈਮੋਰੀਅਲ ਫ਼ਾਊਂਡੇਸ਼ਨ, ਲੁਧਿਆਣਾ ਨੇ "ਦਵਿੰਦਰ ਸਤਿਆਰਥੀ ਪੁਰਸਕਾਰ" ਅਤੇ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਨੇ "ਕਰਤਾਰ ਸਿੰਘ ਧਾਲੀਵਾਲ ਪੁਰਸਕਾਰ" ਦੇ ਕੇ ਸਨਮਾਨਿਤ ਕੀਤਾ ਹੈ।

ਹਥਲੀ ਪਾਠ-ਪੁਸਤਕ ਵਿੱਚ ਆਪ ਦਾ ਲੇਖ "ਪੰਜਾਬ ਦੀਆਂ ਲੋਕ-ਖੇਡਾਂ" ਸ਼ਾਮਲ ਕੀਤਾ ਗਿਆ ਹੈ। ਇਸ ਲੇਖ ਰਾਹੀਂ ਜਿੱਥੇ ਆਪ ਨੇ ਮਨੁੱਖੀ ਜੀਵਨ ਵਿੱਚ ਲੋਕ-ਖੇਡਾਂ ਦੇ ਮਹੱਤਵ ਬਾਰੇ ਚਾਨਣਾ ਪਾਇਆ ਹੈ, ਉੱਥੇ ਲੋਕ-ਖੇਡਾਂ ਦੀ ਪਰਿਭਾਸ਼ਾ, ਲੱਛਣ, ਲੋਕ-ਖੇਡਾਂ ਦੀ ਵਰਗ-ਵੰਡ ਅਤੇ ਲੋਕ-ਖੇਡਾਂ ਖੇਡਣ ਦੀਆਂ ਵਿਧੀਆਂ ਬਾਰੇ ਭਰਪੂਰ ਚਰਚਾ ਕੀਤੀ ਹੈ। ਲੋਕ-ਖੇਡਾਂ ਰਾਹੀਂ ਸਾਡੇ ਸਮਾਜ ਵਿੱਚ ਪੈਂਦੀ ਭਾਈਚਾਰਿਕ ਸਾਂਝ ਨੂੰ ਵੀ ਉਜਾਗਰ ਕੀਤਾ ਹੈ।

# ਪੰਜਾਬ ਦੀਆਂ ਲੋਕ-ਖੇਡਾਂ

**ਲੋਕ-ਖੇਡਾਂ** ਪੰਜਾਬੀ ਲੋਕ-ਜੀਵਨ ਦਾ ਅਨਿੱਖੜਵਾਂ ਅੰਗ ਹਨ—ਇਹ ਪੇਂਡੂ ਲੋਕਾਂ ਦੇ ਮਨੋਰੰਜਨ ਦਾ ਮੁੱਖ ਸਾਧਨ ਰਹੀਆਂ ਹਨ।

ਖੇਡਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ। ਮਨੁੱਖ ਆਦਿ-ਕਾਲ ਤੋਂ ਹੀ ਖੇਡਦਾ ਆਇਆ ਹੈ। ਕੁਦਰਤ ਨੇ ਹਰ ਪ੍ਰਾਣੀ ਵਿੱਚ ਖੇਡਣ ਦਾ ਗੁਣ ਭਰਿਆ ਹੈ। ਆਪਣੇ ਜੁੱਸੇ, ਵਿੱਤ ਤੇ ਸੁਭਾਅ ਅਨੁਸਾਰ ਉਸ ਨੇ ਆਪੋ-ਆਪਣੀਆਂ ਖੇਡਾਂ ਦੀ ਸਿਰਜਣਾ ਕੀਤੀ ਹੈ। ਖੇਡਣਾ ਇੱਕ ਸਹਿਜ ਕਰਮ ਹੈ। ਇਹ ਮਨੁੱਖ ਦੇ ਸਰਬ-ਪੱਖੀ ਵਿਕਾਸ ਦਾ ਮਹੱਤਵਪੂਰਨ ਸ੍ਰੋਤ ਹਨ। ਬੱਚੇ ਦੇ ਜਨਮ ਲੈਣ ਨਾਲ਼ ਬੱਚੇ ਦੀ ਖੇਡ-ਪ੍ਰਕਿਰਿਆ ਅਰੰਭ ਹੋ ਜਾਂਦੀ ਹੈ, ਜਿਵੇਂ ਕੁਝ ਦਿਨਾਂ ਦਾ ਬੱਚਾ ਹੀ ਲੱਤਾ-ਬਾਂਹਾਂ ਮਾਰਨੀਆਂ ਸ਼ੁਰੂ ਕਰ ਦਿੰਦਾ ਹੈ। ਖੇਡ-ਰੁਚੀਆਂ ਹੀ ਬੱਚੇ ਦੇ ਸਰੀਰਿਕ, ਮਾਨਸਿਕ ਅਤੇ ਬੌਧਿਕ ਵਿਕਾਸ ਦੀਆਂ ਸੂਚਕ ਹਨ।

ਖੇਡਾਂ ਕੇਵਲ ਸਰੀਰਿਕ ਕਸਰਤ ਲਈ ਹੀ ਨਹੀਂ ਖੇਡੀਆਂ ਜਾਂਦੀਆਂ ਬਲਕਿ ਇਹ ਲੋਕਾਂ ਦੇ ਮਨੋਰੰਜਨ ਦਾ ਵੀ ਵਿਸ਼ੇਸ਼ ਸਾਧਨ ਹੁੰਦੀਆਂ ਹਨ। ਖੇਡਾਂ ਜਿੱਥੇ ਮਨੁੱਖ ਨੂੰ ਸਰੀਰਿਕ ਬਲ ਬਖ਼ਸ਼ਦੀਆਂ ਹਨ, ਉੱਥੇ ਰੂਹ ਨੂੰ ਵੀ ਅਕਹਿ ਖ਼ੁਸ਼ੀ ਅਤੇ ਖੇੜਾ ਪ੍ਰਦਾਨ ਕਰਦੀਆਂ ਹਨ ਜਿਸ ਨਾਲ਼ ਮਨੋਬਲ ਵਧਦਾ ਹੈ ਅਤੇ ਜੀਵਨ ਪ੍ਰਤਿ ਵਿਸ਼ਵਾਸ ਪਕੇਰਾ ਹੁੰਦਾ ਹੈ। ਇਸ ਤੋਂ ਇਲਾਵਾ ਜ਼ਿੰਦਗੀ ਦੀ ਦੌੜ ਵਿੱਚ ਹਰ ਪ੍ਰਕਾਰ ਦੀ ਸਥਿਤੀ ਦਾ ਮੁਕਾਬਲਾ ਕਰਨ ਦੀ ਸਮਰੱਥਾ ਪੈਦਾ ਹੁੰਦੀ ਹੈ। ਖੇਡਾਂ ਮਨੁੱਖ ਨੂੰ ਹਰ ਪ੍ਰਕਾਰ ਦੇ ਮੁਕਾਬਲੇ ਲਈ ਜੂਝਣ ਲਈ ਤਿਆਰ ਹੀ ਨਹੀਂ ਕਰਦੀਆਂ ਬਲਕਿ ਹਾਰਨ ਦੀ ਸੂਰਤ ਵਿੱਚ ਉਸ ਨੂੰ ਹਾਰ ਨੂੰ ਖਿੜੇ ਮੱਥੇ ਸਹਿਣ ਦੀ ਸ਼ਕਤੀ ਵੀ ਪ੍ਰਦਾਨ ਕਰਦੀਆਂ ਹਨ ਜਿਸ ਕਰਕੇ ਉਹ ਸਰੀਰ ਨੂੰ ਰਿਸ਼ਟ-ਪੁਸ਼ਟ, ਚੁਸਤ, ਫੁਰਤੀਲਾ ਅਤੇ ਸ਼ਕਤੀਸ਼ਾਲੀ ਵੀ ਬਣਾਉਂਦੀਆਂ ਹਨ। ਖੇਡਾਂ ਕੇਵਲ ਨੌਜਵਾਨਾਂ ਦੀ ਵਾਧੂ ਸਰੀਰਿਕ ਸ਼ਕਤੀ ਦਾ ਸਦਉਪਯੋਗ ਹੀ ਨਹੀਂ ਕਰਦੀਆਂ ਬਲਕਿ ਕਮਜ਼ੋਰ ਸਰੀਰਾਂ ਵਾਲ਼ਿਆਂ ਦੀ ਸਰੀਰਿਕ ਸ਼ਕਤੀ ਵਧਾਉਣ ਵਿੱਚ ਵੀ ਸਹਾਇਕ ਸਿੱਧ ਹੁੰਦੀਆਂ ਹਨ।

ਭਾਵੇਂ ਕਈ ਵਿਦਵਾਨ ਲੋਕ-ਖੇਡਾਂ ਨੂੰ ਮਨੋਰੰਜਨ ਦੇ ਸ਼ੁਗਲੀ ਸਾਧਨ ਮੰਨਦੇ ਹਨ ਪਰੰਤੂ ਖੇਡਾਂ ਦੇ ਆਪਣੇ ਵਿਲੱਖਣ ਪਛਾਣ-ਚਿੰਨ੍ਹ ਵੀ ਹਨ। ਸੋ, ਖੇਡਾਂ ਮਨੁੱਖ ਦੇ ਸਰੀਰਿਕ ਤੇ ਮਾਨਸਿਕ ਵਿਕਾਸ ਦੀ ਲੋੜ ਅਤੇ ਜੀਵਨ ਦੀਆਂ ਜ਼ਰੂਰੀ ਲੋੜਾਂ ਦੀ ਪੂਰਤੀ ਲਈ ਕੀਤੇ ਜਾਣ ਵਾਲ਼ੇ ਸਰਬ-ਕਾਜੀ ਅਤੇ ਸਰਬ-ਵਿਆਪੀ ਕਾਰਜ ਹਨ। ਇਸ ਲਈ ਖੇਡਾਂ ਦੀ ਜੀਵਨ-ਵਿਕਾਸ ਵਿੱਚ ਬੜੀ ਮਹੱਤਵਪੂਰਨ ਭੂਮਿਕਾ ਹੈ।

ਲੋਕ-ਖੇਡਾਂ ਵੀ ਪੰਜਾਬੀ ਲੋਕਧਾਰਾ ਦੇ ਹੋਰਨਾਂ ਅੰਗਾਂ; ਲੋਕ-ਕਹਾਣੀਆਂ, ਲੋਕ-ਗੀਤਾਂ, ਬੁਝਾਰਤਾਂ ਅਤੇ ਅਖਾਣਾਂ ਵਾਂਗ ਪੰਜਾਬੀ ਸੰਸਕ੍ਰਿਤੀ ਅਤੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹਨ, ਲੋਕ-ਖੇਡਾਂ ਸੈਂਕੜਿਆਂ ਦੀ ਗਿਣਤੀ ਵਿੱਚ ਉਪਲਬਧ ਹਨ ਜਿਨ੍ਹਾਂ ਵਿੱਚੋਂ ਪੰਜਾਬੀ ਸੱਭਿਆਚਾਰ ਦੀ ਝਲਕ ਸਾਫ਼ ਦਿਸ ਆਉਂਦੀ ਹੈ। ਪੰਜਾਬੀਆਂ ਦਾ ਸੁਭਾਅ, ਰਹਿਣ-ਸਹਿਣ, ਖਾਣ-ਪੀਣ ਅਤੇ ਨੈਤਿਕ ਕਦਰਾਂ-ਕੀਮਤਾਂ ਇਹਨਾਂ ਲੋਕ-ਖੇਡਾਂ ਵਿੱਚ ਓਤ-ਪੋਤ ਹਨ।

ਖੇਡ-ਗੀਤਾਂ, ਕਾਰਜ-ਵਿਧੀ ਅਤੇ ਸਮਾਜ ਤੋਂ ਪਛਾਣੀਆਂ ਜਾਣ ਵਾਲ਼ੀਆਂ ਇਹਨਾਂ ਖੇਡਾਂ ਨੂੰ ਲੋਕ-ਖੇਡਾਂ ਕਿਹਾ ਜਾਂਦਾ ਹੈ ਕਿਉਂਕਿ ਇਹਨਾਂ ਦਾ ਸੰਚਾਰ ਪੁਸ਼ਤ-ਦਰ-ਪੁਸ਼ਤ ਹੁੰਦਾ ਹੋਇਆ ਸਾਡੇ ਤੱਕ ਪੁੱਜਿਆ ਹੈ।

ਲੋਕ-ਖੇਡਾਂ ਦੀ ਖ਼ਾਸੀਅਤ ਇਹ ਹੈ ਕਿ ਇਹ ਕਿਸੇ ਕਰੜੇ ਨਿਯਮਾਂ ਅਧੀਨ ਨਹੀਂ ਖੇਡੀਆਂ ਜਾਂਦੀਆਂ। ਕੋਈ ਸਮਾਂ-ਸਥਾਨ ਵੀ ਨਿਸ਼ਚਿਤ ਨਹੀਂ, ਗਰਮੀਆਂ ਨੂੰ ਦੁਪਹਿਰਾਂ ਸਮੇਂ, ਰਾਤ ਨੂੰ ਚਾਨਣੀਆਂ ਰਾਤਾਂ ਵਿੱਚ, ਖੁੱਲ੍ਹਿਆਂ ਵਿਹੜਿਆਂ, ਗਲ਼ੀਆਂ, ਜੂਹਾਂ, ਟਾਹਲੀਆਂ, ਬਰੋਟਿਆਂ ਦੀਆਂ ਛਾਂਵਾਂ ਅਤੇ ਕਿਸੇ ਵੀ ਮੋਕਲ਼ੀ ਥਾਂ 'ਤੇ ਇਹ ਖੇਡੀਆਂ ਜਾਂਦੀਆਂ ਹਨ। ਲੋਕ-ਖੇਡਾਂ ਖੇਡਣ ਲਈ ਸਮਾਨ ਖ਼ਰੀਦਣ ਦੀ ਵੀ ਲੋੜ ਨਹੀਂ, ਸਥਾਨਿਕ ਉਪਲਬਧ ਸਮਗਰੀ ਤੋਂ ਹੀ ਕੰਮ ਸਾਰ ਲਿਆ ਜਾਂਦਾ ਹੈ।

ਬੱਚਿਆਂ ਵਿੱਚ ਸਦਭਾਵਨਾ, ਨੇਕ-ਨੀਅਤੀ, ਇਨਸਾਫ਼, ਭਾਈਵਾਲੀ ਅਤੇ ਮੁਕਾਬਲੇ ਦੀ ਭਾਵਨਾ ਵਰਗੇ ਨੈਤਿਕ ਗੁਣ ਇਹਨਾਂ ਖੇਡਾਂ ਦੁਆਰਾ ਹੀ ਪ੍ਰਵੇਸ਼ ਕਰਦੇ ਹਨ। ਬੱਚੇ ਆਮ ਕਰਕੇ ਛੂਹਣ ਵਾਲ਼ੀਆਂ ਖੇਡਾਂ ਖੇਡਦੇ ਹਨ। ਬੁੱਢੀ ਮਾਈ, ਭੰਡਾ- ਭੰਡਾਰੀਆ, ਊਠਕ-ਬੈਠਕ, ਊਚ-ਨੀਚ, ਕੋਟਲ਼ਾ-ਛਪਾਕੀ, ਦਾਈਆਂ-ਦੁੱਕੜੇ, ਬਾਂਦਰ-ਕੀਲਾ, ਕਿਣ-ਮਿਣ ਕਾਣੀ ਕੌਣ ਕਿਨਿਆ, ਸਮੁੰਦਰ ਤੇ ਮੱਛੀ, ਲੱਕੜ-ਕਾਠੀ, ਖ਼ਾਨ-ਘੋੜੀ, ਅੰਨ੍ਹਾ ਝੋਟਾ, ਗੁੱਲੀ-ਡੰਡਾ, ਪਿੱਠੂ, ਪੀਚੋ-ਬੱਕਰੀ, ਅੱਡੀ-ਛੜੱਪਾ, ਕੂਕਾਂ-ਕਾਂਗੜੇ, ਰੋੜੇ/ ਅਖਰੋਟ ਅਤੇ ਸੱਕਰ-ਭਿੱਜੀ ਆਦਿ। ਇਹ ਬੱਚਿਆਂ ਦੀਆਂ ਲੋਕ-ਖੇਡਾਂ ਹਨ।

ਖੇਡਣ ਸਮੇਂ ਕਿਸੇ ਨਾ ਕਿਸੇ ਨੇ ਦਾਈ ਜਾਂ ਮਿੱਤ ਦੇਣੀ ਹੁੰਦੀ ਹੈ। ਦਾਈ ਨੂੰ ਮੀੜ੍ਹੀ, ਮੀਟ੍ਹੀ, ਵਾਰੀ ਅਤੇ ਪਿੱਤ ਵੀ ਆਖਦੇ ਹਨ। ਦਾਈ ਦੇ ਸਥਾਨਿਕ ਤੌਰ 'ਤੇ ਨਾਂ ਵੱਖਰੇ-ਵੱਖਰੇ ਹਨ। ਸਭ ਤੋਂ ਪਹਿਲਾਂ ਦਾਈ ਕੌਣ ਦੇਵੇ ? ਇਸ ਦੇ ਲਈ ਪੁੱਗਣ ਦਾ ਨਿਯਮ ਇਹ ਹੈ-ਖੇਡਣ ਵਾਲ਼ੇ ਸਾਰੇ ਬੱਚੇ ਇੱਕ ਗੋਲ਼ ਚੱਕਰ ਬਣਾ ਕੇ ਖੜ੍ਹੇ ਹੋ ਜਾਂਦੇ ਹਨ। ਉਹਨਾਂ ਵਿੱਚੋਂ ਇੱਕ ਜਣਾ 'ਕੱਲੇ-'ਕੱਲੇ ਬੱਚੇ ਦੀ ਛਾਤੀ 'ਤੇ ਆਪਣੀ ਉਂਗਲ਼ ਛੁਹਾਉਂਦਾ ਹੋਇਆ ਇਹ ਛੰਦ ਉਚਾਰਦਾ ਹੈ—

"ਈਂਗਣ-ਮੀਂਗਣ ਤਲ਼ੀ-ਤਲੀਂਗਣ
ਕਾਲ਼ਾ ਪੀਲ਼ਾ ਡੱਕਰਾ
ਗੁੜ ਖਾਵਾਂ ਵੇਲ ਵਧਾਵਾਂ
ਮੂਲ਼ੀ ਪੱਤਰਾ
ਪੱਤਰਾਂ ਵਾਲ਼ੇ ਘੋੜੇ ਆਏ
ਹੱਥ ਕੁਤਾੜੀ ਪੈਰ ਕੁਤਾੜੀ
ਨਿਕਲ਼ ਬਾਲਿਆ ਤੇਰੀ ਵਾਰੀ ਆਈ ਐ।"

ਆਖ਼ਰੀ ਸ਼ਬਦ 'ਤੇ ਹੱਥ ਲੱਗਣ ਵਾਲ਼ਾ ਪੁੱਗ ਜਾਂਦਾ ਹੈ। ਇਸ ਤਰ੍ਹਾਂ ਵਾਰ- ਵਾਰ ਇਹ ਛੰਦ ਬੋਲਿਆ ਜਾਂਦਾ ਹੈ। ਪੁੱਗਣ ਲਈ ਇੱਕ ਹੋਰ ਰੀਤ ਵੀ ਹੈ। ਜਿੰਨੇ ਬੱਚੇ ਖੇਡਣਾ ਚਾਹੁਣ ਉਹ ਆਪੋ-ਆਪਣੇ ਹੱਥਾਂ ਦੀਆਂ ਉਂਗਲ਼ਾਂ ਨਾਲ਼ ਦੂਜੇ ਬੱਚੇ ਦਾ ਹੱਥ ਫੜ ਕੇ ਅਤੇ ਹੱਥਾਂ ਨੂੰ ਹਵਾ ਵਿੱਚ ਉਛਾਲ਼ ਕੇ ਆਪਣੇ-ਆਪਣੇ ਹੱਥ ਪੁੱਠੇ-ਸਿੱਧੇ ਰੱਖਦੇ ਹਨ। ਫ਼ਰਜ਼ ਕਰੋ, ਤਿੰਨ ਪੁੱਗਣ ਵਾਲ਼ੇ ਬੱਚੇ ਹਨ। ਜੇਕਰ ਤਿੰਨਾਂ ਵਿੱਚੋਂ ਦੋ ਦੇ ਹੱਥ ਪੁੱਠੇ ਅਤੇ ਇੱਕ ਦਾ ਹੱਥ ਸਿੱਧਾ ਹੋਵੇ ਤਾਂ ਸਿੱਧੇ ਹੱਥਾਂ ਵਾਲ਼ਾ ਬੱਚਾ ਪੁੱਗਿਆ ਸਮਝਿਆ ਜਾਵੇਗਾ। ਇਸ ਤਰ੍ਹਾਂ ਬੱਚੇ ਵਾਰੋ-ਵਾਰੀ ਪੁੱਗਦੇ ਹਨ। ਜਿਹੜਾ ਪੁੱਗ ਗਿਆ, ਉਸ ਦੀ ਥਾਂ ਹੋਰ ਖੇਡਣ ਵਾਲ਼ਾ ਬੱਚਾ ਆ ਕੇ ਹੱਥ ਫੜਦਾ ਹੈ। ਇਸ ਤਰ੍ਹਾਂ ਜਦੋਂ ਸਾਰੇ ਬੱਚੇ ਪੁੱਗ ਜਾਂਦੇ ਹਨ ਤਦ ਜਿਹੜਾ ਬੱਚਾ ਪਿੱਛੇ ਰਹਿ ਜਾਂਦਾ ਹੈ ਉਸ ਦੇ ਸਿਰ ਦਾਈ ਆ ਜਾਂਦੀ ਹੈ।

ਕਈ ਲੋਕ-ਖੇਡਾਂ ਜਿਵੇਂ ਕਬੱਡੀ, ਰੱਸਾ-ਕਸ਼ੀ, ਸੱਕਰ-ਭਿੱਜੀ, ਨੂਣ-ਮਿਆਣੀ, ਕੂਕਾਂ-ਕਾਂਗੜੇ ਤੇ ਟਿਬਲਾ-ਟਿਬਲੀ ਆਦਿ ਟੋਲੀਆਂ ਬਣਾ ਕੇ ਖੇਡੀਆਂ ਜਾਂਦੀਆਂ ਹਨ ਪਰ ਕਈ ਵਾਰ ਇਹ ਟੋਲੀਆਂ ਸਹੀ ਢੰਗ ਨਾਲ਼ ਨਹੀਂ ਬਣਦੀਆਂ। ਚੋਣ ਸਮੇਂ ਝਗੜਾ ਹੋ ਜਾਣ ਦਾ ਡਰ ਰਹਿੰਦਾ ਹੈ।

ਟੋਲੀਆਂ ਦੀ ਚੋਣ ਲਈ ਵੀ ਉਹਨਾਂ ਨਿਯਮ ਬਣਾਇਆ ਹੋਇਆ ਹੈ ਜਿਸ ਨੂੰ 'ਆੜੀ ਮੜਿੱਕਣਾ' ਆਖਦੇ ਹਨ।

ਜਿੰਨੇ ਬੱਚੇ ਖੇਡਣਾ ਚਾਹੁਣ, ਉਹ ਇੱਕ ਥਾਂ ਇਕੱਠੇ ਹੋ ਕੇ ਬੈਠ ਜਾਂਦੇ ਹਨ। ਉਹਨਾਂ ਵਿੱਚੋਂ ਦੋ ਜਣੇ ਇੱਕ-ਇੱਕ ਟੋਲੀ ਦਾ ਮੁਖੀ ਬਣ ਜਾਂਦੇ ਹਨ ਤੇ ਇੱਕ ਪਾਸੇ ਹੋ ਕੇ ਬੈਠ ਜਾਂਦੇ ਹਨ। ਬਾਕੀ ਬੱਚਿਆਂ ਵਿੱਚੋਂ ਦੋ ਬੱਚੇ ਥੋੜ੍ਹੀ ਦੂਰ ਜਾਂਦੇ ਹਨ ਤੇ ਆਪਣੇ-ਆਪਣੇ ਫ਼ਰਜ਼ੀ ਨਾਂ ਰੱਖਦੇ ਹਨ। ਫ਼ਰਜ਼ੀ ਨਾਂ ਵਾਲ਼ੇ ਬੱਚੇ ਗਲਵੱਕੜੀ ਪਾਈ ਆਉਂਦੇ ਹਨ ਤੇ ਟੋਲੀਆਂ ਦੇ ਮੁਖੀਆਂ ਨੂੰ ਬੋਲ ਕੇ ਪੁੱਛਦੇ ਹਨ। ਫ਼ਰਜ਼ ਕਰੋ ਕਿ ਇੱਕ ਦਾ ਨਾਂ ਚਾਂਦੀ ਹੈ ਤੇ ਦੂਜੇ ਦਾ ਸੋਨਾ ਤਾਂ ਉਹ ਦੋਵੇਂ ਇਕੱਠੇ ਪੁੱਛਣਗੇ :

"ਕੋਈ ਲੈ ਲਓ ਚਾਂਦੀ, ਕੋਈ ਲੈ ਲਓ ਸੋਨਾ"

ਇੱਕ ਟੋਲੀ ਦਾ ਮੁਖੀ ਚਾਂਦੀ ਮੰਗ ਲੈਂਦਾ ਹੈ ਤੇ ਚਾਂਦੀ ਬਣਿਆ ਬੱਚਾ ਉਸ ਦੀ ਟੋਲੀ ਵਿੱਚ ਜਾ ਬੈਠਦਾ ਹੈ ਤੇ ਦੂਜਾ ਸੋਨਾ, ਦੂਜੀ ਟੋਲੀ ਦੇ ਮੁਖੀ ਕੋਲ਼ ਚਲਿਆ ਜਾਂਦਾ ਹੈ। ਇਸ ਤਰ੍ਹਾਂ ਵਾਰੋ-ਵਾਰੀ ਚੋਣ ਕਰਵਾਉਂਦੇ ਹਨ। ਚੋਣ ਕਰਨ ਦੀ ਰੀਤੀ ਬੜੀ ਦਿਲਚਸਪ ਹੁੰਦੀ ਹੈ।

ਪੁੱਗਣ ਅਤੇ ਆੜੀ ਮੜਿੱਕਣ ਭਾਵ ਆੜੀ ਚੁਣਨ ਸਮੇਂ ਦੇ ਗੀਤ ਵੀ ਪ੍ਰਚਲਿਤ ਹਨ ਜਿਨ੍ਹਾਂ ਨੂੰ ਬੱਚੇ ਬੜੇ ਠਹਿਰਾਅ ਨਾਲ਼ ਗਾਉਂਦੇ ਹਨ—

ਉੱਕੜ-ਟੁੱਕੜ ਭੱਬਾ ਭੌ,
ਅੱਸੀ, ਨੱਬੇ ਪੂਰਾ ਸੌ।
ਸੌ ਗਲੋਟਾ ਤਿੱਤਰ ਮੋਟਾ,
ਚੱਲ ਮਦਾਰੀ ਪੈਸਾ ਖੋਟਾ।
ਖੋਟੇ ਦੀ ਖੁਟਿਆਈ,
ਬੇਬੇ ਦੌੜੀ-ਦੌੜੀ ਆਈ।

———

ਪਹਿਲਾ ਰਾਣਾ ਦੂਜਾ ਕਾਣਾ
ਤੀਜਾ ਸਭ ਤੋਂ ਸਿਆਣਾ
ਚੌਥਾ ਫੁੱਲ ਗੁਲਾਬ ਦਾ
ਪੰਜਵਾਂ ਮੱਖੀਆਂ ਮਾਰਦਾ।

———

ਖੂਹ ਵਿੱਚ ਪਪੀਤਾ
ਕੋਈ ਮੰਗੇ ਰਾਮ
ਕੋਈ ਮੰਗੇ ਸੀਤਾ।

———

ਇੱਕਮ-ਇੱਕਮ ਛਈਆ ਛੋ
ਜੀਵੇ ਥੋਡਾ ਮਾਂ-ਪਿਓ
ਖੂਹ ਵਿੱਚ ਮਾਰੀ ਪਾਥੀ

ਕੋਈ ਲਓ ਸ਼ੇਰ
ਕੋਈ ਲਓ ਹਾਥੀ।

ਖੇਡ ਸਮੇਂ ਛੂਹੇ ਜਾਣ 'ਤੇ ਜੇਕਰ ਕੋਈ ਬੱਚਾ ਆਪਣੀ ਦਾਈ ਜਾਂ ਮੀਤੀ ਨਾ ਦੇਵੇ ਤਾਂ ਇਹ ਸਮਝਿਆ ਜਾਂਦਾ ਹੈ ਕਿ ਉਸ ਦੇ ਸਿਰ ਰੱਬ ਦਾ ਭਾਰ ਚੜ੍ਹੇਗਾ। ਜੇਕਰ ਕੋਈ ਬੱਚਾ ਆਪਣੀ ਮਿੱਤ ਵਿਚਾਲ਼ੇ ਛੱਡ ਕੇ ਭੱਜਦਾ ਹੈ ਤਾਂ ਦੂਜੇ ਬੱਚੇ ਇਹ ਗੀਤ ਗਾਉਂਦੇ ਹੋਏ ਉਹਦੇ ਘਰ ਤੱਕ ਜਾਂਦੇ ਹਨ—

ਸਾਡੀ ਮਿੱਤ ਦੱਬਣਾ
ਘਰ ਦੇ ਚੂਹੇ ਚੱਬਣਾ
ਇੱਕ ਚੂਹਾ ਰਹਿ ਗਿਆ
ਸਿਪਾਹੀ ਫੜ ਕੇ ਲੈ ਗਿਆ
ਸਿਪਾਹੀ ਨੇ ਮਾਰੀ ਇੱਟ
ਚਾਹੇ ਰੋ ਚਾਹੇ ਪਿੱਟ।

ਪੁਰਾਤਨ ਕਾਲ ਤੋਂ ਹੀ ਲੋਕ-ਖੇਡਾਂ ਪੇਂਡੂ ਲੋਕਾਂ ਦੇ ਮਨੋਰੰਜਨ ਦਾ ਮੁੱਖ ਸਾਧਨ ਰਹੀਆਂ ਹਨ। ਇਹ ਹਰ ਪਿੰਡ ਦਾ ਵਿਸ਼ੇਸ਼ ਹਿੱਸਾ ਹੋਇਆ ਕਰਦੀਆਂ ਸਨ। ਇਹਨਾਂ ਦੇ ਪਿੜ ਪਿੰਡ ਦੀ ਜੂਹ ਵਿੱਚ ਆਥਣ ਸਮੇਂ ਜੁੜਿਆ ਕਰਦੇ ਸਨ। ਸਾਰੇ ਪਿੰਡ ਦੇ ਬੱਚਿਆਂ ਨੇ ਰਲ਼ ਕੇ ਖੇਡਣਾ, ਕੋਈ ਜਾਤ-ਪਾਤ ਨਹੀਂ, ਉਚ-ਨੀਚ ਨਹੀਂ, ਅਮੀਰੀ-ਗ਼ਰੀਬੀ ਦਾ ਪਾੜਾ ਨਹੀਂ। ਸਾਰੇ ਰਲ਼ ਕੇ ਇਹਨਾਂ ਦਾ ਅਨੰਦ ਮਾਣਦੇ ਸਨ। ਭਾਈਚਾਰਿਕ ਸਾਂਝ ਏਨੀ ਸੀ ਕਿ ਸਾਰੇ ਪਿੰਡ ਨੇ ਰਲ਼ ਕੇ ਖਿਡਾਰੀਆਂ ਦੀਆਂ ਖ਼ੁਰਾਕਾਂ ਦਾ ਪ੍ਰਬੰਧ ਕਰਨਾ। ਦੇਸੀ ਘਿਓ ਦੇ ਪੀਪਿਆਂ ਦੇ ਪੀਪੇ ਖਿਡਾਰੀਆਂ ਨੂੰ ਖਾਣ ਨੂੰ ਦਿੱਤੇ ਜਾਂਦੇ ਸਨ। ਇਹ ਗੱਭਰੂ ਵੀ ਤਾਂ ਸਾਰੇ ਪਿੰਡ ਦਾ ਮਾਣ ਹੋਇਆ ਕਰਦੇ ਸਨ। ਮੇਲਿਆਂ-ਮੁਸਾਹਵਿਆਂ 'ਤੇ ਕਿਸੇ ਨੇ ਪਹਿਲਵਾਨੀ ਵਿੱਚ ਪਿੰਡ ਦਾ ਨਾਂ ਚਮਕਾਉਣਾ, ਕਿਸੇ ਬੋਰੀ ਚੁੱਕਣ ਵਿੱਚ ਨਾਂ ਕੱਢਣਾ, ਕਿਸੇ ਮੁੰਗਲ਼ੀਆਂ ਫੇਰਨ ਵਿੱਚ ਬਾਜ਼ੀ ਜਿੱਤਣੀ। ਰੱਸਾ-ਕਸ਼ੀ ਤੇ ਕਬੱਡੀ ਦੀਆਂ ਟੀਮਾਂ ਨੇ ਪਿੰਡ ਨੂੰ ਪ੍ਰਸਿੱਧੀ ਦਿਵਾਉਣੀ। ਇਹ ਖਿਡਾਰੀ ਆਪਣੇ ਸਰੀਰਾਂ ਨੂੰ ਖੇਡਾਂ ਦੇ ਹਾਣ ਦਾ ਰੱਖਣ ਲਈ ਨਸ਼ਿਆਂ ਨੂੰ ਨੇੜੇ ਨਹੀਂ ਸਨ ਢੁੱਕਣ ਦਿੰਦੇ। ਸਮੁੱਚੇ ਪਿੰਡ ਦੀ ਸ਼ਾਨ ਲਈ ਰਲ਼ ਕੇ ਰਹਿੰਦੇ ਸਨ, ਪਿਆਰ ਨਾਲ਼ ਖੇਡਦੇ ਸਨ। ਚੰਗੀ ਖੇਡ ਖੇਡਣਾ ਹੀ ਇਹਨਾਂ ਦਾ ਮਨੋਰਥ ਹੋਇਆ ਕਰਦਾ ਸੀ। ਇਹ ਲੋਕ-ਖੇਡਾਂ ਹੀ ਸਨ ਜਿਹੜੀਆਂ ਪਿੰਡਾਂ ਦੇ ਯੁਵਕਾਂ/ਨੌਜਵਾਨਾਂ ਨੂੰ ਆਹਰੇ ਲਾਈ ਰੱਖਦੀਆਂ ਸਨ ਤੇ ਕੁਰਾਹੇ ਪੈਣ ਤੋਂ ਰੋਕਦੀਆਂ ਸਨ।

'ਕੁਸ਼ਤੀਆਂ' ਪੁਰਾਤਨ ਸਮੇਂ ਤੋਂ ਹੀ ਪੰਜਾਬੀਆਂ ਲਈ ਖਿੱਚ-ਭਰਪੂਰ ਰਹੀਆਂ ਹਨ। ਪਿੰਡਾਂ ਵਿੱਚ ਹਰ ਵਰ੍ਹੇ ਪੈਂਦੀਆਂ ਪਹਿਲਵਾਨਾਂ ਦੀਆਂ ਛਿੰਝਾਂ ਅਤੇ ਮੇਲਿਆਂ ਉੱਤੇ ਜੁੜਦੇ ਕੁਸ਼ਤੀਆਂ ਦੇ ਦੰਗਲ਼ ਪੇਂਡੂ ਲੋਕਾਂ ਨੂੰ ਵਧੇਰੇ ਸਾਹਸ ਪ੍ਰਦਾਨ ਕਰਦੇ ਰਹੇ ਹਨ। ਇਹਨਾਂ ਛਿੰਝਾਂ ਸਦਕਾ ਹੀ ਪੰਜਾਬੀ ਗੱਭਰੂ ਆਪਣੇ ਸਰੀਰਾਂ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਉਤਸ਼ਾਹ ਪ੍ਰਾਪਤ ਕਰਦੇ ਰਹੇ ਹਨ। ਇਹੋ ਕਾਰਨ ਹੈ ਕਿ ਪੰਜਾਬ ਦੀ ਧਰਤੀ ਨੇ ਗਾਮਾ, ਗੂੰਗਾ, ਮੇਹਰਦੀਨ, ਕੇਸਰ ਸਿੰਘ, ਦਾਰਾ ਸਿੰਘ ਅਤੇ ਕਿੱਕਰ ਸਿੰਘ ਵਰਗੇ ਜਗਤ-ਪ੍ਰਸਿੱਧ ਪਹਿਲਵਾਨ ਪੈਦਾ ਕੀਤੇ ਹਨ ਜਿਨ੍ਹਾਂ ਨੇ ਪਹਿਲਵਾਨੀ ਦੇ ਖੇਤਰ ਵਿੱਚ ਸੰਸਾਰ ਭਰ ਵਿੱਚ ਉੱਚੀਆਂ ਜਿੱਤਾਂ ਪ੍ਰਾਪਤ ਕਰ ਕੇ ਪੰਜਾਬੀਆਂ ਦਾ ਨਾਂ ਰੋਸ਼ਨ ਕੀਤਾ ਹੈ।

'ਕਬੱਡੀ' ਪੰਜਾਬੀਆਂ ਦੀ ਰਾਸ਼ਟਰੀ ਖੇਡ ਹੈ ਜਿਸ ਰਾਹੀਂ ਉਹਨਾਂ ਦੇ ਸੁਭਾਅ ਅਤੇ ਸਰੀਰਿਕ ਬਲ ਦਾ ਪ੍ਰਗਟਾਵਾ ਹੁੰਦਾ ਹੈ। ਲੰਮੀ ਕੌਡੀ, ਗੂੰਗੀ ਕੌਡੀ ਅਤੇ ਸੌਂਚੀ ਪੱਕੀ ਆਦਿ ਕਬੱਡੀ ਦੀਆਂ ਕਿਸਮਾਂ ਬੜੀਆਂ ਹਰਮਨ-ਪਿਆਰੀਆਂ ਰਹੀਆਂ ਹਨ। ਅੱਜ-ਕੱਲ੍ਹ ਇਹ ਕੌਡੀਆਂ ਖੇਡੀਆਂ ਨਹੀਂ ਜਾਂਦੀਆਂ, ਇਹਨਾਂ ਦੀ ਥਾਂ ਨੈਸ਼ਨਲ ਸਟਾਈਲ ਕਬੱਡੀ ਨੇ ਲੈ ਲਈ ਹੈ।

'ਸੌਂਚੀ ਪੱਕੀ' ਪੰਜਾਬੀ ਜੁਆਨਾਂ ਦੀ ਮਨਪਸੰਦ ਖੇਡ ਰਹੀ ਹੈ। ਮੇਲਿਆਂ-ਮੁਸਾਹਵਿਆਂ 'ਤੇ ਆਮ ਕਰਕੇ ਅਤੇ ਛਪਾਰ ਦੇ ਮੇਲੇ 'ਤੇ ਖ਼ਾਸ ਕਰਕੇ ਸੌਂਚੀ ਪੱਕੀ ਦੇ ਮੁਕਾਬਲੇ ਹੋਇਆ ਕਰਦੇ ਸਨ ਜਿਨ੍ਹਾਂ ਨੂੰ ਦਰਸ਼ਕ ਬੜੇ ਉਤਸ਼ਾਹ ਨਾਲ਼ ਵੇਖ ਕੇ ਅਨੰਦ ਮਾਣਦੇ ਸਨ। ਇਸ ਖੇਡ ਰਾਹੀਂ ਗੱਭਰੂ ਆਪਣੇ ਸਰੀਰਿਕ ਬਲ ਦਾ ਪ੍ਰਗਟਾਵਾ ਕਰਦੇ ਸਨ। ਇਹ ਖੇਡ ਕਿਸੇ ਹੱਦ ਤੱਕ ਬੌਕਸਿੰਗ ਨਾਲ਼ ਮਿਲ਼ਦੀ-ਜੁਲ਼ਦੀ ਖੇਡ ਹੈ।

'ਖਿੱਦੋ-ਖੂੰਡੀ' ਅਤੇ 'ਲੂਣ-ਤੇਲ ਲੱਲ੍ਹੇ' ਬੜੀਆਂ ਰੋਚਕ ਖੇਡਾਂ ਰਹੀਆਂ ਹਨ। ਲੀਰਾਂ ਦੀਆਂ ਖਿੱਦੋਆਂ ਅਤੇ ਕਿੱਕਰਾਂ-ਬੇਰੀਆਂ ਦੇ ਖੂੰਡਿਆਂ ਨਾਲ਼ ਇਹ ਖੇਡਾਂ ਖੇਡੀਆਂ ਜਾਂਦੀਆਂ ਸਨ। ਖਿੱਦੋ-ਖੂੰਡੀ ਦੀ ਥਾਂ ਹੁਣ ਹਾਕੀ ਨੇ ਮੱਲ ਲਈ ਹੈ ਅਤੇ ਲੂਣ-ਤੇਲ-ਲੱਲ੍ਹੇ ਕ੍ਰਿਕਟ ਵਿੱਚ ਜਾ ਸਮੋਏ ਹਨ।

'ਲੱਲ੍ਹਿਆਂ' ਦੀ ਖੇਡ ਪਿੰਡੋਂ ਬਾਹਰ ਕਿਸੇ ਮੋਕਲ਼ੀ ਜਿਹੀ ਥਾਂ 'ਤੇ ਖੇਡੀ ਜਾਂਦੀ ਸੀ। ਖਿਡਾਰੀਆਂ ਦੀ ਗਿਣਤੀ ਨਿਸ਼ਚਿਤ ਨਹੀਂ ਸੀ ਹੁੰਦੀ। ਇਹ ਬੜੀ ਫੁਰਤੀ ਨਾਲ਼ ਅਤੇ ਚੁਕੰਨਿਆਂ ਹੋ ਕੇ ਖੇਡੀ ਜਾਂਦੀ ਸੀ। ਸਾਰੇ ਖਿਡਾਰੀ ਤਿੰਨ-ਤਿੰਨ ਚਾਰ-ਚਾਰ ਮੀਟਰ ਦੇ ਫ਼ਾਸਲੇ 'ਤੇ ਤਿੰਨ-ਚਾਰ ਇੰਚ ਲੰਮੇ, ਚੌੜੇ ਤੇ ਡੂੰਘੇ ਟੋਏ ਪੁੱਟਦੇ, ਜਿਨ੍ਹਾਂ ਨੂੰ ਲੱਲ੍ਹੇ ਆਖਦੇ ਹਨ। ਇਹਨਾਂ ਲੱਲ੍ਹਿਆਂ ਵਿੱਚ ਉਹ ਆਪਣੇ ਖੂੰਡਿਆਂ ਦੇ ਬਲ ਖੜ੍ਹੋ ਜਾਂਦੇ। ਲੀਰਾਂ ਦੀ ਬਣੀ ਖਿੱਦੋ ਨੂੰ ਇੱਕ ਜਣਾ ਜ਼ੋਰ ਨਾਲ਼ ਟੱਲਾ ਮਾਰਦਾ ਤੇ ਦਾਈ ਵਾਲ਼ਾ ਖਿੱਦੋ ਨੂੰ ਨੱਸ ਕੇ ਫੜਦਾ ਤੇ ਨੇੜੇ ਦੇ ਖਿਡਾਰੀ ਦੇ ਜ਼ੋਰ ਨਾਲ਼ ਮਾਰਦਾ। ਜੇਕਰ ਕਿਸੇ ਖਿਡਾਰੀ ਨੂੰ ਖਿੱਦੋ ਛੂਹ ਜਾਂਦੀ ਤਾਂ ਉਸ ਦੇ ਸਿਰ ਦਾਈ ਆ ਜਾਂਦੀ ਤੇ ਉਹ ਆਪਣਾ ਖੂੰਡਾ ਅਤੇ ਲੱਲ੍ਹਾ ਦਾਈ ਵਾਲ਼ੇ ਨੂੰ ਫੜਾ ਕੇ ਦਾਈ ਦਿੰਦਾ। ਇਸ ਖੇਡ ਨੂੰ ਮਘਾਈ ਰੱਖਣ ਲਈ ਖਿਡਾਰੀ ਆਪਣੇ ਲੱਲ੍ਹੇ ਛੱਡ ਕੇ ਖਿੱਦੋ ਮਗਰ ਦੌੜਦੇ। ਜੇਕਰ ਦਾਈ ਵਾਲ਼ਾ ਕਿਸੇ ਖ਼ਾਲੀ ਲੱਲ੍ਹੇ ਵਿੱਚ ਪੈਰ ਪਾ ਦੇਂਦਾ ਤਾਂ ਲੱਲ੍ਹੇ ਵਾਲ਼ੇ ਦੇ ਸਿਰ ਦਾਈ ਆ ਜਾਂਦੀ ਤੇ ਉਹ ਉਸ ਦਾ ਖੂੰਡਾ ਫੜ ਕੇ ਖੇਡਣ ਲੱਗ ਜਾਂਦਾ। ਇਹ ਖੇਡ ਵੀ ਹੁਣ ਕਿਧਰੇ ਨਹੀਂ ਖੇਡੀ ਜਾਂਦੀ।

'ਅੱਡੀ-ਛੜੱਪਾ' ਜਾਂ ਅੱਡੀ-ਟੱਪਾ ਕੁੜੀਆਂ ਦੀ ਬੜੀ ਹਰਮਨ-ਪਿਆਰੀ ਖੇਡ ਹੈ। ਇਸ ਖੇਡ ਨੂੰ ਦੋ ਟੋਲੀਆਂ ਖੇਡਦੀਆਂ ਹਨ। ਹਰ ਟੋਲੀ ਵਿੱਚ ਚਾਰ-ਪੰਜ ਕੁੜੀਆਂ ਹੁੰਦੀਆਂ ਹਨ। ਇਸ ਖੇਡ ਰਾਹੀਂ ਕੁੜੀਆਂ ਦੌੜਨ, ਉੱਚੀਆਂ ਛਾਲ਼ਾਂ ਮਾਰਨ ਅਤੇ ਆਪਣੇ ਸਰੀਰ ਨੂੰ ਜ਼ਬਤ ਵਿੱਚ ਰੱਖਣ ਦਾ ਅਭਿਆਸ ਕਰਦੀਆਂ ਹਨ।

'ਸੱਕਰ ਭਿੱਜੀ' ਮੁੰਡੇ-ਕੁੜੀਆਂ ਦੀ ਹਰਮਨ-ਪਿਆਰੀ ਖੇਡ ਹੈ। ਇਹ ਦੋ ਟੋਲੀਆਂ ਬਣਾ ਕੇ ਖੇਡੀ ਜਾਂਦੀ ਹੈ। ਇੱਕ ਟੋਲੀ ਵਿੱਚ ਚਾਰ-ਪੰਜ ਖਿਡਾਰੀ ਹੁੰਦੇ ਹਨ। ਜਿਸ ਟੋਲੀ ਦੀ ਵਾਰੀ ਹੋਵੇ ਉਹ ਇੱਕ-ਦੂਜੇ ਦਾ ਲੱਕ ਫੜ ਕੇ ਕੁੱਬੇ ਹੋ ਕੇ ਖਲੋ ਜਾਂਦੇ ਹਨ। ਇਸ ਟੋਲੀ ਦਾ ਮੂਹਰਲਾ ਬੱਚਾ ਆਸਰੇ ਲਈ ਕਿਸੇ ਦਰਖ਼ਤ ਜਾਂ ਕੰਧ ਆਦਿ ਨੂੰ ਹੱਥ ਪਾਉਂਦਾ ਹੈ। ਆਸਰੇ ਲਈ ਜੇ ਦੋਵੇਂ ਚੀਜ਼ਾਂ ਨਾ ਹੋਣ ਤਾਂ ਆਪਣੇ ਗੋਡਿਆਂ 'ਤੇ ਹੀ ਹੱਥ ਰੱਖ ਕੇ ਖਲੋ ਜਾਂਦਾ ਹੈ।

ਦੂਜੀ ਟੋਲੀ ਦੇ ਖਿਡਾਰੀਆਂ ਵਿੱਚੋਂ ਇੱਕ ਜਣਾ ਦੂਰੋਂ ਦੌੜ ਕੇ ਬਲ਼ੂਕੀ ਮਾਰ ਕੇ ਝੁਕੇ ਹੋਏ ਕਤਾਰ ਵਿੱਚ ਖੜ੍ਹੋਤੇ ਖਿਡਾਰੀਆਂ ਦੀ ਪਿੱਠ ਉੱਤੇ ਬੈਠਦਾ ਹੈ। ਇਸ ਤਰ੍ਹਾਂ ਸਾਰੇ ਖਿਡਾਰੀ ਲੰਬੀ ਘੋੜੀ (ਬੋਚੀ) ਤੇ ਚੜ੍ਹਦੇ ਹਨ। ਜਦੋਂ ਸਾਰੇ ਚੜ੍ਹ ਜਾਣ ਤਾਂ ਉਹ ਵੀ ਇੱਕ-ਦੂਜੇ ਦਾ ਲੱਕ ਫੜਦੇ ਹਨ ਅਤੇ ਆਪਣੀਆਂ ਟੰਗਾਂ ਹੇਠਲੇ ਖਿਡਾਰੀਆਂ ਦੇ ਢਿੱਡਾਂ ਦੁਆਲ਼ੇ ਵਲ਼ਦੇ ਹਨ। ਹੇਠਲੀ ਟੋਲੀ ਹਿਲ-ਜੁਲ ਕੇ, ਝੁਕ-ਝੁਕ ਕੇ ਉੱਪਰਲੀ ਟੋਲੀ ਵਾਲ਼ਿਆਂ ਦੇ ਪੈਰ ਧਰਤੀ 'ਤੇ ਲਾਉਣ ਦੀ ਕੋਸ਼ਿਸ਼ ਕਰਦੀ ਹੈ। ਜੇਕਰ ਉੱਪਰਲੇ ਕਿਸੇ ਸਵਾਰ ਦੇ ਪੈਰ ਧਰਤੀ ਨਾਲ਼ ਛੂਹ ਜਾਣ ਤਾਂ ਉਸ ਟੋਲੀ ਦੀ ਵਾਰੀ ਕੱਟੀ ਜਾਂਦੀ ਹੈ। ਜੇਕਰ ਕਿਸੇ ਦਾ ਵੀ ਪੈਰ ਧਰਤੀ 'ਤੇ ਨਾ ਲੱਗੇ ਤੇ ਹੇਠਲੀ ਟੋਲੀ ਖੜ੍ਹੋਤੀ-ਖੜ੍ਹੋਤੀ ਥੱਕ ਜਾਵੇ ਤਾਂ ਉੱਪਰਲੇ ਸਵਾਲ ਪੁੱਛਦੇ ਹਨ—

"ਸੱਕਰ ਭਿੱਜੀ ਕਿ ਨਾ ?"

ਜੇਕਰ ਹੇਠਲੀ ਟੋਲੀ ਹਾਂ ਕਹਿ ਦੇਵੇ ਤਾਂ ਉਹਨਾਂ ਦੀ ਵਾਰੀ ਖ਼ਤਮ ਹੋ ਜਾਂਦੀ ਹੈ। ਹੁਣ ਉੱਪਰਲੇ ਇੱਕ-ਦੂਜੇ ਦਾ ਲੱਕ ਫੜ ਕੇ ਖਲੋਂਦੇ ਹਨ ਤੇ ਹੇਠਲੇ ਉਹਨਾਂ ਦੀ ਪਹਿਲੀ ਰੀਤੀ ਅਨੁਸਾਰ ਸਵਾਰੀ ਕਰਦੇ ਹਨ। ਇਸ ਪ੍ਰਕਾਰ ਇਹ ਖੇਡ ਚੱਲਦੀ ਰਹਿੰਦੀ ਹੈ।

'ਡੰਡਾ-ਡੁੱਕ', 'ਡੰਡ-ਪਲਾਂਘੜਾ' ਜਾਂ 'ਪੀਲ-ਪਲੀਘਣ' ਨਾਂ ਦੀ ਖੇਡ ਬੜੀ ਰੋਚਕ ਖੇਡ ਸੀ। ਗਰਮੀਆਂ ਦੀ ਰੁੱਤੇ ਦੁਪਹਿਰ ਸਮੇਂ ਇਹ ਖੇਡ ਆਮ ਤੌਰ 'ਤੇ ਪਿੱਪਲਾਂ, ਬਰੋਟਿਆਂ ਅਤੇ ਟਾਹਲੀਆਂ ਆਦਿ ਦਰਖ਼ਤਾਂ ਉੱਤੇ ਖੇਡੀ ਜਾਂਦੀ ਸੀ। ਖਿਡਾਰੀ ਦਰਖ਼ਤ ਉੱਤੇ ਚੜ੍ਹ ਜਾਂਦੇ। ਪੁੱਗ ਕੇ ਬਣਿਆ ਦਾਈ ਵਾਲਾ ਦਾਈ ਦਿੰਦਾ। ਦਰਖ਼ਤ ਦੇ ਥੱਲੇ ਇੱਕ ਗੋਲ ਚੱਕਰ ਵਿੱਚ ਡੇਢ-ਦੋ ਫੁੱਟ ਦਾ ਡੰਡਾ ਰੱਖਿਆ ਜਾਂਦਾ। ਦਰਖ਼ਤ 'ਤੇ ਚੜ੍ਹੇ ਖਿਡਾਰੀ ਬੱਚਿਆਂ ਵਿੱਚੋਂ ਇੱਕ ਜਣਾ ਥੱਲੇ ਉੱਤਰ ਕੇ ਚੱਕਰ ਵਿੱਚੋਂ ਡੰਡਾ ਚੁੱਕ ਕੇ ਆਪਣੀ ਖੱਬੀ ਲੱਤ ਥੱਲਿਓਂ ਘੁਮਾ ਕੇ ਦੂਰ ਸੁੱਟ ਕੇ ਮੁੜ ਦਰਖ਼ਤ ਉੱਤੇ ਚੜ੍ਹ ਜਾਂਦਾ ਤੇ ਖੇਡ ਸ਼ੁਰੂ ਹੋ ਜਾਂਦੀ। ਦਾਈ ਵਾਲਾ ਨੱਸ ਕੇ ਪਹਿਲਾਂ ਡੰਡੇ ਨੂੰ ਚੁੱਕਦਾ ਤੇ ਉਸ ਨੂੰ ਗੋਲ ਦਾਇਰੇ ਵਿੱਚ ਦੁਬਾਰਾ ਰੱਖ ਕੇ ਦੂਜੇ ਖਿਡਾਰੀਆਂ ਨੂੰ ਛੂਹਣ ਲਈ ਦਰਖ਼ਤ 'ਤੇ ਚੜ੍ਹਦਾ ਤੇ ਦੂਜੇ ਖਿਡਾਰੀ ਦਰਖ਼ਤ ਦੀਆਂ ਟਾਹਣੀਆਂ ਨਾਲ ਲਮਕ ਕੇ ਧਰਤੀ 'ਤੇ ਛਾਲਾਂ ਮਾਰਦੇ ਅਤੇ ਨੱਸ ਕੇ ਡੰਡਾ ਚੁੱਕ ਕੇ ਚੁੰਮਦੇ। ਜਿਸ ਖਿਡਾਰੀ ਨੂੰ ਦਾਈ ਵਾਲਾ ਡੰਡਾ ਚੁੰਮਣ ਤੋਂ ਪਹਿਲਾਂ-ਪਹਿਲਾਂ ਹੱਥ ਲਾ ਦੇਂਦਾ ਉਸ ਦੇ ਸਿਰ ਦਾਈ ਆ ਜਾਂਦੀ। ਇਸ ਪ੍ਰਕਾਰ ਇਹ ਖੇਡ ਪਹਿਲਾਂ ਵਾਂਗ ਹੀ ਚਾਲੂ ਰਹਿੰਦੀ।

**'ਬਾਂਦਰ-ਕੀਲਾ'** ਆਮ ਕਰ ਕੇ ਸਿਆਲ ਰੁੱਤ ਦੀ ਖੇਡ ਹੈ ਜਿਸ ਨੂੰ ਮੁੰਡੇ-ਕੁੜੀਆਂ ਰਲ ਕੇ ਖੇਡਦੇ ਹਨ। ਖਿਡਾਰੀਆਂ ਦੀ ਗਿਣਤੀ ਨਿਸ਼ਚਿਤ ਨਹੀਂ। ਮੈਦਾਨ ਵਿੱਚ ਇੱਕ ਕੀਲਾ ਗੱਡਿਆ ਜਾਂਦਾ ਹੈ ਜਿਸ ਨਾਲ ਤਿੰਨ-ਚਾਰ ਮੀਟਰ ਲੰਮੀ ਰੱਸੀ ਬੰਨ੍ਹੀ ਜਾਂਦੀ ਹੈ। ਕੀਲੇ ਦੇ ਆਲੇ-ਦੁਆਲੇ ਖਿਡਾਰੀ ਆਪਣੀਆਂ ਜੁੱਤੀਆਂ ਦਾ ਢੇਰ ਲਾ ਦਿੰਦੇ ਹਨ। ਜਿਸ ਦੇ ਸਿਰ ਦਾਈ ਹੋਵੇ ਉਹ ਰੱਸੀ ਦਾ ਸਿਰਾ ਫੜ ਕੇ ਕੀਲੇ ਦੇ ਆਲੇ-ਦੁਆਲੇ ਬਾਂਦਰ ਵਾਂਗ ਟਪੂਸੀਆਂ ਮਾਰ ਕੇ ਘੁੰਮਦਾ ਹੈ। ਉਸ ਦਾ ਮੁੱਖ ਕੰਮ ਜੁੱਤੀਆਂ ਦੀ ਰਾਖੀ ਕਰਨਾ ਹੁੰਦਾ ਹੈ। ਖਿਡਾਰੀ ਚਹੁੰਆਂ ਪਾਸਿਆਂ ਤੋਂ ਝਕਾਨੀਆਂ ਦੇ ਕੇ ਜੁੱਤੀਆਂ ਚੁੱਕਣ ਦੀ ਕੋਸ਼ਿਸ਼ ਕਰਦੇ ਹਨ। ਦਾਈ ਵਾਲਾ ਆਪਣੇ ਪੈਰਾਂ ਅਤੇ ਹੱਥਾਂ ਨਾਲ ਉਹਨਾਂ ਨੂੰ ਛੂੰਹਦਾ ਹੈ ਪਰ ਉਹ ਛੂਹਣ ਸਮੇਂ ਆਪਣੇ ਹੱਥੋਂ ਰੱਸੀ ਨਹੀਂ ਛੱਡ ਸਕਦਾ। ਜੇਕਰ ਉਹ ਕਿਸੇ ਨੂੰ ਛੂਹ ਲਵੇ ਤਾਂ ਛੂਹੇ ਜਾਣ ਵਾਲੇ ਦੇ ਸਿਰ ਦਾਈ ਆ ਜਾਂਦੀ ਹੈ। ਜੇਕਰ ਉਹ ਕਿਸੇ ਨੂੰ ਨਾ ਛੂਹ ਸਕੇ ਤਾਂ ਸਾਰੀਆਂ ਜੁੱਤੀਆਂ ਚੁੱਕੇ ਜਾਣ ਮਗਰੋਂ ਉਹ ਕਿੱਲੇ ਵਾਲੀ ਥਾਂ ਤੋਂ ਪੱਚੀ-ਤੀਹ ਮੀਟਰ ਦੇ ਫ਼ਾਸਲੇ 'ਤੇ ਨਿਯਤ ਕੀਤੀ ਥਾਂ 'ਤੇ ਜਾ ਕੇ ਖਲੋ ਜਾਂਦਾ ਹੈ। ਦੂਜੇ ਖਿਡਾਰੀ ਆਪਣੀਆਂ-ਆਪਣੀਆਂ ਚੁੱਕੀਆਂ ਹੋਈਆਂ ਜੁੱਤੀਆਂ ਲੈ ਕੇ ਕੀਲੇ ਦੇ ਕੋਲ ਹੀ ਇੱਕ ਲਾਈਨ ਵਿੱਚ ਖੜੇ ਜਾਂਦੇ ਹਨ। ਦਾਈ ਵਾਲਾ ਇਹਨਾਂ ਵੱਲ "ਚੰਮ ਦੀਆਂ ਰੋਟੀਆਂ, ਚਿੱਚੜਾਂ ਦੀ ਦਾਲ, ਖਾ ਲਓ ਮੁੰਡਿਓ ਸੁਆਦਾਂ ਨਾਲ" ਪੂਰੇ ਜ਼ੋਰ ਨਾਲ ਆਖ ਕੇ ਸ਼ੂਟ ਵੱਟ ਕੇ ਦੌੜਦਾ ਹੈ। ਦੂਜੇ ਖਿਡਾਰੀ ਉਸ 'ਤੇ ਟੁੱਟ ਕੇ ਪੈ ਜਾਂਦੇ ਹਨ ਅਤੇ ਉਸ ਦੇ ਸਿਰ 'ਤੇ ਜੁੱਤੀਆਂ ਦੀ ਵਰਖਾ ਸ਼ੁਰੂ ਹੋ ਜਾਂਦੀ ਹੈ। ਜਿੰਨੀ ਦੇਰ ਦਾਈ ਵਾਲਾ ਕੀਲੇ 'ਤੇ ਪੁੱਜ ਕੇ ਰੱਸੀ ਨਹੀਂ ਫੜ ਲੈਂਦਾ, ਓਨੀ ਦੇਰ ਉਸ ਦੇ ਸਿਰ 'ਤੇ ਜੁੱਤੀਆਂ ਵਰ੍ਹਦੀਆਂ ਹੀ ਰਹਿੰਦੀਆਂ ਹਨ।

ਦੁਬਾਰਾ ਬੱਚੇ ਆਪਣੀਆਂ ਜੁੱਤੀਆਂ ਕੀਲੇ ਦੁਆਲੇ ਰੱਖ ਦੇਂਦੇ ਹਨ। ਮੀਟ੍ਹੀ ਵਾਲਾ ਰੱਸੀ ਦਾ ਸਿਰਾ ਫੜ ਕੇ ਖੇਡ ਸ਼ੁਰੂ ਕਰ ਦਿੰਦਾ ਹੈ। ਦਾਈ ਉਦੋਂ ਤੱਕ ਜਾਰੀ ਰਹਿੰਦੀ ਹੈ ਜਦ ਤੱਕ ਉਹ ਕਿਸੇ ਨੂੰ ਛੂਹ ਨਾ ਲਵੇ।

'ਗੁੱਲੀ-ਡੰਡਾ', 'ਲੂਣ-ਮਿਆਣੀ', 'ਕੂਕਾਂ-ਕਾਂਗੜੇ', 'ਸੱਕਰ-ਭਿੱਜੀ' ਅਤੇ 'ਟਿਬਲਾ- ਟਿਬਲੀ' ਆਦਿ ਗੱਭਰੂਆਂ ਦੀਆਂ ਬੜੀਆਂ ਰੋਚਕ ਖੇਡਾਂ ਹਨ।

'ਬਾਰਾਂ ਬੀਕਰੀ', 'ਬਾਰਾਂ ਟਾਹਣੀ', 'ਸ਼ਤਰੰਜ', 'ਚੌਪੜ', 'ਤਾਸ਼', 'ਬੋੜਾ ਖੂਹ' ਅਤੇ 'ਖੱਡਾ' ਆਦਿ ਬੈਠ ਕੇ ਖੇਡਣ ਵਾਲੀਆਂ ਖੇਡਾਂ ਹਨ ਜਿਨ੍ਹਾਂ ਨੂੰ ਸਾਡੇ ਵੱਡੇ-ਵਡੇਰੇ ਬੜੇ ਉਤਸ਼ਾਹ ਨਾਲ ਖੇਡਦੇ ਰਹੇ ਹਨ।

ਇਹ ਅਤੇ ਹੋਰ ਅਨੇਕਾਂ ਲੋਕ-ਖੇਡਾਂ ਸਾਡੇ ਲੋਕ-ਜੀਵਨ ਵਿੱਚੋਂ ਅਲੋਪ ਹੋ ਰਹੀਆਂ ਹਨ। ਨਾ ਹੁਣ ਪਿੰਡਾਂ ਵਿੱਚ ਉਹ ਜੂਹਾਂ ਰਹੀਆਂ ਹਨ ਜਿੱਥੇ ਖੇਡਾਂ ਦੇ ਪਿੜ ਜੁੜਦੇ ਸਨ ਅਤੇ ਨਾ ਹੀ ਕਿਸੇ ਕੋਲ ਖੇਡਣ ਲਈ ਵਿਹਲ ਹੈ। ਬੱਸ ਖੇਡਾਂ ਦੇ ਨਾਂ ਹੀ ਚੇਤੇ ਰਹਿ ਗਏ ਹਨ—ਪੰਜਾਬੀ ਅਖਾਣ ਹੈ : "ਖੇਡਾਂ ਅਤੇ ਮਾਂਵਾਂ ਮੁੱਕਣ 'ਤੇ ਹੀ ਚੇਤੇ ਆਉਂਦੀਆਂ ਹਨ।" ਇਹ ਲੋਕ-ਖੇਡਾਂ ਸਾਡਾ ਗੌਰਵਮਈ ਵਿਰਸਾ ਹਨ। ਇਹਨਾਂ ਦੀ ਸੰਭਾਲ ਅਤੇ ਇਹਨਾਂ ਨੂੰ ਮੁੜ ਸੁਰਜੀਤ ਕਰਨਾ ਅਤਿਅੰਤ ਜ਼ਰੂਰੀ ਹੈ। ਇਹ ਸਾਨੂੰ ਆਪਣੀ ਬਲਵਾਨ ਵਿਰਾਸਤ ਨਾਲ ਜੋੜਦੀਆਂ ਹਨ।

## ਪਾਠ-ਅਭਿਆਸ

1. **ਵਸਤੂਨਿਸ਼ਠ ਪ੍ਰਸ਼ਨ :**

(ੳ) ਪੰਜਾਬ ਦੀਆਂ ਲੋਕ-ਖੇਡਾਂ ਦੇ ਆਧਾਰ 'ਤੇ ਦੱਸੋ ਕਿ ਲੋਕ-ਖੇਡਾਂ ਪੰਜਾਬੀ ਲੋਕ-ਜੀਵਨ ਦਾ ਕਿਹੜਾ ਅੰਗ ਰਹੀਆਂ ਹਨ ?

(ਅ) ਖੇਡਣਾ ਇੱਕ ਸਹਿਜ ਕਰਮ ਹੈ। ਦੱਸੋ। (ਹਾਂ/ਨਹੀਂ)

(ੲ) ਇਸ ਪਾਠ ਦੇ ਆਧਾਰ 'ਤੇ ਦੱਸੋ ਕਿ ਪੰਜਾਬੀਆਂ ਦਾ ਸੁਭਾਅ, ਰਹਿਣ-ਸਹਿਣ, ਖਾਣ-ਪੀਣ ਅਤੇ ਨੈਤਿਕ ਕਦਰਾਂ-ਕੀਮਤਾਂ ਕਿਸ ਵਿੱਚੋਂ ਝਲਕਦੀਆਂ ਹਨ ?

(ਸ) ਉੱਕੜ-ਦੁੱਕੜ ਭੰਬਾ ਭੌ,
ਅੱਸੀ ਨੱਬੇ ਪੂਰਾ ਸੌ।
... ... ...
... ... ...
ਘੋਟੇ ਦੀ ਘੁਟਿਆਈ,
ਬੇਬੇ ਦੌੜੀ-ਦੌੜੀ ਆਈ।
ਉਪਰੋਕਤ ਗੀਤ ਬੱਚੇ ਕਦੋਂ ਗਾਉਂਦੇ ਹਨ ?

(ਹ) 'ਕੁਸ਼ਤੀਆਂ ਪੁਰਾਤਨ ਸਮੇਂ ਤੋਂ ਹੀ ................ ਲਈ ............... ਰਹੀਆਂ ਹਨ।
ਉਪਰੋਕਤ ਸਤਰਾਂ ਪੂਰੀਆਂ ਕਰੋ।

(ਕ) ਪੰਜਾਬੀਆਂ ਦੀ ਕਬੱਡੀ ਖੇਡ ਜਿਸ ਰਾਹੀਂ ਪੰਜਾਬੀਆਂ ਦੇ ਸੁਭਾਅ ਅਤੇ ਉਹਨਾਂ ਦੇ ਸਰੀਰਿਕ ਬਲ ਦਾ ਪ੍ਰਗਟਾਵਾ ਹੁੰਦਾ ਹੈ, ਨੂੰ ਕਿਹੜੇ ਨਾਂ ਨਾਲ਼ ਸਨਮਾਨਿਤ ਕੀਤਾ ਗਿਆ ਹੈ ?

(ਖ) ਪੰਜਾਬੀ ਜੁਆਨਾਂ ਦੀ ਮਨਪਸੰਦ ਖੇਡ ਦਾ ਨਾਂ ਦੱਸੋ।

(ਗ) 'ਅੱਡੀ-ਛੜੱਪਾ' ਜਾਂ 'ਅੱਡੀ-ਟੱਪਾ' ਕੁੜੀਆਂ ਦੀ ਹਰਮਨ-ਪਿਆਰੀ ਖੇਡ ਹੈ। (ਹਾਂ/ਨਹੀਂ)

(ਘ) ਮੁੰਡੇ ਅਤੇ ਕੁੜੀਆਂ ਦੀ ਹਰਮਨ-ਪਿਆਰੀ ਖੇਡ ਕਿਹੜੀ ਹੈ ?

(ਙ) ਇਸ ਪਾਠ ਦੇ ਆਧਾਰ 'ਤੇ ਦੱਸੋ ਕਿ ਮੁੰਡੇ ਤੇ ਕੁੜੀਆਂ ਸਿਆਲ਼ ਦੀ ਰੁੱਤ ਵਿੱਚ ਕਿਹੜੀ ਖੇਡ ਖੇਡਦੇ ਹਨ ?

2. **ਪੰਜਾਬ ਦੀਆਂ ਲੋਕ-ਖੇਡਾਂ ਦੇ ਆਧਾਰ 'ਤੇ ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:**

(ੳ) ਪੰਜਾਬ ਦੀਆਂ ਲੋਕ-ਖੇਡਾਂ ਦੇ ਆਧਾਰ 'ਤੇ ਸਿੱਧ ਕਰੋ ਕਿ ਖੇਡਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ।

(ਅ) 'ਲੋਕ-ਖੇਡਾਂ' ਮਨੁੱਖ ਨੂੰ ਕਿਹੜੀਆਂ-ਕਿਹੜੀਆਂ ਭਾਵਨਾਵਾਂ ਪ੍ਰਦਾਨ ਕਰਦੀਆਂ ਹਨ।

(ੲ) 'ਪੰਜਾਬ ਦੀਆਂ ਲੋਕ-ਖੇਡਾਂ' ਪਾਠ ਦੇ ਆਧਾਰ 'ਤੇ ਦੱਸੋ ਕਿ ਲੋਕ-ਖੇਡਾਂ ਦੀ ਜੀਵਨ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਹੈ, ਕਿਵੇਂ ?

(ਸ) ਲੋਕ-ਖੇਡਾਂ ਨਾਲ਼ ਬੱਚੇ ਦੇ ਅੰਦਰ ਕਿਹੜੇ ਨੈਤਿਕ ਗੁਣ ਪ੍ਰਵੇਸ਼ ਕਰਦੇ ਹਨ ? ਇਹ ਵੀ ਦੱਸੋ ਕਿ ਅਜਿਹੀਆਂ ਕਿਹੜੀਆਂ-ਕਿਹੜੀਆਂ ਖੇਡਾਂ ਹਨ ?

(ਹ) ਪੁਰਾਤਨ ਸਮੇਂ ਵਿੱਚ ਪਿੰਡਵਾਸੀ ਆਪਣੇ ਪਿੰਡ ਦੇ ਲੋਕ-ਖਿਡਾਰੀਆਂ ਅਤੇ ਪਹਿਲਵਾਨਾਂ ਨੂੰ ਕਿਵੇਂ ਨਿਵਾਜਦੇ ਸਨ ?

(ਕ) ਇਸ ਪਾਠ ਵਿੱਚ ਦਿੱਤੀਆਂ ਗਈਆਂ ਮੁੰਡਿਆਂ-ਕੁੜੀਆਂ ਦੀਆਂ ਮਨਮੋਹਕ ਖੇਡਾਂ ਉੱਤੇ ਖੋਲ੍ਹ ਕੇ ਚਾਨਣਾ ਪਾਓ।

(ਖ) ਪੰਜਾਬ ਦੀਆਂ ਲੋਕ-ਖੇਡਾਂ ਦੇ ਆਧਾਰ 'ਤੇ ਦੱਸੋ ਕਿ ਉਹ ਕਿਹੜੀ ਲੋਕ-ਖੇਡ ਹੈ ਜੋ ਕ੍ਰਿਕਟ ਦੀ ਖੇਡ ਵਿੱਚ ਜਾ ਸਮੋਈ ਹੈ ?

(ਗ) 'ਅੱਡੀ-ਛੜੱਪਾ' ਜਾਂ 'ਅੱਡੀ-ਟੱਪਾ' ਖੇਡ ਬਾਰੇ ਤੁਸੀਂ ਕੀ ਜਾਣਦੇ ਹੋ—ਖੋਲ੍ਹ ਕੇ ਦੱਸੋ।

(ਘ) 'ਸੱਕਰ ਭਿੱਜੀ' ਲੋਕ-ਖੇਡ ਬਾਰੇ ਜਾਣਕਾਰੀ ਦਿਓ।

(ਙ) ਪੰਜਾਬ ਦੀਆਂ ਲੋਕ-ਖੇਡਾਂ ਦੀ ਸੰਭਾਲ਼ ਅਤੇ ਇਹਨਾਂ ਨੂੰ ਮੁੜ ਸੁਰਜੀਤ ਕਰਨਾ ਅਤਿਅੰਤ ਜ਼ਰੂਰੀ ਹੈ, ਕਿਉਂ ?

3. **'ਪੰਜਾਬ ਦੀਆਂ ਲੋਕ-ਖੇਡਾਂ' ਲੇਖ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।**

*******

ਲੇਖਕ ਬਾਰੇ

# ਕਿਰਪਾਲ ਕਜ਼ਾਕ

(1943 ਈ.)

| | | |
|---|---|---|
| ਮਾਤਾ ਜੀ ਦਾ ਨਾਂ | : | ਸ੍ਰੀਮਤੀ ਵੀਰ ਕੌਰ |
| ਪਿਤਾ ਜੀ ਦਾ ਨਾਂ | : | ਸ. ਸਾਧੂ ਸਿੰਘ |
| ਜਨਮ-ਮਿਤੀ | : | 15 ਜਨਵਰੀ, 1943 |
| ਜਨਮ-ਸਥਾਨ | : | ਬੰਧੋਕੇ, ਮੰਡੀ ਚੂੜਕਾਣਾ ਜ਼ਿਲ੍ਹਾ ਸ਼ੇਖੂਪੁਰਾ, ਪਾਕਿਸਤਾਨ। |

ਹਥਲੀ ਪਾਠ-ਪੁਸਤਕ ਵਿੱਚ ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ ਪਾਠ ਸ਼ਾਮਲ ਕੀਤਾ ਗਿਆ ਹੈ। ਇਸ ਲੇਖ ਵਿੱਚ ਲੇਖਕ ਨੇ ਪੰਜਾਬ ਦੇ ਪ੍ਰਮੁੱਖ ਲੋਕ-ਕਿੱਤੇ ਅਤੇ ਲੋਕ-ਕਲਾਵਾਂ ਦੀ ਭਰਪੂਰ ਵਿਆਖਿਆ ਕੀਤੀ ਹੈ। ਉਸ ਨੇ ਲੋਕ- ਕਿੱਤਿਆਂ ਤੇ ਲੋਕ-ਕਲਾਵਾਂ ਅਧੀਨ ਆਉਂਦੇ ਕਿੱਤੇ : ਕਾਰੀਗਰੀ, ਸ਼ਿਲਪਕਾਰੀ, ਬਾਜ਼ੀਗਰਾਂ ਦੇ ਹੁਨਰ, ਕੰਧਾਂ ਉੱਪਰ ਉੱਕਰੇ ਵੇਲ-ਬੂਟਿਆਂ ਦਾ ਅਤੇ ਲੋਕ-ਕਲਾਵਾਂ : ਗਹਿਣੇ, ਮੋਹਰਾਂ 'ਤੇ ਉੱਕਰੇ ਚਿੱਤਰ, ਮਿੱਟੀ ਦੇ ਭਾਂਡਿਆਂ ਆਦਿ ਦਾ ਬਿਆਨ ਬਖ਼ੂਬੀ ਕੀਤਾ ਹੈ।

# ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ

**ਲੋਕ-ਕਿੱਤੇ :**

ਲੋਕ-ਕਿੱਤੇ ਪ੍ਰਾਚੀਨ ਸਮਿਆਂ ਤੋਂ ਹੀ ਮਨੁੱਖੀ ਜੀਵਨ-ਜਾਚ ਦਾ ਹਿੱਸਾ ਰਹੇ ਹਨ। ਲੋਕ-ਕਿੱਤਿਆਂ ਦੀ ਮੁਹਾਰਤ ਕਾਰਨ ਹੀ ਸਮਾਜ ਦਾ ਵਿਕਾਸ ਸੰਭਵ ਹੋ ਸਕਿਆ ਹੈ ਕਿਉਂਕਿ ਮਨੁੱਖ ਸਾਮ੍ਹਣੇ ਸਭ ਤੋਂ ਪਹਿਲਾਂ 'ਲੋੜ' ਪੈਦਾ ਹੋਈ। ਸ਼ੁਰੂ ਵਿੱਚ ਮਨੁੱਖ ਨੇ ਉਸ ਲੋੜ ਨੂੰ ਸਾਂਝੇ ਰੂਪ ਵਿੱਚ (ਇਕੱਠਿਆਂ ਰਲ਼ ਕੇ) ਪੂਰਾ ਕਰਨ ਦੇ ਯਤਨ ਕੀਤੇ। ਜਿਵੇਂ-ਜਿਵੇਂ ਮਨੁੱਖੀ ਸਮਾਜ ਦਾ ਵਿਕਾਸ ਹੋਇਆ, ਲੋੜਾਂ ਦੀ ਪੂਰਤੀ ਲਈ ਅਪਣਾਏ ਢੰਗ-ਤਰੀਕਿਆਂ ਵਿੱਚ ਵੀ ਤਬਦੀਲੀ ਆਈ। ਸਮੇਂ-ਸਮੇਂ ਧਾਤਾਂ ਦੀ ਲੱਭਤ ਹੋਈ ਅਤੇ ਔਜ਼ਾਰਾਂ ਦਾ ਵਿਕਾਸ ਹੋਇਆ। ਜਦੋਂ ਮਨੁੱਖ ਜੰਗਲਾਂ ਅਤੇ ਝੌਂਪੜੀਆਂ ਨੂੰ ਛੱਡ ਕੇ ਪੱਕੇ ਘਰਾਂ ਅਤੇ ਪਿੰਡਾਂ/ਨਗਰਾਂ ਦਾ ਨਿਰਮਾਣ ਕਰਨ ਲੱਗਾ, ਉਸ ਸਮੇਂ ਕੰਮਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਅਤੇ ਕੰਮਾਂ ਵਿੱਚ ਵੰਡ ਕਰਨ ਦੀ ਲੋੜ ਪਈ। ਇਸ ਤਰ੍ਹਾਂ ਵੱਖ-ਵੱਖ ਕੰਮਾਂ ਨੂੰ ਸੁਚੱਜੇ ਢੰਗ ਨਾਲ਼ ਕਰਨ ਵਾਲ਼ੀਆਂ ਕਈ ਕਾਮਾ-ਸ਼੍ਰੇਣੀਆਂ ਹੋਂਦ ਵਿੱਚ ਆਈਆਂ। ਜਦੋਂ ਕੋਈ ਕਾਮਾ-ਸ਼੍ਰੇਣੀ ਕਿਸੇ ਇੱਕ ਕੰਮ ਨੂੰ ਲੰਮਾ ਸਮਾਂ ਲਗਾਤਾਰ ਕਰਦੀ ਰਹੀ ਤਾਂ ਉਸ ਸ਼੍ਰੇਣੀ ਨੂੰ ਉਸ ਦੇ ਕਿੱਤੇ ਦੇ ਨਾਂ ਨਾਲ਼ ਜਾਣਿਆ ਜਾਣ ਲੱਗਾ। ਇਸ ਤਰ੍ਹਾਂ ਪੰਜਾਬ ਦੇ ਲੋਕ-ਕਿੱਤਿਆਂ ਦੇ ਵੱਖ-ਵੱਖ ਨਾਂ ਪ੍ਰਚਲਿਤ ਹੋਏ। ਉਦਾਹਰਨ ਵਜੋਂ ਲੱਕੜੀ ਤਰਾਸ਼ਣ ਦਾ ਕਿੱਤਾ ਕਰਨ ਵਾਲ਼ੇ ਨੂੰ ਤਰਖਾਣ, ਲੋਹੇ ਦਾ ਕੰਮ (ਕਿੱਤਾ) ਕਰਨ ਵਾਲ਼ੇ ਨੂੰ ਲੁਹਾਰ ਅਤੇ ਸੋਨੇ ਦਾ ਕੰਮ (ਕਿੱਤਾ) ਕਰਨ ਵਾਲ਼ੇ ਨੂੰ ਸੁਨਿਆਰ ਦੇ ਨਾਂ ਨਾਲ਼ ਜਾਣਿਆ ਜਾਣ ਲੱਗਾ। ਇਸ ਤਰ੍ਹਾਂ ਕਈ ਕਿੱਤਿਆਂ ਦੇ ਨਾਂ ਹੋਂਦ ਵਿੱਚ ਆਏ।

ਸੰਸਕ੍ਰਿਤ ਵਿੱਚ ਹੱਥ ਨੂੰ 'ਕਰ' ਕਿਹਾ ਗਿਆ ਹੈ, ਜਿਵੇਂ : ਕਾਰ-ਸੇਵਾ ਭਾਵ ਹੱਥਾਂ ਨਾਲ਼ ਕੀਤੀ ਸੇਵਾ। ਹੱਥ ਨਾਲ਼ ਕੀਤੇ ਕੰਮ ਨੂੰ 'ਕਾਰ ਕਰਨੀ' ਕਿਹਾ ਜਾਂਦਾ ਹੈ। ਕਿੱਤਾ ਉਸ ਨੂੰ ਕਿਹਾ ਜਾਂਦਾ ਹੈ ਜਿਸ ਕੰਮ ਤੋਂ ਕਿਸੇ ਕਿਰਤ ਦਾ ਨਿਰਮਾਣ ਹੁੰਦਾ ਹੋਵੇ, ਜਿਵੇਂ : ਤਰਖਾਣ, ਲੁਹਾਰ ਜਾਂ ਸੁਨਿਆਰ ਆਦਿ ਦੁਆਰਾ ਬਣਾਈਆਂ ਵਸਤਾਂ (ਚੀਜ਼ਾਂ)। ਕੁਝ ਕਿੱਤੇ ਅਜਿਹੇ ਹਨ ਜੋ ਲੋਕਾਂ ਦੇ ਮਨੋਰੰਜਨ ਨਾਲ਼ ਸੰਬੰਧਿਤ ਹਨ, ਜਿਵੇਂ; ਬਾਜ਼ੀਗਰ ਅਤੇ ਮਰਾਸੀ ਆਦਿ ਸ਼੍ਰੇਣੀਆਂ ਦੇ ਕਿੱਤੇ ਦੀ ਉਦਾਹਰਨ ਲਈ ਜਾ ਸਕਦੀ ਹੈ। ਅਜਿਹੇ ਕਿੱਤਿਆਂ ਵਿੱਚ ਭਾਵੇਂ ਸਥੂਲ (ਛੂਹੀ ਜਾ ਸਕਣ ਵਾਲ਼ੀ) ਕਿਰਤ ਦਾ ਨਿਰਮਾਣ ਤਾਂ ਨਹੀਂ ਹੁੰਦਾ ਪਰ ਅਸਥੂਲ (ਭਾਵ ਮਹਿਸੂਸ ਕਰਨ ਵਾਲ਼ੀ) ਕਿਰਤ ਵਜੋਂ ਜ਼ਰੂਰ ਨਿਰਮਾਣ ਹੁੰਦਾ ਹੈ, ਜਿਵੇਂ : ਬਾਜ਼ੀਗਰ ਆਪਣੇ ਕਿੱਤੇ ਦੇ ਕਰਤਬਾਂ ਨਾਲ਼ ਸਾਡੇ ਮਨ ਅਤੇ ਚੇਤਨਾ ਵਿੱਚ ਕਈ ਪ੍ਰਕਾਰ ਦੇ ਦ੍ਰਿਸ਼ ਸਿਰਜ ਦਿੰਦੇ ਹਨ, ਮਰਾਸੀ ਆਪਣੀ ਹਾਜ਼ਰ-ਜਵਾਬੀ ਅਤੇ ਭਾਸ਼ਾਈ ਮੁਹਾਰਤ ਨਾਲ਼ ਦਰਸ਼ਕ ਨੂੰ ਕੁਝ ਸਮੇਂ ਲਈ ਕਿਸੇ ਹੋਰ ਸੰਸਾਰ ਵਿੱਚ ਲੈ ਜਾਂਦੇ ਹਨ। ਇਸ ਤਰ੍ਹਾਂ ਇਹ ਕਿੱਤੇ ਵੀ ਇੱਕ ਤਰ੍ਹਾਂ ਆਪਣੇ ਹੁਨਰ ਨਾਲ਼ ਇੱਕ ਤਰ੍ਹਾਂ ਦੀ ਕਿਰਤ ਦਾ ਹੀ ਨਿਰਮਾਣ ਕਰ ਰਹੇ ਹੁੰਦੇ ਹਨ। ਬਾਜ਼ੀਗਰਾਂ ਕੋਲ਼ ਔਜ਼ਾਰਾਂ ਦੀ ਥਾਂ ਸਰੀਰ ਅਤੇ ਸਰੀਰ ਦੇ ਅੰਗ ਹੁੰਦੇ ਹਨ ਅਤੇ ਮਰਾਸੀਆਂ ਕੋਲ਼ ਭਾਸ਼ਾਈ ਮੁਹਾਵਰੇ ਦੀ ਕਲਾ ਹੁੰਦੀ ਹੈ।

ਲੋਕ-ਕਿੱਤਾ ਪਿਤਾ-ਪੁਰਖੀ ਕੰਮ ਨੂੰ ਕਿਹਾ ਜਾਂਦਾ ਹੈ ਜਿਸ ਨੂੰ ਨਵੀਂ ਪੀੜ੍ਹੀ ਆਪਣੇ ਵੱਡੇ-ਵਡੇਰਿਆਂ ਤੋਂ ਸਿੱਖਦੀ ਹੈ ਅਤੇ ਫਿਰ ਆਪਣੇ ਤੋਂ ਅਗਲੀ (ਆਉਣ ਵਾਲ਼ੀ ਪੀੜ੍ਹੀ) ਨੂੰ ਸਿਖਾ ਕੇ ਉਹਦੇ ਹੱਥਾਂ ਵਿੱਚ ਸੌਂਪ ਦੇਂਦੀ ਹੈ। ਇੰਞ ਪੁਰਖਿਆਂ ਤੋਂ ਸਿੱਖਣ ਦਾ ਇਹ ਸਿਲਸਿਲਾ ਪੀੜ੍ਹੀ-ਦਰ-ਪੀੜ੍ਹੀ ਚੱਲਦਾ ਰਹਿੰਦਾ ਹੈ। ਇਸੇ ਲਈ ਲੋਕ-ਕਿੱਤੇ ਵਿੱਚ ਉਸਤਾਦੀ-ਸ਼ਗਿਰਦੀ ਦੀ ਪਰੰਪਰਾ ਵੀ ਹੁੰਦੀ ਹੈ। ਕੋਈ ਸਿਖਾਂਦਰੂ, ਕਿਸੇ ਉਸਤਾਦ ਦੀ ਸ਼ਗਿਰਦੀ ਧਾਰਨ ਕਰ ਕੇ ਵੀ ਕਿੱਤਾ ਸਿੱਖ ਸਕਦਾ ਹੈ। ਲੋਕ-ਕਿੱਤੇ ਵਿੱਚ ਉਸ ਨੂੰ ਹੀ ਉਸਤਾਦ ਮੰਨਿਆ ਜਾਂਦਾ ਹੈ ਜੋ ਆਪਣੇ ਕੰਮ ਵਿੱਚ ਨਿਪੁੰਨ ਅਤੇ ਕਾਰੀਗਰ ਹੋਵੇ। 'ਕਾਰ' (ਭਾਵ : ਕਿੱਤਾ) 'ਗਰ' (ਭਾਵ : ਕਰਨ ਵਾਲ਼ਾ) ਜੋੜ ਕੇ, ਉਸ ਦੇ ਕਿੱਤੇ ਦੀ ਮੁਹਾਰਤ ਨੂੰ ਕਾਰੀਗਰੀ ਅਤੇ ਕਿੱਤਾ ਕਰਨ ਵਾਲ਼ੇ ਨੂੰ ਕਾਰੀਗਰ ਕਿਹਾ ਜਾਂਦਾ ਹੈ। ਜੇਕਰ ਕੋਈ ਕਾਰੀਗਰ ਆਪਣੀ ਕਾਰਾਗਰੀ ਵਿੱਚ ਕਾਫ਼ੀ ਮੁਹਾਰਤ ਹਾਸਲ ਕਰ ਲਵੇ ਅਤੇ ਉਸ

ਦੁਆਰਾ ਕੀਤੇ ਕੰਮ ਵਿੱਚ ਕਲਾ ਦਾ ਸੁਹਜ ਪੈਦਾ ਹੋ ਜਾਵੇ ਤਾਂ ਅਜਿਹੀ ਕਾਰਾਗਰੀ, ਸ਼ਿਲਪਕਾਰੀ ਦੀ ਸ਼੍ਰੇਣੀ ਵਿੱਚ ਗਿਣੀ ਜਾਂਦੀ ਹੈ। ਇਸ ਦੀ ਉਦਾਹਰਨ ਹਵੇਲੀਆਂ ਦੇ ਦਰਵਾਜ਼ਿਆਂ ਦੀ ਲੱਕੜ ਉੱਤੇ ਕੀਤੀ ਨੱਕਾਸ਼ੀ ਅਤੇ ਇਮਾਰਤਾਂ ਦੀਆਂ ਕੰਧਾਂ ਉੱਤੇ ਉੱਕਰੇ ਵੇਲ-ਬੂਟਿਆਂ ਦੇ ਨਮੂਨਿਆਂ ਤੋਂ ਲਈ ਜਾ ਸਕਦੀ ਹੈ।

ਲੋਕ-ਕਿੱਤਾ ਅਤੇ ਲੋਕ-ਧੰਦਾ ਲਗ-ਪਗ ਸਮਾਨ ਅਰਥਾਂ ਵਾਲੇ ਸ਼ਬਦ ਹਨ ਪਰ ਇਹਨਾਂ ਸ਼ਬਦਾਂ ਦੇ ਅਰਥਾਂ ਵਿੱਚ ਮਾਮੂਲੀ ਜਿਹਾ ਫ਼ਰਕ ਵੀ ਹੈ। ਧੰਦਾ ਅਜਿਹੇ ਕਿੱਤੇ ਨੂੰ ਕਿਹਾ ਜਾਂਦਾ ਹੈ ਜਿਸ ਕੰਮ ਤੋਂ ਧਨ ਪ੍ਰਾਪਤ ਹੋਵੇ। ਧੰਦੇ ਵਿੱਚ ਕਿਸੇ ਕਿਰਤ ਦਾ ਨਿਰਮਾਣ ਜ਼ਰੂਰੀ ਨਹੀਂ ਹੁੰਦਾ, ਜਿਵੇਂ : ਵਪਾਰ, ਸ਼ਾਹੂਕਾਰੀ, ਦਲਾਲੀ ਆਦਿ। ਕਿੱਤੇ ਅਤੇ ਧੰਦੇ ਵਿੱਚ ਫ਼ਰਕ ਉਹਨਾਂ ਸਮਿਆਂ ਵਿੱਚ ਵਧੇਰੇ ਸੀ ਜਦੋਂ ਪਿੰਡਾਂ ਵਿੱਚ ਲੁਹਾਰ, ਤਰਖਾਣ, ਨਾਈ ਜਾਂ ਜੁਲਾਹੇ ਆਦਿ ਨੂੰ ਉਹਨਾਂ ਵੱਲੋਂ ਕੀਤੇ ਕੰਮ (ਕਿੱਤੇ) ਦੀ ਮਜ਼ਦੂਰੀ ਰੁਪਏ-ਪੈਸੇ ਦੀ ਥਾਂ ਵਰ੍ਹੇ-ਛਿਮਾਹੀ ਅਨਾਜ ਦੇ ਰੂਪ ਵਿੱਚ ਦਿੱਤੀ ਜਾਂਦੀ ਸੀ। ਧੰਦੇ ਨੂੰ ਕਿੱਤੇ ਦੇ ਟਾਕਰੇ ਕੁਝ ਘੱਟ ਸਤਿਕਾਰ ਨਾਲ਼ ਵੇਖਿਆ ਜਾਂਦਾ ਰਿਹਾ ਹੈ। ਇਸ ਦੀ ਪੁਸ਼ਟੀ 'ਧੰਦ ਪਿੱਟਣ' ਦੇ ਮੁਹਾਵਰੇ ਤੋਂ ਵੀ ਕੀਤੀ ਜਾ ਸਕਦੀ ਹੈ ਜਿਸ ਦਾ ਅਰਥ ਅਣਚਾਹੇ ਕੰਮ ਤੋਂ ਹੈ। ਕਿਸੇ ਪੇਚੀਦਾ (ਔਖੇ) ਕੰਮ ਨੂੰ ਵੀ 'ਗੋਰਖ-ਧੰਦਾ' ਕਿਹਾ ਜਾਂਦਾ ਹੈ।

ਲੋਕ-ਕਿੱਤੇ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਸੱਭਿਆਚਾਰ ਅਤੇ ਰਹਿਤਲ ਦੀਆਂ ਜ਼ਰੂਰੀ ਲੋੜਾਂ ਲਈ ਏਨਾ ਜ਼ਰੂਰੀ ਹੋਵੇ ਕਿ ਸਮਾਜ ਅਤੇ ਸੱਭਿਆਚਾਰ ਦੇ ਨਿਤਾਪ੍ਰਤੀ ਜੀਵਨ ਵਿੱਚ ਸਧਾਰਨ ਤੋਂ ਸਧਾਰਨ ਅਤੇ ਵਿਸ਼ੇਸ਼ ਤੋਂ ਵਿਸ਼ੇਸ਼ ਵਿਅਕਤੀ ਲਈ ਲੁੜੀਂਦਾ ਅਤੇ ਲਾਹੇਵੰਦ ਹੋਵੇ। ਉਦਾਹਰਨ ਲਈ ਖੇਤੀ ਅਤੇ ਘਰੇਲੂ ਲੋੜਾਂ ਲਈ ਲੁਹਾਰ / ਤਰਖਾਣ ਦੇ ਕਿੱਤੇ ਨੂੰ ਲਿਆ ਜਾ ਸਕਦਾ ਹੈ।

ਲੁਹਾਰ / ਤਰਖਾਣ ਖੇਤੀ ਦੇ ਕਿੱਤੇ ਲਈ ਗੱਡਾ, ਸੁਹਾਗਾ, ਹਲ਼, ਪੰਜਾਲੀ, ਤੰਗਲ਼ੀ, ਸਲੰਘ, ਦਾਤਰੀ, ਕਹੀ, ਰੰਬਾ, ਕੁਹਾੜੀ, ਜੂਲ਼ਾ, ਘੁਲਾੜੀ ਅਤੇ ਖੂਹ ਵਿੱਚੋਂ ਪਾਣੀ ਕੱਢਣ ਲਈ ਹਰਟ ਆਦਿ ਬਣਾਉਂਦਾ ਰਿਹਾ ਹੈ। ਘਰੇਲੂ ਵਰਤੋਂ ਲਈ, ਮੰਜੀ, ਪੀੜ੍ਹੀ, ਮਧਾਣੀ, ਘੜਵੰਜੀ, ਅਟੇਰਨ, ਚਰਖਾ, ਚੌਂਕੀ, ਸੰਦੂਕ, ਘੋਟਣਾ, ਗਡੀਹਰਾ, ਪੰਘੂੜਾ, ਚਕਲਾ-ਵੇਲਣਾ ਆਦਿ ਗਿਣੇ ਜਾ ਸਕਦੇ ਹਨ।

ਸੁਨਿਆਰ ਲੁੜੀਂਦੇ ਗਹਿਣੇ ਤਿਆਰ ਕਰਦਾ ਹੈ। ਗਹਿਣਿਆਂ ਦੀ ਵੰਨਗੀ ਅਨੇਕ ਪ੍ਰਕਾਰ ਦੀ ਹੈ। ਫਿਰ ਵੀ ਕੁਝ ਕੁ ਗਹਿਣਿਆਂ ਦੇ ਨਾਂ ਇਸ ਪ੍ਰਕਾਰ ਹਨ— ਇਸਤਰੀ ਦੇ ਕੇਸਾਂ ਵਿੱਚ ਗੁੰਦੇ ਜਾਣ ਵਾਲੇ ਗਹਿਣੇ, ਕਲਿੱਪ, ਸੂਈਆਂ, ਬਘਿਆੜੀ, ਸੱਗੀ-ਫੁੱਲ, ਠੂਠੀਆਂ, ਦਾਉਣੀ, ਟਿੱਕਾ, ਤ੍ਰੱਗਾ, ਸ਼ਿੰਗਾਰ-ਪੱਟੀ ਆਦਿ ਹਨ।...ਕੰਨ ਵਿੰਨ੍ਹ ਕੇ ਪਹਿਨੇ ਜਾਣ ਵਾਲੇ ਜ਼ਨਾਨਾ ਗਹਿਣੇ—ਵਾਲੀਆਂ, ਕਾਂਟੇ, ਪਿੱਪਲ-ਪੱਤੀਆਂ, ਢੇਡੂ, ਝੁਮਕੇ, ਬੁੰਦੇ, ਰੇਲਾਂ, ਡੰਡੀਆਂ, ਲੋਟਣ, ਕੋਕਰੂ ਅਤੇ ਗੋਲ੍ਹਾਂ ਆਦਿ...ਨੱਕ ਵਿੰਨ੍ਹ ਕੇ ਪਹਿਨੇ ਜਾਣ ਵਾਲੇ ਜ਼ਨਾਨਾ ਗਹਿਣੇ : ਨੱਥ, ਬੁਲਾਕ, ਲੌਂਗ, ਕੋਕਾ, ਤੀਲ੍ਹੀ, ਵਾਲ਼ਾ, ਬੇਸਰ, ਨੁੱਕਰਾ ਆਦਿ। ਗਰਦਨ ਦੁਆਲੇ ਪਹਿਨੇ ਜਾਣ ਵਾਲੇ ਜ਼ਨਾਨਾ ਗਹਿਣੇ : ਹੱਸ, ਰਾਣੀਹਾਰ, ਤਵੀਤ, ਦਾਖਾਂ, ਚੰਪਾਕਲੀ, ਸੌਂਕਣ ਮਹੁਰਾ, ਤਵੀਤੜੀਆਂ, ਬੁਘਤੀਆਂ, ਗਾਨੀ, ਜ਼ੰਜੀਰੀ, ਛਿੰਗ-ਤਵੀਤ, ਮੱਖੀ, ਜੁਗਨੀ, ਢੋਲਣ, ਹਮੇਲ ਆਦਿ।...ਇਸਤਰੀਆਂ ਦੀ ਵੀਣੀ 'ਤੇ ਪਹਿਨੇ ਜਾਣ ਵਾਲੇ ਗਹਿਣੇ : ਗੋਖੜੂ, ਪਰੀਬੰਦ, ਗਜਰੇ, ਪਹੁੰਚੀ, ਚੂੜੀਆਂ, ਬਾਜੂਬੰਦ, ਕੰਗਣ, ਵੰਗਾਂ, ਬਾਂਕਾ, ਕਲੀਰੇ ਆਦਿ..। ਪੁਰਸ਼ ਆਪਣੀ ਵੀਣੀ 'ਤੇ ਕੜਾ ਪਹਿਨਦੇ ਹਨ। ਉਂਗਲ਼ਾਂ 'ਤੇ ਪਹਿਨੇ ਜਾਣ ਵਾਲ਼ੇ ਗਹਿਣੇ, ਮੁੰਦਰੀ, ਛਾਪ, ਕਲੀਚੜੀ, ਆਰਸੀ ਆਦਿ ਹਨ... ਇਵੇਂ ਹੀ ਘੁਮਿਆਰ ਦੇ ਕਿੱਤੇ ਦੁਆਰਾ ਬਣਾਈਆਂ ਜਾਂਦੀਆਂ ਵਸਤਾਂ (ਭਾਂਡੇ) ਆਦਿ ਦੀ ਗਿਣਤੀ ਵੀ ਬਹੁਤ ਹੈ, ਜਿਵੇਂ; ਘੜਾ, ਚਾਟੀ, ਬਲ਼ਟੀ, ਕੁੱਜਾ, ਦੀਵਾ, ਚੱਪਣ, ਮੱਟ, ਵਲਟੋਹੀ ਆਦਿ।

ਤੇਲੀ ਕੋਹਲੂ ਨਾਲ਼ ਕਈ ਪ੍ਰਕਾਰ ਦੇ ਬੀਜਾਂ ਵਿੱਚੋਂ ਤੇਲ ਕੱਢਣ ਦਾ ਕਿੱਤਾ ਕਰਦਾ ਹੈ, ਜਿਵੇਂ; ਸਰ੍ਹੋਂ, ਤਾਰਾਮੀਰਾ, ਵੜੇਵੇਂ ਆਦਿ ਵਿੱਚੋਂ। ਲੋਕ-ਕਿੱਤੇ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਹਰ ਕਿਸੇ ਲਈ ਉਪਯੋਗੀ

ਹੁੰਦਾ ਹੈ। ਉਦਾਹਰਨ ਲਈ ਜੁੱਤੀ ਦੀ ਲੋੜ ਹਰ ਇੱਕ ਨੂੰ ਹੈ। ਇਸ ਲਈ ਧੌੜੀ ਦੀ ਜੁੱਤੀ, ਢੁਖੱਲੀ, ਨਗੀ ਦੀ ਜੁੱਤੀ, ਸੁੰਨੀ ਵਾਲ਼ੀ, ਘੋਨੀ, ਕੱਢਵੀਂ ਅਤੇ ਬੱਚਿਆਂ ਲਈ ਮੌਜੇ (ਨਿੱਕੀ ਜੁੱਤੀ) ਬਣਾਈ ਜਾਂਦੀ ਹੈ।

ਸੂਤ ਤੋਂ ਕੱਪੜਾ ਬੁਣਿਆ ਜਾਂਦਾ ਹੈ। ਇਸ ਨਾਲ਼ ਖੇਸ, ਦੋੜੇ, ਖੱਦਰ, ਦਸੂਤੀ ਆਦਿ ਹੱਥ-ਖੱਡੀ 'ਤੇ ਬਣਾਏ ਜਾਂਦੇ ਰਹੇ ਹਨ। ਇਸੇ ਖੱਦਰ 'ਤੇ ਇਸਤਰੀਆਂ ਬਾਗ਼-ਫੁਲਕਾਰੀ ਦੀ ਕਢਾਈ ਕਰਦੀਆਂ ਸਨ।

ਪੰਜਾਬ ਦੇ ਲੋਕ-ਕਿੱਤੇ ਸਦੀਆਂ ਤੋਂ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਰਹਿਤਲ ਦਾ ਅਨਿੱਖੜਵਾਂ ਅੰਗ ਰਹੇ ਹਨ। ਪਿਛਲੀ ਇੱਕ ਸਦੀ ਵਿੱਚ ਸਮਾਜ ਦੇ ਵਿਕਾਸ ਅਤੇ ਅਬਾਦੀ ਦੇ ਵਧਣ ਨਾਲ਼ ਮਨੁੱਖੀ ਲੋੜਾਂ ਵਿੱਚ ਬੇਸ਼ੁਮਾਰ ਵਾਧਾ ਹੋਇਆ ਹੈ। ਇਹਨਾਂ ਵਧੀਆਂ ਹੋਈਆਂ ਲੋੜਾਂ ਨੂੰ ਪੂਰਿਆਂ ਕਰਨ ਲਈ ਜਦੋਂ ਹੱਥ ਨਾਲ਼ ਕੀਤੇ ਜਾਣ ਵਾਲ਼ੇ ਕੰਮ ਵਧ ਰਹੀਆਂ ਲੋੜਾਂ ਨੂੰ ਪੂਰਿਆਂ ਕਰਨ ਤੋਂ ਅਸਮਰਥ ਹੋ ਗਏ ਤਾਂ ਅਜੋਕੇ ਮਨੁੱਖ ਨੇ ਵਿਗਿਆਨ ਦੀਆਂ ਨਵੀਆਂ ਕਾਢਾਂ ਨੂੰ ਜਨਮ ਦਿੱਤਾ ਅਤੇ ਵਧੀਆਂ ਹੋਈਆਂ ਲੋੜਾਂ ਨੂੰ ਪੂਰਿਆਂ ਕਰਨ ਲਈ ਮਸ਼ੀਨ ਦਾ ਸਹਾਰਾ ਲਿਆ। ਵਰਤਮਾਨ ਸਮੇਂ 'ਚ ਪੰਜਾਬ ਵਿੱਚ ਬਹੁਤ ਘੱਟ ਅਜਿਹੇ ਕਿੱਤੇ ਹਨ ਜਿਨ੍ਹਾਂ ਵਿੱਚ ਮਸ਼ੀਨ ਦੀ ਵਰਤੋਂ ਨਹੀਂ ਹੁੰਦੀ। ਇਸ ਵਿਕਾਸ ਨਾਲ਼ ਜਿੱਥੇ ਵਸਤੂਆਂ ਦੇ ਨਿਰਮਾਣ ਵਿੱਚ ਵਾਧਾ ਹੋਇਆ ਹੈ, ਉੱਥੇ ਕਾਰੀਗਰਾਂ ਦੀ ਨਿੱਜੀ ਪਛਾਣ ਵੀ ਗੁਆਚ ਗਈ ਹੈ। ਪਹਿਲੇ ਸਮਿਆਂ ਵਿੱਚ ਕਿਸੇ ਦੀ ਬਣਾਈ ਵਸਤੂ ਦੀ ਸੁੰਦਰਤਾ ਅਤੇ ਵਿਸ਼ੇਸ਼ਤਾ ਨੂੰ ਉਸ ਕਾਰੀਗਰ ਦੀ ਵਿਸ਼ੇਸ਼ ਮੁਹਾਰਤ ਅਤੇ ਕਾਰੀਗਰੀ ਨਾਲ਼ ਜੋੜ ਕੇ ਵੇਖਿਆ ਜਾਂਦਾ ਸੀ। ਮਸ਼ੀਨ ਨਾਲ਼ ਬਣਾਈ ਵਸਤੂ ਵਿੱਚ ਕਾਰੀਗਰ ਦੀ ਥਾਂ ਕੰਪਨੀਆਂ ਨੇ ਲੈ ਲਈ ਪਰ ਸਮਾਜ ਦੇ ਵਿਕਾਸ ਲਈ ਪਿਛਲੇਰੇ ਕਦਮਾਂ ਤੋਂ ਅੱਗੇ ਕਦਮ ਪੁੱਟਣਾ ਜ਼ਰੂਰੀ ਹੁੰਦਾ ਹੈ। ਇੰਞ ਪੰਜਾਬ ਦੇ ਲੋਕ-ਕਿੱਤੇ ਨਿਰੰਤਰ ਵਿਕਾਸ ਦੀ ਰਾਹ 'ਤੇ ਚੱਲ ਰਹੇ ਹਨ।

**ਲੋਕ-ਕਲਾਵਾਂ**

ਲੋਕ-ਕਲਾ ਦਾ ਜਨਮ ਮਨੁੱਖ ਦੁਆਰਾ ਕੀਤੇ ਜਾਣ ਵਾਲ਼ੇ ਕੰਮਾਂ ਦੇ ਸੁਹਜ, ਸਾਦਗੀ ਅਤੇ ਕਲਾਤਮਿਕ ਗੁਣਾਂ ਵਿੱਚੋਂ ਹੋਇਆ। ਲੋਕ-ਕਲਾ ਆਦਿ-ਮਾਨਵ ਤੋਂ ਹੀ ਮਨੁੱਖ ਦੀ ਮਾਨਸਿਕ ਤ੍ਰਿਪਤੀ ਦੀ ਸਾਧਨ ਰਹੀ ਹੈ। ਇਸ ਤਰ੍ਹਾਂ ਲੋਕ-ਕਲਾ ਪ੍ਰਾਚੀਨ ਪਰੰਪਰਾ ਹੈ। ਉਦਾਹਰਨ ਲਈ ਪ੍ਰਾਚੀਨ ਸਿੰਧ ਘਾਟੀ ਦੀ ਖੁਦਾਈ ਵਿੱਚੋਂ ਮਿਲ਼ੀਆਂ ਮੂਰਤੀਆਂ, ਗਹਿਣੇ, ਠੀਕਰੀਆਂ, ਮੋਹਰਾਂ 'ਤੇ ਉੱਕਰੇ ਚਿੱਤਰ, ਮਿੱਟੀ ਦੇ ਭਾਂਡਿਆਂ ਉੱਤੇ ਅੰਕਿਤ ਚਿੱਤਰਕਾਰੀ ਦੇ ਨਮੂਨੇ ਅਤੇ ਨਾਚੀ ਦੀ ਮੁਦਰਾ ਵਿੱਚ ਮਿਲ਼ੀ ਮੂਰਤੀ ਜਿੱਥੇ ਪੰਜਾਬ ਦੀ ਪ੍ਰਾਚੀਨ ਲੋਕ-ਕਲਾ ਨੂੰ ਪ੍ਰਗਟ ਕਰਦੇ ਹਨ, ਉੱਥੇ ਪੰਜਾਬ ਦੀ ਲੋਕ-ਕਲਾ ਨੂੰ ਕਲਾਤਮਿਕ ਵਿਰਸੇ ਨਾਲ਼ ਵੀ ਜੋੜਦੇ ਹਨ।

ਅਜਿਹੀ ਕਲਾ ਜੋ ਕਿਸੇ ਸਮਾਨ ਪਰੰਪਰਾ ਵਾਲ਼ੇ ਸੱਭਿਆਚਾਰ ਦੇ ਮਨੁੱਖੀ ਸਮੂਹ ਦੀਆਂ ਮਾਨਸਿਕ ਭਾਵਨਾਵਾਂ ਨੂੰ ਪ੍ਰਗਟਾਉਂਦੀ ਹੋਵੇ ਅਤੇ ਵਿਰਸੇ ਵਿੱਚੋਂ ਪ੍ਰਾਪਤ ਹੁੰਦੀ ਹੋਵੇ, ਲੋਕ-ਕਲਾ ਹੈ। ਸਰਲਤਾ ਅਤੇ ਸਾਦਗੀ ਲੋਕ-ਕਲਾ ਦੇ ਵਿਸ਼ੇਸ਼ ਗੁਣ ਹਨ। ਪੰਜਾਬ ਦੀ ਲੋਕ-ਕਲਾ ਭਾਵੇਂ ਨਿਰੰਤਰ ਪਰਿਵਰਤਨਸ਼ੀਲ ਰਹੀ ਹੈ ਪਰ ਇਹ ਸਦਾ ਸੰਵੇਦਨਸ਼ੀਲ, ਸਾਦੀ ਅਤੇ ਮਾਨਵੀ ਮੁੱਲਾਂ ਵਾਲ਼ੀ ਰਹੀ ਹੈ।

ਲੋਕ-ਕਲਾ ਅਤੇ ਸ਼ਾਸਤਰੀ ਕਲਾ ਵਿੱਚ ਕੁਝ ਅੰਤਰ ਵੀ ਹਨ। ਜਿਵੇਂ-ਜਿਵੇਂ ਲੋਕ-ਕਲਾ ਵਿੱਚ ਨਿਖਾਰ ਆਉਂਦਾ ਗਿਆ, ਤਿਵੇਂ-ਤਿਵੇਂ ਕਲਾ ਦੇ ਨਿਯਮ ਬਣਦੇ ਗਏ, ਜਿਸ ਕਲਾ ਦਾ ਲਿਖਤੀ ਸ਼ਾਸ਼ਤਰ ਬਣ ਗਿਆ ਉਹ ਲੋਕ-ਕਲਾ ਸ਼ਾਸਤਰੀ ਕਲਾ ਦੇ ਘੇਰੇ ਵਿੱਚ ਚਲੀ ਗਈ, ਇਹ ਕਲਾ ਭਾਵੇਂ ਨਾਚ ਹੋਣ ਜਾਂ ਚਿੱਤਰਕਾਰੀ ਹੋਵੇ। ਇੱਥੇ ਇਹ ਗੱਲ ਸਪਸ਼ਟ ਕਰ ਦੇਣੀ ਬਣਦੀ ਹੈ ਕਿ ਸਾਸ਼ਤਰੀ ਕਲਾ ਜਿੱਥੇ ਬੱਝਵੇਂ ਨਿਯਮਾਂ

ਵਾਲ਼ੀ ਹੁੰਦੀ ਹੈ, ਉੱਥੇ ਲੋਕ-ਕਲਾ ਦੇ ਨਿਯਮ ਲਚਕੀਲੇ ਹੁੰਦੇ ਹਨ। ਫਿਰ ਵੀ ਲੋਕ-ਕਲਾ ਅਤੇ ਸ਼ਾਸਤਰੀ ਕਲਾ ਵਿੱਚ ਸੁਹਜ ਦੀ ਤਾਂਘ ਅਤੇ ਮਨੋਰੰਜਨ ਜਿਹੇ ਗੁਣ ਸਾਂਝੇ ਹਨ।

ਪੰਜਾਬ ਦੀਆਂ ਬਹੁਤੀਆਂ ਲੋਕ-ਕਲਾਵਾਂ ਦੀਆਂ ਸਿਰਜਕ ਇਸਤਰੀਆਂ ਰਹੀਆਂ ਹਨ ਕਿਉਂਕਿ ਇਸਤਰੀ-ਮਨ ਕੋਮਲ ਹੁੰਦਾ ਹੈ ਸ਼ਾਇਦ ਇਸੇ ਲਈ ਹੀ ਪੰਜਾਬ ਦੀ ਲੋਕ-ਕਲਾ ਮੰਗਲ਼-ਕਾਮਨਾ ਦੀ ਭਾਵਨਾ ਵਾਲ਼ੀ ਦਿਸ ਆਉਂਦੀ ਹੈ ਅਤੇ ਇਸ ਵਿੱਚ ਲੋਕਾਂ ਦੇ ਜੀਵਨ ਦੇ ਸੁਖਾਂਤਿਕ ਪਹਿਲੂ ਹੀ ਪੇਸ਼ ਹੋਏ ਹੁੰਦੇ ਹਨ। ਲੋਕ-ਕਲਾ ਪ੍ਰੇਮ-ਭਾਵਨਾ ਵਾਲ਼ੀ ਅਤੇ ਅਡੰਬਰ ਤੋਂ ਮੁਕਤ ਹੁੰਦੀ ਹੈ। ਲੋਕ-ਕਲਾ ਦੀ ਇੱਕ ਖ਼ੂਬੀ ਇਹ ਵੀ ਹੁੰਦੀ ਹੈ ਕਿ ਇਹ ਲੁੜੀਂਦੀ ਸਮਗਰੀ ਆਪਣੇ ਨੇੜੇ ਦੇ ਚੁਗਿਰਦੇ ਵਿੱਚੋਂ ਹੀ ਪ੍ਰਾਪਤ ਕਰਦੀ ਹੈ। ਇਹ ਭਾਵੇਂ ਬਾਗ਼, ਫੁਲਕਾਰੀ ਆਦਿ ਦੀ ਕਢਾਈ ਹੋਵੇ, ਜਾਂ ਭਾਂਡੇ ਰੱਖਣ ਵਾਲ਼ੀਆਂ ਟਾਣਾਂ (ਪੜਛੱਤੀਆਂ), ਹਾਰੇ, ਭੜੋਲੇ, ਭੜੋਲੀਆਂ, ਚੁੱਲ੍ਹੇ-ਚੌਂਕੇ ਦੇ ਓਟੇ ਜਾਂ ਕੰਧਾਂ ਉੱਤੇ ਮਿੱਟੀ, ਪਾਂਡੂ-ਮਿੱਟੀ, ਨੀਲ, ਚੂਨੇ, ਹਿਰਮਚੀ, ਹਲ਼ਦੀ, ਕਾਲ਼ਖ, ਕੇਸੂ, ਸ਼ਿੰਗਰਫ਼, ਖੜੀਆ ਜਾਂ ਪੀਲ਼ੀ ਮਿੱਟੀ ਦੇ ਘੋਲ਼ ਨਾਲ਼ ਅਨੇਕ ਪ੍ਰਕਾਰ ਦੇ ਨਮੂਨੇ ਅਤੇ ਸਾਂਝੀ ਮਾਈ ਜਾਂ ਅਹੋਈ ਦੇ ਚਿੱਤਰ ਹੀ ਕਿਉਂ ਨਾ ਹੋਣ। ਇਹਨਾਂ ਕਲਾਵਾਂ ਵਿੱਚ ਵਰਤੀ ਜਾਣ ਵਾਲ਼ੀ ਸਾਰੀ ਸਮਗਰੀ ਆਲ਼ੇ-ਦੁਆਲ਼ੇ ਵਿੱਚੋਂ ਸੌਖਿਆਂ ਹੀ ਪ੍ਰਾਪਤ ਹੋ ਜਾਣ ਵਾਲ਼ੀ ਹੁੰਦੀ ਹੈ।

ਪੰਜਾਬ ਦੀ ਲੋਕ-ਕਲਾ ਕਈ ਪ੍ਰਕਾਰ ਦੀ ਹੈ, ਜਿਵੇਂ; ਪਾਣੀ ਵਿੱਚ ਗੋਈ (ਗੁੰਨ੍ਹੀ) ਮਿੱਟੀ ਵਿੱਚ ਪੰਬੀ (ਬਰੀਕ ਤੂੜੀ) ਰਲ਼ਾ ਕੇ ਓਟਿਆਂ, ਕੰਧਾਂ, ਭੜੋਲੇ-ਭੜੋਲੀਆਂ ਜਾਂ ਹਾਰਿਆਂ ਆਦਿ 'ਤੇ ਬਣਾਏ ਉੱਭਰਵੇਂ ਚਿੱਤਰ ਲਏ ਜਾ ਸਕਦੇ ਹਨ। ਇਹ ਚਿੱਤਰ ਵੇਖਣ ਵਿੱਚ ਭਾਵੇਂ ਸਾਦੇ ਅਤੇ ਬੇਡੌਲ ਲੱਗਦੇ ਹਨ ਪਰ ਕਿਉਂਕਿ ਲੋਕ-ਕਲਾ ਇੱਕ ਪੀੜ੍ਹੀ, ਦੂਜੀ ਪੀੜ੍ਹੀ ਤੋਂ, ਬਿਨਾਂ ਕਿਸੇ ਉਚੇਚ ਦੇ ਸਿੱਖਦੀ ਹੈ ਇਸ ਲਈ ਇਹ ਚਿੱਤਰ ਅਚੇਤ ਮਨ ਦੀ ਸਿਰਜਣਾ ਹੁੰਦੇ ਹਨ।

ਪੰਜਾਬ ਦੀ ਲੋਕ-ਕਲਾ ਵਿੱਚ ਬਾਗ਼ ਤੇ ਫੁਲਕਾਰੀ ਦੀ ਕਢਾਈ ਦੀ ਵਿਸੇਸ਼ ਥਾਂ ਰਹੀ ਹੈ।

ਬਾਗ਼ ਦੀ ਕਢਾਈ ਲੋਕ-ਕਲਾ ਦੀ ਵਿਸ਼ੇਸ਼ ਕਿਸਮ ਮੰਨੀ ਗਈ ਹੈ। ਰੰਗਾਈ ਕੀਤੇ ਖੱਦਰ ਦੇ ਕੱਪੜੇ ਉੱਤੇ ਚੌਰਸ, ਤਿਕੋਣੇ, ਛੇ-ਕਲੀਏ, ਅੱਠ-ਕਲੀਏ ਜਾਂ ਚੌਪੜ ਦੇ ਖ਼ਾਨਿਆਂ ਵਾਲ਼ੇ ਨਮੂਨਿਆਂ ਨੂੰ ਇਸ ਤਰ੍ਹਾਂ ਵਿਓਂਤ ਕੇ ਰੰਗ-ਬਰੰਗੇ ਧਾਗਿਆਂ ਨਾਲ਼ ਕਢਾਈ ਕੀਤੀ ਜਾਂਦੀ ਸੀ ਕਿ ਕੱਪੜੇ ਦੀ ਕਢਾਈ ਤੋਂ ਬਿਨਾਂ ਕੋਈ ਖ਼ਾਲੀ ਥਾਂ ਨਹੀਂ ਸੀ ਦਿਸਦੀ। ਕਢਾਈ ਲਈ ਗੂੜ੍ਹੇ ਰੰਗ ਦਾ ਰੇਸ਼ਮੀ ਧਾਗਾ ਵਰਤਿਆ ਜਾਂਦਾ ਸੀ। ਬਾਗ਼ ਦੀ ਕਢਾਈ ਮੁਕੰਮਲ ਕਰਨ ਸਮੇਂ ਇੱਕ ਨੁੱਕਰ 'ਤੇ ਥੋੜ੍ਹੀ ਜਿਹੀ ਖ਼ਾਲੀ ਥਾਂ ਛੱਡ ਕੇ ਕਾਲ਼ੇ ਰੰਗ ਦੇ ਧਾਗੇ ਨਾਲ਼ ਇੱਕ ਨਿੱਕੀ ਬੂਟੀ ਕੱਢ ਦਿੱਤੀ ਜਾਂਦੀ ਸੀ ਤਾਂਕਿ ਕਢਾਈ ਦੇ ਨਮੂਨਿਆਂ ਨੂੰ ਕਿਸੇ ਦੀ ਨਜ਼ਰ ਨਾ ਲੱਗੇ।

ਫੁਲਕਾਰੀ ਦੀ ਕਢਾਈ, ਰੰਗਾਈ ਕੀਤੇ ਖੱਦਰ ਦੇ ਕੱਪੜੇ 'ਤੇ ਬੂਟੀਆਂ ਦੇ ਨਮੂਨੇ ਵਜੋਂ ਅਤੇ ਕੱਪੜੇ ਦੇ ਪੁੱਠੇ ਪਾਸਿਓਂ (ਧਾਗੇ ਗਿਣ ਕੇ) ਕੀਤੀ ਜਾਂਦੀ ਸੀ। ਫੁਲਕਾਰੀ ਦਾ ਹੁਨਰ ਲੋਕ-ਕਲਾ ਦੀ ਸਿਖਰ ਮੰਨਿਆ ਜਾਂਦਾ ਹੈ। ਫੁਲਕਾਰੀ ਦੇ ਕਈ ਨਮੂਨੇ ਪ੍ਰਚਲਿਤ ਹਨ ਜਿਨ੍ਹਾਂ ਵਿੱਚ ਚੋਪ, ਸੁੱਭਰ, ਤਿਲਪੱਤਰਾ ਅਤੇ ਨੀਲਕ ਆਦਿ ਪ੍ਰਸਿੱਧ ਹਨ।

ਚੋਪ ਅਤੇ ਸੁੱਭਰ ਵਿਆਹ ਦੀਆਂ ਫੁਲਕਾਰੀਆਂ ਹਨ। ਇਹ ਦੋਵੇਂ ਕਿਸਮ ਦੀਆਂ ਫੁਲਕਾਰੀਆਂ ਨਾਨਕੇ ਲੜਕੀ ਲਈ ਨਾਨਕ-ਛੱਕ ਦੇ ਰੂਪ ਵਿੱਚ ਲੈ ਕੇ ਆਉਂਦੇ ਸਨ। ਚੋਪ, ਸਧਾਰਨ ਫੁਲਕਾਰੀ ਨਾਲ਼ੋਂ ਕੁਝ ਵੱਡੀ ਹੁੰਦੀ ਹੈ ਅਤੇ ਇਸ ਦੀ ਕਢਾਈ ਖ਼ਾਸ ਗੁੰਝਲ਼ਦਾਰ ਤੋਪੇ ਨਾਲ਼ ਕੀਤੀ ਜਾਂਦੀ ਸੀ। ਸੁੱਭਰ, ਗੂੜ੍ਹੇ ਲਾਲ ਰੰਗ ਦਾ ਕਢਾਈ ਕੀਤਾ ਖੱਦਰ ਹੁੰਦਾ ਸੀ ਜਿਸ ਦੀਆਂ ਚਾਰੇ ਨੁੱਕਰਾਂ 'ਤੇ ਕਢਾਈ ਕੀਤੀ ਜਾਂਦੀ ਸੀ ਅਤੇ ਵਿਚਕਾਰ

ਪੰਜ-ਸੱਤ ਬੂਟੀਆਂ ਕੱਢੀਆਂ ਜਾਂਦੀਆਂ ਸਨ। ਸੁੱਭਰ ਵਿਆਹ ਵਿੱਚ ਫੇਰਿਆਂ ਸਮੇਂ ਲਾੜੀ ਆਪਣੇ ਸਿਰ ਉੱਪਰ ਲੈਂਦੀ ਸੀ।

ਤਿਲਪੱਤਰਾ ਸਧਾਰਨ ਕਿਸਮ ਦੀ ਫੁਲਕਾਰੀ ਮੰਨੀ ਗਈ ਹੈ ਕਿਉਂਕਿ ਇਸ ਦੀ ਕਢਾਈ ਸਾਧਾਰਨ ਅਤੇ ਵਿਰਲੇ ਨਮੂਨਿਆਂ ਵਾਲ਼ੀ ਹੁੰਦੀ ਹੈ।

ਨੀਲਕ ਵੰਨਗੀ ਦੀ ਫੁਲਕਾਰੀ, ਨੀਲੇ ਰੰਗ ਦੇ ਖੱਦਰ 'ਤੇ ਪੀਲੇ ਜਾਂ ਲਾਲ ਰੰਗ ਦੇ ਧਾਗੇ ਨਾਲ਼ ਕੀਤੀ ਕਢਾਈ ਨੂੰ ਕਹਿੰਦੇ ਹਨ। ਨੀਲੇ ਰੰਗ ਦੀ ਭਾਹ ਮਾਰਨ ਕਾਰਨ ਹੀ ਇਸ ਨੂੰ ਨੀਲਕ ਕਿਹਾ ਜਾਂਦਾ ਹੈ। ਛਮਾਸ ਫੁਲਕਾਰੀ ਦੀ ਕਢਾਈ ਸ਼ੀਸ਼ੇ ਦੇ ਟੁਕੜੇ ਲਾ ਕੇ ਕੀਤੀ ਜਾਂਦੀ ਸੀ।

ਫੁਲਕਾਰੀ ਦੀ ਕਢਾਈ ਵਿੱਚ ਘੁੰਗਟ ਬਾਗ਼ ਦਾ ਵੀ ਵਿਸ਼ੇਸ਼ ਸਥਾਨ ਹੈ। ਘੁੰਗਟ ਬਾਗ਼ ਦੀ ਕਢਾਈ ਤਿਕੋਣੇ ਨਮੂਨੇ ਵਿੱਚ ਸਿਰ ਅਤੇ ਮੱਥੇ ਉੱਪਰ ਆਉਣ ਵਾਲ਼ੇ ਹਿੱਸੇ 'ਤੇ ਕੀਤੀ ਹੁੰਦੀ ਹੈ।

ਫੁਲਕਾਰੀ-ਕਢਾਈ ਦੀਆਂ ਸਾਰੀਆਂ ਵੰਨਗੀਆਂ ਹੀ ਖੱਦਰ ਦੇ ਕੱਪੜੇ ਨਾਲ਼ ਸੰਬੰਧ ਰੱਖਦੀਆਂ ਹਨ। ਸਧਾਰਨ ਖੱਦਰ ਤੋਂ ਬਿਨਾਂ ਲਾਲ ਰੰਗ ਦਾ ਮੁਲਾਇਮ ਖੱਦਰ ਵੀ ਇਸਤੇਮਾਲ ਕੀਤਾ ਜਾਂਦਾ ਸੀ ਜਿਸ ਨੂੰ ਹਲਵਾਨ ਕਿਹਾ ਜਾਂਦਾ ਸੀ। ਕਢਾਈ ਲਈ ਰੰਗਦਾਰ ਰੇਸ਼ਮੀ ਧਾਗੇ ਦੀ ਵਰਤੋਂ ਕੀਤੀ ਜਾਂਦੀ ਸੀ। ਅਜੋਕੇ ਸਮੇਂ ਵਿੱਚ ਫੁਲਕਾਰੀ-ਕਢਾਈ ਦੇ ਕੱਪੜੇ ਦੀ ਵੰਨਗੀ ਵਿੱਚ ਕਾਫ਼ੀ ਤਬਦੀਲੀ ਆ ਗਈ ਹੈ।

ਬਾਗ਼-ਫੁਲਕਾਰੀ ਲੋਕ-ਕਲਾ ਤੋਂ ਇਲਾਵਾ ਪੰਜਾਬ ਦੀਆਂ ਲੋਕ-ਕਲਾਵਾਂ ਵਿੱਚ ਕਈ ਹੋਰ ਵੰਨਗੀਆਂ ਵੀ ਹਨ ਜਿਨ੍ਹਾਂ ਵਿੱਚ ਦਰੀਆਂ, ਨਾਲ਼ਿਆਂ, ਨਵਾਰ (ਨੁਮਾਰ) ਅਤੇ ਖੇਸੀਆਂ ਦੀ ਬੁਣਤੀ ਗਿਣੀਆਂ ਜਾ ਸਕਦੀਆਂ ਹਨ। ਦਰੀਆਂ ਅਤੇ ਨਵਾਰ ਇਸਤਰੀਆਂ ਅੱਡੇ ਬਣਾ ਕੇ ਬੁਣਦੀਆਂ ਹਨ ਅਤੇ ਖੇਸੀਆਂ ਖੱਡੀ 'ਤੇ ਬੁਣੀਆਂ ਜਾਂਦੀਆਂ ਹਨ। ਨਾਲ਼ੇ, ਛੋਟੇ ਅੱਡੇ 'ਤੇ ਕਾਨਿਆਂ ਨਾਲ਼ ਬੁਣੇ ਜਾਂਦੇ ਹਨ। ਨਾਲ਼ਿਆਂ ਦੀ ਬੁਣਤੀ ਅਤੇ ਦਰੀਆਂ ਦੀ ਬੁਣਤੀ ਵਿੱਚ ਪਾਏ ਅਨੇਕ ਤਰ੍ਹਾਂ ਦੇ ਰੰਗਦਾਰ ਨਮੂਨੇ ਪੰਜਾਬ ਦੀ ਲੋਕ-ਕਲਾ ਦਾ ਅਮੀਰ ਖ਼ਜ਼ਾਨਾ ਹਨ। ਅਜੋਕੇ ਸਮੇਂ ਵਿੱਚ ਵਧੀਆਂ ਹੋਈਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਇਹ ਕੰਮ ਮਸ਼ੀਨਾਂ ਰਾਹੀਂ ਹੋਣ ਲੱਗ ਪਏ ਹਨ।

ਪੰਜਾਬ ਦੀਆਂ ਲੋਕ-ਕਲਾਵਾਂ ਵਿੱਚ ਪੱਖੀਆਂ ਦੀ ਨਮੂਨੇਦਾਰ ਬੁਣਤੀ, ਝੋਲ਼ਿਆਂ ਜਾਂ ਰੁਮਾਲਾਂ ਆਦਿ 'ਤੇ ਕੀਤੀ ਕਢਾਈ ਵੀ ਵਰਨਣਯੋਗ ਹੈ।

ਗਾਚਣੀ ਜਾਂ ਮੁਲਤਾਨੀ ਮਿੱਟੀ ਵਿੱਚ ਕਾਗ਼ਜ਼ ਜਾਂ ਗੱਤਾ ਰਲ਼ਾ ਕੇ ਬਣਾਏ ਬੋਹੀਏ, ਗੋਹਟੇ, ਪੰਜਾਬ ਦੀ ਲੋਕ-ਕਲਾ ਦਾ ਬਹੁਤ ਮਹੱਤਵਪੂਰਨ ਹਿੱਸਾ ਹਨ।

ਪੰਜਾਬ ਦੀਆਂ ਲੋਕ-ਕਲਾਵਾਂ ਵਿੱਚ ਸਾਂਝੀ ਅਤੇ ਅਹੋਈ ਦੀਆਂ ਮੂਰਤੀਆਂ ਬਣਾਉਣ ਦੀ ਵੀ ਵਿਸ਼ੇਸ਼ ਮਹੱਤਤਾ ਹੈ। ਨਵਰਾਤਿਆਂ ਦੇ ਆਉਣ ਤੋਂ ਕੁਝ ਦਿਨ ਪਹਿਲਾਂ ਕੁੜੀਆਂ ਗਿੱਲੀ ਮਿੱਟੀ ਦੀਆਂ ਟਿੱਕੀਆਂ (ਚੰਦੂਏ) ਰੰਗ ਕੇ ਰੱਖ ਲੈਂਦੀਆਂ ਹਨ। ਪਹਿਲੇ ਨਰਾਤੇ ਵਾਲ਼ੇ ਦਿਨ ਇਹਨਾਂ ਟਿੱਕੀਆਂ ਨੂੰ ਕੰਧ ਉੱਪਰ ਗੋਹੇ ਨਾਲ਼ ਕੋਈ ਸਾਂਝੀ ਮਾਈ, ਕੋਈ ਬਰੋਟੇ ਦੀ ਮੂਰਤੀ ਬਣਾ ਕੇ, ਮਿੱਟੀ ਦੀਆਂ ਟਿੱਕੀਆਂ ਨੂੰ ਜੜ ਦੇਂਦੀਆਂ ਹਨ। ਫੇਰ ਕੁੜੀਆਂ ਆਥਣ ਵੇਲ਼ੇ ਸਾਂਝੀ ਦੇਵੀ ਅੱਗੇ ਹਰ ਰੋਜ਼ ਦੀਵੇ ਜਗਾ ਕੇ ਗੀਤ ਗਾਉਂਦੀਆਂ, ਮੱਥਾ ਟੇਕਦੀਆਂ ਹਨ, ਦਸਵੇਂ ਦਸਹਿਰੇ ਵਾਲ਼ੇ ਦਿਨ ਕੰਧ 'ਤੇ ਬਣਾਈ ਮੂਰਤੀ ਉਤਾਰ ਕੇ ਤੇ ਖੇਤਰੀ ਪਾਣੀ ਵਿੱਚ ਰੋੜ੍ਹ ਦੇਂਦੀਆਂ ਹਨ। ਇਵੇਂ ਹੀ ਇਸਤਰੀਆਂ ਜਿੱਥੇ ਸ਼ਤੀਰਾਂ ਅਤੇ ਕੜੀਆਂ ਥੱਲੇ, ਕੰਧਾਂ ਉੱਤੇ ਨੀਲ, ਸ਼ਿੰਗਰਫ਼, ਪੀਲ਼ੀ ਮਿੱਟੀ, ਕਾਲ਼ਖ ਜਾਂ ਹਿਰਮਚੀ ਨਾਲ਼ ਕਈ ਪ੍ਰਕਾਰ ਦੇ ਨਮੂਨੇ ਵਾਹੁੰਦੀਆਂ ਹਨ, ਉੱਥੇ ਕੱਤਕ ਮਹੀਨੇ

ਵਿੱਚ ਅਹੋਈ ਦੀ ਮੂਰਤ ਵੀ ਕੰਧ ਉੱਪਰ ਉਲੀਕਦੀਆਂ ਹਨ। ਇਸ ਮੂਰਤੀ ਨੂੰ ਵੀ ਕਈ ਪ੍ਰਕਾਰ ਦੇ ਚਿੱਤਰਾਂ ਨਾਲ਼ ਸਜਾਇਆ ਜਾਂਦਾ ਹੈ। ਇੰਞ ਪੰਜਾਬ ਦੀਆਂ ਲੋਕ-ਕਲਾਵਾਂ ਦੇ ਅਨੇਕ ਰੂਪ ਹਨ ਜਿਨ੍ਹਾਂ ਨੂੰ ਨਵੀਂ ਪੀੜ੍ਹੀ ਆਪਣੀ ਪਹਿਲੀ ਪੀੜ੍ਹੀ ਤੋਂ ਸਿੱਖ ਕੇ ਜੀਵਿਤ ਰੱਖਦੀ ਹੈ।

ਪੰਜਾਬ ਦੀਆਂ ਲੋਕ-ਕਲਾਵਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਵਰਤੋਂ ਆਉਣ ਵਾਲ਼ੀ ਸਮਗਰੀ, ਚੁਗਿਰਦੇ ਵਿੱਚੋਂ ਸੌਖੀ ਪ੍ਰਾਪਤ ਹੋਣ ਵਾਲ਼ੀ ਹੁੰਦੀ ਹੈ। ਭਾਵੇਂ ਉਹ ਛਿੱਕੂ, ਕੱਤਣੀ ਆਦਿ ਲਈ ਖਜੂਰ ਦੇ ਖੱਗੇ (ਪੱਤਰ) ਅਤੇ ਦੱਭ (ਘਾਹ) ਹੋਵੇ ਜਾਂ ਪਾਂਡੂ ਮਿੱਟੀ ਅਤੇ ਨੀਲ ਆਦਿ ਦੇ ਰੰਗ ਹੀ ਕਿਉਂ ਨਾ ਹੋਣ। ਇਹ ਸਧਾਰਨ ਵਸਤਾਂ ਜਦੋਂ ਕਿਸੇ ਲੋਕ-ਕਲਾ ਦੀ ਵੰਨਗੀ ਵਿੱਚ ਢਲ਼ ਕੇ ਪੇਸ਼ ਹੁੰਦੀਆਂ ਹਨ ਤਾਂ ਪੰਜਾਬ ਦੀ ਲੋਕ-ਕਲਾ ਦੇ ਗੌਰਵ ਦਾ ਪਤਾ ਲੱਗਦਾ ਹੈ।

## ਪਾਠ-ਅਭਿਆਸ

1. **ਵਸਤੂਨਿਸ਼ਠ ਪ੍ਰਸ਼ਨ**

(ੳ) ਕਿਹੜੇ ਕਿੱਤਿਆਂ ਦੀ ਮੁਹਾਰਤ ਕਾਰਨ ਸਮਾਜ ਦਾ ਵਿਕਾਸ ਸੰਭਵ ਹੋ ਸਕਿਆ ਹੈ?

(ਅ) ਸੰਸਕ੍ਰਿਤ ਵਿੱਚ ਹੱਥ ਨੂੰ ਕੀ ਕਿਹਾ ਜਾਂਦਾ ਹੈ ?

(ੲ) ਲੋਕ-ਕਿੱਤਾ ਕਿਸ ਨੂੰ ਕਿਹਾ ਜਾਂਦਾ ਹੈ ?

(ਸ) ਘੜਾ, ਚਾਟੀ, ਬਲ਼ਣੀ, ਕੁੱਜਾ, ਦੀਵਾ, ਚੱਪਣ, ਮੱਟ, ਵਲਟੋਹੀ ਆਦਿ ਵਸਤਾਂ (ਭਾਂਡੇ) ਕੌਣ ਬਣਾਉਂਦਾ ਹੈ ?

(ਹ) ਸਰ੍ਹੋਂ, ਤਾਰਾਮੀਰਾ, ਵੜੇਵੇਂ ਆਦਿ ਦੇ ਬੀਜਾਂ ਵਿੱਚੋਂ ਕੀ ਨਿਕਲ਼ਦਾ ਹੈ ?

(ਕ) ਬਾਗ਼ ਅਤੇ ਫੁਲਕਾਰੀ ਦੀ ਕਢਾਈ ਕਿਸ ਕੱਪੜੇ ਉੱਪਰ ਕੀਤੀ ਜਾਂਦੀ ਸੀ?

(ਖ) ਮਨੁੱਖ ਦੁਆਰਾ ਕੀਤੇ ਜਾਣ ਵਾਲ਼ੇ ਕੰਮਾਂ ਦੇ ਸੁਹਜ, ਸਾਦਗੀ ਅਤੇ ਕਲਾਤਮਿਕ ਗੁਣਾਂ ਕਰਕੇ ਕਿਸ ਕਲਾ ਦਾ ਜਨਮ ਹੋਇਆ ?

(ਗ) ਸ਼ਾਸਤਰੀ ਕਲਾ ਦੇ ਨਿਯਮ ਕਿਹੋ-ਜਿਹੇ ਹੁੰਦੇ ਹਨ ?

(ਘ) ਵਿਆਹ ਵਿੱਚ ਫੇਰਿਆਂ ਸਮੇਂ ਲਾੜੀ ਸਿਰ ਉੱਪਰ ਕਿਹੜਾ ਕੱਪੜਾ ਲੈਂਦੀ ਹੈ ?

(ਙ) ਕਾਗ਼ਜ਼ ਜਾਂ ਗੱਤਾ ਰਲ਼ਾ ਕੇ ਬਣਾਏ ਬੋਹੀਏ ਅਤੇ ਗੋਹਟੇ ਕਿਹੜੀ ਮਿੱਟੀ ਤੋਂ ਬਣਾਏ ਜਾਂਦੇ ਹਨ?

(ਚ) ਇਸਤਰੀਆਂ ਸ਼ਤੀਰਾਂ, ਕੜੀਆਂ ਥੱਲੇ, ਕੰਧਾਂ ਉੱਤੇ ਨੀਲ, ਸ਼ਿੰਗਰਫ, ਪੀਲ਼ੀ ਮਿੱਟੀ, ਕਾਲ਼ਖ ਜਾਂ ਹਿਰਮਚੀ ਨਾਲ਼ ਕੀ ਵਾਹੁੰਦੀਆਂ ਹਨ ?

(ਛ) ਪੰਜਾਬ ਦੀਆਂ ਲੋਕ ਕਲਾਵਾਂ ਵਿੱਚ ਵਰਤੀ ਜਾਣ ਵਾਲ਼ੀ ਸਮਗਰੀ ਕਿੱਥੋਂ ਪ੍ਰਾਪਤ ਕੀਤੀ ਜਾਂਦੀ ਹੈ ?

2. **'ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ' ਪਾਠ ਦੇ ਆਧਾਰ 'ਤੇ ਪ੍ਰਸ਼ਨਾਂ ਦੇ ਉੱਤਰ ਦਿਓ :—**

(ੳ) 'ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ' ਪਾਠ ਦੇ ਆਧਾਰ 'ਤੇ ਦੱਸੋ ਕਿ ਲੋਕ-ਕਿੱਤਿਆਂ ਦੇ ਵੱਖ-ਵੱਖ ਨਾਂ ਕਿਵੇਂ ਪ੍ਰਚਲਿਤ ਹੋਏ ?

(ਅ) 'ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ' ਪਾਠ ਦੇ ਆਧਾਰ 'ਤੇ 'ਲੋਕ-ਕਿੱਤਾ' ਅਤੇ 'ਲੋਕ-ਧੰਦਾ' ਦੇ ਅਰਥਾਂ ਵਿੱਚ ਮਾਮੂਲੀ ਫ਼ਰਕ ਹੈ, ਇਸ 'ਤੇ ਚਾਨਣਾ ਪਾਓ।

(ੲ) ਲੋਕ-ਕਿੱਤੇ ਦੀ ਵਿਸੇਸ਼ਤਾ ਕੀ ਹੈ ? ਲੁਹਾਰ ਅਤੇ ਤਰਖਾਣ ਵੱਲੋਂ ਬਣਾਏ ਜਾਂਦੇ ਸੰਦਾਂ ਦੇ ਨਾਂ ਲਿਖੋ।

(ਸ) ਸੁਨਿਆਰ ਅਨੇਕ ਪ੍ਰਕਾਰ ਦੀ ਵੰਨਗੀ ਦੇ ਗਹਿਣੇ ਬਣਾਉਂਦਾ ਹੈ। ਇਸ ਪਾਠ ਦੇ ਆਧਾਰ 'ਤੇ ਦੱਸੋ ਕਿ ਉਹ ਮਰਦਾਵੇਂ ਤੇ ਇਸਤਰੀਆਂ ਦੇ ਕਿਹੜੇ-ਕਿਹੜੇ ਗਹਿਣੇ ਬਣਾਉਂਦਾ ਹੈ ?

(ਹ) ਲੋਕ-ਕਿੱਤੇ ਦੀ ਵਿਸ਼ੇਸ਼ਤਾ ਕੀ ਹੈ ? ਉਦਾਹਰਨਾਂ ਸਹਿਤ ਦੱਸੋ।

(ਕ) ਲੋਕ-ਕਲਾ ਅਤੇ ਸ਼ਾਸਤਰੀ ਕਲਾ ਵਿੱਚ ਕੀ ਅੰਤਰ ਹੈ ? ਖੋਲ੍ਹ ਕੇ ਦੱਸੋ।

(ਖ) ਪੰਜਾਬ ਦੀਆਂ ਬਹੁਤੀਆਂ ਲੋਕ-ਕਲਾਵਾਂ ਦੀਆਂ ਸਿਰਜਕ ਇਸਤਰੀਆਂ ਰਹੀਆਂ ਹਨ, ਬਾਰੇ ਖੋਲ੍ਹ ਕੇ ਚਾਨਣਾ ਪਾਓ।

(ਗ) ਇਸ ਲੇਖ ਦੇ ਆਧਾਰ 'ਤੇ ਕਿ ਬਾਗ਼ ਦੀ ਕਢਾਈ ਲੋਕ-ਕਲਾ ਦੀ ਵਿਸ਼ੇਸ਼ ਕਿਸਮ ਮੰਨੀ ਗਈ ਹੈ, ਦੱਸੋ ਕਿਵੇਂ ?

(ਘ) ਫੁਲਕਾਰੀ ਦੀ ਕਢਾਈ ਦੇ ਹੁਨਰ ਨੂੰ ਲੋਕ-ਕਲਾ ਦਾ ਸਿਖਰ ਕਿਉਂ ਮੰਨਿਆ ਜਾਂਦਾ ਹੈ ?

(ਙ) ਬਾਗ਼ ਅਤੇ ਫੁਲਕਾਰੀ ਦੀ ਲੋਕ-ਕਲਾ ਤੋਂ ਇਲਾਵਾ ਲੋਕ-ਕਲਾ ਦੀਆਂ ਹੋਰ ਕਿਹੜੀਆਂ ਵੰਨਗੀਆਂ ਹਨ ?

(ਚ) ਨਵਰਾਤਿਆਂ ਦੇ ਦਿਨਾਂ ਦੇ ਦੌਰਾਨ ਕੁੜੀਆਂ ਵੱਲੋਂ ਬਣਾਈਆਂ ਮਿੱਟੀ ਦੀਆਂ ਮੂਰਤੀਆਂ ਬਾਰੇ ਭਰਪੂਰ ਜਾਣਕਾਰੀ ਦਿਓ।

*******

**ਲੇਖਕ ਬਾਰੇ**

## ਡਾ. ਜਗੀਰ ਸਿੰਘ ਨੂਰ

(1952)

| | | |
|---|---|---|
| ਮਾਤਾ ਜੀ ਦਾ ਨਾਂ | : | ਸ੍ਰੀਮਤੀ ਹਰਬੰਸ ਕੌਰ |
| ਪਿਤਾ ਜੀ ਦਾ ਨਾਂ | : | ਸ੍ਰੀ ਚੂਨੀ ਲਾਲ |
| ਜਨਮ-ਮਿਤੀ | : | 25 ਅਗਸਤ, 1952 |
| ਜਨਮ-ਸਥਾਨ | : | ਪਿੰਡ ਲੌਂਗੋਵਾਲ, ਤਹਿਸੀਲ ਬਟਾਲ਼ਾ, ਜ਼ਿਲ੍ਹਾ ਗੁਰਦਾਸਪੁਰ। |
| ਵਿੱਦਿਆ-ਪ੍ਰਾਪਤੀ | : | ਬੀ. ਲਿਬ, ਸਾਇੰਸ, ਐੱਮ. ਏ. ਪੰਜਾਬੀ, ਪੀ.-ਐੱਚ.ਡੀ. (ਪੰਜਾਬੀ) |
| ਕੰਮ-ਕਿੱਤਾ | : | ਅਧਿਆਪਨ ਤੇ ਲੇਖਕ |
| | : | ਸੰਤ ਅਵਤਾਰ ਸਿੰਘ ਜੀ ਯਾਦਗਾਰੀ ਕਾਲਜ ਸੀਚੇਵਾਲ, ਜ਼ਿਲ੍ਹਾ ਜਲੰਧਰ ਤੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ। ਇਹਨਾਂ ਦਾ ਖੋਜ-ਕਾਰਜ ਪੰਜਾਬੀ ਦੇ ਲੋਕ-ਨਾਚਾਂ ਨਾਲ਼ ਸੰਬੰਧਿਤ ਹੈ। |
| ਮੁੱਖ ਰਚਨਾਵਾਂ, | : | ਪੰਜਾਬੀ ਸੱਭਿਆਚਾਰ : ਮੂਲ ਪਛਾਣ, ਪੰਜਾਬੀ ਜਨ-ਜੀਵਨ ਤੇ ਲੋਕ-ਰੰਗ, ਪੰਜਾਬੀ ਸੱਭਿਆਚਾਰਿਕ ਵਿਰਸਾ, ਉਸਾਰੂ ਸਾਹਿਤ ਅਤੇ ਨਵੀਂ-ਪੀੜ੍ਹੀ। 'ਪੰਜਾਬ ਦੇ ਲੋਕ-ਨਾਚਾਂ ਦਾ ਸੱਭਿਆਚਾਰਿਕ ਇਤਿਹਾਸ', 'ਉੱਤਰੀ ਭਾਰਤ ਦੀ ਲੋਕ-ਨਾਚ ਪਰੰਪਰਾ ਅਤੇ ਲੋਕ-ਜੀਵਨ', 'ਪੰਜਾਬ ਦੇ ਮਰਦਾਵੇਂ ਲੋਕ-ਨਾਚ : ਪਰੰਪਰਾ ਅਤੇ ਵਰਤਮਾਨ', 'ਪੰਜਾਬਣਾਂ ਦੇ ਲੋਕ-ਨਾਚ: ਸੱਭਿਆਚਾਰਿਕ ਇਤਿਹਾਸ' ਅਤੇ ਹੋਰ ਆਲੋਚਨਾਤਮਿਕ, ਅਨੁਵਾਦਿਤ ਪੁਸਤਕਾਂ ਹਨ। |

ਹਥਲੀ ਪਾਠ -ਪੁਸਤਕ ਲਈ ਆਪ ਦਾ ਲੇਖ 'ਪੰਜਾਬ ਦੇ ਲੋਕ-ਨਾਚ' ਚੁਣਿਆ ਗਿਆ ਹੈ। ਇਸ ਲੇਖ ਵਿੱਚ ਉਹਨਾਂ ਨੇ ਪੰਜਾਬੀ ਲੋਕ-ਨਾਚਾਂ ਨੂੰ ਲੋਕ-ਸਮੂਹ ਦੀ ਸਿਰਜਣ-ਕਲਾ ਦੀ ਇੱਕ ਮਹੱਤਵਪੂਰਨ ਵੰਨਗੀ ਦੱਸਦੇ ਹੋਏ, ਇਹਨਾਂ ਦੀ ਪ੍ਰਾਚੀਨਤਾ ਦੱਸੀ ਹੈ। ਫਿਰ ਪੰਜਾਬੀ ਲੋਕ-ਨਾਚਾਂ ਦੀਆਂ ਸਾਂਝੀਆਂ ਵਿਸ਼ੇਸ਼ਤਾਵਾਂ ਦੱਸੀਆਂ ਹਨ। ਇਸ ਉਪਰੰਤ ਮਰਦਾਂ ਅਤੇ ਇਸਤਰੀਆਂ ਦੇ ਵੱਖ-ਵੱਖ ਨਾਚਾਂ ਬਾਰੇ ਜਾਣਕਾਰੀ ਦਿੱਤੀ ਹੈ। ਲੇਖਕ ਨੇ ਇਹਨਾਂ ਨਾਚਾਂ ਦਾ ਵਿਸ਼ਲੇਸ਼ਣ ਪੰਜਾਬੀ ਸੱਭਿਆਚਾਰ ਦੇ ਪ੍ਰਸੰਗ ਵਿੱਚ ਹੀ ਕੀਤਾ ਹੈ।

# ਪੰਜਾਬ ਦੇ ਲੋਕ-ਨਾਚ

ਲੋਕ-ਨਾਚ ਇੱਕ ਪ੍ਰਕਾਰ ਦੀ ਇੱਕ ਲੋਕ-ਕਲਾ ਹੈ। ਲੋਕ-ਨਾਚ ਮਨੋਰੰਜਨ ਦਾ ਸਾਧਨ ਹੀ ਨਹੀਂ, ਇਹ ਕਿਸੇ ਖਿੱਤੇ ਦੇ ਜਨ-ਸਮੂਹ ਦੀ ਸਮਾਜਿਕ, ਸੱਭਿਆਚਾਰਿਕ, ਨੈਤਿਕ, ਧਾਰਮਿਕ, ਰਾਜਸੀ ਅਤੇ ਇਤਿਹਾਸਿਕ ਜੀਵਨ-ਤੋਰ ਦੀਆਂ ਵਿਭਿੰਨ ਪਰਤਾਂ ਹਨ। ਇਹ ਸਰੀਰਿਕ ਮੁਦਰਾਵਾਂ ਦੇ ਮਾਧਿਅਮ ਰਾਹੀਂ ਆਪਮੁਹਾਰਾ, ਸਧਾਰਨ, ਖ਼ੁਸ਼ੀਆਂ-ਖੇੜਿਆਂ ਭਰਪੂਰ, ਅੰਦਰੂਨੀ ਭਾਵਨਾਵਾਂ ਦਾ ਬਾਹਰੀ ਪ੍ਰਗਟਾਅ ਵੀ ਹੈ। ਇਹ ਪੁਸ਼ਤ-ਦਰ-ਪੁਸ਼ਤ ਹੋਰ ਲੋਕ-ਕਲਾਵਾਂ ਵਾਂਗ ਪ੍ਰਵਾਹਮਾਨ ਹੁੰਦਾ ਰਹਿੰਦਾ ਹੈ। ਸਮੇਂ, ਸਥਾਨ ਅਤੇ ਨਚਾਰਾਂ ਦੀ ਗਿਣਤੀ ਸੰਬੰਧੀ ਇਸ ਵਿੱਚ ਕੋਈ ਪਾਬੰਦੀ ਨਹੀਂ ਹੁੰਦੀ ਅਤੇ ਇਸ ਨਾਲ਼ ਸੰਬੰਧਿਤ ਸਾਜ਼-ਸੰਗੀਤ ਤੇ ਵੇਸ਼-ਭੂਸ਼ਾ ਆਦਿ ਵੀ ਜਨ-ਸਧਾਰਨ ਦੀ ਪਹੁੰਚ ਅਤੇ ਪੱਧਰ ਅਨੁਸਾਰ ਹੀ ਹੁੰਦੀ ਹੈ।

ਪੰਜਾਬ ਦੇ ਲੋਕ-ਨਾਚ ਪੰਜਾਬੀਆਂ ਦੇ ਜਨ-ਜੀਵਨ ਦਾ ਮਹੱਤਵਪੂਰਨ ਅੰਗ ਹਨ। ਪੰਜਾਬ ਵਿੱਚ ਪੰਜ ਹਜ਼ਾਰ ਪੂਰਵ ਈਸਵੀ ਤੋਂ ਲੋਕ-ਨਾਚ ਨੱਚਣ ਦੀ ਪਰੰਪਰਾ ਦੇ ਪ੍ਰਮਾਣ ਮਿਲ਼ਦੇ ਹਨ। ਪੂਰਵ ਈਸਵੀ ਤੋਂ ਲੈ ਕੇ ਹੁਣ ਤੱਕ ਇਸ ਵਿੱਚ ਕਈ ਭੂਗੋਲਿਕ, ਸਮਾਜਿਕ ਅਤੇ ਵਿਸ਼ੇਸ਼ ਕਰਕੇ ਇਤਿਹਾਸਿਕ ਪਰਿਵਰਤਨ ਆ ਚੁੱਕੇ ਹਨ। ਅਨੇਕਾਂ ਜਨ-ਜਾਤੀਆਂ ਜਿਨ੍ਹਾਂ ਵਿੱਚ ਦਰਾਵੜਾਂ ਤੋਂ ਲੈ ਕੇ ਅੰਗਰੇਜ਼ਾਂ ਤੱਕ ਸ਼ਾਮਲ ਹਨ, ਨੇ ਇਸ ਖਿੱਤੇ ਦੇ ਸੱਭਿਆਚਾਰਿਕ ਇਤਿਹਾਸ ਨੂੰ ਨਵੀਆਂ ਦਿਸ਼ਾਵਾਂ ਪ੍ਰਦਾਨ ਕੀਤੀਆਂ ਹਨ। ਅਨੇਕਾਂ ਪ੍ਰਕਾਰ ਦੀ ਉਥਲ-ਪੁਥਲ ਦੇ ਬਾਵਜੂਦ, ਇਸ ਧਰਤੀ 'ਤੇ ਨੱਚੇ ਜਾਂਦੇ ਲੋਕ-ਨਾਚਾਂ ਨੇ ਇੱਥੋਂ ਦੇ ਜਨ-ਜੀਵਨ ਵਿੱਚ ਇੱਕ ਵਿਸ਼ੇਸ਼ ਕਿਸਮ ਦੀ ਧੜਕਣ ਕਾਇਮ ਰੱਖੀ ਹੈ। ਪੰਜਾਬ ਦੇ ਸਮੁੱਚੇ ਲੋਕ-ਨਾਚ ਲੌਕਿਕ ਪ੍ਰਕਿਰਤੀ ਦੇ ਧਾਰਨੀ ਹਨ। ਖ਼ੁਸ਼ੀ ਦੇ ਹੁਲਾਰੇ ਵਿੱਚ ਮਸਤ ਹੋਏ ਗੱਭਰੂਆਂ ਅਤੇ ਮੁਟਿਆਰਾਂ ਦੇ ਪੈਰਾਂ ਦੀ ਥਾਪ, ਲੋਕ-ਗੀਤ ਰੂਪਾਂ ਦੀ ਸੁਰ-ਤਾਲ ਵਿੱਚ ਢੋਲ ਜਾਂ ਹੋਰ ਲੋਕ-ਪ੍ਰਿਯ ਲੋਕ-ਸਾਜ਼ ਦੀ ਤਾਲ 'ਤੇ, ਪੰਜਾਬ ਦੇ ਸਮੁੱਚ ਨੂੰ ਉਜਾਗਰ ਕਰਦੀ ਹੈ।

ਪੰਜਾਬ ਦੇ ਲੋਕ-ਨਾਚਾਂ ਦਾ ਵਰਗੀਕਰਨ ਦੋ ਪੱਧਰਾਂ 'ਤੇ ਕੀਤਾ ਜਾ ਸਕਦਾ ਹੈ :

(ੳ) ਇਸਤਰੀਆਂ ਦੇ ਲੋਕ-ਨਾਚ

(ਅ) ਮਰਦਾਵੇਂ ਲੋਕ-ਨਾਚ।

ਪੰਜਾਬ ਵਿੱਚ ਇਸਤਰੀਆਂ ਅਤੇ ਮਰਦਾਂ ਦੁਆਰਾ ਸਾਂਝੇ ਰੂਪ ਵਿੱਚ ਲੋਕ-ਨਾਚ ਨੱਚਣ ਦੀ ਪਰੰਪਰਾ, ਪ੍ਰਾਚੀਨ ਕਾਲ ਵਿੱਚ ਪ੍ਰਚਲਿਤ ਨਹੀਂ ਸੀ ਪਰ ਅਜੋਕੇ ਸਮੇਂ ਵਿੱਚ ਅਜਿਹੀ ਕੋਈ ਬਹੁਤੀ ਪਾਬੰਦੀ ਨਹੀਂ।

### (ੳ) ਇਸਤਰੀਆਂ ਦੇ ਲੋਕ-ਨਾਚ

ਸਮਾਜਿਕ ਤੌਰ 'ਤੇ ਮਿਲ਼ੇ ਸਥਾਨ, ਪ੍ਰਚਲਿਤ ਪਰੰਪਰਿਕ ਵਿਚਾਰਾਂ, ਵਿਸ਼ਵਾਸਾਂ, ਮਿਥਾਂ, ਰਹੁ-ਰੀਤਾਂ, ਸਰੀਰਿਕ ਬਣਤਰ ਅਤੇ ਕਾਰਜ-ਸਮਰੱਥਾ ਦੀ ਕੁਸ਼ਲਤਾ ਇਸਤਰੀਆਂ ਦੇ ਲੋਕ-ਨਾਚਾਂ ਦੀ ਪ੍ਰਕਿਰਤੀ ਨਿਰਧਾਰਿਤ ਕਰਦੀ ਹੈ। ਪੰਜਾਬਣਾਂ ਦੂਸਰੇ ਪ੍ਰਾਂਤਾਂ ਦੀਆਂ ਇਸਤਰੀਆਂ ਦੇ ਟਾਕਰੇ 'ਤੇ ਭਾਵੇਂ ਤਕੜੇ ਜੁੱਸੇ, ਭਰਵੇਂ ਸਰੀਰ, ਉੱਚੇ-ਲੰਮੇ ਕੱਦ-ਕਾਠ ਵਾਲ਼ੀਆਂ ਹਨ, ਤਾਂ ਵੀ ਇਹਨਾਂ ਦੇ ਨਾਚ ਕੋਮਲਤਾ, ਸੁਹਜ, ਸਾਦਗੀ, ਰਵਾਨਗੀ ਅਤੇ ਲਚਕਤਾ ਭਰਪੂਰ ਹਨ। ਗਹਿਣਿਆਂ ਅਤੇ ਚੰਗੀ ਫੱਬਤ ਵਾਲ਼ੇ ਪਹਿਰਾਵੇ ਦੀ ਚਾਹਤ ਇਹਨਾਂ ਦੇ ਲਹੂ-ਮਾਸ ਵਿੱਚ ਰਚੀ ਪਈ ਹੈ। ਕੋਈ ਵੀ ਸ਼ੁੱਭ ਕਾਰਜ ਇਸਤਰੀਆਂ ਦੇ ਲੋਕ-ਨਾਚਾਂ ਦੀ ਪੇਸ਼ਕਾਰੀ ਤੋਂ ਸੱਖਣਾ ਨਹੀਂ ਰਹਿੰਦਾ। ਇਹ ਲੋਕ-ਨਾਚ ਸਧਾਰਨ ਲੋਕ-ਸਾਜ਼, ਸਧਾਰਨ ਪਹਿਰਾਵੇ ਅਤੇ ਜੀਵਨ ਦੇ ਸਰਬ-ਪੱਖੀ ਵਿਸ਼ਲੇਸ਼ਣ ਨੂੰ ਪ੍ਰਸਤੁਤ ਕਰਨ ਵਾਲ਼ੇ ਲੋਕ-ਗੀਤਾਂ ਰਾਹੀਂ ਬਿਨਾਂ

ਕਿਸੇ ਕਰੜੀ ਨਿਯਮਾਵਲੀ ਨੂੰ ਅਪਣਾਇਆਂ, ਕਿਸੇ ਸਰਬ-ਸਾਂਝੀ ਥਾਂ 'ਤੇ ਪ੍ਰਸਤੁਤ ਕੀਤੇ ਜਾਂਦੇ ਹਨ। ਬੋਲ ਦੇ ਉਚਾਰ ਅਤੇ ਸਰੀਰਿਕ ਅੰਗਾਂ ਦੁਆਰਾ ਪ੍ਰਸਤੁਤ ਕੀਤੀਆਂ ਜਾਂਦੀਆਂ ਵਿਭਿੰਨ ਮੁਦਰਾਵਾਂ ਸਹਿਜ-ਭਾਵ ਸੱਭਿਆਚਾਰ ਦਾ ਪ੍ਰਗਟਾਵਾ ਬਣ ਜਾਂਦੀਆਂ ਹਨ। ਮੂਲ ਰੂਪ ਵਿੱਚ ਇਸਤਰੀ ਲੋਕ-ਨਾਚਾਂ ਦਾ ਸੰਬੰਧ ਪੈਦਾਵਾਰ ਨਾਲ਼ ਜਾ ਜੁੜਦਾ ਹੈ। ਪੰਜਾਬ ਦੀਆਂ ਇਸਤਰੀਆਂ ਦੇ ਪ੍ਰਸਿੱਧ ਲੋਕ-ਨਾਚ ਇਹ ਹਨ :

### ਗਿੱਧਾ

ਗਿੱਧਾ ਸਮੁੱਚੇ ਪੰਜਾਬ ਦੀਆਂ ਇਸਤਰੀਆਂ ਦੇ ਚਾਵਾਂ, ਉਮੰਗਾਂ, ਵਲਵਲਿਆਂ ਅਤੇ ਉਲਾਸ-ਭਾਵਾਂ ਨੂੰ ਪ੍ਰਗਟ ਕਰਨ ਵਾਲ਼ਾ ਹਰਮਨ-ਪਿਆਰਾ ਲੋਕ-ਨਾਚ ਹੈ। ਸਦੀਆਂ ਤੋਂ ਇਸ ਲੋਕ-ਨਾਚ ਦੀ ਪੰਜਾਬੀ ਜਨ-ਜੀਵਨ ਵਿੱਚ ਵਿਸ਼ੇਸ਼ ਥਾਂ ਬਣੀ ਰਹੀ ਹੈ। ਇੱਕ ਪੰਜਾਬਣ ਆਪਣੇ-ਆਪ ਤੋਂ ਅਤੇ ਆਪਣੇ ਪਿੰਡ ਤੋਂ ਇਸ ਨਾਚ ਨੂੰ ਦੂਰ ਨਹੀਂ ਜਾਣ ਦੇਣਾ ਚਾਹੁੰਦੀ। ਉਹ ਸਹਿਜ ਭਾਵ ਨਾਲ਼ ਸੰਬੋਧਨੀ ਰੂਪ ਵਿੱਚ ਆਖਦੀ ਹੈ :

ਲਾਂਭ-ਲਾਂਭ ਨਾ ਜਾਈਂ, ਗਿੱਧਿਆ ਪਿੰਡ ਵੜ ਵੇ।

ਅਸਲ ਵਿੱਚ ਗਿੱਧਾ ਤਾਲੀ ਨਾਚ ਹੈ। ਨੱਚਣ ਵਾਲ਼ੀਆਂ ਅਤੇ ਘੇਰੇ ਵਿੱਚ ਖੜੋਤੀਆਂ ਹੋਰ ਮੁਟਿਆਰਾਂ (ਇਸਤਰੀਆਂ) ਤਾੜੀ ਮਾਰਦੀਆਂ ਹਨ। ਤਾੜੀ ਦਾ ਵਹਾਅ ਲੋਕ-ਗੀਤਾਂ ਦੇ ਮੁੱਖ ਰੂਪਾਂ-- ਬੋਲੀਆਂ, (ਛੋਟੀਆਂ ਅਤੇ ਵੱਡੀਆਂ) ਅਤੇ ਟੱਪਿਆਂ ਦੇ ਨਾਲ਼-ਨਾਲ਼ ਚੱਲਦਾ ਹੈ। ਇਹਨਾਂ ਟੱਪਿਆਂ ਅਤੇ ਬੋਲੀਆਂ ਵਿੱਚ ਉਚਾਰੇ ਗਏ ਭਾਵਾਂ ਨੂੰ ਨਾਚ-ਮੁਦਰਾਵਾਂ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਗਿੱਧੇ ਦੀ ਤਾਲੀ ਜਾਂ ਤਾੜੀ ਅਤੇ ਬੋਲੀ ਜਾਂ ਟੱਪੇ ਦੇ ਬੋਲ ਵਿੱਚ ਰਸ ਅਤੇ ਇਕਸੁਰਤਾ ਕਾਇਮ ਰੱਖਣ ਲਈ "ਬੱਲੇ-ਬੱਲੇ ਬਈ, ਸ਼ਾਵਾ-ਸ਼ਾਵਾ" ਆਦਿ ਸ਼ਬਦਾਂ ਨੂੰ ਲਮਕਾਵੀਂ ਸੁਰ ਵਿੱਚ ਜੋੜ ਲਿਆ ਜਾਂਦਾ ਹੈ।

ਪੰਜਾਬਣਾਂ ਆਪਣੇ ਹਰ ਪ੍ਰਕਾਰ ਦੇ ਕਾਰ-ਵਿਹਾਰ ਵਿੱਚੋਂ ਗਿੱਧੇ ਵਾਸਤੇ ਮੌਕੇ ਸਿਰਜ ਲੈਂਦੀਆਂ ਹਨ। ਰੁੱਤਾਂ, ਮੇਲਿਆਂ, ਤਿਥਾਂ, ਤਿਉਹਾਰਾਂ ਤੋਂ ਛੁੱਟ ਤ੍ਰਿੰਞਣਾਂ ਵਿੱਚ ਚਰਖੇ ਨਾਲ਼ ਪੂਣੀਆਂ ਕੱਤ ਹਟਣ ਤੋਂ ਬਾਅਦ ਸਾਉਣ ਮਹੀਨੇ ਤੀਆਂ ਦੇ ਅਵਸਰ 'ਤੇ, ਬੱਚੇ ਦੇ ਜਨਮ ਸਮੇਂ, ਮੰਗਣੀ ਜਾਂ ਵਿਆਹ ਸਮੇਂ, ਜਾਗੋ ਕੱਢਣ ਵੇਲ਼ੇ ਜਾਂ ਕਿਸੇ ਵੀ ਹੋਰ ਖ਼ੁਸ਼ੀ ਦੇ ਮੌਕੇ 'ਤੇ ਇਕੱਠੀਆਂ ਹੋ ਕੇ ਅਜਿਹਾ ਸ਼ੌਕ ਪੂਰਾ ਕਰ ਲੈਂਦੀਆਂ ਹਨ। ਇਹਨਾਂ ਨੂੰ ਇਸ ਨਾਚ ਵਾਸਤੇ ਕਿਸੇ ਖ਼ਾਸ ਸਟੇਜ ਦੀ ਲੋੜ ਨਹੀਂ ਹੁੰਦੀ । ਘਰ ਦਾ ਵਿਹੜਾ, ਖੁੱਲ੍ਹੀ ਛੱਤ, ਖੁੱਲ੍ਹਾ ਕਮਰਾ, ਖੇਤ (ਖ਼ਾਸ ਕਰਕੇ ਤੀਆਂ ਦੇ ਦਿਨੀਂ) ਜਾਂ ਮੈਦਾਨ ਆਦਿ ਸਭ ਪ੍ਰਕਾਰ ਦੀਆਂ ਥਾਂਵਾਂ ਗਿੱਧੇ ਲਈ ਢੁਕਵੀਆਂ ਹੀ ਹੁੰਦੀਆਂ ਹਨ। ਧਰਮ, ਫ਼ਿਰਕਾ, ਜਾਤ-ਪਾਤ ਇਹਨਾਂ ਲਈ ਕੋਈ ਵਲਗਣ ਨਹੀਂ ਹੁੰਦੀ । ਗਿੱਧੇ ਦੇ ਪਿੜ ਵਿੱਚ ਚਾਹੇ ਉਹ ਕਿਸੇ ਵੀ ਅਵਸਰ ਜਾਂ ਮੌਕੇ ਦਾ ਕਿਉਂ ਨਾ ਹੋਵੇ; ਇੱਕ ਕੁੜੀ ਬੋਲੀ ਪਾਉਂਦੀ ਹੈ, ਦੂਜੀਆਂ ਉਸ ਦੇ ਸਾਥ ਵਿੱਚ ਨਾਲ਼ ਹੀ ਅਵਾਜ਼ ਚੁੱਕਦੀਆਂ ਹਨ ਅਤੇ ਇਸ ਦੇ ਨਾਲ਼ ਹੀ ਇੱਕ ਜੁੱਟ ਦੀਆਂ ਦੋ ਮੁਟਿਆਰਾਂ ਬੋਲੀ ਦੇ ਹਾਵਾਂ-ਭਾਵਾਂ ਨੂੰ ਪ੍ਰਗਟਾਉਂਦੀਆਂ ਮੁਦਰਾਵਾਂ ਕਰਦੀਆਂ, ਘੇਰੇ ਦੇ ਵਿਚਕਾਰ ਆਪਣਾ ਪ੍ਰਦਰਸ਼ਨ ਕਰਦੀਆਂ ਹਨ। ਇਹ ਪ੍ਰਵਾਹ ਘੰਟਿਆਂ ਬੱਧੀ ਚੱਲਦਾ ਰਹਿੰਦਾ ਹੈ। ਗਿੱਧੇ ਦੀ ਗਤੀ ਧੀਮੀ ਪੈਣ 'ਤੇ ਇਸ ਗਤੀ ਨੂੰ ਹੋਰ ਤੀਬਰ ਕਰਨ ਲਈ ਵੀ ਬੋਲੀਆਂ ਦਾ ਉਚਾਰਨ ਕਰ ਲਿਆ ਜਾਂਦਾ ਹੈ, ਜਿਵੇਂ :

'ਹਾਰੀਂ ਨਾ ਮਲਵੈਣੇ, ਗਿੱਧਾ ਹਾਰ ਗਿਆ'।

ਗਿੱਧੇ ਦੀਆਂ ਮੁਦਰਾਵਾਂ ਨੂੰ ਸੀਮਿਤ ਨਹੀਂ ਕੀਤਾ ਜਾ ਸਕਦਾ । ਮੁੱਖ ਤੌਰ 'ਤੇ ਇਹ ਮੁਦਰਾਵਾਂ ਪੈਰਾਂ ਦੀਆਂ ਥਾਪਾਂ, ਹੱਥਾਂ ਦੀਆਂ ਤਾੜੀਆਂ, ਬਾਂਹਾਂ ਦੇ ਹੁਲਾਰਿਆਂ, ਬੁੱਲ੍ਹਾਂ ਥਾਣੀਂ ਵੱਖ-ਵੱਖ ਅਵਾਜ਼ਾਂ ਕੱਢ ਕੇ, ਕਿਸੇ ਦੀ ਨਕਲ (ਸਾਂਗ) ਲਾ ਕੇ, ਆਮ੍ਹੋ-ਸਾਮ੍ਹਣੇ ਹੋ ਕੇ ਲੜਾਈ ਦਾ ਦ੍ਰਿਸ਼ ਸਿਰਜ ਕੇ, ਧਰਤੀ 'ਤੇ ਬੈਠ ਕੇ

ਸਰੀਰ ਨੂੰ ਹੁਲਾਰਾ ਦੇ ਕੇ ਆਦਿ ਜੁਗਤਾਂ ਰਾਹੀਂ ਪੇਸ਼ ਕੀਤੀਆਂ ਜਾਂਦੀਆਂ ਹਨ । ਹਰ ਟੱਪੇ ਜਾਂ ਬੋਲੀ ਦੇ ਉਚਾਰ-ਸੰਦਰਭ ਵਿੱਚੋਂ ਨਵੀਂ ਨਿਭਾਅ-ਪਰਿਸਥਿਤੀ ਉਜਾਗਰ ਹੁੰਦੀ ਹੈ । ਇਸ ਨਵੀਂ ਪਰਿਸਥਿਤੀ ਨੂੰ ਪੇਸ਼ ਕਰਨ ਵਾਸਤੇ ਨਵੀਂ ਅਤੇ ਮੌਕੇ ਅਨੁਸਾਰ ਮੁਦਰਾ ਸਿਰਜ ਲਈ ਜਾਂਦੀ ਹੈ ।

ਗਿੱਧਾ ਰਾਗ ਅਤੇ ਤਾਲ ਪੱਖੋਂ ਵੀ ਸੁਤੰਤਰਤਾ ਦਾ ਧਾਰਨੀ ਹੈ, ਸਾਜ਼ਾਂ ਦਾ ਮੁਥਾਜ ਵੀ ਨਹੀਂ। ਢੋਲਕੀ ਦੀ ਵਰਤੋਂ ਭਾਵੇਂ ਆਮ ਕਰ ਲਈ ਜਾਂਦੀ ਹੈ ਪਰੰਤੂ ਪਰੰਪਰਿਕ ਨਾਚ ਵਿੱਚ ਢੋਲਕੀ ਦੀ ਵਰਤੋਂ ਵੀ ਨਹੀਂ ਸੀ ਹੁੰਦੀ । ਮੂੰਹ ਦੁਆਰਾ 'ਫੂ-ਫੂ' ਕਰਕੇ, 'ਬੱਲੇ-ਬੱਲੇ' ਕਰਕੇ, ਅੱਡੀਆਂ ਭੌਂ 'ਤੇ ਮਾਰ ਕੇ ਜਾਂ ਕਿਲਕਾਰੀ ਮਾਰ ਕੇ ਜ਼ੋਰਦਾਰ ਤਾੜੀਆਂ ਦੀ ਅਵਾਜ਼ ਨਾਲ਼ ਹੀ ਹੁਣ ਦੇ ਸਾਜ਼ਾਂ ਜਿਹੀਆਂ ਧੁਨਾਂ ਉਭਾਰ ਲਈਆਂ ਜਾਂਦੀਆਂ ਰਹੀਆਂ ਹਨ। ਹੇਠਾਂ ਵੱਖ-ਵੱਖ ਮੌਕਿਆਂ ਨਾਲ਼ ਸੰਬੰਧਿਤ ਕੁਝ ਕੁ ਬੋਲੀਆਂ ਪੇਸ਼ ਹਨ :

- ਸਾਉਣ ਮਹੀਨਾ ਦਿਨ ਗਿੱਧੇ ਦੇ, ਸੱਭੇ ਸਹੇਲੀਆਂ ਆਈਆਂ,
  ਭਿੱਜ ਗਈ ਰੂਹ ਮਿੱਤਰਾ, ਸ਼ਾਮ ਘਟਾ ਚੜ੍ਹ ਆਈਆਂ ।
- ਵੇ ਗੁਰਦਿੱਤੇ ਦੇ ਭਾਈਆ....ਹਾਂ ਜੀ। ਵੇ ਦੋ ਖੱਟੇ ਲਿਆ ਦੇ.... ਹਾਂ ਜੀ।
  ਵੇ ਮੇਰੇ ਪੀੜ ਕਲ਼ੇਜੇ......ਹਾਂ ਜੀ। ਵੇ ਮੈਂ ਮਰਦੀ ਜਾਵਾਂ..... ਹਾਂ ਜੀ ।
- ਵੇ ਤੇਰੀ ਸੜ ਜਾਏ 'ਹਾਂ ਜੀ' ........'ਹਾਂ ਜੀ'......।

ਇਸ ਤਰ੍ਹਾਂ ਮੁਟਿਆਰਾਂ ਕੋਲ਼ੋਂ ਨਾ ਬੋਲੀਆਂ ਮੁੱਕਦੀਆਂ ਹਨ, ਨਾ ਥਕਾਣ ਹੁੰਦੀ ਹੈ, ਨਿਰੰਤਰ ਅਜਿਹਾ ਪ੍ਰਵਾਹ ਨਿਰਛਲਤਾ ਸਹਿਤ ਚੱਲਦਾ ਰਹਿੰਦਾ ਹੈ। ਇਸੇ ਕਰਕੇ ਗਿੱਧੇ ਨੂੰ ਪੰਜਾਬ ਦਾ ਸਰਤਾਜ ਲੋਕ-ਨਾਚ ਮੰਨਿਆ ਗਿਆ ਹੈ।

**ਸੰਮੀ**

ਇਸਤਰੀਆਂ ਦੇ ਪ੍ਰਸਿੱਧ ਲੋਕ-ਨਾਚਾਂ ਵਿੱਚੋਂ ਸੰਮੀ ਵੀ ਇੱਕ ਲੋਕ-ਨਾਚ ਹੈ। ਇਹ ਲੋਕ-ਨਾਚ ਸਾਂਝੇ ਪੰਜਾਬ ਦੇ ਪੱਛਮੀ ਭਾਗ, ਜੋ ਹੁਣ ਪਾਕਿਸਤਾਨ ਵਿੱਚ ਹੈ, ਦੀਆਂ ਬਾਰਾਂ ਦੇ ਇਲਾਕਿਆਂ ਵਿੱਚ ਪ੍ਰਚਲਿਤ ਰਿਹਾ ਹੈ। ਬਾਰਾਂ ਦੇ ਲੋਕਾਂ ਦਾ ਵੀ ਆਪਣਾ ਵਿਲੱਖਣ ਸਮਾਜਿਕ-ਸੱਭਿਆਚਾਰਿਕ ਇਤਿਹਾਸ ਹੈ। ਜੰਗਲ਼ਾਂ, ਬੇਲਿਆਂ, ਰੋਹੀਆਂ ਵਿੱਚ ਪ੍ਰਵਾਨ ਚੜ੍ਹੀਆਂ ਪ੍ਰੀਤ-ਕਥਾਵਾਂ ਦੇ ਨਾਇਕ-ਨਾਇਕਾਵਾਂ, ਇਹਨਾਂ ਲੋਕਾਂ ਨੇ ਹੀ ਅਮਰ ਕੀਤੇ ਹਨ। ਸੰਮੀ ਲੋਕ-ਨਾਚ ਦੇ ਜਨਮ ਅਤੇ ਪ੍ਰਫੁਲਿਤ ਹੋਣ ਸੰਬੰਧੀ ਵੀ ਕਈ ਧਾਰਨਾਵਾਂ ਅਤੇ ਦੰਤ-ਕਥਾਵਾਂ ਪ੍ਰਚਲਿਤ ਹਨ। ਇੱਕ ਧਾਰਨਾ ਇਹ ਹੈ ਕਿ ਸੰਮੀ ਨਾਂ ਦੇ ਦਰਖ਼ਤ ਦੀ ਲੱਕੜ ਦੀ ਅੱਗ ਬਾਲ਼ ਕੇ ਉਸ ਦੇ ਦੁਆਲ਼ੇ ਨੱਚਣ ਵਾਲ਼ੇ ਨਾਚ ਦਾ ਨਾਂ 'ਸੰਮੀ' ਪ੍ਰਚਲਿਤ ਹੋ ਗਿਆ। ਇਹ ਧਾਰਨਾ ਪੂਜਾ- ਅਰਚਨਾ 'ਤੇ ਆਧਾਰਿਤ ਹੈ। ਦੂਜੀ ਧਾਰਨਾ ਉਸ ਦੰਤ-ਕਥਾ 'ਤੇ ਆਧਾਰਿਤ ਹੈ ਜਿਸ ਵਿੱਚ ਇਹ ਦੱਸਿਆ ਗਿਆ ਹੈ ਕਿ ਇੰਦਰ ਦੇ ਅਖਾੜੇ ਦੀ ਸੁੰਦਰੀ (ਅਪੱਛਰਾਂ) ਦਾ ਇੱਕ ਪਿੰਡ ਦੇ ਸਰੋਵਰ ਵਿੱਚ ਨ੍ਹਾਉਣਾ ਅਤੇ ਉਸ ਦੇ ਸੁਹੱਪਣ ਤੋਂ ਪ੍ਰੇਰਿਤ ਹੋ ਕੇ, ਉਸ ਜਿਹਾ ਬਣਨ ਦੀ ਲਾਲਸਾ ਹਿਤ, ਉਸ ਪਿੰਡ ਦੀ ਸੰਮੀ ਨਾਂ ਦੀ ਕੁੜੀ ਦਾ ਵੀ ਅਜਿਹਾ ਕਰਨਾ ਤੇ ਇਸ ਤਰ੍ਹਾਂ ਸੰਮੀ ਦੇ ਵਾਰ-ਵਾਰ ਨਾਚ ਨੱਚਣ ਸਦਕਾ ਇਸ ਨਾਚ ਦਾ ਨਾਂ ਸੰਮੀ ਨਾਚ ਪੈ ਜਾਣਾ ਹੈ। ਤੀਜੀ ਧਾਰਨਾ ਗੜ੍ਹ-ਮੰਡਿਆਲੇ ਦੇ ਜਗੀਰਦਾਰ ਦੀ ਸੁੰਦਰ ਪੁੱਤਰੀ ਸੰਮੀ ਅਤੇ ਉਸ ਦੇ ਇਲਾਕੇ ਦੇ ਰਜਵਾੜੇ ਦੇ ਪੁੱਤਰ ਢੋਲੇ ਦੀ ਪ੍ਰੀਤ-ਕਥਾ 'ਤੇ ਆਧਾਰਿਤ ਹੈ ਜਿਸ ਵਿੱਚ ਢੋਲੇ ਦੇ ਵਿਯੋਗ ਵਿੱਚ ਸੰਮੀ ਨੱਚ-ਨੱਚ ਫਾਵੀ ਹੋ ਜਾਂਦੀ ਹੈ। ਇਸ ਤਰ੍ਹਾਂ ਹੋਰ ਵੀ ਕਈ ਕਥਾ-ਬਿਰਤਾਂਤ ਮਿਲਦੇ ਹਨ ਜਿਨ੍ਹਾਂ ਦਾ ਸਾਰ-ਭਾਵ; ਪ੍ਰੀਤ-ਮਿਲਨੀ, ਸੰਜੋਗ-ਵਿਯੋਗ ਹੈ। ਇਸ ਸੰਬੰਧੀ ਇਸ ਖੇਤਰ ਵਿੱਚ ਬਹੁਤ ਸਾਰੇ ਲੋਕ-ਗੀਤ ਵੀ ਪ੍ਰਚਲਿਤ ਰਹੇ ਹਨ।

ਸੰਮੀ ਲੋਕ-ਨਾਚ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਭਾਵੇਂ ਇਹ ਨਾਚ ਗਿੱਧੇ ਵਾਂਗ ਘੇਰਾ ਬਣਾ ਕੇ ਹੀ ਨੱਚਿਆ ਜਾਂਦਾ ਹੈ ਪਰੰਤੂ ਇਸ ਦੀਆਂ ਮੁਦਰਾਵਾਂ ਗਿੱਧੇ ਤੋਂ ਭਿੰਨ ਹੁੰਦੀਆਂ ਹਨ। ਗਿੱਧੇ ਦੀਆਂ ਮੁਦਰਾਵਾਂ ਬੱਝਵੀਆਂ ਹੁੰਦੀਆਂ ਹਨ ਜਦਕਿ ਸੰਮੀ ਨਾਚ ਵਿੱਚ ਮੁਦਰਾਵਾਂ ਸਥਾਨਿਕ ਭੇਦ ਸਦਕਾ ਬੱਝਵੀਆਂ ਨਹੀਂ ਰਹਿੰਦੀਆਂ।

ਸੰਮੀ ਲੋਕ-ਨਾਚ ਨੱਚਦੀਆਂ ਨਾਚ-ਸਮੂਹ (ਘੇਰੇ) ਵਿੱਚੋਂ ਕੁਝ ਕੁ ਇਸਤਰੀਆਂ ਖਲੋ ਕੇ, ਉੱਪਰ ਵੱਲ ਹੱਥ ਅਤੇ ਬਾਂਹਾਂ ਕਰਦੀਆਂ ਹਨ ਤੇ ਫਿਰ ਕਿਸੇ ਪੰਛੀ ਨੂੰ ਅਵਾਜ਼ ਮਾਰਨ ਦਾ ਸੰਕੇਤ ਕਰਦੀਆਂ ਹੋਈਆਂ ਗੀਤ ਦੇ ਇਹ ਬੋਲ ਸੁਰੀਲੀ ਅਵਾਜ਼ ਵਿੱਚ ਅਲਾਪਦੀਆਂ ਹਨ :-

ਖਲੀ ਦੇਨੀ ਆਂ ਸੁਨੇਹੜਾ। ਖਲੀ ਦੇਨੀ ਆਂ ਸੁਨੇਹੜਾ

ਇਸ ਬਟੇਰੇ ਨੂੰ। ਅੱਲਾ ਖ਼ੈਰ ਸੁਣਾਵੇ ਸੱਜਣ ਮੇਰੇ ਨੂੰ।

ਇਸ ਤਰ੍ਹਾਂ ਤਿੱਤਰਾਂ, ਕਾਂਵਾਂ, ਰਾਹੀਂ ਸੁਨੇਹੜੇ ਭੇਜਣ ਦੀਆਂ ਮੁਦਰਾਵਾਂ ਦਾ ਸੰਚਾਰ ਕੀਤਾ ਜਾਂਦਾ ਹੈ। ਇਹਨਾਂ ਨੱਚਣ ਵਾਲ਼ੀਆਂ ਇਸਤਰੀਆਂ ਨੂੰ ਨੱਚਦੇ ਸਮੇਂ ਕਿਸੇ ਢੋਲਕੀ ਜਾਂ ਹੋਰ ਸਾਜ਼ ਦੀ ਲੋੜ ਨਹੀਂ ਪੈਂਦੀ। ਉਹ ਹੱਥਾਂ ਦੀਆਂ ਤਾੜੀਆਂ, ਜੋ ਬਾਂਹਾਂ ਨੂੰ ਉੱਪਰ ਕਰਕੇ ਅਤੇ ਹੇਠਾਂ ਕਰਕੇ, ਦੋਹਾਂ ਤਰ੍ਹਾਂ ਨਾਲ਼ ਮਾਰੀਆਂ ਜਾਂਦੀਆਂ ਹਨ, ਤੋਂ ਛੁੱਟ ਚੁਟਕੀਆਂ ਅਤੇ ਪੈਰਾਂ ਦੀ ਥਾਪ ਆਦਿ ਨਾਲ਼ ਤਾਲ ਸਿਰਜ ਲੈਂਦੀਆਂ ਹਨ ਅਤੇ ਗੀਤ ਦੇ ਉਚਾਰ ਨਾਲ਼ ਇਕਸੁਰ ਹੋ ਕੇ ਸਮਤਾ ਵਿੱਚ ਇਹ ਨਾਚ ਨੱਚ ਲੈਂਦੀਆਂ ਹਨ। ਗਿੱਧੇ ਵਾਂਗ ਇਹ ਨਾਚ ਵੀ ਵੇਖਾ-ਵੇਖੀ ਸਹਿਜ-ਸੁਭਾਵਿਕ ਨੱਚਣਾ ਆ ਜਾਂਦਾ ਹੈ, ਕਿਸੇ ਵਿਸ਼ੇਸ਼ ਸਿਖਲਾਈ ਆਦਿ ਦੀ ਲੋੜ ਨਹੀਂ ਪੈਂਦੀ। ਇਸ ਨਾਚ ਦੀ ਇੱਕ ਉੱਘੜਵੀਂ ਵਿਸ਼ੇਸ਼ਤਾ ਇਹ ਵੀ ਹੈ ਕਿ ਇਹ ਵਧੇਰੇ ਕਰ ਕੇ ਬਾਂਹਾਂ ਦੇ ਹਿਲੋਰਿਆਂ ਉੱਤੇ ਆਧਾਰਿਤ ਹੈ। ਜਿੰਨੀ ਵਾਰ ਬਾਂਹਾਂ ਹਿਲੋਰੇ ਵਿੱਚ ਲਿਆਂਦੀਆਂ ਜਾਂਦੀਆਂ ਹਨ, ਸੰਮੀ ਨਾਚ ਦੀਆਂ ਉਤਨੀਆਂ ਮੁਦਰਾਵਾਂ ਦਾ ਨਿਰਮਾਣ ਹੋ ਜਾਂਦਾ ਹੈ। ਮੁਦਰਾਵਾਂ ਦੇ ਸਥਾਨਿਕ ਭੇਦਾਂ ਤੋਂ ਇਲਾਵਾ ਇਸ ਨਾਚ ਦੀਆਂ ਸਭ ਥਾਂਈਂ ਸਾਂਝੀਆਂ ਵਿਸ਼ੇਸ਼ਤਾਵਾਂ ਵੀ ਹਨ। ਘੇਰੇ ਵਿੱਚ ਖਲੋਤੀਆਂ ਮੁਟਿਆਰਾਂ ਪਹਿਲਾਂ ਆਪਣੇ ਦੋਹਾਂ ਹੱਥਾਂ ਨੂੰ ਪਾਸਿਆਂ ਤੋਂ ਘੁਮਾਉਂਦੀਆਂ ਹਨ ਤੇ ਛਾਤੀ ਦੇ ਕੋਲ਼ ਲਿਆ ਕੇ ਤਾੜੀ ਮਾਰਦੀਆਂ ਹਨ। ਫਿਰ ਸੱਜੀ ਬਾਂਹ ਲਹਿਰ ਵਾਂਗ ਉੱਪਰ ਉਲਾਰ ਕੇ ਖੱਬੀ ਬਾਂਹ ਹੇਠਾਂ ਵੱਲ ਲਟਕਾ ਕੇ ਬੜੀ ਮਨਮੋਹਕ ਅਦਾ ਨਾਲ਼ ਚੁਟਕੀਆਂ ਮਾਰਦੀਆਂ ਹਨ। ਫਿਰ ਇਸ ਦੇ ਉਲਟ ਖੱਬੀ ਬਾਂਹ ਉੱਪਰ ਵੱਲ ਲਹਿਰਾ ਕੇ ਅਤੇ ਸੱਜੀ ਬਾਂਹ ਹੇਠਾਂ ਵੱਲ ਲਟਕਾ ਕੇ ਚੁਟਕੀਆਂ ਮਾਰਦੀਆਂ ਹਨ। ਹਰ ਹੁਲਾਰੇ ਨਾਲ਼ ਉਹ ਆਪੋ-ਆਪਣੇ ਲੱਕ (ਕਮਰ) ਨੂੰ ਦਿਲ-ਟੁੰਬਵੀਂ ਲਚਕ ਦੇ ਲੈਂਦੀਆਂ ਹਨ। ਇਸ ਉਪਰੰਤ ਉਹ ਅੱਗੇ ਵੱਲ ਨੂੰ ਝੁਕ ਕੇ ਤਾੜੀਆਂ ਮਾਰਦੀਆਂ ਹਨ ਅਤੇ ਨਾਲ਼ੋ-ਨਾਲ਼ ਗੋਲ਼ ਦਾਇਰੇ ਵਿੱਚ ਘੁੰਮਦੀਆਂ ਹੋਈਆਂ ਅਗਾਂਹ ਵਧਦੀਆਂ ਜਾਂਦੀਆਂ ਹਨ। ਨਮਸਕਾਰ ਅਥਵਾ 'ਸਲਾਮੀ' ਮੁਦਰਾ ਤਾਂ ਕਮਾਲ ਦੀ ਹੁੰਦੀ ਹੈ।

ਸੰਮੀ ਲੋਕ-ਨਾਚ ਦੇ ਇੱਕ ਪ੍ਰਚਲਿਤ ਗੀਤ ਦੀਆਂ ਕੁਝ ਸਤਰਾਂ ਇਸ ਤਰ੍ਹਾਂ ਹਨ:-

ਸੰਮੀ ਮੇਰੀ ਵਣ.....ਕੂ ਤਾਂ ਮੇਰੇ ਵੀਰ ਦੀ, ਵਣ ਸੰਮੀਆਂ
ਸੰਮੀ ਮੇਰੀ ਵਣ.....ਕੋਠੇ 'ਤੇ ਪਰ ਕੋਠੜਾ, ਵਣ ਸੰਮੀਆਂ
ਸੰਮੀ ਮੇਰੀ ਵਣ.....ਕੋਠੇ 'ਤੇ ਤੰਦੂਰ, ਵਣ ਸੰਮੀਆਂ
ਸੰਮੀ ਮੇਰੀ ਵਣ.....ਗਿਣ-ਗਿਣ ਲਾਵਾਂ ਰੋਟੀਆਂ, ਵਣ ਸੰਮੀਆਂ
ਖਾਵਣ ਵਾਲ਼ੇ ਦੂਰ, ਵਣ ਸੰਮੀਆਂ
ਸੰਮੀ ਮੇਰੀ ਵਣ---ਖਾਵਣ ਵਾਲ਼ੇ ਆ ਗਏ, ਵਣ ਸੰਮੀਆਂ।

**ਕਿੱਕਲੀ**

ਸਮੁੱਚੇ ਪੰਜਾਬ ਵਿੱਚ ਪ੍ਰਚਲਿਤ ਲੋਕ-ਨਾਚ ਕਿੱਕਲੀ ਛੋਟੀਆਂ ਕੁੜੀਆਂ ਦਾ ਲੋਕ-ਨਾਚ ਹੈ। ਪ੍ਰਕਿਰਤੀ ਪੱਖੋਂ ਦੂਜੇ ਲੋਕ-ਨਾਚਾਂ ਵਿੱਚ ਇਸ ਦੀ ਵੱਖਰੀ ਪਛਾਣ ਹੈ। ਭਾਵੇਂ ਇਸ ਲੋਕ-ਨਾਚ ਨੂੰ ਇਸਤਰੀਆਂ ਗਿੱਧੇ ਜਾਂ ਆਪਣੇ ਹੋਰ ਲੋਕ-ਨਾਚਾਂ ਦੇ ਅਰੰਭਿਕ ਜਾਂ ਅੰਤਿਮ ਚਰਨ ਦੇ ਪੜਾਵਾਂ 'ਤੇ ਵੀ ਪੇਸ਼ ਕਰ ਲੈਂਦੀਆਂ ਹਨ ਪਰੰਤੂ ਇਹ ਬਾਲੜੀਆਂ ਦਾ ਹੀ ਸੁਤੰਤਰ ਲੋਕ-ਨਾਚ ਹੈ ਅਤੇ ਇਸ ਨੂੰ 'ਖੇਡ' ਵੀ ਨਹੀਂ ਮੰਨਣਾ ਚਾਹੀਦਾ। 'ਕਿੱਕਲੀ' ਜਾਂ 'ਕਿਰਕਲੀ' ਤੋਂ ਭਾਵ ਖ਼ੁਸ਼ੀ ਅਤੇ ਚਾਅ ਭਰਪੂਰ ਅਵਾਜ਼ ਹੈ। ਅਸਲ ਵਿੱਚ ਇਹ ਲੋਕ-ਨਾਚ ਗਿੱਧੇ ਦੀ ਨਰਸਰੀ ਹੈ। ਨਿੱਕੀਆਂ ਕੁੜੀਆਂ ਆਪਣੇ ਮਨ-ਪਰਚਾਵੇ ਲਈ, ਕਿਸੇ ਖ਼ੁਸ਼ੀ ਦੇ ਮੌਕੇ, ਦੋ ਜਾਂ ਦੋ ਤੋਂ ਵੱਧ ਦੇ ਸਮੂਹ ਵਿੱਚ ਕਿਸੇ ਵਿਹੜੇ, ਖੇਤ, ਚੁਰਸਤੇ ਜਾਂ ਕੋਠੇ ਦੀ ਛੱਤ ਆਦਿ ਥਾਂਵਾਂ 'ਤੇ, ਇਸ ਲੋਕ-ਨਾਚ ਨੂੰ ਨਿੱਕੇ-ਨਿੱਕੇ ਲੋਕ-ਗੀਤਾਂ ਦੇ ਨਾਲ਼-ਨਾਲ਼ ਨੱਚ ਲੈਂਦੀਆਂ ਹਨ। ਪ੍ਰਚਲਿਤ ਲੋਕ-ਗੀਤ ਦੇ ਬੋਲ ਹਨ :

ਕਿੱਕਲੀ ਕਲੀਰ ਦੀ, ਪੱਗ ਮੇਰੇ ਵੀਰ ਦੀ,
ਦੁਪੱਟਾ ਮੇਰੇ ਭਾਈ ਦਾ, ਫਿੱਟੇ-ਮੂੰਹ ਜਵਾਈ ਦਾ।

----- ----------------

ਇਸ ਪ੍ਰਕਾਰ ਇਹ ਕੁੜੀਆਂ ਕਿਸੇ ਵੀ ਥਾਂ ਇਕੱਤਰ ਹੋ ਕੇ, ਦੋ-ਦੋ ਦੇ ਜੋਟੇ ਬਣਾ ਲੈਂਦੀਆਂ ਹਨ। ਜਿਹੜਾ ਜੋਟਾ ਸਮੂਹ ਦੇ ਵਿਚਕਾਰ ਆ ਕੇ ਕਿੱਕਲੀ ਪੇਸ਼ ਕਰਨ ਵਾਲ਼ਾ ਹੁੰਦਾ ਹੈ, ਉਸ ਵਿੱਚੋਂ ਇੱਕ ਕੁੜੀ, ਦੂਸਰੀ ਕੁੜੀ ਦਾ ਸੱਜਾ ਹੱਥ ਆਪਣੇ ਸੱਜੇ ਹੱਥ ਵਿੱਚ ਅਤੇ ਉਸ ਦਾ ਖੱਬਾ ਹੱਥ ਆਪਣੇ ਖੱਬੇ ਵਿੱਚ ਘੁੱਟ ਕੇ ਫੜ ਲੈਂਦੀ ਹੈ। ਇਸੇ ਤਰ੍ਹਾਂ ਦੂਜੀ ਕੁੜੀ ਕਰਦੀ ਹੈ। ਇਸ ਮੁਦਰਾ ਵਿੱਚ ਦੋਹਾਂ ਕੁੜੀਆਂ ਦੀਆਂ ਦੋਹਾਂ ਬਾਂਹਾਂ ਦੀ ਸੰਗਲ਼ੀ ਜਿਹੜੀ ਅੱਠ (8) ਦੇ ਹਿੰਦਸੇ ਵਰਗੀ ਬਣ ਜਾਂਦੀ ਹੈ। ਬਾਂਹਾਂ ਨੂੰ ਇਸ ਸਥਿਤੀ ਵਿੱਚ ਕਰਨ ਉਪਰੰਤ ਇਹ ਕੁੜੀਆਂ ਆਪਣੇ ਪੈਰਾਂ ਦਾ ਭਾਰ ਪੱਬਾਂ 'ਤੇ ਪਾ ਲੈਂਦੀਆਂ ਹਨ ਅਤੇ ਬਾਕੀ ਸਰੀਰ ਦਾ ਭਾਰ ਪਿਛਾਂਹ ਵੱਲ ਨੂੰ ਉਲਾਰ ਦਿੱਤਾ ਜਾਂਦਾ ਹੈ। ਇਸ ਪ੍ਰਕਾਰ ਦੀ ਮੁਦਰਾ ਵਿੱਚ ਸਰੀਰ ਦੇ ਭਾਰ ਨੂੰ ਪੱਬਾਂ ਤੋਂ ਵੱਧ ਆਪਸੀ ਬਾਂਹਾਂ ਦੀ ਬਣਾਈ ਹੋਈ ਸੰਗਲ਼ੀ ਜਿਹੀ 'ਤੇ ਰੱਖਿਆ ਜਾਂਦਾ ਹੈ ਅਤੇ ਕਿੱਕਲੀ ਸੰਬੰਧੀ ਪਰੰਪਰਾਗਤ ਲੋਕ-ਗੀਤਾਂ ਦੇ ਬੋਲਾਂ ਦਾ ਉਚਾਰ ਕੀਤਾ ਜਾਂਦਾ ਹੈ। ਅਜਿਹੇ ਕੁਝ ਲੋਕ-ਗੀਤਾਂ ਵਿੱਚ ਇੱਧਰ-ਉੱਧਰ ਗੀਤ ਦੀ ਟੋਨ ਮੁਤਾਬਕ ਇੱਕ-ਇੱਕ ਹੱਥ ਛੱਡ ਕੇ ਮੁਦਰਾ ਸਿਰਜਣ ਹਿਤ ਵੀ ਉਛਾਲ਼ਿਆ ਜਾਂਦਾ ਹੈ। ਕੁੜੀਆਂ ਦੇ ਇਹ ਲੋਕ-ਗੀਤ ਮਾਂ, ਭਰਾ, ਪਿਤਾ ਦੇ ਅਮੁੱਕ ਪਿਆਰ ਦਾ ਸੰਕੇਤ ਹੁੰਦੇ ਹਨ ਅਤੇ ਨਾਲ਼-ਨਾਲ਼ ਸਮਾਜਿਕ, ਸੱਭਿਆਚਾਰਿਕ ਅਤੇ ਰਾਜਨੀਤਿਕ ਪ੍ਰਬੰਧ ਆਦਿ ਦੇ ਚਿੱਤਰਪਟ ਦਾ ਨਿਰੂਪਣ ਕਰਨ ਵਾਲ਼ੇ ਹੁੰਦੇ ਹਨ। ਅਜਿਹੀਆਂ ਕੁਝ ਉਦਾਹਰਨਾਂ ਹਨ :

ਗਈ ਸਾਂ ਮੈਂ ਗੰਗਾ, ਚੜ੍ਹਾ ਲਿਆਈ ਵੰਗਾਂ,
ਅਸਮਾਨੀ ਮੇਰਾ ਘੱਗਰਾ, ਮੈਂ ਕੇਸ ਕਿੱਲੀ ਟੰਗਾ ?
ਨੀ ਮੈਂ ਔਸ ਕਿੱਲੀ ਟੰਗਾਂ ? ਨੀ ਮੈਂ ਔਸ ਕਿੱਲੀ ਟੰਗਾ ?

ਇਸ ਤਰ੍ਹਾਂ ਤੇਜ਼-ਤਰਾਰ ਘੁੰਮਦੀਆਂ ਕੁੜੀਆਂ ਦੀਆਂ ਪਹਿਨੀਆਂ ਹੋਈਆਂ ਕੱਚ ਦੀਆਂ ਵੰਗਾਂ ਛਣਕਾਰ ਪੈਦਾ ਕਰਦੀਆਂ ਹਨ ਅਤੇ ਸਿਰਾਂ 'ਤੇ ਲਈਆਂ ਚੁੰਨੀਆਂ ਗਲ਼ਾਂ ਵਿੱਚ ਪੈ ਕੇ ਅਤੇ ਵਾਲ਼ਾਂ ਦੀਆਂ ਗੁੰਦੀਆਂ ਗੁੱਤਾਂ ਲਮਕਦੀਆਂ ਹੋਈਆਂ ਉਹਨਾਂ ਦੇ ਮੋਢਿਆਂ ਤੋਂ ਹੇਠਾਂ ਨੂੰ ਗੋਲ਼ ਆਕਾਰ ਵਿੱਚ ਉੱਡਦੀਆਂ

ਹੋਈਆਂ ਰੋਚਕ ਦ੍ਰਿਸ਼ ਸਾਕਾਰ ਕਰਦੀਆਂ ਹਨ। ਇਸ ਤਰ੍ਹਾਂ ਇਹ ਤੀਬਰ ਗਤੀ ਦਾ ਜੁੱਟ-ਨਾਚ ਹੈ ਜਿਸ ਵਿੱਚ ਕਿਸੇ ਵੀ ਸਾਜ਼ ਦੀ ਲੋੜ ਨਹੀਂ ਪੈਂਦੀ। ਪਹਿਰਾਵੇ ਆਦਿ ਦੀ ਵੀ ਪੂਰਨ ਖੁੱਲ੍ਹ ਹੁੰਦੀ ਹੈ।

ਕੁਝ ਹੋਰ ਲੋਕ-ਨਾਚ

ਗਿੱਧਾ, ਸੰਮੀ ਅਤੇ ਕਿੱਕਲੀ ਜਿਹੇ ਪ੍ਰਸਿੱਧ ਲੋਕ-ਨਾਚਾਂ ਤੋਂ ਇਲਾਵਾ ਪੰਜਾਬ ਵਿੱਚ ਇਸਤਰੀਆਂ ਦੇ ਹੋਰ ਲੋਕ-ਨਾਚ ਵੀ ਪ੍ਰਚਲਿਤ ਰਹੇ ਹਨ। ਕੁਝ ਭੂਗੋਲਿਕ, ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਵੰਡਾਂ ਜਾਂ ਵਲਗਣਾਂ ਦੇ ਕਾਰਨਾਂ ਕਰਕੇ ਇਸ ਪ੍ਰਕਾਰ ਦੇ ਲੋਕ-ਨਾਚਾਂ ਨੂੰ ਪੰਜਾਬ ਦੇ ਖ਼ਾਸ-ਖ਼ਾਸ ਅਤੇ ਇਕਹਿਰੇ ਖਿੱਤਿਆਂ ਵਿੱਚ ਹੀ ਨੱਚਿਆ ਜਾਣ ਲੱਗ ਪਿਆ ਜਿਸ ਸਦਕਾ ਇਹਨਾਂ ਨੂੰ ਸਮੂਹ ਲੋਕ-ਪ੍ਰਵਾਨਗੀ ਨਾ ਮਿਲ਼ ਸਕੀ ਅਤੇ ਸਮੇਂ ਦੀਆਂ ਪੈੜਾਂ ਤੋਂ ਇਹਨਾਂ ਦਾ ਖੁਰਾ ਹੌਲ਼ੀ-ਹੌਲ਼ੀ ਮਿਟ ਚੁੱਕਾ ਹੈ ਜਾਂ ਮਿਟ ਰਿਹਾ ਹੈ।

ਅਜਿਹੇ ਲੋਕ-ਨਾਚਾਂ ਵਿੱਚੋਂ 'ਹੁੱਲੇ-ਹੁਲਾਰੇ' ਅਜਿਹਾ ਲੋਕ-ਨਾਚ ਹੈ ਜੋ ਸਾਂਝੇ ਪੰਜਾਬ ਦੇ ਸਮੇਂ ਹਿੰਦੂ,ਸਿੱਖ, ਮੁਸਲਮਾਨ ਅਤੇ ਹੋਰ ਧਰਮਾਂ ਦੀਆਂ ਇਸਤਰੀਆਂ ਹੋਲੀ ਅਤੇ ਲੋਹੜੀ ਜਿਹੇ ਮਾਂਗਲਿਕ ਤਿਉਹਾਰਾਂ ਸਮੇਂ ਘੇਰੇ ਦੇ ਰੂਪ ਵਿੱਚ ਬੜੇ ਚਾਵਾਂ-ਉਮੰਗਾਂ ਨਾਲ਼ ਨੱਚਦੀਆਂ ਸਨ। ਪੁਰਾਤਨ ਗ੍ਰੰਥਾਂ ਵਿੱਚ ਇਸ ਨਾਚ ਦਾ ਨਾਂ ਹਲੀਸਨ ਸੀ ਅਤੇ ਇਸ ਲੋਕ-ਨਾਚ ਦੀ ਪਰੰਪਰਾ ਦੇਵਦਾਸੀਆਂ ਦੀ ਨਾਚ-ਪ੍ਰਥਾ ਨਾਲ਼ ਵੀ ਜੁੜੀ ਹੋਈ ਦੱਸੀ ਜਾਂਦੀ ਹੈ। ਇਸ ਲੋਕ-ਨਾਚ ਦੇ ਨਾਲ਼ ਗਾਇਆ ਜਾਣ ਵਾਲ਼ਾ ਇੱਕ ਪ੍ਰਚਲਿਤ ਗੀਤ ਹੈ :

ਹੁੱਲੇ ਹੁਲਾਰੇ, ਲੋਕ ਗੰਗਾ ਚੱਲੇ.....ਹੁੱਲੇ।
ਸੱਸ ਤੇ ਸਹੁਰਾ ਚੱਲੇ......ਹੁੱਲੇ।
ਦਿਓਰ ਤੇ ਦਰਾਣੀ ਚੱਲੇ...ਹੁੱਲੇ।
ਵਹੁਟੀ ਤੇ ਗੱਭਰੂ ਚੱਲੇ...ਹੁੱਲੇ।
ਸੌਂਕਣ ਨਾਲ਼ ਲੈ ਚੱਲੇ...ਹੁੱਲੇ।
ਮੈਨੂੰ 'ਕੱਲੀ ਛੱਡ ਚੱਲੇ...ਹੁੱਲੇ।

ਨੱਚਣ ਵਾਲ਼ੀਆਂ ਇਸਤਰੀਆਂ ਵਿੱਚੋਂ ਜੋ ਇਸਤਰੀ ਪਿੜ ਵਿੱਚ ਮੁਦਰਾਵਾਂ ਦਾ ਸੰਚਾਰ ਕਰ ਰਹੀ ਹੁੰਦੀ ਸੀ, ਉਹ ਹਰੇਕ ਤੁਕ ਦਾ ਪਹਿਲਾ ਭਾਗ ਉਚਾਰਦੀ ਅਤੇ ਬਾਕੀ ਸਮੂਹ ਸਾਥਣਾਂ 'ਹੁੱਲੇ'-'ਹੁੱਲੇ' ਸ਼ਬਦ ਦਾ ਉਚਾਰ ਭਰਵੀਂ ਅਤੇ ਉੱਚੀ ਅਵਾਜ਼ ਵਿੱਚ ਕਰਦੀਆਂ ਹੁੰਦੀਆਂ ਸਨ। ਇਸ ਲੋਕ-ਨਾਚ ਦੀਆਂ ਵਿਸ਼ੇਸ਼ ਮੁਦਰਾਵਾਂ—ਹੱਥਾਂ ਦੇ ਹੁਲਾਰੇ, ਲੱਕ ਮਟਕਾਉਣਾ, ਪੈਰਾਂ ਨੂੰ ਠੁਮਕਾਉਣਾ, ਤਾੜੀਆਂ ਮਾਰਨਾ ਅਤੇ ਤੇਜ਼ ਗਤੀ ਨਾਲ਼ ਘੁੰਮਣਾ ਹੁੰਦੀਆਂ ਸਨ। ਹੁਣ ਦੇ ਸਮੇਂ ਵਿੱਚ ਇਹ ਲੋਕ-ਨਾਚ ਮਹਿਜ਼ ਗਿੱਧੇ ਦੇ ਨਾਚ ਵਿੱਚ ਉਪਰੋਕਤ ਗੀਤ ਦੇ ਨਾਲ਼-ਨਾਲ਼ ਇੱਕ ਮੁਦਰਾ ਵਜੋਂ ਰਹਿ ਗਿਆ ਹੈ।

ਪੱਛਮੀ ਪੰਜਾਬ ਵਿੱਚ ਪ੍ਰਚਲਿਤ ਰਹੇ ਇਸਤਰੀ ਲੋਕ-ਨਾਚਾਂ ਵਿੱਚ 'ਲੁੱਡੀ' ਨੂੰ ਵੀ ਵਿਸ਼ੇਸ਼ ਥਾਂ ਹਾਸਲ ਸੀ। ਭਾਵੇਂ ਇਹ ਨਾਚ ਮਰਦਾਂ ਦੁਆਰਾ ਵੀ ਨੱਚਿਆ ਜਾਂਦਾ ਰਿਹਾ ਹੈ ਪਰੰਤੂ ਇਸਤਰੀਆਂ ਦਾ ਸੰਚਾਰ ਅਤੇ ਪ੍ਰਗਟਾਅ-ਸੰਦਰਭ ਵੱਖਰੀ ਕਿਸਮ ਦਾ ਮਨਮੋਹਕ ਹੁੰਦਾ ਸੀ। ਇਸ ਤਰ੍ਹਾਂ 'ਧਮਾਲ' ਬੋਲੀ ਜਾਂ ਟੱਪੇ ਦੇ ਵਹਾਅ-ਪ੍ਰਸੰਗ ਵਿੱਚ ਸੁਤੰਤਰ ਕਿਸਮ ਦਾ ਲੋਕ-ਨਾਚ ਹੁੰਦਾ ਸੀ ਜੋ 'ਲੁੱਡੀ' ਵਾਂਗ ਲੁਪਤ ਹੋ ਰਿਹਾ ਹੈ ਅਤੇ 'ਹੁੱਲੇ-ਹੁਲਾਰੇ' ਵਾਂਗ ਗਿੱਧੇ ਵਿੱਚ ਇੱਕ ਮੁਦਰਾ ਤੱਕ ਹੀ ਸਿਮਟ ਕੇ ਰਹਿ ਗਿਆ ਹੈ। ਇਹਨਾਂ ਤੋਂ ਇਲਾਵਾ ਟਿੱਪਰੀ ਜਾਂ ਡੰਡਾਸ, ਫੜੂਹਾ, ਘੂੰਮਰ ਅਤੇ ਸਪੇਰਾ ਜਾਂ ਨਾਗ ਲੋਕ-ਨਾਚਾਂ ਦੀ

ਅਸਲ ਪ੍ਰਕਿਰਤੀ ਨੂੰ ਸਮੇਂ ਦੇ ਮਾਰੂ ਝੱਖੜਾਂ ਨੇ ਖਿੰਡਾ ਦਿੱਤਾ ਹੈ। ਨਤੀਜੇ ਵਜੋਂ, ਇਹਨਾਂ ਦਾ ਵੱਖਰਾ ਸਰੂਪ ਨਿਰਧਾਰਿਤ ਕਰਨਾ ਔਖਾ ਹੋ ਗਿਆ ਹੈ।

(ਅ) ਮਰਦਾਵੇਂ ਲੋਕ-ਨਾਚ

ਪੰਜਾਬ ਦੇ ਮਰਦਾਵੇਂ ਲੋਕ-ਨਾਚਾਂ ਦੀ ਆਪਣੀ ਵੱਖਰੀ ਪਛਾਣ ਹੈ। ਪੰਜਾਬੀਆਂ ਦੀ ਸਰੀਰਿਕ ਸਡੌਲਤਾ, ਜ਼ਿੰਦਾ-ਦਿਲੀ, ਸਾਹਸ ਅਤੇ ਸਹਿਨਸ਼ੀਲਤਾ ਦੇ ਗੁਣਾਂ ਦੇ ਫਲਸਰੂਪ ਪੰਜਾਬ ਵਿੱਚ ਕਰੜੀ ਸਰੀਰਿਕ ਵਰਜ਼ਸ਼, ਮਸਤ-ਮਾਨਸਿਕਤਾ ਅਤੇ ਧਰਮ-ਨਿਰਪੇਖ ਪ੍ਰਵਿਰਤੀ ਦੇ ਲੋਕ-ਨਾਚ ਪ੍ਰਚਲਿਤ ਰਹੇ ਹਨ। ਇਹਨਾਂ ਦੀ ਪਰੰਪਰਾ ਪ੍ਰਾਚੀਨ ਹੈ। ਇਹਨਾਂ ਵਿੱਚੋਂ ਸਮੁੱਚੇ ਪੰਜਾਬੀਆਂ ਦੀ ਜੀਵਨ-ਝਲਕ ਦੇ ਅਨੇਕਾਂ ਪਹਿਲੂ ਪ੍ਰਗਟ ਹੁੰਦੇ ਹਨ। ਪੂਰਵ ਇਤਿਹਾਸਿਕ ਅਤੇ ਇਤਹਾਸਿਕ ਸਮਿਆਂ ਦੌਰਾਨ ਪੰਜਾਬ ਵਿੱਚ ਕਈ ਪ੍ਰਕਾਰ ਦੀ ਉਥਲ-ਪੁਥਲ ਹੋਈ ਪਰੰਤੂ ਪੰਜਾਬੀਆਂ ਦੀ ਜਿੰਦ-ਜਾਨ ਇਹ ਲੋਕ-ਨਾਚ (ਕਈ ਪੂਰੇ ਦੇ ਪੂਰੇ ਅਤੇ ਕਈ ਅਰਧ-ਅਵਸਥਾ ਵਿੱਚ) ਬਚਦੇ-ਬਚਾਉਂਦੇ ਅੱਜ ਸਾਡੇ ਸੱਭਿਆਚਾਰਿਕ ਜੀਵਨ ਦਾ ਮਹੱਤਵਪੂਰਨ ਅੰਗ ਬਣ ਚੁੱਕੇ ਹਨ। ਹੇਠਾਂ ਕੁਝ ਕੁ ਪ੍ਰਸਿੱਧ ਮਰਦਾਵੇਂ ਲੋਕ-ਨਾਚਾਂ ਦਾ ਵਿਵਰਨ ਦਿੱਤਾ ਜਾਂਦਾ ਹੈ।

1. ਭੰਗੜਾ

ਭੰਗੜਾ ਪੰਜਾਬੀ ਗੱਭਰੂਆਂ ਦਾ ਪ੍ਰਮੁੱਖ ਲੋਕ-ਨਾਚ ਹੈ। ਇਸ ਵਿੱਚ ਤਕੜੇ ਅਤੇ ਗੱਠੇ ਹੋਏ ਸਰੀਰ ਦਾ ਪ੍ਰਦਰਸ਼ਨ, ਸਧਾਰਨ ਪਰ ਸੁੰਦਰ ਪੁਸ਼ਾਕ ਪਹਿਨ ਕੇ, ਅਲਬੇਲੇਪਣ ਵਿੱਚ, ਜੋਸ਼, ਵੀਰਤਾ ਅਤੇ ਹੌਸਲੇ ਭਰਪੂਰ ਨਾਚ-ਮੁਦਰਾਵਾਂ ਰਾਹੀਂ ਕੀਤਾ ਜਾਂਦਾ ਹੈ। ਇਸ ਵਿੱਚ ਆਦਿਮ-ਨਾਚ ਵਾਲ਼ੀ ਰੰਗਤ ਬਹੁਤ ਥੋੜ੍ਹੀ ਮਾਤਰਾ ਵਿੱਚ ਮਿਲ਼ਦੀ ਹੈ। ਸੱਭਿਆਚਾਰ ਦੇ ਇਤਿਹਾਸਿਕ ਕਾਲ-ਕ੍ਰਮ ਵਿੱਚ ਇਸ ਨੇ ਆਪਣਾ ਰੂਪ ਨਿਖਾਰਿਆ ਅਤੇ ਖੇਤੀ-ਯੁੱਗ ਤੱਕ ਇਹ ਲੋਕ-ਨਾਚ ਪੂਰਨ ਭਾਂਤ ਪ੍ਰਚਲਿਤ ਹੋ ਗਿਆ। ਇਸ ਤਰ੍ਹਾਂ ਭੰਗੜਾ ਕਬਾਇਲੀ ਨਾਚ ਨਾ ਰਹਿ ਕੇ ਕਿਰਸਾਣੀ-ਨਾਚ ਵਧੇਰੇ ਹੈ। ਇਸ ਧਾਰਨਾ ਸਦਕਾ, ਇਸ ਲੋਕ-ਨਾਚ ਦਾ ਨਾਂ 'ਫ਼ਸਲ-ਨਾਚ' ਜਾਂ 'ਵਿਸਾਖੀ-ਨਾਚ' ਵੀ ਪੈ ਗਿਆ ਹੈ।

ਜਿੱਥੋਂ ਤੱਕ ਇਸ ਲੋਕ-ਨਾਚ ਦੇ ਖੇਤਰ ਦਾ ਸੰਬੰਧ ਹੈ, ਇਹ ਨਾਚ ਪੱਛਮੀ ਪੰਜਾਬ ਦੇ ਗੁਜਰਾਂਵਾਲਾ, ਸਰਗੋਧਾ, ਗੁਜਰਾਤ ਅਤੇ ਵਿਸ਼ੇਸ਼ ਕਰਕੇ ਸਿਆਲਕੋਟ-ਜ਼ਿਲ੍ਹੇ ਦੇ ਸਾਰੇ ਭਾਗਾਂ (ਪਸਰੂਰ, ਡਸਕਾ, ਨਾਰੋਵਾਲ ਆਦਿ) ਵਿੱਚ ਅਤੇ ਪੂਰਬੀ ਪੰਜਾਬ ਦੇ ਗੁਰਦਾਸਪੁਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਦੇ ਸਾਰੇ ਭਾਗਾਂ ਵਿੱਚ ਪ੍ਰਚਲਿਤ ਰਿਹਾ ਸੀ। ਦੇਸ ਦੀ ਵੰਡ ਉਪਰੰਤ ਅਜੋਕੇ (ਇੱਧਰਲੇ) ਪੰਜਾਬ ਦੇ ਕੋਨੇ-ਕੋਨੇ ਤੱਕ ਇਹ ਲੋਕ-ਨਾਚ ਲੋਕ-ਪ੍ਰਿਯਤਾ ਪ੍ਰਾਪਤ ਕਰ ਚੁੱਕਾ ਹੈ ਅਤੇ ਰਾਸ਼ਟਰ ਤੇ ਅੰਤਰਰਾਸ਼ਟਰੀ ਪੱਧਰ ਦੀ ਪ੍ਰਸਿੱਧੀ ਵੀ ਹਾਸਲ ਕਰ ਚੁੱਕਾ ਹੈ।

ਲੋਕ-ਨਾਚ ਭੰਗੜਾ ਲੋਕ-ਦਿਲਾਂ ਦੀ ਧੜਕਣ ਦੇ ਪ੍ਰਮਾਣਿਕ ਲੋਕ-ਸਾਜ਼ ਢੋਲ ਦੀ ਸਰਲ ਤਾਲ 'ਤੇ ਨੱਚਿਆ ਜਾਂਦਾ ਹੈ। ਢੋਲ ਪੰਜਾਬੀਆਂ ਦੇ ਬਾਹਰੀ ਅਤੇ ਅੰਦਰੂਨੀ ਮਨੋ-ਵੇਗਾਂ ਦੀ ਤ੍ਰਿਪਤੀ ਦਾ ਵੀ ਮੂਲ-ਸ੍ਰੋਤ ਹੈ। ਇਹ ਤਾਲ ਇਸ ਪ੍ਰਕਾਰ ਹੈ :

1 2-3 4 5 6-7 8
ਧਿਨ ਧਨਾ ਧਿਨ, ਧਿਨ ਤਨਾ ਕਤ

ਭੰਗੜੇ ਦੇ ਅਰੰਭ ਸਮੇਂ ਇਹ ਤਾਲ ਧੀਮੀ-ਧੀਮੀ ਵੱਜਦੀ ਹੈ। ਨਚਾਰ ਭੰਗੜੇ ਦੇ ਤਾਲ ਦੇ ਅਨੁਕੂਲ ਪੈਰ ਅਤੇ ਸਰੀਰ ਦੇ ਹੋਰ ਅੰਗਾਂ ਨੂੰ ਹਲੂਣਦੇ ਹੋਏ ਇੱਕ-ਰੂਪ ਕਈ ਪ੍ਰਕਾਰ ਦੀਆਂ ਮੁਦਰਾਵਾਂ ਦਾ ਪ੍ਰਗਟਾਅ

ਕਰਦੇ ਹਨ। ਭੰਗੜੇ ਦੀ ਟੋਲੀ ਵਿੱਚੋਂ ਹੀ ਨਚਾਰ ਜਾਂ ਢੋਲਚੀ ਜਾਂ ਲਾਕੜੀ ਬੋਲੀ ਦਾ ਉਚਾਰ ਕਰਦਾ ਹੈ, ਬਾਕੀ ਸਮੂਹ ਲੋੜ ਅਨੁਸਾਰ ਉਸ ਦਾ ਸਾਥ ਦਿੰਦਾ ਹੈ। ਅਰੰਭਿਕ ਸਮੇਂ ਦੀ ਇੱਕ ਬੋਲੀ ਦੀ ਉਦਾਹਰਨ ਪੇਸ਼ ਹੈ :

ਦੇਸ ਪੰਜਾਬ ਦੇ ਮੁੰਡੇ ਸੁਣੀਂਦੇ, ਹਿੱਕਾਂ ਰੱਖਦੇ ਤਣੀਆਂ।
'ਕੱਠੇ ਹੋ ਕੇ ਪਾਉਣ ਬੋਲੀਆਂ, ਮੁੱਛਾਂ ਰੱਖਦੇ ਖੜ੍ਹੀਆਂ।
ਰਲ਼-ਮਿਲ਼ ਕੇ ਇਹ ਪਾਉਂਦੇ ਭੰਗੜਾ,
ਸਹਿੰਦੇ ਨਾ ਕਿਸੇ ਦੀਆਂ ਤੜੀਆਂ।
ਐਰ-ਗ਼ੈਰ ਨਾਲ਼ ਗੱਲ ਨਹੀਂ ਕਰਦੇ,
ਵਿਆਹ ਕੇ ਲਿਆਉਂਦੇ ਪਰੀਆਂ।
ਵੇਲਾਂ ਧਰਮ ਦੀਆਂ, ਜੁੱਗੋ-ਜੁੱਗ ਰਹਿਣ ਹਰੀਆਂ! ਵੇਲਾਂ.......।

ਬੋਲੀ ਦੀ ਅੰਤਿਮ ਤੁਕ ਦੇ ਉਚਾਰ ਨਾਲ਼ ਨਾਚ ਤੇਜ਼ ਗਤੀ ਦਾ ਹੋ ਜਾਂਦਾ ਹੈ। ਭੰਗੜੇ ਦੀ ਇਸ ਗਤੀ ਨੂੰ ਤੇਜ਼ ਕਰਨ ਹਿਤ ਢੋਲੀ ਢੋਲ ਨੂੰ ਤੇਜ਼ ਗਤੀ ਨਾਲ਼ ਵਜਾਉਂਦਾ ਹੈ ਅਤੇ ਵੱਖ-ਵੱਖ ਮੁਦਰਾਵਾਂ ਅਤੇ ਬੋਲੀਆਂ ਦਾ ਪ੍ਰਗਟਾਅ-ਸੰਦਰਭ ਉਸ ਦੇ ਇਸ ਵੱਖ-ਵੱਖ ਅੰਦਾਜ਼ ਨਾਲ਼ ਬਦਲਦਾ ਰਹਿੰਦਾ ਹੈ। ਭੰਗੜੇ ਦੀਆਂ ਬੋਲੀਆਂ, ਟੱਪੇ ਆਦਿ ਬਣਤਰ ਪੱਖੋਂ ਵੱਖ-ਵੱਖ ਕਿਸਮਾਂ ਦੇ ਹੁੰਦੇ ਹਨ ਤੇ ਇਹਨਾਂ ਦੇ ਅਨੁਕੂਲ ਹੀ ਤਾਲ ਅਤੇ ਮੁਦਰਾਵਾਂ ਬਦਲਦੀਆਂ ਰਹਿੰਦੀਆਂ ਹਨ।

ਭੰਗੜਾ ਹਰ ਖ਼ੁਸ਼ੀ ਦੇ ਮੌਕੇ 'ਤੇ ਕਿਸੇ ਵੀ ਸਥਾਨ 'ਤੇ ਪਾਇਆ ਜਾ ਸਕਦਾ ਹੈ। ਗੁਰੂਆਂ-ਪੀਰਾਂ-ਫ਼ਕੀਰਾਂ ਦੇ ਸਥਾਨਾਂ, ਮੇਲਿਆਂ, ਤਿਥਾਂ, ਤਿਉਹਾਰਾਂ, ਜਨਮ, ਮੰਗਣਾ, ਵਿਆਹ ਆਦਿ ਕੋਈ ਵੀ ਮਾਂਗਲਿਕ ਸਮਾਂ ਇਸ ਤੋਂ ਵਿਰਵਾ ਨਹੀਂ ਰਹਿੰਦਾ। ਭੰਗੜੇ ਵਿੱਚ ਢੋਲ ਤੋਂ ਇਲਾਵਾ ਚਿਮਟਾ, ਡਾਂਗ, ਕਾਟੋ, ਸੱਪ ਆਦਿ ਦੀ ਵਰਤੋਂ ਵੀ ਕੀਤੀ ਜਾਂਦੀ ਰਹੀ ਹੈ। ਸਿਆਲਕੋਟੀ ਭੰਗੜੇ ਦੀ ਝਲਕ ਹੱਥਾਂ ਵਿੱਚ ਡਾਂਗਾਂ ਅਤੇ ਸ਼ੀਸ਼ਿਆਂ ਕਰਕੇ ਪ੍ਰਸਿੱਧ ਰਹੀ ਹੈ।

ਭੰਗੜੇ ਦੀਆਂ ਅਣਗਿਣਤ ਮੁਦਰਾਵਾਂ ਹਨ। ਭਾਂਗੜੀ (ਨਚਾਰ) ਇਸ ਨੂੰ ਕਤਾਰਾਂ ਵਿੱਚ, ਆਮ੍ਹੋ-ਸਾਮ੍ਹਣੇ ਘੇਰੇ ਵਿੱਚ, ਅੱਗੜ-ਪਿੱਛੜ, ਸੱਜੇ-ਖੱਬੇ, ਢੋਲੀ ਦੇ ਇਰਦ-ਗਿਰਦ, ਇੱਕ-ਦੂਸਰੇ ਦੇ ਪੱਟਾਂ ਜਾਂ ਮੋਢਿਆਂ 'ਤੇ ਚੜ੍ਹ ਕੇ ਆਦਿ ਕਿਸੇ ਦਿਸ਼ਾ ਵੱਲ ਵੀ ਹੁਲਾਰੇ ਵਿੱਚ ਘੁੰਮਦੇ ਹੋਏ ਨੱਚ ਸਕਦੇ ਹਨ। ਆਮ੍ਹੋ-ਸਾਮ੍ਹਣੇ ਜਾਂ ਜੋਟੇ ਦੇ ਰੂਪ ਵਿੱਚ ਦੋ ਨੱਚਦੇ ਗੱਭਰੂਆਂ ਤੋਂ ਕਦੇ ਇਸ ਤਰ੍ਹਾਂ ਵੀ ਜਾਪਣ ਲੱਗ ਪੈਂਦਾ ਹੈ, ਜਿਵੇਂ ਇਹ ਕਿਸੇ ਖ਼ਾਸ ਮੁਕਾਬਲੇ ਵਿੱਚ ਹੋਣ। ਭੰਗੜੇ ਦੀਆਂ ਦਿਲ-ਖਿੱਚਵੀਆਂ ਮੁਦਰਾਵਾਂ ਲੱਤਾਂ, ਬਾਂਹਾਂ, ਹੱਥਾਂ, ਉਂਗਲ਼ੀਆਂ, ਅੱਡੀਆਂ, ਮੋਢਿਆਂ, ਗੋਡਿਆਂ, ਗਿੱਟਿਆਂ, ਧੌਣ, ਲੱਕ, ਚਿਹਰੇ (ਅੱਖ, ਨੱਕ, ਬੁੱਲ੍ਹਾਂ ਆਦਿ ਦੇ ਹਾਵ-ਭਾਵ) ਆਦਿ ਦੀਆਂ ਹਰਕਤਾਂ ਨਾਲ਼ ਸੰਬੰਧਿਤ ਹਨ। ਮੁੱਖ ਰੂਪ ਵਿੱਚ ਇਹਨਾਂ ਮੁਦਰਾਵਾਂ ਦੀ ਉਤਪਤੀ ਅਤੇ ਵਿਕਾਸ ਖੇਤੀ-ਬਾੜੀ ਨਾਲ਼ ਸੰਬੰਧਿਤ ਵਿਭਿੰਨ ਸੰਦਾਂ ਅਤੇ ਧੰਦਿਆਂ ਵਿੱਚੋਂ ਹੋਇਆ ਹੈ।

ਕਿਸੇ ਕਿਸਮ ਦੇ ਭੇਦ-ਭਾਵ ਰਹਿਤ, ਪਿਆਰ-ਪਰੁੱਤੇ ਬੋਲਾਂ ਦੇ ਮਾਧਿਅਮ ਰਾਹੀਂ ਇਹਨਾਂ ਨਚਾਰਾਂ ਦੀਆਂ ਸਿਫ਼ਤਾਂ ਸੁਣਨ ਅਤੇ ਮੁਦਰਾਵਾਂ ਦੇ ਮਾਧਿਅਮ ਰਾਹੀਂ ਵੇਖਣਯੋਗ ਹੁੰਦੀਆਂ ਹਨ। ਇੱਕ ਪ੍ਰਚਲਿਤ ਬੋਲੀ ਹੈ :

ਸਾਡੇ ਪਿੰਡ ਦੇ ਮੁੰਡੇ ਵੇਖ ਲਓ, ਜਿਉਂ ਟਾਹਲੀ ਦੇ ਪਾਵੇ,
ਕੰਨੀਦਾਰ ਇਹ ਬੰਨ੍ਹਦੇ ਚਾਦਰੇ, ਪਿੰਨੀਆਂ ਨਾਲ਼ ਸੁਹਾਵੇ,

ਦੂਧੀਆ-ਕਾਸ਼ਨੀ ਬੰਨ੍ਹਦੇ ਸਾਫ਼ੇ, ਜਿਉਂ ਉੱਡਦਾ ਕਬੂਤਰ ਜਾਵੇ।
ਮਲਮਲ ਦੇ ਤਾਂ ਕੁੜਤੇ ਪਾਉਂਦੇ, ਜਿਉਂ ਬਗਲਾ ਤਲਾਅ ਵਿੱਚ ਨ੍ਹਾਵੇ,
ਭੰਗੜਾ ਪਾਉਂਦਿਆਂ ਦੀ...ਸਿਫ਼ਤ ਕਰੀ ਨਾ ਜਾਵੇ। ਭੰਗੜਾ.....।

ਭੰਗੜੇ ਵਿੱਚ ਨਚਾਰਾਂ ਦੀ ਗਿਣਤੀ ਨਿਰਧਾਰਿਤ ਨਹੀਂ ਹੁੰਦੀ ਅਤੇ ਨਾ ਹੀ ਵਿਸ਼ੇਸ਼ ਸਾਜ਼ਾਂ ਦੀ ਵਧੇਰੇ ਵਰਤੋਂ ਕੀਤੀ ਜਾਂਦੀ ਹੈ। ਇਸ ਵਿੱਚ ਮੁਦਰਾਵਾਂ ਦੇ ਪ੍ਰਗਟਾਵੇ ਸੰਬੰਧੀ ਵੀ ਕਿਸੇ ਨਿਯਮਬੱਧ ਸਿਖਲਾਈ ਦੀ ਲੋੜ ਨਹੀਂ ਹੁੰਦੀ। ਹਰ ਉਮਰ-ਵਰਗ ਦਾ ਮਰਦ ਆਪਮੁਹਾਰੀਆਂ ਇਹਨਾਂ ਸਰਲ ਤਾਲਮਈ ਸਰੀਰਿਕ ਮੁਦਰਾਵਾਂ ਨੂੰ ਆਪਣੇ ਸੱਭਿਆਚਾਰਿਕ ਜੀਵਨ ਵਿੱਚ ਵਿਚਰਦਿਆਂ ਵੇਖਾ-ਵੇਖੀ ਸਿੱਖ ਜਾਂਦਾ ਹੈ। ਇਸੇ ਤਰ੍ਹਾਂ ਇਹਨਾਂ ਨਚਾਰਾਂ ਦੀ ਪੁਸ਼ਾਕ ਵੀ ਸਰਲ, ਆਰਥਿਕਤਾ ਦੇ ਅਨੁਕੂਲ ਜਿਸ ਵਿੱਚ ਪੱਗ, ਝੱਗਾ (ਕਮੀਜ਼), ਚਾਦਰਾ ਹੁੰਦਾ ਹੈ, ਆਮ ਪ੍ਰਚਲਿਤ ਹੈ। ਬਣਨ-ਫੱਬਣ ਦੀ ਰੁਚੀ ਸਦਕਾ, ਨਚਾਰ ਗਲ੍ਹਾਂ ਵਿੱਚ ਕੈਂਠੇ, ਬੁਗਤੀਆਂ, ਇਲਾਕੇ ਦੇ ਰਿਵਾਜ ਸਦਕਾ ਕੰਨਾਂ ਵਿੱਚ ਮੁਰਕੀਆਂ (ਜਿਵੇਂਕਿ ਸਿਆਲਕੋਟ ਵਿੱਚ ਪ੍ਰਚਲਿਤ ਹੈ) ਆਦਿ ਨੂੰ ਬਿਨਾਂ ਕਿਸੇ ਉਚੇਚ ਦੇ ਪਹਿਨ ਲੈਂਦੇ ਰਹੇ ਹਨ।

ਵਰਤਮਾਨ ਸਮੇਂ ਵਿੱਚ 'ਅਸਲ ਭੰਗੜੇ' ਦਾ ਸਰੂਪ ਬਦਲ ਚੁੱਕਾ ਹੈ। ਬੋਲੀਆਂ ਦੇ ਪੱਧਰ, ਮੁਦਰਾਵਾਂ ਦੇ ਸੰਚਾਰ-ਪੱਧਰ ਅਤੇ ਸਾਜ਼ੋ-ਸਮਾਨ ਆਦਿ ਪੱਖੋਂ ਕਾਫ਼ੀ ਤਬਦੀਲੀਆਂ ਆ ਚੁੱਕੀਆਂ ਹਨ। ਬਦੇਸੀ ਨਾਚਾਂ ਦੀਆਂ ਮੁਦਰਾਵਾਂ ਇਸ ਵਿੱਚ ਸ਼ਾਮਲ ਹੋ ਰਹੀਆਂ ਹਨ। ਕੁਝ ਇੱਕ ਉਹ ਲੋਕ-ਨਾਚ ਜਿਨ੍ਹਾਂ ਦੀ ਹੋਂਦ ਮੁੱਕਦੀ ਜਾ ਰਹੀ ਹੈ, ਦੀਆਂ ਮੁੱਖ ਮੁਦਰਾਵਾਂ ਵੀ ਇੱਕ-ਇੱਕ ਕਰਕੇ ਇਸ ਦੀਆਂ ਚਾਲਾਂ ਜਾਂ ਮੁਦਰਾਵਾਂ ਦਾ ਨਾਂ ਗ੍ਰਹਿਣ ਕਰ ਚੁੱਕੀਆਂ ਹਨ। ਨਿਰਸੰਦੇਹ ਭੰਗੜਾ ਪੰਜਾਬੀਆਂ ਦੇ ਹੌਸਲੇ, ਗ਼ੈਰਤ, ਬੀਰਤਾ ਅਤੇ ਇੱਥੋਂ ਦੇ ਖੇਤੀ-ਪ੍ਰਧਾਨ ਕਾਰ-ਵਿਹਾਰਾਂ ਦੀ ਮੂੰਹ-ਬੋਲਦੀ ਤਸਵੀਰ ਹੈ।

## 2. ਝੂੰਮਰ

ਪ੍ਰਸਿੱਧ ਲੋਕ-ਨਾਚ ਝੂੰਮਰ ਪੱਛਮੀ ਪੰਜਾਬ ਦੇ ਸਾਂਦਲ ਬਾਰ ਦੇ ਲੋਕਾਂ ਦੇ ਚਾਵਾਂ-ਮਲ੍ਹਾਰਾਂ ਨੂੰ ਪ੍ਰਗਟ ਕਰਦਾ ਹੈ। ਝੂਮ-ਝੂਮ ਕੇ ਨੱਚਣ ਸਦਕਾ ਇਸ ਦਾ ਨਾਂ ਝੂੰਮਰ ਪੈ ਗਿਆ। ਰਾਜਸਥਾਨ ਦੇ ਘੂਮਰ ਵਿਚਲੀਆਂ ਕੁਝ ਵਿਸ਼ੇਸ਼ਤਾਵਾਂ ਵੀ ਇਸ ਵਿੱਚ ਹਨ। ਬਾਰ ਦੇ ਲੋਕਾਂ ਦੇ ਏਧਰਲੇ ਪੰਜਾਬ ਵਿੱਚ ਆ ਕੇ ਵੱਸਣ ਉਪਰੰਤ ਇਹ ਲੋਕ-ਨਾਚ ਵੀ ਇੱਧਰ ਆ ਗਿਆ। ਜੰਗਲ੍ਹਾਂ ਵਿੱਚ ਵਸੇਬੇ ਹੋਣ ਸਦਕਾ ਇਹਨਾਂ ਲੋਕਾਂ ਦਾ ਨਾਂ ਹੀ 'ਜਾਂਗਲ਼ੀ' ਪੈ ਗਿਆ ਸੀ। ਇਸ ਨਾਚ ਨੂੰ ਨੱਚਣ ਸਮੇਂ ਇਹ ਲੋਕ ਸਮੂਹਿਕ ਰੂਪ ਵਿੱਚ ਕਿਸੇ ਖੁੱਲ੍ਹੀ ਥਾਂ, ਘੇਰੇ ਦੇ ਆਕਾਰ ਵਿੱਚ ਆਪਣੇ ਹਰਮਨ- ਪਿਆਰੇ ਲੋਕ—ਗੀਤ 'ਢੋਲੇ' ਦੇ ਬੋਲਾਂ ਰਾਹੀਂ ਢੋਲ ਦੀ ਤਾਨ 'ਤੇ ਹੀ ਨਾਚ ਨੱਚਦੇ ਰਹੇ ਹਨ। ਇਹ ਨਾਚ ਤਿੰਨ ਪੜਾਵਾਂ ਤਹਿਤ ਨੱਚਿਆ ਜਾਂਦਾ ਹੈ ਜਿਸ ਨੂੰ ਤਿੰਨ ਤਾਲਾਂ - (ੳ) ਮੱਠੀ ਤਾਲ (ਅ) ਤੇਜ਼ ਤਾਲ (ੲ) ਬਹੁਤ ਹੀ ਤੇਜ਼ ਤਾਲ ਦਾ ਨਾਂ ਦਿੱਤਾ ਜਾਂਦਾ ਹੈ। ਕਈ ਵਿਦਵਾਨਾਂ ਨੇ ਇਹਨਾਂ ਤਾਲਾਂ ਨੂੰ ਕ੍ਰਮਵਾਰ 'ਝੂੰਮਰ ਦੀ ਤਾਲ', 'ਚੀਣਾ ਛੜਨਾ' ਅਤੇ 'ਧਮਾਲ' ਵੀ ਆਖਿਆ ਹੈ। ਅਸਲ ਵਿੱਚ ਇਸ ਨਾਚ ਦਾ ਅਰੰਭ ਧੀਮੀ ਗਤੀ ਤੋਂ ਸ਼ੁਰੂ ਹੋ ਕੇ ਤੀਜੇ ਪੜਾਅ ਤੱਕ ਅਤਿ ਤੇਜ਼ ਅਤੇ ਜੁਸ਼ੀਲਾ ਹੋ ਜਾਂਦਾ ਹੈ। ਅੰਤਿਮ ਪੜਾਅ ਤੱਕ ਸਮੂਹ ਵਿੱਚੋਂ ਕੇਵਲ ਕੁਝ ਕੁ ਨਚਾਰ ਹੀ ਨੱਚਦੇ ਰਹਿ ਜਾਂਦੇ ਹਨ ਬਾਕੀ ਹਾਰ-ਹਫ ਕੇ ਖਲੋ ਜਾਂਦੇ ਹਨ।

ਲੰਮੇ ਗੀਤ ਜਿਨ੍ਹਾਂ ਵਿੱਚ ਮੱਝਾਂ-ਗਾਈਆਂ, ਬੱਕਰੀਆਂ, ਡਾਚੀਆਂ, ਘੋੜਿਆਂ, ਤਿੱਤਰਾਂ, ਬਟੇਰਿਆਂ, ਕਿੱਕਰਾਂ, ਫਲਾਹੀਆਂ ਦੇ ਜ਼ਿਕਰ ਤੋਂ ਛੁੱਟ ਪ੍ਰੇਮੀ-ਜਨਾਂ ਦੇ ਮਿਲ਼ਨ ਦੀ ਸਿੱਕ ਅਤੇ ਅਨਾਜ (ਖ਼ਾਸ ਕਰਕੇ

ਝੋਨਾ) ਝਾੜਨ ਅਤੇ ਉੱਖਲ਼ੀ ਰਾਹੀਂ ਛੜਨ ਆਦਿ ਦਾ ਜ਼ਿਕਰ ਅਤੇ ਸੰਬੰਧਿਤ ਮੁਦਰਾਵਾਂ ਹੁੰਦੀਆਂ ਹਨ। ਝੂੰਮਰ ਦੇ ਚੋਣਵੇਂ ਗੀਤਾਂ ਦੀਆਂ ਕੁਝ ਉਦਾਹਰਨਾਂ ਪੇਸ਼ ਹਨ :

(ੳ) ਚੀਣਾ ਇੰਵ ਛੜੀਂਦਾ ਲਾਲ, ਚੀਣਾ ਇੰਵ ਛੜੀਂਦਾ ਹੋ....
ਮੋਹਲ਼ਾ ਇੰਵ ਮਰੀਂਦਾ ਲਾਲ, ਮੋਹਲ਼ਾ ਇੰਵ ਮਰੀਂਦਾ ਹੋ....
ਚੀਣਾ ਇੰਵ ਛੜੀਂਦਾ ਹੋ.............

(ਅ) ਲੰਘ ਆ ਜਾ ਪੱਤਣ ਝਨਾਂ ਦਾ ਯਾਰ, ਲੰਘ ਆ ਜਾ ਪੱਤਣ ਝਨਾਂ ਦਾ।
ਸਿਰ ਸਦਕਾ ਮੈਂ ਤੇਰੇ ਨਾਂ ਦਾ ਯਾਰ, ਸਿਰ ਸਦਕਾ ਮੈਂ ਤੇਰੇ ਨਾਂ ਦਾ।
ਮੇਰੇ ਕਾਗ ਬਨੇਰੇ ਉੱਤੇ ਬੋਲਿਆ, ਮੇਰਾ ਤੱਤੜੀ ਦਾ ਜਿਊੜਾ ਡੋਲਿਆ।
ਲੰਘ ਆ ਜਾ ...............

ਅਜੋਕੇ ਸਮੇਂ ਵਿੱਚ ਇਸ ਲੋਕ-ਨਾਚ ਦੀਆਂ ਕੁਝ ਮੁਦਰਾਵਾਂ ਭੰਗੜੇ ਵਿੱਚ ਵੀ ਪੇਸ਼ ਕੀਤੀਆਂ ਜਾਣ ਲੱਗ ਪਈਆਂ ਹਨ।

3. ਲੁੱਡੀ

ਲੁੱਡੀ ਸਾਂਝੇ ਪੰਜਾਬ ਦੇ ਉੱਤਰ-ਪੱਛਮੀ, ਨੀਮ-ਪਹਾੜੀ ਅਤੇ ਕੁਝ ਮੈਦਾਨੀ ਇਲਾਕੇ ਵਿੱਚ ਪ੍ਰਚਲਿਤ ਰਿਹਾ ਹੈ। ਲਚਕ ਅਤੇ ਮਸਤੀ ਭਰਪੂਰ ਅਦਾਵਾਂ ਵਾਲ਼ਾ ਸਰਲ-ਸਹਿਜ ਹੋਣ ਸਦਕਾ ਇਸ ਨੂੰ ਇਸਤਰੀ-ਨਾਚ ਵੀ ਸਮਝ ਲਿਆ ਜਾਂਦਾ ਰਿਹਾ ਹੈ। ਇਸ ਦਾ ਕਾਰਨ ਇਹ ਹੈ ਕਿ ਇਹ ਲੋਕ-ਨਾਚ ਸ਼ਾਂਤਮਈ ਖੇਤਰਾਂ ਵਿੱਚ ਪ੍ਰਚਲਿਤ ਰਿਹਾ ਜਿਸ ਦੇ ਸਿੱਟੇ ਵਜੋਂ ਉਹਨਾਂ ਲੋਕਾਂ ਦੀ ਜੀਵਨ-ਤੋਰ ਓਨੀ ਕਰੜੀ ਨਾ ਹੋ ਸਕੀ ਜਿੰਨੀ ਭੰਗੜੇ ਅਤੇ ਝੂਮਰ ਦੇ ਨਾਚਾਂ ਵਾਲ਼ੇ ਖੇਤਰਾਂ ਵਿੱਚ ਵੱਸਦੇ ਪੰਜਾਬੀਆਂ ਦੀ ਸੀ। ਮੂਲ ਰੂਪ ਵਿੱਚ ਇਹ ਨਾਚ ਜਿੱਤ ਜਾਂ ਖ਼ੁਸ਼ੀ ਦਾ ਨਾਚ ਹੈ। ਇਸ ਲਈ ਵੀ ਢੋਲ ਦੀ ਤਾਲ ਦੀ ਅਵੱਸ਼ਕਤਾ ਮੰਨੀ ਜਾਂਦੀ ਹੈ। ਇਸ ਦੀਆਂ ਤਾਲਾਂ ਸਧਾਰਨ ਹੁੰਦੀਆਂ ਹਨ ਜਿਨ੍ਹਾਂ ਨਾਲ਼ ਨਚਾਰ, ਜਿਵੇਂ ਮਰਜ਼ੀ ਨਾਚ-ਮੁਦਰਾਵਾਂ ਪ੍ਰਗਟਾ ਸਕਦਾ ਹੈ। ਆਮ ਤੌਰ 'ਤੇ ਲੁੱਡੀ ਨਾਚ ਨੱਚਦੇ ਸਮੇਂ ਪਹਿਲਾਂ ਤਾਂ ਛਾਤੀ ਅੱਗੇ ਤਾੜੀ ਮਾਰਦੇ, ਅੱਖਾਂ ਮਟਕਾਉਂਦੇ, ਮੋਢੇ ਹਿਲਾਉਂਦੇ ਅਤੇ ਲੱਕ ਹਿਲਾਉਂਦੇ ਹੋਏ, ਘੇਰੇ ਦੇ ਅੰਦਰ ਢੋਲ ਦੇ ਤਾਲ ਨਾਲ਼ ਤੁਰਦੇ ਹਨ। ਫੇਰ ਢੋਲੀ ਦੁਆਰਾ ਢੋਲ 'ਤੇ ਕੀਤੇ ਸੰਕੇਤ ਅਨੁਸਾਰ ਨਾਚ-ਮੁਦਰਾ ਬਦਲ ਕੇ ਤਿੰਨ ਤਾੜੀਆਂ ਮਾਰਦੇ ਹਨ। ਇਹ ਤਿੰਨ ਤਾੜੀਆਂ ਘੇਰੇ ਦੇ ਅੰਦਰਵਾਰ ਸਰੀਰ ਦੇ ਉੱਪਰਲੇ ਭਾਗ ਨੂੰ ਝੁਕਾ ਕੇ, ਫੇਰ ਛਾਤੀ ਅੱਗੇ ਕਰ ਕੇ ਅਤੇ ਤੀਜੀ ਤਾੜੀ ਘੇਰੇ ਤੇ ਬਾਹਰ ਵਾਲ਼ੇ ਪਾਸੇ ਨੂੰ ਝੁਕ ਕੇ ਮਾਰਦੇ ਹਨ। ਢੋਲ ਦੀ ਨੀਵੀਂ ਸੁਰ ਵਾਲ਼ੀ ਥਾਪ ਦੇ ਸੰਕੇਤ 'ਤੇ ਨਵੀਂ ਮੁਦਰਾ ਦਾ ਪ੍ਰਗਟਾਅ ਕਰਨ ਵਾਸਤੇ ਨਚਾਰ ਪਹਿਲਾਂ ਸੱਜੀ ਬਾਂਹ ਤੇ ਸੱਜੀ ਲੱਤ ਚੁੱਕ ਕੇ ਖੱਬੇ ਪੈਰ ਨਾਲ਼ ਉੱਛਲ਼ਦੇ ਹਨ। ਇਸ ਪ੍ਰਕਾਰ ਨੱਚਦੇ ਨਚਾਰਾਂ ਦਾ ਮੋਢਾ, ਪੈਰ ਅਤੇ ਤਾੜੀ ਦੇ ਕਾਰਜ ਵਿੱਚ ਸਮਤਾ ਆ ਜਾਂਦੀ ਹੈ। ਇਸ ਲੋਕ-ਨਾਚ ਦੀ ਵਿਲੱਖਣਤਾ ਇਹ ਹੈ ਕਿ ਇਸ ਵਿੱਚ ਲੋਕ-ਗੀਤ ਨਹੀਂ ਬੋਲੇ ਜਾਂਦੇ, ਮਸਤੀ ਵਿੱਚ ਆਏ ਨਚਾਰ ਆਪਣੇ ਮੂੰਹ ਵਿੱਚੋਂ ਕਈ ਪ੍ਰਕਾਰ ਦੀਆਂ ਅਵਾਜ਼ਾਂ, ਜਿਵੇਂ :

ਸ਼..ਸ਼.....ਸ਼..ਸ਼, ਹੀ....ਹੀ....ਹੀ.....ਹੀ
ਹੋ..ਹੋ.....ਹੋ..ਹੋ..ਓ....ਓ....ਓ

ਜਾਂ

ਐਲੀ....ਐਲੀ....ਐਲੀ !!! ਹੜੀਪਾ ਹਾਇ ! ਹੜੀਪਾ ਹਾਇ !!

ਆਦਿ ਕੱਢ ਕੇ ਰਸਿਕਤਾ ਭਰ ਲੈਂਦੇ ਹਨ।

ਅਜੋਕੇ ਯੁੱਗ ਵਿੱਚ ਇਸ ਲੋਕ-ਨਾਚ ਦੀ ਵੱਖਰੀ ਪਛਾਣ ਵੀ ਭੰਗੜੇ ਦੀਆਂ ਇੱਕ-ਦੋ ਚਾਲਾਂ ਵਿੱਚ ਹੀ ਸਿਮਟ ਕੇ ਰਹਿ ਗਈ ਵੇਖਣ ਨੂੰ ਮਿਲਦੀ ਹੈ, ਅਸਲ ਮੁਹਾਂਦਰਾ ਲੁਪਤ ਹੋ ਰਿਹਾ ਹੈ।

4. ਕੁਝ ਹੋਰ ਲੋਕ-ਨਾਚ

ਪੂਰਬੀ ਪੰਜਾਬ ਦੇ ਮਾਲਵਾ ਭੂ-ਖੰਡ ਵਿੱਚ 'ਮਰਦਾਂ ਦਾ ਗਿੱਧਾ' ਪ੍ਰਚਲਿਤ ਹੈ। ਇਸ ਨੂੰ 'ਚੋਬਰਾਂ ਦਾ ਗਿੱਧਾ' ਜਾਂ 'ਮਲਵੱਈਆਂ ਦਾ ਗਿੱਧਾ' ਵੀ ਆਖਿਆ ਜਾਂਦਾ ਹੈ। ਇਹ ਲੋਕ-ਨਾਚ ਭੰਗੜੇ, ਗਿੱਧੇ, ਝੂੰਮਰ, ਸੰਮੀ ਆਦਿ ਲੋਕ-ਨਾਚਾਂ ਵਾਂਗ ਪ੍ਰਾਚੀਨ ਨਹੀਂ ਹੈ। ਮੁੱਖ ਤੌਰ 'ਤੇ 'ਮਰਦਾਵੇਂ ਗਿੱਧੇ' ਦੇ ਨਚਾਰ ਸਮੂਹ ਰੂਪ ਵਿੱਚ ਬੋਲੀਆਂ ਪਾਉਣ ਵਾਲੇ ਤੋਂ ਇਲਾਵਾ, ਅਲਗੋਜ਼ੇ, ਢੋਲਕ, ਚਿਮਟੇ, ਬੁਘਦੂ, ਸੀਟੀ, ਗੜਵੇ, ਛੈਣੇ, ਬਾਲਟੀ ਆਦਿ ਵਾਲੇ ਮਰਦ ਹੁੰਦੇ ਹਨ, ਇਹ ਹੀ ਇਹਨਾਂ ਦੇ ਸਾਜ਼-ਸੰਦ ਹੁੰਦੇ ਹਨ। ਇਸ ਲੋਕ-ਨਾਚ ਵਿੱਚ ਨਾਚ ਵਰਗੀਆਂ ਮੁਦਰਾਵਾਂ ਘੱਟ ਅਤੇ ਲੰਮੀਆਂ ਬੋਲੀਆਂ ਦੀ ਭਰਮਾਰ ਵਧੇਰੇ ਹੁੰਦੀ ਹੈ। ਇਹਨਾਂ ਬੋਲੀਆਂ ਦੇ ਵਿਸ਼ੇ—ਦੁਨੀਆ ਦੀ ਨਾਸ਼ਮਾਨਤਾ, ਰੱਬ ਦੀ ਹੋਂਦ, ਪ੍ਰੇਮ-ਪਿਆਰ, ਇਸਤਰੀ ਪ੍ਰਤਿ ਖਿੱਚ ਅਤੇ ਇਲਾਕਾਈ ਮਾਣ ਤੋਂ ਛੁੱਟ ਹੋਰ ਸਮਾਜਿਕ ਅਤੇ ਸੱਭਿਆਚਾਰਿਕ ਵਰਤਾਰਿਆਂ ਨਾਲ਼ ਵੀ ਸੰਬੰਧਿਤ ਹੁੰਦੇ ਹਨ। ਇੱਕ ਬੋਲੀ ਹਾਜ਼ਰ ਹੈ :

ਚਲ ਵੇ ਮਨਾ, ਬੇਗਾਨਿਆ ਧਨਾ, ਕਾਹਨੂੰ ਪ੍ਰੀਤਾਂ ਜੜੀਆਂ।
ਓੜਕ ਏਥੋਂ ਚੱਲਣਾ ਇੱਕ ਦਿਨ, ਕਬਰਾਂ ਉਡੀਕਣ ਖੜ੍ਹੀਆਂ।
ਉੱਤੋਂ ਦੀ ਤੇਰੇ ਵਗਣ ਨ੍ਹੇਰੀਆਂ, ਲੱਗਣ ਸਾਉਣ ਦੀਆਂ ਝੜੀਆਂ।
ਅੱਖੀਆਂ ਮੋੜ ਰਿਹਾ, ਨਾ ਮੁੜੀਆਂ ਨਾ ਲੜੀਆਂ।

ਬੋਲੀਕਾਰ ਕੰਨਾਂ 'ਤੇ ਖੱਬਾ ਹੱਥ ਰੱਖ ਕੇ ਸੱਜੀ ਬਾਂਹ ਉਤਾਂਹ ਨੂੰ ਉਭਾਰ ਕੇ ਬੋਲੀ ਚੁੱਕਦਾ ਹੈ ਅਤੇ ਬੋਲੀ ਦੇ ਅੰਤਿਮ ਚਰਨ 'ਤੇ ਬਾਕੀ ਸਾਥੀ ਆਪਣੇ ਸਾਜ਼ ਵਜਾਉਂਦੇ ਹਨ, ਸਮੂਹ ਵਿੱਚੋਂ ਕੋਈ ਦੋ ਅੱਗੇ ਨਿਕਲ਼ ਕੇ ਪੱਬਾਂ ਭਾਰ ਹੋ, ਸਰੀਰ ਦੇ ਉੱਪਰਲੇ ਧੜ ਨੂੰ ਹਰਕਤਾਂ ਵਿੱਚ ਲਿਆਉਂਦੇ ਹਨ। ਨਿਰਸੰਦੇਹ ਇਹ ਨਾਚ ਕਾਫ਼ੀ ਹਰਮਨ- ਪਿਆਰਾ ਹੋ ਰਿਹਾ ਹੈ।

ਲੋਕ-ਨਾਚ 'ਧਮਾਲ' ਪ੍ਰਾਚੀਨ ਕਾਲ ਤੋਂ ਸੂਫ਼ੀਆਂ-ਸੰਤਾਂ ਦੇ ਡੇਰਿਆਂ 'ਤੇ ਨੱਚਿਆ ਜਾਂਦਾ ਰਿਹਾ ਹੈ। ਤੇਜ਼ ਗਤੀ ਦਾ ਇਹ ਨਾਚ ਖ਼ਾਸ ਕਿਸਮ ਦੇ ਸਰੀਰਿਕ ਹਿਲੋਰੇ ਦਾ ਨਾਚ ਸੀ ਪਰੰਤੂ ਇਹ ਹੁਣ ਓਨਾ ਪ੍ਰਚਲਿਤ ਨਹੀਂ ਰਿਹਾ, ਬੱਸ ਭੰਗੜੇ ਦੀ ਇੱਕ ਚਾਲ ਤੱਕ ਹੀ ਸੀਮਿਤ ਹੋ ਚੁੱਕਾ ਹੈ। 'ਖਲੀ', 'ਹੇਮੜੀ', 'ਡੰਡਾਸ', 'ਅਖਾੜਾ', 'ਗਤਕਾ', 'ਪਠਾਣੀਆਂ' ਅਤੇ 'ਫੁੰਮਣੀਆਂ' ਜਿਹੇ ਲੋਕ-ਨਾਚ ਵੀ ਸੀਮਿਤ ਖੇਤਰੀ ਲੋਕ-ਨਾਚ ਬਣਦੇ-ਬਣਦੇ ਆਪਣੀ ਹੋਂਦ ਇੱਕ-ਇੱਕ, ਦੋ-ਦੋ ਮੁਦਰਾਵਾਂ ਤੱਕ ਸੀਮਿਤ ਕਰ ਕੇ ਲਗ-ਪਗ ਖ਼ਤਮ ਹੀ ਹੋ ਗਏ ਜਾਪਦੇ ਹਨ। ਇਸੇ ਤਰ੍ਹਾਂ 'ਭਗਤ-ਨਾਚ', 'ਜੰਗਮ-ਨਾਚ', 'ਨਾਮਧਾਰੀ ਨਾਚ', 'ਸੁਥਰਾ ਨਾਚ', 'ਮਰਕਤ ਨਾਚ', 'ਗੁੱਗਾ-ਨਾਚ', ਆਦਿ ਲੋਕ-ਨਾਚ ਵੀ ਲਗ-ਪਗ ਲੁਪਤ ਹੋ ਚੁੱਕੇ ਹਨ। ਇਹਨਾਂ ਲੋਕ-ਨਾਚਾਂ ਦੇ ਲੁਪਤ ਹੋ ਜਾਣ ਜਾਂ ਨਾਂ-ਮਾਤਰ ਰਹਿ ਜਾਣ ਦੇ ਫਲ਼ਸਰੂਪ ਵਿਸ਼ਾਲ ਪੰਜਾਬੀ ਸੱਭਿਆਚਾਰ ਦੇ ਕਈ ਮੁੱਲ-ਵਿਧਾਨ ਅਤੇ ਇਸ ਦੀ ਕਦਰ-ਪ੍ਰਨਾਲ਼ੀ ਸੰਬੰਧੀ ਗਿਆਨ ਵੀ ਪੀੜ੍ਹੀ-ਦਰ-ਪੀੜ੍ਹੀ ਸੀਮਿਤ ਜਾਂ ਖ਼ਤਮ ਹੋ ਗਿਆ ਹੈ।

ਪੰਜਾਬ ਵਿੱਚ ਲਗਾਤਾਰ ਬਦਲਦੀਆਂ ਪਰਿਸਥਿਤੀਆਂ ਨੇ ਇੱਥੋਂ ਦੇ ਲੋਕ-ਨਾਚਾਂ ਵਿੱਚ ਕਾਫ਼ੀ ਬਦਲਾਅ ਲਿਆਂਦਾ ਹੈ। ਪੰਜਾਬ ਦੇ ਲੋਕ-ਨਾਚ ਪੰਜਾਬੀਆਂ ਦੇ ਸੱਭਿਆਚਾਰਿਕ ਕੇਂਦਰਾਂ...ਪਿੰਡਾਂ, ਪਿੜਾਂ, ਖੇਤਾਂ, ਬੇਲਿਆਂ ਆਦਿ ਤੋਂ ਸਟੇਜ, ਫ਼ਿਲਮਾਂ ਅਤੇ ਟੈਲੀਵੀਜ਼ਨ ਤੱਕ ਦੇ ਸਫ਼ਰ ਨੂੰ ਤੈਅ ਕਰ ਚੁੱਕੇ ਹਨ। ਇਸ ਪੜਾਅ 'ਤੇ ਆ ਕੇ ਲੋਕ-ਨਾਚ ਆਪਣੇ ਪ੍ਰਯੋਜਨ, ਨਿਭਾਅ-ਪ੍ਰਸੰਗ ਅਤੇ ਨਚਾਰਾਂ ਦੇ ਪੱਧਰ 'ਤੇ, ਕਈ ਪ੍ਰਕਾਰ ਦੇ ਬਦਲਾਅ ਗ੍ਰਹਿਣ ਕਰ ਚੁੱਕੇ ਹਨ। ਇਹ ਬਦਲਾਅ ਮੁਦਰਾਵਾਂ ਦੇ ਸੰਚਾਲਨ, ਗਤੀ ਦੀ ਤੀਬਰਤਾ, ਨਵ-ਸਿਰਜਕ ਨਿੱਜੀ ਗੀਤ-ਮੁਖੀ ਬੋਲੀਆਂ, ਸਟੇਜੀ ਜ਼ਰੂਰਤਾਂ, ਪੁਸ਼ਾਕ, ਹਾਰ-ਸ਼ਿੰਗਾਰ, ਸਾਜ਼-ਸੰਗੀਤ ਅਤੇ ਵਿਸ਼ੇਸ਼ ਭਾਂਤ ਦੀ ਸਿਖਲਾਈ ਆਦਿ ਦੇ ਕਈ ਪੱਖਾਂ ਵਿੱਚੋਂ ਪ੍ਰਗਟ ਹੁੰਦੇ ਹਨ। ਚੇਤੇ ਰੱਖਣ ਵਾਲ਼ੀ ਗੱਲ ਇਹ ਹੈ ਕਿ ਕੋਈ ਵੀ ਬਦਲਾਅ ਆਪਣੇ ਸੱਭਿਆਚਾਰਿਕ-ਇਤਿਹਾਸਿਕ ਚੌਖਟੇ ਵਿੱਚ ਰੱਖ ਕੇ ਉਸਾਰੂ ਕਦਰ-ਪ੍ਰਨਾਲ਼ੀ ਨੂੰ ਗ੍ਰਹਿਣ ਕਰਨ ਹਿਤ ਕਰਨਾ ਹੀ ਉਚਿਤ ਹੈ। ਇਹਨਾਂ ਵਿੱਚ ਵਿਦੇਸ਼ੀ ਪ੍ਰਭਾਵ ਪ੍ਰਤਿ ਚਿੰਤਨ ਹੋਣਾ ਲਾਜ਼ਮੀ ਹੈ। ਅਜਿਹਾ ਸੰਭਵ ਹੋਣ 'ਤੇ ਹੀ ਇਹ ਲੋਕ-ਨਾਚ ਸਮੂਹ ਪੰਜਾਬੀਆਂ ਦੇ ਸਰਬ-ਪੱਖੀ ਸੱਭਿਆਚਾਰਿਕ ਵਰਤਾਰੇ ਦਾ ਪ੍ਰਮਾਣਿਕ ਰੂਪ ਉਘਾੜਨ ਦੇ ਸਮਰੱਥ ਹੋਣਗੇ।

## ਪਾਠ-ਅਭਿਆਸ

1. **ਵਸਤੂਨਿਸ਼ਠ ਪ੍ਰਸ਼ਨ—**

    (ੳ) ਪੰਜਾਬ ਦੇ ਲੋਕ-ਨਾਚ ਕਿਸ ਪ੍ਰਕਾਰ ਦੀ ਕਲਾ ਹਨ ?

    (ਅ) ਪੰਜਾਬ ਵਿੱਚ ਪੰਜ ਹਜ਼ਾਰ ਪੂਰਵ ਈਸਵੀ ਤੋਂ ਕਿਹੜੇ ਨਾਚ ਨੱਚਣ ਦੀ ਪਰੰਪਰਾ ਦੇ ਪ੍ਰਮਾਣ ਮਿਲ਼ਦੇ ਹਨ ?

    (ੲ) ਪੰਜਾਬ ਦੇ ਸਮੁੱਚੇ ਲੋਕ-ਨਾਚ ਲੌਕਿਕ ਪ੍ਰਕਿਰਤੀ ਦੇ ਧਾਰਨੀ ਹਨ। (ਹਾਂ/ਨਹੀਂ)

    (ਸ) ਪੰਜਾਬ ਦੇ ਲੋਕ-ਨਾਚਾਂ ਦਾ ਵਰਗੀਕਰਨ ਕਿਹੜੇ ਦੋ ਪੱਧਰਾਂ 'ਤੇ ਕੀਤਾ ਜਾ ਸਕਦਾ ਹੈ ?

    (ਹ) ਇਸਤਰੀਆਂ ਦੇ ਲੋਕ-ਨਾਚਾਂ ਦੇ ਨਾਂ ਦੱਸੋ।

    (ਕ) ਸੰਮੀ ਮੇਰੀ ਵਣ ................. ਕੂ ਤਾਂ ਮੇਰੇ ਵੀਰ ਦੀ, ਵਣ ਸੰਮੀਆਂ
    ਸੰਮੀ ਮੇਰੀ ਵਣ ................. ਖਾਵਣ ਵਾਲ਼ੇ ਆ ਗਏ, ਵਣ ਸੰਮੀਆਂ।

    ਉਪਰੋਕਤ ਗੀਤ ਕਿਸ ਲੋਕ-ਨਾਚ ਦੀਆਂ ਸਤਰਾਂ ਹਨ ?

    (ਖ) ਪੱਛਮੀ ਪੰਜਾਬ ਵਿੱਚ ਕਿਹੜਾ ਲੋਕ-ਨਾਚ ਮਰਦਾਂ ਤੇ ਔਰਤਾਂ ਦੋਹਾਂ ਵੱਲੋਂ ਨੱਚਿਆ ਜਾਂਦਾ ਸੀ ?

    (ਗ) ਮਰਦਾਂ ਦੇ ਲੋਕ-ਨਾਚਾਂ ਦੇ ਨਾਂ ਦੱਸੋ ?

    (ਘ) ਉਹ ਕਿਹੜਾ ਲੋਕ-ਸਾਜ਼ ਹੈ ਜਿਸ ਦੀ ਸਰਲ ਤਾਲ 'ਤੇ ਲੋਕ-ਨਾਚ ਭੰਗੜਾ ਨੱਚਿਆ ਜਾਂਦਾ ਹੈ ?

    (ਙ) ਭੰਗੜੇ ਦੀ ਟੋਲੀ ਵਿੱਚ ਬੋਲੀ ਕੌਣ ਪਾਉਂਦਾ ਹੈ ?

    (ਚ) ਮਰਦਾਂ ਦਾ ਉਹ ਕਿਹੜਾ ਨਾਚ ਹੈ ਜਿਸ ਨੂੰ ਇਸਤਰੀ-ਨਾਚ ਵੀ ਸਮਝ ਲਿਆ ਜਾਂਦਾ ਹੈ ?

2. **ਪੰਜਾਬ ਦੇ ਲੋਕ-ਨਾਚ ਪਾਠ ਦੇ ਆਧਾਰ 'ਤੇ ਦੱਸੋ :**

    (ੳ) ਪੰਜਾਬ ਦੇ ਲੋਕ-ਨਾਚਾਂ ਦੀ ਪਰੰਪਰਾ ਜਾਂ ਪ੍ਰਾਚੀਨਤਾ ਦਾ ਕਿਵੇਂ ਪਤਾ ਲੱਗਦਾ ਹੈ ?

(ਅ) ਇਸਤਰੀਆਂ ਦੇ ਮੁੱਖ ਲੋਕ-ਨਾਚਾਂ ਦਾ ਸੰਖੇਪ ਵਰਨਣ ਕਰੋ।

(ੲ) ਪੰਜਾਬ ਦੇ ਮਰਦਾਵੇਂ ਲੋਕ-ਨਾਚਾਂ ਦਾ ਸੰਖੇਪ ਵਰਨਣ ਕਰੋ।

(ਸ) ਹੇਠ ਲਿਖੇ ਨਾਚ-ਰੂਪਾਂ ਬਾਰੇ ਸੰਖੇਪ ਨੋਟ ਲਿਖੋ :
ਗਿੱਧਾ, ਭੰਗੜਾ, ਸੰਮੀ, ਝੂਮਰ, ਕਿੱਕਲੀ।

(ਹ) ਵਰਤਮਾਨ ਸਮੇਂ ਵਿੱਚ ਭੰਗੜੇ ਦੇ ਬਦਲਦੇ ਸਰੂਪ ਬਾਰੇ ਦੱਸੋ।

(ਕ) ਪੰਜਾਬ ਦੇ ਲੋਕ-ਨਾਚ ਪਾਠ ਵਿੱਚ ਮੁੱਖ ਨਾਚਾਂ ਤੋਂ ਬਿਨਾਂ ਹੋਰ ਕਿਹੜੇ-ਕਿਹੜੇ ਨਾਚਾਂ ਦਾ ਜ਼ਿਕਰ ਆਇਆ ਹੈ ? ਦੱਸੋ।

(ਖ) ਪੰਜਾਬ ਵਿੱਚ ਬਦਲਦੀਆਂ ਪਰਿਸਥਿਤੀਆਂ ਅਨੁਸਾਰ ਲੋਕ-ਨਾਚਾਂ ਵਿੱਚ ਆਏ ਬਦਲਾਅ ਬਾਰੇ ਜਾਣਕਾਰੀ ਦਿਓ।

3. 'ਪੰਜਾਬ ਦੇ ਲੋਕ-ਨਾਚ' ਪਾਠ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

*******

**ਲੇਖਕ ਬਾਰੇ**

## ਪਿਆਰਾ ਸਿੰਘ ਖੁੰਡਾ

(1967)

| | | |
|---|---|---|
| ਮਾਤਾ ਜੀ ਦਾ ਨਾਂ | : | ਸ੍ਰੀਮਤੀ ਅਮਰਜੀਤ ਕੌਰ |
| ਪਿਤਾ ਜੀ ਦਾ ਨਾਂ | : | ਸ. ਬਲਦੇਵ ਸਿੰਘ |
| ਜਨਮ-ਮਿਤੀ | : | 22 ਸਤੰਬਰ, 1967 |
| ਜਨਮ-ਸਥਾਨ | : | ਪਿੰਡ ਖੁੰਡਾ, ਜ਼ਿਲ੍ਹਾ ਗੁਰਦਾਸਪੁਰ |
| ਵਿੱਦਿਆ-ਪ੍ਰਾਪਤੀ | : | ਐੱਮ.ਏ., ਐੱਮ.ਫਿਲ. |
| ਕੰਮ-ਕਿੱਤਾ | : | ਅਧਿਆਪਨ |

ਆਪ ਜੀ ਨੇ ਲੋਕ-ਧਾਰਾ ਨਾਲ਼ ਸੰਬੰਧਿਤ ਲੋਕ-ਗੀਤ ਤੇ ਨਕਲਾਂ ਇਕੱਤਰ ਕੀਤੀਆਂ ਹਨ।

ਆਪ ਨੇ ਬੇਰਿੰਗ ਕ੍ਰਿਸਚੀਅਨ ਕਾਲਜ, ਬਟਾਲਾ ਵਿਖੇ ਪੰਜਾਬੀ ਦੇ ਪ੍ਰਾਅਧਿਆਪਕ ਵਜੋਂ ਕੰਮ ਕੀਤਾ।

ਇਹਨਾਂ ਦਾ ਖੋਜ-ਕਾਰਜ ਪੰਜਾਬ ਦੀਆਂ ਨਕਲਾਂ ਨਾਲ਼ ਸੰਬੰਧਿਤ ਹੈ।

ਹਥਲੀ ਪਾਠ-ਪੁਸਤਕ ਲਈ ਆਪ ਦਾ ਲੇਖ 'ਪੰਜਾਬ ਦੀਆਂ ਨਕਲਾਂ' ਚੁਣਿਆ ਗਿਆ ਹੈ। ਇਸ ਵਿੱਚ ਉਹਨਾਂ ਨੇ ਨਕਲਾਂ ਦੀ ਵਿਆਖਿਆ ਕੀਤੀ ਹੈ, ਸਮੇਂ ਤੇ ਸਥਾਨ ਦੇ ਪ੍ਰਸੰਗ ਵਿੱਚ ਇਹਨਾਂ ਦੀ ਸਾਰਥਕਤਾ ਦੱਸੀ ਹੈ। ਫਿਰ ਨਕਲਾਂ ਦਾ ਨਿਕਾਸ ਦੱਸਦੇ ਹੋਏ ਇਹਨਾਂ ਦੇ ਵਿਸ਼ੇ, ਰੂਪਕ ਪੱਖ, ਪੇਸ਼ਕਾਰੀ ਦੀਆਂ ਵਿਧੀਆਂ, ਪਿੜ, ਸਾਜ਼-ਸਮਾਨ ਬਾਰੇ ਜਾਣਕਾਰੀ ਦਿੱਤੀ ਹੈ। ਨਾਲ਼ ਹੀ ਪੰਜਾਬੀ ਜੀਵਨ ਵਿੱਚ ਨਕਲਾਂ ਦੇ ਮੌਕਿਆਂ ਦੀ ਗੱਲ ਕਰਦੇ ਹੋਏ ਇਹਨਾਂ ਦੇ ਸੱਭਿਆਚਾਰਿਕ ਪੱਖਾਂ ਬਾਰੇ ਸੰਕੇਤ ਕੀਤੇ ਹਨ।

# ਪੰਜਾਬ ਦੀਆਂ ਨਕਲਾਂ

'ਨਕਲਾਂ' ਪੰਜਾਬੀ ਸੱਭਿਆਚਾਰ ਵਿੱਚ ਲੋਕ-ਨਾਟ ਦੀ ਇੱਕ ਅਜਿਹੀ ਨਾਟਕੀ ਵਿਧਾ ਹੈ ਜਿਸ ਨੂੰ ਸਾਂਗ, ਰੀਸ ਜਾਂ ਕਿਸੇ ਹੋਰ ਵਾਂਗ ਕਰਨ ਦੀ ਕਿਰਿਆ ਵੀ ਆਖ ਲਿਆ ਜਾਂਦਾ ਹੈ। ਕਈ ਲੋਕ ਇਸ ਨੂੰ ਭੰਡ-ਭੰਡੌਤੀ ਵੀ ਆਖਦੇ ਹਨ। ਇਸ ਵਿੱਚ ਕਿਸੇ ਪੇਸ਼ੇ, ਮਨੁੱਖ, ਪਸ਼ੂ, ਵਸਤੂ ਜਾਂ ਜਾਤ ਸੰਬੰਧੀ ਕਹਾਣੀ ਨੂੰ ਪੇਸ਼ਾਵਰ ਨਕਲੀਆਂ ਦੁਆਰਾ ਚਮੋਟਾ ਰੰਗ-ਸ਼ੈਲੀ ਵਿੱਚ ਕਿਸੇ ਪ੍ਰਕਾਰ ਦਾ ਭੇਸ ਧਾਰਨ ਕਰਨ ਤੋਂ ਬਗ਼ੈਰ ਵਿਅੰਗਮਈ ਵਾਰਤਾਲਾਪ ਰਾਹੀਂ ਪਿੜ ਵਿੱਚ ਪੇਸ਼ ਕੀਤਾ ਜਾਂਦਾ ਹੈ। ਇਹ ਚੁਸਤ ਵਾਰਤਾਲਾਪ, ਹਾਜ਼ਰ-ਜਵਾਬੀ, ਵਿਅੰਗ ਅਤੇ ਨਾਟਕੀ ਮੌਕੇ ਸਿਰਜਣ ਦੀ ਸਮਰੱਥਾ ਕਾਰਨ ਸਜੀਵ ਨਾਟਕੀ ਪੇਸ਼ਕਾਰੀ ਦਾ ਪ੍ਰਤਿਨਿਧ ਨਮੂਨਾ ਹਨ।

ਨਕਲਾਂ ਮੌਖਿਕ ਰੂਪ ਵਿੱਚ ਹੀ ਉਸਤਾਦੀ-ਸ਼ਗਿਰਦੀ ਨਾਲ਼ ਪੀੜ੍ਹੀ-ਦਰ-ਪੀੜ੍ਹੀ ਅੱਗੇ ਤੁਰੀਆਂ ਆ ਰਹੀਆਂ ਹਨ ਪਰੰਤੂ ਇਹਨਾਂ ਉੱਪਰ ਖੋਜ ਕਰਨ ਵਾਲ਼ੇ ਕੁਝ ਖੋਜਾਰਥੀਆਂ ਨੇ ਇਹਨਾਂ ਨੂੰ ਕਲਮਬੰਦ ਵੀ ਕੀਤਾ ਹੈ। ਲਿਖਤੀ ਰੂਪ ਵਿੱਚ ਆ ਕੇ ਇਹ ਸਥਿਰ ਤੇ ਨਿਰਜੀਵ ਹੋ ਜਾਂਦੀਆਂ ਹਨ ਕਿਉਂਕਿ ਇਹ ਸਮੇਂ ਦੇ ਪ੍ਰਸੰਗ ਵਿੱਚ ਹੀ ਕਿਰਿਆਸ਼ੀਲ ਰਹਿੰਦੀਆਂ ਹਨ। ਸਮਾਂ, ਸਥਾਨ ਅਤੇ ਪ੍ਰਸੰਗ ਬਦਲਣ ਨਾਲ਼ ਇਹਨਾਂ ਦੀ ਸਾਰਥਕਤਾ ਵੀ ਘੱਟ-ਵੱਧ ਹੁੰਦੀ ਰਹਿੰਦੀ ਹੈ। ਮੌਖਿਕ ਰੂਪ ਵਿੱਚ ਇਹ ਸਮੇਂ ਦੇ ਵਹਿਣ ਵਿੱਚ ਵਹਿ ਕੇ ਅਤੀਤ ਵਿੱਚ ਖ਼ਤਮ ਹੋ ਜਾਂਦੀਆਂ ਹਨ ਅਤੇ ਇਹਨਾਂ ਦੀ ਥਾਂ ਨਵੀਆਂ ਨਕਲਾਂ ਲੈ ਲੈਂਦੀਆਂ ਹਨ। ਇਹ ਸਾਰਾ ਕੁਝ ਆਪਣੇ-ਆਪ ਵਾਪਰਦਾ ਰਹਿੰਦਾ ਹੈ ਅਤੇ ਮੌਕੇ ਅਨੁਸਾਰ ਕਈ ਨਵੀਆਂ ਨਕਲਾਂ ਵੀ ਸਿਰਜ ਲਈਆਂ ਜਾਂਦੀਆਂ ਹਨ।

ਨਕਲਾਂ ਕਰਨ ਵਾਲ਼ੇ ਕਲਾਕਾਰਾਂ ਨੂੰ ਨਕਲੀਏ ਕਿਹਾ ਜਾਂਦਾ ਹੈ। ਮਰਾਸੀ ਅਤੇ ਭੰਡ ਦੋ ਖ਼ਾਸ ਜਾਤਾਂ ਹਨ। 'ਮਰਾਸੀ' ਜਿਸ ਨੂੰ ਲੋੜ ਤੋਂ ਵੱਧ ਗੱਲ ਫੁਰਦੀ ਹੋਵੇ। ਇਸ ਦੇ ਲਫ਼ਜ਼ੀ ਅਰਥ ਹਨ: 'ਮਰਾਸੀ'— ਮਾਲਕੀ ਜਾਂ ਵਿਰਾਸਤ ਦੇ ਹੱਕ ਦਾ ਦਾਅਵੇਦਾਰ। ਮਰਾਸੀ, ਜਿਵੇਂ ਕਿ ਉਹਨਾਂ ਦਾ ਕਦੀਮੀ ਰਿਵਾਜ ਹੈ, ਆਪਣੇ ਜਜਮਾਨਾਂ ਦੇ ਕੁਰਸੀਨਾਮੇ ਅਥਵਾ ਬੰਸਾਵਲੀਆਂ, ਕਵਿਤਾ ਵਿੱਚ ਜੋੜ ਕੇ ਪੜ੍ਹਦੇ ਸਨ ਤੇ ਇਨਾਮ ਪ੍ਰਾਪਤ ਕਰਦੇ ਸਨ। 'ਭੰਡ' ਭੰਡੀ ਕਰਨ ਵਾਲ਼ੇ ਨੂੰ ਕਿਹਾ ਜਾਂਦਾ ਹੈ। ਨਕਲੀਏ ਮੁਸਲਮਾਨਾਂ ਦੇ ਭਾਰਤ ਆਉਣ ਨਾਲ਼ ਮੁਸਲਮਾਨ ਬਣੇ ਸਨ। ਕੁਝ ਖੋਜੀਆਂ ਦਾ ਵਿਚਾਰ ਹੈ ਕਿ ਸੁਆਂਗੀ ਅਨਆਰੀਆ ਭਾਰਤੀ ਜਾਤੀ ਵਿੱਚੋਂ ਸਨ ਅਤੇ ਪੰਜਾਬ ਦੇ ਵਸਨੀਕ ਸਨ। ਜਦ ਉਹਨਾਂ ਦੀ ਨਾਟਕੀ ਕਲਾ ਆਰੀਆਂ ਨੇ ਅਪਣਾ ਕੇ ਇਹਨਾਂ ਨੂੰ ਘਟੀਆ ਸ਼ੂਦਰ ਕਹਿ ਕੇ ਇਹਨਾਂ ਦਾ ਨਿਰਾਦਰ ਕੀਤਾ ਤਾਂ ਇਹਨਾਂ ਨੇ ਉੱਚ ਜਾਤੀਆਂ ਨੂੰ ਨਕਲਾਂ ਰਾਹੀਂ ਭੰਡਣਾ ਸ਼ੁਰੂ ਕਰ ਦਿੱਤਾ ਤਾਂਜੋ ਆਪਣੇ ਨਿਰਾਦਰ ਦਾ ਬਦਲਾ ਲਿਆ ਜਾ ਸਕੇ। ਇਹੀ ਬਾਅਦ ਵਿੱਚ ਨਕਲਾਂ ਅਖਵਾਈਆਂ।

ਨਕਲਾਂ ਦੀਆਂ ਕਈ ਕਿਸਮਾਂ ਹਨ ਪਰ ਮੁੱਖ ਤੌਰ 'ਤੇ ਵਿਸ਼ੇ ਪੱਖੋਂ ਇਹ ਜਨਮ, ਵਿਆਹ, ਹੂ-ਬਹੂ ਸਾਂਗਾਂ, ਕਿੱਤਿਆਂ ਅਤੇ ਵਿਸ਼ੇਸ਼ ਵਿਅਕਤੀਆਂ ਬਾਰੇ ਕਹੀਆਂ ਜਾ ਸਕਦੀਆਂ ਹਨ। ਰੂਪ ਪੱਖੋਂ ਇਹ ਦੋ ਕਿਸਮ ਦੀਆਂ ਹੁੰਦੀਆਂ ਹਨ - ਨਿੱਕੀਆਂ ਨਕਲਾਂ ਅਤੇ ਲੰਮੀਆਂ ਨਕਲਾਂ। ਨਿੱਕੀਆਂ ਨਕਲਾਂ ਨੂੰ ਸਿਰਫ਼ ਦੋ ਹੀ ਕਲਾਕਾਰ ਖੇਡਦੇ ਹਨ ਜਿਨ੍ਹਾਂ ਵਿੱਚੋਂ ਇੱਕ ਦੇ ਹੱਥ ਚਮੋਟਾ ਹੁੰਦਾ ਹੈ ਤੇ ਦੂਜੇ ਦੇ ਹੱਥ ਛੋਟਾ ਜਿਹਾ ਤਬਲਾ। ਤਬਲੇ ਵਾਲ਼ਾ ਜਦੋਂ ਵੀ ਕੋਈ ਬੇਤੁਕੀ ਗੱਲ ਕਰਦਾ ਹੈ ਤਾਂ ਦੂਜਾ ਉਸ ਦੇ ਚਮੋਟਾ ਮਾਰਦਾ ਹੈ, ਜਿਸ 'ਤੇ ਹਾਸਾ ਪੈਦਾ ਹੁੰਦਾ ਹੈ। ਇਸ ਵਿੱਚ ਇੱਕ ਝਾਕੀ ਵਿੱਚ ਇੱਕ ਹਾਸ-ਰਸੀ ਸਿਖਰ ਉਸਾਰਿਆ ਜਾਂਦਾ ਹੈ ਤੇ ਇਸ ਦਾ ਸਮਾਂ ਪੰਜ ਮਿੰਟ ਤੋਂ ਦਸ ਮਿੰਟ ਤੱਕ ਦਾ ਹੁੰਦਾ ਹੈ। ਇਸ ਦਾ ਅਰੰਭ ਸਧਾਰਨ ਗੱਲ-ਬਾਤ ਤੋਂ ਹੁੰਦਾ ਹੈ, ਮੱਧ ਵਿੱਚ ਲਟਕਾਅ ਤੇ ਅੰਤ ਪਟਾਕੇ ਵਾਂਗ ਫਟਦਾ ਹੈ।

ਨਿੱਕੀਆਂ ਨਕਲਾਂ ਨੂੰ ਜਿੱਥੇ ਦੋ ਹੀ ਕਲਾਕਾਰ ਖੇਡਦੇ ਹਨ, ਉੱਥੇ ਲੰਮੀ ਨਕਲ ਖੇਡਣ ਲਈ ਪੂਰੀ ਟੋਲੀ ਦੀ ਲੋੜ ਹੁੰਦੀ ਹੈ। ਇਸ ਵਿੱਚ ਦਸ-ਪੰਦਰਾਂ ਪਾਤਰ ਹੁੰਦੇ ਹਨ। ਲੰਮੀ ਨਕਲ ਵਿੱਚ ਘਟਨਾ ਪ੍ਰਧਾਨ ਕਹਾਣੀ ਨੂੰ ਵੱਖ-ਵੱਖ ਝਾਕੀਆਂ ਵਿੱਚ ਪੇਸ਼ ਕੀਤਾ ਜਾਂਦਾ ਹੈ। ਇਸ ਦਾ ਸਮਾਂ ਤਿੰਨ ਘੰਟੇ ਤੱਕ ਹੋ ਸਕਦਾ ਹੈ। ਥਾਂ-ਥਾਂ ਹਾਸੇ ਦੇ ਮੌਕੇ ਪੈਦਾ ਕੀਤੇ ਹੁੰਦੇ ਹਨ।

ਲੰਮੀਆਂ ਨਕਲਾਂ ਨੂੰ ਖੇਡਣ ਲਈ ਬੇਸ਼ੱਕ ਪੂਰੀ ਟੋਲੀ ਦੀ ਲੋੜ ਹੁੰਦੀ ਹੈ ਪਰ ਮਹੱਤਵਪੂਰਨ ਪਾਤਰ ਦੋ ਹੀ ਹੁੰਦੇ ਹਨ। ਇਹਨਾਂ ਵਿੱਚੋਂ ਇੱਕ ਰੰਗਾ ਹੁੰਦਾ ਹੈ ਤੇ ਦੂਜਾ ਬਿਗਲਾ। ਰੰਗਾ ਸ਼ਬਦਾਂ ਦਾ ਮਹਿਲ ਉਸਾਰਦਾ ਹੈ ਅਤੇ ਬਿਗਲਾ ਲੱਤ ਮਾਰ ਕੇ ਉਸ ਨੂੰ ਢਾਹ ਦਿੰਦਾ ਹੈ। ਇਹਨਾਂ ਦੀ ਹੋਂਦ ਬਾਰੇ ਇੱਕ ਕਹਾਣੀ ਬੜੀ ਮਸ਼ਹੂਰ ਹੈ। ਕਿਸੇ ਪਿੰਡ ਵਿੱਚ ਇੱਕ ਰੰਗਾ ਨਾਮੀ ਮਰਾਸੀ ਰਹਿੰਦਾ ਸੀ ਜਿਹੜਾ ਸਾਜ਼-ਸੰਗੀਤ ਦਾ ਬਹੁਤ ਮਾਹਰ ਸੀ। ਉਹ ਕਿੱਸੇ-ਕਹਾਣੀਆਂ ਗਾ ਕੇ ਸੁਣਾਉਂਦਾ ਹੁੰਦਾ ਸੀ। ਉਸ ਦੀ ਅਵਾਜ਼ ਏਨੀ ਸੁਰੀਲੀ ਸੀ ਕਿ ਉਹ ਜਿੱਥੇ ਵੀ ਜਾਂਦਾ, ਸੈਂਕੜੇ ਲੋਕ ਇਕੱਠੇ ਹੋ ਜਾਂਦੇ। ਇਸ ਦਾ ਇੱਕ ਮਿੱਤਰ ਸੀ ਜੋ ਬੜਾ ਹਸਮੁਖ ਸੀ ਪਰ ਗਾਉਣਾ ਨਹੀਂ ਸੀ ਜਾਣਦਾ। ਜਦੋਂ ਰੰਗਾ ਕਥਾ-ਗਾਇਣ ਕਰਦਾ ਤਾਂ ਉਹ ਮੂੰਹ ਵਿਗਾੜ ਕੇ ਉਸ ਦੀ ਨਕਲ ਕਰਦਾ ਜਿਸ 'ਤੇ ਲੋਕ ਬਹੁਤ ਹੱਸਦੇ। ਉਸ ਦੇ ਵਿਗੜੇ ਮੂੰਹ 'ਤੇ ਲੋਕ ਉਸ ਨੂੰ ਬਿਗੜਾ ਕਹਿਣ ਲੱਗ ਪਏ ਜੋ ਹੌਲ਼ੀ-ਹੌਲ਼ੀ ਬਿਗਲੇ ਵਿੱਚ ਬਦਲ ਗਿਆ।

ਰੰਗਾ ਲੰਮੀ ਨਕਲ ਦਾ ਇੱਕ ਪ੍ਰਕਾਰ ਦਾ ਨਿਰਦੇਸ਼ਕ ਹੁੰਦਾ ਹੈ ਜਿਸ ਦੇ ਹੱਥ ਚਮੋਟਾ ਹੁੰਦਾ ਹੈ। ਬਹੁਤਾ ਸਿਆਣਾ ਨਕਲੀਆ ਰੰਗੇ ਦਾ ਪਾਰਟ ਕਰਦਾ ਹੈ। ਬਿਗਲਾ ਨਕਲਾਂ ਦਾ ਮਖੌਲੀਆ ਅਦਾਕਾਰ ਹੁੰਦਾ ਹੈ ਜਿਸ ਦੀ ਸ਼ਕਲ ਵੇਖ ਕੇ ਹਾਸਾ ਆ ਜਾਂਦਾ ਹੈ। ਇਸ ਤੋਂ ਇਲਾਵਾ ਕੁਝ ਹੋਰ ਅਦਾਕਾਰ ਵੀ ਹੁੰਦੇ ਹਨ ਜਿਨ੍ਹਾਂ ਵਿੱਚੋਂ ਕਈਆਂ ਨੂੰ ਇਸਤਰੀ ਬਣਨਾ ਪੈਂਦਾ ਹੈ, ਕਈਆਂ ਨੂੰ ਹੋਰ ਪਾਰਟ ਕਰਨੇ ਪੈਂਦੇ ਹਨ। ਇਹ ਪਾਰਟ ਨਾਚ ਨੱਚਣ ਵਾਲ਼ੇ ਕੁੜੀਆਂ ਬਣੇ ਮੁੰਡੇ ਹੀ ਕਰ ਲੈਂਦੇ ਹਨ। ਇਹਨਾਂ ਨੂੰ ਜ਼ਿਆਦਾ ਸਿੱਖਿਆ ਦੀ ਲੋੜ ਨਹੀਂ ਹੁੰਦੀ।

ਨਕਲਾਂ ਵਿੱਚ ਦਰਸ਼ਕਾਂ ਦੀ ਵੀ ਅਹਿਮ ਭੂਮਿਕਾ ਹੁੰਦੀ ਹੈ। ਅਦਾਕਾਰਾਂ ਤੇ ਦਰਸ਼ਕਾਂ ਦਾ ਆਪਸ ਵਿੱਚ ਬੜਾ ਗੂੜ੍ਹਾ ਸੰਬੰਧ ਹੁੰਦਾ ਹੈ। ਦਰਸ਼ਕ ਜਦ ਜੀਅ ਚਾਹਵੇ ਨਕਲਾਂ ਵਿੱਚ ਦਖ਼ਲ-ਅੰਦਾਜ਼ੀ ਕਰ ਸਕਦੇ ਹਨ। ਜਦੋਂ ਨਕਲੀਏ ਪਿੜ ਲਾਉਂਦੇ ਹਨ ਤਾਂ ਦਰਸ਼ਕ ਉਹਨਾਂ ਦੇ ਇਰਦ-ਗਿਰਦ ਜੁੜਨੇ ਸ਼ੁਰੂ ਹੋ ਜਾਂਦੇ ਹਨ। ਨਕਲੀਏ ਦੀ ਸੰਬੋਧਨੀ ਸ਼ੈਲੀ ਬਹੁ-ਪਸਾਰੀ ਹੁੰਦੀ ਹੈ। ਉਹ ਇੱਕੋ ਵੇਲ਼ੇ ਦਰਸ਼ਕਾਂ ਨੂੰ ਵੀ ਸੰਬੋਧਿਤ ਹੁੰਦਾ ਹੈ ਅਤੇ ਆਪਣੇ ਸਾਥੀਆਂ ਨੂੰ ਵੀ। ਇਸੇ ਕਰਕੇ ਨਕਲਾਂ ਵਿੱਚ ਦਰਸ਼ਕਾਂ ਦੀ ਮਾਨਸਿਕ ਹੀ ਨਹੀਂ ਸਰੀਰਿਕ ਸ਼ਮੂਲੀਅਤ ਵੀ ਹੁੰਦੀ ਹੈ। ਮੌਕੇ ਅਨੁਸਾਰ ਦਰਸ਼ਕਾਂ ਵਿੱਚੋਂ ਬੱਚਾ ਚੁੱਕ ਲੈਣਾ, ਨਿੱਕੇ ਮੁੰਡੇ ਨੂੰ ਮਖੌਲ, ਜਵਾਨ ਵੱਲ ਇਸ਼ਾਰਾ, ਆਮ ਵਿਧੀ ਹੈ। ਇਸ ਤਰ੍ਹਾਂ ਜਦ ਰੰਗਾ ਬਿਗਲੇ ਨੂੰ ਚਮੋਟਾ ਮਾਰਦਾ ਹੈ ਤਾਂ ਬਿਗਲਾ ਕਹਿੰਦਾ ਹੈ – 'ਨਾ ਮਾਰ ਓਏ'। ਰੰਗਾ ਪੁੱਛਦਾ ਹੈ, 'ਕਿਉਂ ?' ਬਿਗਲਾ ਇੱਕ ਨਿੱਕੇ ਮੁੰਡੇ ਵੱਲ ਇਸ਼ਾਰਾ ਕਰਕੇ ਆਖਦਾ ਹੈ : 'ਆਹ ਤੇਰਾ ਫੁੱਫੜ ਵੇਂਹਦਾ ਈ।' ਜਦੋਂ ਨਿੱਕੇ ਮੁੰਡੇ ਨੂੰ ਫੁੱਫੜ ਕਿਹਾ ਜਾਂਦਾ ਹੈ ਤਾਂ ਸਾਰੇ ਹੱਸਦੇ ਹਨ।

ਨਕਲਾਂ ਵਿੱਚ ਜਦ ਜੀਅ ਚਾਹਵੇ ਦਰਸ਼ਕ ਅਦਾਕਾਰਾਂ ਨੂੰ ਪੈਸੇ ਦੇ ਸਕਦੇ ਹਨ ਜਿਸ ਨੂੰ 'ਵੇਲ' ਕਿਹਾ ਜਾਂਦਾ ਹੈ। ਪੈਸੇ ਮਿਲ਼ਨ 'ਤੇ ਨਕਲੀਏ ਨਕਲ ਨੂੰ ਉੱਥੇ ਹੀ ਰੋਕ ਕੇ ਪੈਸੇ ਦੇਣ ਵਾਲ਼ੇ ਦੀ ਉੱਚੀ ਹੇਕ ਵਿੱਚ 'ਵੇਲ' ਕਰਦੇ ਹਨ। ਜੇਕਰ ਦਰਸ਼ਕ ਵੇਲ ਕਿਸੇ ਮਨ-ਮਰਜ਼ੀ ਦੇ ਪਾਤਰ ਨੂੰ ਦੇਣਾ ਚਾਹੁੰਦੇ ਹੋਣ ਤਾਂ ਨੋਟ ਦਿਖਾ ਕੇ ਉਸ ਨੂੰ ਕੋਲ਼ ਵੀ ਸੱਦ ਲੈਂਦੇ ਹਨ ਜਾਂ ਮੰਚ 'ਤੇ ਵੀ ਜਾ ਸਕਦੇ ਹਨ।

ਮੰਚ ਦੇ ਪੱਖ ਤੋਂ ਨਕਲਾਂ ਸਮੂਹਿਕ ਤੇ ਖੁੱਲ੍ਹੇ ਚਰਿੱਤਰ ਦੀਆਂ ਧਾਰਨੀ ਹਨ। ਇਹਨਾਂ ਦੀ ਪੇਸ਼ਕਾਰੀ ਖੁੱਲ੍ਹੇ ਅਖਾੜੇ ਵਿੱਚ ਲੋਕਾਂ ਲਈ ਹੁੰਦੀ ਹੈ। ਇਸ ਵਿੱਚ ਸਿਰਫ਼ ਸੰਕੇਤਿਕ ਤੇ ਲੁੜੀਂਦੀ ਸਮਗਰੀ ਹੀ ਵਰਤੀ ਜਾਂਦੀ ਹੈ, ਜਿਵੇਂ; ਚਮੋਟਾ ਤੇ ਛੋਟਾ ਜਿਹਾ ਤਬਲਾ ਜਿਸ ਨੂੰ ਖੱਬੇ ਹੱਥ ਵਿੱਚ ਫੜਿਆ ਜਾਂਦਾ ਹੈ। ਬਾਕੀ ਕੰਮ ਇਸ਼ਾਰਿਆਂ ਨਾਲ਼ ਹੀ ਸਾਰ ਲਿਆ ਜਾਂਦਾ ਹੈ। ਇੱਕੋ ਆਦਮੀ ਬਿਨਾਂ ਬਸਤਰ ਬਦਲਿਆਂ ਸਿਰ 'ਤੇ ਸਾਫ਼ਾ ਰੱਖ ਕੇ ਕੁੜੀ ਬਣ ਜਾਂਦਾ ਹੈ ਤੇ ਫਿਰ ਉਹੀ ਸਾਫ਼ਾ ਸਿਰ 'ਤੇ ਬੰਨ ਕੇ ਪਿਓ ਜਾਂ ਵਿਚੋਲਾ ਬਣ ਜਾਂਦਾ ਹੈ। ਇੱਕ ਵਾਰ ਬੋਲਣ ਨਾਲ਼ ਹੀ ਦ੍ਰਿਸ਼ ਬਦਲ ਜਾਂਦਾ ਹੈ। ਕੋਈ ਨਵੀਂ ਸਜਾਵਟ ਦਾ ਅਡੰਬਰ ਰਚਣ ਦੀ ਲੋੜ ਨਹੀਂ ਪੈਂਦੀ। ਦਰਸ਼ਕ ਇਸ ਨੂੰ ਸਹਿਜੇ ਹੀ ਸਮਝ ਲੈਂਦੇ ਹਨ। ਅਦਾਕਾਰ ਆਪਣੀ ਕਲਾ ਦੇ ਜੌਹਰ ਵਿਖਾ ਕੇ ਦਰਸ਼ਕਾਂ ਨੂੰ ਕੀਲਦਾ ਹੈ ਨਾਕਿ ਰੋਸ਼ਨੀਆਂ, ਵਸਤਾਂ ਤੇ ਹੋਰ ਬਣਾਉਟੀ ਤਕਨੀਕਾਂ ਰਾਹੀਂ।

ਨਕਲਾਂ ਖੇਡਣ ਲਈ ਤਿੰਨ ਪ੍ਰਕਾਰ ਦਾ ਪਿੜ ਵਰਤਿਆ ਜਾਂਦਾ ਹੈ—ਘੱਗਰੀ, ਤੀਰ ਕਮਾਨੀ ਅਤੇ ਦਰਖ਼ਤ ਵਾਲ਼ਾ ਥੜ੍ਹਾ। ਜਦੋਂ ਨਕਲੀਏ ਇੱਕ ਥਾਂ ਖਲੋ ਕੇ ਨਕਲਾਂ ਕਰਨ ਅਤੇ ਦਰਸ਼ਕ ਉਹਨਾਂ ਦੇ ਚਾਰ-ਚੁਫੇਰੇ ਗੋਲ਼ ਦਾਇਰੇ ਵਿੱਚ ਖਲੋ ਕੇ ਨਕਲਾਂ ਦੇਖਣ ਤਾਂ ਅਜਿਹੇ ਪਿੜ ਨੂੰ ਘੱਗਰੀ-ਪਿੜ ਕਿਹਾ ਜਾਂਦਾ ਹੈ। ਜਦੋਂ ਪਿਛਲੇ ਪਾਸੇ ਕਿਸੇ ਮਕਾਨ ਜਾਂ ਦਿਵਾਰ ਦਾ ਆਸਰਾ ਮਿਲ਼ ਜਾਵੇ ਤੇ ਉਸ ਪਾਸੇ ਕੋਈ ਦਰਸ਼ਕ ਨਾ ਆ ਸਕੇ ਤਾਂ ਇਹ ਤੀਰ-ਕਮਾਨੀ ਪਿੜ ਹੁੰਦਾ ਹੈ। ਕਦੇ-ਕਦੇ ਕਿਸੇ ਦਰਖ਼ਤ ਹੇਠਾਂ ਬਣਿਆ ਥੜ੍ਹਾ ਵੀ ਨਕਲਾਂ ਕਰਨ ਲਈ ਵਰਤ ਲਿਆ ਜਾਂਦਾ ਹੈ, ਜਿਸ 'ਤੇ ਲੋਕ ਹੇਠਾਂ ਖਲੋ ਕੇ ਨਕਲਾਂ ਦੇਖਦੇ ਹਨ।

ਪੰਜਾਬੀ ਸੱਭਿਆਚਾਰ ਅਨੁਸਾਰ ਨਕਲਾਂ ਤਿੰਨ ਸਮੇਂ ਖੇਡੀਆਂ ਜਾਂਦੀਆਂ ਹਨ। ਮੁੰਡਾ ਜੰਮਣ, ਮੁੰਡੇ ਦੇ ਵਿਆਹ ਅਤੇ ਮੇਲੇ-ਤਿਉਹਾਰ 'ਤੇ ਵਿਸ਼ੇਸ਼ ਅਖਾੜਾ ਲਗਵਾ ਕੇ। ਜਦੋਂ ਕਿਸੇ ਦੇ ਘਰ ਮੁੰਡੇ ਦਾ ਜਨਮ ਹੁੰਦਾ ਹੈ ਤਾਂ ਹਫ਼ਤੇ ਕੁ ਬਾਅਦ ਭੰਡ ਪਤਾ ਨਹੀਂ ਕਿੱਥੋਂ ਆ ਜਾਂਦੇ ਹਨ। ਅਜਿਹੇ ਮੌਕਿਆਂ 'ਤੇ ਇਹਨਾਂ ਨੂੰ ਬੁਲਾਉਣ ਦੀ ਲੋੜ ਨਹੀਂ ਪੈਂਦੀ ਕਿਉਂਕਿ ਇਹ ਆਪ ਹੀ ਸਾਰੇ ਇਲਾਕੇ ਵਿੱਚ ਇਸ ਤਰ੍ਹਾਂ ਦੀ ਖ਼ਬਰ ਰੱਖਦੇ ਹਨ। ਲੋਕ ਇਹਨਾਂ ਦੀ ਬੜੀ ਬੇਸਬਰੀ ਨਾਲ਼ ਉਡੀਕ ਕਰਦੇ ਹਨ ਕਿਉਂਕਿ ਇਸ ਸਮੇਂ ਹਰ ਇੱਕ ਨੂੰ ਖੁੱਲ੍ਹ ਕੇ ਹੱਸਣ ਦਾ ਮੌਕਾ ਮਿਲ਼ ਜਾਂਦਾ ਹੈ। ਇਸ ਲਈ ਭੰਡ ਜਦੋਂ ਅਜੇ ਘਰ ਤੋਂ ਦੂਰ ਹੀ ਹੁੰਦੇ ਹਨ ਤਾਂ ਬੱਚੇ ਰੌਲ਼ਾ ਪਾ ਦਿੰਦੇ ਹਨ, 'ਭੰਡ ਆ ਗਏ', 'ਭੰਡ ਆ ਗਏ'।

ਮੁੰਡਾ ਜੰਮਣ 'ਤੇ ਅਖਾੜਾ ਘਰ ਦੇ ਵਿਹੜੇ ਵਿੱਚ ਹੀ ਲੱਗਦਾ ਹੈ। ਭੰਡ ਘਰ ਦੇ ਦਰਵਾਜ਼ੇ ਤੋਂ ਹੀ ਤਬਲੇ 'ਤੇ ਜ਼ੋਰ-ਜ਼ੋਰ ਦੀ ਹੱਥ ਮਾਰ ਕੇ ਗਾਉਣ ਲੱਗ ਪੈਂਦੇ ਹਨ ਤਾਂਜੋ ਉਹਨਾਂ ਦੇ ਆਉਣ ਦਾ ਸਾਰਿਆਂ ਨੂੰ ਪਤਾ ਲੱਗ ਜਾਵੇ। ਹੌਲ਼ੀ-ਹੌਲ਼ੀ ਲੋਕ ਇਕੱਠੇ ਹੋਣੇ ਸ਼ੁਰੂ ਹੋ ਜਾਂਦੇ ਹਨ। ਸੁਆਣੀ ਨਵ-ਜੰਮੇ ਬੱਚੇ ਨੂੰ ਲੈ ਕੇ ਦਰਸ਼ਕਾਂ ਵਿੱਚ ਆਣ ਬੈਠਦੀ ਹੈ। ਆਂਢ-ਗੁਆਂਢ ਤੋਂ ਜ਼ਨਾਨੀਆਂ ਥਾਲ਼ੀਆਂ ਵਿੱਚ ਚੌਲ਼/ਆਟਾ, ਉੱਤੇ ਗੁੜ ਦੀ ਰੋੜੀ ਜਾਂ ਰੁਪਈਆ ਰੱਖ ਕੇ ਲਿਆਉਂਦੀਆਂ ਹਨ ਜਿਸ ਨੂੰ 'ਵੇਲ' ਕਿਹਾ ਜਾਂਦਾ ਹੈ। ਜਦੋਂ ਲੋਕ ਇਕੱਠੇ ਹੋ ਜਾਣ ਉਦੋਂ ਭੰਡ ਨਕਲਾਂ ਸ਼ੁਰੂ ਕਰ ਦਿੰਦੇ ਹਨ।

ਮੁੰਡੇ ਦੇ ਵਿਆਹ ਦੇ ਸਮੇਂ ਭਾਵੇਂ ਬਾਹਰ ਸਾਂਝੀ, ਖੁੱਲ੍ਹੀ ਥਾਂ ਵੀ ਪਿੜ ਲਾ ਲਿਆ ਜਾਂਦਾ ਹੈ ਪਰ ਬਹੁਤੀ ਵਾਰੀ ਇਹ ਪਿੜ ਘਰ ਦੇ ਵਿਹੜੇ ਵਿੱਚ ਹੀ ਲੱਗਦਾ ਹੈ। ਵਿਆਹ ਤੋਂ ਅਗਲੇ ਦਿਨ ਹੀ ਭੰਡ ਆ ਤਬਲਾ ਖੜਕਾਉਂਦੇ ਹਨ। ਰਿਸ਼ਤੇਦਾਰ ਅਜੇ ਘਰ ਹੀ ਹੁੰਦੇ ਹਨ ਜਿਸ ਕਰਕੇ ਕਾਫ਼ੀ ਰੌਣਕ ਹੋ ਜਾਂਦੀ ਹੈ। ਨਵੀਂ ਵਿਆਹੀ ਜੋੜੀ ਨੂੰ ਖ਼ਾਸ ਥਾਂ ਬਿਠਾਇਆ ਜਾਂਦਾ ਹੈ ਤਾਂਜੋ ਉਹਨਾਂ ਦਾ ਸਾਰਿਆਂ ਨੂੰ ਪਤਾ ਲੱਗ ਜਾਵੇ। ਨਕਲਾਂ ਦੌਰਾਨ ਲੋਕ ਵਧ-ਚੜ੍ਹ ਕੇ ਜੋੜੀ ਦੇ ਨਾਂ 'ਤੇ ਆਪਣੀ-ਆਪਣੀ ਰਿਸ਼ਤੇਦਾਰੀ ਜਤਾਉਣ

ਲਈ ਵੇਲਾਂ ਕਰਵਾਉਂਦੇ ਹਨ। ਜਦੋਂ ਨਕਲਾਂ ਖ਼ਤਮ ਹੋ ਜਾਂਦੀਆਂ ਹਨ ਤਾਂ ਮੁੰਡੇ ਦੀ ਮਾਂ ਥਾਲ਼ੀ ਵਿੱਚ ਬੂੰਦੀ ਪਾ ਕੇ ਉੱਤੇ ਵਿਤ ਅਨੁਸਾਰ ਪੈਸੇ ਧਰ ਲਿਆਉਂਦੀ ਹੈ ਜਿਨ੍ਹਾਂ ਨੂੰ ਭੰਡ ਬਿਨਾਂ ਹੀਲ-ਹੁੱਜਤ ਦੇ ਕਬੂਲ ਕਰ ਲੈਂਦੇ ਹਨ। ਕੁਝ ਇੱਕ ਭੰਡ ਅੜੀ ਵੀ ਕਰ ਬੈਠਦੇ ਹਨ ਜਿਸ ਅੱਗੇ ਘਰਦਿਆਂ ਨੂੰ ਗੋਡੇ ਟੇਕਣੇ ਪੈਂਦੇ ਹਨ।

ਤੀਜੀ ਪ੍ਰਕਾਰ ਦਾ ਅਖਾੜਾ ਖੁੱਲ੍ਹੇ ਮੰਡਪ ਵਿੱਚ ਲੱਗਦਾ ਹੈ। ਇਸ ਵਿੱਚ ਨਕਲੀਆਂ ਦੀ ਪੂਰੀ ਟੋਲੀ ਆਉਂਦੀ ਹੈ ਜੋ ਆਪਣੇ-ਆਪ ਨਹੀਂ ਸਾਈ ਦੇ ਕੇ ਬੁਲਾਈ ਜਾਂਦੀ ਹੈ। ਉਹ ਆਪਣੇ ਨਾਲ਼ ਪੂਜਾ ਦਾ ਸਾਜ਼-ਸਮਾਨ ਲੈ ਕੇ ਆਉਂਦੀ ਹੈ। ਸਾਰੇ ਲੋਕਾਂ ਨੂੰ ਇਸ ਬਾਰੇ ਪਹਿਲਾਂ ਹੀ ਸੂਚਿਤ ਕਰ ਦਿੱਤਾ ਜਾਂਦਾ ਹੈ। ਇਸ ਲਈ ਲੋਕ ਹੁੰਮ-ਹੁੰਮਾ ਕੇ ਪੁੱਜਦੇ ਹਨ। ਇਹੋ-ਜਿਹੇ ਪਿੜ ਬਹੁਤੀ ਵਾਰ ਪਿੰਡ ਦੇ ਸ਼ਾਹੂਕਾਰ/ਸਰਪੰਚ ਆਦਿ ਵੱਲੋਂ ਹੀ ਲਗਵਾਏ ਜਾਂਦੇ ਹਨ। ਕਦੀ-ਕਦੀ ਮੇਲੇ ਤਿਉਹਾਰ ਉੱਤੇ ਆਮ ਲੋਕ ਵੀ ਇਕੱਠੇ ਹੋ ਕੇ ਨਕਲੀਆਂ ਨੂੰ ਸੱਦ ਲੈਂਦੇ ਹਨ। ਬਹੁਤੀ ਵਾਰ ਇਹ ਅਖਾੜਾ ਰਾਤ ਨੂੰ ਲੱਗਦਾ ਹੈ। ਲੋਕ ਦਿਨੇ ਕੰਮ-ਧੰਦਾ ਮੁਕਾ ਲੈਂਦੇ ਹਨ ਤਾਂਜੋ ਰਾਤ ਨੂੰ ਬੇਫ਼ਿਕਰ ਹੋ ਕੇ ਨਕਲਾਂ ਦਾ ਅਨੰਦ ਮਾਣਿਆ ਜਾ ਸਕੇ। ਜਦੋਂ ਭੰਡ ਨਕਲਾਂ ਕਰ ਕੇ ਚਲੇ ਜਾਂਦੇ ਹਨ ਤਾਂ ਪਿੰਡ ਦਿਆਂ ਲੋਕਾਂ ਵਿੱਚ ਕਾਫ਼ੀ ਦਿਨ ਇਹਨਾਂ ਦੀਆਂ ਨਕਲਾਂ ਦੀ ਚਰਚਾ ਚੱਲਦੀ ਰਹਿੰਦੀ ਹੈ।

ਬੇਸ਼ੱਕ ਅੱਜ ਆਧੁਨਿਕ ਤਕਨਾਲੋਜੀ ਕਰਕੇ ਮਨੋਰੰਜਨ ਦੇ ਨਵੇਂ ਤੋਂ ਨਵੇਂ ਸਾਧਨ ਵਧ ਰਹੇ ਹਨ ਫਿਰ ਵੀ ਨਕਲਾਂ ਦੀ ਆਪਣੀ ਮਹੱਤਤਾ ਹੈ। ਇਸ ਕਰਕੇ ਜਦੋਂ ਕਿਤੇ ਨਕਲਾਂ ਪੈਂਦੀਆਂ ਹਨ ਤਾਂ ਲੋਕ ਬੜੀ ਦਿਲਚਸਪੀ ਨਾਲ਼ ਇਹਨਾਂ ਨੂੰ ਵੇਖਦੇ ਹਨ।

## ਪਾਠ-ਅਭਿਆਸ

1. **ਵਸਤੂਨਿਸ਼ਠ ਪ੍ਰਸ਼ਨ :**

(ੳ) 'ਪੰਜਾਬ ਦੀਆਂ ਲੋਕ-ਨਕਲਾਂ' ਪਾਠ ਦੇ ਆਧਾਰ 'ਤੇ ਦੱਸੋ ਕਿ ਲੋਕ ਲੋਕ-ਨਕਲਾਂ ਨੂੰ ਹੋਰ ਕੀ ਕਹਿੰਦੇ ਹਨ ?

(ਅ) ਨਕਲਾਂ ਕਰਨ ਵਾਲ਼ੇ ਕਲਾਕਾਰ ਨੂੰ ਕੀ ਕਿਹਾ ਜਾਂਦਾ ਹੈ ?

(ੲ) ਕੁਝ ਖੋਜੀਆਂ ਦਾ ਵਿਚਾਰ ਹੈ ਕਿ ਸੁਆਂਗੀ ਅਨਆਰੀਆ ਭਾਰਤੀ ਜਾਤੀ ਵਿੱਚੋਂ ਸਨ । (ਹਾਂ ਜਾਂ ਨਹੀਂ)

(ਸ) ਉਹ ਕਿਹੜੀ ਨਕਲ ਹੈ, ਜਿਸ ਨੂੰ ਦੋ ਹੀ ਕਲਾਕਾਰ ਖੇਡਦੇ ਹਨ ?

(ਹ) ਕਿਹੜੀਆਂ ਨਕਲਾਂ ਨੂੰ ਖੇਡਣ ਵਾਲ਼ੇ ਪਾਤਰ ਰੰਗਾ ਅਤੇ ਬਿਗਲਾ ਹੁੰਦੇ ਹਨ।

(ਕ) ਪੈਸੇ ਮਿਲ਼ਨ 'ਤੇ ਨਕਲ ਨੂੰ ਉੱਥੇ ਹੀ ਰੋਕ ਕੇ ਪੈਸੇ ਦੇਣ ਵਾਲ਼ੇ ਦੀ ਉੱਚੀ ਹੇਕ ਵਿੱਚ .................. ਕਰਦੇ ਹਨ। (ਖ਼ਾਲੀ ਥਾਂ ਭਰੋ)

(ਖ) ਪੰਜਾਬੀ ਸੱਭਿਆਚਾਰ ਅਨੁਸਾਰ ਨਕਲਾਂ ਮੁੱਖ ਤੌਰ 'ਤੇ ਕਿਹੜੇ-ਕਿਹੜੇ ਸਮੇਂ 'ਤੇ ਖੇਡੀਆਂ ਜਾਂਦੀਆਂ ਹਨ।

(ਗ) ਵਿਆਹ ਹੋਣ 'ਤੇ ਭੰਡ ਕਿਹੜੇ ਦਿਨ ਤਬਲਾ ਆ ਖੜਕਾਉਂਦੇ ਹਨ ?

(ਘ) ਕਦੀ-ਕਦੀ ਮੇਲੇ, ਤਿਉਹਾਰ ਉੱਤੇ ਕੌਣ ਲੋਕ ਇਕੱਠੇ ਹੋ ਕੇ ਨਕਲੀਆਂ ਨੂੰ ਸੱਦ ਲੈਂਦੇ ਹਨ ?

(ਙ) ਆਧੁਨਿਕ ਤਕਨਾਲੋਜੀ ਕਰਕੇ ਮਨੋਰੰਜਨ ਦੇ ਨਵੇਂ ਸਾਧਨ ਵਧਣ ਦੇ ਬਾਵਜੂਦ ਲੋਕ ਨਕਲੀਆਂ ਨੂੰ ਕਿਵੇਂ ਵੇਖਦੇ ਹਨ ?

2. **'ਪੰਜਾਬ ਦੀਆਂ ਨਕਲਾਂ' ਪਾਠ ਦੇ ਆਧਾਰ 'ਤੇ ਦੱਸੋ :**

(ੳ) ਪੰਜਾਬੀ ਨਕਲਾਂ ਤੋਂ ਕੀ ਭਾਵ ਹੈ ?

(ਅ) ਪੰਜਾਬ ਦੀਆਂ ਨਕਲਾਂ ਦੇ ਵਿਸ਼ੇਸ਼ ਲੱਛਣ ਕਿਹੜੇ ਹਨ ?

(ੲ) ਪੇਸ਼ਕਾਰੀ ਦੇ ਪੱਖੋਂ ਨਕਲਾਂ ਦੀਆਂ ਕਿਹੜੀਆਂ-ਕਿਹੜੀਆਂ ਕਿਸਮਾਂ ਹਨ ?

(ਸ) 'ਨਕਲਾਂ ਵਿੱਚ ਦਰਸ਼ਕਾਂ ਦੀ ਅਹਿਮ ਭੂਮਿਕਾ ਹੁੰਦੀ ਹੈ', ਦੱਸੋ ਕਿਵੇਂ ?

(ਹ) ਮੰਚ ਦੇ ਪੱਖ ਤੋਂ ਨਕਲਾਂ ਦੀਆਂ ਕੀ ਵਿਸ਼ੇਸ਼ਤਾਵਾਂ ਹਨ ?

(ਕ) ਨਕਲਾਂ ਖੇਡਣ ਲਈ ਕਿਹੋ-ਜਿਹੇ ਪਿੜਾਂ ਦੀ ਵਰਤੋਂ ਕੀਤੀ ਜਾਂਦੀ ਹੈ ?

(ਖ) ਪੰਜਾਬੀ ਸੱਭਿਆਚਾਰ ਵਿੱਚ ਨਕਲਾਂ ਦਾ ਕੀ ਮਹੱਤਵ ਹੈ ?

3. **'ਪੰਜਾਬ ਦੀਆਂ ਨਕਲਾਂ' ਪਾਠ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।**

ਲੇਖਕ ਬਾਰੇ

## ਡਾ. ਰਾਜਿੰਦਰਪਾਲ ਸਿੰਘ ਬਰਾੜ

(1963)

| | | |
|---|---|---|
| ਮਾਤਾ ਦਾ ਨਾਂ | : | ਸ੍ਰੀਮਤੀ ਪ੍ਰੀਤਮ ਕੌਰ |
| ਪਿਤਾ ਦਾ ਨਾਂ | : | ਸ੍ਰੀ ਕਰਨੈਲ ਸਿੰਘ |
| ਜਨਮ-ਮਿਤੀ | : | 26-11-1963 |
| ਜਨਮ-ਸਥਾਨ | : | ਕੋਟਕਪੂਰਾ (ਮੋਗਾ) ਫ਼ਰੀਦਕੋਟ |
| ਵਿੱਦਿਅਕ-ਯੋਗਤਾ | : | ਐੱਮ . ਏ., ਪੀ-ਐੱਚ. ਡੀ.। |
| ਕੰਮ-ਕਿੱਤਾ | : | ਅਧਿਆਪਨ |
| ਰਚਨਾਵਾਂ | : | ਭਾਰਤੀ ਦਰਸ਼ਨ, ਉੱਤਰ-ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਸੁਰਜੀਤ ਪਾਤਰ ਦੀ ਕਾਵਿ-ਸੰਵੇਦਨਾ, ਆਧੁਨਿਕ ਪੰਜਾਬੀ ਕਵਿਤਾ : ਪੁਨਰ ਚਿੰਤਨ ਆਦਿ। |

ਹਥਲੀ ਪਾਠ-ਪੁਸਤਕ ਵਿੱਚ ਉਹਨਾਂ ਦਾ ਲੇਖ 'ਪੰਜਾਬੀ ਸੱਭਿਆਚਾਰਿਕ ਪਰਿਵਰਤਨ' ਸ਼ਾਮਲ ਕੀਤਾ ਗਿਆ ਹੈ ਜਿਸ ਵਿੱਚ ਉਹਨਾਂ ਨੇ ਸਮੇਂ-ਸਮੇਂ 'ਤੇ ਆਈਆਂ ਸੱਭਿਆਚਾਰਿਕ ਤਬਦੀਲੀਆਂ ਦੇ ਵੱਖ-ਵੱਖ ਪਹਿਲੂਆਂ ਉੱਤੇ ਭਰਪੂਰ ਚਾਨਣਾ ਪਾਇਆ ਹੈ।

# ਪੰਜਾਬੀ ਸੱਭਿਆਚਾਰਿਕ ਪਰਿਵਰਤਨ

ਸੱਭਿਆਚਾਰ ਇੱਕ ਵਗਦਾ ਦਰਿਆ ਹੈ। ਇਸ ਵਿੱਚ ਪਰਿਵਰਤਨ ਆਉਂਦਾ ਰਹਿੰਦਾ ਹੈ। ਇਸ ਪਰਿਵਰਤਨ ਦੇ ਬਹੁਤ ਸਾਰੇ ਅੰਦਰਲੇ ਅਤੇ ਬਾਹਰਲੇ ਕਾਰਨ ਹੁੰਦੇ ਹਨ। ਸੱਭਿਆਚਾਰ ਜੀਵਨ-ਜਾਚ ਹੈ। ਜੀਵਨ-ਜਾਚ ਦੇ ਆਧਾਰ ਪੈਦਾਵਾਰੀ ਸਾਧਨਾਂ, ਸ਼ਕਤੀਆਂ ਅਤੇ ਤਕਨੀਕ ਦੇ ਬਦਲ ਜਾਣ ਨਾਲ਼ ਸੱਭਿਆਚਾਰ ਵੀ ਬਦਲ ਜਾਂਦਾ ਹੈ। ਕਈ ਵਾਰ ਸੱਭਿਆਚਾਰ ਦੂਸਰੇ ਸੱਭਿਆਚਾਰਾਂ ਦੇ ਪ੍ਰਭਾਵ ਅਧੀਨ ਵੀ ਤਬਦੀਲ ਹੋ ਜਾਂਦਾ ਹੈ। ਸੱਭਿਆਚਾਰ ਦਾ ਮਨੁੱਖੀ ਇਤਿਹਾਸ ਨਾਲ਼ ਗੂੜ੍ਹਾ ਸੰਬੰਧ ਹੁੰਦਾ ਹੈ ਅਤੇ ਇਸ ਦੀਆਂ ਪਰੰਪਰਾਵਾਂ ਬਣਨ ਵਿੱਚ ਸਦੀਆਂ ਲੱਗ ਜਾਂਦੀਆਂ ਹਨ। ਹਰ ਸੱਭਿਆਚਾਰ ਸਮੇਂ ਨਾਲ਼ ਵੇਲ਼ਾ ਵਿਹਾ ਚੁੱਕੇ ਰਸਮ-ਰਿਵਾਜ, ਵਿਸ਼ਵਾਸ, ਸੁਹਜ-ਸੁਆਦ ਅਤੇ ਕੰਮਾਂ-ਕਾਰਾਂ ਨੂੰ ਛੱਡਦਾ ਜਾਂਦਾ ਹੈ ਅਤੇ ਨਵੀਆਂ ਲੋੜਾਂ ਅਨੁਸਾਰ ਨਵੀਆਂ ਕਦਰਾਂ-ਕੀਮਤਾਂ ਨੂੰ ਉਸਾਰਦਾ ਹੋਇਆ ਨਵੀਆਂ ਕਲਾਵਾਂ ਦੀ ਸਿਰਜਣਾ ਕਰਦਾ ਰਹਿੰਦਾ ਹੈ। ਇਹ ਕੁਝ ਆਮ ਕਰਕੇ ਸਹਿਜ ਅਤੇ ਅਵਚੇਤਨੀ ਪੱਧਰ ਉੱਪਰ ਵਾਪਰਦਾ ਰਹਿੰਦਾ ਹੈ। ਉੱਤਰ-ਆਧੁਨਿਕ ਯੁੱਗ ਵਿੱਚ ਨਵੀਂ ਤਕਨੀਕ ਦੇ ਤੇਜ਼-ਤਰਾਰ ਆਵਾਜਾਈ ਅਤੇ ਸੰਚਾਰ-ਸਾਧਨ ਵਿਕਸਿਤ ਹੋ ਜਾਣ ਨਾਲ਼ ਸੱਭਿਆਚਾਰ ਵੀ ਤੇਜ਼ੀ ਨਾਲ਼ ਬਦਲ ਰਿਹਾ ਹੈ। ਇਸ ਤਬਦੀਲੀ ਪ੍ਰਤਿ ਮੁੱਖ ਤੌਰ 'ਤੇ ਦੋ ਤਰ੍ਹਾਂ ਦੇ ਵਿਚਾਰ ਸਾਮ੍ਹਣੇ ਆ ਰਹੇ ਹਨ। ਇੱਕ ਵਿਚਾਰ ਅਨੁਸਾਰ ਇਹ ਤਬਦੀਲੀਆਂ ਨਕਾਰਾਤਮਿਕ ਹਨ। ਦੂਸਰੇ ਵਿਚਾਰ ਅਨੁਸਾਰ ਨਵੀਆਂ ਤਬਦੀਲੀਆਂ ਸਾਕਾਰਾਤਮਿਕ ਹਨ। ਜਿੱਥੇ ਪਹਿਲੇ ਵਿਚਾਰ ਦੇ ਧਾਰਨੀ ਸਾਰੇ ਹੀ ਪੁਰਾਣੇ ਸੱਭਿਆਚਾਰ ਨੂੰ ਵਡਿਆਉਂਦੇ ਹਨ ਤੇ ਅਜੋਕੇ ਸੱਭਿਆਚਾਰ ਨੂੰ ਛੁਟਿਆਉਂਦੇ ਹਨ, ਉੱਥੇ ਨਵੇਂ ਸੱਭਿਆਚਾਰ ਦੇ ਪੱਖੀ ਕਈ ਵਾਰ ਆਪਣੇ ਵਿਰਸੇ ਨੂੰ ਵੀ ਭੁੱਲ ਜਾਂਦੇ ਹਨ। ਅਸਲ ਵਿੱਚ ਸਾਨੂੰ ਆਪਣੇ ਸੱਭਿਆਚਾਰ ਦੀਆਂ ਕਦਰਾਂ-ਕੀਮਤਾਂ, ਰੁਚੀਆਂ, ਕਲਾਵਾਂ ਅਤੇ ਕੰਮ-ਧੰਦਿਆਂ ਬਾਰੇ ਹਰ ਸਮੇਂ ਚਿੰਤਨ ਪੱਧਰ 'ਤੇ ਸੋਚ-ਵਿਚਾਰ ਕਰਦੇ ਰਹਿਣਾ ਚਾਹੀਦਾ ਹੈ।

ਖੇਤੀ-ਬਾੜੀ ਆਧਾਰਿਤ ਜਗੀਰਦਾਰੀ ਪ੍ਰਬੰਧ ਮਰਦਾਵਾਂ ਹੁੰਦਾ ਸੀ ਅਤੇ ਉਸ ਵਿੱਚ ਕੁੜੀ ਦੇ ਮੁਕਾਬਲੇ ਮੁੰਡੇ ਨੂੰ ਵੱਧ ਤਰਜੀਹ ਦਿੱਤੀ ਜਾਂਦੀ ਸੀ। ਪੁਰਾਣੇ ਪੰਜਾਬੀ ਸੱਭਿਆਚਾਰ ਦਾ ਸਾਰਾ ਹੀ ਕਾਰ-ਵਿਹਾਰ, ਰੰਗ-ਢੰਗ, ਗੀਤ-ਸੰਗੀਤ ਕੁੜੀਆਂ ਨੂੰ ਦਬਾਉਣ ਅਤੇ ਮੁੰਡਿਆਂ ਨੂੰ ਉਚਿਆਉਣ ਵਾਲ਼ਾ ਸੀ। ਭਾਰੂ ਪੰਜਾਬੀ ਸੱਭਿਆਚਾਰ ਵਿੱਚ ਔਰਤ ਨੂੰ ਪੈਰ ਦੀ ਜੁੱਤੀ ਹੀ ਸਮਝਿਆ ਜਾਂਦਾ ਰਿਹਾ। ਇਸੇ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਮੰਦਾ ਕਹਿਣ ਤੋਂ ਵਰਜਿਆ ਸੀ। ਆਧੁਨਿਕਤਾ ਦੇ ਆਉਣ ਨਾਲ਼ ਕੁੜੀਆਂ ਪੜ੍ਹਨ-ਲਿਖਣ ਲੱਗੀਆਂ, ਨੌਕਰੀ ਕਰਨ ਲੱਗੀਆਂ ਤੇ ਉਹਨਾਂ ਨੇ ਪਰਦੇ ਵਿੱਚ ਰਹਿਣ ਅਤੇ ਘੁੰਡ ਕੱਢ ਕੇ ਰੱਖਣ ਦੀ ਰੀਤ ਨੂੰ ਛੱਡ ਦਿੱਤਾ। ਹੌਲ਼ੀ-ਹੌਲ਼ੀ ਉਹ ਰਵਾਇਤੀ ਪੰਜਾਬੀ ਪਹਿਰਾਵਾ ਘੱਗਰਾ, ਕੁੜਤੀ, ਚਾਦਰ ਦੀ ਥਾਂਵੇਂ ਸਲਵਾਰ-ਕਮੀਜ਼, ਚੁੰਨੀ ਪਹਿਨਣ ਲੱਗੀਆਂ। ਪੱਛਮੀ ਪ੍ਰਭਾਵ ਅਧੀਨ ਕੁੜੀਆਂ ਹੌਲ਼ੀ-ਹੌਲ਼ੀ ਜੀਨ-ਟੌਪ ਤੇ ਸਕਰਟ-ਟੌਪ ਪਹਿਨਣ ਲੱਗੀਆਂ ਹਨ। ਬਿਨਾਂ ਸ਼ੱਕ ਇਹ ਕੇਵਲ ਪਹਿਰਾਵੇ ਦੀ ਤਬਦੀਲੀ ਨਹੀਂ ਹੈ। ਇਹ ਵਿਚਾਰਾਂ ਦੀ ਤਬਦੀਲੀ ਵੀ ਹੈ। ਅੱਜ ਅਸੀਂ ਕਿਸੇ ਨਵੀਂ ਵਿਆਹੀ ਕੁੜੀ ਤੋਂ ਇਹ ਆਸ ਨਹੀਂ ਰੱਖ ਸਕਦੇ ਕਿ ਆਪਣੇ ਹੀ ਸਹੁਰੇ ਪਰਿਵਾਰ ਦੇ ਜੀਆਂ ਤੋਂ ਘੁੰਡ ਕੱਢੇ। ਪਹਿਰਾਵਾ ਭਾਵੇਂ ਵਿਅਕਤੀਗਤ ਮਾਮਲਾ ਹੈ ਪਰ ਇਸ ਦੇ ਬਾਵਜੂਦ ਇਹ ਯੋਗ ਵੀ ਨਹੀਂ ਜਾਪਦਾ ਕਿ ਕੋਈ ਜਨਤਿਕ ਥਾਂਵਾਂ 'ਤੇ ਅੱਧ-ਨੰਗਾ ਭੜਕਾਊ ਪਹਿਰਾਵਾ ਪਹਿਨੇ। ਅੱਜ ਪੰਜਾਬੀ ਸਮਾਜ ਵਿੱਚ ਲਹਿੰਗਾ-ਚੋਲ਼ੀ ਲੜਕੀ ਦੇ ਵਿਆਹ ਦੀ ਪ੍ਰਵਾਨਿਤ ਪੁਸ਼ਾਕ ਬਣਦੀ ਜਾ ਰਹੀ ਹੈ। ਆਮ ਕੰਮ-ਕਾਰ ਅਤੇ ਪਰਿਵਾਰਿਕ ਸਮਾਗਮਾਂ ਵਿੱਚ ਲੜਕੀਆਂ ਸਲਵਾਰ-ਕਮੀਜ਼ ਪਹਿਨਦੀਆਂ ਹਨ। ਵਿਦਿਆਰਥੀ-ਜੀਵਨ ਸਮੇਂ ਅਤੇ ਕੁਝ ਘਰਾਂ ਵਿੱਚ ਆਮ ਹਾਲਤਾਂ ਵਿੱਚ ਸੌਖੇ ਰਹਿਣ ਲਈ ਕੈਪਰੀਆਂ, ਹਾਫ਼ ਪੈਂਟ, ਬਰਮੂਡੇ, ਸਕਰਟਾਂ ਆਦਿ ਵੀ ਪਹਿਨੀਆਂ ਜਾਂਦੀਆਂ ਹਨ। ਸਾਨੂੰ ਜਿੱਥੇ ਨਵੀਂ ਪੀੜ੍ਹੀ ਦੀ ਇਸ ਪਹਿਰਾਵਾ-ਤਬਦੀਲੀ ਨੂੰ ਪ੍ਰਵਾਨ ਕਰਨ ਦੀ ਜ਼ਰੂਰਤ ਹੈ, ਉੱਥੇ ਆਪਣੇ ਰਵਾਇਤੀ ਪਹਿਰਾਵੇ

ਨੂੰ ਵੀ ਉਤਸ਼ਾਹਿਤ ਕਰਨ ਦੀ ਲੋੜ ਹੈ ਪਰ ਰਵਾਇਤੀ ਪਹਿਰਾਵੇ ਦੇ ਨਾਂ 'ਤੇ ਕਿਸੇ ਵਿਅਕਤੀ ਦੇ ਜੀਵਨ-ਹੱਕ 'ਤੇ ਰੋਕ ਲਾਉਣੀ ਵੀ ਗ਼ਲਤ ਹੈ। ਇਹ ਗੱਲ ਮੁੰਡਿਆਂ ਦੇ ਪਹਿਰਾਵੇ 'ਤੇ ਵੀ ਲਾਗੂ ਹੋਣੀ ਚਾਹੀਦੀ ਹੈ। ਅਜੋਕੀ ਤਬਦੀਲੀ ਵਿੱਚ ਮੰਡੀ ਦਾ ਵੱਡਾ ਯੋਗਦਾਨ ਹੈ ਕਿ ਬਜ਼ਾਰ ਵਿੱਚ ਵਿਦੇਸ਼ੀ ਰੈਡੀਮੇਡ ਕੱਪੜਿਆਂ ਦੀ ਭਰਮਾਰ ਹੈ ਅਤੇ ਪੰਜਾਬੀ ਕੱਪੜੇ ਘੱਟ ਮਿਲ਼ਦੇ ਹਨ। ਸਾਡੇ ਪੁਸ਼ਾਕ-ਨਿਰਮਾਤਾਵਾਂ ਨੂੰ ਸਾਡੇ ਸੁਹਜ-ਸੁਆਦਾਂ ਅਨੁਸਾਰ ਚੰਗੀਆਂ ਦੇਸੀ ਪੁਸ਼ਾਕਾਂ ਮਾਰਕੀਟ ਵਿੱਚ ਲਿਆਉਣੀਆਂ ਚਾਹੀਦੀਆਂ ਹਨ। ਅੱਜ ਮੰਡੀ ਦੇ ਯੁੱਗ ਵਿੱਚ ਵੱਡੀ ਜ਼ਿੰਮੇਵਾਰੀ ਸਾਡੇ ਫ਼ਿਲਮੀ ਸਿਤਾਰਿਆਂ, ਵੱਡੇ ਖਿਡਾਰੀਆਂ ਅਤੇ ਕਲਾਕਾਰਾਂ ਦੇ ਨਾਲ਼-ਨਾਲ਼ ਕਾਰਖ਼ਾਨੇਦਾਰਾਂ ਦੀ ਵੀ ਬਣ ਜਾਂਦੀ ਹੈ ਕਿ ਉਹ ਖ਼ੁਦ ਕੀ ਪਹਿਨਦੇ ਹਨ ਅਤੇ ਕਿਸ ਨੂੰ ਉਤਸ਼ਾਹਿਤ ਕਰਦੇ ਹਨ ?

ਪੰਜਾਬੀ ਸੱਭਿਆਚਾਰ ਵਿੱਚ ਪਿਛਲੇ ਕੁਝ ਦਹਾਕਿਆਂ ਤੋਂ ਖਾਣ-ਪੀਣ ਵਿੱਚ ਬਹੁਤ ਤਬਦੀਲੀ ਆਈ ਹੈ। ਪੰਜਾਬ ਦਾ ਰਵਾਇਤੀ ਖਾਣਾ ਦਾਲ, ਸਬਜ਼ੀ, ਸਾਗ, ਰੋਟੀ, ਖੀਰ-ਕੜਾਹ, ਮਿੱਠੇ ਚੌਲ਼ ਅਤੇ ਮਿਠਿਆਈਆਂ ਵਿੱਚੋਂ ਲੱਡੂ, ਜਲੇਬੀਆਂ, ਸ਼ੱਕਰਪਾਰੇ, ਪੀਣ ਵਾਲ਼ੇ ਪਦਾਰਥਾਂ ਵਿੱਚ, ਲੱਸੀ, ਸ਼ਕੰਜਵੀ, ਸ਼ਰਬਤ, ਠੰਢਿਆਈ, ਸੱਤੂ ਆਦਿ ਦੀ ਥਾਂਵੇਂ ਪੀਜ਼ਾ, ਬਰਗਰ, ਹੌਟ-ਡੌਗ, ਚਾਕਲੇਟ, ਟਾਫ਼ੀਆਂ, ਕੋਲਡ- ਡ੍ਰਿੰਕਸ ਆਦਿ ਦੀ ਵਰਤੋਂ ਵਧੀ ਹੈ। ਅਸਲ ਵਿੱਚ ਤਾਂ ਜਦੋਂ ਵੀ ਦੋ ਸੱਭਿਆਚਾਰਾਂ ਦੇ ਲੋਕ ਆਪਸ ਵਿੱਚ ਮਿਲ਼ਦੇ ਹਨ ਤਾਂ ਉਹਨਾਂ ਦਾ ਖਾਣ-ਪੀਣ ਸਾਂਝਾ ਹੋ ਜਾਂਦਾ ਹੈ। ਪੰਜਾਬ ਵਿੱਚ ਪਹਿਲਾਂ ਵੀ ਮਾਸ ਪਕਾਉਣ ਦੇ ਬਹੁਤੇ ਤਰੀਕੇ ਮੁਗ਼ਲਾਂ ਦੇ ਨਾਲ਼ ਹੀ ਆਏ ਸਨ। ਰਸਗੁੱਲਾ ਬੰਗਾਲ ਤੋਂ ਆਇਆ, ਢੋਕਲਾ ਗੁਜਰਾਤ ਤੋਂ ਅਤੇ ਡੋਸਾ, ਸਾਂਬਰ, ਇਡਲੀ ਆਦਿ ਦੱਖਣ ਤੋਂ ਆਏ। ਇਹ ਦੁਨੀਆ ਜਦੋਂ ਇੱਕ ਪਿੰਡ ਬਣਨ ਜਾ ਰਹੀ ਹੈ ਤਾਂ ਸਾਰੇ ਤਰ੍ਹਾਂ ਦੇ ਖਾਣੇ ਸਾਰੀ ਦੁਨੀਆ ਵਿੱਚ ਹੀ ਮਿਲ਼ਨੇ ਹਨ ਅਤੇ 'ਵਾਰਿਸ ਸ਼ਾਹ ਮੀਆਂ ਗੰਨਾ ਜੱਗ ਸਾਰਾ, ਮਜ਼ੇ ਵੱਖ ਨੇ ਪੋਰੀਆਂ ਪੋਰੀਆਂ ਦੇ' ਅਨੁਸਾਰ ਪੰਜਾਬੀਆਂ ਨੇ ਵੀ ਦੂਸਰਿਆਂ ਦੇ ਖਾਣਿਆਂ ਦਾ ਲੁਤਫ਼ ਲੈਣਾ ਹੈ। ਵਿਚਾਰਨ ਵਾਲ਼ੀ ਗੱਲ ਸਿਰਫ਼ ਏਨੀ ਹੈ ਕਿ ਸਾਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਪੰਜਾਬੀ ਖਾਣਿਆਂ ਦੀ ਥਾਂ ਬਣਾਈ ਰੱਖਣੀ ਚਾਹੀਦੀ ਹੈ। ਇਹ ਵਿਗਿਆਨਿਕ ਤੌਰ 'ਤੇ ਜ਼ਰੂਰੀ ਹੈ ਕਿਉਂਕਿ ਹਰ ਇਲਾਕੇ ਵਿੱਚ ਪੈਦਾ ਹੋਣ ਵਾਲ਼ੀ ਖਾਧ-ਖ਼ੁਰਾਕ ਅਤੇ ਉਸ ਨੂੰ ਬਣਾਉਣ ਦਾ ਢੰਗ, ਉੱਥੋਂ ਦੇ ਵਾਤਾਵਰਨ ਅਨੁਸਾਰ ਢਲ਼ਿਆ ਹੁੰਦਾ ਹੈ। ਸਾਡੇ ਰਵਾਇਤੀ ਖਾਣੇ ਖ਼ੁਰਾਕੀ ਤੱਤਾਂ ਦੇ ਮਾਮਲੇ ਵਿੱਚ ਚੰਗੇ ਅਤੇ ਸਸਤੇ ਹਨ ਜਦੋਂਕਿ ਬਹੁਤੇ ਨਵੇਂ ਖਾਣੇ ਸਿਹਤ ਲਈ ਮਾੜੇ ਅਤੇ ਮਹਿੰਗੇ ਹਨ। ਬਿਨਾਂ ਸ਼ੱਕ ਸਾਡੇ ਪੁਰਾਣੇ ਖਾਣੇ ਘਰਾਂ ਵਿੱਚ ਜਾਂ ਘਰਾਂ ਦੇ ਨੇੜੇ ਵਿਸ਼ੇਸ਼ ਪਕਾਵੇ ਬਣਾਉਂਦੇ ਸਨ। ਜਦੋਂਕਿ ਨਵੇਂ ਢੰਗ ਦਾ ਬਹੁਤਾ ਖਾਣਾ ਡੱਬੇਬੰਦ ਹੁੰਦਾ ਹੈ ਤੇ ਇਸ ਨੂੰ ਜ਼ਿਆਦਾ ਚਿਰ ਸਾਂਭਣ ਲਈ ਇਸ ਵਿੱਚ ਅਜਿਹੇ ਪਦਾਰਥ ਪਾਉਣੇ ਪੈਂਦੇ ਹਨ ਜਿਹੜੇ ਮਨੁੱਖੀ ਸਿਹਤ ਲਈ ਚੰਗੇ ਨਹੀਂ ਹੁੰਦੇ। ਬਿਨਾਂ ਸ਼ੱਕ ਅੱਜ ਪੰਜਾਬੀ ਸੱਭਿਆਚਾਰ ਦੀ ਪਛਾਣ ਬਣ ਚੁੱਕੇ ਕੁਝ ਖਾਣੇ, ਜਿਵੇਂ; ਪਰੌਂਠਾ, ਚੂਰੀ, ਸਮੋਸਾ, ਸਾਗ, ਮੱਕੀ ਦੀ ਰੋਟੀ ਦੁਨੀਆ ਭਰ ਵਿੱਚ ਪ੍ਰਸਿੱਧ ਹੋ ਚੁੱਕੇ ਹਨ। ਸਾਨੂੰ ਆਪਣੇ ਸੱਭਿਆਚਾਰ ਦੇ ਰਵਾਇਤੀ ਖਾਣਿਆਂ ਨੂੰ ਤਰਜੀਹ ਦੇਣੀ ਚਾਹੀਦੀ ਹੈ। ਖ਼ੁਰਾਕੀ ਤੱਤਾਂ ਦੇ ਪੱਖੋਂ ਇਹ ਗੱਲ ਦਾਅਵੇ ਨਾਲ਼ ਕਹੀ ਜਾ ਸਕਦੀ ਹੈ ਕਿ ਕਿਸੇ ਵੀ ਕੰਪਨੀ ਦੇ ਠੰਢਿਆਂ ਨਾਲ਼ੋਂ ਲੱਸੀ ਅਤੇ ਸ਼ਕੰਜਵੀ ਕਿਤੇ ਵੱਧ ਮੁਫ਼ੀਦ ਹਨ। ਤਾਜ਼ਾ ਗੰਨੇ ਦੇ ਰਸ ਦਾ ਮੁਕਾਬਲਾ ਡੱਬੇਬੰਦ ਜੂਸ ਕਰ ਹੀ ਨਹੀਂ ਸਕਦਾ। ਸਾਨੂੰ ਆਪਣੇ ਸਥਾਨਿਕ ਪੀਣ-ਪਦਾਰਥਾਂ ਨੂੰ ਉਤਸ਼ਾਹਿਤ ਕਰਨ ਦੀ ਜ਼ਰੂਰਤ ਹੈ। ਇਹ ਕੇਵਲ ਸੱਭਿਆਚਾਰ ਦੀ ਰਾਖੀ ਲਈ ਹੀ ਜ਼ਰੂਰੀ ਨਹੀਂ, ਇਹ ਪੰਜਾਬ ਦੇ ਅਰਥਚਾਰੇ ਲਈ ਵੀ ਜ਼ਰੂਰੀ ਹੈ।

ਕੁਝ ਸਮੇਂ ਤੋਂ ਪੰਜਾਬੀ ਭਾਈਚਾਰੇ ਅੰਦਰ ਸ਼ਰਾਬ ਅਤੇ ਹੋਰ ਨਸ਼ਿਆਂ ਦੀ ਵਰਤੋਂ ਵਧੀ ਹੈ। ਇਹ ਪੰਜਾਬੀ ਸੱਭਿਆਚਾਰ 'ਤੇ ਵੱਡਾ ਧੱਬਾ ਹੈ। ਪਹਿਲਾਂ ਸ਼ਰਾਬ ਅਮੀਰਾਂ ਦੀ ਅੱਯਾਸ਼ੀ ਦਾ ਚਿੰਨ੍ਹ ਮੰਨੀ ਜਾਂਦੀ ਸੀ। ਆਮ ਆਦਮੀ ਕਦੇ ਵਿਆਹ-ਸ਼ਾਦੀ ਜਾਂ ਮੇਲੇ-ਤਿਉਹਾਰ ਸਮੇਂ ਇਸ ਦੀ ਵਰਤੋਂ ਕਰ ਲੈਂਦਾ ਸੀ ਪਰ ਅੱਜ ਸ਼ਰਾਬ ਦੀ ਖਪਤ ਜਿੰਨੀ ਵਧ ਗਈ ਹੈ ਅਤੇ ਇਸ ਨੂੰ ਬੁਰਾਈ ਦੀ ਥਾਂਵੇਂ ਸੱਭਿਆਚਾਰਿਕ ਦਿਖਾਵੇ ਵਜੋਂ ਜਿਵੇਂ ਵਰਤਾਇਆ ਜਾ ਰਿਹਾ ਹੈ ਅਤੇ ਪੰਜਾਬੀ ਗੀਤ-ਸੰਗੀਤ ਵਿੱਚ ਇਸ ਨੂੰ ਉਚਿਆਇਆ ਜਾ ਰਿਹਾ ਹੈ, ਉਹ ਸੱਚ-ਮੁੱਚ ਚਿੰਤਾ ਦਾ ਵਿਸ਼ਾ ਹੈ। ਇਹ ਨਸ਼ੇ ਸਰੀਰ ਲਈ ਨੁਕਸਾਨਦੇਹ ਹਨ। ਬੰਦਿਆਂ ਨੂੰ ਮਾਨਸਿਕ ਤੌਰ 'ਤੇ ਅਪਾਹਜ ਬਣਾਉਂਦੇ ਹਨ ਤੇ ਉਹਨਾਂ ਨੂੰ ਆਰਥਿਕ ਤੌਰ 'ਤੇ ਢਾਹ ਵੀ ਲਾਉਂਦੇ ਹਨ। ਅੱਜ ਨਸ਼ੇ ਪੰਜਾਬ ਦੀ ਜਵਾਨੀ ਨੂੰ ਖਾ ਰਹੇ ਹਨ। ਇਹ ਸਾਡੇ ਸੱਭਿਆਚਾਰ ਦਾ ਇੱਕ ਬਹੁਤ ਹੀ ਮਾੜਾ ਪੱਖ ਹੈ। ਪੰਜਾਬ ਨੂੰ ਨਸ਼ਾ-ਮੁਕਤ ਕਰਨ ਲਈ ਸਖ਼ਤ ਕਨੂੰਨ ਬਣਾਉਣ ਦੀ ਜ਼ਰੂਰਤ ਹੈ।

ਪਿਛਲੇ ਕੁਝ ਸਮਿਆਂ ਵਿੱਚ ਦੋ ਹੋਰ ਵੱਡੀਆਂ ਤਬਦੀਲੀਆਂ ਵਾਪਰੀਆਂ ਹਨ। ਪਿੰਡਾਂ ਦੀ ਬਜਾਏ ਸ਼ਹਿਰਾਂ ਵਿੱਚ ਵੱਸਣ ਦਾ ਰੁਝਾਨ ਵਧਿਆ ਹੈ ਅਤੇ ਵੱਡੇ ਸਾਂਝੇ ਪਰਿਵਾਰਾਂ ਦੀ ਥਾਂਵੇਂ ਛੋਟੇ ਜੋੜਾ-ਪਰਿਵਾਰ ਵਧ ਰਹੇ ਹਨ। ਇਸ ਦਾ ਕਾਰਨ ਨੌਕਰੀਆਂ ਵਿੱਚ ਵਾਧਾ ਅਤੇ ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਵਿੱਚ ਸਹੂਲਤਾਂ ਦਾ ਘੱਟ ਹੋਣਾ ਹੈ। ਇਹਨਾਂ ਦੋ ਰੁਝਾਨਾਂ ਨੇ ਰਵਾਇਤੀ ਪੰਜਾਬੀ ਸੱਭਿਆਚਾਰ ਨੂੰ ਢਾਹ ਲਾਈ ਹੈ। ਬਹੁਤ ਸਾਰੇ ਤਿਉਹਾਰ, ਜਿਵੇਂ; ਤੀਆਂ, ਲੋਹੜੀ, ਸਾਂਝੀ ਇਸ ਰੂਪ ਵਿੱਚ ਬਦਲ ਗਏ ਹਨ ਕਿ ਇਹ ਹੁਣ ਪੰਜਾਬੀ ਤਿਉਹਾਰ ਹੀ ਨਹੀਂ ਲੱਗਦੇ। ਉਦਾਹਰਨ ਵਜੋਂ ਪਿੰਡਾਂ ਵਿੱਚ ਸਾਉਣ ਮਹੀਨੇ ਪੂਰਾ ਪੰਦਰਵਾੜਾ ਲੱਗਣ ਵਾਲ਼ੀਆਂ ਤੀਆਂ ਵਿਆਹੀਆਂ ਕੁੜੀਆਂ ਦੇ ਮੁੜ ਮਿਲ਼ਨ ਦਾ ਸਾਧਨ, ਨਵੀਆਂ ਕੁੜੀਆਂ ਲਈ ਗਿੱਧਾ ਸਿੱਖਣ ਦੀ ਵਰਕਸ਼ਾਪ ਸੀ ਜਦੋਂਕਿ ਆਧੁਨਿਕ ਕਲੱਬਾਂ, ਦਫ਼ਤਰਾਂ ਵਿੱਚ ਲੱਗਣ ਵਾਲ਼ੀਆਂ ਤੀਆਂ, ਇੱਕ-ਦਿਨੀ, ਦੋ ਘੰਟੇ ਵਾਲ਼ੀਆਂ ਤੀਆਂ ਮੁੱਖ ਅਫ਼ਸਰ ਦੀ ਪਤਨੀ ਨੂੰ ਪੀਂਘ 'ਤੇ ਬਿਠਾ ਕੇ ਫੋਟੋ ਛਪਵਾਉਣ ਤੱਕ ਸੀਮਿਤ ਹੋ ਗਈਆਂ ਹਨ। ਵੱਧ ਤੋਂ ਵੱਧ ਇਸ ਮੌਕੇ ਲਾਏ ਸਟਾਲਾਂ ਤੋਂ ਖਾਣ-ਪੀਣ ਦੀਆਂ ਵਸਤਾਂ ਮੁੱਲ ਮਿਲ਼ ਸਕਦੀਆਂ ਹਨ। ਰਵਾਇਤੀ ਭਾਈਚਾਰਿਕ ਸਾਂਝ ਅਤੇ ਬਰਾਬਰਤਾ ਦੇ ਤਿਉਹਾਰ, ਆਧੁਨਿਕ ਖਪਤਕਾਰੀ ਯੁੱਗ ਵਿੱਚ ਚਾਪਲੂਸੀ ਦੇ ਸਾਧਨ ਬਣ ਰਹੇ ਹਨ। ਸਾਡੇ ਰਵਾਇਤੀ ਤਿਉਹਾਰਾਂ ਨੂੰ ਬਚਾਉਣ ਦੀ ਜ਼ਰੂਰਤ ਹੈ ਪਰ ਇਹਨਾਂ ਵਿਚਲੀ ਰਵਾਇਤੀ ਖ਼ੁਸ਼ਬੋ ਵੀ ਬਰਕਰਾਰ ਰਹਿਣੀ ਚਾਹੀਦੀ ਹੈ।

ਨੌਕਰੀ-ਪੇਸ਼ਾ ਸਮਾਜ ਵਿੱਚ ਅਬਾਦੀ ਦੇ ਵਾਧੇ ਨੂੰ ਠੱਲ੍ਹ ਪਾਉਣ ਲਈ ਛੋਟੇ ਪਰਿਵਾਰ ਪੈਦਾ ਹੋਣੇ ਸੁਭਾਵਿਕ ਹਨ। ਸੰਯੁਕਤ ਪਰਿਵਾਰਾਂ ਵਿੱਚ ਆਪਣੇ ਢੰਗ ਦੀਆਂ ਸਮੱਸਿਆਵਾਂ ਸਨ ਅਤੇ ਉਹਨਾਂ ਵਿੱਚ ਵਿਅਕਤੀਗਤ ਅਜ਼ਾਦੀ ਲਈ ਬਿਲਕੁਲ ਥਾਂ ਨਹੀਂ ਸੀ। ਆਧੁਨਿਕ ਜੋੜਾ-ਪਰਿਵਾਰਾਂ ਵਿੱਚ ਵਿਅਕਤੀਗਤ ਅਜ਼ਾਦੀ ਤਾਂ ਹੈ ਪਰ ਦੁੱਖ-ਸੁੱਖ ਦੀ ਸਾਂਝ ਨਾਂ-ਮਾਤਰ ਹੈ। ਨਵੀਂ ਪੀੜ੍ਹੀ ਨੇ ਆਪਣੇ ਸੱਭਿਆਚਾਰਿਕ ਸੰਸਕਾਰ ਪੁਰਾਣੀ ਪੀੜ੍ਹੀ ਤੋਂ ਪ੍ਰਾਪਤ ਕਰਨੇ ਹੁੰਦੇ ਹਨ। ਜੇ ਘਰ ਵਿੱਚ ਬਜ਼ੁਰਗ ਹੀ ਨਹੀਂ ਹਨ ਤਾਂ ਲੋਕ-ਧਾਰਾ ਦਾ ਖ਼ਜ਼ਾਨਾ ਅੱਗੇ ਨਹੀਂ ਤੁਰਨਾ। ਬਿਨਾਂ ਸ਼ੱਕ ਬਦਲੀ ਪਰਿਸਥਿਤੀ ਵਿੱਚ ਰਵਾਇਤੀ ਕਿਸਮ ਦੇ ਸੰਯੁਕਤ ਵੱਡੇ ਪਰਿਵਾਰ ਤਾਂ ਸੰਭਵ ਹੀ ਨਹੀਂ ਹਨ ਪਰ ਜੋੜਾ-ਪਰਿਵਾਰ ਵਿੱਚ ਮਾਪਿਆਂ ਨੂੰ ਨਾਲ਼ ਰੱਖ ਕੇ ਛੋਟੇ ਤੇ ਵੱਡੇ ਪਰਿਵਾਰ ਦਾ ਵਿਚਕਾਰਲਾ ਰੂਪ ਰੱਖਿਆ ਜਾ ਸਕਦਾ ਹੈ। ਇਹ ਪੁੰਨ ਤੇ ਫਲ਼ੀਆਂ ਵਾਲ਼ੀ ਗੱਲ ਹੈ। ਮਾਪਿਆਂ ਪ੍ਰਤਿ ਫ਼ਰਜ਼ ਵੀ ਅਦਾ ਹੋ ਸਕਦਾ ਹੈ ਤੇ ਨਵੀਂ ਪੀੜ੍ਹੀ ਲਈ ਬਜ਼ੁਰਗ ਰਾਹ-ਦਰਸਾਵਾ ਵੀ ਹੋ ਸਕਦੇ ਹਨ। 'ਓਲਡ ਏਜ ਹੋਮ' ਪੰਜਾਬੀ ਸੱਥ ਦਾ ਬਦਲ ਨਹੀਂ ਬਣਨ ਲੱਗੇ। ਸਾਨੂੰ ਨਵੀਆਂ ਪਰਿਸਥਿਤੀਆਂ ਅਨੁਸਾਰ ਨਵੇਂ ਸੱਭਿਆਚਾਰਿਕ ਮਾਪ-ਦੰਡ ਸਿਰਜਣੇ ਪੈਣੇ ਹਨ।

ਇਸੇ ਸਮੇਂ ਪੰਜਾਬੀਆਂ ਵਿੱਚ ਵਿਦੇਸ਼ ਜਾਣ ਦਾ ਰੁਝਾਨ ਵਧਿਆ ਹੈ। ਅੱਜ ਜਦੋਂ ਦੁਨੀਆਂ ਇੱਕ ਹੋ ਰਹੀ ਹੈ ਤਾਂ ਇਹ ਕੋਈ ਮਾੜੀ ਗੱਲ ਵੀ ਨਹੀਂ ਹੈ। ਸਮੱਸਿਆ ਉਸ ਸਮੇਂ ਪੈਦਾ ਹੁੰਦੀ ਹੈ ਜਦੋਂ ਵਿਅਕਤੀ ਬਿਨਾਂ ਸੋਚੇ-ਸਮਝੇ, ਬਿਨਾਂ ਕਿਸੇ ਪੜ੍ਹਾਈ-ਸਿਖਲਾਈ ਦੇ ਅੰਨ੍ਹੇਵਾਹ ਲੱਖਾਂ ਰੁਪਏ ਖ਼ਰਚ ਕੇ ਗ਼ੈਰਕਨੂੰਨੀ ਢੰਗ ਨਾਲ਼ ਇਹ ਸੋਚ ਕੇ ਵਿਦੇਸ਼ ਚਲੇ ਜਾਂਦੇ ਹਨ, ਕਿ ਸ਼ਾਇਦ ਉੱਥੇ ਡਾਲਰ ਅਤੇ ਪੌਂਡ ਥੋੜ੍ਹੀ ਮਿਹਨਤ ਕਰਨ ਨਾਲ਼ ਹੀ ਮਿਲ਼ ਜਾਂਦੇ ਹਨ ਜੋ ਉਹਨਾਂ ਦਾ ਭੁਲੇਖਾ ਹੈ। ਇੰਵ ਗ਼ੈਰਕਨੂੰਨੀ ਢੰਗ ਨਾਲ਼ ਵਿਦੇਸ਼ਾਂ ਵਿੱਚ ਜਾਣ ਨਾਲ਼ ਪੰਜਾਬੀ ਬੰਦਾ ਤਾਂ ਵਿਦੇਸ਼ਾਂ ਵਿੱਚ ਫੈਲ ਰਿਹਾ ਹੈ ਪਰ ਪੰਜਾਬੀ ਸੱਭਿਆਚਾਰ ਦੀ ਖ਼ੁਸ਼ਬੋ ਨਹੀਂ। ਖ਼ੁਸ਼ਬੋ ਉਹ ਵਿਅਕਤੀ ਹੀ ਫੈਲਾ ਸਕਦੇ ਹਨ ਜੋ ਕਨੂੰਨੀ ਢੰਗ ਨਾਲ਼ ਪੂਰੀ ਤਿਆਰੀ ਕਰ ਕੇ ਵਿਦੇਸ਼ ਜਾਂਦੇ ਹਨ। ਦੂਸਰੇ ਵਿਅਕਤੀ ਤਾਂ ਆਪਣੀ ਹੋਂਦ ਬਚਾਉਣ ਅਤੇ ਉੱਥੇ ਪੱਕੇ ਹੋਣ ਦੀ ਲੜਾਈ ਵਿੱਚ ਹੀ ਜ਼ਿੰਦਗੀ ਕੱਢ ਦਿੰਦੇ ਹਨ।

ਨਵੀਂ ਪੀੜ੍ਹੀ ਨਵੇਂ ਸੰਚਾਰ-ਸਾਧਨਾਂ ਦੀ ਖੁੱਲ੍ਹ ਕੇ ਵਰਤੋਂ ਕਰ ਰਹੀ ਹੈ ਜਿਨ੍ਹਾਂ ਵਿੱਚ ਕੰਪਿਊਟਰ, ਇੰਟਰਨੈੱਟ, ਸੈਟੇਲਾਈਟ-ਚੈਨਲ ਅਤੇ ਮੋਬਾਈਲ-ਟੈਲੀਫ਼ੂਨ ਪ੍ਰਮੁੱਖ ਹਨ। ਇਹ ਸਿਰਫ਼ ਸੰਚਾਰ ਦੇ ਸਾਧਨ ਨਹੀਂ ਆਪਣੇ-ਆਪ ਵਿੱਚ ਸੰਦੇਸ਼ ਵੀ ਹਨ। ਇਹ ਸਾਧਨ ਪੰਜਾਬੀ ਸੱਭਿਆਚਾਰ ਨੂੰ ਬਚਾਉਣ, ਨਵ-ਸਿਰਜਣ ਅਤੇ ਦੂਰ-ਦੂਰ ਫੈਲਾਉਣ ਲਈ ਵੀ ਵਰਤੇ ਜਾ ਸਕਦੇ ਹਨ ਅਤੇ ਇਹ ਪੰਜਾਬੀ ਸੱਭਿਆਚਾਰ ਉੱਪਰ ਮਾਰੂ ਪ੍ਰਭਾਵ ਵੀ ਪਾ ਸਕਦੇ ਹਨ। ਇਹ ਹੁਣ ਪੰਜਾਬੀਆਂ ਦੇ ਹੱਥ ਹੈ ਕਿ ਇਹਨਾਂ ਚੀਜ਼ਾਂ ਦੀ ਯੋਗ ਵਰਤੋਂ ਕਿਵੇਂ ਕਰਨੀ ਹੈ। ਪੁਰਾਣੀ ਪੀੜ੍ਹੀ ਨਵੇਂ ਸੰਚਾਰ-ਸਾਧਨਾਂ ਨੂੰ ਮਾੜਾ ਆਖ ਕੇ ਖਹਿੜਾ ਨਹੀਂ ਛੁਡਾ ਸਕਦੀ ਸਗੋਂ ਉਸ ਨੂੰ ਨਵੀਂ ਪੀੜ੍ਹੀ ਦੇ ਹਾਣੀ ਬਣ ਕੇ ਉਹਨਾਂ ਦੀ ਅਗਵਾਈ ਕਰਨੀ ਪਵੇਗੀ, ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਅੰਦਰ ਹੀ ਪੀੜ੍ਹੀ-ਪਾੜਾ ਏਨਾ ਵਧ ਜਾਵੇਗਾ ਕਿ ਮਾਪੇ ਬੱਚਿਆਂ ਦੀ ਗੱਲ ਸਮਝਣ ਤੋਂ ਅਸਮਰਥ ਹੋ ਜਾਣਗੇ।

ਨਵੀਆਂ ਸਥਿਤੀਆਂ ਵਿੱਚ ਸਮਾਜ ਅੰਦਰ ਨਵੀਆਂ ਸਮੱਸਿਆਵਾਂ ਅਤੇ ਲੋੜਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ। ਇਹਨਾਂ ਸਾਰੀਆਂ ਸਮੱਸਿਆਵਾਂ ਨੂੰ ਕੇਵਲ ਕਨੂੰਨ ਬਣਾ ਕੇ ਹੱਲ ਓਨੀ ਦੇਰ ਨਹੀਂ ਕੀਤਾ ਜਾ ਸਕਦਾ ਜਿੰਨੀ ਦੇਰ ਉਹਨਾਂ ਸਮੱਸਿਆਵਾਂ ਪ੍ਰਤਿ ਚੇਤਨਾ ਸਾਡੇ ਸੱਭਿਆਚਾਰ ਦਾ ਅੰਗ ਨਹੀਂ ਬਣਦੀ। ਉਦਾਹਰਨ ਵਜੋਂ ਵਾਤਾਵਰਨ ਦੀ ਸਮੱਸਿਆ ਕੇਵਲ ਕਨੂੰਨਾਂ ਨਾਲ਼ ਹੱਲ ਨਹੀਂ ਹੋਣੀ। ਸਾਨੂੰ ਤਾਂ ਆਪਣਾ ਵਿਰਸਾ ਫਰੋਲ਼ਣਾ ਪਵੇਗਾ ਜਿਸ ਵਿੱਚ 'ਮਾਤਾ ਧਰਤਿ ਮਹਤੁ' ਹੈ। ਉਹਨਾਂ ਬਜ਼ੁਰਗਾਂ ਦੀਆਂ ਆਦਤਾਂ ਨੂੰ ਮੁੜ ਯਾਦ ਕਰਨਾ ਪਵੇਗਾ ਜਿਹੜੇ ਰਾਤ ਨੂੰ ਦਰਖ਼ਤ ਤੋਂ ਦਾਤਣ ਵੀ ਨਹੀਂ ਤੋੜਦੇ ਸਨ ਕਿ ਹੁਣ ਦਰਖ਼ਤ ਸੁੱਤੇ ਹੋਏ ਹਨ। ਦਰਖ਼ਤਾਂ ਵਿੱਚ ਜੀਵਨ ਸਮਝਣਾ ਅਤੇ ਉਹਨਾਂ ਪ੍ਰਤਿ ਸੰਵੇਦਨਸ਼ੀਲਤਾ ਮੁੜ ਪਛਾਣਨ ਦੀ ਲੋੜ ਹੈ। ਕਨੇਡਾ ਦੇ ਵੱਡੇ ਸਟੋਰਾਂ ਵਿੱਚ ਕੈਰੀ-ਬੈਗ ਭਾਵ ਝੋਲ਼ਾ ਦਿਖਾਉਣ ਨਾਲ਼ ਬਿੱਲ 'ਤੇ ਛੋਟ ਮਿਲ਼ਦੀ ਹੈ। ਸਾਡੇ ਸੱਭਿਆਚਾਰ ਵਿੱਚ ਤਾਂ ਝੋਲ਼ੇ ਦੀ ਪਰੰਪਰਾ ਢੇਰ ਪੁਰਾਣੀ ਹੈ ਜੋ ਅਸੀਂ ਛੱਡ ਦਿੱਤੀ ਹੈ। ਹੁਣ ਸਾਨੂੰ ਆਪਣੀਆਂ ਪੁਰਾਣੀਆਂ ਆਦਤਾਂ ਮੁੜ ਸੁਰਜੀਤ ਕਰਨ ਦੀ ਲੋੜ ਹੈ, ਜਿਵੇਂ ਅੱਜ ਤੋਂ ਕੁਝ ਸਾਲ ਪਹਿਲਾਂ ਵਿਅਕਤੀ ਮੰਡੀ ਝੋਲ਼ਾ ਲੈ ਕੇ ਜਾਂਦਾ ਸੀ। ਉਵੇਂ ਹੁਣ ਵੀ ਪਲਾਸਟਿਕ ਦੇ ਲਿਫ਼ਾਫ਼ਿਆਂ ਤੋਂ ਨਿਜਾਤ, ਝੋਲ਼ੇ ਦੀ ਪਰੰਪਰਾ ਮੁੜ ਸੁਰਜੀਤ ਕਰ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਪ੍ਰਕਾਰ ਸਾਨੂੰ ਆਪਣੀਆਂ ਨਵੀਆਂ ਸੱਭਿਆਚਾਰਿਕ ਪਰੰਪਰਾਵਾਂ ਵੀ ਵਿਕਸਿਤ ਕਰਨੀਆਂ ਪੈਣਗੀਆਂ, ਜਿਵੇਂ : ਜਨਮ-ਦਿਨ ਮਨਾਉਣ ਸਮੇਂ ਤੇ ਵਿੱਛੜ ਚੁੱਕਿਆਂ ਦੀ ਯਾਦ ਵਿੱਚ ਰੁੱਖ ਲਾਉਣ ਵਰਗੀਆਂ ਪਿਰਤਾਂ ਪਾਉਣੀਆਂ।

ਸੱਭਿਆਚਾਰ ਲਈ ਭਾਸ਼ਾ ਵਾਹਨ ਹੁੰਦੀ ਹੈ ਅਤੇ ਕਲਾਵਾਂ ਇਸ ਦਾ ਚਿਹਰਾ। ਜੇ ਭਾਸ਼ਾ ਬਦਲ ਜਾਵੇ ਤਾਂ ਸੱਭਿਆਚਾਰ ਵੀ ਬਦਲ ਜਾਂਦਾ ਹੈ। ਅੰਗਰੇਜ਼ਾਂ ਦੀ ਆਧੁਨਿਕ ਸਿੱਖਿਆ ਨਾਲ਼ ਅੰਗਰੇਜ਼ੀ ਭਾਸ਼ਾ ਆਈ। ਅੰਗਰੇਜ਼ ਤਾਂ ਇੱਥੋਂ ਚਲੇ ਗਏ ਪਰ ਸਾਡੇ ਨਾਲ਼ ਅਗਰੇਜ਼ੀ ਭਾਸ਼ਾ ਇੱਥੇ ਹੀ ਛੱਡ ਗਏ। ਸਾਡੇ ਨਾਲ਼ ਉਹ ਹੋਈ ਕਿ 'ਡੈਣ ਮਰ ਗਈ ਪਰ ਦੰਦ ਆਲ਼ੇ ਵਿੱਚ ਧਰ ਗਈ'। ਅੰਗਰੇਜ਼ੀ ਭਾਸ਼ਾ ਸੱਭਿਆਚਾਰਿਕ ਕਲਾਵਾਂ ਦੀ ਅੰਤਰਰਾਸ਼ਟਰੀ ਮੰਡੀ ਹੈ। ਉਹ ਆਪਣੀ ਇਸ਼ਤਿਹਾਰਬਾਜ਼ੀ ਅਤੇ ਤਕਨੀਕ ਰਾਹੀਂ ਸਾਰੀ ਦੁਨੀਆ ਦੇ ਸੱਭਿਆਚਾਰਾਂ ਨੂੰ ਪ੍ਰਭਾਵਿਤ ਕਰ ਰਹੀ ਹੈ। ਜਦੋਂ ਬੱਚਾ ਮਾਂ-ਬੋਲੀ ਦੀ ਥਾਂਵੇਂ ਅੰਗਰੇਜ਼ੀ ਭਾਸ਼ਾ ਸਿੱਖੇਗਾ ਤਾਂ ਅੰਗਰੇਜ਼ੀ ਸੱਭਿਆਚਾਰ ਆਪਣੇ-ਆਪ ਸਾਡੇ 'ਤੇ ਅਸਰ ਪਾਵੇਗਾ। ਬੱਚੇ ਨੂੰ ਅੰਗਰੇਜ਼ੀ ਕਾਰਟੂਨ, ਅੰਗਰੇਜ਼ੀ ਫ਼ਿਲਮਾਂ, ਅੰਗਰੇਜ਼ੀ ਗੀਤ, ਅੰਗਰੇਜ਼ੀ ਸਾਹਿਤ ਹੀ ਚੰਗਾ ਲੱਗੇਗਾ। ਉਹ ਆਪਣੀਆਂ ਦਾਦੀਆਂ-ਨਾਨੀਆਂ ਦੀਆਂ ਬਾਤਾਂ, ਅਖਾਣਾਂ, ਮੁਹਾਵਰਿਆਂ ਨੂੰ ਸਮਝਣ ਤੋਂ ਅਸਮਰਥ ਰਹਿ ਜਾਵੇਗਾ। ਦੁੱਖ ਦੀ ਗੱਲ ਇਹ ਹੈ ਕਿ ਉਹ ਵਿਰਸੇ ਵਿੱਚ ਛੁਪੇ ਸਾਡੇ ਸੱਭਿਆਚਾਰ ਤੋਂ ਵੀ ਟੁੱਟ ਜਾਵੇਗਾ।

ਪੰਜਾਬੀ ਸੱਭਿਆਚਾਰ ਸੰਯੁਕਤ ਸੱਭਿਆਚਾਰ ਸੀ ਜਿਸ ਵਿੱਚ ਹਿੰਦੂ, ਮੁਸਲਿਮ, ਸਿੱਖ, ਈਸਾਈ, ਜੈਨੀ, ਬੋਧੀ ਸਭ ਆਪੋ-ਆਪਣਾ ਯੋਗਦਾਨ ਪਾਉਂਦੇ ਸਨ। ਦੇਸ ਅਜ਼ਾਦ ਹੋ ਜਾਣ ਸਮੇਂ ਹੋਈ ਦੇਸ-ਵੰਡ ਕਾਰਨ ਇਹ ਭੂਗੋਲਿਕ ਖਿੱਤਾ ਦੋ ਭਾਗਾਂ: ਪਾਕਿਸਤਾਨੀ ਪੰਜਾਬ ਤੇ ਭਾਰਤੀ ਪੰਜਾਬ ਵਿੱਚ ਵੰਡਿਆ ਗਿਆ। ਇਸੇ ਪ੍ਰਕਾਰ ਭਾਰਤੀ ਪੰਜਾਬ ਦੀ ਪੁਨਰ-ਵੰਡ ਨਾਲ਼ ਮੌਜੂਦਾ ਰਾਜਨੀਤਿਕ ਪੰਜਾਬ ਆਕਾਰ ਵਿੱਚ ਛੋਟਾ ਹੋ ਗਿਆ ਅਤੇ ਇਸ ਦੇ ਪ੍ਰਕਾਰ ਵਿੱਚ ਵੀ ਫ਼ਰਕ ਪੈ ਗਿਆ। ਭਾਰਤੀ ਪੰਜਾਬ ਵਿੱਚ ਪੰਜਾਬੀ ਗੁਰਮੁਖੀ ਲਿਪੀ ਵਿੱਚ ਲਿਖੀ ਜਾਂਦੀ ਹੈ ਤੇ ਪਾਕਿਸਤਾਨੀ ਪੰਜਾਬ ਵਿੱਚ ਇਹ ਸ਼ਾਹਮੁਖੀ ਲਿਪੀ ਵਿੱਚ ਲਿਖੀ ਜਾਂਦੀ ਹੈ। ਵੀਜ਼ੇ ਦੀਆਂ ਬੰਦਸ਼ਾਂ ਕਾਰਨ ਮਿਲਣ-ਜੁਲਣ ਦੇ ਮੌਕੇ ਘੱਟ ਹੋਣ ਕਾਰਨ ਸਾਡਾ ਸਾਂਝਾ ਸੱਭਿਆਚਾਰ ਖੰਡਿਤ ਹੋ ਗਿਆ ਹੈ। ਦੇਸ-ਵੰਡ ਤੋਂ ਬਾਅਦ ਪੈਦਾ ਹੋਈ ਪੀੜ੍ਹੀ ਲਈ ਬੜੇ ਦਿਨ, ਤਿਉਹਾਰ, ਮੁਹਾਵਰੇ ਓਪਰੇ ਹੁੰਦੇ ਜਾ ਰਹੇ ਹਨ, ਜਿਵੇਂ; 'ਈਦ ਮਗਰੋਂ ਤੰਬਾ ਫੂਕਣਾ' , 'ਈਦ ਦਾ ਚੰਦ ਹੋਣਾ', 'ਗ਼ਰੀਬਾਂ ਰੱਖੇ ਰੋਜ਼ੇ, ਦਿਨ ਵੱਡੇ ਆਏ' ਵਰਗੇ ਮੁਹਾਵਰੇ/ਅਖਾਉਂਤਾ ਓਪਰੇ ਹੁੰਦੇ ਜਾ ਰਹੇ ਹਨ। ਪੰਜਾਬੀ ਸੱਭਿਆਚਾਰ ਦੀ ਪ੍ਰਫੁਲਿਤਾ ਲਈ ਇਹ ਜ਼ਰੂਰੀ ਹੈ ਕਿ ਦੋਹਾਂ ਦੇਸਾਂ ਦਰਮਿਆਨ ਅਮਨ ਰਹੇ ਅਤੇ ਦੋਵੇਂ ਪੰਜਾਬਾਂ ਦਾ ਮੇਲ਼-ਜੋਲ਼ ਵਧੇ। ਪੰਜਾਬੀ ਸੱਭਿਆਚਾਰ ਵਿੱਚ ਦੋ ਭਰਾ ਅੱਡ ਹੋ ਕੇ ਵੀ ਦਾਲ਼-ਕੌਲੀ ਦੀ ਸਾਂਝ ਰੱਖਦੇ ਹਨ।

ਪੰਜਾਬੀ ਸਮਾਜ ਭਾਰਤੀ ਜਾਤ-ਪ੍ਰਬੰਧ ਅਨੁਸਾਰ ਵੰਡਿਆ ਹੋਇਆ ਸੀ। ਆਧੁਨਿਕੀਕਰਨ, ਸ਼ਹਿਰੀਕਰਨ ਤੇ ਉਦਯੋਗੀਕਰਨ ਦੇ ਬਾਵਜੂਦ ਪੰਜਾਬ ਵਿੱਚ ਜਾਤ-ਪਾਤ ਦਾ ਬੰਧਨ ਪੂਰੀ ਤਰ੍ਹਾਂ ਨਹੀਂ ਟੁੱਟਿਆ। ਪੰਜਾਬ ਖੇਤੀ-ਬਾੜੀ ਪ੍ਰਧਾਨ ਇਲਾਕਾ ਸੀ ਤੇ ਇਸ ਕਰਕੇ ਸਾਰਾ ਸੱਭਿਆਚਾਰ ਹੀ ਕਿਸਾਨੀ ਜੀਵਨ ਦੁਆਲ਼ੇ ਘੁੰਮਦਾ ਸੀ। ਇਸੇ ਕਰਕੇ ਪੰਜਾਬੀ ਸੱਭਿਆਚਾਰ ਵਿੱਚ ਵੀ ਕਿਸਾਨ ਦੀ ਚੜ੍ਹਤ ਸੀ। ਪਿਛਲੇ ਕੁਝ ਸਮੇਂ ਤੋਂ ਕਿਸਾਨ ਦਾ ਜੀਵਨ-ਪੱਧਰ ਤਾਂ ਬਹੁਤਾ ਉੱਚਾ ਨਹੀਂ ਹੋਇਆ ਪਰ ਪੰਜਾਬ ਦੀਆਂ ਪ੍ਰਚਲਿਤ ਫ਼ਿਲਮਾਂ ਅਤੇ ਗੀਤਾਂ ਵਿੱਚ ਜੱਟ ਸ਼ਬਦ ਦੀ ਵਰਤੋਂ ਬਹੁਤ ਵਧ ਗਈ ਹੈ ਅਤੇ ਉਸ ਨੂੰ ਹਿੰਸਕ ਅਤੇ ਸ਼ਰਾਬੀ ਦੇ ਰੂਪ ਵਿੱਚ ਚਿਤਰਿਆ ਜਾਣਾ ਸ਼ੁਰੂ ਹੋਇਆ ਹੈ। ਕਿਸਾਨ ਦੀਆਂ ਸਮੱਸਿਆਵਾਂ ਅਤੇ ਸਰੋਕਾਰਾਂ ਨੂੰ ਸੰਜੀਦਗੀ ਨਾਲ਼ ਪੇਸ਼ ਕਰਨ ਦੀ ਥਾਂ ਹੈਂਕੜ ਅਤੇ ਫੁਕਰੇਪਣ ਦਾ ਪ੍ਰਗਟਾਵਾ ਵਧਿਆ ਹੈ। ਪੰਜਾਬ ਖੇਤੀ-ਪ੍ਰਧਾਨ ਖਿੱਤਾ ਹੈ। ਇਸ ਦੇ ਪ੍ਰਮੁੱਖ ਕਿੱਤਾਕਾਰ ਕੋਲ਼ ਅੰਨ-ਦਾਤਾ ਹੋਣ ਦਾ ਮਾਣ ਹੈ ਪਰ ਇਸ ਨੂੰ ਜਾਤੀ ਹੰਕਾਰ ਵਿੱਚ ਨਹੀਂ ਬਦਲਣਾ ਚਾਹੀਦਾ ਸਗੋਂ ਉਸ ਦੀ ਮਿਹਨਤ ਨੂੰ ਵਡਿਆਉਣਾ ਚਾਹੀਦਾ ਹੈ।

ਹਰ ਪੰਜਾਬੀ ਨੂੰ ਆਪਣੇ ਸੱਭਿਆਚਾਰ 'ਤੇ ਅਭਿਮਾਨ ਨਹੀਂ ਸਗੋਂ ਮਾਣ ਕਰਨਾ ਚਾਹੀਦਾ ਹੈ। ਬਹੁਤ ਕੁਝ ਸਾਨੂੰ ਛੱਡਣ ਦੀ ਜ਼ਰੂਰਤ ਹੈ, ਜਿਵੇਂ; ਕੁੜੀਆਂ ਮਾਰਨਾ। ਬਹੁਤ ਸਾਰਾ ਕੁਝ ਸਾਨੂੰ ਰੱਖਣ ਦੀ ਜ਼ਰੂਰਤ ਹੈ,

ਜਿਵੇਂ; ਘਰ ਵਿੱਚ ਬਜ਼ੁਰਗ। ਬਹੁਤ ਕੁਝ ਸਾਨੂੰ ਦੂਸਰਿਆਂ ਤੋਂ ਸਿੱਖਣ ਦੀ ਜ਼ਰੂਰਤ ਹੈ, ਜਿਵੇਂ; ਕੰਮ ਕਰਨ ਦਾ ਸੱਭਿਆਚਾਰ। ਬਹੁਤ ਕੁਝ ਸਾਡੇ ਕੋਲ਼ ਮੌਜੂਦ ਹੈ, ਜਿਵੇਂ; ਕਿਰਤ ਕਰਨਾ ਤੇ ਵੰਡ ਛਕਣ ਦੇ ਨਾਲ਼ ਸਬਰ, ਸੰਤੋਖ, ਸਹਿਜਤਾ। ਇਸ ਸਭ ਕੁਝ ਨੂੰ ਬਚਾਉਣ ਦੀ ਜ਼ਰੂਰਤ ਹੈ। ਮੁਕਦੀ ਗੱਲ ਇਹ ਹੈ ਕਿ ਸੱਭਿਆਚਾਰ ਕੋਈ ਜੜ੍ਹ-ਵਰਤਾਰਾ ਨਹੀਂ, ਇਹ ਜਿਉਂਦੀ-ਜਾਗਦੀ ਜੀਵਨ-ਜਾਚ ਹੈ। ਇਸ ਨੂੰ ਨਿੱਤ ਨਵਿਆਉਣ ਦੀ ਲੋੜ ਪੈਂਦੀ ਹੈ। ਆਧੁਨਿਕ ਯੁੱਗ ਵਿੱਚ ਤਾਂ ਇਸ ਬਾਰੇ ਚੇਤਨ ਤੌਰ 'ਤੇ ਕੋਸ਼ਸ਼ਾਂ ਵੀ ਕਰਨੀਆਂ ਪੈਣੀਆਂ ਹਨ ਕਿਉਂਕਿ ਪਰੰਪਰਾ ਤੋਂ ਸਹਿਜ ਰੂਪ ਵਿੱਚ ਪੀੜ੍ਹੀ-ਦਰ-ਪੀੜ੍ਹੀ ਸਿੱਖਣ ਵਾਲ਼ਾ ਸਾਂਝਾ ਸਮਾਜ ਖ਼ਤਮ ਹੋ ਚੁੱਕਾ ਹੈ। ਸੋ, ਸਾਨੂੰ ਹਰ ਵੇਲ਼ੇ ਚੇਤਨ ਪੱਧਰ 'ਤੇ ਸੋਚ-ਵਿਚਾਰ ਕੇ ਨਵੀਆਂ ਸਿਹਤਮੰਦ ਪਰੰਪਰਾਵਾਂ ਨੂੰ ਵਿਕਸਿਤ ਕਰਨ ਦੀ ਜ਼ਰੂਰਤ ਹੈ।

## ਪਾਠ-ਅਭਿਆਸ

1. **ਵਸਤੂਨਿਸ਼ਠ ਪ੍ਰਸ਼ਨ :**

(ੳ) 'ਪੰਜਾਬੀ ਸੱਭਿਆਚਾਰਿਕ ਪਰਿਵਰਤਨ' ਪਾਠ ਦੇ ਆਧਾਰ 'ਤੇ ਦੱਸੋ ਕਿ ਇਸ ਵਿੱਚ ਵਗਦਾ ਦਰਿਆ ਕਿਸ ਨੂੰ ਕਿਹਾ ਗਿਆ ਹੈ ?

(ਅ) ਨਵੇਂ ਸੱਭਿਆਚਾਰ ਪੱਖੀ ਕਈ ਵਾਰ ਆਪਣੇ ਵਿਰਸੇ ਨੂੰ ਵੀ ਭੁੱਲ ਜਾਂਦੇ ਹਨ। (ਹਾਂ / ਨਹੀਂ)

(ੲ) ਪੰਜਾਬੀ ਸੱਭਿਆਚਾਰ ਦੇ ਮਰਦ-ਪ੍ਰਧਾਨ ਸਮਾਜ ਵਿੱਚ ਔਰਤ ਨੂੰ ਕੀ ਸਮਝਿਆ ਜਾਂਦਾ ਸੀ ?

(ਸ) ਸਾਡੇ ਪੰਜਾਬੀ ਸੱਭਿਆਚਾਰ 'ਤੇ ਕਿਹੜੀ ਚੀਜ਼ ਦਾ ਵੱਡਾ ਧੱਬਾ ਹੈ।

(ਹ) ਪਿੰਡਾਂ ਵਿੱਚ ਸਾਉਣ ਮਹੀਨੇ ਪੂਰਾ .................. ਲੱਗਣ ਵਾਲ਼ੀਆਂ ਤੀਆਂ ਵਿਆਹੀਆਂ ਕੁੜੀਆਂ ਦੇ ਮਿਲ਼ਨ ਦਾ ਸਾਧਨ ਅਤੇ ਕੁਆਰੀਆਂ ਕੁੜੀਆਂ ਲਈ .................. ਸਿੱਖਣ ਦੀ ਵਰਕਸ਼ਾਪ ਸੀ। (ਖ਼ਾਲੀ ਥਾਂਵਾਂ ਭਰੋ)

(ਕ) ਪੰਜਾਬੀਆਂ ਵਿੱਚ ਵਿਦੇਸ਼ ਜਾਣ ਦਾ ਰੁਝਾਨ ਵਧਿਆ ਹੈ। (ਹਾਂ/ਨਹੀਂ)

(ਖ) ਨਵੀਂ ਪੀੜ੍ਹੀ ਕਿਹੜੇ ਸਾਧਨਾਂ ਦੀ ਖੁੱਲ੍ਹ ਕੇ ਵਰਤੋਂ ਕਰ ਰਹੀ ਹੈ ?

(ਗ) ਪਲਾਸਟਿਕ ਦੇ ਲਿਫ਼ਾਫ਼ਿਆਂ ਤੋਂ ਕਿਵੇਂ ਨਿਜਾਤ ਮਿਲ਼ ਸਕਦੀ ਹੈ ?

(ਘ) ਉਹ ਕਿਹੜੀ ਭਾਸ਼ਾ ਹੈ ਜੋ ਸੱਭਿਆਚਾਰਿਕ ਕਲਾਵਾਂ ਦੀ ਅੰਤਰਰਾਸ਼ਟਰੀ ਮੰਡੀ ਬਣ ਗਈ ?

(ਙ) ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਕਿਸ ਲਿਪੀ ਵਿੱਚ ਲਿਖੀ ਜਾਂਦੀ ਹੈ ?

(ਚ) ਸਾਨੂੰ ਆਪਣੇ ਪੰਜਾਬੀ ਸੱਭਿਆਚਾਰ 'ਤੇ ਅਭਿਮਾਨ ਕਰਨ ਦੀ ਥਾਂ 'ਤੇ ਕੀ ਕਰਨਾ ਚਾਹੀਦਾ ਹੈ ?

2. 'ਪੰਜਾਬੀ ਸੱਭਿਆਚਾਰਿਕ ਪਰਿਵਰਤਨ' ਦੇ ਆਧਾਰ 'ਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਪੰਜਾਬੀ ਸੱਭਿਆਚਾਰਿਕ ਪਰਿਵਰਤਨ ਕੀ ਹੈ ? ਸੰਖੇਪ ਵਿੱਚ ਲਿਖੋ।

(ੳ) 'ਪੰਜਾਬੀ ਸੱਭਿਆਚਾਰਿਕ ਪਰਿਵਰਤਨ' ਪਾਠ ਦੇ ਆਧਾਰ 'ਤੇ ਦੱਸੋ ਕਿ ਪੰਜਾਬੀ ਸੱਭਿਆਚਾਰ ਵਿੱਚ ਪਹਿਰਾਵੇ ਦੇ ਨਾਲ਼-ਨਾਲ਼ ਵਿਚਾਰਾਂ ਵਿੱਚ ਵੀ ਤਬਦੀਲੀ ਆਈ ਹੈ, ਕਿਵੇਂ ?

(ੲ) ਪੰਜਾਬੀ ਸੱਭਿਆਚਾਰ ਵਿੱਚ ਪਿਛਲੇ ਕੁਝ ਦਹਾਕਿਆਂ ਤੋਂ ਖਾਣ-ਪੀਣ ਵਿੱਚ ਆਈ ਤਬਦੀਲੀ ਬਾਰੇ ਚਾਨਣਾ ਪਾਓ।

(ਸ) ਸਾਨੂੰ ਆਪਣੇ ਪੰਜਾਬੀ ਸੱਭਿਆਚਾਰ ਦੇ ਰਵਾਇਤੀ ਖਾਣੇ ਨੂੰ ਕਿਉਂ ਤਰਜੀਹ ਦੇਣੀ ਚਾਹੀਦੀ ਹੈ ?

(ਹ) 'ਪੰਜਾਬੀ ਸੱਭਿਆਚਾਰਿਕ ਪਰਿਵਰਤਨ' ਵਿੱਚ ਦੋ ਰੁਝਾਨਾਂ ਨੇ ਰਵਾਇਤੀ ਪੰਜਾਬੀ ਸੱਭਿਆਚਾਰ ਨੂੰ ਢਾਹ ਲਾਈ ਹੈ। ਇਸ 'ਤੇ ਉਦਾਹਰਨਾਂ ਸਹਿਤ ਚਾਨਣਾ ਪਾਓ।

(ਕ) ਸਾਨੂੰ ਨਵੀਆਂ ਪਰਿਸਥਿਤੀਆਂ ਅਨੁਸਾਰ ਨਵੇਂ ਸੱਭਿਆਚਾਰਿਕ ਮਾਪ-ਦੰਡ ਸਿਰਜਣ ਦੀ ਕਿਉਂ ਲੋੜ ਹੈ ?

(ਖ) 'ਪੰਜਾਬੀ ਸੱਭਿਆਚਾਰਿਕ ਪਰਿਵਰਤਨ' ਪਾਠ ਵਿੱਚ ਗੁਰਬਾਣੀ ਦੀ ਤੁਕ 'ਮਾਤਾ ਧਰਤਿ ਮਹਤੁ' ਅਜੋਕੇ ਸਮਾਜ ਦੀ ਕਿਹੜੀ ਸਮੱਸਿਆ ਵੱਲ ਸੰਕੇਤ ਕਰਦੀ ਹੈ ? ਖੋਲ੍ਹ ਕੇ ਦੱਸੋ।

(ਗ) 'ਪੰਜਾਬੀ ਸੱਭਿਆਚਾਰਿਕ ਪਰਿਵਰਤਨ' ਪਾਠ ਦੇ ਆਧਾਰ 'ਤੇ ਦੱਸੋ ਕਿ ਸਾਨੂੰ ਚੇਤਨ ਪੱਧਰ 'ਤੇ ਕਿਹੜੀਆਂ ਨਵੀਆਂ ਸਿਹਤਮੰਦ ਪਰੰਪਰਾਵਾਂ ਨੂੰ ਵਿਕਸਿਤ ਕਰਨ ਦੀ ਲੋੜ ਹੈ ?

3. 'ਪੰਜਾਬੀ ਸੱਭਿਆਚਾਰਿਕ ਪਰਿਵਰਤਨ' ਪਾਠ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

*******

# ਦੂਜਾ ਭਾਗ

1. ਕਾਰ-ਵਿਹਾਰ ਦੇ ਪੱਤਰ
2. ਸੰਖੇਪ ਰਚਨਾ
3. ਸ਼ਬਦ-ਕੋਸ਼ : ਵਾਚਣ-ਵਿਧੀ
4. ਵਾਕ ਦੀਆਂ ਕਿਸਮਾਂ ਅਤੇ ਵਾਕ-ਵਟਾਂਦਰਾ
5. ਅਖਾਉਤਾਂ

# 1. ਕਾਰ-ਵਿਹਾਰ ਦੇ ਪੱਤਰ

ਸੈਕੰਡਰੀ ਪੱਧਰ ਤੱਕ ਲੇਖ-ਰਚਨਾ (Composition) ਦੀ ਪੜ੍ਹਾਈ ਵਿੱਚ ਬਿਨੈ-ਪੱਤਰ ਅਤੇ ਨਿੱਜੀ ਪੱਤਰ (ਚਿੱਠੀ) ਲਿਖਣ ਬਾਰੇ ਦੱਸਿਆ ਗਿਆ ਹੈ। ਬਾਰ੍ਹਵੀਂ ਸ਼੍ਰੇਣੀ ਦੇ ਲਾਜ਼ਮੀ ਪੰਜਾਬੀ ਦੇ ਇਸ ਪਾਠ-ਕ੍ਰਮ ਵਿੱਚ ਕਾਰ-ਵਿਹਾਰ ਦੇ ਪੱਤਰ ਲਿਖਣ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਅਜੋਕੇ ਯੁੱਗ ਵਿੱਚ ਵਣਜ-ਵਪਾਰ ਦਾ ਮਹੱਤਵ ਵਧਣ ਕਰਕੇ ਕਾਰ-ਵਿਹਾਰ ਦੇ ਪੱਤਰ ਲਿਖਣ ਦੀ ਲੋੜ ਵੀ ਵਧ ਗਈ ਹੈ। ਵਣਜ-ਵਪਾਰ ਵਿੱਚ ਲੱਗੇ ਲੋਕਾਂ ਲਈ ਤਾਂ ਕਾਰ-ਵਿਹਾਰ ਦੇ ਪੱਤਰ ਲਿਖਣ ਦੀ ਜਾਚ ਆਉਣੀ ਜ਼ਰੂਰੀ ਹੈ ਹੀ, ਆਮ ਨਾਗਰਿਕ ਨੂੰ ਵੀ ਇੱਕ ਗਾਹਕ ਵਜੋਂ ਅਜਿਹੇ ਪੱਤਰ ਲਿਖਣ ਦੀ ਜ਼ਰੂਰਤ ਪੈ ਸਕਦੀ ਹੈ।

ਬੀਤੇ ਸਮੇਂ ਵਿੱਚ ਕਾਰ-ਵਿਹਾਰ ਸਰਲ ਭਾਂਤ ਦਾ ਹੁੰਦਾ ਸੀ। ਆਮ ਮਨੁੱਖ ਦਾ ਵਾਹ ਆਪਣੇ ਨੇੜੇ ਦੇ ਕਸਬੇ ਜਾਂ ਛੋਟੇ ਸ਼ਹਿਰ ਦੀ ਮੰਡੀ ਜਾਂ ਬਜ਼ਾਰ ਤੱਕ ਹੀ ਪੈਂਦਾ ਸੀ। ਇਸ ਲਈ ਉਹ ਆਪਣੀ ਪੈਦਾਵਾਰ ਨੂੰ ਵੇਚਣ ਜਾਂ ਆਪਣੀ ਲੋੜ ਦੀਆਂ ਵਸਤਾਂ ਖ਼ਰੀਦਣ ਲਈ ਨਿੱਜੀ ਤੌਰ 'ਤੇ ਜਾਂਦਾ ਸੀ। ਵਸਤਾਂ ਦੀ ਖ਼ਰੀਦ-ਵੇਚ ਕਰਨੀ, ਉਹਨਾਂ ਦੀ ਮਿਕਦਾਰ ਘੱਟ-ਵੱਧ ਕਰਨੀ, ਅਣਲੁੜੀਂਦੀਆਂ ਵਾਧੂ ਵਸਤਾਂ ਨੂੰ ਮੋੜਨਾ, ਨੁਕਸ ਵਾਲ਼ੀਆਂ ਵਸਤਾਂ ਨੂੰ ਵਟਾਉਣਾ, ਕਿਸੇ ਨਵੀਂ ਵਸਤ ਬਾਰੇ ਪੁੱਛ-ਗਿੱਛ ਕਰਨੀ, ਕੋਈ ਗ਼ਲਤ-ਫ਼ਹਿਮੀ ਦੂਰ ਕਰਨੀ ਆਦਿ ਬਾਰੇ ਦੂਜੀ ਧਿਰ ਨਾਲ਼ ਗੱਲ-ਬਾਤ ਆਪ ਜਾ ਕੇ ਕੀਤੀ ਜਾਂਦੀ ਸੀ।

ਅਜੋਕੇ ਸਮੇਂ ਵਿੱਚ ਮੰਡੀ ਦਾ ਬੇਓੜਕ ਵਿਸਤਾਰ ਹੋਇਆ ਹੈ। ਇਹ ਕਿਸੇ ਇੱਕ ਕਸਬੇ ਜਾਂ ਸ਼ਹਿਰ ਦੀ ਥਾਂ ਦੇਸ-ਵਿਦੇਸ਼ ਦੇ ਅਨੇਕ ਸ਼ਹਿਰਾਂ ਤੱਕ ਫੈਲ ਚੁੱਕੀ ਹੈ। ਖ਼ਰੀਦਣ ਤੇ ਵੇਚਣ ਵਾਲ਼ੀਆਂ ਵਸਤਾਂ ਵੀ ਬੇਸ਼ੁਮਾਰ ਹੋ ਗਈਆਂ ਹਨ। ਹੁਣ ਤਾਂ ਸਾਡਾ ਪੇਂਡੂ ਸਮਾਜ ਵੀ ਮੰਡੀ ਦੇ ਘੇਰੇ ਵਿੱਚ ਆ ਚੁੱਕਿਆ ਹੈ। ਇਸ ਤਰ੍ਹਾਂ ਦੀ ਸਥਿਤੀ ਵਿੱਚ ਹਰ ਥਾਂ ਆਪ ਜਾ ਕੇ ਗੱਲ ਕਰਨੀ ਸਮੇਂ ਤੇ ਖ਼ਰਚੇ ਦੇ ਪੱਖੋਂ ਜੇ ਅਸੰਭਵ ਨਹੀਂ ਤਾਂ ਮਹਿੰਗੀ ਜ਼ਰੂਰ ਹੈ। ਦੂਜੇ ਬੰਨੇ ਸੰਚਾਰ-ਸਾਧਨ ਕਾਫ਼ੀ ਉੱਨਤ ਹੋ ਗਏ ਹਨ, ਢੋਅ-ਢੁਆਈ ਦੇ ਸਾਧਨ ਵੀ ਫੈਲੇ ਅਤੇ ਵਿਕਸਿਤ ਹੋਏ ਹਨ। ਇਸ ਲਈ ਇੱਕ ਤਰ੍ਹਾਂ ਘਰ ਬੈਠਿਆਂ ਹੀ ਕਾਰੋਬਾਰ ਕੀਤਾ ਜਾ ਸਕਦਾ ਹੈ ਅਤੇ ਉੱਨਤ ਕਾਰੋਬਾਰ ਰਾਹੀਂ ਮਿਲ਼ਦੀਆਂ ਸੇਵਾਵਾਂ ਦਾ ਲਾਭ ਉਠਾਇਆ ਜਾ ਸਕਦਾ ਹੈ। ਇਸ ਸੰਬੰਧੀ ਕਾਰੋਬਾਰੀ ਪੱਤਰਾਂ ਦਾ ਵਿਸ਼ੇਸ਼ ਮਹੱਤਵ ਹੈ। ਕਾਰੋਬਾਰੀ ਪੱਤਰ ਇੱਕ ਤਰ੍ਹਾਂ ਦੂਜੀ ਧਿਰ ਨਾਲ਼ ਲਿਖਤੀ ਗੱਲ-ਬਾਤ ਹੀ ਹੁੰਦੀ ਹੈ।

ਕਾਰੋਬਾਰ ਦੇ ਮਾਮਲਿਆਂ ਵਿੱਚ ਟੈਲੀਫ਼ੂਨ ਆਦਿ ਰਾਹੀਂ ਜ਼ਬਾਨੀ ਗੱਲ-ਬਾਤ ਨਾਲ਼ੋਂ ਪੱਤਰ ਨੂੰ, ਲਿਖਤੀ ਸਬੂਤ ਬਣ ਜਾਣ ਦੀ ਦ੍ਰਿਸ਼ਟੀ ਤੋਂ ਜ਼ਿਆਦਾ ਠੀਕ ਮੰਨਿਆ ਜਾਂਦਾ ਹੈ।

ਕਾਰ-ਵਿਹਾਰ ਦਾ ਪੱਤਰ ਨਿੱਜੀ-ਪੱਤਰ ਨਾਲ਼ੋਂ ਕੁਝ ਗੱਲਾਂ ਵਿੱਚ ਭਿੰਨ ਹੁੰਦਾ ਹੈ। ਨਿੱਜੀ ਪੱਤਰ ਆਪਣੇ ਕਿਸੇ ਪਰਿਵਾਰ ਦੇ ਮੈਂਬਰ, ਨੇੜਲੇ ਸੰਬੰਧੀ, ਮਿੱਤਰ, ਸਹੇਲੀ ਆਦਿ ਨੂੰ ਲਿਖਿਆ ਜਾਂਦਾ ਹੈ। ਪਹਿਲਾਂ ਬਣੇ ਸੰਬੰਧ ਅਤੇ ਭਾਵਕ ਸਾਂਝ ਅਜਿਹੇ ਪੱਤਰ ਦਾ ਆਧਾਰ ਬਣਦੇ ਹਨ। ਇਸ ਵਿੱਚ ਵਿਅਕਤੀ ਇੱਕ ਅਧਿਕਾਰ ਨਾਲ਼ ਪੱਤਰ ਲਿਖਦਾ ਹੈ। ਪੱਤਰ ਵਿੱਚ ਆਪਣੇ ਨਿੱਜੀ ਅਨੁਭਵ, ਦੁੱਖ-ਸੁੱਖ ਅਤੇ ਹੋਰ ਭਾਵ ਬਿਨਾਂ ਬਹੁਤੇ ਸੰਕੋਚ ਤੋਂ ਬਿਆਨ ਕੀਤੇ ਜਾਂਦੇ ਹਨ। ਪੱਤਰ ਦੇ ਆਕਾਰ ਦੀ ਵੀ ਕੋਈ ਸੀਮਾ ਨਿਸ਼ਚਿਤ ਨਹੀਂ ਹੁੰਦੀ। ਨਿੱਜੀ-ਪੱਤਰ ਹਰ ਇੱਕ ਦੇ ਪੜ੍ਹਨ ਲਈ ਨਹੀਂ ਹੁੰਦੇ ਅਤੇ ਨਾ ਹੀ ਇਹਨਾਂ ਦਾ ਰਿਕਾਰਡ ਰੱਖਣਾ ਜ਼ਰੂਰੀ ਹੈ। ਇਹ ਪੱਤਰ ਆਮ ਤੌਰ 'ਤੇ ਦਸਤਾਵੇਜ਼ ਨਹੀਂ ਹੁੰਦੇ। ਮਹਾਨ ਵਿਅਕਤੀਆਂ ਦੇ ਲਿਖੇ ਨਿੱਜੀ ਪੱਤਰ ਬੇਸ਼ੱਕ ਸਾਂਭੇ ਜਾਣ ਦੇ ਹੱਕਦਾਰ ਹੁੰਦੇ ਹਨ ਕਿਉਂਕਿ ਇਹ ਉਹਨਾਂ ਦੇ ਜੀਵਨ ਤੇ ਸਮੇਂ ਬਾਰੇ ਚਾਨਣਾ ਪਾਉਂਦੇ ਹਨ। ਆਮ ਤੌਰ 'ਤੇ ਨਿੱਜੀ ਪੱਤਰਾਂ ਦੀ ਕੋਈ ਕਨੂੰਨੀ ਮਹੱਤਤਾ ਨਹੀਂ ਹੁੰਦੀ ਅਤੇ ਨਾ ਹੀ ਕਿਸੇ ਵਿੱਤੀ ਲੈਣ-ਦੇਣ ਦੀ ਜ਼ੁੰਮੇਵਾਰੀ ਇਹਨਾਂ ਦਾ ਕਾਰਨ ਬਣਦੀ ਹੈ।

ਕਾਰ-ਵਿਹਾਰ ਦੇ ਪੱਤਰ ਵਿੱਚ ਭਾਸ਼ਾ ਸਪਸ਼ਟ, ਸਿੱਧੀ ਅਤੇ ਮੋਹ-ਮਮਤਾ ਦੇ ਭਾਵਾਂ ਤੋਂ ਮੁਕਤ ਹੁੰਦੀ ਹੈ। ਇਹ ਤਾਂ ਦੂਜੀ ਕਾਰੋਬਾਰੀ ਧਿਰ ਨਾਲ਼ ਕੇਵਲ ਕਾਰੋਬਾਰ ਦੇ ਸੰਬੰਧ ਵਿੱਚ ਲਿਖਤੀ ਗੱਲ-ਬਾਤ ਹੁੰਦੀ ਹੈ। ਕਿਸੇ ਗੱਲ ਨੂੰ ਵਧਾ-ਚੜ੍ਹਾ ਕੇ, ਅਲੰਕਾਰਾਂ ਨਾਲ਼ ਸ਼ਿੰਗਾਰ ਕੇ ਜਾਂ ਸੰਕੇਤਿਕ ਢੰਗ ਨਾਲ਼ ਸੰਖੇਪ ਕਰਕੇ ਦੱਸਣ ਦੀ ਲੋੜ ਨਹੀਂ ਹੁੰਦੀ। ਗੱਲ ਇਸ ਢੰਗ ਨਾਲ਼ ਕਹੀ ਜਾਂਦੀ ਹੈ ਕਿ ਉਹ ਇੰਨ-ਬਿੰਨ ਉਵੇਂ ਹੀ ਸਮਝੀ ਜਾਵੇ। ਕਾਰੋਬਾਰੀ ਪੱਤਰ ਦੂਜੀ ਧਿਰ ਨੇ ਰਿਕਾਰਡ ਵਿੱਚ ਰੱਖਣਾ ਹੁੰਦਾ ਹੈ। ਇਸ ਦੇ ਆਧਾਰ 'ਤੇ ਵਿੱਤੀ ਲੈਣ-ਦੇਣ ਵੀ ਕਰਨਾ ਹੁੰਦਾ ਹੈ। ਇਸ ਲਈ ਇਸ ਦਾ ਇੱਕ-ਇੱਕ ਸ਼ਬਦ ਸੋਚ-ਸਮਝ ਕੇ ਅਤੇ ਤੱਥਾਂ ਉੱਤੇ ਆਧਾਰਿਤ ਹੋਣਾ ਚਾਹੀਦਾ ਹੈ। ਕਿਸੇ ਝਗੜੇ ਦੀ ਹਾਲਤ ਵਿੱਚ ਇਸ ਨੂੰ ਕਚਹਿਰੀ ਵਿੱਚ ਇੱਕ ਸਬੂਤ ਵਜੋਂ ਵੀ ਪੇਸ਼ ਕੀਤਾ ਜਾ ਸਕਦਾ ਹੈ ਇਸ ਲਈ ਇਸ ਵਿੱਚ ਕੋਈ ਗ਼ਲਤ-ਬਿਆਨੀ ਜਾਂ ਅਸਪਸ਼ਟਤਾ ਦੀ ਗੁੰਜਾਇਸ਼ ਨਹੀਂ ਹੁੰਦੀ। ਇਸ ਦਾ ਆਕਾਰ ਭਾਵੇਂ ਨਿਸ਼ਚਿਤ ਨਹੀਂ ਹੁੰਦਾ ਫਿਰ ਵੀ ਇਸ ਵਿੱਚ ਵਾਧੂ ਵਿਸਤਾਰ ਲਈ ਕੋਈ ਗੁੰਜਾਇਸ਼ ਨਹੀਂ ਹੁੰਦੀ।

ਕਾਰ-ਵਿਹਾਰ ਦਾ ਪੱਤਰ ਭਾਵੇਂ ਰਸਮੀ ਢੰਗ ਨਾਲ਼ ਲਿਖਿਆ ਜਾਂਦਾ ਹੈ ਤਾਂ ਵੀ ਸਲੀਕਾ ਹੱਥੋਂ ਨਹੀਂ ਛੱਡਿਆ ਜਾਂਦਾ। ਅਜਿਹੇ ਪੱਤਰ ਦਾ ਮਨੋਰਥ ਕਾਰੋਬਾਰ ਦਾ ਵਾਧਾ ਕਰਨਾ ਜਾਂ ਕਿਸੇ ਖ਼ਰੀਦ-ਵੇਚ ਵਿੱਚ ਆਪਣਾ ਚੰਗਾ ਪ੍ਰਭਾਵ ਦੇਣਾ ਹੁੰਦਾ ਹੈ ਇਸ ਲਈ ਸ਼ਿਸ਼ਟਾਚਾਰ ਤੇ ਸਦਭਾਵਨਾ ਦਾ ਪ੍ਰਗਟਾਵਾ ਕਰਨ ਦੇ ਨਾਲ਼-ਨਾਲ਼ ਦੂਜੀ ਧਿਰ ਦਾ ਮਾਣ ਰੱਖਣ ਦੀ ਕੋਸ਼ਸ਼ ਕੀਤੀ ਜਾਂਦੀ ਹੈ।

ਨਿੱਜੀ ਪੱਤਰਾਂ ਵਾਂਗ ਕੋਈ ਭਾਵਕ ਸਾਂਝ ਕਾਰ-ਵਿਹਾਰ ਦੇ ਪੱਤਰ ਦਾ ਆਧਾਰ ਨਹੀਂ ਹੁੰਦੀ ਫਿਰ ਵੀ ਇਸ ਵੰਨਗੀ ਦੇ ਪੱਤਰ ਕਾਰੋਬਾਰੀ ਸੰਬੰਧਾਂ ਨੂੰ ਸਥਾਪਿਤ ਕਰਨ ਅਤੇ ਪੱਕਾ ਕਰਨ ਵੱਲ ਸੇਧਿਤ ਹੁੰਦੇ ਹਨ। ਇਸ ਲਈ ਕਾਰੋਬਾਰੀ ਪੱਤਰ ਵਿੱਚ ਇਹ ਪ੍ਰਭਾਵ ਦੇਣਾ ਹੁੰਦਾ ਹੈ ਕਿ ਜਿਸ ਕਾਰੋਬਾਰ ਦੇ ਸੰਬੰਧ ਵਿੱਚ ਇਹ ਪੱਤਰ ਹੈ, ਇਹ ਦੂਜੀ ਧਿਰ ਦੇ ਹਿਤ ਦੀ ਵੀ ਗੱਲ ਹੈ।

ਕਾਰ-ਵਿਹਾਰ ਦਾ ਪੱਤਰ ਬਿਨੈ-ਪੱਤਰ ਨਾਲ਼ੋਂ ਵੀ ਕੁਝ ਭਿੰਨ ਹੁੰਦਾ ਹੈ। ਬਿਨੈ-ਪੱਤਰ ਵਿੱਚ ਕਿਸੇ ਅਧਿਕਾਰ ਰੱਖਣ ਵਾਲ਼ੇ ਕੋਲ਼ ਬੇਨਤੀ ਕੀਤੀ ਜਾਂਦੀ ਹੈ। ਕਾਰ-ਵਿਹਾਰ ਦੇ ਪੱਤਰ ਵਿੱਚ ਬਰਾਬਰੀ ਦੇ ਭਾਵ ਨਾਲ਼ ਪਰਸਪਰ ਹਿਤਾਂ ਦੀ ਲੋਅ ਵਿੱਚ ਗੱਲ ਕੀਤੀ ਜਾਂਦੀ ਹੈ। ਬਿਨੈ-ਪੱਤਰ ਵਿੱਚ ਆਦਰ ਦੀ ਭਾਵਨਾ ਪ੍ਰਗਟਾਉਂਦੇ ਹੋਏ ਗੱਲ ਕੀਤੀ ਜਾਂਦੀ ਹੈ, ਕਾਰ-ਵਿਹਾਰ ਦੇ ਪੱਤਰ ਵਿੱਚ ਸਲੀਕੇ ਤੇ ਸ਼ਿਸ਼ਟਾਚਾਰ ਨਾਲ਼ ਗੱਲ ਕੀਤੀ ਜਾਂਦੀ ਹੈ।

ਕਾਰ-ਵਿਹਾਰ ਦੇ ਪੱਤਰ ਲਿਖਣਾ ਇੱਕ ਕਲਾ ਹੈ। ਇਸ ਲਈ ਪੱਤਰ ਦੇ ਮਨੋਰਥ ਬਾਰੇ ਸਪਸ਼ਟ ਹੋਣਾ, ਵਣਜ-ਵਪਾਰ ਦੀਆਂ ਜ਼ੁੰਮੇਵਾਰੀਆਂ ਤੋਂ ਜਾਣੂ ਹੋਣਾ ਅਤੇ ਭਾਸ਼ਾ ਦੀ ਵਰਤੋਂ ਚੰਗੀ ਤਰ੍ਹਾਂ ਕਰ ਸਕਣਾ ਜ਼ਰੂਰੀ ਹੈ।

ਸੰਖੇਪ ਵਿੱਚ, ਕਾਰ-ਵਿਹਾਰ ਦਾ ਪੱਤਰ ਬੜਾ ਸੰਖੇਪ, ਸਾਦਾ ਅਤੇ ਸਿੱਧਾ ਹੋਣਾ ਚਾਹੀਦਾ ਹੈ। ਇਸ ਵਿੱਚ ਸ਼ਿਸ਼ਟਾਚਾਰ ਹੋਣਾ ਚਾਹੀਦਾ ਹੈ। ਵਪਾਰ ਨੂੰ ਵਧਾਉਣ ਲਈ ਦੂਜੀ ਧਿਰ ਦਾ ਆਦਰ-ਸਤਿਕਾਰ ਬੜਾ ਜ਼ਰੂਰੀ ਹੈ। ਪੱਤਰ ਅਜਿਹਾ ਨਹੀਂ ਹੋਣਾ ਚਾਹੀਦਾ ਜਿਸ ਤੋਂ ਦੂਜੀ ਧਿਰ ਨੂੰ ਖਿਝ ਆਵੇ। ਕੋਈ ਗਾਹਕ ਚਾਹੇ ਕੌੜੀ ਜ਼ਬਾਨ ਵਰਤੇ ਪਰੰਤੂ ਇੱਕ ਵਪਾਰੀ ਲਈ ਅਜਿਹਾ ਕਰਨਾ ਅਯੋਗ ਮੰਨਿਆ ਜਾਂਦਾ ਹੈ। ਜੇਕਰ ਕੋਈ ਵਪਾਰੀ ਕਿਸੇ ਪ੍ਰਤਿ ਕੋਈ ਲਿਹਾਜ਼ ਨਹੀਂ ਵੀ ਕਰਨਾ ਚਾਹੁੰਦਾ ਤਾਂ ਵੀ ਉਸ ਨੂੰ ਆਪਣਾ ਉੱਤਰ ਸ਼ਿਸ਼ਟਾਚਾਰ ਵਾਲ਼ੀ ਭਾਸ਼ਾ ਵਿੱਚ ਦੇਣਾ ਚਾਹੀਦਾ ਹੈ। ਗਾਹਕ ਨੂੰ ਵੀ ਪੱਤਰ ਲਿਖਣ ਵੇਲ਼ੇ ਆਪਣੇ ਸ਼ਬਦਾਂ ਨੂੰ ਚੰਗੀ ਤਰ੍ਹਾਂ ਤੋਲਣਾ ਚਾਹੀਦਾ ਹੈ।

ਵਣਜ-ਵਪਾਰ ਦੇ ਪੱਤਰ ਕਈ ਪ੍ਰਕਾਰ ਦੇ ਹੋ ਸਕਦੇ ਹਨ। ਇਹਨਾਂ ਵਿੱਚ ਖ਼ਰੀਦ ਲਈ ਆਰਡਰ ਕਰਨਾ ਹੋ ਸਕਦਾ ਹੈ, ਪ੍ਰਾਪਤ ਕੀਤੇ ਮਾਲ ਦੇ ਖ਼ਰਾਬ ਜਾਂ ਦੋਸ਼ਪੂਰਨ ਹੋਣ ਦੀ ਸ਼ਿਕਾਇਤ ਹੋ ਸਕਦੀ ਹੈ ਅਤੇ

ਮਿਥੀਆਂ ਗਈਆਂ ਸ਼ਰਤਾਂ ਦੇ ਭੰਗ ਕੀਤੇ ਜਾਣ ਬਾਰੇ ਸੂਚਨਾ ਦਿੱਤੀ ਜਾ ਸਕਦੀ ਹੈ। ਇਸੇ ਪ੍ਰਕਾਰ ਲੈਣਦਾਰੀਆਂ ਪ੍ਰਾਪਤ ਕਰਨ, ਬੈਂਕਾਂ ਜਾਂ ਹੋਰ ਵਿੱਤੀ ਨਿਗਮਾਂ ਤੋਂ ਕਰਜ਼ੇ ਲੈਣ ਅਤੇ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇਣ ਲਈ ਚਿੱਠੀ-ਪੱਤਰ ਕੀਤੇ ਜਾਂਦੇ ਹਨ। ਜਿੰਨਾ ਵਪਾਰ ਦਾ ਖੇਤਰ ਵਧ ਰਿਹਾ ਹੈ, ਓਨਾ ਹੀ ਉਸ ਬਾਰੇ ਪੱਤਰ-ਵਿਹਾਰ ਦਾ ਖੇਤਰ ਫੈਲ ਰਿਹਾ ਹੈ।

ਵਪਾਰਿਕ ਪੱਤਰ ਲਿਖਣ ਲਈ ਵਿਦਿਆਰਥੀ ਨੂੰ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ :--

1. ਪੱਤਰ ਦੀ ਭਾਸ਼ਾ ਬੜੀ ਸਰਲ ਅਤੇ ਸਪਸ਼ਟ ਹੋਣੀ ਚਾਹੀਦੀ ਹੈ।
2. ਪੱਤਰ ਦਾ ਮਨੋਰਥ ਨਿਸ਼ਚਿਤ ਅਤੇ ਉੱਘੜਵਾਂ ਹੋਣਾ ਚਾਹੀਦਾ ਹੈ, ਇੱਧਰ- ਉੱਧਰ ਦੀ ਗੱਲ ਨਹੀਂ ਕਰਨੀ ਚਾਹੀਦੀ। ਜੇਕਰ ਇੱਕ ਤੋਂ ਵੱਧ ਵਿਸ਼ਿਆਂ ਬਾਰੇ ਗੱਲ ਕਰਨੀ ਹੈ ਤਾਂ ਇਸ ਲਈ ਵੱਖੋ-ਵੱਖਰੇ ਪੱਤਰ ਲਿਖੇ ਜਾਣੇ ਚਾਹੀਦੇ ਹਨ ਤਾਂਕਿ ਉਹਨਾਂ ਨੂੰ ਬਾਕਾਇਦਾ ਫ਼ਾਈਲਾਂ ਵਿੱਚ ਲਾਇਆ ਜਾ ਸਕੇ, ਨਹੀਂ ਤਾਂ ਉਹਨਾਂ ਦਾ ਠੀਕ ਹਵਾਲਾ ਲੱਭਣਾ ਔਖਾ ਹੋਵੇਗਾ। ਜੇਕਰ ਕਿਸੇ ਪੱਤਰ ਵਿੱਚ ਤੁਸੀਂ ਕੁਟੇਸ਼ਨਾਂ ਭੇਜ ਰਹੇ ਹੋ ਤਾਂ ਉਸ ਵਿੱਚ ਦਿੱਤੇ ਹੋਏ ਰੇਟ, ਗਿਣਤੀ ਅਤੇ ਮਿਣਤੀ ਆਦਿ ਦਾ ਪੂਰਾ ਵੇਰਵਾ ਦਿੱਤਾ ਹੋਣਾ ਚਾਹੀਦਾ ਹੈ। ਪਿੱਛੋਂ ਬਹਾਨੇਬਾਜ਼ੀ ਕਰਨਾ ਉਚਿਤ ਨਹੀਂ ਕਿਉਂਕਿ ਇਸ ਨਾਲ਼ ਵਪਾਰੀ ਦੀ ਸਾਖ 'ਤੇ ਅਸਰ ਪੈਂਦਾ ਹੈ।
3. ਵਪਾਰਿਕ ਪੱਤਰ ਵਿੱਚ ਲੁੜੀਂਦੇ ਤੱਥ ਅਤੇ ਕਾਗ਼ਜ਼-ਪੱਤਰ ਪੂਰੇ ਹੋਣੇ ਚਾਹੀਦੇ ਹਨ। ਸਪਲਾਈ ਕਰਨ ਦੀਆਂ ਸ਼ਰਤਾਂ, ਪਹੁੰਚ, ਪੈਕਿੰਗ ਆਦਿ ਬਾਰੇ ਸਪਸ਼ਟ ਗੱਲ ਕੀਤੀ ਜਾਣੀ ਚਾਹੀਦੀ ਹੈ।
4. ਵਪਾਰਿਕ ਪੱਤਰ ਵਿੱਚ ਵੱਧ ਤੋਂ ਵੱਧ ਨਿਮਰਤਾ ਅਤੇ ਸ਼ਿਸ਼ਟਾਚਾਰੀ ਦਾ ਪ੍ਰਮਾਣ ਹੋਣਾ ਚਾਹੀਦਾ ਹੈ। ਕਾਰ-ਵਿਹਾਰ ਦੇ ਪੱਤਰ ਵਿੱਚ ਕਿਸੇ ਕਿਸਮ ਦੀ ਦੇਰੀ ਨਹੀਂ ਹੋਣੀ ਚਾਹੀਦੀ। ਦੇਰ ਨਾਲ਼ ਉੱਤਰ ਦਿੱਤੇ ਜਾਣ ਉੱਤੇ ਵਪਾਰਿਕ ਸ਼ਰਤਾਂ ਵਿੱਚ ਫ਼ਰਕ ਆ ਸਕਦਾ ਹੈ।
5. ਪੱਤਰ ਵਿੱਚ ਸ਼ਬਦ-ਜੋੜਾਂ, ਵਿਸਰਾਮ-ਚਿੰਨ੍ਹਾਂ ਅਤੇ ਪੈਰਾ-ਵੰਡ ਦਾ ਵਿਸ਼ੇਸ਼ ਖ਼ਿਆਲ ਰੱਖਣਾ ਚਾਹੀਦਾ ਹੈ।
6. ਇੱਕ ਆਦਰਸ਼ ਕਾਰ-ਵਿਹਾਰੀ ਪੱਤਰ ਦੇ ਨਿਮਨ-ਲਿਖਤ ਅੰਗ ਹੁੰਦੇ ਹਨ:
   - (i) ਪੱਤਰ-ਵਿਹਾਰ ਕਰਨ ਵਾਲ਼ੇ ਵਿਅਕਤੀ/ਸੰਸਥਾ ਦਾ ਨਾਂ-ਪਤਾ,
     ਟੈਲੀਫ਼ੂਨ, ਮੋਬਾਈਲ, ਈ-ਮੇਲ ਨੰ: ਆਦਿ।
   - (ii) ਪੱਤਰ ਦਾ ਹਵਾਲਾ ਨੰ: ਅਤੇ ਮਿਤੀ।
   - (iii) ਜਿਸ ਨੂੰ ਪੱਤਰ ਲਿਖਣਾ ਹੈ, ਉਸ ਦਾ ਨਾਂ ਅਤੇ ਪੂਰਾ ਪਤਾ।
   - (iv) ਪੱਤਰ ਦਾ ਵਿਸ਼ਾ
   - (v) ਸੰਬੋਧਨੀ ਸ਼ਬਦ
   - (vi) ਪੱਤਰ ਦਾ ਸੰਦੇਸ਼ ਅਤੇ ਵਿਸਤਾਰ
   - (vii) ਦਸਖ਼ਤ ਤੋਂ ਪਹਿਲਾਂ ਸ਼ਿਸ਼ਟਾਚਾਰੀ ਸ਼ਬਦ
   - (viii) ਦਸਖ਼ਤ

ਅੱਗੇ ਅਸੀਂ ਕੁਝ ਕਾਰ-ਵਿਹਾਰੀ ਪੱਤਰਾਂ ਦੇ ਨਮੂਨੇ ਦੇ ਰਹੇ ਹਾਂ। ਵਿਦਿਆਰਥੀ ਇਹਨਾਂ ਨੂੰ ਪੜ੍ਹ ਕੇ ਅਜਿਹੇ ਹੋਰ ਪੱਤਰ ਲਿਖਣ ਦਾ ਅਭਿਆਸ ਕਰ ਸਕਦੇ ਹਨ।

**1. ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ। ਆਪਣੀ ਯੋਗਤਾ ਤੇ ਸਮਰੱਥਾ ਦੱਸਦੇ ਹੋਏ, ਕਿਸੇ ਨਜ਼ਦੀਕੀ ਬੈਂਕ ਤੋਂ ਸ੍ਵੈ-ਰੁਜ਼ਗਾਰ ਚਲਾਉਣ ਲਈ ਕਰਜ਼ਾ ਲੈਣ ਵਾਸਤੇ ਸ਼ਾਖਾ-ਪ੍ਰਬੰਧਕ ਨੂੰ ਪੱਤਰ ਲਿਖੋ।**

ਪਿੰਡ ਤੇ ਡਾਕ. ਬੰਗੀ ਨਿਹਾਲ ਸਿੰਘ,
ਜ਼ਿਲ੍ਹਾ ਬਠਿੰਡਾ।
ਹਵਾਲਾ ਨੰ. 4475
ਮਿਤੀ 30-07-2022.

ਸੇਵਾ ਵਿਖੇ

ਸ਼ਾਖਾ-ਪ੍ਰਬੰਧਕ ਸਾਹਿਬ,
ਸਟੇਟ ਬੈਂਕ ਆਫ਼ ਇੰਡੀਆ,
ਬੰਗੀ ਰੁਲਦੂ (ਬਠਿੰਡਾ)।

ਵਿਸ਼ਾ- ਸ੍ਵੈ-ਰੁਜ਼ਗਾਰ ਚਲਾਉਣ ਲਈ ਕਰਜ਼ਾ ਲੈਣ ਬਾਰੇ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਸੰਬੰਧ 'ਚ ਬੇਨਤੀ ਕੀਤੀ ਜਾਂਦੀ ਹੈ ਕਿ ਮੈਂ ਬਾਰ੍ਹਵੀਂ ਪਾਸ ਬੇਰੁਜ਼ਗਾਰ ਹਾਂ। ਮੈਂ ਸਰਕਾਰੀ ਨੌਕਰੀ ਦੀ ਪ੍ਰਾਪਤੀ ਦੀ ਥਾਂ ਡੇਅਰੀ-ਫ਼ਾਰਮਿੰਗ ਦੇ ਕਿੱਤੇ ਵਿੱਚ ਸ੍ਵੈ-ਰੁਜ਼ਗਾਰ ਹਾਸਲ ਕਰਨਾ ਚਾਹੁੰਦਾ ਹਾਂ। ਮੇਰੀ ਯੋਗਤਾ ਤੇ ਸਮਰੱਥਾ ਨਿਮਨ-ਲਿਖਤ ਅਨੁਸਾਰ ਹੈ :

(ੳ) ਮੈਂ ਬਾਰ੍ਹਵੀਂ ਜਮਾਤ ਪਾਸ ਕਰਨ ਉਪਰੰਤ ਕ੍ਰਿਸ਼ੀ-ਵਿਗਿਆਨ ਕੇਂਦਰ, ਬਠਿੰਡਾ ਤੋਂ ਪਸ਼ੂ-ਪਾਲਣ ਕਿੱਤੇ ਬਾਰੇ ਸਿਖਲਾਈ ਹਾਸਲ ਕੀਤੀ ਹੈ।

(ਅ) ਮੇਰੇ ਕੋਲ਼ ਪੰਜ ਏਕੜ ਜ਼ਮੀਨ ਹੈ ਜਿਸ 'ਤੇ ਪਸ਼ੂਆਂ ਲਈ ਹਰਾ ਚਾਰਾ ਬੀਜਿਆ ਜਾ ਸਕਦਾ ਹੈ।

(ੲ) ਸਾਡਾ ਘਰ ਖੇਤ ਵਿੱਚ ਬਣਿਆ ਹੋਇਆ ਹੈ ਅਤੇ ਇੱਥੇ ਹੀ ਲੋੜ ਅਨੁਸਾਰ ਪਸ਼ੂਆਂ ਲਈ ਸ਼ੈੱਡ ਆਦਿ ਬਣਾਏ ਜਾ ਸਕਦੇ ਹਨ।

(ਸ) ਥੋੜ੍ਹੀ-ਥੋੜ੍ਹੀ ਬੱਚਤ ਕਰਨ ਨਾਲ ਮੇਰੇ ਬੱਚਤ ਖਾਤੇ ਵਿੱਚ 1 ਲੱਖ ਰੁਪਏ ਜਮ੍ਹਾ ਹਨ। ਇਸ ਰਾਸ਼ੀ ਨੂੰ ਵੀ ਮੈਂ ਡੇਅਰੀ-ਫ਼ਾਰਮਿੰਗ ਦੇ ਕਿੱਤੇ 'ਚ ਲਾਉਣ ਲਈ ਤਿਆਰ ਹਾਂ।

(ਹ) ਸਾਡੇ ਘਰ ਵਿਖੇ ਡੰਗਰਾਂ ਲਈ ਤੂੜੀ ਸਾਂਭਣ ਲਈ ਪਹਿਲਾਂ ਹੀ ਦੋ ਵੱਡੇ ਕਮਰੇ ਬਣੇ ਹੋਏ ਹਨ ਜਿਨ੍ਹਾਂ ਵਿੱਚ ਲਗ-ਪਗ 300 ਕੁਇੰਟਲ ਤੂੜੀ ਦਾ ਭੰਡਾਰਨ ਕੀਤਾ ਜਾ ਸਕਦਾ ਹੈ।

(ਕ) ਸਾਡੇ ਪਿੰਡ ਤੇ ਆਸ-ਪਾਸ ਦੇ ਖੇਤਰ ਵਿੱਚ ਕੋਈ ਵੱਡਾ ਡੇਅਰੀ-ਪ੍ਰੋਸੈੱਸਿੰਗ ਯੂਨਿਟ ਨਹੀਂ ਜਿਸ ਕਰਕੇ ਇਹ ਕਿੱਤਾ ਸਫਲਤਾ ਸਹਿਤ ਚਲਾਇਆ ਜਾ ਸਕਦਾ ਹੈ।

ਕਿਰਪਾ ਕਰਕੇ ਦੱਸਿਆ ਜਾਵੇ ਕਿ ਡੇਅਰੀ ਫ਼ਾਰਮਿੰਗ ਦੇ ਖੇਤਰ 'ਚ ਸ੍ਵੈ- ਰੁਜ਼ਗਾਰ ਚਲਾਉਣ ਲਈ ਬੈਂਕ ਮੈਨੂੰ ਵੱਧ ਤੋਂ ਵੱਧ ਕਿੰਨਾ ਕਰਜ਼ਾ ਦੇ ਸਕਦਾ ਹੈ ? ਕਰਜ਼ਾ ਲੈਣ ਲਈ ਕਿਸ ਕਿਸਮ ਦੀ ਪ੍ਰਕਿਰਿਆ ਵਿੱਚੋਂ ਗੁਜ਼ਰਨਾ ਪਵੇਗਾ ? ਨਾਲ਼ ਇਹ ਵੀ ਦੱਸਿਆ ਜਾਵੇ ਕਿ ਵਿਆਜ-ਦਰ ਕਿੰਨੀ ਹੋਵੇਗੀ ਤੇ ਕਰਜ਼ਾ ਕਿੰਨੇ ਸਮੇਂ ਵਿੱਚ ਵਾਪਸ ਕਰਨਾ ਹੋਵੇਗਾ ? ਕਰਜ਼ਾ ਲੈਣ ਲਈ ਕਿਹੜੇ-ਕਿਹੜੇ ਦਸਤਾਵੇਜ਼ ਦੇਣੇ ਪੈਣਗੇ। ਬੈਂਕ ਵਿੱਚੋਂ ਦਿੱਤੀ ਜਾਂਦੀ ਸਬਸਿਡੀ ਬਾਰੇ ਵੀ ਖੋਲ੍ਹ ਕੇ ਦੱਸਿਆ ਜਾਵੇ।

ਧੰਨਵਾਦ ਸਹਿਤ,

ਆਪ ਜੀ ਦਾ ਹਿਤੂ,
ਸਿਕੰਦਰ ਸਿੰਘ।

**2. ਤੁਹਾਡੇ ਪਿੰਡ ਵਿੱਚ ਕਲੱਬ ਵੱਲੋਂ ਪੰਚਾਇਤ ਦੇ ਸਹਿਯੋਗ ਨਾਲ਼ ਪੁਸਤਕਾਲਾ ਖੋਲ੍ਹਿਆ ਜਾ ਰਿਹਾ ਹੈ। ਲਾਇਬ੍ਰੇਰੀਅਨ ਵੱਲੋਂ ਪੁਸਤਕਾਂ ਮੰਗਵਾਉਣ ਲਈ ਭਿੰਨ-ਭਿੰਨ ਪੁਸਤਕ-ਵਿਕਰੇਤਾਵਾਂ ਨੂੰ ਪੱਤਰ ਲਿਖੋ ਜਿਸ ਵਿੱਚ ਕੁਟੇਸ਼ਨਾਂ ਦੀ ਮੰਗ ਕੀਤੀ ਗਈ ਹੋਵੇ।**

ਪਿੰਡ ਤੇ ਡਾਕਖ਼ਾਨਾ ਪਪਰਾਲ਼ੀ,
ਜ਼ਿਲ੍ਹਾ ਰੂਪਨਗਰ।
ਹਵਾਲਾ ਨੰ. 30215,
ਮਿਤੀ 16-4-2022.

ਮੁੱਖ ਪ੍ਰਬੰਧਕ,
ਲੱਖੀ ਜੰਗਲ,
ਜਲੰਧਰ।

ਵਿਸ਼ਾ-ਲਾਇਬ੍ਰੇਰੀ-ਪੁਸਤਕਾਂ ਵਾਸਤੇ ਕੁਟੇਸ਼ਨਾਂ ਦੀ ਮੰਗ।

ਸ੍ਰੀਮਾਨ ਜੀ,

ਮੇਰੇ ਪਿੰਡ ਵਿਖੇ ਯੁਵਕ-ਭਲਾਈ ਕਲੱਬ ਵੱਲੋਂ ਪੰਚਾਇਤ ਦੇ ਸਹਿਯੋਗ ਨਾਲ਼ 'ਭਾਈ ਵੀਰ ਸਿੰਘ' ਲਾਇਬ੍ਰੇਰੀ ਖੋਲ੍ਹੀ ਗਈ ਹੈ। ਲਾਇਬ੍ਰੇਰੀ ਲਈ ਪੁਸਤਕਾਂ ਮੰਗਵਾਉਣ ਵਾਸਤੇ ਆਪ ਜੀ ਦੀ ਫ਼ਰਮ ਪਾਸੋਂ ਕੁਟੇਸ਼ਨਾਂ ਦੀ ਮੰਗ ਕੀਤੀ ਜਾਂਦੀ ਹੈ—

1. ਪੰਜਾਬੀ ਤੇ ਹਿੰਦੀ ਦੀਆਂ ਪੁਸਤਕਾਂ।
   (ਕਵਿਤਾ, ਨਾਵਲ, ਨਾਟਕ, ਇਕਾਂਗੀ, ਕਹਾਣੀ, ਜੀਵਨੀ ਆਦਿ)
2. ਆਮ ਵਾਕਫ਼ੀ ਨਾਲ਼ ਸੰਬੰਧਿਤ ਪੁਸਤਕਾਂ।
3. ਖੇਤੀ-ਬਾੜੀ ਤੇ ਸਹਾਇਕ ਕਿੱਤਿਆਂ ਨਾਲ਼ ਜੁੜੀਆਂ ਹੋਈਆਂ ਪੁਸਤਕਾਂ।
4. ਬਾਲ-ਸੰਭਾਲ਼, ਰਸੋਈ-ਸਿੱਖਿਆ, ਸਿਹਤ ਤੇ ਖੇਡਾਂ ਨਾਲ਼ ਸੰਬੰਧਿਤ ਪੁਸਤਕਾਂ।
5. ਸ਼ਬਦ-ਕੋਸ਼ ਤੇ ਹੋਰ ਹਵਾਲਾ-ਪੁਸਤਕਾਂ।
6. ਪੰਜਾਬੀ ਲੋਕ-ਸਾਹਿਤ ਨਾਲ਼ ਸੰਬੰਧਿਤ ਪੁਸਤਕਾਂ।
7. ਅੰਗਰੇਜ਼ੀ ਦੀਆਂ ਆਮ ਜਾਣਕਾਰੀ ਦੀਆਂ ਪੁਸਤਕਾਂ ਤੇ ਅੰਗਰੇਜ਼ੀ ਭਾਸ਼ਾ ਨੂੰ ਵਿਕਸਿਤ ਕਰਨ ਲਈ ਅਭਿਆਸੀ ਪੁਸਤਕਾਂ।

ਉਪਰੋਕਤ ਵੰਨਗੀਆਂ ਦੀਆਂ ਪੁਸਤਕਾਂ ਉੱਤੇ ਆਪਣੀ ਛੋਟ-ਦਰ 'ਪ੍ਰਤਿਸ਼ਤ' ਵਿੱਚ ਲਿਖੀ ਜਾਵੇ। ਕੁਟੇਸ਼ਨਾਂ 'ਤੇ ਫ਼ਰਮ ਦਾ ਨਾਂ ਤੇ ਪਤਾ ਜ਼ਰੂਰ ਛਪਿਆ ਹੋਵੇ ਤੇ ਦਸਖ਼ਤਾਂ ਸਮੇਤ ਮੋਹਰ ਲੱਗੀ ਹੋਣੀ ਚਾਹੀਦੀ ਹੈ। ਪੁਸਤਕ ਦਾ ਨਾਂ ਤੇ ਕੀਮਤ ਲਿਖਿਤ-ਰੂਪ 'ਚ ਸਪਸ਼ਟ ਹੋਣੀ ਚਾਹੀਦੀ ਹੈ। ਵੱਖ-ਵੱਖ ਫ਼ਰਮਾਂ ਤੋਂ ਕੁਟੇਸ਼ਨਾਂ ਲੈਣ ਉਪਰੰਤ ਜੇਕਰ ਆਪ ਨੂੰ ਸੇਵਾ ਦਾ ਮੌਕਾ ਦਿੱਤਾ ਗਿਆ ਤਾਂ ਸਾਰੀਆਂ ਪੁਸਤਕਾਂ ਸਾਫ਼-ਸੁਥਰੀਆਂ ਅਤੇ ਨਵੀਨਤਮ ਸੰਸਕਰਨਾਂ ਦੀਆਂ ਹੋਣੀਆਂ ਚਾਹੀਦੀਆਂ ਹਨ। ਕਿਸੇ ਵੀ ਪੁਸਤਕ ਦਾ ਮੁੱਲ ਚੇਪੀ ਲਾ ਕੇ ਜਾਂ ਕੱਟ ਕੇ ਨਾ ਵਧਾਇਆ ਹੋਵੇ। ਜੇ ਕਿਸੇ ਪੁਸਤਕ ਉੱਤੇ ਉਸ ਦਾ ਮੁੱਲ ਛਪਿਆ ਨਹੀਂ ਤਾਂ ਉਸ ਦਾ ਕੀਮਤ-ਸਬੂਤ ਦੇਣਾ ਪਵੇਗਾ। ਆਰਡਰ ਕੀਤੀਆਂ ਪੁਸਤਕਾਂ ਦੀ ਸਮੇਂ ਸਿਰ ਸਪਲਾਈ ਕਰਨੀ ਹੋਵੇਗੀ।

ਕਿਰਪਾ ਕਰਕੇ ਉਪਰੋਕਤ ਸ਼ਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਆਪਣੀਆਂ ਕੁਟੇਸ਼ਨਾਂ ਮਿਤੀ 30-5-2020 ਤੱਕ ਮੋਹਰਬੰਦ ਲਿਫ਼ਾਫ਼ੇ ਵਿੱਚ ਪਾ ਕੇ ਨਿਮਨ ਹਸਤਾਖਰੀ ਦੇ ਨਾਂ 'ਤੇ ਭੇਜੀਆਂ ਜਾਣ। ਇਸ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲ਼ੀਆਂ ਕੁਟੇਸ਼ਨਾਂ ਉੱਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਧੰਨਵਾਦ ਸਹਿਤ,

ਆਪ ਜੀ ਦਾ ਵਿਸ਼ਵਾਸਪਾਤਰ,

ਸੰਗਮ ਜੋਤ,

(ਲਾਇਬ੍ਰੇਰੀਅਨ)।

**3. ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਆਯੋਜਿਤ ਹੋਣ ਵਾਲ਼ੇ ਕਿਸੇ ਕਿਸਾਨ-ਮੇਲੇ ਵਿੱਚ ਆਪਣੀ ਸਟਾਲ ਲਾਉਣ ਲਈ ਮੇਲਾ-ਪ੍ਰਬੰਧਕਾਂ ਨੂੰ ਪੱਤਰ ਲਿਖੋ।**

ਪਿੰਡ ਤੇ ਡਾਕਖ਼ਾਨਾ ਸ਼ੇਖ਼ੂਪੁਰ,
ਜ਼ਿਲ੍ਹਾ ਪਟਿਆਲਾ।
ਹਵਾਲਾ ਨੰ. 34349,
ਮਿਤੀ 18-8-2022.

ਮੁੱਖ ਖੇਤੀ-ਬਾੜੀ ਅਫ਼ਸਰ,
ਖੇਤਰੀ ਖੋਜ-ਕੇਂਦਰ,
ਪਟਿਆਲ਼ਾ।

ਵਿਸ਼ਾ—ਕਿਸਾਨ-ਮੇਲੇ ਵਿੱਚ ਸਟਾਲ ਲਾਉਣ ਬਾਰੇ ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਪਟਿਆਲ਼ਾ ਵਿਖੇ ਮਿਤੀ 20-9-2022 ਨੂੰ ਕਿਸਾਨ-ਮੇਲਾ ਆਯੋਜਿਤ ਕੀਤਾ ਜਾ ਰਿਹਾ ਹੈ। ਮੈਂ ਇਸ ਮੇਲੇ ਵਿੱਚ ਆਪਣਾ ਸਟਾਲ ਲਾਉਣਾ ਚਾਹੁੰਦੀ ਹਾਂ ਜਿਸ ਵਿੱਚ ਨਿਮਨ-ਲਿਖਿਤ ਖਾਧ-ਪਦਾਰਥ ਸ਼ਾਮਲ ਹੋਣਗੇ:

(ੳ) ਮੈਂ ਆਪਣੇ ਹੱਥੀਂ ਘਰ ਅਚਾਰ ਤਿਆਰ ਕੀਤਾ ਹੈ ਜਿਸ ਵਿੱਚ ਅੰਬ, ਨਿੰਬੂ, ਮਿਰਚ ਅਤੇ ਮਿਕਸ-ਅਚਾਰ ਸ਼ਾਮਲ ਹੈ।

(ਅ) ਮੇਰੇ ਪਤੀ ਖੇਤੀ-ਬਾੜੀ ਦੇ ਨਾਲ਼-ਨਾਲ਼ ਮੱਖੀ-ਪਾਲਣ ਦਾ ਕੰਮ ਵੀ ਕਰਦੇ ਹਨ। ਸੋ, ਮੇਰੀ ਸਟਾਲ 'ਤੇ ਸ਼ੁੱਧ ਸ਼ਹਿਦ ਵੀ ਉਪਲਬਧ ਹੋਵੇਗਾ।

(ੲ) ਮੈਂ ਆਪਣੇ ਘਰ ਵਿਖੇ ਗੁਣਵੱਤਾ ਭਰਪੂਰ ਵੱਖ-ਵੱਖ ਭਾਂਤ ਦਾ ਮੁਰੱਬਾ ਤਿਆਰ ਕੀਤਾ ਹੈ ਜਿਹੜਾ ਕਿ ਸਟਾਲ ਰਾਹੀਂ ਵੀਰਾਂ-ਭੈਣਾਂ ਨੂੰ ਵੇਚਿਆ ਜਾਵੇਗਾ।

ਮੇਰੀ ਸਟਾਲ 'ਤੇ ਉਪਲਬਧ ਵਸਤਾਂ ਦੀ ਸ਼ੁੱਧਤਾ, ਮਿਆਰ, ਭਾਰ ਤੇ ਕੀਮਤ ਸੰਬੰਧੀ ਮੇਰੀ ਪੂਰਨ ਜ਼ੁੰਮੇਵਾਰੀ ਹੋਵੇਗੀ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਮੈਂ ਆਪਣੇ ਗੁਣਵੱਤਾ ਵਾਲ਼ੇ ਖਾਧ- ਪਦਾਰਥਾਂ ਕਰਕੇ ਕਈ ਥਾਂਵਾਂ ਤੋਂ ਸਨਮਾਨਿਤ ਵੀ ਹੋ ਚੁੱਕੀ ਹਾਂ।

ਕਿਰਪਾ ਕਰਕੇ ਮੈਨੂੰ ਦੱਸਿਆ ਜਾਵੇ ਕਿ ਕਿਸਾਨ ਮੇਲੇ 'ਚ ਸਟਾਲ ਦਾ ਕੀ ਆਕਾਰ ਹੋਵੇਗਾ। ਨਾਲ਼ੋ-ਨਾਲ਼ ਇਹ ਵੀ ਦੱਸਿਆ ਜਾਵੇ ਕਿ ਇਸ ਵਾਰ ਸਟਾਲ ਲਾਉਣ ਲਈ ਕਿੰਨੀ ਫ਼ੀਸ ਨਿਰਧਾਰਿਤ ਕੀਤੀ ਗਈ ਹੈ। ਸਟਾਲ ਦੀ ਸਥਿਤੀ ਕੀ ਹੋਵੇਗੀ? ਦੂਸਰੇ ਸ਼ਬਦਾਂ 'ਚ ਸਟਾਲ ਕਿਹੜੇ ਪਾਸੇ ਅਲਾਟ ਕੀਤਾ ਜਾਵੇਗਾ? ਕੀ ਸਟਾਲ 'ਤੇ ਪ੍ਰਚਾਰ-ਹਿਤ ਬੈਨਰ/ਬੋਰਡ ਵੀ ਲਾਏ ਜਾ ਸਕਦੇ ਹਨ? ਕਿਰਪਾ ਕਰਕੇ ਉਕਤ ਜਾਣਕਾਰੀ ਦਿੰਦੇ ਹੋਏ ਮੈਨੂੰ ਸਟਾਲ ਲਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ। ਮੈਂ ਆਪ ਜੀ ਦੇ ਦਫ਼ਤਰ ਦੇ ਨਿਯਮਾਂ ਦੀ ਪਾਬੰਦ ਹੋਵਾਂਗੀ ਅਤੇ ਨਾਲ਼ ਹੀ ਸਾਫ਼-ਸਫ਼ਾਈ ਦਾ ਪੂਰਾ ਧਿਆਨ ਵੀ ਰੱਖਿਆ ਜਾਵੇਗਾ।

ਧੰਨਵਾਦ ਸਹਿਤ,

ਆਪ ਜੀ ਦੀ ਵਿਸ਼ਵਾਸਪਾਤਰ,

ਭੁਪਿੰਦਰ ਕੌਰ।

**4. ਤੁਹਾਡੇ ਕਸਬੇ ਵਿੱਚ ਦੋ-ਪਹੀਆ ਵਾਹਨਾਂ ਦੀ ਮੰਗ ਦਿਨੋ-ਦਿਨ ਵਧ ਰਹੀ ਹੈ ਜਿਸ ਦੇ ਚੱਲਦਿਆਂ ਹੀਰੋ ਮੋਟਰਜ਼, ਦਿੱਲੀ ਤੋਂ ਏਜੰਸੀ ਲੈਣ ਲਈ ਆਪਣੀ ਯੋਗਤਾ ਤੇ ਸਮਰੱਥਾ ਦੱਸਦੇ ਹੋਏ ਪੱਤਰ ਲਿਖੋ।**

ਚੀਮਾ ਮੰਡੀ,<br>
ਜ਼ਿਲ੍ਹਾ ਸੰਗਰੂਰ।<br>
ਹਵਾਲਾ ਨੰ. 3315,<br>
ਮਿਤੀ 30-9-2022.

ਮੁੱਖ ਪ੍ਰਬੰਧਕ,<br>
ਹੀਰੋ ਮੋਟਰਜ਼,<br>
ਵਸੰਤ ਵਿਹਾਰ, ਨਵੀਂ ਦਿੱਲੀ।

ਵਿਸ਼ਾ—ਦੋ-ਪਹੀਆ ਵਾਹਨਾਂ ਦੀ ਏਜੰਸੀ ਲੈਣ ਬਾਰੇ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਸੰਬੰਧ 'ਚ ਬੇਨਤੀ ਕੀਤੀ ਜਾਂਦੀ ਹੈ ਕਿ ਸਾਡੇ ਇਲਾਕੇ ਵਿੱਚ ਤੁਹਾਡੀ ਕੰਪਨੀ ਦੇ ਬਣੇ ਦੋ-ਪਹੀਆਂ ਵਾਹਨਾਂ ਦੀ ਦਿਨੋ-ਦਿਨ ਮੰਗ ਵਧਦੀ ਜਾ ਰਹੀ ਹੈ ਜਿਸ ਕਰਕੇ ਮੈਂ ਸੋਚਦਾ ਹਾਂ ਕਿ ਮੇਰੇ ਕਸਬੇ ਵਿੱਚ 'ਹੀਰੋ ਬਾਈਕ' ਦੀ ਏਜੰਸੀ ਖੋਲ੍ਹੀ ਜਾਵੇ।

(ੳ) ਮੇਰੇ ਨਗਰ ਦੀ ਅਬਾਦੀ ਦਸ ਹਜ਼ਾਰ ਦੇ ਲਗ-ਪਗ ਹੈ।

(ਅ) ਕੋਈ ਹੋਰ ਸ਼ਹਿਰ ਜਾਂ ਮੰਡੀ ਇਸ ਕਸਬੇ ਦੇ ਨਜ਼ਦੀਕ ਨਹੀਂ ਜਿਸ ਕਰਕੇ ਨਵੀਂ ਏਜੰਸੀ ਖੁੱਲ੍ਹਣ ਨਾਲ਼ ਪਹਿਲਾਂ ਸਥਾਪਿਤ ਕਾਰੋਬਾਰ ਪ੍ਰਭਾਵਿਤ ਨਹੀਂ ਹੋਵੇਗਾ।

(ੲ) ਮੇਰੇ ਕੋਲ਼ ਏਜੰਸੀ ਖੋਲ੍ਹਣ ਲਈ ਮੁੱਖ ਸੜਕ 'ਤੇ ਦੋ ਕਨਾਲ਼ ਜ਼ਮੀਨ ਹੈ ਜਿਸ ਦੀ ਰਜਿਸਟਰੀ ਮੇਰੇ ਨਾਂ 'ਤੇ ਹੈ।

(ਸ) ਮੇਰੇ ਕੋਲ਼ ਬੱਚਤ-ਖਾਤੇ ਵਿੱਚ ਏਜੰਸੀ ਖੋਲ੍ਹਣ ਲਈ 10 ਲੱਖ ਰੁ: ਦੇ ਕਰੀਬ ਜਮ੍ਹਾ-ਰਾਸ਼ੀ ਹੈ।

(ਹ) ਮੇਰੀ ਵਿੱਦਿਅਕ ਯੋਗਤਾ ਐੱਮ. ਬੀ. ਏ., ਮਾਰਕੀਟਿੰਗ ਹੈ, ਜਿਸ ਕਰਕੇ ਗਾਹਕਾਂ ਨਾਲ਼ ਵਿਹਾਰ ਕਰਨ ਦੀ ਕੋਈ ਸਮੱਸਿਆ ਨਹੀਂ ਆਵੇਗੀ।

(ਕ) ਮੈਨੂੰ ਦੱਸਿਆ ਜਾਵੇ ਕਿ ਏਜੰਸੀ ਦੇਣ ਲਈ ਜਗ੍ਹਾ, ਸਕਿਉਰਟੀ ਆਦਿ ਲਈ ਕੰਪਨੀ ਦੀਆਂ ਕੀ-ਕੀ ਸ਼ਰਤਾਂ ਹਨ ?

ਕਿਰਪਾ ਕਰਕੇ ਛਾਣ-ਬੀਣ ਕਰਨ ਉਪਰੰਤ ਮੈਨੂੰ ਏਜੰਸੀ ਦੇਣ ਦੀ ਮਿਹਰਬਾਨੀ ਕੀਤੀ ਜਾਵੇ, ਮੈਂ ਕੰਪਨੀ ਦੇ ਨਿਯਮਾਂ ਦਾ ਪੂਰਨ ਪਾਬੰਦ ਹੋਵਾਂਗਾ।

ਧੰਨਵਾਦ ਸਹਿਤ,

ਆਪ ਜੀ ਦਾ ਹਿਤੂ,

ਸ਼ਾਹ ਮੁਹੰਮਦ।

**5. ਮੈਸਰਜ਼ ਗਰਗ ਫੋਟੋਸਟੇਟ ਹਾਊਸ, ਸ੍ਰੀ ਅੰਮ੍ਰਿਤਸਰ ਸਾਹਿਬ ਨੇ ਮੈਸਰਜ਼ ਮਾਡਰਨ ਇੰਜੀਨੀਅਰਜ਼ ਤਕਨਾਲੋਜੀ, ਲੁਧਿਆਣਾ ਨੂੰ ਇੱਕ ਫੋਟੋਸਟੇਟ ਮਸ਼ੀਨ ਦੇ ਆਰਡਰ ਦਿੱਤਾ ਸੀ। ਮਸ਼ੀਨ ਮਿਲਣ 'ਤੇ ਪਤਾ ਲੱਗਾ ਕਿ ਮਸ਼ੀਨ ਠੀਕ ਨਹੀਂ, ਫੋਟੋਸਟੇਟ ਕਾਪੀ ਸਾਫ਼ ਨਹੀਂ ਕੱਢਦੀ। ਇਸ ਮਸ਼ੀਨ ਨੂੰ ਠੀਕ ਕਰਵਾਉਣ ਬਾਰੇ ਪੱਤਰ ਲਿਖੋ।**

ਮੈਸਰਜ਼ ਗਰਗ ਫੋਟੋਸਟੇਟ ਹਾਊਸ,
ਮਾਲ ਰੋਡ,
ਸ੍ਰੀ ਅੰਮ੍ਰਿਤਸਰ ਸਾਹਿਬ।
ਹਵਾਲਾ ਨੰ. 152,
ਮਿਤੀ 23-8-2022.

ਮੈਸਰਜ਼ ਮਾਡਰਨ ਇੰਜੀਨੀਅਰਜ਼ ਤਕਨਾਲੋਜੀ,
ਨੇੜੇ ਬੱਸ-ਸਟੈਂਡ, ਲੁਧਿਆਣਾ।

ਵਿਸ਼ਾ- ਫੋਟੋਸਟੈਟ ਮਸ਼ੀਨ ਦੇ ਨੁਕਸ ਬਾਰੇ।

ਸ੍ਰੀਮਾਨ ਜੀ,

ਸਾਡੇ ਆਰਡਰ ਨੰ: 705 ਮਿਤੀ 20-7-2022 ਦੇ ਸੰਬੰਧ ਵਿੱਚ ਤੁਹਾਡੇ ਪ੍ਰਤਿਨਿਧ ਦੁਆਰਾ ਸਾਡੀ ਫ਼ਰਮ ਵਿੱਚ ਫੋਟੋਸਟੈਟ ਮਸ਼ੀਨ ਭੇਜੀ ਗਈ ਹੈ। ਇਸ ਸੰਬੰਧ 'ਚ 35000 ਰਾਸ਼ੀ ਦਾ ਭੁਗਤਾਨ, ਡ੍ਰਾਫ਼ਟ ਨੰ. 35315, ਮਿਤੀ 14-8-2022 ਸਟੇਟ ਬੈਂਕ ਆਫ਼ ਇੰਡੀਆ ਰਾਹੀਂ ਕਰ ਦਿੱਤਾ ਗਿਆ ਹੈ। ਪਰੰਤੂ ਸਾਡੇ ਧਿਆਨ ਵਿੱਚ ਆਇਆ ਹੈ ਕਿ ਫੋਟੋਸਟੈਟ ਮਸ਼ੀਨ ਕਾਪੀਆਂ ਧੁੰਦਲੀਆਂ ਕਰਦੀ ਹੈ, ਕਈ ਵਾਰ ਕਾਗਜ਼ 'ਤੇ ਕਾਲ਼ੇ-ਕਾਲ਼ੇ ਧੱਬੇ ਵੀ ਵਿਖਾਈ ਦਿੰਦੇ ਹਨ। ਵੱਡੀ ਗਿਣਤੀ ਵਿੱਚ ਕਾਪੀਆਂ ਫੋਟੋਸਟੈਟ ਕਰਦਿਆਂ ਕਾਗ਼ਜ਼ ਅੰਦਰ ਫਸ ਜਾਂਦਾ ਹੈ। ਅਸੀਂ ਇਸ ਵਿੱਚ ਸਿਆਹੀ ਦਾ ਪੱਧਰ ਵੀ ਵੇਖ ਲਿਆ ਹੈ ਜੋਕਿ ਠੀਕ-ਠਾਕ ਹੈ। ਮਸ਼ੀਨ ਦੀ ਖ਼ਰਾਬੀ ਕਾਰਨ ਸਾਡੇ ਕਾਰੋਬਾਰ ਦਾ ਨੁਕਸਾਨ ਹੋ ਰਿਹਾ ਹੈ।

ਮਸ਼ੀਨ ਇੱਕ ਸਾਲ ਲਈ ਵਰੰਟੀ ਅਧੀਨ ਹੈ। ਕਿਰਪਾ ਕਰਕੇ ਜਲਦੀ ਹੀ ਆਪਣੇ ਇੰਜੀਨੀਅਰ ਨੂੰ ਭੇਜ ਕੇ ਫੋਟੋਸਟੈਟ ਮਸ਼ੀਨ ਦਾ ਨੁਕਸ ਦੂਰ ਕਰਵਾਇਆ ਜਾਵੇ। ਕਿਰਪਾ ਕਰਕੇ ਸਾਡੇ ਦੁਆਰਾ ਦੱਸੀ ਗਈ ਸਮੱਸਿਆ ਨੂੰ ਸਮਝਦੇ ਹੋਏ ਇੰਜੀਨੀਅਰ ਲੁੜੀਂਦਾ ਸਮਾਨ ਆਪਣੇ ਨਾਲ਼ ਲੈ ਕੇ ਆਵੇ ਤਾਂਜੋ ਵਾਧੂ ਖ਼ਰਚ, ਖੇਚਲ਼ ਤੇ ਸਮੇਂ ਦੀ ਬਰਬਾਦੀ ਤੋਂ ਬਚਿਆ ਜਾ ਸਕੇ।

ਧੰਨਵਾਦ ਸਹਿਤ,

ਆਪ ਜੀ ਦਾ ਵਿਸ਼ਵਾਸਪਾਤਰ,

ਜਗਦੀਸ਼ ਕੁਮਾਰ ਗਰਗ।

**6. ਤੁਸੀਂ ਵੇਰਕਾ ਮਿਲਕ-ਪਲਾਂਟ ਦੇ ਉਤਪਾਦ ਵੇਚਣ ਦਾ ਕਾਰੋਬਾਰ ਆਪਣੇ ਇਲਾਕੇ ਵਿੱਚ ਕਰਨਾ ਚਾਹੁੰਦੇ ਹੋ। ਇਸ ਬਾਰੇ ਵੇਰਕਾ ਦੇ ਵੱਖ-ਵੱਖ ਉਤਪਾਦਾਂ ਆਦਿ ਦੀ ਜਾਣਕਾਰੀ ਲੈਣ ਹਿਤ ਨੇੜਲੇ ਵੇਰਕਾ ਮਿਲਕ-ਪਲਾਂਟ ਦੇ ਮੈਨੇਜਰ ਨੂੰ ਪੱਤਰ ਲਿਖੋ।**

ਸ਼ਾਹਕੋਟ,
ਜ਼ਿਲ੍ਹਾ ਜਲੰਧਰ।
ਹਵਾਲਾ ਨੰ. 44988,
ਮਿਤੀ 4-12-2022.

ਮੈਨੇਜਰ ਸਾਹਿਬ,
ਵੇਰਕਾ ਮਿਲਕ-ਪਲਾਂਟ,
ਜਲੰਧਰ।

ਵਿਸ਼ਾ—ਵੇਰਕਾ ਦੇ ਉਤਪਾਦ ਵੇਚਣ ਦਾ ਕਾਰੋਬਾਰ ਕਰਨ ਬਾਰੇ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਸੰਬੰਧ 'ਚ ਬੇਨਤੀ ਕੀਤੀ ਜਾਂਦੀ ਹੈ ਕਿ ਮੇਰੀ ਵਿੱਦਿਅਕ ਯੋਗਤਾ ਬੀ. ਕਾਮ ਹੈ। ਮੈਂ ਸਰਕਾਰੀ ਨੌਕਰੀਆਂ ਦੀ ਦੌੜ ਵਿੱਚ ਸ਼ਾਮਲ ਹੋਣ ਦੀ ਥਾਂ ਆਪਣਾ ਕਾਰੋਬਾਰ ਕਰਨ ਦੀ ਇੱਛਾ ਰੱਖਦਾ ਹਾਂ। ਮੈਂ ਦੇਖਦਾ ਹਾਂ ਕਿ ਸਾਡੇ ਆਲੇ-ਦੁਆਲੇ ਦੁੱਧ ਤੇ ਦੁੱਧ ਤੋਂ ਬਣੇ ਘਟੀਆ ਉਤਪਾਦਾਂ ਦੀ ਭਰਮਾਰ ਕਾਰਨ ਮਨੁੱਖੀ ਸਿਹਤ ਨਾਲ਼ ਖਿਲਵਾੜ ਹੋ ਰਿਹਾ ਹੈ। ਇਸ ਕਰਕੇ ਮੈਂ ਵੇਰਕਾ ਦੇ ਮਿਆਰੀ ਉਤਪਾਦਾਂ ਦੇ ਕਾਰੋਬਾਰ ਨਾਲ਼ ਜੁੜ ਕੇ ਲੋਕਾਂ ਦੀ ਸੇਵਾ ਕਰਨੀ ਚਾਹੁੰਦਾ ਹਾਂ।

ਕਿਰਪਾ ਕਰਕੇ ਮੈਨੂੰ ਦੱਸਿਆ ਜਾਵੇ ਕਿ ਵੇਰਕਾ ਦੇ ਉਤਪਾਦਾਂ ਦਾ ਕਾਰੋਬਾਰ ਕਰਨ ਸੰਬੰਧੀ ਪੰਜਾਬ ਮਿਲਕਫ਼ੈੱਡ ਦੀਆਂ ਕੀ-ਕੀ ਸ਼ਰਤਾਂ ਹਨ ? ਇਹ ਵੀ ਦੱਸਿਆ ਜਾਵੇ ਕਿ ਵੇਰਕਾ ਦੇ ਵੱਖ-ਵੱਖ ਉਤਪਾਦ, ਜਿਵੇਂ; ਦੁੱਧ, ਦਹੀਂ, ਲੱਸੀ, ਮੱਖਣ, ਘਿਓ, ਪਾਊਡਰ, ਆਈਸ-ਕ੍ਰੀਮ ਤੇ ਪਨੀਰ ਆਦਿ ਕਿਹੜੀ-ਕਿਹੜੀ ਪੈਕਿੰਗ ਤੇ ਕੀਮਤਾਂ 'ਚ ਉਪਲਬਧ ਹੋਣਗੇ। ਭੁਗਤਾਨ ਕਿਸ ਤਰੀਕੇ ਨਾਲ਼ ਕਰਨਾ ਹੋਵੇਗਾ ਤੇ ਢੋਆ-ਢੁਆਈ ਦਾ ਕੀ ਪ੍ਰਬੰਧ ਹੋਵੇਗਾ ? ਮੈਨੂੰ ਉਮੀਦ ਹੈ ਕਿ ਆਪ ਜੀ ਵਿਸਤਾਰ 'ਚ ਜਾਣਕਾਰੀ ਪ੍ਰਦਾਨ ਕਰਕੇ ਧੰਨਵਾਦ ਦਾ ਪਾਤਰ ਬਣਾਓਗੇ।

ਧੰਨਵਾਦ ਸਹਿਤ,

ਆਪ ਜੀ ਦਾ ਹਿਤੂ,
ਦਲੀਪ ਸਿੰਘ।

**7. ਗੋਇਲ ਕਰਿਆਨਾ ਸਟੋਰ, ਗੁਰਦਾਸਪੁਰ ਨੇ ਮੈਸਰਜ਼ ਆਰਗੈਨਿਕ ਫ਼ੂਡ ਲਿਮਟਿਡ, ਹੁਸ਼ਿਆਰਪੁਰ ਤੋਂ ਕੁਝ ਕਰਿਆਨੇ ਦਾ ਸਮਾਨ ਮੰਗਵਾਇਆ ਸੀ ਜਿਹੜਾ ਕਿ ਠੀਕ-ਠਾਕ ਪਹੁੰਚ ਗਿਆ ਹੈ। ਪੱਤਰ ਲਿਖ ਕੇ ਉਕਤ ਫ਼ਰਮ ਦਾ ਧੰਨਵਾਦ ਕਰਨ ਦੇ ਨਾਲ਼-ਨਾਲ਼ ਬਣਦਾ ਭੁਗਤਾਨ ਕਰੋ।**

ਗੋਇਲ ਕਰਿਆਨਾ ਸਟੋਰ,
ਨੇੜੇ ਬੱਸ-ਅੱਡਾ,
ਗੁਰਦਾਸਪੁਰ।
ਹਵਾਲਾ ਨੰ. 82152.
ਮਿਤੀ 30-7-2022.

ਮੈਸਰਜ਼ ਆਰਗੈਨਿਕ ਫ਼ੂਡ ਲਿਮਟਿਡ,

ਫਗਵਾੜਾ ਰੋਡ,

ਹੁਸ਼ਿਆਰਪੁਰ।

**ਵਿਸ਼ਾ: ਕਰਿਆਨੇ ਦਾ ਸਮਾਨ ਠੀਕ ਢੰਗ ਨਾਲ਼ ਪਹੁੰਚਣ ਲਈ ਧੰਨਵਾਦ ਤੇ ਭੁਗਤਾਨ ਕਰਨ ਬਾਰੇ।**

ਸ੍ਰੀਮਾਨ ਜੀ,

ਅਸੀਂ ਆਪ ਜੀ ਨੂੰ ਮਿਤੀ 10-7-2022 ਨੂੰ ਹਵਾਲਾ ਨੰ. 82152 ਤਹਿਤ ਕਰਿਆਨੇ ਦਾ ਸਮਾਨ ਮੰਗਵਾਉਣ ਲਈ ਪੱਤਰ ਲਿਖਿਆ ਸੀ।

ਆਪ ਜੀ ਦੁਆਰਾ ਸਾਡੇ ਆਰਡਰ ਅਨੁਸਾਰ 4 ਕੁਇੰਟਲ ਗੁੜ, 100 ਲੀਟਰ ਸਰ੍ਹੋਂ ਦਾ ਤੇਲ, 90 ਕਿੱਲੋਗ੍ਰਾਮ ਹਲਦੀ, 50 ਕਿੱਲੋਗ੍ਰਾਮ ਪੀਸੀ ਹੋਈ ਮਿਰਚ, 80 ਕਿੱਲੋਗ੍ਰਾਮ ਧਨੀਆਂ, 4 ਕਿੱਲੋਗ੍ਰਾਮ ਸੌਂਫ, 4 ਕੁਇੰਟਲ ਆਟਾ, 50 ਕਿੱਲੋਗ੍ਰਾਮ ਧੋਤੀ ਮੂੰਗੀ, 40 ਕਿੱਲੋਗ੍ਰਾਮ ਕਾਲ਼ੇ ਛੋਲੇ, 30 ਕਿੱਲੋਗ੍ਰਾਮ ਰਾਜਮਾਂਹ, 35 ਕਿੱਲੋਗ੍ਰਾਮ ਸ਼ੁੱਧ ਦੇਸੀ ਘਿਓ, 25 ਕਿੱਲੋਗ੍ਰਾਮ ਮਿਕਸ ਅਚਾਰ, 10 ਕਿੱਲੋਗ੍ਰਾਮ ਔਲ਼ੇ ਦਾ ਮੁਰੱਬਾ ਅਤੇ 30 ਕਿੱਲੋਗ੍ਰਾਮ ਵੇਸਣ ਠੀਕ ਢੰਗ ਨਾਲ਼ ਪਹੁੰਚ ਗਿਆ ਹੈ। ਇਸ ਪੱਤਰ ਦੇ ਨਾਲ਼ ਆਪ ਜੀ ਨੂੰ ਬਣਦਾ ਭੁਗਤਾਨ ਬੈਂਕ-ਡ੍ਰਾਫ਼ਟ ਰਾਹੀਂ ਕਰ ਰਹੇ ਹਾਂ। ਆਪ ਜੀ ਦੁਆਰਾ ਭੇਜੇ ਗਏ ਉਤਪਾਦ, ਵਜ਼ਨ ਬਿਲਕੁਲ ਠੀਕ ਹਨ। ਸ਼ੁੱਧਤਾ ਕਰਕੇ ਖਪਤਕਾਰਾਂ ਵੱਲੋਂ ਭਰਵਾਂ ਹੁੰਘਾਰਾ ਮਿਲ਼ ਰਿਹਾ ਹੈ।

ਆਪ ਜੀ ਦਾ ਆਰਡਰ ਅਨੁਸਾਰ ਠੀਕ ਸਮੇਂ ਉਤਪਾਦ ਭੇਜਣ ਲਈ ਬਹੁਤ-ਬਹੁਤ ਧੰਨਵਾਦ। ਆਸ ਕਰਦੇ ਹਾਂ ਕਿ ਆਪ ਜੀ ਭਵਿਖ ਵਿੱਚ ਵੀ ਇਸੇ ਤਰ੍ਹਾਂ ਆਪਣੀਆਂ ਸੇਵਾਵਾਂ ਪ੍ਰਦਾਨ ਕਰਦੇ ਰਹੋਗੇ।

ਧੰਨਵਾਦ ਸਹਿਤ,

ਆਪ ਜੀ ਦਾ ਵਿਸ਼ਵਾਸਪਾਤਰ,

ਅਸ਼ੋਕ ਕੁਮਾਰ, ਦੀਨਾ ਨਾਥ।

## ਪਾਠ-ਅਭਿਆਸ

1. ਤੁਸੀਂ ਇੱਕ ਪੜ੍ਹੇ-ਲਿਖੇ ਕਿਸਾਨ ਹੋ। ਆਪਣੇ ਜ਼ਿਲ੍ਹੇ ਦੇ ਕ੍ਰਿਸ਼ੀ ਵਿਗਿਆਨ-ਕੇਂਦਰ ਨੂੰ ਖੇਤੀ-ਬਾੜੀ ਸਹਾਇਕ ਧੰਦਿਆਂ ਬਾਰੇ ਸਿਖਲਾਈ-ਕੋਰਸ ਕਰਨ ਲਈ ਪੱਤਰ ਲਿਖੋ।
2. ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਸੂਚਨਾ ਅਧਿਕਾਰੀ ਨੂੰ ਪੱਤਰ ਲਿਖੋ ਜਿਸ ਵਿੱਚ ਸਾਉਣੀ ਦੀਆਂ ਫ਼ਸਲਾਂ ਦੇ ਬੀਜਾਂ ਦੀ ਉਪਲਬਧਤਾ, ਸਿਖਲਾਈ-ਪ੍ਰੋਗਰਾਮਾਂ, ਖੇਤੀ-ਬਾੜੀ ਸਾਹਿਤ, ਸਾਉਣੀ ਦੀਆਂ ਫ਼ਸਲਾਂ ਦੇ ਸੰਭਾਵਿਤ ਰੋਗਾਂ 'ਤੇ ਰੋਕ-ਥਾਮ ਆਦਿ ਬਾਰੇ ਜਾਣਕਾਰੀ ਦੀ ਮੰਗ ਕਰੋ।
3. ਤੁਹਾਡਾ ਕਾਰੋਬਾਰ ਸ਼ੇਅਰ-ਬਜ਼ਾਰ ਨਾਲ਼ ਜੁੜਿਆ ਹੋਇਆ ਹੈ ਅਤੇ ਕਾਰੋਬਾਰ ਲਈ ਤੁਹਾਨੂੰ ਰੋਜ਼ਾਨਾ ਮੋਬਾਈਲ ਦੀ ਵਰਤੋਂ ਕਰਨੀ ਪੈ ਰਹੀ ਹੈ ਪਰ ਤੁਸੀਂ ਭਾਰਤ ਸੰਚਾਰ ਨਿਗਮ ਲਿਮਟਿਡ ਦੀ ਨੈੱਟਵਰਕ ਸੇਵਾ ਕਰਕੇ ਦਿੱਕਤ ਮਹਿਸੂਸ ਕਰ ਰਹੇ ਹੋ। ਹਾਲਾਤ ਤੋਂ ਜਾਣੂ ਕਰਵਾਉਂਦੇ ਹੋਏ ਆਪਣੇ ਇਲਾਕੇ ਦੇ ਸੰਬੰਧਿਤ ਅਧਿਕਾਰੀ ਨੂੰ ਪੱਤਰ ਲਿਖ ਕੇ ਇਸ ਪਾਸੇ ਸੁਧਾਰ ਕਰਨ ਲਈ ਆਖੋ।

4. ਤੁਹਾਡੇ ਸਕੂਲ ਵਿੱਚ ਸਰਕਾਰ ਵੱਲੋਂ ਵਿਦਿਆਰਥੀਆਂ ਦੀ ਯੂਨੀਫ਼ਾਰਮ ਖ਼ਰੀਦਣ ਲਈ ਗ੍ਰਾਂਟ ਆਈ ਹੈ। ਵੇਰਵੇ ਦੱਸਦੇ ਹੋਏ ਕਿਸੇ ਫ਼ਰਮ ਤੋਂ ਕੁਟੇਸ਼ਨ ਦੀ ਮੰਗ ਕਰੋ।

5. ਤੁਸੀਂ ਆਪਣੇ ਕੈੜੇ ਲਈ ਕਿਸੇ ਕੰਪਨੀ ਦਾ ਕੰਪਿਊਟਰ 'ਸੰਗਮ ਕੰਪਿਊਟਰਜ਼', ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ ਖ਼ਰੀਦਿਆ ਸੀ। ਕੰਪਿਊਟਰ 'ਚ ਆਈਆਂ ਖ਼ਰਾਬੀਆਂ ਬਾਰੇ ਉਕਤ ਫ਼ਰਮ ਨੂੰ ਪੱਤਰ ਲਿਖੋ।

6. ਤੁਸੀਂ ਮੱਛੀ-ਪਾਲਣ ਦਾ ਕਾਰੋਬਾਰ ਕਰਨਾ ਚਾਹੁੰਦੇ ਹੋ। ਆਪਣੇ ਜ਼ਿਲ੍ਹੇ ਦੇ ਮੱਛੀ-ਪਾਲਣ ਅਫ਼ਸਰ ਨੂੰ ਆਪਣੀ ਯੋਗਤਾ ਦੱਸਦੇ ਹੋਏ ਸਰਕਾਰ ਵੱਲੋਂ ਮਿਲ਼ਦੀ ਸਬਸਿਡੀ ਤੇ ਹੋਰ ਸਹੂਲਤਾਂ ਬਾਰੇ ਪੱਤਰ ਰਾਹੀਂ ਜਾਣਕਾਰੀ ਦੀ ਮੰਗ ਕਰੋ।

7. ਆਪਣੇ ਜ਼ਿਲ੍ਹੇ ਦੇ ਆਮਦਨ-ਕਰ ਅਧਿਕਾਰੀ ਨੂੰ ਪੱਤਰ ਲਿਖੋ ਜਿਸ ਵਿੱਚ ਤੁਹਾਡੇ ਵੱਲੋਂ ਵੱਧ ਜਮ੍ਹਾ ਕਰਵਾਇਆ ਗਿਆ ਟੈੱਕਸ ਵਾਪਸ ਕਰਨ ਲਈ ਬੇਨਤੀ ਕੀਤੀ ਗਈ ਹੋਵੇ।

8. ਤੁਹਾਡੀ ਹੁਸ਼ਿਆਰਪੁਰ ਵਿਖੇ ਆੜ੍ਹਤ ਦੀ ਦੁਕਾਨ ਹੈ। ਸਮੇਂ ਤੇ ਊਰਜਾ ਦੀ ਬੱਚਤ ਲਈ ਨੇੜਲੇ ਬੈਂਕ-ਮੈਨੇਜਰ ਨੂੰ ਮੋਬਾਈਲ-ਬੈਂਕਿੰਗ, ਨੈੱਟ- ਬੈਂਕਿੰਗ ਤੇ ਐੱਸ.ਐੱਮ.ਐੱਸ. ਅਲਰਟ ਸੇਵਾ ਸ਼ੁਰੂ ਕਰਨ ਲਈ ਪੱਤਰ ਲਿਖੋ।

9. ਤੁਸੀਂ ਪਿੰਡ ਦੀਆਂ ਕੁਝ ਗ੍ਰਹਿਣੀਆਂ 'ਸੈਲਫ਼-ਹੈੱਲਪ' ਗਰੁੱਪ ਸ਼ੁਰੂ ਕਰਨ ਲਈ ਇਛੁੱਕ ਹੋ। ਇਸ ਬਾਰੇ ਜਾਣਕਾਰੀ ਲੈਣ ਲਈ ਜ਼ਿਲ੍ਹੇ ਦੇ ਡਿਪਟੀ ਰਜਿਸਟਰਾਰ, ਸਹਿਕਾਰੀ ਸਭਾਵਾਂ ਨੂੰ ਪੱਤਰ ਲਿਖੋ।

10. ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ। ਭਾਰਤ ਜੀਵਨ-ਬੀਮਾ ਨਿਗਮ ਨੂੰ ਆਪਣੀ ਯੋਗਤਾ ਦੱਸਦੇ ਹੋਏ ਬੀਮਾ-ਏਜੰਟ ਬਣਨ ਲਈ ਪੱਤਰ ਲਿਖੋ।

11. ਤੁਸੀਂ ਇੱਕ ਸਧਾਰਨ ਕਿਸਾਨ ਦੇ ਪੁੱਤਰ ਹੋ, ਤੁਸੀਂ ਕਰਜ਼ਾ ਲੈ ਕੇ ਦੁੱਧ ਢੋਣ ਲਈ ਟੈਂਕਰ ਖ਼ਰੀਦਿਆ ਹੈ। ਆਪਣੇ ਨੇੜੇ ਦੇ ਮਿਲਕ-ਪਲਾਂਟ ਮੈਨੇਜਰ ਨੂੰ ਚਿੱਠੀ ਲਿਖੋ ਜਿਸ ਵਿੱਚ ਤੁਸੀਂ ਦੁੱਧ-ਇਕੱਤਰ ਕੇਂਦਰਾਂ ਤੋਂ ਮਿਲਕ-ਪਲਾਂਟ ਤੱਕ ਦੁੱਧ ਦੀ ਢੁਆਈ ਲਈ ਆਪਣੀ ਪੇਸ਼ਕਸ਼ ਕਰਦੇ ਹੋਏ ਇਸ ਸੰਬੰਧੀ ਉਹਨਾਂ ਦੇ ਰੇਟਾਂ, ਨਿਯਮਾਂ ਤੇ ਸ਼ਰਤਾਂ ਦੀ ਮੰਗ ਕਰੋ।

# 2. ਸੰਖੇਪ ਰਚਨਾ

ਸੰਖੇਪ ਰਚਨਾ ਨੂੰ ਅੰਗਰੇਜ਼ੀ ਵਿੱਚ ਪ੍ਰੈਸੀ (precis) ਆਖਦੇ ਹਨ। ਭਾਸ਼ਾ ਦੀ ਪੜ੍ਹਾਈ ਵਿੱਚ ਸੰਖੇਪ ਰਚਨਾ ਨੂੰ ਵਿਸ਼ੇਸ਼ ਥਾਂ ਪ੍ਰਾਪਤ ਹੈ। ਦਸਵੀਂ ਅਤੇ ਇਸ ਤੋਂ ਉਚੇਰੀਆਂ ਸ਼੍ਰੇਣੀਆਂ ਵਿੱਚ ਲੇਖ-ਰਚਨਾ (composition) ਦੇ ਗੰਭੀਰ ਅਭਿਆਸ ਲਈ ਸੰਖੇਪ ਰਚਨਾ ਇੱਕ ਤਰ੍ਹਾਂ ਨਾਲ਼ ਜ਼ਰੂਰੀ ਹੀ ਹੁੰਦੀ ਹੈ। ਉਚੇਰੇ ਮੁਕਾਬਲੇ ਦੀਆਂ ਪਰੀਖਿਆਵਾਂ ਵਿੱਚ ਲੇਖ-ਰਚਨਾ ਤੇ ਸੰਖੇਪ ਰਚਨਾ ਦੇ ਪ੍ਰਸ਼ਨ ਅਕਸਰ ਹੁੰਦੇ ਹਨ।

ਸੰਖੇਪ ਰਚਨਾ ਵਿੱਚ ਵਿਦਿਆਰਥੀ ਦੀ ਭਾਸ਼ਾ-ਸਮਰੱਥਾ ਦੀ ਚੰਗੀ ਤਰ੍ਹਾਂ ਪਰਖ ਹੁੰਦੀ ਹੈ। ਪਹਿਲਾਂ ਜਿਸ ਰਚਨਾ ਦੀ ਸੰਖੇਪ ਰਚਨਾ ਕਰਨੀ ਹੁੰਦੀ ਹੈ, ਉਸ ਨੂੰ ਠੀਕ ਤਰ੍ਹਾਂ ਗ੍ਰਹਿਣ ਕਰਨਾ ਹੁੰਦਾ ਹੈ। ਫਿਰ ਉਸ ਵਿੱਚ ਪ੍ਰਗਟਾਏ ਭਾਵਾਂ ਤੇ ਵਿਚਾਰਾਂ ਨੂੰ ਢੁਕਵੀਂ ਤਰਤੀਬ ਵਿੱਚ ਲਿਆਉਣਾ ਹੁੰਦਾ ਹੈ। ਇਸ ਉਪਰੰਤ ਉਸ ਰਚਨਾ ਦੇ ਸਾਰ-ਰੂਪ ਨੂੰ ਸਰਲ, ਸਪਸ਼ਟ ਤੇ ਸੰਜਮ ਨਾਲ਼ ਮੁੜ ਲਿਖਣਾ ਹੁੰਦਾ ਹੈ।

ਸੰਖੇਪ ਰਚਨਾ ਕਰਨ ਦੇ ਗੁਣ ਦਾ ਵਿਦਿਆਰਥੀ ਦੇ ਬਾਲਗ਼ ਜੀਵਨ ਵਿੱਚ ਬਹੁਤ ਥਾਂਈਂ ਉਪਯੋਗ ਹੁੰਦਾ ਹੈ। ਅੱਜ-ਕੱਲ੍ਹ ਦੇ ਤੇਜ਼ ਗਤੀ ਦੇ ਯੁੱਗ ਵਿੱਚ ਕਿਸੇ ਕੋਲ਼ ਕੋਈ ਲੰਮੀ ਵਾਰਤਾ ਸੁਣਨ ਜਾਂ ਪੜ੍ਹਨ ਦਾ ਨਾ ਸਮਾਂ ਹੁੰਦਾ ਹੈ, ਨਾ ਧੀਰਜ। ਹਰ ਕੋਈ ਸੰਖੇਪ ਵਿੱਚ ਗੱਲ ਦੇ ਤੱਤ-ਸਾਰ ਨੂੰ ਜਾਣਨਾ ਚਾਹੁੰਦਾ ਹੈ।

ਅਖ਼ਬਾਰਾਂ ਦੀ ਉਦਾਹਰਨ ਹੀ ਲਈਏ। ਪਹਿਲਾਂ ਮੋਟੀਆਂ ਸੁਰਖ਼ੀਆਂ ਹੁੰਦੀਆਂ ਹਨ। ਫਿਰ ਸੁਰਖ਼ੀਆਂ ਦਾ ਮੋਟਾ ਵੇਰਵਾ, ਉਪਰੰਤ ਖ਼ਬਰ ਦੇ ਹੋਰ ਵੇਰਵੇ ਹੁੰਦੇ ਹਨ। ਭਾਵ ਇਹ ਕਿ ਵਕਤ ਦੀ ਤੰਗੀ ਵਾਲ਼ੇ ਪਾਠਕ ਲਈ ਵੀ ਸਮਾਚਾਰਾਂ ਦਾ ਸੰਖੇਪ ਦਿੱਤਾ ਹੁੰਦਾ ਹੈ। ਸਮਾਚਾਰਾਂ ਦੇ ਅੱਗੇ ਦਿੱਤੇ ਵੇਰਵਿਆਂ ਵਿੱਚ ਵੀ ਜ਼ਰੂਰੀ ਤੇ ਧਿਆਨਯੋਗ ਨੁਕਤੇ ਗੂੜ੍ਹੇ ਛਾਪ ਦਿੱਤੇ ਜਾਂਦੇ ਹਨ। ਹੋਰ ਧਿਆਨ ਨਾਲ਼ ਵੇਖੀਏ ਤਾਂ ਜਿਨ੍ਹਾਂ ਸਮਾਚਾਰਾਂ ਨੂੰ ਮਸਾਂ ਚੱਪਾ ਕੁ ਥਾਂ ਅਖ਼ਬਾਰ ਵਿੱਚ ਮਿਲਦੀ ਹੈ, ਉਹ ਵਾਸਤਵ ਵਿੱਚ ਵਿਸਤ੍ਰਿਤ ਸਮਾਚਾਰਾਂ ਦਾ ਸੰਖੇਪ ਰੂਪ ਹੀ ਹੁੰਦੇ ਹਨ। ਕੋਈ ਨੇਤਾ ਕਿਸੇ ਜਨਤਕ ਜਲਸੇ ਵਿੱਚ ਅੱਧਾ ਘੰਟਾ ਭਾਸ਼ਣ ਦਿੰਦਾ ਹੈ ਪਰ ਅਖ਼ਬਾਰ ਦੀ ਖ਼ਬਰ ਵਿੱਚ ਇਸ ਭਾਸ਼ਣ ਨੂੰ ਗਿਣਤੀ ਦੇ ਵਾਕਾਂ ਵਿੱਚ ਸਮੇਟ ਦਿੱਤਾ ਹੁੰਦਾ ਹੈ।

ਦਫ਼ਤਰਾਂ ਵਿੱਚ ਹਰ ਮਿਸਲ (ਫ਼ਾਈਲ) ਵਿੱਚ ਕਿਸੇ ਕੇਸ ਦੇ ਅਨੇਕ ਵੇਰਵੇ ਹੁੰਦੇ ਹਨ। ਦਫ਼ਤਰ ਜਾਂ ਸੰਸਥਾ ਦੇ ਉੱਚ ਅਧਿਕਾਰੀਆਂ ਕੋਲ਼ ਏਨਾ ਸਮਾਂ ਨਹੀਂ ਹੁੰਦਾ ਕਿ ਉਹ ਕੇਸ ਨੂੰ ਵੇਰਵਿਆਂ ਸਹਿਤ ਪੜ੍ਹਨ। ਇਸ ਲਈ ਉਸ ਕੇਸ ਨੂੰ ਤੋਰਨ ਵਾਲ਼ਾ ਕਰਮਚਾਰੀ ਕੇਸ ਦਾ ਸੰਖੇਪ ਰੂਪ ਤਿਆਰ ਕਰਦਾ ਹੈ। ਇਹ ਸੰਖੇਪ ਰੂਪ ਇੱਕ ਭਾਂਤ ਦੀ ਸੰਖੇਪ ਰਚਨਾ ਹੀ ਹੁੰਦੀ ਹੈ।

ਵੱਡੀਆਂ ਕਾਰੋਬਾਰੀ ਮੀਟਿੰਗਾਂ ਜਾਂ ਕਾਨਫ਼੍ਰੰਸਾਂ ਵਿੱਚ ਮੁੱਦਿਆਂ ਨੂੰ ਸੰਖੇਪ ਰੂਪ ਵਿੱਚ ਇਸ ਤਰ੍ਹਾਂ ਪੇਸ਼ ਕੀਤਾ ਹੁੰਦਾ ਹੈ ਕਿ ਭਾਗ ਲੈਣ ਵਾਲ਼ੇ ਮੈਂਬਰ ਉਹਨਾਂ ਨੂੰ ਇੱਕ ਝਾਤ ਵਿੱਚ ਹੀ ਪੜ੍ਹ ਲੈਂਦੇ ਹਨ। ਅੱਜ-ਕੱਲ੍ਹ ਸਿਨਮਾ-ਘਰਾਂ ਜਾਂ ਟੀ.ਵੀ. ਉੱਤੇ ਵਿਖਾਈਆਂ ਜਾਣ ਵਾਲ਼ੀਆਂ ਫ਼ਿਲਮਾਂ ਜਾਂ ਸੀਰੀਅਲਾਂ ਦੇ ਸੰਖੇਪ ਰੂਪ ਅਖ਼ਬਾਰਾਂ ਵਿੱਚ ਅਗਾਊਂ ਹੀ ਆ ਜਾਂਦੇ ਹਨ। ਇਹ ਵੀ ਇੱਕ ਤਰ੍ਹਾਂ ਸੰਖੇਪ ਰਚਨਾ ਹੀ ਹੁੰਦੇ ਹਨ।

ਕਿਸੇ ਲਿਖਤ ਜਾਂ ਉਸ ਦੇ ਕਿਸੇ ਭਾਗ ਦੇ ਸਾਰ ਜਾਂ ਨਿਚੋੜ ਨੂੰ ਸੰਖੇਪ ਰਚਨਾ ਕਿਹਾ ਜਾਂਦਾ ਹੈ। ਸਪਸ਼ਟ ਹੈ ਕਿ ਸੰਖੇਪ ਰਚਨਾ ਲਿਖਤੀ ਹੁੰਦੀ ਹੈ ਤਾਂ ਵੀ ਇਸ ਦੇ ਬੁਨਿਆਦੀ ਨੁਕਤੇ ਸਮਝਣ ਲਈ ਮੌਖਿਕ ਪ੍ਰਗਟਾਵੇ ਵਿੱਚੋਂ ਇੱਕ-ਦੋ ਉਦਾਹਰਨਾਂ ਦੇਣੀਆਂ ਜ਼ਰੂਰੀ ਹਨ।

ਵਿਦਿਆਰਥੀ ਟੀ.ਵੀ. ਉੱਤੇ ਵੇਖੇ ਕਿਸੇ ਪ੍ਰੋਗ੍ਰਾਮ, ਛੁੱਟੀ ਦੇ ਦਿਨ ਵਾਪਰੀ ਕਿਸੇ ਘਟਨਾ, ਕਿਸੇ ਥਾਂ ਦੀ ਕੀਤੀ ਸੈਰ ਜਾਂ ਕਿਸੇ ਵੇਖੇ ਮੈਚ ਦਾ ਹਾਲ, ਕਿਸੇ ਪੜ੍ਹੀ ਪੁਸਤਕ ਦਾ ਸੰਖੇਪ ਵੇਰਵਾ ਆਪਣੇ

ਜਮਾਤੀਆਂ ਨੂੰ ਉੱਠਦੇ-ਬਹਿੰਦੇ ਵਿਹਲ ਦੇ ਦੋ-ਚਾਰ ਮਿੰਟਾਂ ਵਿੱਚ ਹੀ ਦੱਸ ਦਿੰਦੇ ਹਨ। ਟੈਲੀਫ਼ੂਨ ਕਰਨ ਵਿੱਚ ਵੀ ਸੰਖੇਪ ਰਚਨਾ ਜਿਹੇ ਅਭਿਆਸ ਦਾ ਲਾਭ ਹੁੰਦਾ ਹੈ। ਦੂਰ-ਦੁਰਾਡੇ ਮੁਲਕਾਂ ਵਿੱਚ ਆਪਣਿਆਂ ਨੂੰ ਟੈਲੀਫ਼ੂਨ ਕਰਨੇ, ਖ਼ਰਚੇ ਦੇ ਪੱਖੋਂ ਮਹਿੰਗੇ ਹੁੰਦੇ ਹਨ। ਇਸ ਲਈ ਸੂਝਵਾਨ ਵਿਅਕਤੀ ਟੈਲੀਫ਼ੂਨ ਉੱਤੇ ਆਪਣੀ ਗੱਲ-ਬਾਤ ਨੂੰ ਸੰਜਮ ਨਾਲ਼ ਕਹਿੰਦੇ ਹਨ। ਇਹ ਨਹੀਂ ਕਿ ਉਹ ਖ਼ਰਚੇ ਕਰਕੇ ਚਾਰ ਗੱਲਾਂ ਵਿੱਚੋਂ ਦੋ ਨੂੰ ਛੱਡ ਦਿੰਦੇ ਹਨ ਸਗੋਂ ਸਾਰੀਆਂ ਜ਼ਰੂਰੀ ਗੱਲਾਂ ਨੂੰ ਘੱਟ ਤੋਂ ਘੱਟ ਸ਼ਬਦਾਂ ਵਿੱਚ ਕਹਿ ਦਿੰਦੇ ਹਨ।

ਆਪਣੇ ਦੇਸ ਤੋਂ ਬਾਹਰ ਕੀਤੇ ਜਾਂਦੇ ਟੈਲੀਫ਼ੂਨ ਦੇ ਸੰਬੰਧ ਵਿੱਚ ਹੀ ਸੰਜਮ ਦੇ ਗੁਣ ਦੀ ਮਹੱਤਤਾ ਹੋਵੇ, ਅਜਿਹਾ ਨਹੀਂ ਹੈ। ਆਮ ਟੈਲੀਫ਼ੂਨ ਕਰਦਿਆਂ ਵੀ ਸੰਖੇਪ ਵਿੱਚ ਗੱਲ ਕਰਨ ਨਾਲ਼ ਟੈਲੀਫ਼ੂਨ-ਸੇਵਾਵਾਂ ਦੀ ਉਪਯੋਗਤਾ ਵਧ ਜਾਂਦੀ ਹੈ। ਉਂਞ ਵੀ ਗੱਲ-ਬਾਤ ਦੇ ਵਾਧੂ ਵੇਰਵਿਆਂ ਨਾਲ਼ ਮੂਲ ਸੁਨੇਹੇ ਦੇ ਘੱਟੇ ਰਲ਼ਨ ਦਾ ਡਰ ਰਹਿੰਦਾ ਹੈ।

ਅੱਜ-ਕੱਲ੍ਹ ਸੰਖੇਪਤਾ ਨੂੰ ਭਾਸ਼ਣ-ਕਲਾ ਦਾ ਵੀ ਗੁਣ ਮੰਨਿਆ ਜਾਂਦਾ ਹੈ। ਦੂਜਿਆਂ ਦੇ ਸਤਿਕਾਰ ਵਿੱਚ ਉਹਨਾਂ ਦੇ ਸਮੇਂ ਦੀ ਕਦਰ ਕਰਨੀ ਵੀ ਸ਼ਾਮਲ ਹੈ। ਸੰਖੇਪ ਵਿੱਚ ਭਾਵ ਪ੍ਰਗਟਾਉਣ ਨਾਲ਼ ਦੂਜਿਆਂ ਦੇ ਸਮੇਂ ਦੀ ਬੱਚਤ ਹੁੰਦੀ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਸੰਖੇਪ ਰਚਨਾ ਕਰਨ ਵਿੱਚ ਵਿਅਕਤੀ ਦੀ ਭਾਸ਼ਾ-ਸਮਰੱਥਾ ਦਾ ਪ੍ਰਗਟਾਵਾ ਹੁੰਦਾ ਹੈ। ਅਸਲ ਵਿੱਚ ਭਾਸ਼ਾ-ਸਮਰੱਥਾ ਦੋਵੇਂ ਤਰ੍ਹਾਂ ਪਰਖੀ ਜਾਂਦੀ ਹੈ। ਜਿੱਥੇ ਜ਼ਰੂਰਤ ਹੋਵੇ, ਵਿਸਤਾਰ ਦਿੱਤਾ ਜਾਵੇ ਜਿੱਥੇ ਸੰਖੇਪ ਰਹਿਣ ਦੀ ਜ਼ਰੂਰਤ ਹੋਵੇ, ਸੰਖੇਪ ਵਿੱਚ ਭਾਵ ਪ੍ਰਗਟਾਏ ਜਾਣ। ਇਸ ਤਰ੍ਹਾਂ ਸੰਖੇਪ ਰਚਨਾ ਵਿੱਚ ਸੰਖੇਪ ਵਿੱਚ ਭਾਵ ਪ੍ਰਗਟਾਉਣ ਦੇ ਗੁਣ ਦਾ ਅਭਿਆਸ ਕੀਤਾ ਜਾਂਦਾ ਹੈ।

### ਸੰਖੇਪ ਰਚਨਾ ਕਰਨ ਬਾਰੇ ਜ਼ਰੂਰੀ ਨੁਕਤੇ

ਪਰੀਖਿਆ ਵਿੱਚ ਆਉਂਦੇ ਸੰਖੇਪ ਰਚਨਾ ਦੇ ਪ੍ਰਸ਼ਨ ਵਿੱਚ ਦਿੱਤੀ ਹੋਈ ਰਚਨਾ ਨੂੰ ਲਗ-ਪਗ ਇੱਕ-ਤਿਹਾਈ ਸ਼ਬਦਾਂ ਵਿੱਚ ਸੰਖੇਪ ਕਰਨਾ ਹੁੰਦਾ ਹੈ। ਭਾਵ ਇਹ ਕਿ ਜੇ ਪ੍ਰਸ਼ਨ ਵਿੱਚ ਦਿੱਤਾ ਪੈਰਾ 180 ਸ਼ਬਦਾਂ ਦਾ ਹੈ ਤਾਂ ਇਸ ਦੀ ਸੰਖੇਪ ਰਚਨਾ 60 ਸ਼ਬਦਾਂ ਦੀ ਹੋਵੇਗੀ। 'ਲਗ-ਪਗ' ਇੱਕ-ਤਿਹਾਈ ਤੋਂ ਭਾਵ ਹੈ ਕਿ ਦੋ ਚਾਰ ਸ਼ਬਦ ਵੱਧ ਜਾਂ ਘੱਟ ਵੀ ਹੋ ਸਕਦੇ ਹਨ। ਇਸ ਲਈ ਸੰਖੇਪ ਰਚਨਾ ਕਰਨ ਸਮੇਂ ਪਹਿਲਾਂ ਦਿੱਤੀ ਹੋਈ ਰਚਨਾ ਦੇ ਸ਼ਬਦਾਂ ਦੀ ਗਿਣਤੀ ਕੀਤੀ ਜਾਵੇ ਫਿਰ ਆਪ ਕੀਤੀ ਸੰਖੇਪ ਰਚਨਾ ਦੇ ਸ਼ਬਦਾਂ ਨੂੰ ਵੀ ਗਿਣਿਆ ਜਾਵੇ।

ਇੱਕ-ਤਿਹਾਈ ਸ਼ਬਦਾਂ ਦੀ ਰਚਨਾ ਕਰਨ ਤੋਂ ਇਹ ਭਾਵ ਨਹੀਂ ਲਿਆ ਜਾਣਾ ਚਾਹੀਦਾ ਕਿ ਦਿੱਤੀ ਰਚਨਾ ਵਿੱਚੋਂ ਕੁਝ ਵਾਕ ਜਿਉਂ ਦੇ ਤਿਉਂ ਚੁਣ ਲਏ ਜਾਣ। ਅਸਲ ਵਿੱਚ ਇਸ ਦਾ ਮਤਲਬ ਇਹ ਹੈ ਕਿ ਰਚਨਾ ਦੇ ਵਿਚਾਰਾਂ ਦੇ ਨਿਚੋੜ ਜਾਂ ਸਾਰ ਨੂੰ ਆਪਣੇ ਸ਼ਬਦਾਂ ਵਿੱਚ ਲਿਖਣਾ ਹੈ ਅਤੇ ਇਹਨਾਂ ਸ਼ਬਦਾਂ ਦੀ ਗਿਣਤੀ ਪ੍ਰਸ਼ਨ ਵਿੱਚ ਦਿੱਤੀ ਰਚਨਾ ਦੇ ਸ਼ਬਦਾਂ ਦੀ ਇੱਕ-ਤਿਹਾਈ ਦੇ ਲਗ-ਪਗ ਹੋਣੀ ਚਾਹੀਦੀ ਹੈ।

ਸੰਖੇਪ ਰਚਨਾ ਤੋਂ ਇਹ ਭਾਵ ਵੀ ਨਹੀਂ ਹੈ ਕਿ ਛੋਟੇ ਆਕਾਰ ਦੇ ਅੱਖਰਾਂ ਵਿੱਚ ਇੰਞ ਲਿਖਿਆ ਜਾਵੇ ਕਿ ਕੀਤੀ ਗਈ ਰਚਨਾ ਵੇਖਣ ਨੂੰ ਸੰਖੇਪ ਜਾਂ ਛੋਟੇ ਆਕਾਰ ਦੀ ਦਿਸੇ। ਅੱਖਰ ਵੱਡੇ ਹੋਣ ਜਾਂ ਛੋਟੇ, ਖੁੱਲ੍ਹੇ-ਖੁੱਲ੍ਹੇ ਲਿਖੇ ਜਾਣ ਜਾਂ ਭੀੜੇ-ਭੀੜੇ, ਸੰਖੇਪ ਰਚਨਾ ਦਾ ਨਿਰਨਾ ਸ਼ਬਦਾਂ ਦੀ ਗਿਣਤੀ ਤੋਂ ਹੀ ਹੋਣਾ ਹੈ।

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜੇ ਸੰਖੇਪ ਰਚਨਾ ਨੂੰ ਮੂਲ ਰਚਨਾ ਦਾ ਇੱਕ-ਤਿਹਾਈ ਭਾਵ ਕੁੱਲ ਸ਼ਬਦਾਂ ਦੇ ਤੀਜੇ ਹਿੱਸੇ ਦੇ ਸ਼ਬਦਾਂ ਵਿੱਚ ਰਚਨਾ ਕਰਨਾ ਹੈ ਤਾਂ ਅਜਿਹਾ ਕਿਵੇਂ ਕੀਤਾ ਜਾਵੇ ? ਰਚਨਾ ਵਿੱਚ ਪ੍ਰਗਟਾਏ ਅਸਲ ਭਾਵ ਜਾਂ ਭਾਵਾਂ ਨੂੰ ਬਿਨਾਂ ਕੋਈ ਹਾਨੀ ਪਹੁੰਚਾਏ, ਸ਼ਬਦਾਂ ਦੀ ਗਿਣਤੀ ਕਿਵੇਂ ਘੱਟ ਕੀਤੀ ਜਾਵੇ ? ਇਸ ਸੰਬੰਧ ਵਿੱਚ ਸੰਖੇਪ ਰਚਨਾ ਕਰਨ ਦੇ ਮਾਹਰਾਂ ਨੇ ਕੁਝ ਗੁਰ ਸੁਝਾਏ ਹਨ।

**ਪਹਿਲਾ ਗੁਰ**

ਵਿਦਿਆਰਥੀਆਂ ਨੇ ਹੇਠਲੀਆਂ ਸ਼੍ਰੇਣੀਆਂ ਵਿੱਚ 'ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ' ਦੀ ਵਰਤੋਂ ਬਾਰੇ ਪੜ੍ਹਿਆ ਹੈ। ਸੰਖੇਪ ਰਚਨਾ ਵਿੱਚ ਅਜਿਹੇ ਸ਼ਬਦਾਂ ਦੀ ਵਰਤੋਂ ਕਰਕੇ ਰਚਨਾ ਦੇ ਫੈਲਾਅ ਨੂੰ ਘਟਾਇਆ ਜਾ ਸਕਦਾ ਹੈ। ਉਦਾਹਰਨ ਲਈ ਹੇਠਾਂ 'ੳ' ਅਤੇ 'ਅ' ਸਿਰਲੇਖ ਹੇਠ ਦਿੱਤੇ ਸ਼ਬਦਾਂ ਨੂੰ ਵੇਖਿਆ ਜਾ ਸਕਦਾ ਹੈ।

| 'ੳ' | 'ਅ' |
|---|---|
| 1. ਸੁੰਦਰ ਦਾ ਅਜੇ ਤੱਕ ਵਿਆਹ ਨਹੀਂ ਸੀ ਹੋਇਆ। (8 ਸ਼ਬਦ) | ਸੁੰਦਰ ਅਜੇ ਅਣਵਿਆਹਿਆ ਸੀ।<br>ਜਾਂ (4 ਸ਼ਬਦ)<br>ਸੁੰਦਰ ਅਜੇ ਕੁਆਰਾ ਸੀ।<br>ਜਾਂ (4 ਸ਼ਬਦ)<br>ਸੁੰਦਰ ਛੜਾ ਸੀ। (3 ਸ਼ਬਦ) |
| 2. ਸਾਰਾ ਅਸਮਾਨ ਬੱਦਲ਼ਾਂ ਨਾਲ਼ ਭਰਿਆ ਹੋਇਆ ਸੀ (7 ਸ਼ਬਦ) | ਬੱਦਲ਼ਵਾਈ ਹੋਈ ਹੋਈ ਸੀ।<br>(4 ਸ਼ਬਦ) |
| 3. ਮੈਂ ਤੇਰੀ ਬਹੁਤ ਹੀ ਉਡੀਕ ਕੀਤੀ । ਕਦੇ ਏਧਰ ਕਦੇ ਓਧਰ, ਤੇਰਾ ਰਾਹ ਅੱਡੀਆਂ ਚੁੱਕ-ਚੁੱਕ ਦੇਖਦਾ ਰਿਹਾ।<br>(17 ਸ਼ਬਦ) | ਮੈਂ ਤੇਰੀ ਬੇਸਬਰੀ ਨਾਲ਼ ਉਡੀਕ ਕੀਤੀ। (6 ਸ਼ਬਦ) |
| 4. ਸ. ਸੁੰਦਰ ਸਿੰਘ ਮਜੀਠੀਆ ਵਰਗਾ ਮਨੁੱਖ ਕੋਈ ਨਹੀਂ ਸੀ। ਉਹਨਾਂ ਨੇ ਦੂਰ ਦੀ ਸੋਚੀ ਅਤੇ ਇੱਕ ਅਖ਼ਬਾਰ ਕੱਢਣ ਦਾ ਮਨ ਬਣਾਇਆ।<br>(21 ਸ਼ਬਦ) | ਸ. ਸੁੰਦਰ ਸਿੰਘ ਮਜੀਠੀਆ ਲਾਸਾਨੀ ਮਨੁੱਖ ਸਨ। ਉਹਨਾਂ ਨੇ ਦੂਰ ਦ੍ਰਿਸ਼ਟੀ ਨਾਲ਼ ਇੱਕ ਅਖ਼ਬਾਰ ਕੱਢਣ ਦੀ ਸੋਚੀ। (16 ਸ਼ਬਦ) |
| 5. ਤੂੰ ਤਾਂ ਜਿਉਂ ਗੱਲਾਂ ਕਰਨ ਲੱਗਦਾ ਹੈਂ ਤਾਂ ਰੁਕਦਾ ਹੀ ਨਹੀਂ। ਕੋਈ ਰਾਹ ਜਾਂਦਾ ਤੈਨੂੰ ਬੁਲਾ ਲਏ; ਬੱਸ, ਤੂੰ ਗੱਲੀਂ ਲੱਗ ਜਾਂਦਾ ਹੈਂ। (23 ਸ਼ਬਦ) | ਤੂੰ ਬੜਾ ਗਾਲੜੀ ਹੈਂ। (4 ਸ਼ਬਦ) |

**ਦੂਜਾ ਗੁਰ**

ਜੇ ਜ਼ਰੂਰਤ ਮਹਿਸੂਸ ਹੋਏ ਤੇ ਢੁਕਵਾਂ ਮੁਹਾਵਰਾ, ਵਾਕਾਂਸ਼ ਜਾਂ ਅਖਾਉਤ ਸੁੱਝ ਜਾਵੇ ਤਾਂ ਇਸ ਦੀ ਵਰਤੋਂ ਕਰ ਲੈਣੀ ਚਾਹੀਦੀ ਹੈ। ਮੁਹਾਵਰਿਆਂ, ਵਾਕਾਂਸ਼ਾਂ ਅਤੇ ਅਖਾਉਤਾਂ ਦੀ ਵਰਤੋਂ ਸੰਜਮਤਾ ਦਾ ਇੱਕ ਵੱਡਾ ਗੁਣ ਹੈ। ਕੁਝ ਉਦਾਹਰਨਾਂ ਵੇਖੋ :

| | |
|---|---|
| 1. ਸੰਤੋਖ ਨੂੰ ਕੋਈ ਪੁੱਛਦਾ-ਗਿੱਛਦਾ ਹੀ ਨਹੀਂ। ਉਸ ਦੀ ਕਹੀ ਕਿਸੇ ਗੱਲ ਵੱਲ ਵੀ ਕੋਈ ਧਿਆਨ ਨਹੀਂ ਦਿੰਦਾ। (16 ਸ਼ਬਦ) | ਸੰਤੋਖ ਨਾ ਤਿੰਨਾਂ ਵਿੱਚ ਹੈ ਨਾ ਤੇਰ੍ਹਾਂ ਵਿੱਚ। (ਵਕਾਂਸ਼,8 ਸ਼ਬਦ) |
| 2. ਮੇਰਾ ਗਿਆਨ ਬਹੁਤ ਥੋੜ੍ਹਾ ਹੈ। ਬਾਹਰਲੀ ਦੁਨੀਆ ਦੀ ਮੈਨੂੰ ਬਹੁਤੀ ਜਾਣਕਾਰੀ ਨਹੀਂ। ਬੱਸ, ਇੱਥੇ ਹੀ ਰਹਿੰਦਾ ਹਾਂ। (17 ਸ਼ਬਦ) | ਮੈਂ ਤਾਂ ਖੂਹ ਦਾ ਡੱਡੂ ਹਾਂ। (ਮੁਹਾਵਰਾ, 6 ਸ਼ਬਦ) |
| 3. ਦੋਵੇਂ ਤਰ੍ਹਾਂ ਦੇ ਸੁਭਾਅ ਠੀਕ ਨਹੀਂ। ਇੱਕ ਉਹ ਹਨ ਜਿਹੜੇ ਵਕਤ ਤੋਂ ਬਹੁਤ ਪਹਿਲਾਂ ਸਕੀਮਾਂ ਬਣਾ ਲੈਂਦੇ ਹਨ। ਦੂਜੇ ਉਹ ਹਨ ਜਿਹੜੇ ਪਹਿਲਾਂ ਉੱਕਾ ਹੀ ਨਹੀਂ ਸੋਚਦੇ। ਉਹ ਬਿਲਕੁਲ ਵਕਤ ਪੈਣ 'ਤੇ ਹੀ ਹਰਕਤ ਵਿੱਚ ਆਉਂਦੇ ਹਨ ਤੇ ਤੱਤ-ਭੜੱਥੀ ਕਰਨ ਲੱਗਦੇ ਹਨ। (42 ਸ਼ਬਦ) | ਨਾ ਇਹ ਠੀਕ ਹੈ ਕਿ ਸੌ ਕੋਹ ਦਰਿਆ ਤੇ ਤੰਬਾ ਮੋਢੇ 'ਤੇ, ਨਾ ਇਹ ਕਿ ਪਿਆਸ ਲੱਗੀ ਤੋਂ ਖੂਹ ਪੁੱਟਣ ਲੱਗੇ। (ਅਖਾਉਤ, 21 ਸ਼ਬਦ) |

ਉਪਰੋਕਤ ਤੋਂ ਭਾਵ ਇਹ ਹੈ ਕਿ ਵਿਦਿਆਰਥੀ ਦਾ ਸ਼ਬਦ-ਭੰਡਾਰ ਅਮੀਰ ਹੋਣਾ ਚਾਹੀਦਾ ਹੈ। ਉਸ ਨੂੰ ਸ਼ਬਦ-ਰਚਨਾ ਦੇ ਭੇਤਾਂ ਦਾ ਪਤਾ ਹੋਵੇ ਭਾਵ ਅਗੇਤਰ-ਪਿਛੇਤਰ ਲਾ ਕੇ ਜਾਂ ਸਮਾਸ-ਵਿਧੀ ਨਾਲ਼ ਬਣਦੇ ਸ਼ਬਦਾਂ ਦੀ ਜਾਣਕਾਰੀ ਹੋਵੇ। ਵਾਕਾਂਸ਼ਾਂ, ਮੁਹਾਵਰਿਆਂ ਅਤੇ ਅਖਾਉਤਾਂ ਬਾਰੇ ਪੜ੍ਹਿਆ ਹੋਇਆ ਹੋਵੇ ਤਦ ਹੀ ਉਹ ਲੋੜ ਅਨੁਸਾਰ ਸੰਖੇਪ ਰਚਨਾ ਕਰਨ ਵੇਲ਼ੇ ਢੁਕਵੇਂ ਸ਼ਬਦਾਂ ਦੀ ਚੋਣ ਤੇ ਵਰਤੋਂ ਕਰ ਸਕਦਾ ਹੈ।

ਤੀਜਾ ਗੁਰ

ਮੂਲ ਰਚਨਾ ਵਿੱਚ ਸਜਾਵਟ ਲਈ ਵਰਤੇ ਸ਼ਬਦਾਂ ਨੂੰ ਛੱਡ ਦਿੱਤਾ ਜਾਵੇ, ਉਦਾਹਰਨ ਵਜੋਂ :

| | |
|---|---|
| 1. ਉਹਦਾ ਮੱਥਾ ਸੂਰਜ ਵਾਂਗ ਚਮਕਦਾ ਸੀ। ਚਿਹਰਾ ਇਸ ਤਰ੍ਹਾਂ ਸੀ ਜਿਵੇਂ ਬੱਦਲ਼ਾਂ ਦੇ ਓਹਲਿਓਂ ਚੰਦਰਮਾ ਨਿਕਲ਼ਿਆ ਹੋਵੇ। ਇਹ ਵੀ ਕਿਹਾ ਜਾ ਸਕਦਾ ਹੈ ਕਿ ਉਸ ਦੇ ਚਿਹਰੇ 'ਤੇ ਬਾਲਾਂ ਵਰਗੀ ਮਸੂਮੀਅਤ ਝਲਕਦੀ ਸੀ। (32 ਸ਼ਬਦ) | ਉਸ ਦੇ ਚਿਹਰੇ 'ਤੇ ਤੇਜ, ਸੁਹੱਪਣ ਤੇ ਮਸੂਮੀਅਤ ਝਲਕਦੀ ਸੀ। (9 ਸ਼ਬਦ) |

2. ਰਾਤੀਂ ਉਹ ਝੱਖੜ ਝੁੱਲਿਆ, ਮਾਨੋ
ਦਰਖ਼ਤਾਂ ਨੂੰ ਜੜ੍ਹੋਂ ਉਖਾੜ ਦੇਵੇਗਾ,
ਘਰਾਂ ਦੀਆਂ ਛੱਤਾਂ ਉਡਾ ਕੇ ਲੈ ਜਾਵੇਗਾ,
ਦਰਵਾਜ਼ੇ ਤੇ ਖਿੜਕੀਆਂ ਦੇ ਸੀਸ਼ਿਆਂ ਨੂੰ
ਚੂਰਾ-ਚੂਰਾ ਕਰ ਦੇਵੇਗਾ। (27 ਸ਼ਬਦ)

ਸਾਰੀ ਰਾਤ ਜ਼ਬਰਦਸਤ ਝੱਖੜ
ਝੁੱਲਿਆ। (4 ਸ਼ਬਦ)

**ਚੌਥਾ ਗੁਰ**

ਮੂਲ ਰਚਨਾ ਵਿੱਚ ਵਿਅਕਤੀਆਂ ਦੇ ਆਖੇ ਹੋਏ ਸ਼ਬਦ ਜਿਉਂ ਦੇ ਤਿਉਂ ਦਿੱਤੇ ਹੋ ਸਕਦੇ ਹਨ। ਇਹਨਾਂ ਨੂੰ ਆਪਣੇ ਸ਼ਬਦਾਂ ਵਿੱਚ ਸੰਖੇਪ ਕਰ ਕੇ ਲਿਖਿਆ ਜਾ ਸਕਦਾ ਹੈ, ਉਦਾਹਰਨ :

ਵਿਦਿਆਰਥੀ ਨੇ ਸੁਪਰਵਾਈਜ਼ਰ ਨੂੰ
ਕਿਹਾ, "ਜੀ! ਜੀ! ਇਹ ਕਾਗ਼ਜ਼
ਗ਼ਲਤੀ ਨਾਲ਼ ਮੇਰੀ ਜੇਬ ਵਿੱਚ ਰਹਿ
ਗਏ। ਮੈਂ ਇਹਨਾਂ ਤੋਂ ਕੁਝ ਨਕਲ ਨਹੀਂ
ਕੀਤਾ। ਤੁਸੀਂ ਮੈਨੂੰ ਐਤਕੀਂ ਮਾਫ਼ ਕਰ
ਦਿਓ। ਮੈਂ ਤੁਹਾਡੇ ਅੱਗੇ ਹੱਥ ਜੋੜਦਾ ਹਾਂ।
ਮੇਰਾ ਸਾਲ ਖ਼ਰਾਬ ਹੋ ਜਾਵੇਗਾ। ਮੇਰੇ ਉੱਤੇ
ਨਕਲ ਮਾਰਨ ਦਾ ਕੇਸ ਨਾ ਬਣਾਉਣਾ ਜੀ।"
(49 ਸ਼ਬਦ)

**ਵਿਦਿਆਰਥੀ ਨੇ ਸੁਪਰਵਾਈਜ਼ਰ**
ਕੋਲ਼ ਗਿੜਗਿੜਾਉਂਦੇ ਹੋਏ
ਕਾਗ਼ਜ਼ ਲਿਆਉਣ ਲਈ ਖਿਮਾ
ਮੰਗੀ। (11ਸ਼ਬਦ)

**ਪੰਜਵਾਂ ਗੁਰ**

ਦਿੱਤੀ ਗਈ ਰਚਨਾ ਵਿੱਚ ਆਏ ਵਾਧੂ ਦੁਹਰਾਅ ਨੂੰ ਛੱਡ ਦਿੱਤਾ ਜਾਵੇ, ਉਦਾਹਰਨ :

ਨੇਤਾ ਜੀ ਨੇ ਕਿਹਾ, 'ਵੀਰੋ ਤੇ ਭੈਣੋ!
ਤੁਸੀਂ ਸਿਆਣੇ ਹੋ, ਸਮਝਦਾਰ ਹੋ,
ਪੜ੍ਹੇ-ਲਿਖੇ ਹੋ, ਸਭ ਕੁਝ ਜਾਣਦੇ ਹੋ।
ਮੈਂ ਤੁਹਾਨੂੰ ਕੋਈ ਅਪੀਲ ਨਹੀਂ ਕਰਨੀ,
ਕੋਈ ਜ਼ੋਰ ਨਹੀਂ ਪਾਉਣਾ, ਮੁੜ-ਮੁੜ
ਨਹੀਂ ਕਹਿਣਾ, ਬੱਸ ਇਹੋ ਕਹਿਣਾ ਹੈ
ਕਿ ਮੈਂ ਤੁਹਾਡਾ ਆਪਣਾ ਹਾਂ, ਤੁਸੀਂ ਵੋਟ
ਮੈਨੂੰ ਹੀ ਪਾਉਣਾ।' (45 ਸ਼ਬਦ)

ਨੇਤਾ ਨੇ ਵੋਟਰਾਂ ਦੀ ਪ੍ਰਸੰਸਾ
ਕਰਦਿਆਂ ਉਹਨਾਂ ਤੋਂ ਆਪਣੇ
ਲਈ ਵੋਟਾਂ ਮੰਗੀਆਂ।
(12 ਸ਼ਬਦ)

**ਸੰਖੇਪ ਰਚਨਾ ਕਰਨ ਦੀ ਜਾਚ**

ਸੰਖੇਪ ਰਚਨਾ ਕਰਨ ਦੀ ਜਾਚ ਲਗਾਤਾਰ ਅਭਿਆਸ ਪਿੱਛੋਂ ਹੀ ਆਉਂਦੀ ਹੈ। ਇਹ ਇੱਕ ਹੁਨਰ ਹੈ। ਹਰ ਹੁਨਰ ਮਿਹਨਤ ਤੇ ਅਭਿਆਸ ਦੀ ਮੰਗ ਕਰਦਾ ਹੈ।

ਜਿਸ ਰਚਨਾ ਦੀ ਸੰਖੇਪ ਰਚਨਾ ਕਰਨੀ ਹੋਵੇ, ਉਸ ਦਾ ਸਭ ਤੋਂ ਪਹਿਲਾਂ ਇਕਾਗਰਤਾ ਤੇ ਠਰੰਮ੍ਹੇ ਨਾਲ਼ ਪਾਠ ਕਰਨਾ ਚਾਹੀਦਾ ਹੈ। ਜੇ ਇੱਕ ਵਾਰੀ ਦੇ ਪਾਠ ਨਾਲ਼ ਗੱਲ ਪੂਰੀ ਤਰ੍ਹਾਂ ਸਪਸ਼ਟ ਨਾ ਹੋਵੇ ਤਾਂ

ਦੂਜੀ ਵਾਰੀ ਰਚਨਾ ਨੂੰ ਪੜ੍ਹਨ ਵਿੱਚ ਕੋਈ ਹਰਜ ਨਹੀਂ। ਭਾਵ ਇਹੋ ਹੈ ਕਿ ਦਿੱਤੀ ਹੋਈ ਰਚਨਾ ਨੂੰ ਪੂਰੀ ਤਰ੍ਹਾਂ ਸਮਝ ਲਿਆ ਜਾਵੇ। ਇਸੇ ਨੂੰ ਗ੍ਰਹਿਣ ਕਰਨਾ ਵੀ ਕਿਹਾ ਜਾਂਦਾ ਹੈ।

ਫਿਰ ਇਸ ਰਚਨਾ ਦੇ ਮੋਟੇ-ਮੋਟੇ ਨੁਕਤੇ ਨੋਟ ਕਰ ਲੈਣੇ ਚਾਹੀਦੇ ਹਨ। ਅਜਿਹਾ ਕਰਦੇ ਹੋਏ ਇਹਨਾਂ ਨੁਕਤਿਆਂ ਦੀ ਤਰਤੀਬ ਬਣਾਉਣੀ ਵੀ ਜ਼ਰੂਰੀ ਹੈ। ਮਨੋਰਥ ਇਹੋ ਹੈ ਕਿ ਜਦੋਂ ਤੁਸੀਂ ਸੰਖੇਪ ਰਚਨਾ ਕਰੋ ਤਾਂ ਉਸ ਵਿੱਚ ਪੇਸ਼ ਹੋਏ ਵਿਚਾਰ ਜਾਂ ਭਾਵ ਖਿੰਡੇ ਹੋਣ ਦੀ ਥਾਂ ਗੁੰਦੇ ਹੋਏ ਜਾਪਣ।

ਦਿੱਤੀ ਹੋਈ ਰਚਨਾ ਨੂੰ ਪੜ੍ਹਦੇ ਹੋਏ ਇਸ ਦਾ ਕੇਂਦਰੀ ਨੁਕਤਾ ਵੀ ਲੱਭ ਪਏਗਾ। ਇਹ ਨੁਕਤਾ ਕਈ ਵਾਰੀ ਪਹਿਲੇ ਵਾਕ ਵਿੱਚ ਪ੍ਰਗਟਾਇਆ ਹੁੰਦਾ ਹੈ, ਕਈ ਵਾਰੀ ਅਖ਼ੀਰਲੇ ਵਾਕ ਵਿੱਚ। ਰਚਨਾ ਦੇ ਵਿਚਕਾਰ ਵੀ ਇਹ ਨੁਕਤਾ ਬੀਜ ਵਾਂਗ ਪਿਆ ਹੋ ਸਕਦਾ ਹੈ। ਮੁੱਖ ਗੱਲ ਜਾਂ ਨੁਕਤੇ ਦੀ ਪਛਾਣ ਕਰਨ ਨਾਲ਼ ਇੱਕ ਤਾਂ ਸੰਖੇਪ ਰਚਨਾ ਦਾ ਸਿਰਲੇਖ ਲੱਭਣ ਵਿੱਚ ਅਸਾਨੀ ਹੁੰਦੀ ਹੈ। ਦੂਜਾ, ਸੰਖੇਪ ਰਚਨਾ ਨੇ ਮੁੱਖ ਨੁਕਤੇ ਦੁਆਲ਼ੇ ਹੀ ਘੁੰਮਣਾ ਹੁੰਦਾ ਹੈ। ਇਸ ਲਈ ਸੰਖੇਪ ਰਚਨਾ ਦਾ ਸਿਰਲੇਖ ਵੀ ਨਾਲ਼ੋ-ਨਾਲ਼ ਲੱਭ ਲੈਣਾ ਚਾਹੀਦਾ ਹੈ।

ਇਹ ਸੰਭਵ ਹੈ ਤੇ ਸੁਭਾਵਿਕ ਵੀ ਹੈ ਕਿ ਜੇ ਕਿਸੇ ਇੱਕ ਰਚਨਾ ਦੀ ਸੰਖੇਪ ਰਚਨਾ ਕਈ ਵਿਦਿਆਰਥੀ ਕਰਨ ਤਾਂ ਉਹਨਾਂ ਦੇ ਲੱਭੇ ਸਿਰਲੇਖ ਇੱਕ-ਦੂਜੇ ਤੋਂ ਕੁਝ ਭਿੰਨ ਹੋ ਸਕਦੇ ਹਨ। ਇਸ ਦੀ ਉਦਾਹਰਨ ਅਖ਼ਬਾਰਾਂ ਵਿੱਚੋਂ ਲਈ ਜਾ ਸਕਦੀ ਹੈ। ਪੰਦਰਾਂ ਅਗਸਤ ਨੂੰ ਪ੍ਰਧਾਨ ਮੰਤਰੀ ਲਾਲ ਕਿਲ੍ਹੇ ਤੋਂ ਹਰ ਸਾਲ ਭਾਸ਼ਣ ਦਿੰਦੇ ਹਨ। ਇਹ ਭਾਸ਼ਣ ਅਗਲੇ ਦਿਨ ਅਖ਼ਬਾਰਾਂ ਵਿੱਚ ਸੰਖੇਪ ਕਰ ਕੇ ਛਾਪਿਆ ਜਾਂਦਾ ਹੈ ਪਰ ਇਸ ਭਾਸ਼ਣ ਦਾ ਸਿਰਲੇਖ ਸਭ ਅਖ਼ਬਾਰਾਂ ਨੇ ਆਪੋ-ਆਪਣੇ ਢੰਗ ਨਾਲ਼ ਛਾਪਿਆ ਹੁੰਦਾ ਹੈ।

ਸੰਖੇਪ ਰਚਨਾ ਦਾ ਅੰਤਿਮ ਰੂਪ ਲਿਖਣ ਤੋਂ ਪਹਿਲਾਂ ਇਸ ਦਾ ਕੱਚਾ ਰੂਪ ਤਿਆਰ ਕਰਨ ਦਾ ਲਾਭ ਹੁੰਦਾ ਹੈ। ਇਹ ਵੇਖ ਲਈਦਾ ਹੈ ਕਿ ਕੋਈ ਜ਼ਰੂਰੀ ਨੁਕਤਾ ਤਾਂ ਨਹੀਂ ਰਹਿ ਗਿਆ। ਵਿਸਰਾਮ-ਚਿੰਨ੍ਹਾਂ ਦੀ ਵੀ ਪੜਤਾਲ ਕਰ ਲਈ ਜਾਂਦੀ ਹੈ। ਸ਼ਬਦਾਂ ਦੀ ਗਿਣਤੀ ਘੱਟ ਜਾਂ ਵੱਧ ਹੋਵੇ ਤਾਂ ਇਹ ਠੀਕ ਕਰ ਲਈ ਜਾਂਦੀ ਹੈ। ਪੂਰੀ ਤਸੱਲੀ ਹੋਣ 'ਤੇ ਇਸ ਨੂੰ ਸਾਫ਼ ਤੇ ਸੋਹਣਾ ਕਰਕੇ ਲਿਖ ਦਿੱਤਾ ਜਾਂਦਾ ਹੈ।

ਅਗਲੇ ਪੰਨਿਆਂ ਉੱਤੇ ਤੇਰਾਂ ਵੱਖ-ਵੱਖ ਪੈਰੇ ਦੇ ਕੇ ਉਹਨਾਂ ਦੀ ਸੰਖੇਪ ਰਚਨਾ ਕਰਕੇ ਦੱਸੀ ਗਈ ਹੈ। ਇਸ ਉਪਰੰਤ ਬਾਰਾਂ ਪੈਰੇ ਵਿਦਿਆਰਥੀ ਦੇ ਅਭਿਆਸ ਕਰਨ ਲਈ ਦਿੱਤੇ ਗਏ ਹਨ।

**ਸੰਖੇਪ ਰਚਨਾ ਦੀਆਂ ਉਦਾਹਰਨਾਂ**

(1)

ਬਹੁਤ ਸਦਗੁਣੀ ਮਨੁੱਖ ਨੂੰ ਤਰੱਕੀ ਕਰਦਾ ਦੇਖ ਕੇ ਲੋਕ ਘੱਟ ਈਰਖਾ ਕਰਦੇ ਹਨ ਕਿਉਂਕਿ ਉਹ ਆਪਣੇ ਮਨ ਵਿੱਚ ਇਹ ਸਮਝਦੇ ਹਨ ਕਿ ਇਹ ਆਦਮੀ ਇਸ ਆਦਰ ਦਾ ਪਾਤਰ ਹੈ । ਕਰਜ਼ ਦੇਣ ਨਾਲ਼ ਕੋਈ ਕਿਸੇ ਦੀ ਨਿੰਦਿਆ ਨਹੀਂ ਕਰਦਾ ਪਰ ਉਦਾਰਤਾ ਨਾਲ਼ ਕਿਸੇ ਨੂੰ ਕੁਝ ਦਿੰਦਾ ਵੇਖ ਕੇ ਮਨੁੱਖ ਈਰਖਾ ਕਰਨ ਲੱਗਦੇ ਹਨ। ਜਿਨ੍ਹਾਂ ਮਨੁੱਖਾਂ ਦੀ ਆਪਸ ਵਿੱਚ ਬਰਾਬਰੀ ਨਹੀਂ ਹੋ ਸਕਦੀ, ਉਹਨਾਂ ਵਿੱਚ ਈਰਖਾ ਵੀ ਕਦੇ ਨਹੀਂ ਜਾਗਦੀ । ਇਸੇ ਕਰਕੇ ਰਾਜਿਆਂ ਦੀ ਈਰਖਾ ਰਾਜੇ ਹੀ ਕਰਦੇ ਹਨ, ਕੋਈ ਹੋਰ ਨਹੀਂ । ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਜਦ ਯੋਗਤਾ-ਰਹਿਤ ਮਨੁੱਖਾਂ ਦੀ ਤਰੱਕੀ ਹੋ ਜਾਂਦੀ ਹੈ ਤਦ ਉਹ ਬਹੁਤ ਭਾਰੀ ਨਿੰਦਿਆ ਦੇ ਪਾਤਰ ਬਣ ਜਾਂਦੇ ਹਨ ਪਰ ਕੁਝ ਸਮੇਂ ਪਿੱਛੋਂ ਲੋਕ ਉਹਨਾਂ ਨੂੰ ਈਰਖਾ ਦੀ ਨਜ਼ਰ ਨਾਲ਼ ਦੇਖਣਾ ਬੰਦ ਕਰ ਦਿੰਦੇ ਹਨ । ਉਹਨਾਂ ਦੀ ਬਾਬਤ ਉਸ ਵੇਲ਼ੇ ਸਭ ਨਾਲ਼ੋਂ ਵੱਧ ਨਿੰਦਿਆ ਹੁੰਦੀ ਹੈ ਜਦੋਂ ਲੋਕ ਉਹਨਾਂ ਨੂੰ ਬਹੁਤ ਸਮੇਂ ਤੱਕ ਆਪਣੀ ਸੰਪਤੀ ਭੋਗਦਾ ਹੋਇਆ ਦੇਖਦੇ ਹਨ । ਜਿਹੜੇ ਲੋਕ

ਲੰਮੇ-ਲੰਮੇ ਸਫ਼ਰ ਕਰ ਕੇ ਅਤੇ ਕਈ ਦੁੱਖ ਅਤੇ ਸੰਕਟ ਭੋਗ ਕੇ ਉੱਨਤੀ ਕਰਦੇ ਹਨ, ਉਹਨਾਂ ਨਾਲ਼ ਵੀ ਈਰਖਾ ਬਹੁਤ ਘੱਟ ਹੁੰਦੀ ਹੈ। ਮਨੁੱਖ ਸਮਝਦੇ ਹਨ ਕਿ ਇੱਜ਼ਤ ਪਾਉਣ ਲਈ ਉਹਨਾਂ ਲੋਕਾਂ ਨੂੰ ਅਨੇਕਾਂ ਕਸ਼ਟ ਸਹਾਰਨੇ ਪਏ ਹਨ। ਇਸ ਲਈ ਮਨੁੱਖਾਂ ਨੂੰ ਉਹਨਾਂ ਉੱਤੇ ਦਇਆ ਆਉਂਦੀ ਹੈ । ਈਰਖਾ ਰੂਪੀ ਰੋਗ ਦੀ ਦਇਆ ਰੂਪੀ ਇੱਕ ਭਾਰੀ ਦਵਾਈ ਹੈ । (204 ਸ਼ਬਦ)

**ਸਿਰਲੇਖ—ਈਰਖਾ**

ਬਹੁਤ ਸਦਗੁਣੀ ਮਨੁੱਖ ਦੀ ਤਰੱਕੀ ਹੋਣ 'ਤੇ ਉਸ ਨਾਲ਼ ਈਰਖਾ ਨਹੀਂ ਹੁੰਦੀ ਕਿਉਂਕਿ ਉਸ ਨੂੰ ਇਸ ਦਾ ਹੱਕਦਾਰ ਸਮਝਿਆ ਜਾਂਦਾ ਹੈ । ਕਰਜ਼ਾ ਦੇਣ ਵਾਲ਼ੇ ਨਾਲ਼ ਵੀ ਈਰਖਾ ਨਹੀਂ ਹੁੰਦੀ । ਲੰਮੀ ਘਾਲਣਾ ਪਿੱਛੋਂ ਇੱਜ਼ਤ ਪਾਉਣ ਵਾਲ਼ਿਆਂ ਨਾਲ਼ ਵੀ ਈਰਖਾ ਨਹੀਂ, ਹਮਦਰਦੀ ਹੁੰਦੀ ਹੈ ਪਰ ਉਦਾਰਤਾ ਨਾਲ਼ ਕਿਸੇ ਨੂੰ ਕੁਝ ਦੇਣ ਵਾਲ਼ੇ, ਬਰਾਬਰੀ ਦਾ ਦਰਜਾ ਰੱਖਣ ਵਾਲ਼ੇ ਤੇ ਬਿਨਾਂ ਯੋਗਤਾ ਦੇ ਤਰੱਕੀ ਲੈਣ ਤੇ ਖ਼ੁਸ਼ਹਾਲੀ ਮਾਣਨ ਵਾਲ਼ੇ ਈਰਖਾ ਦੇ ਪਾਤਰ ਹੁੰਦੇ ਹਨ । (70 ਸ਼ਬਦ)

(2)

ਸਰੀਰ ਮਨ ਦਾ ਘੋੜਾ ਹੈ । ਜਿਸ ਤਰ੍ਹਾਂ ਮਨ ਇਸ ਨੂੰ ਚਲਾਉਂਦਾ ਹੈ, ਉਸੇ ਤਰ੍ਹਾਂ ਚੱਲਦਾ ਹੈ ਪਰ ਜੀਵਨ ਦੀ ਖੇਡ ਖੇਡਣ ਲਈ ਅਤੇ ਜ਼ਿੰਦਗੀ ਦੀ ਵਾਟ ਕੱਟਣ ਲਈ ਘੋੜੇ ਨੂੰ ਵੀ ਰਿਸ਼ਟ-ਪੁਸ਼ਟ ਰੱਖਣਾ ਜ਼ਰੂਰੀ ਹੈ । ਜੇ ਘੋੜਾ ਮਰੀਅਲ ਹੋ ਜਾਏ ਤਾਂ ਮਨ ਅਤੇ ਆਤਮਾ ਦੀ ਖੇਡ ਵੀ ਢਿੱਲੀ ਪੈ ਜਾਂਦੀ ਹੈ । ਇਸ ਸਰੀਰ-ਘੋੜੇ ਨੂੰ ਰਿਸ਼ਟ-ਪੁਸ਼ਟ ਰੱਖਣ ਲਈ ਇਸ ਦੀ ਚੰਗੀ ਦੇਖ-ਭਾਲ਼ ਜ਼ਰੂਰੀ ਹੈ। ਸਾਡਾ ਸਰੀਰ ਅਰਬਾਂ-ਖ਼ਰਬਾਂ ਜੀਵਾਣੂਆਂ ਅਥਵਾ ਜਿਉਂਦੇ ਸੈੱਲਾਂ ਦਾ ਬਣਿਆ ਹੋਇਆ ਹੈ। ਇਹਨਾਂ ਵਿੱਚੋਂ ਲੱਖਾਂ-ਕਰੋੜਾਂ ਹਰ ਰੋਜ਼ ਮਰਦੇ ਅਤੇ ਉਹਨਾਂ ਦੀ ਥਾਂ ਲੈਣ ਲਈ ਲੱਖਾਂ-ਕਰੋੜਾਂ ਹਰ ਰੋਜ਼ ਜੰਮਦੇ ਹਨ । ਨਿਰੋਏ ਜੀਵਾਣੂ ਬਣਾਉਣ ਲਈ ਖ਼ੂਨ ਦਾ ਨਿਰੋਆ ਹੋਣਾ ਲਾਜ਼ਮੀ ਹੈ । ਖ਼ੂਨ ਬਣਦਾ ਹੈ; ਖ਼ੁਰਾਕ ਤੋਂ, ਜਲ ਤੋਂ, ਵਾਯੂ ਤੋਂ। ਨਿਰਮਲ ਜਲ, ਖੁੱਲ੍ਹੀ ਸੁਛ ਹਵਾ ਅਤੇ ਸ਼ੁੱਧ ਆਹਾਰ। ਇਹ ਸਭ ਕੁਝ ਹੋਵੇ ਤਾਂ ਹੀ ਸਰੀਰ ਰਿਸ਼ਟ-ਪੁਸ਼ਟ ਬਣਿਆ ਰਹਿ ਸਕਦਾ ਹੈ। ਘੱਟ ਖਾਣਾ, ਸੰਤੁਲਿਤ ਖ਼ੁਰਾਕ ਖਾਣੀ, ਖ਼ੂਬ ਚਿੱਥ-ਚਿੱਥ ਕੇ ਖਾਣੀ, ਮੁਸ਼ੱਕਤ ਜਾਂ ਕਸਰਤ ਕਰਨੀ, ਖ਼ੁਸ਼ ਰਹਿਣਾ, ਤਾਜ਼ਾ ਆਕਸੀਜਨ-ਭਰਪੂਰ ਹਵਾ ਫੱਕਣੀ ਅਤੇ ਨਿਰਮਲ ਜਲ ਪੀਣਾ—ਇਹੋ ਹੀ ਤੰਦਰੁਸਤੀ ਅਤੇ ਦੀਰਘ ਉਮਰ ਦਾ ਨੁਸਖ਼ਾ ਹੈ । (166 ਸ਼ਬਦ)

**ਸਿਰਲੇਖ—ਤੰਦਰੁਸਤੀ**

ਜਿਉਂਣ ਵਾਸਤੇ ਮਨ ਲਈ ਘੋੜੇ ਦਾ ਕੰਮ ਕਰਦੇ ਸਰੀਰ ਦਾ ਰਿਸ਼ਟ-ਪੁਸ਼ਟ ਰਹਿਣਾ ਜ਼ਰੂਰੀ ਹੈ । ਨਿਰੋਏ ਸਰੀਰ ਵਿੱਚ ਹੀ ਮਨ ਤੇ ਆਤਮਾ ਤਕੜੇ ਰਹਿੰਦੇ ਹਨ। ਅਣਗਿਣਤ ਜੀਵਾਣੂਆਂ ਦੀ ਟੁੱਟ-ਭੱਜ ਨੂੰ ਪੂਰਨ ਲਈ ਲੁੜੀਂਦੇ ਨਿਰੋਏ ਖ਼ੂਨ ਵਾਸਤੇ ਸੰਤੁਲਿਤ ਖ਼ੁਰਾਕ ਤੇ ਨਿਰਮਲ ਹਵਾ-ਪਾਣੀ ਲੁੜੀਂਦੇ ਹਨ । ਘੱਟ ਪਰ ਚਿੱਥ ਕੇ ਖਾਣ, ਕਸਰਤ ਕਰਨ ਤੇ ਖ਼ੁਸ਼ ਰਹਿਣ ਨਾਲ਼ ਤੰਦਰੁਸਤ ਲੰਮੀ ਉਮਰ ਮਿਲ਼ ਸਕਦੀ ਹੈ । (59 ਸ਼ਬਦ)

(3)

ਅਰਦਾਸ ਦਾ ਅਸਲ ਮੰਤਵ ਦਾਤਾਂ ਮੰਗਣੀਆਂ ਨਹੀਂ । ਵਾਹਿਗੁਰੂ ਤਾਂ ਸਾਡੇ ਅੰਦਰ ਦੀਆਂ ਜਾਣਦਾ ਹੈ । ਸਾਡੇ ਮੰਗੇ ਬਗ਼ੈਰ ਹੀ ਉਸ ਨੂੰ ਸਾਡੀਆਂ ਲੋੜਾਂ ਦਾ ਪਤਾ ਹੈ। ਆਪਣੀਆਂ ਦਾਤਾਂ ਉਹ ਸਾਡੇ 'ਤੇ, ਬਿਨਾਂ ਮੰਗੇ ਹੀ ਲੁਟਾਉਂਦਾ ਫਿਰਦਾ ਹੈ। ਉਹ ਤਾਂ ਚੰਗੇ-ਮੰਦੇ ਸਭ ਜੀਆਂ ਦਾ ਫ਼ਿਕਰ ਕਰਦਾ ਹੈ । ਉਸ

ਦਾ ਸੂਰਜ ਪਾਪੀਆਂ ਤੇ ਪੁੰਨੀਆਂ, ਦੋਹਾਂ ਲਈ ਇੱਕੋ-ਜਿਹੀ ਧੁੱਪ ਵਰਤਾਉਂਦਾ ਹੈ । ਉਸ ਦੀ ਧਰਤੀ ਨਿਆਂਈਆਂ, ਅਨਿਆਂਈਆਂ ਸਭਨਾਂ ਨੂੰ ਇਕਸਾਰ ਠਾਰਦੀ ਹੈ । ਉਸ ਦੀ ਬਖ਼ਸ਼ਸ਼ ਤਾਂ ਅਵਿਰਲ ਬਰਸਦੀ ਹੈ । ਦਾਤਾਂ ਦੇਣ ਲਈ ਉਹ ਸਾਡੀਆਂ ਅਰਦਾਸਾਂ ਕਦੋਂ ਉਡਕੀਦਾ ਹੈ ? ਪੂਰਨ ਪਿਆਰ ਉਸ ਦੀ ਰੀਤ ਹੈ । ਪਿਆਰ ਵਿੱਚ ਉਸ ਨੇ ਸਾਡੇ ਲਈ ਦਾਤਾਂ ਦੀ ਲੁੱਟ ਪਾਈ ਹੋਈ ਹੈ । ਮੰਦੇ ਉਸ ਪਾਸੋਂ ਮੰਗਦੇ ਵੀ ਨਹੀਂ ਫਿਰ ਵੀ ਦਾਤਾਂ ਪ੍ਰਾਪਤ ਕਰਦੇ ਹਨ । ਚੰਗੇ ਮੰਗਦੇ ਹਨ ਪਰ ਕਿਤਨਾ ਕੁਝ ਮੰਗਦੇ ਹਨ ? ਮੰਗੇ ਤੋਂ ਵਧੀਕ ਉਹਨਾਂ ਨੂੰ ਕੁਝ ਨਹੀਂ ਮਿਲ਼ਦਾ। ਅਰਦਾਸ ਦਾ ਅਸਲ ਮੰਤਵ ਲੋੜਾਂ ਦੱਸਣਾ ਨਹੀਂ, ਵਾਹਿਗੁਰੂ ਦੀ ਨੇੜਤਾ ਪ੍ਰਾਪਤ ਕਰਨਾ ਹੈ । ਅਰਦਾਸ ਤਾਂ ਵਾਹਿਗੁਰੂ ਜੀ ਅੱਗੇ ਆਪਣਾ ਦਿਲ ਖੋਲ੍ਹਣ ਦਾ ਸਾਧਨ ਹੈ । ਦਿਲ ਦੇ ਤਾਕ ਖੋਲ੍ਹੀਏ ਤਾਂ ਦੈਵੀ ਪ੍ਰਕਾਸ਼ ਅੰਦਰ ਪ੍ਰਵੇਸ਼ ਕਰਦਾ ਹੈ । ਜਦੋਂ ਮਾਲਕ ਨੂੰ ਅਸੀਂ ਆਪਣੀਆਂ ਲੋੜਾਂ ਦੱਸਦੇ ਹਾਂ ਤਾਂ ਇਸ ਲਈ ਨਹੀਂ ਕਿ ਉਸ ਨੂੰ ਦਾਤਾਂ ਦੇਣ ਵਿੱਚ ਕੋਈ ਸੁਝਾਅ ਦੇਈਏ ਸਗੋਂ ਇਸ ਲਈ ਕਿ ਉਸ ਪਿਆਰੇ ਨਾਲ਼ ਗੱਲਾਂ ਕਰਨ ਦਾ ਅਵਸਰ ਪ੍ਰਾਪਤ ਕਰੀਏ। ਅਜਿਹਾ ਅਵਸਰ ਸਾਡੀ ਨਿਰਬਲਤਾ 'ਚੋਂ, ਸਾਡੀਆਂ ਲੋੜਾਂ-ਥੁੜਾਂ 'ਚੋਂ ਨਿੱਤ ਪੈਦਾ ਹੁੰਦਾ ਹੈ। ਇਸ ਨੂੰ ਅਸੀਂ ਵਾਹਿਗੁਰੂ ਜੀ ਨਾਲ਼ ਆਪਣਾ ਦੁੱਖ-ਸੁੱਖ ਫਰੋਲ਼ਨ ਦੇ ਆਹਰ ਵਿੱਚ ਲਾ ਕੇ ਉਸ ਦੀ ਨੇੜਤਾ ਦੇ ਪਾਤਰ ਬਣ ਸਕਦੇ ਹਾਂ। (ਸ਼ਬਦ 233)

### ਸਿਰਲੇਖ—ਅਰਦਾਸ ਦਾ ਮੰਤਵ

ਅਰਦਾਸ ਦਾ ਮਨੋਰਥ ਵਾਹਿਗੁਰੂ ਤੋਂ ਦਾਤਾਂ ਮੰਗਣਾ ਨਹੀਂ ਹੈ । ਵਾਹਿਗੁਰੂ ਦੇ ਪਿਆਰ ਦੀ ਇਹ ਵਡਿਆਈ ਹੈ ਕਿ ਉਹ ਆਪ ਹੀ ਸਾਡਾ ਸਭ ਦਾ ਖ਼ਿਆਲ ਰੱਖਦਾ ਹੋਇਆ ਬਿਨਾਂ ਕਿਸੇ ਭੇਦ-ਭਾਵ ਤੋਂ ਸਾਨੂੰ ਦਾਤਾਂ ਬਖ਼ਸ਼ਦਾ ਹੈ । ਅਰਦਾਸ ਵਾਹਿਗੁਰੂ ਦੇ ਨੇੜੇ ਹੋਣ ਅਤੇ ਉਸ ਦੇ ਦੈਵੀ-ਪ੍ਰਕਾਸ਼ ਨੂੰ ਗ੍ਰਹਿਣ ਕਰਨ ਹਿਤ ਆਪਣੇ ਮਨਾਂ ਦੇ ਝਰੋਖੇ ਖੋਲ੍ਹਣ ਦਾ ਸਾਧਨ ਹੈ । ਅਰਦਾਸ ਦੁਆਰਾ ਅਸੀਂ ਵਾਹਿਗੁਰੂ ਨੂੰ ਆਪਣੀਆਂ ਲੋੜਾਂ ਦੱਸਦਿਆਂ ਉਸ ਨਾਲ਼ ਗੱਲਾਂ ਕਰਨ ਦਾ ਮੌਕਾ ਪ੍ਰਾਪਤ ਕਰ ਕੇ ਉਸ ਦੀ ਨੇੜਤਾ ਹਾਸਲ ਕਰ ਸਕਦੇ ਹਾਂ । (ਸ਼ਬਦ 78)

(4)

ਅੰਗਰੇਜ਼ੀ ਦੇ ਇੱਕ ਲਿਖਾਰੀ ਨੇ ਕਿਹਾ ਹੈ ਕਿ ਰਾਤ ਨੂੰ ਛੇਤੀ ਸੌਂ ਜਾਣ ਨਾਲ਼ ਅਤੇ ਸਵੇਰੇ ਤੜਕੇ ਉੱਠਣ ਨਾਲ਼ ਸਿਹਤ, ਧਨ ਅਤੇ ਬੁੱਧੀ ਤਿੰਨੇ ਪ੍ਰਾਪਤ ਹੁੰਦੇ ਹਨ। ਸਵੇਰੇ ਤੜਕੇ ਉੱਠਣ ਨਾਲ਼ ਬੰਦੇ ਨੇ ਆਪਣਾ ਬਹੁਤ ਸਾਰਾ ਕੰਮ ਮੁਕਾ ਲਿਆ ਹੁੰਦਾ ਹੈ ਜਿਸ ਵੇਲ਼ੇ ਕਿ ਦਲਿੱਦਰੀ ਹਾਲੇ ਬਿਸਤਰੇ ਵਿੱਚ ਘੁਰਾੜੇ ਮਾਰ ਰਹੇ ਹੁੰਦੇ ਹਨ। ਸਵੇਰੇ ਤੜਕੇ ਉੱਠਣ ਵਾਲ਼ਾ ਬਾਹਰ ਸੈਰ ਨੂੰ ਜਾ ਸਕਦਾ ਹੈ, ਕਸਰਤ ਕਰ ਸਕਦਾ ਹੈ ਜਿਸ ਨਾਲ਼ ਉਹ ਸਾਰਾ ਦਿਨ ਖ਼ੁਸ਼ ਰਹਿੰਦਾ ਹੈ ਅਤੇ ਬਿਨਾਂ ਥਕੇਵੇਂ ਦੇ ਕੰਮ ਕਰ ਸਕਦਾ ਹੈ। ਉਸ ਨੂੰ ਕਿਸੇ ਕੰਮ ਵਿੱਚ ਕਾਹਲ਼ ਕਰਨ ਦੀ ਲੋੜ ਨਹੀਂ ਹੁੰਦੀ। ਕੰਮ ਉਹਦੇ ਉੱਤੇ ਸਵਾਰ ਨਹੀਂ ਹੁੰਦਾ, ਉਹ ਕੰਮ ਉੱਤੇ ਸਵਾਰ ਹੁੰਦਾ ਹੈ। ਉਹ ਬਿਨਾਂ ਘਬਰਾਹਟ, ਹਫੜਾ-ਦਫੜੀ ਦੇ ਆਪਣੀ ਕੁਦਰਤੀ ਚਾਲ ਨਾਲ਼ ਚੱਲਦਾ ਹੈ। ਉਹ ਕੰਮ ਵੀ ਖਰਾ ਕਰੇਗਾ ਅਤੇ ਅਰਾਮ ਕਰਨ ਲਈ ਵੀ ਕਾਫ਼ੀ ਸਮਾਂ ਬਚਾ ਲਵੇਗਾ। ਜਿਹੜੀ ਸੁਆਣੀ ਸੂਰਜ ਦੇਵਤਾ ਨਾਲ਼ ਜ਼ਿਦ ਲਾ ਕੇ ਸੁੱਤੀ ਰਹਿੰਦੀ ਹੈ ਕਿ ਤੂੰ ਉਦੈ ਹੋਵੇਂਗਾ ਤਾਂ ਉੱਠਾਂਗੀ, ਉਹਦੇ ਤੋਂ ਘਰ ਵਾਲ਼ਿਆਂ ਨੇ ਕੀ ਆਸ ਰੱਖਣੀ ? (159 ਸ਼ਬਦ)

**ਸੰਖੇਪ ਰਚਨਾ**

### ਸਿਰਲੇਖ—ਤੜਕੇ ਉੱਠਣਾ

ਛੇਤੀ ਸੌਣ ਤੇ ਤੜਕੇ ਉੱਠਣ ਵਾਲ਼ੇ ਮਨੁੱਖ ਨੂੰ ਸਿਹਤ, ਧਨ ਤੇ ਬੁੱਧੀ ਦੀ ਪ੍ਰਾਪਤੀ ਹੁੰਦੀ ਹੈ। ਉਹ ਆਪਣੇ ਕੰਮ 'ਤੇ ਸਵਾਰ ਰਹਿੰਦਾ ਹੈ। ਉਹ ਸਵੇਰੇ ਕਸਰਤ ਤੇ ਸੈਰ ਕਰ ਸਕਦਾ ਹੈ ਜੋ ਉਸ ਨੂੰ ਸਾਰਾ ਦਿਨ ਖ਼ੁਸ਼ੀ

ਤੇ ਤਾਜ਼ਗੀ ਦਿੰਦੀਆਂ ਹਨ। ਤੜਕੇ ਉੱਠਣ ਵਾਲ਼ੀ ਇਸਤਰੀ ਸਾਰਾ ਕੰਮ ਮੁਕਾ ਕੇ ਸਮੇਂ ਸਿਰ ਛਾਹਵੇਲ਼ਾ ਤਿਆਰ ਕਰ ਲੈਂਦੀ ਹੈ। (55 ਸ਼ਬਦ)

(5)

ਕੋਈ ਡਰ ਲਓ—ਜਲ ਦਾ ਡਰ, ਅੱਗ ਦਾ ਡਰ, ਮੀਂਹ-ਹਨੇਰੀ, ਬਿਜਲੀ ਦਾ ਡਰ……ਸਭ ਦਾ ਕਾਰਨ 'ਮਰਨ-ਭੈ' ਹੈ। ਧਨ ਦੇ ਚੁਰਾਏ ਜਾਣ ਦਾ ਡਰ ਕਿਉਂ ਹੈ ? ਧਨ ਖੁੱਸ ਜਾਏਗਾ ਤਾਂ ਕੀ ਹੋਵੇਗਾ ? ਲੋੜਾਂ ਪੂਰੀਆਂ ਨਾ ਹੋ ਸਕਣਗੀਆਂ, ਖਾਣ-ਪਹਿਨਣ ਨੂੰ ਨਹੀਂ ਮਿਲ਼ੇਗਾ। ਖਾਣ ਨੂੰ ਨਾ ਮਿਲ਼ਿਆ ਤਾਂ ਸਿੱਟਾ ਉਹੋ—ਮੌਤ। ਪਹਿਨਣ ਨੂੰ ਨਾ ਲੱਭਾ ਤਾਂ ਗਰਮੀ-ਸਰਦੀ ਤੋਂ ਬਚਾਅ ਨਹੀਂ ਹੋ ਸਕੇਗਾ। ਫੇਰ ਕੀ ਹੋਵੇਗਾ ………..ਮੌਤ। ਬੇਰੁਜ਼ਗਾਰੀ ਦਾ ਡਰ, ਸਕੱਤਰ ਨੂੰ ਪ੍ਰਧਾਨ ਦਾ ਡਰ, ਨੌਕਰ ਨੂੰ ਮਾਲਕ ਦਾ ਡਰ, ਕਿਸਾਨ ਨੂੰ ਕੁਦਰਤੀ ਕਹਿਰ ਦਾ ਡਰ………ਇਹਨਾਂ ਸਾਰੇ ਡਰਾਂ ਦੀ ਜੜ੍ਹ ਇੱਕੋ ਮਰਨ-ਡਰ ਹੈ ਜਾਂ ਕਹੋ ਸਾਡੀ 'ਹਉਮੈਂ' ਹੈ। ਸਾਡਾ ਆਪਾ ਹੈ। ਜਦ ਸਾਨੂੰ ਪਤਾ ਲੱਗ ਜਾਏ ਜਦ ਸਾਨੂੰ ਸੋਝੀ ਆ ਜਾਏ ਜਦ ਸਾਨੂੰ ਵਸਤੂ ਦਾ ਗਿਆਨ ਹੋ ਜਾਵੇ ਤਾਂ ਇਹਨਾਂ ਡਰਾਂ ਲਈ ਥਾਂ ਨਹੀਂ ਰਹਿੰਦੀ।

(128 ਸ਼ਬਦ)

**ਸੰਖੇਪ ਰਚਨਾ**

### ਸਿਰਲੇਖ—ਮਰਨ ਦਾ ਡਰ

ਮਨੁੱਖ ਦੇ ਸਭ ਡਰਾਂ ਦਾ ਮੂਲ ਮਰਨ ਭੈ ਹੈ। ਧਨ ਦੇ ਖੁੱਸਣ ਤੇ ਮਾਲਕ ਦੀ ਨਰਾਜ਼ਗੀ ਦਾ ਡਰ ਜੀਵਨ-ਲੋੜਾਂ ਦੀ ਪੂਰਤੀ ਵਿੱਚ ਰੋਕ ਪੈਣ ਦੇ ਖ਼ਤਰੇ ਕਰਕੇ ਪੈਦਾ ਹੁੰਦਾ ਹੈ। ਇਸ ਦਾ ਕਾਰਨ ਸਾਡੀ ਹਉਮੈਂ ਹੈ। ਵਸਤੂ ਦਾ ਠੀਕ ਗਿਆਨ ਹੋਣ ਨਾਲ਼ ਡਰ ਨਸ਼ਟ ਹੋ ਜਾਂਦੇ ਹਨ। (47 ਸ਼ਬਦ)

(6)

ਅੱਗ ਦੀ ਸੁਵਰਤੋਂ ਇਨਸਾਨ ਕਰਦੇ ਰਹੇ ਹਨ ਜਿਸ ਦੀ ਪਰਤਾਪੀ ਸ਼ਕਤੀ ਕਾਰਨ ਹੀ ਅੱਗ ਨੂੰ ਅਗਨੀ ਦੇਵਤਾ ਕਿਹਾ ਹੈ ਜਦਕਿ ਜਦ ਕਦੇ ਅੱਗ ਰਾਖਸ਼ਾਂ, ਦੈਂਤਾਂ, ਬਘਿਆੜਾਂ, ਬਾਂਦਰਾਂ ਦੇ ਹੱਥ ਆਉਂਦੀ ਰਹੀ ਹੈ। ਇਹ ਜੰਗਲ਼ ਬੇਲੇ, ਧਰਤੀ 'ਤੇ ਘੁੱਗ ਵੱਸਦੇ ਲੋਕਾਂ ਨੂੰ ਸਾੜਦੇ ਰਹੇ ਹਨ। ਐਟਮ-ਬੰਬ, ਬੰਦੂਕਾਂ, ਬੰਬਾਂ ਅਤੇ ਬਰੂਦਾਂ ਦੇ ਢੇਰਾਂ ਨੂੰ ਜ਼ਾਲਮ ਲੋਕ ਬਰਬਾਦੀ ਤੇ ਉਜਾੜੇ ਲਈ ਵਰਤਦੇ ਰਹੇ ਹਨ। ਜੰਗਾਂ ਕੌਣ ਲੜਦਾ ਹੈ ? ਜ਼ਾਲਮ ਹੁਕਮਰਾਨ। ਸਿਰਜਣਾ ਕੌਣ ਕਰਦਾ ਹੈ ? ਮਿਹਨਤਕਸ਼ ਕਾਮੇ, ਕਲਾਕਾਰ, ਸਿਰਜਕ, ਸਾਹਿਤਕਾਰ ਅਤੇ ਸੰਤ-ਸਿਪਾਹੀ; ਬੁੱਧੀ-ਸ਼ਕਤੀ ਵੰਡਣ ਵਾਲ਼ੇ। ਆਓ, ਸਾਕਾਰਾਤਮਿਕ ਅੱਗ ਦੀ ਉਤਪਤੀ ਲੋਕ-ਮਾਨਸ ਵਿੱਚ ਕਰੀਏ। ਹਨੇਰੇ ਖ਼ਤਮ ਕਰੀਏ। ਜਾਗੋ ਵੰਡੀਏ। ਪਸ਼ੂਆਂ ਦੀ ਅਕਲ ਵਾਲ਼ੇ ਲੋਕਾਂ ਅੰਦਰ ਮਨੁੱਖ ਬਣਨ ਦੀ ਬੁੱਧੀ ਭਰੀਏ। ਇਹੋ ਕਮਾਲ ਦੀ ਕਰਾਮਾਤ ਹੈ ਕਿ ਲੋਕ ਸਦਭਾਵਨਾ ਨਾਲ਼ ਆਪਣੇ ਅੰਦਰ ਸਿਰਜਣਾਤਮਿਕ ਅੱਗ ਪੈਦਾ ਕਰਨ ਅਤੇ ਖ਼ੁਸ਼ੀ ਦੇ ਦੀਵੇ ਜਗਾਉਣ। (125 ਸ਼ਬਦ)

**ਸੰਖੇਪ ਰਚਨਾ**

### ਸਿਰਲੇਖ—ਅੱਗ ਦੀ ਉਪਯੋਗੀ ਵਰਤੋਂ

ਅੱਗ ਮਨੁੱਖ ਲਈ ਲਾਭਕਾਰੀ ਹੈ। ਅਮਾਨਵੀ ਲੋਕ ਇਸ ਦੀ ਦੁਰਵਰਤੋਂ ਕਰ ਕੇ ਮਾਨਵਤਾ ਦਾ ਵਿਨਾਸ਼ ਕਰਦੇ ਰਹੇ ਹਨ। ਜਦਕਿ ਭਲੇ ਪੁਰਸ਼ ਇਸ ਨੂੰ ਮਾਨਵ ਦੇ ਕਲਿਆਣ ਲਈ ਵਰਤਦੇ ਰਹੇ ਹਨ। ਸਮੇਂ ਦੀ ਮੰਗ ਹੈ ਕਿ ਅੱਗ ਦੀ ਵਰਤੋਂ ਮਾਨਵੀ ਸਿਰਜਣਾਤਮਿਕ ਸ਼ਕਤੀਆਂ ਨੂੰ ਪੈਦਾ ਕਰਨ ਵਾਸਤੇ ਹੀ ਕੀਤੀ ਜਾਵੇ। (47 ਸ਼ਬਦ)

(7)

ਪੰਜਾਬੀ ਜਨ-ਜੀਵਨ ਵੱਖ-ਵੱਖ ਰਸਮਾਂ-ਰਿਵਾਜਾਂ ਨਾਲ਼ ਓਤ-ਪੋਤ ਹੈ। ਹਰੇਕ ਕਬੀਲੇ, ਜਾਤ ਅਤੇ ਧਰਮ ਦੇ ਲੋਕਾਂ ਦੇ ਆਪਣੇ-ਆਪਣੇ ਰਿਵਾਜ ਹਨ ਜਿਹੜੇ ਥੋੜ੍ਹੇ-ਬਹੁਤੇ ਫ਼ਰਕ ਨਾਲ਼ ਲਗ-ਪਗ ਹਰ ਥਾਂ 'ਤੇ ਨਿਭਾਏ ਜਾਂਦੇ ਰਹੇ ਹਨ। ਅੱਜ ਦੇ ਤਕਨਾਲੋਜੀ-ਯੁੱਗ ਵਿੱਚ ਪਰਿਸਥਿਤੀਆਂ ਦੇ ਬਦਲਣ ਅਤੇ ਲੋਕਾਂ ਦੀ ਸੋਚ, ਦ੍ਰਿਸ਼ਟੀ ਵਿੱਚ ਪਰਿਵਰਤਨ ਆਉਣ ਨਾਲ਼ ਭਾਵੇਂ ਇਹਨਾਂ ਸਾਰੀਆਂ ਰਸਮਾਂ-ਰਿਵਾਜਾਂ ਦੀ ਇੰਨ-ਬਿੰਨ ਪਾਲਣਾ ਨਹੀਂ ਕੀਤੀ ਜਾਂਦੀ ਪਰੰਤੂ ਫਿਰ ਵੀ ਅਸੀਂ ਵੇਖਦੇ ਹਾਂ ਕਿ ਕਿਸੇ ਨਾ ਕਿਸੇ ਰੂਪ ਵਿੱਚ ਥੋੜ੍ਹੇ-ਬਹੁਤੇ ਫ਼ਰਕ ਨਾਲ਼ ਇਹ ਰਸਮ-ਰਿਵਾਜ ਅੱਜ ਵੀ ਨਿਭਾਏ ਜਾ ਰਹੇ ਹਨ ਅਤੇ ਨਿਭਾਏ ਜਾਂਦੇ ਰਹਿਣਗੇ। ਲੋੜ ਹੈ, ਆਉਣ ਵਾਲ਼ੀਆਂ ਨਸਲਾਂ ਨੂੰ ਆਪਣੇ ਅਮੀਰ ਵਿਰਸੇ ਤੋਂ ਜਾਣੂ ਕਰਵਾਉਣ ਦੀ ਅਤੇ ਇਹਨਾਂ ਦੇ ਵਿਗਿਆਨਿਕ ਮਹੱਤਵ ਨੂੰ ਦ੍ਰਿੜ੍ਹ ਕਰਵਾਉਣ ਦੀ। ਸਮੁੱਚੇ ਤੌਰ 'ਤੇ ਇਹ ਸਾਰੇ ਰਸਮ-ਰਿਵਾਜ ਮਨੁੱਖ ਨੂੰ ਮਨੁੱਖ ਨਾਲ਼, ਰਿਸ਼ਤੇਦਾਰਾਂ ਨਾਲ਼ ਅਤੇ ਭਾਈਚਾਰੇ ਨੂੰ ਭਾਈਚਾਰੇ ਨਾਲ਼ ਜੋੜਦੇ ਹਨ।
(133 ਸ਼ਬਦ)

**ਸੰਖੇਪ ਰਚਨਾ**

**ਸਿਰਲੇਖ—ਰਸਮਾਂ-ਰਿਵਾਜਾਂ ਦੀ ਮਹੱਤਤਾ**

ਪੰਜਾਬੀ ਲੋਕ ਜੀਵਨ ਦੇ ਹਰ ਵਰਤਾਰੇ ਵਿੱਚ ਰਸਮਾਂ-ਰਿਵਾਜਾਂ ਦੀ ਵਿਸ਼ੇਸ਼ ਮਹੱਤਤਾ ਹੈ। ਭਾਵੇਂ ਸਮੇਂ ਦੇ ਬਦਲਾਅ ਜਾਂ ਨਵੀਆਂ ਉਪਲਬਧੀਆਂ ਸਦਕਾ ਇਹਨਾਂ ਵਿੱਚ ਤਬਦੀਲੀ ਆਉਣੀ ਸੁਭਾਵਿਕ ਹੈ, ਫਿਰ ਵੀ ਇਹਨਾਂ ਦੀ ਵਿਗਿਆਨਿਕ ਸਾਰਥਕਤਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਸਮੁੱਚਾ ਰਿਸ਼ਤਾ-ਪ੍ਰਬੰਧ ਇਸ ਸਦਭਾਵਨਾ ਨੂੰ ਬਣਾਈ ਰੱਖਦਾ ਹੈ। (48 ਸ਼ਬਦ)

(8)

ਕੀ ਘਰ ਵੱਡਿਆਂ ਲਈ ਹੈ ਜਾਂ ਬੱਚਿਆਂ ਵਾਸਤੇ ? ਕੀ ਘਰ ਦਾ ਪ੍ਰੋਗ੍ਰਾਮ ਬੱਚਿਆਂ ਨੂੰ ਮੁੱਖ ਰੱਖ ਕੇ ਬਣਾਉਣਾ ਚਾਹੀਦਾ ਹੈ ਕਿ ਮਾਪਿਆਂ ਤੇ ਹੋਰ ਵੱਡਿਆਂ ਨੂੰ ? ਕਹਿਣ ਨੂੰ ਤਾਂ ਸਾਰੇ ਇਹ ਕਹਿਣਗੇ ਕਿ ਬੱਚੇ ਦੀ ਸਹੂਲਤ ਬੱਚੇ ਦਾ ਅਰਾਮ ਤੇ ਬੱਚੇ ਦੀਆਂ ਲੋੜਾਂ ਸਭ ਤੋਂ ਪਹਿਲਾਂ ਹੋਣੀਆਂ ਚਾਹੀਦੀਆਂ ਹਨ ਪਰ ਅਸਲ ਵਿੱਚ ਇਹ ਨਹੀਂ ਹੁੰਦਾ। ਜਦ ਬੱਚੇ ਨੂੰ ਅਰਾਮ ਦੀ ਲੋੜ ਹੁੰਦੀ ਹੈ ਤਾਂ ਵੱਡੇ ਸ਼ੋਰ ਮਚਾ ਸਕਦੇ ਹਨ ਪਰ ਜਦ ਵੱਡੇ ਅਰਾਮ ਕਰ ਰਹੇ ਹੁੰਦੇ ਹਨ ਤਾਂ ਬੱਚੇ ਨੂੰ ਸ਼ੋਰ ਮਚਾਉਣ ਦਾ ਹੱਕ ਨਹੀਂ ਹੁੰਦਾ। ਜੇ ਬੱਚਾ ਸ਼ੋਰ ਮਚਾਏ ਤਾਂ ਉਸ ਨੂੰ ਬਾਹਰ ਭੇਜ ਦਿੱਤਾ ਜਾਂਦਾ ਹੈ। ਜੇ ਕਦੇ ਬੱਚਾ ਬਾਹਰ ਜਾਣਾ ਚਾਹੇਗਾ ਤਾਂ ਸਾਡੀ ਮਰਜ਼ੀ ਹੋਵੇਗੀ, ਉਸ ਨੂੰ ਭੇਜਾਂਗੇ ਪਰ ਜਦ ਅਸਾਂ ਬਾਹਰ ਸੈਰ ਕਰਨ ਜਾਣਾ ਹੋਵੇ ਤਾਂ ਬੱਚੇ ਨੂੰ ਉਸ ਦੀ ਮਰਜ਼ੀ ਦੇ ਖ਼ਿਲਾਫ਼ ਵੀ ਧਰੀਕ ਕੇ ਲੈ ਜਾਵਾਂਗੇ। ਦੂਜੇ ਮਹਾਨ ਯੁੱਧ ਵਿੱਚ ਜਦੋਂ ਇੰਗਲਿਸਤਾਨ ਦੇ ਤਬਾਹ ਹੋ ਜਾਣ ਦਾ ਖ਼ਤਰਾ ਸੀ ਤਾਂ ਸਰਕਾਰ ਨੇ ਸਭ ਤੋਂ ਪਹਿਲਾ ਇੰਤਜ਼ਾਮ ਬੱਚਿਆਂ ਨੂੰ ਬਚਾਉਣ ਦਾ ਕੀਤਾ। ਬੱਚਿਆਂ ਨੂੰ ਸਕੂਲਾਂ ਵਿੱਚੋਂ ਹਟਾ ਕੇ ਬਚਾਅ ਵਾਲ਼ੀਆਂ ਥਾਂਵਾਂ 'ਤੇ ਭੇਜ ਦਿੱਤਾ ਗਿਆ ਤਾਂਜੋ ਮੁਲਕ ਦਾ ਭਵਿਖ ਤਬਾਹ ਨਾ ਹੋ ਜਾਵੇ। ਮਾਂਵਾਂ ਕੋਲ਼ੋਂ ਨਿਖੇੜ ਕੇ ਬੱਚਿਆਂ ਨੂੰ ਜ਼ਿੰਦਾ ਬਚਾਉਣ ਵਾਸਤੇ, ਜ਼ਿੰਦਾ ਰੱਖਣ ਵਾਸਤੇ ਪੂਰਾ-ਪੂਰਾ ਇੰਤਜ਼ਾਮ ਕੀਤਾ ਗਿਆ ਸੀ। (197 ਸ਼ਬਦ)

**ਸੰਖੇਪ ਰਚਨਾ**

**ਸਿਰਲੇਖ—ਬੱਚਿਆਂ ਦੀ ਪਾਲਣਾ**

ਆਮ ਘਰਾਂ ਵਿੱਚ ਘਰੇਲੂ ਪ੍ਰੋਗ੍ਰਾਮ ਬੱਚਿਆਂ ਦੀਆਂ ਸਹੂਲਤਾਂ ਦਾ ਖ਼ਿਆਲ ਰੱਖ ਕੇ ਨਹੀਂ ਬਣਾਇਆ ਜਾਂਦਾ। ਘਰ ਵਿੱਚ ਵੱਡਿਆਂ ਦੀ ਮਰਜ਼ੀ ਚੱਲਦੀ ਹੈ। ਬੱਚਿਆਂ ਨੂੰ ਉਹਨਾਂ ਦੀ ਮਰਜ਼ੀ ਅਨੁਸਾਰ ਸੌਣ, ਹੱਸਣ ਜਾਂ ਖੇਡਣ ਨਹੀਂ ਦਿੱਤਾ ਜਾਂਦਾ। ਜਿੱਥੇ ਜੰਗ ਦੇ ਸਮੇਂ ਇੰਗਲਿਸਤਾਨ-ਨਿਵਾਸੀਆਂ ਨੇ ਮਾਂਵਾਂ ਕੋਲ਼ੋਂ ਬੱਚੇ ਵੱਖ

ਕਰ ਕੇ ਬਚਾਅ ਵਾਲੀਆਂ ਥਾਂਵਾਂ ਉੱਤੇ ਭੇਜ ਦਿੱਤੇ ਸਨ, ਉੱਥੇ ਸਾਡੀਆਂ ਮਾਂਵਾਂ ਇੱਕ ਮਿੰਟ ਲਈ ਵੀ ਆਪਣੇ ਬੱਚੇ ਵੱਖ ਨਹੀਂ ਕਰਨਾ ਚਾਹੁੰਦੀਆਂ। (66 ਸ਼ਬਦ)

(9)

ਸਾਡੇ ਅਨੇਕਾਂ ਨੌਜਵਾਨ ਜ਼ਿੰਦਗੀ ਦੇ ਚੁਰਸਤੇ ਉੱਤੇ ਡਾਵਾਂ-ਡੋਲ ਖੜ੍ਹੋਤੇ ਵਿਖਾਈ ਦੇ ਰਹੇ ਹਨ। ਉਹ ਹਰ ਪਾਸੇ ਵੇਖ ਰਹੇ ਹਨ ਪਰ ਆਪਣੀ ਜ਼ਿੰਦਗੀ ਦੇ ਕੰਮ ਦੀ ਚੋਣ ਨਹੀਂ ਕਰ ਸਕਦੇ। ਪਹਿਲੋਂ ਤਾਂ ਉਹਨਾਂ ਨੂੰ ਕਰਨ ਵਾਲੇ ਕੰਮ ਹੀ ਬਹੁਤੇ ਨਹੀਂ ਦਿਸਦੇ ਤੇ ਫੇਰ ਉਹਨਾਂ ਨੂੰ ਇਹ ਪਤਾ ਨਹੀਂ ਲੱਗਦਾ ਕਿ ਉਹ ਕਿਸ ਕੰਮ ਲਈ ਯੋਗਤਾ ਰੱਖਦੇ ਹਨ। ਇਸ ਚੋਣ ਉੱਤੇ ਹੀ ਜ਼ਿੰਦਗੀ ਦੀ ਕਾਮਯਾਬੀ ਨਿਰਭਰ ਹੈ। ਅਨੇਕਾਂ ਕੀਮਤੀ ਜ਼ਿੰਦਗੀਆਂ ਸਿਰਫ਼ ਏਸ ਲਈ ਆਪਣਾ ਮੁੱਲ ਨਹੀਂ ਪੁਆ ਸਕੀਆਂ ਕਿ ਉਹਨਾਂ ਦੇ ਕੰਮ ਦੀ ਚੋਣ ਗ਼ਲਤ ਸੀ, ਸਾਰੀ ਉਮਰ ਗੋਲ ਸੁਰਾਖ਼ ਵਿੱਚ ਜੋੜਨ ਲਈ ਉਹ ਆਪਣੇ ਚੌਰਸ ਕਿੱਲੇ ਦੀਆਂ ਨੁੱਕਰਾਂ ਛਿੱਲਦੇ ਰਹਿੰਦੇ ਹਨ। ਕੰਮ ਦੀ ਚੋਣ ਜ਼ਿੰਦਗੀ ਦੇ ਪਹਿਲੇ ਇੱਕ ਜਾਂ ਦੋ ਫ਼ੈਸਲਿਆਂ ਵਿੱਚੋਂ ਹੈ। ਹਜ਼ਾਰਾਂ ਜ਼ਿੰਦਗੀਆਂ ਗ਼ਲਤ ਚੋਣ ਕਰਕੇ ਨਿਕੰਮੀਆਂ ਤੇ ਨਾਖ਼ੁਸ਼ ਰਹਿ ਜਾਂਦੀਆਂ ਹਨ। ਜਦ ਤੱਕ ਇੱਕ ਕਾਰੀਗਰ ਨੂੰ ਆਪਣੇ ਹਥਲੇ ਕੰਮ ਵਿੱਚੋਂ ਰੋਜ਼ੀ ਤੋਂ ਛੁੱਟ ਹੋਰ ਕੋਈ ਅਨੰਦ ਪ੍ਰਾਪਤ ਨਹੀਂ ਹੁੰਦਾ, ਉਹ ਨਾ ਤਾਂ ਆਪਣੇ ਕੰਮ ਵਿੱਚ ਕਮਾਲ ਦੀ ਆਸ ਰੱਖ ਸਕਦਾ ਹੈ ਤੇ ਨਾ ਉਸ ਕੰਮ ਦੇ ਵਸੀਲੇ ਨਾਲ ਆਪਣੀ ਆਤਮਾ ਵਿੱਚ ਖੇੜਾ ਲਿਆ ਸਕਦਾ ਹੈ। ਜਿਸ ਦਿਲ ਵਿੱਚ ਉਸ ਦੇ ਹੱਥਾਂ ਦੀ ਕਾਰ ਕਈ ਵਾਰੀ ਹੁਲਾਸ ਤੇ ਖੇੜਾ ਨਹੀਂ ਲਿਆਉਂਦੀ, ਉਹ ਉਸ ਫੁੱਲ ਵਾਂਗ ਬੇਨਿਖਾਰ ਰਹਿੰਦਾ ਹੈ ਜਿਸ ਉੱਤੇ ਸ਼ਬਨਮ ਦਾ ਮੋਤੀ ਨਹੀਂ ਥਿਰਕਿਆ ਤੇ ਨਾ ਅਕਾਸ਼ੋਂ ਚਿੱਟੇ ਮੀਂਹ ਦਾ ਕਤਰਾ ਕਦੇ ਡਿੱਗਾ ਹੈ। (206 ਸ਼ਬਦ)

**ਸੰਖੇਪ ਰਚਨਾ**

**ਸਿਰਲੇਖ—ਕਿੱਤੇ ਦੀ ਚੋਣ**

ਅਨੇਕਾਂ ਨੌਜਵਾਨ ਕਿੱਤੇ ਦੀ ਚੋਣ ਵਿੱਚ ਡਾਵਾਂ-ਡੋਲ ਰਹਿੰਦੇ ਹਨ। ਇੱਕ ਤਾਂ ਉਹਨਾਂ ਸਾਮ੍ਹਣੇ ਕਿੱਤਾ-ਚੋਣ ਦੇ ਮੌਕੇ ਘੱਟ ਹਨ; ਦੂਸਰੇ, ਉਹਨਾਂ ਨੂੰ ਠੀਕ ਕਿੱਤਾ ਚੁਣਨਾ ਵੀ ਔਖਾ ਲੱਗਦਾ ਹੈ। ਕਿੱਤਾ-ਚੋਣ ਜੀਵਨ ਦਾ ਇੱਕ ਮਹੱਤਵਪੂਰਨ ਫ਼ੈਸਲਾ ਹੈ। ਅਨੇਕਾਂ ਲੋਕ ਕਿੱਤੇ ਦੀ ਗ਼ਲਤ ਚੋਣ ਕਾਰਨ ਆਪਣਾ ਪੂਰਾ ਮੁੱਲ ਨਹੀਂ ਪੁਆ ਸਕਦੇ। ਉਹਨਾਂ ਨੂੰ ਉਸ ਕੰਮ ਵਿੱਚੋਂ ਉਹ ਖ਼ੁਸ਼ੀ ਵੀ ਨਹੀਂ ਮਿਲਦੀ ਜੋ ਮਨ-ਭਾਉਂਦਾ ਕਿੱਤਾ ਕਰਨ 'ਤੇ ਮਿਲਦੀ ਹੈ। ਸਫ਼ਲ ਜੀਵਨ ਲਈ ਖ਼ੁਸ਼ੀ ਦੀ ਭਾਰੀ ਜ਼ਰੂਰਤ ਹੈ। (74 ਸ਼ਬਦ)

(10)

ਲੰਡਨ ਬੜਾ ਭਾਰੀ ਸ਼ਹਿਰ ਹੈ ਪਰ ਏਥੇ ਜੇ ਤੁਹਾਡਾ ਕੋਈ ਦੋਸਤ ਨਾ ਹੋਵੇ ਤਾਂ ਤੁਸੀਂ ਬਹੁਤ ਇਕੱਲ ਤੇ ਉਦਾਸੀ ਮਹਿਸੂਸ ਕਰਦੇ ਹੋ। ਅੰਗਰੇਜ਼ ਲੋਕ ਤਬੀਅਤ ਦੇ ਠੰਢੇ ਹਨ ਪਰ ਮਿਲਨਸਾਰ ਨਹੀਂ। ਗੁਆਂਢੀ, ਗੁਆਂਢੀ ਨੂੰ ਨਹੀਂ ਜਾਣਦਾ ਤੇ ਬਗ਼ੈਰ ਸੱਦੇ ਕੋਈ ਕਿਸੇ ਦੇ ਘਰ ਨਹੀਂ ਜਾਂਦਾ। ਬੱਸਾਂ, ਗੱਡੀਆਂ ਵਿੱਚ ਦੇਖੋ, ਇੱਕ ਅੰਗਰੇਜ਼ ਦੂਸਰੇ ਨਾਲ ਗੱਲ ਨਹੀਂ ਕਰਦਾ ਤੇ ਹਰ ਇੱਕ ਦੇ ਮੂੰਹ ਅੱਗੇ ਅਖ਼ਬਾਰ ਹੁੰਦਾ ਹੈ। ਸਾਡੀ ਪੰਜਾਬੀਆਂ ਦੀ ਇੱਕ-ਦੂਸਰੇ ਨਾਲ ਗੱਲ ਕਰਨ ਦੀ ਆਦਤ ਹੈ ਤੇ ਸਾਨੂੰ ਇੱਕ-ਦੋ ਦਿਨ ਗੱਪਾਂ ਮਾਰਨ ਦਾ ਮੌਕਾ ਨਾ ਮਿਲੇ ਤਾਂ ਅਸੀਂ ਉਦਾਸ ਹੋ ਜਾਂਦੇ ਹਾਂ। ਦੂਸਰੇ, ਇੱਥੋਂ ਦੀ ਆਬੋ-ਹਵਾ ਵੀ ਖ਼ਰਾਬ ਹੈ। ਕਈ ਮਹੀਨੇ ਤਾਂ ਅਸਮਾਨ ਭਾਰੇ ਜਿਹੇ ਬੱਦਲਾਂ ਨਾਲ ਢਕਿਆ ਰਹਿੰਦਾ ਹੈ। ਸਿਆਲ ਵਿੱਚ ਬੜੀ ਧੁੰਦ ਹੁੰਦੀ ਹੈ। ਮੋਟਰਾਂ ਜੂੰ ਦੀ ਚਾਲ ਚੱਲਦੀਆਂ ਹਨ। ਸਿਆਲ ਵਿੱਚ ਕਦੇ-ਕਦੇ ਬਰਫ਼ ਪੈਂਦੀ ਹੈ ਤੇ ਸੜਕਾਂ, ਮਕਾਨਾਂ ਦੀਆਂ ਛੱਤਾਂ ਤੇ ਦਰਖ਼ਤ ਬਰਫ਼ ਨਾਲ ਲੱਦੇ ਜਾਂਦੇ ਹਨ। ਚਾਰੇ ਪਾਸੇ ਸਫ਼ੈਦ ਰੰਗ ਦਿਖਾਈ ਦਿੰਦਾ ਹੈ। ਦੋ ਦਿਨਾਂ ਬਾਅਦ ਬਰਫ਼ ਪੱਘਰਨਾ ਸ਼ੁਰੂ ਹੋ ਜਾਂਦੀ ਹੈ ਤੇ ਸੜਕਾਂ 'ਤੇ ਚਿੱਕੜ ਜਿਹਾ ਹੋ ਜਾਂਦਾ ਹੈ। ਬਰਫ਼ ਦੂਰ ਪਹਾੜਾਂ ਦੀਆਂ ਚੋਟੀਆਂ 'ਤੇ ਹੀ ਚੰਗੀ ਲੱਗਦੀ ਹੈ। ਜੇ ਬਰਫ਼ ਵਿੱਚ ਰਹਿਣਾ ਪਵੇ ਤਾਂ ਜ਼ਿੰਦਗੀ ਦਾ ਕੋਈ ਮਜ਼ਾ ਨਹੀਂ। (186 ਸ਼ਬਦ)

**ਸੰਖੇਪ ਰਚਨਾ**

### ਸਿਰਲੇਖ—ਲੰਡਨ ਦੀ ਜ਼ਿੰਦਗੀ

ਵਿਸ਼ਾਲ ਲੰਡਨ ਵਿੱਚ ਦੋਸਤ ਤੋਂ ਬਿਨਾਂ ਤੁਸੀਂ ਉਦਾਸੀ ਮਹਿਸੂਸ ਕਰੋਗੇ ਕਿਉਂਕਿ ਅੰਗਰੇਜ਼ ਪੰਜਾਬੀਆਂ ਵਰਗੇ ਮਿਲ਼ਨਸਾਰ ਅਤੇ ਨਿੱਘੇ ਨਹੀਂ। ਉੱਥੇ ਕਈ ਮਹੀਨੇ ਬੱਦਲ਼ਵਾਈ, ਧੁੰਦ, ਬਰਫ਼ਬਾਰੀ ਤੇ ਠੰਢ ਕਾਰਨ ਹਰ ਪਾਸੇ ਚਿਟਿਆਈ ਫੈਲੀ ਦਿਸਦੀ ਹੈ ਤੇ ਫਿਰ ਬਰਫ਼ ਦੇ ਪੱਘਰਨ ਕਾਰਨ ਚਿੱਕੜ ਵੀ ਹੋ ਜਾਂਦਾ ਹੈ। ਬਰਫ਼ ਦੇ ਦ੍ਰਿਸ਼ ਦੂਰੋਂ ਹੀ ਚੰਗੇ ਲੱਗਦੇ ਹਨ, ਇਸ ਵਿਚਲੀ ਜ਼ਿੰਦਗੀ ਨਹੀਂ। (56 ਸ਼ਬਦ)

(11)

ਸੁਲੱਖਣਾ ਬੰਦਾ ਵੱਡਿਆਂ ਦਾ ਸਤਿਕਾਰ ਕਰਦਾ ਹੈ, ਉਹਨਾਂ ਨੂੰ ਪਹਿਲ ਦਿੰਦਾ ਹੈ, ਬਰਾਬਰ ਦਿਆਂ ਦਾ ਮਾਣ ਕਰਦਾ ਹੈ, ਛੋਟਿਆਂ ਦਾ ਆਦਰ ਕਰਦਾ ਹੈ, ਉਹਨਾਂ ਨੂੰ ਰਾਹ ਪਾਉਂਦਾ ਹੈ, ਇਸਤਰੀਆਂ ਤੋਂ ਅੱਖ ਨੀਵੀਂ ਰੱਖਦਾ ਹੈ, ਯਥਾਸ਼ਕਤੀ ਆਪਣੀ ਲੋੜ ਉਹਨਾਂ ਦੇ ਪਿੱਛੇ ਰੱਖਦਾ ਹੈ। ਇਸਤਰੀ ਜਾਤੀ ਦਾ ਹਰ ਥਾਂ ਮਾਣ ਕਰਨਾ ਤੇ ਉਸ ਨੂੰ ਪਹਿਲ ਦੇਣੀ ਸੁਲੱਖਣੇ ਬੰਦਿਆਂ ਦਾ ਵੱਡਾ ਚਿੰਨ੍ਹ ਹੈ। ਸਾਊ ਬੰਦੇ ਦੀ ਮੋਟੀ ਜਿਹੀ ਨਿਸ਼ਾਨੀ ਇਹ ਹੈ ਕਿ ਉਹ ਕਦੇ ਕਾਹਲ਼ਾ, ਹਫਲ਼ਿਆ ਤੇ ਆਪੇ ਤੋਂ ਬਾਹਰ ਨਹੀਂ ਦਿਸੇਗਾ। ਲੋਕ ਗੱਡੀ ਚੜ੍ਹਨ ਲਈ ਇੰਞ ਭੱਜਦੇ ਤੇ ਧੱਕਮ-ਧੱਕਾ ਹੁੰਦੇ ਹਨ, ਜਿਵੇਂ ਅੱਗ ਲੱਗ ਗਈ ਹੁੰਦੀ ਹੈ ਪਰ ਸੁਚੱਜਾ ਆਦਮੀ ਅਡੋਲ ਟਿਕਿਆ ਰਹਿੰਦਾ ਹੈ। ਕਾਹਲ਼ ਤੇ ਤਿੱਖਾਪਣ ਭਾਵੇਂ ਤੁਰਨ-ਫਿਰਨ ਵਿੱਚ ਹੋਵੇ ਭਾਵੇਂ ਅੱਖਾਂ ਦਾ ਹੋਵੇ, ਭਾਵੇਂ ਜ਼ਬਾਨ ਦਾ, ਸੋਭਾ ਨਹੀਂ ਦਿੰਦਾ। ਆਪੋ-ਵਿਚਲੀ ਗੱਲ ਕਰਦਿਆਂ ਦੂਜਿਆਂ ਦਾ ਖ਼ਿਆਲ ਰੱਖਣਾ, ਉੱਚਾ ਨਾ ਬੋਲਣਾ, ਨਾ ਹਿੜ-ਹਿੜ ਕਰਕੇ ਹੱਸਣਾ, ਦੂਜਿਆਂ ਵੱਲ ਨਾ ਘੂਰਨਾ ਤੇ ਉਹਨਾਂ ਦੀਆਂ ਚੀਜ਼ਾਂ ਨੂੰ ਗਹੁ ਨਾਲ਼ ਨਾ ਪੜਤਾਲਣਾ, ਕਿਸੇ ਦੀ ਪੁਸਤਕ ਜਾਂ ਅਖ਼ਬਾਰ ਨਾ ਪੜ੍ਹਨ ਦੀ ਕੋਸ਼ਸ਼ ਕਰਨੀ, ਨਾ ਹੱਥ ਵਿੱਚੋਂ ਖੋਹਣ ਦਾ ਜਤਨ ਕਰਨਾ, ਦੂਜੇ ਨੂੰ ਆਪਣੇ ਕਰਕੇ ਕੋਈ ਔਖ ਨਾ ਦੇਣਾ ਤੇ ਜੇ ਬੇਵੱਸੀ ਨਾਲ਼ ਦਿੱਤੀ ਜਾਵੇ ਤਾਂ ਖਿਮਾ ਮੰਗਣੀ, ਇਹ ਮੋਟੇ ਜਿਹੇ ਨਿਯਮ ਹਨ; ਵਰਤਣ ਤੇ ਬੈਠਣ ਦੇ। (191 ਸ਼ਬਦ)

**ਸੰਖੇਪ ਰਚਨਾ**

### ਸਿਰਲੇਖ—ਸਾਊ ਮਨੁੱਖ ਦੇ ਲੱਛਣ

ਸੁਲੱਖਣਾ ਬੰਦਾ ਵੱਡਿਆਂ ਦਾ ਸਤਿਕਾਰ, ਬਰਾਬਰ ਦਿਆਂ ਦਾ ਮਾਣ, ਛੋਟਿਆਂ ਦੀ ਆਦਰ ਸਹਿਤ ਅਗਵਾਈ ਤੇ ਇਸਤਰੀ ਦਾ ਸਨਮਾਨ ਕਰਨ ਵਾਲ਼ਾ ਹੁੰਦਾ ਹੈ। ਉਸ ਵਿੱਚ ਕਾਹਲ਼ ਦੀ ਥਾਂ ਅਡੋਲਤਾ ਹੁੰਦੀ ਹੈ। ਉਸ ਦਾ ਦੂਜਿਆਂ ਨਾਲ਼ ਵਰਤਾਅ ਸਲੀਕੇ ਭਰਿਆ ਹੁੰਦਾ ਹੈ। ਉਹ ਨਾ ਉੱਚੀ ਬੋਲਦਾ ਤੇ ਨਾ ਉੱਚੀ ਹੱਸਦਾ ਹੈ। ਉਹ ਕਿਸੇ ਨੂੰ ਤੰਗ ਨਹੀਂ ਕਰਦਾ। ਉਸ ਤੋਂ ਬੇਧਿਆਨੀ ਵਿੱਚ ਵੀ ਕਿਸੇ ਨੂੰ ਔਖ ਹੋਵੇ ਤਾਂ ਉਹ ਖਿਮਾ ਮੰਗ ਲੈਂਦਾ ਹੈ। (68 ਸ਼ਬਦ)

(12)

ਬੱਚੇ ਨੂੰ ਮਰਯਾਦਾ ਦਾ ਸਬਕ ਦੇਣਾ, ਬੜੀ ਸਿਆਣਪ ਮੰਗਦਾ ਹੈ। ਬੱਚੇ ਦੀ ਫ਼ਿਤਰਤ ਮਰਯਾਦਾ ਦੇ ਵਿਰੁੱਧ ਹੁੰਦੀ ਹੈ। ਜਦੋਂ ਮਾਪੇ ਉਸ ਦੀ ਫ਼ਿਤਰਤ ਦੇ ਵਿਰੁੱਧ ਬੇਮੇਚੀ ਸਿੱਖਿਆ ਦਿੰਦੇ ਹਨ ਤਾਂ ਬੱਚੇ ਵਿੱਚ ਝੂਠ ਬੋਲਣ, ਚੋਰੀ ਕਰਨ, ਚੀਜ਼ਾਂ ਲੁਕਾਉਣ, ਤੋੜਨ ਤੇ ਗੁਆਉਣ ਦੀ ਰੁਚੀ ਬਗ਼ਾਵਤ ਦੇ ਤੌਰ ਉੱਤੇ ਜਾਗਦੀ ਹੈ। ਸਿਆਣੇ ਮਾਪੇ ਇਸ ਰੁਚੀ ਨੂੰ ਤਾੜਦੇ ਰਹਿੰਦੇ ਹਨ ਤੇ ਇਹੋ-ਜਿਹੇ ਤਰੀਕੇ ਨਾਲ਼ ਮਰਯਾਦਾ ਸਿਖਾਉਂਦੇ ਹਨ ਕਿ ਉਹ ਬਾਗ਼ੀ ਨਾ ਹੋ ਜਾਵੇ। ਇਨਸਾਨ ਦਾ ਬੱਚਾ ਵੀ ਸ਼ੁਰੂ ਵਿੱਚ ਨਿਰਾ ਵਹਿਸ਼ੀ ਹੁੰਦਾ ਹੈ। ਕੁੱਤਿਆਂ, ਬਿੱਲਿਆਂ, ਸ਼ੇਰਾਂ, ਚੀਤਿਆਂ ਨੂੰ ਹੌਲ਼ੀ-ਹੌਲ਼ੀ ਸਿਆਣਪ ਨਾਲ਼ ਮਰਯਾਦਾ ਸਿਖਾਈ ਜਾ ਸਕਦੀ ਹੈ। ਹੂ-ਬਹੂ

ਉਸੇ ਤਰ੍ਹਾਂ ਇਨਸਾਨ ਦੇ ਬੱਚੇ ਨਾਲ਼ ਕਰਨਾ ਜ਼ਰੂਰੀ ਹੈ। ਬੱਚਾ ਵੀ ਹਰ ਬੰਧਨ, ਮਰਯਾਦਾ ਦੇ ਸੁਭਾਵਿਕ ਖ਼ਿਲਾਫ਼ ਹੁੰਦਾ ਹੈ। ਇਸ ਦੀ ਵਹਿਸ਼ਤ ਦਾ ਸਤਿਕਾਰ ਕਰ ਕੇ ਬੜੇ ਸਬਰ ਨਾਲ਼ ਵਾਰ-ਵਾਰ ਕੋਸ਼ਸ਼ ਕਰ ਕੇ ਹੀ ਮਰਯਾਦਾ ਸਿਖਾਈ ਜਾ ਸਕਦੀ ਹੈ। ਜਿਹੜੇ ਮਾਪੇ ਸਿਰਫ਼ ਉਪਦੇਸ਼ ਨਾਲ਼, ਹੁਕਮ ਜਾਂ ਡਰਾਵੇ ਨਾਲ਼ ਮਰਯਾਦਾ ਸਿਖਾਉਣਾ ਚਾਹੁੰਦੇ ਹਨ, ਉਹ ਕਾਮਯਾਬ ਨਹੀਂ ਹੁੰਦੇ। (150 ਸ਼ਬਦ)

**ਸੰਖੇਪ ਰਚਨਾ**

**ਸਿਰਲੇਖ**—ਬੱਚੇ ਅਤੇ ਮਰਯਾਦਾ

ਬੱਚੇ ਦੀ ਫ਼ਿਤਰਤ ਮਰਯਾਦਾ ਦੇ ਵਿਰੁੱਧ ਹੁੰਦੀ ਹੈ। ਉਸ ਦੀ ਇਸ ਫ਼ਿਤਰਤ ਵਿਰੁੱਧ ਬੇਮੇਚੀ ਸਿੱਖਿਆ ਉਸ ਦੇ ਸੁਭਾਅ ਨੂੰ ਵਿਗਾੜਦੀ ਹੈ। ਇਨਸਾਨ ਦੇ ਵਹਿਸ਼ੀ ਸੁਭਾਅ ਵਾਲ਼ੇ ਬੱਚੇ ਨੂੰ ਵੀ ਪਸ਼ੂਆਂ ਵਾਂਗ ਹੌਲ਼ੇ-ਹੌਲ਼ੇ ਬੜੀ ਸਿਆਣਪ ਨਾਲ਼ ਉਸ ਦੀ ਹਰ ਵਹਿਸ਼ਤ ਦਾ ਸਤਿਕਾਰ ਕਰਦੇ ਹੋਏ ਸਬਰ ਨਾਲ਼ ਵਾਰ-ਵਾਰ ਕੋਸ਼ਸ਼ ਕਰ ਕੇ ਮਰਯਾਦਾ ਸਿਖਾਉਣੀ ਚਾਹੀਦੀ ਹੈ। (53 ਸ਼ਬਦ)

(13)

ਜਿਵੇਂ ਕਿ ਤਿਹਾਏ ਲੋਕ ਪਾਣੀ ਬਾਰੇ ਸੋਚਦੇ ਹਨ, ਉਸੇ ਤਰ੍ਹਾਂ ਹੀ ਅੰਗਰੇਜ਼ਾਂ ਦੇ ਜ਼ਮਾਨੇ ਵਿੱਚ ਅਸੀਂ ਅਜ਼ਾਦੀ ਬਾਰੇ ਸੋਚਿਆ ਕਰਦੇ ਸੀ। ਅਜ਼ਾਦ ਹੋਣ ਤੋਂ ਕਾਫ਼ੀ ਵਰ੍ਹੇ ਪਹਿਲਾਂ ਸਾਡੇ ਨੇਤਾਵਾਂ ਨੇ ਇਹ ਐਲਾਨ ਕੀਤਾ ਕਿ ਹੋਰ ਰਾਸ਼ਟਰਾਂ ਵਾਂਗ ਸਾਡਾ ਵੀ ਅਜ਼ਾਦ ਹੋਣ ਦਾ ਅਧਿਕਾਰ ਹੈ। ਸਾਨੂੰ ਵੀ ਆਪਣੀ ਕਰੜੀ ਮਿਹਨਤ ਦਾ ਸਿੱਟਾ ਮਿਲ਼ਨਾ ਚਾਹੀਦਾ ਹੈ ਅਤੇ ਜੀਵਨ ਦੀਆਂ ਸਭ ਮੂਲ ਸਹੂਲਤਾਂ ਪ੍ਰਾਪਤ ਹੋਣ ਤਾਂਕਿ ਅੱਗੇ ਵਧਣ ਦਾ ਅਵਸਰ ਮਿਲ਼ੇ। ਉਹਨਾਂ ਨੇ ਇਸ ਦੀ ਲੋੜ ਨੂੰ ਬਹੁਤ ਤੀਬਰਤਾ ਨਾਲ਼ ਅਨੁਭਵ ਕੀਤਾ ਕਿਉਂਕਿ ਉਹਨਾਂ ਆਪਣੀਆਂ ਅੱਖਾਂ ਨਾਲ਼ ਇਸ ਦੇ ਉਲਟ ਵਾਪਰਦਾ ਵੇਖਿਆ। ਗਾਂਧੀ ਜੀ ਨੂੰ ਇਸ ਦੇਸ ਦੇ ਲੋਕਾਂ ਦੀ ਏਨੀ ਚਿੰਤਾ ਸੀ ਕਿ ਉਹਨਾਂ ਕਿਹਾ ਕਿ ਜਦ ਤੱਕ ਹਰ ਅੱਖ 'ਚੋਂ ਅੱਥਰੂ ਪੂੰਝ ਨਹੀਂ ਲੈਣਗੇ, ਤਦ ਤੱਕ ਚੈਨ ਨਾਲ਼ ਨਹੀਂ ਬੈਠਣਗੇ। ਅਜ਼ਾਦੀ ਤੋਂ ਕੁਝ ਚਿਰ ਹੀ ਪਹਿਲਾਂ ਜਵਾਹਰ ਲਾਲ ਨਹਿਰੂ ਨੇ ਸਾਨੂੰ ਯਾਦ ਦਿਵਾਈ ਕਿ ਭਾਰਤ ਸਦਾ ਹੀ ਵੱਖ-ਵੱਖ ਧਰਮਾਂ ਦਾ ਦੇਸ ਰਿਹਾ ਹੈ ਅਤੇ ਇਹ ਇਸ ਤਰ੍ਹਾਂ ਅੱਗੇ ਵੀ ਰਹੇਗਾ। ਉਹਨਾਂ ਕਿਹਾ ਕਿ ਇਸ ਦੇਸ ਵਿੱਚ ਹਰ ਧਰਮ ਨੂੰ ਇੱਕੋ-ਜਿਹਾ ਹੀ ਸਤਿਕਾਰਿਆ ਜਾਵੇਗਾ ਪਰ ਹਰ ਭਾਰਤੀ ਭਾਵੇਂ ਉਸ ਦਾ ਧਰਮ ਕੋਈ ਵੀ ਹੋਵੇ, ਨੂੰ ਇਕਸਾਰ ਹੀ ਦੇਸ ਪ੍ਰਤਿ ਵਫ਼ਾਦਾਰ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਕੌਮੀ ਦ੍ਰਿਸ਼ਟੀਕੋਣ ਅਪਣਾਉਣ ਦੀ ਲੋੜ ਹੈ। ਇਹੋ ਸਾਡਾ ਧਰਮ-ਨਿਰਪੱਖ ਪਹੁੰਚ ਤੋਂ ਭਾਵ ਹੈ। (200 ਸ਼ਬਦ)

**ਸੰਖੇਪ ਰਚਨਾ**

**ਸਿਰਲੇਖ**—ਗ਼ੁਲਾਮੀ ਤੇ ਭਾਰਤੀ ਨੇਤਾ

ਗ਼ੁਲਾਮੀ ਸਮੇਂ ਭਾਰਤੀ ਨੇਤਾਵਾਂ ਨੇ ਆਪਣੀ ਅਜ਼ਾਦੀ ਦੇ ਅਧਿਕਾਰ ਦਾ ਐਲਾਨ ਕੀਤਾ ਕਿਉਂਕਿ ਅਜ਼ਾਦੀ ਹੀ ਸਾਨੂੰ ਸਾਡੀ ਮਿਹਨਤ ਦਾ ਫਲ਼ ਤੇ ਜੀਵਨ ਦੀਆਂ ਮੂਲ ਸਹੂਲਤਾਂ ਦੇ ਸਕਦੀ ਸੀ। ਗਾਂਧੀ ਜੀ ਨੇ ਦੇਸਵਾਸੀਆਂ ਦੇ ਦੁੱਖ ਦੂਰ ਹੋਣ ਤੱਕ ਚੈਨ ਨਾਲ਼ ਨਾ ਸੌਣ ਦਾ ਪ੍ਰਣ ਕੀਤਾ ਤੇ ਜਵਾਹਰ ਲਾਲ ਨਹਿਰੂ ਨੇ ਭਾਰਤ ਨੂੰ ਵੱਖ-ਵੱਖ ਧਰਮਾਂ ਦਾ ਦੇਸ ਦੱਸਦਿਆਂ ਕਿਹਾ ਕਿ ਇਹ ਅੱਗੋਂ ਵੀ ਇਸੇ ਤਰ੍ਹਾਂ ਰਹੇਗਾ। ਉਹਨਾਂ ਭਾਰਤੀਆਂ ਨੂੰ ਦੇਸ ਪ੍ਰਤਿ ਵਫ਼ਾਦਾਰੀ ਤੇ ਕੌਮੀ ਦ੍ਰਿਸ਼ਟੀਕੋਣ ਅਪਣਾਉਣ ਲਈ ਕਿਹਾ। (76 ਸ਼ਬਦ)

## ਸੰਖੇਪ ਰਚਨਾ ਦੇ ਅਭਿਆਸ ਲਈ ਪੈਰੇ

(1)

ਜਿਸ ਜ਼ਿੰਦਗੀ ਦਾ ਮਕਸਦ ਨਹੀਂ ਉਹ ਜ਼ਿੰਦਗੀ ਨਹੀਂ, ਜਿਨ੍ਹਾਂ ਨੂੰ ਜ਼ਿੰਦਗੀ ਇੱਕ ਮਕਸਦ ਨਜ਼ਰ

ਆਉਂਦੀ ਹੈ ਉਹ ਹੀ ਜ਼ਿੰਦਗੀ ਜਿਊਂਦੇ ਹਨ ਵਰਨਾ ਜ਼ਿੰਦਗੀ ਕੱਟ ਤਾਂ ਸਾਰੇ ਹੀ ਰਹੇ ਹਨ ਜਾਂ ਇਉਂ ਕਹੋ ਕਿ ਜ਼ਿੰਦਗੀ ਨੂੰ ਧੱਕਾ ਦੇ ਰਹੇ ਹਨ। ਮਕਸਦ ਭਰਪੂਰ ਜ਼ਿੰਦਗੀ ਜਿਊਂਣ ਵਾਲ਼ੇ ਵਿਅਕਤੀਆਂ ਨੂੰ ਕਾਇਨਾਤ ਦੀ ਹਰ ਸ਼ੈਅ ਕਿਸੇ ਆਹਰੇ ਲੱਗੀ ਨਜ਼ਰ ਆਉਂਦੀ ਹੈ, ਕੁਝ ਵੀ ਫ਼ਜ਼ੂਲ ਨਹੀਂ ਦਿਸਦਾ। ਉਹਨਾਂ ਨੂੰ ਕੁਦਰਤ ਵਿੱਚ, ਫੁੱਲਾਂ-ਪੱਤੀਆਂ ਵਿੱਚ, ਪੰਛੀਆਂ-ਜਨੌਰਾਂ ਵਿੱਚ, ਨਦੀਆਂ-ਸਮੁੰਦਰਾਂ ਵਿੱਚ, ਟਿੱਬਿਆਂ-ਪਹਾੜਾਂ ਵਿੱਚ, ਹਰ ਥਾਂ, ਹਰ ਚੀਜ਼, ਹਰ ਬਸ਼ਰ ਵਿੱਚ ਸਿਰਜਣਹਾਰ ਦਿਸਦਾ ਹੈ। ਹੋਰਨਾਂ ਦੀ ਸਹਾਇਤਾ, ਦੁਖੀਏ ਦੇ ਦੁੱਖ ਵਿੱਚ ਸਾਂਝ, ਰੋਂਦੀ ਅੱਖ ਨੂੰ ਪੂੰਝਣਾ, ਨਾਉਮੀਦ ਨੂੰ ਉਮੀਦ ਬਨ੍ਹਾਉਣਾ, ਢਹਿੰਦੀ-ਡਿਗਦੀ ਆਤਮਾ ਨੂੰ ਸਹਾਰਾ ਦੇਣਾ ਆਦਿ ਅਜਿਹੇ ਮਕਸਦ ਹਨ ਜੋ ਮਨੁੱਖ ਦੇ ਅੰਦਰ ਚਾਨਣ ਅਤੇ ਸ਼ਾਂਤੀ ਪੈਦਾ ਕਰਦੇ ਹਨ ਅਤੇ ਮਨੁੱਖ ਨੂੰ ਅਹਿਸਾਸ ਦਿਵਾਉਂਦੇ ਹਨ ਕਿ ਕਿਸੇ ਨੂੰ ਉਸ ਦੀ ਲੋੜ ਹੈ ਅਤੇ ਉਹ ਕਿਸੇ ਦੇ ਕੰਮ ਆਉਣ ਲਈ, ਕੁਝ ਕਰਨ ਲਈ ਪੈਦਾ ਹੋਇਆ ਹੈ। ਜਦੋਂ ਜ਼ਿੰਦਗੀ ਨੂੰ ਮਕਸਦ ਮਿਲ਼ ਜਾਂਦਾ ਹੈ, ਉਹ ਸੋਹਣੀ ਬਣ ਜਾਂਦੀ ਹੈ, ਅਜਿਹੀ ਜ਼ਿੰਦਗੀ ਨੂੰ ਜਿਊਂਣ ਲਈ ਵੀ ਜੀਅ ਕਰਦਾ ਹੈ।

(2)

ਇਸ ਵਿੱਚ ਸ਼ੱਕ ਨਹੀਂ ਕਿ ਨਸ਼ੀਲੇ ਪਦਾਰਥਾਂ ਦਾ ਇਸਤੇਮਾਲ ਦੁਨੀਆ ਭਰ ਵਿੱਚ ਇਨਸਾਨੀ ਸਿਹਤ ਅਤੇ ਸਮਾਜ ਲਈ ਇੱਕ ਗੰਭੀਰ ਚੁਣੌਤੀ ਦਾ ਰੂਪ ਧਾਰਨ ਕਰ ਚੁੱਕਾ ਹੈ। ਅਜੋਕੀ ਤੇਜ਼ ਰਫ਼ਤਾਰ ਜ਼ਿੰਦਗੀ ਇਨਸਾਨ ਕੋਲ਼ੋਂ ਹਰ ਖੇਤਰ ਵਿੱਚ ਤੇਜ਼ ਰਫ਼ਤਾਰ ਦੀ ਮੰਗ ਕਰਦੀ ਹੈ ਜਿਸ ਕਰਕੇ ਸਹਿਜ ਜੀਵਨ ਜਿਊਂਣ ਲਈ ਵੀ ਇਨਸਾਨ ਨੂੰ ਸੰਘਰਸ਼ ਦੀ ਹਾਲਤ ਵਿੱਚ ਰਹਿਣਾ ਪੈਂਦਾ ਹੈ। ਹਰ ਖੇਤਰ ਵਿੱਚ ਮੁਕਾਬਲੇਬਾਜ਼ੀ ਅਤੇ ਜ਼ਿਆਦਾ ਤੋਂ ਜ਼ਿਆਦਾ ਪੂੰਜੀ ਤੇ ਪਦਾਰਥਕ ਸੁੱਖ ਜਮ੍ਹਾਂ ਕਰਨ ਦੀ ਦੌੜ ਨੇ ਜ਼ਿੰਦਗੀ ਨੂੰ ਮਸ਼ੀਨੀ ਪੱਧਰ ਉੱਤੇ ਲੈ ਆਂਦਾ ਹੈ। ਮਾਨਸਿਕ ਅਤੇ ਆਤਮਿਕ ਪੱਧਰ ਉੱਤੇ ਇਨਸਾਨ ਭੌਤਿਕ ਵਾਤਾਵਰਨ ਨਾਲ਼ ਤਾਲ-ਮੇਲ ਰੱਖਣ ਵਿੱਚ ਨਾਕਾਮਯਾਬ ਹੋ ਰਿਹਾ ਹੈ। ਆਮ ਆਦਮੀ ਦਾ ਜ਼ਿਆਦਾ ਸਮਾਂ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨ ਵਿੱਚ ਹੀ ਲੱਗ ਜਾਂਦਾ ਹੈ ਜਿਸ ਕਰਕੇ ਉਸ ਦੀਆਂ ਸਮਾਜਿਕ, ਮਾਨਸਿਕ ਅਤੇ ਆਤਮਿਕ ਲੋੜਾਂ ਅਧੂਰੀਆਂ ਰਹਿ ਜਾਂਦੀਆਂ ਹਨ। ਇਸ ਨਾਲ਼ ਜ਼ਿੰਦਗੀ ਵਿੱਚ ਇੱਕ ਖ਼ਲਾਅ ਪੈਦਾ ਹੋ ਜਾਂਦਾ ਹੈ ਅਤੇ ਕਈ ਤਰ੍ਹਾਂ ਦੀਆਂ ਮਾਨਸਿਕ ਉਲਝਣਾਂ ਪੈਦਾ ਹੁੰਦੀਆਂ ਹਨ। ਨਸ਼ਾ-ਪ੍ਰਵਿਰਤੀ ਵੀ ਇਸੇ ਖ਼ਲਾਅ ਨੂੰ ਪੂਰਿਆਂ ਕਰਨ ਦੇ ਜਤਨ ਵਜੋਂ ਹੀ ਸ਼ੁਰੂ ਹੁੰਦੀ ਹੈ। ਭੌਤਿਕ ਤੌਰ ਉੱਤੇ ਆਵਾਜਾਈ ਤੇ ਸੰਚਾਰ ਦੇ ਸਾਧਨਾਂ ਵਗ਼ੈਰਾ ਦੀ ਬਦੌਲਤ ਬੇਸ਼ੱਕ ਬਾਹਰੀ ਫ਼ਾਸਲੇ ਘਟੇ ਹਨ ਪਰ ਸਮਾਜਿਕ, ਮਾਨਸਿਕ ਤੇ ਆਤਮਿਕ ਤੌਰ 'ਤੇ ਇਨਸਾਨ ਤੇ ਇਨਸਾਨ ਵਿਚਲੀ ਦੂਰੀ ਵਧੀ ਹੈ। ਭੀੜ ਵਧਣ ਦੇ ਬਾਵਜੂਦ ਹਰ ਇਨਸਾਨ ਇਕੱਲਾ ਹੈ। ਨਤੀਜੇ ਵਜੋਂ ਆਪਣੇ ਦੁੱਖ ਵੀ ਉਸ ਨੂੰ ਇਕੱਲੇ ਨੂੰ ਹੀ ਝੱਲਣੇ ਪੈਂਦੇ ਹਨ। ਇਨਸਾਨ ਨੂੰ ਜਦ ਇਨਸਾਨ ਦਾ ਸਹਾਰਾ ਨਹੀਂ ਰਿਹਾ ਤਾਂ ਉਸ ਨੇ ਮਸਨੂਈ ਸਹਾਰੇ ਤਲਾਸ਼ ਕਰਨੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਵਿੱਚ ਨਸ਼ੇ ਵੀ ਸ਼ਾਮਲ ਹਨ।

(3)

ਤੁਹਾਡੇ ਭਾਗਾਂ ਵਿੱਚ ਧਨਾਢ ਹੋਣਾ ਜੇਕਰ ਨਾ ਵੀ ਆਇਆ ਹੋਵੇ ਤਾਂ ਵੀ ਤੁਹਾਡਾ ਛੋਟਾ ਜਿਹਾ ਮਕਾਨ ਜਾਂ ਗ਼ਰੀਬੀ ਦਾਅਵੇ ਦੀ ਝੁੱਗੀ ਤੇ ਇਸ ਵਿੱਚ ਵੱਸਣ ਵਾਲ਼ੇ ਕਿਸੇ ਸਨੇਹੀ-ਸੰਬੰਧੀ ਦਾ ਮਧੁਰ ਚਿਹਰਾ ਤੇ ਇਹਨਾਂ ਚੀਜ਼ਾਂ ਨਾਲ਼ ਤੁਹਾਡਾ ਪਿਆਰ; ਇਹ ਸਭ ਚੀਜ਼ਾਂ ਆਪਣੇ-ਆਪ ਵਿੱਚ, ਤੁਹਾਡੀ ਦੁਨੀਆਂ ਬਣ ਜਾਂਦੀਆਂ ਹਨ। ਜਿਸ ਤਰ੍ਹਾਂ ਕਿਸੇ ਸਿਆਣੇ ਆਦਮੀ ਨੇ ਕਿਹਾ ਹੈ ਕਿ ਇਸ ਦੁਨੀਆਂ ਦੇ ਰਾਜ-ਭਾਗ ਤਾਂ ਭਿਖਾਰੀਆਂ ਨੂੰ ਨਹੀਂ ਮਿਲ਼ ਸਕਦੇ ਪਰ ਅਸਮਾਨੀ ਬਾਦਸ਼ਾਹੀ ਮਿਲ਼ ਸਕਦੀ ਹੈ । ਇਹ ਹੈਰਾਨ ਕਰਨ ਵਾਲ਼ੀ ਗੱਲ ਹੈ ਕਿ ਕਿੰਨੇ ਹੀ ਮਹਾਨ ਵਿਅਕਤੀ ਮਾਲੀ ਤੌਰ 'ਤੇ ਗ਼ਰੀਬ ਹੋਏ ਹਨ ।ਰੁਪਏ-

ਪੈਸੇ ਦੀ ਉਪਯੋਗਤਾ ਬਾਰੇ ਅਨੁਮਾਨ ਲਾਉਣ ਵਿੱਚ ਆਮ ਤੌਰ 'ਤੇ ਭੁਲੇਖਾ ਲੱਗਦਾ ਹੈ । ਇਹੋ ਭੁਲੇਖਾ ਲੋਕਾਂ ਨੂੰ ਖ਼ੁਰਾਕ ਬਾਰੇ ਲੱਗਦਾ ਹੈ । ਕਿਸੇ ਸਿਆਣੇ ਨੇ ਕਿਹਾ ਹੈ, "ਕਿਸੇ ਅਮੀਰ ਆਦਮੀ ਦੀ ਮਰਜ਼ੀ ਜੇਕਰ ਨਿਰੋਆ ਰਹਿਣ ਦੀ ਹੋਵੇ ਤਾਂ ਉਸ ਨੂੰ ਇੱਕ ਗ਼ਰੀਬ ਵਾਗੂੰ ਜੀਵਨ ਬਤੀਤ ਕਰਨਾ ਚਾਹੀਦਾ ਹੈ ।" ਸਾਦੀ ਜਿਹੀ ਰੋਟੀ, ਥੋੜ੍ਹੇ ਜਿਹੇ ਥਿੰਦੇ, ਚਾਹ, ਪਨੀਰ ਤੇ ਸਬਜ਼ੀ-ਭਾਜੀ ਨਾਲ਼ ਛਾਹ-ਵੇਲ਼ਾ ਤੇ ਦੁਪਹਿਰ ਦੀ ਰੋਟੀ ਵੀ ਕੀਤੀ ਜਾ ਸਕਦੀ ਹੈ। ਚੰਗੀ ਭੁੱਖ ਲੱਗਣ 'ਤੇ ਖਾਧੀ ਤੇ ਚੱਜ ਨਾਲ਼ ਰਿੰਨ੍ਹੀ-ਪਕਾਈ ਸਾਦਾ ਜਿਹੀ ਖ਼ੁਰਾਕ ਵੀ ਆਦਮੀ ਨੂੰ ਏਨੀ ਖ਼ੁਸ਼ੀ ਦੇ ਸਕਦੀ ਹੈ ਜਿੰਨੀ ਕਿ ਕਿਸੇ ਅਮੀਰ ਆਦਮੀ ਦੇ ਘਰ ਚੰਗਾ-ਚੋਖਾ ਪਰੋਸਿਆ ਖਾਣਾ। ਮੌਸਮ ਅਨੁਸਾਰ ਨਿਰੋਈਆਂ ਤੋਂ ਨਿਰੋਈਆਂ ਤੇ ਚੰਗੀਆਂ ਤੋਂ ਚੰਗੀਆਂ ਚੀਜ਼ਾਂ ਉੱਤੇ ਬੜਾ ਥੋੜ੍ਹਾ ਖ਼ਰਚ ਬੈਠਦਾ ਹੈ ਤੇ ਮੌਸਮ ਲੰਘ ਜਾਣ ਮਗਰੋਂ ਇਹਨਾਂ ਦਾ ਕੋਈ ਸੁਆਦ ਹੀ ਨਹੀਂ ਰਹਿੰਦਾ।

(4)

ਅੱਜ ਚੰਦ ਨਹੀਂ ਚੜ੍ਹਿਆ ਪਰ ਚੰਦਾ! ਸੁੰਦਰਤਾ ਨਿਰੀ ਤੇਰੀ ਹੀ ਤਾਂ ਮੁਥਾਜ ਨਹੀਂ। ਸੁੰਦਰਤਾ ਇੱਕ ਇਲਾਹੀ ਜਲਵਾ ਹੈ, ਕਦੇ ਤੇਰੇ ਵਿੱਚੋਂ ਝਾਤੀਆਂ ਮਾਰਦੀ ਹੈ ਕਦੇ ਵਹਿੰਦੇ ਪਾਣੀਆਂ ਵਿੱਚੋਂ ਡਲ੍ਹਕਾਂ ਮਾਰਦੀ ਹੈ, ਕਦੇ ਪਹਾੜਾਂ ਵਿੱਚੋਂ ਉੱਮਲ-ਉੱਮਲ ਪੈਂਦੀ ਹੈ, ਕਦੇ ਬਨਸਪਤੀ ਵਿੱਚੋਂ ਮੌਲ਼ ਉੱਠਦੀ ਹੈ, ਕਦੇ ਬਿਜਲੀ ਦੀ ਡਰਾਉਣੀ ਗੜਗੱਜ ਵਿੱਚੋਂ ਲਿਸ਼ਕਾਰਾ ਮਾਰ ਜਾਂਦੀ ਹੈ, ਕਦੇ ਸਮੁੰਦਰੀ ਲਹਿਰਾਂ ਵਿੱਚੋਂ ਤਰ ਆਉਂਦੀ ਹੈ, ਕਦੇ ਗਲ਼ੇ ਦੀਆਂ ਨਾਲ਼ੀਆਂ ਤੇ ਸਾਜ਼ਾਂ ਦੀਆਂ ਤਾਰਾਂ ਤੋਂ ਪ੍ਰਕਾਸ਼ ਪਾਉਂਦੀ ਹੈ, ਕਦੇ ਮੈਦਾਨੇ-ਜੰਗ ਦੇ ਗੋਲ਼ਿਆਂ ਵਿੱਚੋਂ ਕੂਕ ਕੇ ਜਾਂਦੀ ਹੈ, ਕਦੇ ਸੁੰਦਰੀਆਂ ਦੇ ਨੈਣਾਂ ਵਿੱਚੋਂ ਪਲਕਾਰੇ ਮਾਰਦੀ ਹੈ, ਕਦੇ ਸੋਹਣੇ ਮੁਛਹਿਰਿਆਂ ਤੇ ਬਾਂਕੀਆਂ ਨੁਹਾਰਾਂ ਵਿੱਚੋਂ ਫੁੱਟ-ਫੁੱਟ ਨਿਕਲ਼ਦੀ ਹੈ। ਸੁੰਦਰਤਾ! ਤੂੰ ਸਥੂਲ ਸ਼ੈ ਨਹੀਂ ਪਰ ਸਥੂਲ ਟਿਕਾਣਿਆਂ 'ਤੇ ਜਲਵੇ ਮਾਰਦੀ ਹੈਂ, ਤੂੰ ਦੇਵੀ ਹੈਂ ਕਿ ਦੈਵ ਹੈਂ, ਤੂੰ ਆਪ ਹੈਂ ਕਿ ਆਪੇ ਦਾ ਪ੍ਰਕਾਸ਼ ਹੈਂ ? ਦੇਖ, ਇੱਕ ਸਿਆਣਾ ਪਿਆ ਆਖਦਾ ਹੈ ਕਿ ਜੋ ਸ਼ੈ ਲਾਭਦਾਇਕ ਹੈ, ਉਹੀ ਸੁੰਦਰ ਹੈ ਪਰ ਤੇਰੇ ਰਸੀਏ ਜਾਣਦੇ ਹਨ ਕਿ ਨਹੀਂ, ਤੂੰ ਕੋਈ ਅਰਸ਼ਾਂ ਦੀ ਵੱਖਰੀ ਹੀ ਮਹਾਰਾਣੀ ਹੈਂ। ਜਿਸ ਮਨ ਵਿੱਚ ਗ਼ਰਜ਼ ਹੈ, ਜਿਸ ਵਿੱਚ ਲੋੜ ਹੈ ਉਸ ਲਈ 'ਲਾਭਦਾਇਕ ਸੁੰਦਰ' ਹੋਊ, ਜਿਨ੍ਹਾਂ ਨੂੰ ਲੋੜ ਨਹੀਂ, ਚਾਹ ਨਹੀਂ, ਉਹ ਤੇਰੇ ਅਸਲ ਸਰੂਪ ਤੋਂ ਜਾਣੂ ਹਨ। ਤੂੰ ਤਾਂ ਆਪਣੇ-ਆਪ ਵਿੱਚ ਮੁਕੰਮਲ ਦੇਵੀ ਹੈਂ। ਤੇਰੇ ਟਿਕਾਣੇ ਫ਼ਕੀਰਾਂ, ਕਵੀਸ਼ਰਾਂ, ਗਵੱਈਆਂ, ਚਿੱਤਰਕਾਰਾਂ ਤੇ ਸੰਗਤਰਾਸ਼ਾਂ ਦੇ ਅੰਦਰ ਹਨ ।

(5)

ਹਰ ਘਰ ਵਿੱਚ ਬੱਚਤ ਦਾ ਵਿਚਾਰ ਜ਼ਰੂਰੀ ਹੈ। ਸ਼ੁਰੂ-ਸ਼ੁਰੂ ਵਿੱਚ ਕੱਪੜੇ ਕੋਲ਼ ਹੋਣ ਕਰਕੇ ਤੇ ਘਰ ਦੇ ਦੋ ਹੀ ਜੀਅ ਹੋਣ ਕਰਕੇ ਕੁਝ ਕੁ ਬੇਪਰਵਾਹੀਆਂ ਤੋਂ ਕੰਮ ਲਿਆ ਜਾ ਸਕਦਾ ਹੈ ਪਰ ਬਾਲ-ਬੱਚੜਦਾਰ ਨੂੰ ਇਸ ਪਾਸੇ ਧਿਆਨ ਦੇਣਾ ਹੀ ਪੈਂਦਾ ਹੈ। ਬੱਚਤ ਦਾ ਮਤਲਬ ਕੰਜੂਸੀ ਨਹੀਂ ਸਗੋਂ ਤਿੰਨ ਰੁਪਇਆਂ ਤੋਂ ਪੰਜਾਂ ਦਾ ਕੰਮ ਲੈਣ ਦਾ ਨਾਂ ਬੱਚਤ ਹੈ। ਇਸ ਗੱਲ ਦੀ ਲੋੜ ਇਸ ਵਾਸਤੇ ਹੈ ਕਿ ਸਾਡਾ ਖ਼ਰਚ ਸਾਡੀ ਆਮਦਨ ਨਾਲੋਂ ਘੱਟ ਹੈ ਤੇ ਉਹ ਗ਼ਰੀਬ ਹੈ ਜਿਸ ਦਾ ਖ਼ਰਚ ਵੱਧ ਹੈ ਤੇ ਆਮਦਨ ਘੱਟ। ਰੁਪਇਆ ਕਮਾਉਣਾ ਏਨਾ ਔਖਾ ਨਹੀਂ ਜਿੰਨਾ ਔਖਾ ਉਸ ਨੂੰ ਠੀਕ ਤਰੀਕੇ ਨਾਲ਼ ਖ਼ਰਚਣਾ ਹੈ । ਘਰਾਂ ਵਿੱਚ ਝੂਠੀ ਬੱਚਤ ਉਹ ਹੈ ਜਿਸ ਨਾਲ਼ ਅਸੀਂ ਆਪਣੀ ਹਸਤੀ ਘਟਾਉਂਦੇ ਹਾਂ ਜਾਂ ਜਿਸ ਬੱਚਤ ਬਦਲੇ ਸਾਨੂੰ ਕੱਲ੍ਹ ਨੂੰ ਦੂਣਾ-ਤੀਣਾ ਖ਼ਰਚਣਾ ਪੈਣਾ ਹੈ, ਜਿਵੇਂ ਖ਼ੁਰਾਕ ਵਿੱਚ ਬੱਚਤ, ਜਿਸ ਦਾ ਸਦਕਾ ਘਰ ਦੇ ਜੀਅ ਕਮਜ਼ੋਰ ਜਾਂ ਬਿਮਾਰ ਹੋ ਜਾਣਗੇ ਤੇ ਆਖ਼ਰ ਇਲਾਜ ਉੱਤੇ ਵਧੇਰੇ ਖ਼ਰਚ ਕਰਵਾਉਣਗੇ। ਬਿਮਾਰੀ ਦੇ ਮੁੱਢ ਵਿੱਚ ਇਲਾਜ ਨਾ ਕਰਨਾ ਤੇ ਇਉਂ ਮੌਤ ਸਹੇੜਨੀ ਜਾਂ ਬਿਮਾਰੀ ਵਧ ਜਾਣ ਉੱਤੇ ਦੂਣਾ-ਚੌਣਾ ਖ਼ਰਚਣਾ । ਇਸੇ ਤਰ੍ਹਾਂ ਕਈ ਲੋਕ ਬੇਹੀਆਂ-ਬੁੱਸੀਆਂ ਖ਼ਰਾਬ ਹੋਈਆਂ ਚੀਜ਼ਾਂ ਖਾ ਲੈਂਦੇ ਹਨ ਜਾਂ ਬੱਚਿਆਂ ਜਾਂ ਹੋਰ ਜੀਆਂ ਦੀ ਬਿਮਾਰੀ ਵੇਲ਼ੇ ਇਲਾਜ ਹੀ ਨਹੀਂ ਕਰਦੇ ਤੇ ਇਉਂ ਖ਼ਤਰਨਾਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਇੱਕ ਮੇਜ਼-ਕੁਰਸੀ

ਦੀ ਬੱਚਤ ਕਰਦਿਆਂ ਲੱਕ ਕੁੱਬਾ ਕਰ ਕੇ ਕਈ ਮੰਜੇ ਤੋੜ ਲਏ ਜਾਂਦੇ ਹਨ। ਜੀਵਨ ਦੀਆਂ ਲੋੜਾਂ ਤੇ ਜੀਵਨ ਦੇ ਸੁੱਖ-ਇਹਨਾਂ ਦੋਹਾਂ ਵਿੱਚ ਵੱਸ ਲੱਗਦੇ ਬੱਚਤ ਨਹੀਂ ਕਰਨੀ ਚਾਹੀਦੀ । ਹਾਂ, ਐਸ਼ ਤੇ ਫ਼ਜ਼ੂਲ-ਖ਼ਰਚੀ ਤੋਂ ਬੱਚਤ ਕਰਨ ਦਾ ਤੁਹਾਡਾ ਪੂਰਨ ਹੱਕ ਹੈ । ਵਕਤ ਦੀ ਬੱਚਤ ਵੀ ਇੱਕ ਖ਼ਾਸ ਬੱਚਤ ਹੈ। ਸੋ, ਕੋਈ ਐਸੀ ਚੀਜ਼, ਜਿਸ ਨਾਲ਼ ਵਕਤ ਦੀ ਬੱਚਤ ਹੋ ਸਕੇ, ਉੱਤੇ ਚਾਰ ਪੈਸੇ ਖ਼ਰਚਣੇ ਚੰਗੇ ਹਨ। ਸੱਚੀ ਬੱਚਤ ਤੋਂ ਭਾਵ ਉਹ ਬੱਚਤ ਹੈ ਜਿਸ ਨਾਲ਼ ਸਾਡੀ ਲੋੜ ਪੂਰੀ ਕਰਨ ਲਈ ਘੱਟ ਪੈਸੇ ਖ਼ਰਚ ਹੋਣ ਅਤੇ ਨਾਲ਼ ਹੀ ਲੋੜ ਵੀ ਸੋਹਣੀ ਤਰ੍ਹਾਂ ਪੂਰੀ ਹੋ ਜਾਏ।

(6)

ਧੰਨ ਨੇ ਉਹ ਨੈਣ ਜੋ ਕਦੇ-ਕਦਾਈਂ ਪ੍ਰੇਮ-ਨੀਰ ਨਾਲ਼ ਭਰ ਆਉਂਦੇ ਹਨ। ਰੋਜ਼ ਗੰਗਾ-ਜਲ ਨਾਲ਼ ਤਾਂ ਇਸ਼ਨਾਨ ਹੁੰਦਾ ਹੀ ਏ ਪਰੰਤੂ ਜਿਸ ਪੁਰਖ ਨੇ ਨੈਣਾਂ ਦੀ ਪ੍ਰੇਮ-ਧਾਰਾ ਵਿੱਚ ਕਦੀ ਇਸ਼ਨਾਨ ਕੀਤਾ ਹੈ, ਉਹੀ ਜਾਣਦਾ ਹੈ ਕਿ ਇਸ ਇਸ਼ਨਾਨ ਨਾਲ਼ ਮਨ ਦੇ ਮਲੀਨ ਭਾਵ ਕਿਸ ਤਰ੍ਹਾਂ ਵਗ ਜਾਂਦੇ ਹਨ, ਅੰਤਹਿਕਰਨ ਕਿਵੇਂ ਫੁੱਲ ਵਾਂਗ ਖਿੜ ਜਾਂਦਾ ਹੈ। ਮਨ ਦੀਆਂ ਗੰਢਾਂ ਕਿਸ ਪ੍ਰਕਾਰ ਖੁੱਲ੍ਹ ਜਾਂਦੀਆਂ ਹਨ। ਕੁਟਲਤਾ ਤੇ ਨੀਚਤਾ ਦਾ ਪਰਬਤ ਕਿਵੇਂ ਚਕਨਾਚੂਰ ਹੋ ਜਾਂਦਾ ਹੈ। ਸਾਉਣ-ਭਾਦੋਂ ਦੀ ਵਰਖਾ ਪਿੱਛੋਂ ਜਿਵੇਂ ਬਿਰਖ ਨਵੀਂਆਂ-ਨਵੀਂਆਂ ਕਰੂੰਬਲ਼ਾਂ ਨਾਲ਼ ਭਰੇ ਇੱਕ ਵਿਚਿੱਤਰ, ਮਨਮੋਹਣੀ ਸੋਭਾ ਦਿੰਦੇ ਹਨ, ਉਵੇਂ ਇਸ ਪ੍ਰੇਮ-ਇਸ਼ਨਾਨ ਨਾਲ਼ ਮਨੁੱਖ ਦੇ ਅੰਦਰਲੇ ਦੀ ਅਵਸਥਾ ਸੁੱਚੀ, ਕੋਮਲ ਤੇ ਰਸ-ਭਿੰਨੀ ਹੋ ਜਾਂਦੀ ਹੈ। ਪ੍ਰੇਮ-ਧਾਰਾ ਦੇ ਜਲ ਨਾਲ਼ ਸਿੰਜਿਆ ਮਨ ਖਿੜ ਜਾਂਦਾ ਹੈ। ਮਨ ਦੀ ਵਾੜੀ ਵਿੱਚ ਪਵਿੱਤਰ ਭਾਵਾਂ ਦੇ ਬੂਟੇ ਉੱਗਦੇ, ਵਧਦੇ ਤੇ ਫੁੱਲਦੇ ਹਨ। ਵਰਖਾ ਤੇ ਨਦੀ ਦੇ ਜਲ ਕਾਰਨ ਤਾਂ ਅੰਨ ਪੈਦਾ ਹੁੰਦਾ ਹੈ ਪਰ ਨੈਣਾਂ ਦੀ ਗੰਗਾ ਪ੍ਰੇਮ ਤੇ ਵਿਰਾਗ ਦੁਆਰਾ ਮਨੁੱਖੀ ਜੀਵਨ ਨੂੰ ਅੱਗ ਤੇ ਬਰਫ਼ ਦੀ ਪਾਹੁਲ ਦਿੰਦੀ ਹੈ ਤੇ ਇੱਕ ਨਵਾਂ ਜਨਮ ਹੁੰਦਾ ਹੈ। ਮਾਨੋ ਕੁਦਰਤ ਨੇ ਹਰ ਬੰਦੇ ਲਈ ਇਸ ਨੈਣ-ਨੀਰ ਦੇ ਰੂਪ ਵਿੱਚ ਮਸੀਹਾ ਭੇਜਿਆ ਹੋਵੇ ਜਿਸ ਹੱਥੀਂ ਹਰ ਕੋਈ ਨਰ ਤੇ ਨਾਰੀ ਕ੍ਰਿਤਾਰਥ ਹੋ ਸਕਦੇ ਹਨ। ਇਹ ਉਹੋ ਜੰਞੂ ਹੈ ਜਿਸ ਨੂੰ ਪਹਿਨ ਕੇ ਹਰ ਆਦਮੀ ਦਿਜ (ਬ੍ਰਾਹਮਣ) ਹੋ ਸਕਦਾ ਹੈ।

(7)

ਕਿਰਤ ਕਰਨਾ ਮਨੁੱਖ ਦੇ ਜੀਵਨ ਦਾ ਪ੍ਰਮੁੱਖ ਅੰਗ ਹੈ। ਉਸ ਦੇ ਜੀਵਨ ਦਾ ਬਹੁਤ ਵੱਡਾ ਹਿੱਸਾ ਕੰਮ ਕਰਨ ਵਿੱਚ ਗੁਜ਼ਰਦਾ ਹੈ। ਕੰਮ ਕਰਨਾ ਉਸ ਦੇ ਜੀਵਨ ਦਾ ਵੱਡਾ ਆਹਰ ਹੀ ਨਹੀਂ ਸਗੋਂ ਵੱਡੀ ਲੋੜ ਹੈ। ਉਸ ਦੇ ਜੀਵਨ ਦਾ ਬਹੁਤਾ ਹਿੱਸਾ ਕੰਮ ਅਤੇ ਅਰਾਮ ਵਿੱਚ ਵੰਡਿਆ ਹੋਇਆ ਹੈ। ਅਰਾਮ ਅਤੇ ਵਿਹਲ ਦੇ ਸਮੇਂ ਵਿੱਚ ਵੀ ਅਸੀਂ ਕੰਮ ਕਰਦੇ ਹਾਂ ਕੇਵਲ ਪੂਰਨ ਅਰਾਮ ਤੇ ਨੀਂਦ ਦੀ ਹਾਲਤ ਵਿੱਚ ਹੀ ਸਾਨੂੰ ਕੋਈ ਕੰਮ ਨਹੀਂ ਕਰਨਾ ਪੈਂਦਾ। ਜੇ ਜ਼ਰਾ ਗਹੁ ਨਾਲ਼ ਵੇਖਿਆ ਜਾਵੇ ਤਾਂ ਕੰਮ ਕਰਨਾ ਹੀ ਜ਼ਿੰਦਗੀ ਹੈ ਅਰਥਾਤ ਗਤੀ ਤੇ ਹਰਕਤ ਹੀ ਜੀਵਨ ਦਾ ਚਿੰਨ੍ਹ ਹੈ। ਬੇਹਰਕਤ ਪਦਾਰਥ ਜਾਂ ਨਿਰਜਿੰਦ ਮਾਦਾ ਵਿੱਚ ਜੀਵਨ ਨਹੀਂ ਗਿਣਿਆ ਜਾ ਸਕਦਾ। ਮਨੁੱਖੀ ਜੀਵਨ ਦੀ ਗਤੀਸ਼ੀਲਤਾ, ਕੰਮਾਂ-ਕਾਜਾਂ ਨਾਲ਼ ਓਤ-ਪੋਤ ਹੈ ਅਥਵਾ ਇਹੀ ਉਸ ਦੀ ਪ੍ਰਗਤੀ ਦੀ ਪ੍ਰਤੀਕ ਤੇ ਪ੍ਰਮਾਣ ਹੈ।

(8)

ਚੋਣ-ਪ੍ਰਨਾਲ਼ੀ ਲੋਕ-ਰਾਜ ਦਾ ਮੁੱਢ ਹੈ, ਲੋਕ-ਰਾਜ ਦਾ ਸੁਪਨਾ ਵੇਖਣ ਵਾਲ਼ਿਆਂ ਨੇ ਵੋਟਾਂ ਦਾ ਹੱਕ, ਹਰ ਇੱਕ ਨੂੰ ਦੇਣਾ ਇਸ ਲਈ ਠੀਕ ਸਮਝਿਆ ਸੀ ਕਿ ਅਜ਼ਾਦ ਭਾਰਤ ਵਿੱਚ ਹਰ ਇੱਕ ਨੂੰ ਘੱਟੋ-ਘੱਟ ਆਪਣੀ ਵੋਟ ਦੀ ਕੀਮਤ ਦਾ ਤਾਂ ਪਤਾ ਹੋਵੇਗਾ ਹੀ। ਅਜ਼ਾਦੀ ਤੋਂ ਪਹਿਲਾਂ ਹਰ ਇੱਕ ਨੂੰ ਵੋਟਾਂ ਦਾ ਹੱਕ ਨਹੀਂ ਸੀ ਹੁੰਦਾ, ਜਿਸ ਦਾ ਮਾਲੀਆ ਦਸ ਰੁਪਏ ਜਾਂ ਇਸ ਤੋਂ ਵੱਧ ਹੁੰਦਾ ਸੀ ਜਾਂ ਜੋ ਇਨਕਮ-ਟੈਕਸ ਅਦਾ ਕਰਦਾ ਸੀ, ਸਿਰਫ਼ ਉਸ ਨੂੰ ਵੋਟ ਦਾ ਹੱਕ ਹੁੰਦਾ ਸੀ।

1950 ਵਿੱਚ ਅਜ਼ਾਦ ਲੋਕ-ਰਾਜੀ ਦੇਸ ਦਾ ਸੰਵਿਧਾਨ ਲਾਗੂ ਕੀਤਾ ਗਿਆ। ਉਸ ਮੁਤਾਬਕ ਵਿਧਾਨ-ਸਭਾ ਅਤੇ ਲੋਕ-ਸਭਾ ਦੀਆਂ ਪਹਿਲੀਆਂ ਵੋਟਾਂ 1952 ਵਿੱਚ ਪਈਆਂ ਸਨ। ਲੋਕਾਂ ਨੂੰ ਵੋਟਾਂ ਪਾਉਣ ਦਾ

ਤਰੀਕਾ ਤਾਂ ਸਮਝਾ ਦਿੱਤਾ ਗਿਆ ਪਰ ਵੋਟ ਦੀ ਕੀਮਤ ਸਮਝਾਉਣ ਵਿੱਚ ਸਰਕਾਰੀ ਅਧਿਕਾਰੀ ਜਾਂ ਲੀਡਰ ਅਸਮਰਥ ਰਹੇ। ਇਹ ਸਾਡੇ ਲੋਕਾਂ ਦੀ, ਲੋਕ-ਰਾਜ ਦੀ ਜਾਂ ਦੇਸ ਦੀ ਬਦਕਿਸਮਤੀ ਹੀ ਕਹੀ ਜਾ ਸਕਦੀ ਹੈ ਕਿ ਵੋਟਾਂ ਫੇਰ ਉਹੀ ਧਨਾਢ, ਸ਼ਾਹੂਕਾਰ, ਵੱਡੇ ਜ਼ਿਮੀਦਾਰ ਤੇ ਰਜਵਾੜੇ ਲੋਕ ਆਪਣੀ ਮਰਜ਼ੀ ਨਾਲ਼ ਆਪਣੀ ਮਰਜ਼ੀ ਦੇ ਉਮੀਦਵਾਰਾਂ ਨੂੰ ਪੁਆ ਗਏ। ਉਹਨਾਂ ਨੇ ਆਮ ਲੋਕਾਂ ਨੂੰ ਆਪਣੇ ਘਰੀਂ, ਹਵੇਲੀਆਂ ਜਾਂ ਮਹਿਲਾਂ ਵਿੱਚ ਇਕੱਠਾ ਕੀਤਾ ਅਤੇ ਉਹਨਾਂ ਨੂੰ ਸਾਫ਼-ਸਾਫ਼ ਸਮਝਾ ਦਿੱਤਾ ਕਿ ਤੁਹਾਡੀਆਂ ਵੋਟਾਂ ਦਾ ਹੱਕ, ਸਿਰਫ਼ ਕਾਗਜ਼ੀ ਹੀ ਸਮਝੋ, ਸਾਡੇ ਆਖੇ ਨਹੀਂ ਲੱਗਣਾ ਤਾਂ ਆਪਣੇ ਕੰਮ ਬਾਰੇ, ਆਪਣੀ ਰੋਟੀ ਬਾਰੇ ਸੋਚ ਲੈਣਾ। ਬੱਸ, ਏਨੇ ਕੁ ਹੀ ਦਬਕੇ ਨਾਲ਼ ਸਭ ਠੀਕ ਹੋ ਗਿਆ। ਪਹਿਲੀਆਂ ਦੋ-ਤਿੰਨ ਚੋਣਾਂ ਵਿੱਚ ਏਨੇ ਕੁ ਦਬਕੇ ਨਾਲ਼ ਹੀ ਵੋਟਾਂ ਪੋਲ ਹੁੰਦੀਆਂ ਰਹੀਆਂ ਜਾਂ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਆਮ ਲੋਕ ਆਪਣੀਆਂ ਗੌਂ-ਗ਼ਰਜ਼ਾਂ ਕਰਕੇ ਇਹਨਾਂ ਵੱਡਿਆਂ ਲੋਕਾਂ ਦੇ ਕਹਿਣ 'ਤੇ ਹੀ ਵੋਟਾਂ ਪਾਉਂਦੇ ਰਹੇ।

(9)

ਆਮ ਜ਼ਿੰਦਗੀ ਵਿੱਚ ਵੀ ਵੇਖਿਆ ਜਾਵੇ ਤਾਂ ਕਈ ਆਦਮੀ ਬੜੇ ਸਾਊ ਕਿਸਮ ਦੇ ਹੁੰਦੇ ਹਨ, ਇਹ ਚੰਗੀ ਪਰਵਰਸ਼ ਦਾ ਨਤੀਜਾ ਹੈ। ਪਰ ਕਈਆਂ ਦੀ ਤਬੀਅਤ ਪੂਰੀ ਚੰਗਿਆੜਿਆਂ ਵਰਗੀ ਹੁੰਦੀ ਹੈ, ਉਹਨਾਂ ਦਾ ਬਚਪਨ ਜ਼ਰੂਰ ਕੁਝ ਤ੍ਰੁਟੀਆਂ ਜਾਂ ਹੀਣ-ਭਾਵਨਾਵਾਂ ਦਾ ਸ਼ਿਕਾਰ ਹੋਵੇਗਾ। ਸਿਆਣਿਆਂ ਦਾ ਕਥਨ ਹੈ, "ਜਿਸ ਨੇ ਬਚਪਨ ਵਿੱਚ ਭੁੱਖ ਵੇਖੀ ਹੋਵੇ, ਉਸ ਦੀ ਨੀਤ ਸਾਰੀ ਉਮਰ ਹੀ ਨਹੀਂ ਰੱਜਦੀ" ਇਸੇ ਤਰ੍ਹਾਂ ਜੋ ਬਚਪਨ ਪਿਆਰ-ਵਿਹੂਣਾ ਹੁੰਦਾ ਹੈ ਉਹ ਸਾਰੀ ਉਮਰ ਸਮਾਜ ਨੂੰ ਗ਼ੁੱਸੇ ਅਤੇ ਨਿਰਾਸ਼ਾ ਬਿਨਾਂ ਹੋਰ ਕੁਝ ਨਹੀਂ ਦੇ ਸਕਦਾ। ਇਸੇ ਕਰਕੇ ਸਿਆਣਿਆਂ ਨੇ ਸਮਾਜ ਦੀ ਰਚਨਾ ਕੀਤੀ ਸਮਾਜ ਨੇ ਪਰਿਵਾਰ ਦੀ, ਘਰ ਦੀ ਜੋ ਸਕੂਨ ਦਾ ਦੂਸਰਾ ਨਾਂ ਹੈ। ਖ਼ਾਸ ਕਰ ਪਰਿਵਾਰ ਅਤੇ ਮਾਂ-ਬਾਪ ਦੀ ਜ਼ੁੰਮੇਵਾਰੀ ਸਭ ਤੋਂ ਵੱਡੀ ਹੁੰਦੀ ਹੈ। ਉਹਨਾਂ ਦੀ ਸਿਆਣਪ ਅਤੇ ਜੀਵਨ-ਸ਼ੈਲੀ ਬੱਚੇ ਨੂੰ ਸਰਬ-ਕਲਾ ਸੰਪੂਰਨ ਬਣਾਉਂਦੀ ਹੈ। ਥੋੜ੍ਹੀ ਜਿਹੀ ਲਾਪਰਵਾਹੀ ਬੱਚੇ 'ਚ ਸਾਰੀ ਉਮਰ ਲਈ ਹੀਣ-ਭਾਵਨਾ ਭਰ ਦੇਂਦੀ ਹੈ, ਇਹੀ ਲਾਪਰਵਾਹੀ ਬੱਚੇ ਨੂੰ ਬੁਰੀ ਸੰਗਤ ਵੱਲ ਵੀ ਧੱਕ ਦਿੰਦੀ ਹੈ। ਇਸ ਵਿੱਚ ਮਾਂ ਦੀ ਜ਼ੁੰਮੇਵਾਰੀ ਸਭ ਤੋਂ ਜ਼ਿਆਦਾ ਹੁੰਦੀ ਹੈ ਹਾਲਾਂਕਿ ਬਾਕੀ ਪਰਿਵਾਰ ਦਾ ਕੋਈ ਮੈਂਬਰ ਵੀ ਮਾਫ਼ੀ ਦਾ ਹੱਕਦਾਰ ਨਹੀਂ ਹੁੰਦਾ। ਦੁਨੀਆ ਦੇ ਇਤਿਹਾਸ ਵਿੱਚ ਜਿੰਨੇ ਵੀ ਮਹਾਨ ਪੁਰਸ਼ ਹੋਏ ਹਨ ਜਾਂ ਜਿੰਨੇ ਵੀ ਮਾੜੀ (ਖਲਨਾਇਕ) ਕਿਸਮ ਦੇ ਆਦਮੀ ਹੋਏ ਹਨ, ਉਹਨਾਂ ਬਾਰੇ ਪੂਰੀ ਜਾਣਕਾਰੀ ਇਕੱਠੀ ਕੀਤੀ ਜਾਵੇ ਤਾਂ ਇਹ ਤੱਥ ਪ੍ਰਮੁੱਖ ਤੌਰ 'ਤੇ ਸਾਮ੍ਹਣੇ ਆਉਂਦੇ ਹਨ ਕਿ ਉਹਨਾਂ ਦੇ ਚੰਗੇ ਜਾਂ ਮਾੜੇ ਬਣਨ ਵਿੱਚ ਉਹਨਾਂ ਦੇ ਮਾਂ-ਬਾਪ, ਪਰਿਵਾਰ ਅਤੇ ਸੰਗਤ ਦਾ ਹੀ ਹੱਥ ਹੁੰਦਾ ਹੈ।

(10)

ਵਿਆਹ ਸੰਬੰਧੀ ਸਭ ਤੋਂ ਪਹਿਲੀ ਰਸਮ ਹੈ-'ਵਰ ਦੀ ਚੋਣ' ਕਰਨੀ। ਵਰ ਦੀ ਚੋਣ ਕਰਨ ਸਮੇਂ ਬਹੁਤੀ ਵਾਰ ਲੜਕੀ ਦੀ ਮਰਜ਼ੀ ਉੱਕਾ ਹੀ ਨਹੀਂ ਪੁੱਛੀ ਜਾਂਦੀ। ਪੁਰਾਣਿਆਂ ਸਮਿਆਂ ਵਿੱਚ ਇਹ ਕੰਮ ਨਾਈ, ਪਰੋਹਤ ਜਾਂ ਵਿਚੋਲੇ ਦੁਆਰਾ ਕੀਤਾ ਜਾਂਦਾ ਸੀ। ਵਿਚੋਲੇ ਦੀ ਦੱਸ ਅਨੁਸਾਰ ਜੇਕਰ ਲੜਕਾ ਲੜਕੀ ਦੇ ਪਿਤਾ ਨੂੰ ਪਸੰਦ ਆ ਜਾਵੇ ਤਾਂ ਰਿਸ਼ਤਾ ਸਿਰੇ ਚੜ੍ਹ ਜਾਂਦਾ ਸੀ। ਭਾਵੇਂ ਅੱਜ-ਕੱਲ੍ਹ ਵਿੱਦਿਆ ਦੇ ਪਸਾਰ ਨਾਲ਼ ਲੜਕਾ-ਲੜਕੀ ਵਿਆਹ ਤੋਂ ਪਹਿਲਾਂ ਇੱਕ-ਦੂਜੇ ਨੂੰ ਪਸੰਦ ਕਰ ਲੈਂਦੇ ਹਨ ਅਰਥਾਤ ਦੋਹਾਂ ਧਿਰਾਂ ਦੀ ਮਰਜ਼ੀ ਪੁੱਛੀ ਜਾਣ ਲੱਗ ਪਈ ਹੈ ਅਤੇ ਕਿਧਰੇ-ਕਿਧਰੇ ਸ਼ਹਿਰਾਂ ਵਿੱਚ ਪ੍ਰੇਮ-ਵਿਆਹ ਤੇ ਅੰਤਰਜਾਤੀ ਵਿਆਹ ਵੀ ਸਫਲਤਾ ਨਾਲ਼ ਸਿਰੇ ਚੜ੍ਹ ਰਹੇ ਹਨ ਪਰ ਪਰੰਪਰਿਕ ਤੌਰ-ਤਰੀਕਿਆਂ ਅਤੇ ਸਮਾਜਿਕ ਵਿਧਾਨ ਅਨੁਸਾਰ ਰਿਸ਼ਤਾ ਕਰਨ ਵੇਲ਼ੇ ਜਾਤ-ਬਰਾਦਰੀ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਆਪਣੀ ਜਾਤ-ਬਰਾਦਰੀ ਤੋਂ ਬਾਹਰ ਵਿਆਹ ਨਹੀਂ ਕੀਤੇ ਜਾਂਦੇ। ਕੁਝ ਬਰਾਦਰੀਆਂ ਵਿੱਚ ਮਾਂ-ਪਿਓ ਦੀਆਂ ਦੋਹਾਂ ਗੋਤਾਂ ਵਿੱਚ ਵਿਆਹ ਵਰਜਿਤ ਹਨ ਅਤੇ ਕੁਝ ਵਿੱਚ ਮਾਂ-ਪਿਓ ਤੋਂ ਬਿਨਾਂ ਨਾਨੀ, ਦਾਦੀ ਦੀਆਂ ਗੋਤਾਂ ਅਥਵਾ ਚਾਰ ਗੋਤਾਂ ਵਿੱਚ। ਰਿਸ਼ਤੇ-ਨਾਤੇ ਕਰਨ ਵੇਲ਼ੇ ਭੂਗੋਲਿਕ ਖੇਤਰ ਨੂੰ ਵੀ ਧਿਆਨ ਵਿੱਚ ਰੱਖਿਆ ਜਾਂਦਾ ਹੈ।

ਆਪਣੇ ਪਿੰਡ ਵਿੱਚ ਹੀ ਮੁੰਡੇ-ਕੁੜੀ ਦਾ ਰਿਸ਼ਤਾ ਕਰਨ ਦੀ ਪ੍ਰਥਾ ਨਹੀਂ ਹੈ ਕਿਉਂਕਿ ਪਿੰਡ ਦੀ ਧੀ ਸਾਂਝੀ ਧੀ ਸਮਝੀ ਜਾਂਦੀ ਹੈ, ਉਸ ਨਾਲ਼ ਵਿਆਹ ਕਰਨਾ, ਲੋਕਾਚਾਰ ਦੇ ਵਿਰੁੱਧ ਹੈ।

(11)

ਦੋਸਤੀ ਜ਼ਿੰਦਗੀ ਦੀ ਰੌਣਕ ਤੇ ਨਿੱਘ ਹੁੰਦੀ ਹੈ। ਦੋਸਤੀ ਬਿਮਾਰ ਲਈ ਦਵਾਈ ਦਾ ਕੰਮ ਕਰਦੀ ਹੈ। ਦੋਸਤ ਦੀ ਹਾਜ਼ਰੀ ਵਿੱਚ ਬਿਮਾਰੀ ਦੂਰ ਭੱਜਦੀ ਹੈ। ਦੋਸਤ ਬਾਂਹਾਂ ਹੁੰਦੇ ਹਨ। ਦੋਸਤੀ ਗ਼ਮਾਂ ਦੀ ਪੰਡ ਨੂੰ ਹੌਲ਼ਿਆਂ ਕਰਦੀ ਹੈ। ਦੋਸਤੀ ਜ਼ਿੰਦਗੀ ਦੀ ਅਸੀਸ ਹੁੰਦੀ ਹੈ। ਮਨੁੱਖੀ ਰਿਸ਼ਤਿਆਂ ਵਿੱਚ ਦੋਸਤੀ ਦੀ ਮਹੱਤਵਪੂਰਨ ਭੂਮਿਕਾ ਹੈ। ਸਵੀਡਨ ਦੇ ਸਿਆਣਿਆਂ ਦੀ ਸਮਝ ਹੈ ਕਿ ਘੱਟ ਦੋਸਤਾਂ ਵਾਲ਼ਾ ਮਨੁੱਖ ਵਧਦੀ ਉਮਰ ਨਾਲ਼ ਦਿਮਾਗੀ ਤੌਰ 'ਤੇ ਬਿਮਾਰ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਉਹ ਮਾਨਸਿਕ ਪਰੇਸ਼ਾਨੀਆਂ ਤੇ ਦਿਮਾਗੀ ਸਮੱਸਿਆਵਾਂ ਦਾ ਸ਼ਿਕਾਰ ਹੋ ਜਾਂਦਾ ਹੈ। ਇਕੱਲਤਾ ਆਪਣੇ-ਆਪ ਵਿੱਚ ਹੀ ਬਿਮਾਰੀ ਹੈ। ਇਕੱਲਤਾ ਮਨ-ਮਸਤਕ ਨੂੰ ਸਮਤੋਲ ਨਹੀਂ ਰਹਿਣ ਦਿੰਦੀ। ਦੋਸਤੀ ਇਕੱਲਤਾ ਨੂੰ ਰਹਿਣ ਹੀ ਨਹੀਂ ਦਿੰਦੀ। ਉਦਾਸੇ-ਮਸੋਸੇ ਮਨਾਂ ਲਈ ਦੋਸਤੀ ਦਵਾ ਹੈ। ਇਸ ਲਈ ਦਿਲੋ-ਦਿਮਾਗ ਨੂੰ ਤੰਦਰੁਸਤ ਰੱਖਣ ਲਈ ਦੋਸਤ ਜ਼ਰੂਰੀ ਹਨ। ਦੋਸਤੀ ਦਾ ਵਿਸ਼ਾਲ ਹੋਣਾ ਹੀ ਲਾਹੇਵੰਦ ਹੈ। ਧਨ-ਦੌਲਤ ਤੇ ਜਾਇਦਾਦ ਅਤੇ ਹੋਰ ਰਿਸ਼ਤੇ-ਨਾਤੇ ਧੋਖਾ ਦੇ ਸਕਦੇ ਹਨ ਪਰ ਸਾਂਭੀ-ਸੰਭਾਲ਼ੀ ਦੋਸਤੀ ਹਮੇਸ਼ਾਂ ਵਫ਼ਾਦਾਰੀ ਤੇ ਵਿਸ਼ਵਾਸ ਦਾ ਪੱਖ ਪੂਰਦੀ ਹੈ। ਜਿਸ ਦੇ ਜਿੰਨੇ ਜ਼ਿਆਦਾ ਦੋਸਤ ਹੋਣਗੇ, ਓਨਾ ਹੀ ਉਹ ਤਣਾਅ-ਮੁਕਤ ਹੋਵੇਗਾ ਤੇ ਆਪਣੇ-ਆਪ ਨੂੰ ਹਰ ਖ਼ਤਰੇ ਤੋਂ ਸੁਰੱਖਿਅਤ ਸਮਝੇਗਾ। ਦੋਸਤ ਸੰਕਟ-ਮੋਚਨ ਦਾ ਕੰਮ ਕਰਦੇ ਹਨ। ਦੋਸਤਾਂ ਦੀ ਗਿਣਤੀ ਜ਼ਿੰਦਗੀ ਦੇ ਵਰ੍ਹਿਆਂ 'ਚ ਵਾਧਾ ਕਰਦੀ ਹੈ। ਦੋਸਤੀ ਜ਼ਿੰਦਗੀ 'ਚ ਉਤਸ਼ਾਹ ਦਾ ਸੋਮਾ ਹੁੰਦੀ ਹੈ। ਦੋਸਤੀ ਇੱਕ-ਦੂਜੇ ਨੂੰ ਉਤਸ਼ਾਹਿਤ ਕਰਨ ਦਾ ਮੌਕਾ ਹੁੰਦੀ ਹੈ। ਤਿਆਗ ਤੇ ਕੁਰਬਾਨੀ ਦੋਸਤੀ ਦੇ ਖਾਤੇ 'ਚ ਲਿਖੀ ਅਟੱਲ ਸਚਾਈ ਹੈ। ਤੇਹੜਿਆਂ ਦਾ ਵਟਾਂਦਰਾ ਦੋਸਤਾਂ 'ਚ ਗ਼ੈਰਹਾਜ਼ਰ ਰਹਿੰਦਾ ਹੈ। ਦੋਸਤ ਦੇ ਮਨ-ਮਸਤਕ ਵਿੱਚ ਆਪਣੇ ਦੋਸਤ ਦਾ ਦੁੱਖ-ਸੁੱਖ ਠਾਠਾਂ ਮਾਰਦੇ ਇੱਕ ਜਜ਼ਬੇ ਵਾਂਗ ਹੈ। ਦੋਸਤੀ ਹੀਰਿਆਂ, ਸੋਨੇ ਤੇ ਹੋਰ ਅਜਿਹੀਆਂ ਕੀਮਤੀ ਚੀਜ਼ਾਂ ਦੀ ਖਾਣ ਹੁੰਦੀ ਹੈ।

(12)

ਹਉਮੈਂ-ਹੰਕਾਰ ਮਨੁੱਖ ਦੀ ਪ੍ਰਕਿਰਤੀ-ਪ੍ਰਵਿਰਤੀ 'ਚ ਹੀ ਹੈ। ਮਨੁੱਖ ਦੀ ਹੋਂਦ-ਵਿਧੀ ਹੀ ਇਸ 'ਤੇ ਆਧਾਰਿਤ ਹੈ ਪਰ ਧਨ-ਦੌਲਤ ਜਾਂ ਜ਼ਮੀਨ-ਜਾਇਦਾਦ 'ਚ ਇਕਦਮ ਵਾਧਾ; ਯੋਗਤਾ ਤੇ ਸਮਰੱਥਾ ਤੋਂ ਵੱਡਾ ਅਹੁਦਾ ਜਾਂ ਮਾਣ-ਸਨਮਾਨ ਮਿਲ਼ ਜਾਣਾ, ਸ਼ੁਹਰਤ ਤੇ ਪ੍ਰਸਿੱਧੀ ਪ੍ਰਾਪਤ ਹੋ ਜਾਣੀ ਅਤੇ ਅਚਨਚੇਤ ਕੋਈ ਹੋਰ ਅਜਿਹੀ ਸ਼ਕਤੀ ਜਾਂ ਸਮਰੱਥਾ ਪ੍ਰਾਪਤ ਹੋ ਜਾਣੀ, ਹਉਮੈਂ-ਹੰਕਾਰ ਦੇ ਪਾਰੇ ਨੂੰ ਸੱਤਵੇਂ ਅਸਮਾਨ 'ਤੇ ਲੈ ਜਾਂਦੀ ਹੈ। ਇਸ ਅਵਸਥਾ 'ਚ ਹੰਕਾਰੀ ਆਪਣੀ ਤਾਕਤ ਦਾ ਵਿਖਾਵਾ ਚਾਪਲੂਸਾਂ ਦੇ ਇਕੱਠ 'ਚ ਕਰਦੇ ਹਨ ਅਤੇ ਆਪਣੀ ਪ੍ਰਸੰਸਾ ਲਈ ਜੁਗਾੜਬੰਦੀ ਕਰਦੇ ਰਹਿੰਦੇ ਹਨ। ਉਹਨਾਂ ਦੇ ਕੰਨ ਚਾਪਲੂਸਾਂ ਦੇ ਸ਼ਬਦ ਸੁਣਨ ਦੇ ਆਦੀ ਹੋ ਜਾਂਦੇ ਹਨ।

ਹਉਮੈਂ ਦਾ ਸਭ ਤੋਂ ਵੱਧ ਸ਼ਿਕਾਰ ਮੱਧ-ਵਰਗ ਅਤੇ ਇਸ ਵਿੱਚੋਂ ਵੀ ਇਸ ਵਰਗ ਦੀਆਂ ਔਰਤਾਂ ਹੁੰਦੀਆਂ ਹਨ। ਇਹ ਵਰਗ ਆਪਣੇ ਨਾਮਕਰਨ ਅਨੁਸਾਰ ਥਾਲ਼ੀ 'ਚ ਪਏ ਬੈਂਗਣ ਵਾਂਗ ਹੁੰਦਾ ਹੈ। ਇਹ ਖ਼ੁਸ਼ੀ 'ਚ ਫੁੱਲ ਕੇ ਕੁੱਪਾ ਹੋ ਜਾਂਦਾ ਹੈ ਅਤੇ ਗ਼ਮ 'ਚ ਝੱਗ ਵਾਂਗ ਛੇਤੀ ਹੀ ਦਮ-ਖ਼ਮ ਛੱਡ ਜਾਂਦਾ ਹੈ। ਇਹ ਸਥਿਰ, ਸਹਿਜ, ਸਮਤੋਲ, ਸੰਤੁਲਿਤ ਤੇ ਇਕਸਾਰ ਨਹੀਂ ਰਹਿ ਸਕਦਾ। ਚੜ੍ਹਦੇ ਸੂਰਜ ਨੂੰ ਅੱਗੇ ਵਧ-ਵਧ ਸਲਾਮਾਂ ਕਰਨ ਵਾਲ਼ੇ ਇਸ ਵਰਗ ਵਿੱਚੋਂ ਅਸਲੀ ਇਨਸਾਨ ਵਿਰਲੇ, ਕੋਈ-ਕੋਈ ਹੀ ਹਨ। ਹਉਮੈਂ ਕ੍ਰੋਧ ਦੀ ਮਾਂ ਹੈ ਅਤੇ ਕ੍ਰੋਧ ਦੀ ਅੱਗ ਮਨੁੱਖ ਨੂੰ ਅੰਦਰੋਂ-ਬਾਹਰੋਂ ਸਾੜ ਸੁੱਟਦੀ ਹੈ।

# 3. ਸ਼ਬਦ-ਕੋਸ਼ : ਵਾਚਣ-ਵਿਧੀ

ਕੁਦਰਤ ਨੇ ਮਨੁੱਖ ਨੂੰ ਸੋਚਣ ਦੀ ਸਮਰੱਥਾ ਦੇ ਨਾਲ਼-ਨਾਲ਼ ਕੁਝ ਕਰ ਸਕਣ ਦੀ ਤਾਕਤ ਅਤੇ ਬਹੁਤ ਵੱਡਾ ਭੰਡਾਰ—ਦਿਮਾਗ਼ ਦਿੱਤਾ ਹੈ। ਇਸ ਦਿਮਾਗ਼ ਦੀ ਸ਼ਕਤੀ ਏਨੀ ਜ਼ਿਆਦਾ ਹੈ ਕਿ ਜਿਸ ਨੂੰ ਸੀਮਾ ਵਿੱਚ ਨਹੀਂ ਰੱਖਿਆ ਜਾ ਸਕਦਾ ਭਾਵ ਇਸ ਦਿਮਾਗ਼ ਦੀ ਸ਼ਕਤੀ ਦੀ ਕੋਈ ਸੀਮਾ ਜਾਂ ਅੰਤ ਨਹੀਂ ਹੈ। ਇਸੇ ਸ਼ਕਤੀ ਦੀ ਸਹੀ ਵਰਤੋਂ ਕਰਦੇ ਹੋਏ ਮਨੁੱਖ ਨੇ ਆਪਣੀ ਇਸ ਸੋਚ-ਸ਼ਕਤੀ ਨੂੰ ਕਲਾ ਦਾ ਨਾਂ ਦਿੱਤਾ, ਅਜਿਹੀ ਕਲਾ ਜਿਸ ਨੂੰ ਵੱਖਰੇ ਨਾਂਵਾਂ ਜਾਂ ਭਾਗਾਂ ਵਿੱਚ ਵੰਡ ਲਿਆ ਗਿਆ। ਕੁਦਰਤ ਨੇ ਮਨੁੱਖ ਨੂੰ ਚੰਗੇ ਬੋਲ ਦਿੱਤੇ, ਇਹਨਾਂ ਬੋਲਾਂ ਨੂੰ ਮਨੁੱਖ ਨੇ ਸੰਚਾਰ ਦਾ ਮਾਧਿਅਮ ਬਣਾਉਂਦਿਆਂ 'ਭਾਸ਼ਾ' ਦਾ ਨਾਂ ਦਿੱਤਾ। ਭਾਸ਼ਾ ਦੇ ਭੰਡਾਰ ਨੂੰ ਸੰਭਾਲ਼ ਕੇ ਰੱਖਣ ਲਈ ਮਨੁੱਖ ਨੇ ਇਸ ਨੂੰ 'ਕੋਸ਼' ਸ਼ਬਦ ਦੇ ਕੇ 'ਕੋਸ਼ਕਾਰੀ ਇੱਕ ਕਲਾ' ਕਹਿ ਕੇ ਸ਼ਬਦਾਂ ਦੇ ਅਰਥ ਜਾਣਨ ਲਈ ਸ਼ਬਦ-ਕੋਸ਼ ਤਿਆਰ ਕੀਤੇ, ਅੱਜ ਸੰਸਾਰ ਦੀ ਹਰ ਭਾਸ਼ਾ ਦੇ ਸ਼ਾਬਦਿਕ ਭੰਡਾਰ ਇੱਕ ਕੋਸ਼ ਵਿੱਚ ਦਰਜ ਹਨ, ਚਾਹੇ ਉਹ ਪੰਜਾਬੀ ਸ਼ਬਦ-ਕੋਸ਼ ਹੋਵੇ ਜਾਂ ਮਹਾਨ-ਕੋਸ਼ ਹੋਵੇ ਜਾਂ ਅੰਗਰੇਜ਼ੀ ਭਾਸ਼ਾ ਦੀ ਡਿਕਸ਼ਨਰੀ ਹੋਵੇ। ਜਿਵੇਂ-ਜਿਵੇਂ ਭਾਸ਼ਾ ਦਾ ਵਿਕਾਸ ਹੁੰਦਾ ਗਿਆ, ਮਨੁੱਖ ਨੂੰ ਆਉਂਦੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਨਵੇਂ ਅਨੁਸ਼ਾਸਨ ਵਿੱਚ ਕੋਸ਼-ਵਿਗਿਆਨ ਦੀ ਸਥਾਪਨਾ ਹੋਈ। ਭਾਵੇਂ ਅੱਜ ਦੇ ਯੁੱਗ ਵਿੱਚ ਕੋਸ਼ਕਾਰੀ ਅਤੇ ਕੋਸ਼-ਵਿਗਿਆਨ ਵੱਖਰੇ-ਵੱਖਰੇ ਖੇਤਰ ਬਣ ਚੁੱਕੇ ਹਨ ਪਰ ਅਸੀਂ ਇੱਥੇ ਕੋਸ਼ਕਾਰੀ ਦੇ ਅੰਤਰਗਤ ਸ਼ਬਦਾਂ ਦੇ ਅਰਥ ਜਾਣਨ ਲਈ ਇਸ ਦੇ ਨਿਯਮਾਂ ਦਾ ਹੀ ਅਧਿਐਨ ਕਰਾਂਗੇ।

'ਕੋਸ਼' ਸ਼ਬਦ ਭਾਰਤੀ ਭਾਸ਼ਾਵਾਂ ਵਿੱਚ ਬਹੁਤ ਪੁਰਾਤਨ ਸ਼ਬਦ ਹੈ। ਪਰੰਪਰਾ ਅਨੁਸਾਰ ਇਸ ਸ਼ਬਦ ਨੂੰ ਭਾਵੇਂ ਵੱਖਰੇ-ਵੱਖਰੇ ਪ੍ਰਸੰਗਾਂ ਵਿੱਚ ਵਰਤਿਆ ਜਾਂਦਾ ਰਿਹਾ ਹੈ ਪਰ ਅਜੋਕੇ ਸਮੇਂ ਭਾਸ਼ਾਈ ਅਧਿਐਨ ਦੀ ਤਕਨੀਕ ਪੱਖੋਂ ਇਸ ਨੂੰ ਸ੍ਵੀਕਾਰ ਕੀਤਾ ਜਾ ਚੁੱਕਾ ਹੈ। ਵੈਦਿਕ ਕਾਲ ਤੋਂ ਇਸ ਸ਼ਬਦ ਦੀ ਵਰਤੋਂ ਹੁੰਦੀ ਆ ਰਹੀ ਹੈ, ਰਿਗਵੇਦ ਵਿੱਚ ਇਸ ਮੱਦ ਨੂੰ ਉਣਤਾਲ਼ੀ ਵਾਰ ਵਰਤਿਆ ਗਿਆ ਹੈ। ਪੁਰਾਤਨ ਅਰਥਾਂ ਵਿੱਚ 'ਕੋਸ਼' ਸ਼ਬਦ ਦੇ ਅਰਥ 'ਖਜ਼ਾਨਾ' ਕੀਤੇ ਗਏ ਹਨ। ਧਨ ਤੇ ਪਦਾਰਥਾਂ ਦੇ ਸੰਗ੍ਰਹਿ ਨੂੰ ਜੇ ਖ਼ਜ਼ਾਨਾ ਕਿਹਾ ਜਾ ਸਕਦਾ ਹੈ ਤਾਂ ਇਹ ਪਰਿਭਾਸ਼ਾ ਕੋਸ਼ ਉੱਤੇ ਇਸੇ ਤਰ੍ਹਾਂ ਲਾਗੂ ਨਹੀਂ ਹੁੰਦੀ। ਇਹ ਠੀਕ ਹੈ ਕਿ ਕੋਸ਼ ਵੀ ਸ਼ਬਦਾਂ ਦਾ ਖ਼ਜ਼ਾਨਾ ਹੁੰਦਾ ਹੈ ਪਰ ਇਹ ਤਾਂ ਇੱਕ ਤਰ੍ਹਾਂ ਸ਼ਬਦਾਂ ਦੀ ਤਰਤੀਬ ਹੁੰਦੀ ਹੈ, ਧਨ ਵਾਂਗ ਇਹ ਖਿੱਲਰੇ ਨਹੀਂ ਹੁੰਦੇ। "ਭਾਰਤੀ ਪਰੰਪਰਾ ਵਿੱਚ ਕੋਸ਼ ਨੂੰ ਪਰਿਭਾਸ਼ਿਤ ਕਰਨ ਲਈ ਕਿਹਾ ਜਾਂਦਾ ਹੈ ਕਿ ਇਹ ਸ਼ਬਦਾਂ ਦਾ ਅਜਿਹਾ ਸੰਗ੍ਰਹਿ ਹੁੰਦਾ ਹੈ ਜਿਸ ਵਿੱਚ ਇੱਕ ਤਾਂ ਸ਼ਬਦਾਂ ਨੂੰ ਕ੍ਰਮਵਾਰ ਦਿੱਤਾ ਹੁੰਦਾ ਹੈ ਅਤੇ ਦੂਜਾ ਇਹਨਾਂ ਸ਼ਬਦਾਂ ਦੇ ਅਰਥ ਤੇ ਭਾਵ ਵੀ ਦਿੱਤੇ ਹੁੰਦੇ ਹਨ।" ਇਹ ਸ਼ਬਦ ਸੰਸਕ੍ਰਿਤ-ਕੋਸ਼ ਵਿੱਚ ਬਾਲ ਮੁਕੰਦ ਦ੍ਵਿਵੇਦੀ ਦੁਆਰਾ ਕਹੇ ਗਏ ਹਨ। ਜਿਵੇਂ ਕੋਸ਼ ਸ਼ਬਦ ਭਾਰਤੀ ਪਰੰਪਰਾ ਨਾਲ਼ ਜੁੜਿਆ ਹੋਇਆ ਹੈ, ਉਸੇ ਤਰ੍ਹਾਂ 'ਡਿਕਸ਼ਨਰੀ' ਯੂਰਪ ਦੀ ਕੋਸ਼ਕਾਰੀ ਨਾਲ਼ ਸੰਬੰਧਿਤ ਹੈ। ਕੋਸ਼ ਦਾ ਸੰਕਲਪ ਇੱਕ ਵਿਸ਼ਾਲ ਇਤਿਹਾਸ ਲੈ ਕੇ ਬੈਠਾ ਹੈ।

ਅੱਜ ਵਿਗਿਆਨਿਕ ਯੁੱਗ ਸਿਖਰਾਂ 'ਤੇ ਹੈ। ਕੰਪਿਊਟਰ ਵਰਗੀ ਕਾਢ ਕਾਰਨ ਤੇਜ਼ ਰਫ਼ਤਾਰ ਮਸ਼ੀਨੀ ਯੁੱਗ ਵਿੱਚ ਕੁਝ ਵੀ ਔਖਾ ਨਹੀਂ ਰਿਹਾ। ਮਨੁੱਖੀ ਦਿਮਾਗ਼ ਦੀ ਕਾਢ ਨੇ ਭਾਵੇਂ ਸਭ ਕੁਝ ਸੌਖਾ ਕਰ ਦਿੱਤਾ ਹੈ ਪਰ ਫਿਰ ਵੀ ਸਭ ਕੁਝ ਸਮਝਣਾ ਜਾਂ ਕਰਨਾ ਨਿਯਮਾਂ ਵਿੱਚ ਬੱਝਾ ਪਿਆ ਹੈ। ਵਿਦਵਾਨਾਂ ਦੀ ਲਗਾਤਾਰ

ਜਾਰੀ ਖੋਜ ਨੇ ਹਰ ਖੇਤਰ ਨੂੰ ਬੁਲੰਦੀਆਂ ਤੱਕ ਪਹੁੰਚਾ ਦਿੱਤਾ ਹੈ। ਵਿਦਵਾਨਾਂ ਦੀ ਕੋਸ਼ਕਾਰੀ ਖੋਜ ਨੇ ਅੱਜ ਸੰਸਾਰ ਵਿੱਚ ਕਈ ਤਰ੍ਹਾਂ ਦੇ ਕੋਸ਼ ਵਿਦਿਆਰਥੀ ਸਾਮ੍ਹਣੇ ਰੱਖ ਦਿੱਤੇ ਹਨ। ਜੇਕਰ ਭਾਸ਼ਾਵਾਂ ਦੇ ਆਧਾਰ 'ਤੇ ਦੇਖੀਏ ਤਾਂ ਇੱਕ-ਭਾਸ਼ਾਈ ਕੋਸ਼, ਦੋ-ਭਾਸ਼ਾਈ ਕੋਸ਼ ਅਤੇ ਬਹੁ-ਭਾਸ਼ਾਈ ਕੋਸ਼ ਦੱਸੇ ਹਨ। ਇਸ ਤਰ੍ਹਾਂ ਦੇ ਕੋਸ਼ ਤਾਂ ਸਿਰਫ਼ ਸ਼ਬਦਾਂ ਦੇ ਅਰਥਾਂ ਤੱਕ ਸੀਮਿਤ ਹੁੰਦੇ ਹਨ। ਕਈ ਕੋਸ਼ ਤਾਂ ਸ਼ਬਦਾਂ ਦੇ ਅਰਥਾਂ ਨਾਲ਼ ਸੰਖੇਪ ਜਾਣਕਾਰੀ ਵੀ ਦਿੰਦੇ ਹਨ। ਇਸ ਤਰ੍ਹਾਂ ਦੇ ਕੋਸ਼ ਇੰਦਰਾਜ 'ਤੇ ਆਧਾਰਿਤ ਹੁੰਦੇ ਹਨ। ਇੰਦਰਾਜਾਂ ਦੇ ਆਧਾਰ 'ਤੇ ਸ਼ਬਦ-ਕੋਸ਼ (Dictionary), ਵਿਸ਼ਵ-ਕੋਸ਼ੀ ਸ਼ਬਦ-ਕੋਸ਼ (encyclopaedic dictionary) ਅਤੇ ਵਿਸ਼ਵ-ਕੋਸ਼ (encyclopaedia) ਤਿੰਨ ਕਿਸਮਾਂ ਦੇ ਹੁੰਦੇ ਹਨ। ਇੰਦਰਾਜ ਤੋਂ ਇਲਾਵਾ ਇੱਕ ਹੋਰ ਕਿਸਮ ਸਮਗਰੀ ਦੇ ਆਧਾਰ 'ਤੇ ਵੀ ਕੋਸ਼ ਦੀ ਵੰਡ ਕੀਤੀ ਗਈ ਹੈ। ਇਸ ਤਰ੍ਹਾਂ ਦੇ ਕੋਸ਼ ਕਾਲ ਭਾਵ ਸਮੇਂ ਦੀ ਵੰਡ 'ਤੇ ਆਧਾਰਿਤ ਹੁੰਦੇ ਹਨ। ਇਹ ਇੱਕ ਵੱਖਰੇ ਵਿਸ਼ੇ ਦਾ ਆਧਾਰ ਬਣ ਜਾਂਦਾ ਹੈ। ਇੱਥੇ ਏਨਾ ਜਾਣ ਲਿਆ ਜਾਵੇ ਕਿ ਭਾਸ਼ਾ ਦੇ ਵਿਕਾਸ ਲਈ ਯੋਜਨਾਬੱਧ ਤਰੀਕੇ ਨਾਲ਼ ਤਿਆਰ ਕੀਤੀ ਸਮਗਰੀ, ਕੋਸ਼ ਹਨ। ਸੋ ਕੋਸ਼ ਭਾਸ਼ਾ ਦੇ ਵਿਕਾਸ ਅਤੇ ਭਾਸ਼ਾ ਦੀ ਵਰਤੋਂ ਲਈ ਇੱਕ ਸੰਦ ਵਜੋਂ ਵਰਤਿਆ ਜਾਣ ਵਾਲ਼ਾ ਸਾਧਨ ਹੈ। ਕੋਸ਼ ਇੱਕ ਵਿਅਕਤੀ ਲਈ ਅਜਿਹੀ ਪੁਸਤਕ ਹੈ ਜਿਸ ਰਾਹੀਂ ਉਹ ਸ਼ਬਦਾਂ ਦੇ ਉਚਾਰਨ, ਵਿਉਤਪਤੀ, ਵਿਆਕਰਨਿਕ ਰੂਪ ਆਦਿ ਬਾਰੇ ਜਾਣਕਾਰੀ ਪ੍ਰਾਪਤ ਕਰਦਾ ਹੈ।

ਪੰਜਾਬੀ-ਕੋਸ਼ਕਾਰੀ ਦਾ ਮੁੱਢ ਭਾਰਤੀ ਪਰੰਪਰਾ ਨਾਲ਼ ਜੁੜਿਆ ਹੋਇਆ ਹੈ ਅਤੇ ਵਿਕਾਸ ਪੱਛਮੀ ਕੋਸ਼ਕਾਰੀ-ਪਰੰਪਰਾ ਨਾਲ਼। ਪੰਜਾਬੀ-ਕੋਸ਼ਕਾਰੀ ਦਾ ਅਰੰਭ ਸੰਸਕ੍ਰਿਤ-ਕੋਸ਼ਕਾਰੀ ਦੀਆਂ ਰਚਨਾਵਾਂ ਦੇ ਅਨੁਵਾਦ ਜਾਂ ਲਿਪੀਅੰਤਰਨ ਨਾਲ਼ ਹੋਇਆ। ਪੰਜਾਬੀ-ਕੋਸ਼ਕਾਰੀ ਦਾ ਇੱਕੋ-ਇੱਕ ਮਕਸਦ ਸੀ ਕਿ ਪੰਜਾਬੀ ਭਾਸ਼ਾ ਦਾ ਵਿਕਾਸ ਚੰਗੀ ਤਰ੍ਹਾਂ ਹੋ ਸਕੇ। ਪੰਜਾਬੀ-ਕੋਸ਼ਾਂ ਦੀ ਰਚਨਾ ਦਾ ਅਰੰਭ 1544 ਈਸਵੀ ਤੋਂ ਮੰਨਿਆ ਜਾਂਦਾ ਹੈ। ਕੋਸ਼ ਕਿਸੇ ਵੀ ਭਾਸ਼ਾ ਦਾ ਹੋਵੇ ਪਰ ਕਿਸੇ ਨਾ ਕਿਸੇ ਤਰ੍ਹਾਂ ਭਾਸ਼ਾਈ ਵਿਕਾਸ ਨਾਲ਼ ਜੁੜਿਆ ਹੋਇਆ ਹੈ। ਏਨਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਕੋਸ਼ ਸ਼ਬਦਾਂ ਦਾ ਉਹ ਖ਼ਜ਼ਾਨਾ ਹੈ ਜਿਸ ਦੀ ਜਦੋਂ ਚਾਹੇ ਵਰਤੋਂ ਕੀਤੀ ਜਾ ਸਕਦੀ ਹੈ। ਸੋ, ਇਸ ਸ਼ਾਬਦਿਕ ਖ਼ਜ਼ਾਨੇ, ਕੋਸ਼ ਦੀ ਵਰਤੋਂ ਕਰਨ ਦੇ ਕੁਝ ਨਿਯਮ ਹਨ।

ਇਹ ਜਾਣਨ ਤੋਂ ਬਾਅਦ ਕਿ ਕੋਸ਼ ਸ਼ਬਦਾਂ ਦੇ ਅਰਥਾਂ ਦਾ ਭੰਡਾਰ ਹੈ, ਆਪਾਂ ਕਿਸੇ ਵੀ ਸ਼ਬਦ ਦੇ ਅਰਥ ਜਾਣਨਾ ਚਾਹੁੰਦੇ ਹਾਂ ਤਾਂ ਕੋਸ਼ ਵਿੱਚੋਂ ਦੇਖ ਸਕਦੇ ਹਾਂ। ਕੋਸ਼ ਵਿੱਚੋਂ ਅਰਥ ਜਾਣਨ ਲਈ ਕੁਝ ਨਿਯਮਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਨਿਮਨ-ਲਿਖਤ ਕੁਝ ਨਿਯਮ ਦਿੱਤੇ ਗਏ ਹਨ।

1. ਪੈਂਤੀ-ਅੱਖਰੀ ਭਾਵ 'ੳ' ਤੋਂ 'ੜ' ਤੱਕ ਸਾਰੇ ਵਰਗ ਜ਼ਿਹਨ ਵਿੱਚ ਵੱਸੇ ਹੋਣੇ ਚਾਹੀਦੇ ਹਨ। ਸਭ ਤੋਂ ਪਹਿਲਾਂ ਜਿਸ ਸ਼ਬਦ ਦੇ ਅਰਥ ਦੇਖਣੇ ਹਨ, ਉਸ ਸ਼ਬਦ ਦਾ ਪਹਿਲਾ ਅੱਖਰ ਦੇਖਣਾ ਪਵੇਗਾ ਕਿ ਉਹ ਪੈਂਤੀ-ਅੱਖਰੀ ਵਿੱਚ ਅੰਦਾਜ਼ਨ ਕਿੰਨਵਾਂ ਅੱਖਰ ਹੈ।

2. ਦੂਜੀ ਗੱਲ ਲਗਾਂ, ਮਾਤਰਾਂ, ਲਗਾਖਰ ਵੀ ਦੇਖਣੇ ਹਨ। ਜੇਕਰ ਸ਼ਬਦ ਤੇ ਕੋਈ ਮਾਤਰਾ ਨਹੀਂ ਹੈ, ਤਾਂ ਦੂਸਰੇ ਅੱਖਰ ਦੀ ਤਰਤੀਬ ਨੂੰ ਦੇਖਿਆ ਜਾਵੇਗਾ। ਇਹੀ ਸ਼ਬਦਾਂ ਦੀ ਤਰਤੀਬ ਤੁਹਾਨੂੰ ਸ਼ਬਦ ਦੇ ਅਰਥਾਂ ਤੱਕ ਪਹੁੰਚਾ ਦੇਵੇਗੀ।

3. ਸ਼ਬਦ ਲੱਭਣ ਲਈ ਪਹਿਲਾਂ ਅੱਖਰ ਤੇ ਫਿਰ ਮਾਤਰਾ ਦਾ ਖ਼ਿਆਲ ਰੱਖਣਾ ਜ਼ਰੂਰੀ ਹੈ, ਜਿਵੇਂ 'ਆਸਤਿਕ'

ਸ਼ਬਦ ਹੈ—

ਪਹਿਲਾਂ 'ਅ' ਤਰਤੀਬ ਵਿੱਚ ਪਹੁੰਚੋ—

ਫਿਰ 'ਅ' ਨੂੰ ਕੰਨਾ 'ਆ'

ਆ—ਫਿਰ ਸ — ਤਿ — ਕ

'ਆ' ਤੋਂ ਅੱਗੇ 'ਸ' ਫਿਰ 'ਤਿ' ਤੇ 'ਕ'

ਕੋਸ਼ ਵਿੱਚ 'ਆਸਤਿਕ' ਸ਼ਬਦ ਆ ਜਾਵੇਗਾ

ਅਰਥ ਹੋਣਗੇ — ਪਰਮਾਤਮਾ ਦੀ ਹੋਂਦ 'ਚ ਵਿਸ਼ਵਾਸ ਰੱਖਣ ਵਾਲ਼ਾ।

4. ਤੁਹਾਡੀ ਜਾਣਕਾਰੀ ਲਈ ਪੇਸ਼ ਹੈ ਪੈਂਤੀ-ਅੱਖਰੀ ਤਰਤੀਬ :

| | | | | | |
|---|---|---|---|---|---|
| ੳ-ਵਰਗ— | ੳ | ਅ | ੲ | ਸ | ਹ |
| ਕ-ਵਰਗ— | ਕ | ਖ | ਗ | ਘ | ਙ |
| ਚ-ਵਰਗ— | ਚ | ਛ | ਜ | ਝ | ਞ |
| ਟ-ਵਰਗ— | ਟ | ਠ | ਡ | ਢ | ਣ |
| ਤ-ਵਰਗ— | ਤ | ਥ | ਦ | ਧ | ਨ |
| ਪ-ਵਰਗ— | ਪ | ਫ | ਬ | ਭ | ਮ |
| ਯ-ਵਰਗ— | ਯ | ਰ | ਲ | ਵ | ੜ |

5. ਗੁਰਮੁਖੀ ਅੱਖਰਾਂ ਨਾਲ਼ ਵਰਤੀਆਂ ਜਾਣ ਵਾਲ਼ੀਆਂ 'ਲਗਾਂ' ਦੀ ਤਰਤੀਬ ਹੇਠਾਂ ਦਿੱਤੇ ਅਨੁਸਾਰ ਹੈ :

| ਲਗ ਦਾ ਨਾਂ | — | ਬਣਤਰ |
|---|---|---|
| ਕੰਨਾ | — | ( ਾ ) |
| ਸਿਹਾਰੀ | — | ( ਿ ) |
| ਬਿਹਾਰੀ | — | ( ੀ ) |
| ਔਂਕੜ | — | ( ੁ ) |
| ਦੁਲੈਂਕੜ | — | ( ੂ ) |
| ਲਾਂ | — | ( ੇ ) |
| ਦੁਲਾਵਾਂ | — | ( ੈ ) |
| ਹੋੜਾ | — | ( ੋ ) |
| ਕਨੌੜਾ | — | ( ੌ ) |

'ਲਗਾਂ' ਦੇ ਨਾਲ਼ ਲਗਾਖਰ ਦੀ ਤਰਤੀਬ—ਲਗਾਖਰ-ਅੱਖਰਾਂ ਨਾਲ਼ ਵਰਤੇ ਜਾਂਦੇ ਚਿੰਨ੍ਹਾਂ ਦੇ ਨਾਂ ਹੇਠਾਂ ਦਿੱਤੇ ਅਨੁਸਾਰ ਹਨ :

| | | |
|---|---|---|
| ਬਿੰਦੀ | — | ( ਂ ) |
| ਟਿੱਪੀ | — | ( ੰ ) |
| ਅਧਕ | — | ( ੱ ) |

ਜੇਕਰ ਦੋ ਸ਼ਬਦਾਂ ਦੇ ਪਹਿਲੇ ਅੱਖਰ ਵੀ ਇੱਕੋ ਹਨ ਤੇ ਉਹਨਾਂ ਨੂੰ ਮਾਤਰਾ ਵੀ ਇੱਕੋ-ਜਿਹੀ ਲੱਗੀ ਹੈ ਪਰ ਉਹਨਾਂ ਵਿੱਚੋਂ ਇੱਕ ਅੱਖਰ ਨੂੰ ਲਗਾਖਰ ਲੱਗਾ ਹੈ ਤੇ ਦੂਸਰਾ ਲਗਾਖਰ ਤੋਂ ਬਿਨਾਂ ਹੈ ਤਾਂ ਮਾਤਰਾ ਵਾਲ਼ਾ ਸ਼ਬਦ ਪਹਿਲਾਂ ਆਵੇਗਾ ਅਤੇ ਲਗਾਖਰ ਵਾਲ਼ਾ ਸ਼ਬਦ ਬਾਅਦ ਵਿੱਚ। ਜਿਵੇਂ : ਚੰਚਲ, ਕਿਰਤ, ਚਰਖਾ, ਕਿੰਨਰ ਆਦਿ ਸ਼ਬਦਾਂ ਦੀ ਸਹੀ ਤਰਤੀਬ ਹੋਵੇਗੀ : ਕਿਰਤ, ਕਿੰਨਰ, ਚਰਖਾ, ਚੰਚਲ।

'ਕੋਸ਼' ਇੱਕ ਸ਼ਾਬਦਿਕ ਭੰਡਾਰ ਹੈ, ਇਹ ਪ੍ਰਯੋਗੀ (ਪ੍ਰੈਕਟੀਕਲ) ਕੰਮ ਜ਼ਿਆਦਾ ਹੈ। ਕੋਸ਼ ਨੂੰ ਨਿਯਮਾਂ ਅਨੁਸਾਰ ਅਰਥ ਜਾਣਨ ਲਈ ਵਿਦਿਆਰਥੀਆਂ ਨੂੰ ਕੁਝ ਅਭਿਆਸ ਦੀ ਜ਼ਰੂਰਤ ਹੋਵੇਗੀ। ਭਾਸ਼ਾ ਸਿਖਾਉਣੀ ਇੱਕ ਤਰ੍ਹਾਂ ਨਾਲ਼ ਵਿਦਿਆਰਥੀਆਂ ਨਾਲ਼ ਸੰਬੰਧ ਕਾਇਮ ਕਰਨ ਵਾਲ਼ੀ ਗੱਲ ਹੈ। ਇੱਥੇ ਪੰਜਾਬ ਸਕੂਲ ਸਿੱਖਿਆ ਬੋਰਡ ਭਾਸ਼ਾ ਪੜ੍ਹਾਉਣ ਵਾਲ਼ੇ ਅਧਿਆਪਕਾਂ ਤੋਂ ਲੁੜੀਂਦਾ ਸਹਿਯੋਗ ਮੰਗਦਾ ਹੈ। ਅਧਿਆਪਕਾਂ ਲਈ ਬਹੁਤ ਜ਼ਰੂਰੀ ਹੈ ਕਿ ਉਹ ਇੱਕ ਕੋਸ਼ ਲੈ ਕੇ ਬੱਚਿਆਂ ਨੂੰ ਉਸ ਤੋਂ ਸ਼ਬਦਾਂ ਦੀ ਤਰਤੀਬ ਅਤੇ ਅਰਥ ਦੇਖਣੇ ਦੱਸਣ। ਜਦੋਂ ਵਿਦਿਆਰਥੀ ਪੰਜਾਬੀ ਭਾਸ਼ਾ ਦੀ ਕੋਸ਼ਕਾਰੀ ਨੂੰ ਦੇਖਣਾ ਸਿੱਖ ਲਵੇਗਾ ਤਾਂ ਉਹ ਆਪਣੇ-ਆਪ ਹੋਰਨਾਂ ਭਾਸ਼ਾਵਾਂ ਦੇ ਕੋਸ਼ ਦੇਖਣ ਦੇ ਯੋਗ ਹੋ ਜਾਵੇਗਾ।

**ਸ਼ਬਦਾਂ ਦੇ ਅਰਥ ਸ਼ਬਦ-ਕੋਸ਼ (Dictionary) ਵਿੱਚ ਜਾਣਨ ਦੀ ਜੁਗਤ :**

ਸ਼ਬਦ-ਕੋਸ਼ ਵਿੱਚ ਸ਼ਬਦ ਦੇ ਅਰਥ ਜਾਣਨ ਲਈ ਸਭ ਤੋਂ ਪਹਿਲਾਂ ਪੈਂਤੀ-ਅੱਖਰੀ ਤਰਤੀਬ ਨੂੰ ਸਥਾਨ ਅਨੁਸਾਰ ਆਪਣੇ ਦਿਮਾਗ਼ ਵਿੱਚ ਲਿਆਉਣਾ ਪਵੇਗਾ। ਉਦਾਹਰਨ ਦੇ ਤੌਰ 'ਤੇ ਸ਼ਬਦ ਹੈ : ਕਰਮ। 'ਕਰਮ' ਦਾ ਪਹਿਲਾ ਅੱਖਰ 'ਕ' ਜੋ ਕ-ਵਰਗ ਦਾ ਪਹਿਲਾ ਅੱਖਰ ਹੈ। ਇਸ ਲਈ ਸ਼ਬਦ-ਕੋਸ਼ ਵਿੱਚ 'ਕ' - ਵਰਗ ਦੇ ਅਰੰਭ ਵਿੱਚ ਜਾਣ ਤੋਂ ਬਾਅਦ ਦੂਸਰੇ ਅਤੇ ਅਗਲੇ ਸ਼ਬਦਾਂ ਅਨੁਸਾਰ ਸ਼ਬਦ-ਕੋਸ਼ ਵਿੱਚ ਸ਼ਬਦ-ਕ੍ਰਮ ਮਿਲ਼ ਜਾਵੇਗਾ। ਦੂਸਰੀ ਗੱਲ ਧਿਆਨ ਵਿੱਚ ਰੱਖਣਯੋਗ ਹੈ ਕਿ ਸ਼ਾਬਦਿਕ ਲਗਾਂ-ਮਾਤਰਾਂ ਅਤੇ ਲਗਾਖਰ ਦੀ ਤਰਤੀਬ ਵੀ ਜਾਣਨੀ ਜ਼ਰੂਰੀ ਹੋਵੇਗੀ।

ਜੇਕਰ ਦੋ ਸ਼ਬਦਾਂ ਦੇ ਪਹਿਲੇ ਅੱਖਰ ਇੱਕੋ ਹਨ ਤੇ ਉਹਨਾਂ ਨੂੰ ਮਾਤਰਾ ਵੀ ਇੱਕੋ-ਜਿਹੀ ਹੀ ਲੱਗੀ ਹੈ ਪਰੰਤੂ ਉਹਨਾਂ ਵਿੱਚੋਂ ਇੱਕ ਦੁੱਤ ਅੱਖਰ (ਹ, ਰ, ਵ) ਹੈ ਤੇ ਦੂਸਰਾ ਦੁੱਤ ਅੱਖਰ ਨਹੀਂ ਹੈ ਤਾਂ ਦੁੱਤ ਅੱਖਰ ਵਾਲ਼ਾ ਸ਼ਬਦ ਬਾਅਦ ਵਿੱਚ ਆਵੇਗਾ, ਜਿਵੇਂ : - ਪਵਨ, ਪ੍ਰਿੰਟ, ਪ੍ਰਗਟ, ਪਿੰਗਲਾ ਆਦਿ ਸ਼ਬਦਾਂ ਦਾ ਸਹੀ ਕ੍ਰਮ ਹੋਵੇਗਾ: ਪਵਨ, ਪ੍ਰਗਟ, ਪਿੰਗਲਾ, ਪ੍ਰਿੰਟ। ਜੇਕਰ ਮਾਤਰਾਵਾਂ ਅਲੱਗ-ਅਲੱਗ ਹਨ ਤਾਂ ਕ੍ਰਮ ਮਾਤਰਾਵਾਂ ਵਾਲ਼ਾ ਹੀ ਰਹੇਗਾ।

ਉਦਾਹਰਨ ਦੇ ਤੌਰ 'ਤੇ ਕੁਝ ਸ਼ਬਦ ਮਹਾਨ-ਕੋਸ਼ ਵਿੱਚੋਂ ਲਏ ਗਏ ਹਨ :

(1) **ਸ਼ਬਦ-ਕੋਸ਼ ਦੀ ਤਰਤੀਬ ਅਨੁਸਾਰ**

| | |
|---|---|
| ਉਦਾਸੀ | ਉੱਤਰ |
| ਉੱਤਰ | ਉਦਾਸੀ |
| ਅਹੰਕਾਰ | ਅਹੰਕਾਰ |
| ਇੱਕੜ-ਦੁੱਕੜ | ਅੱਕਣਾ |
| ਅੱਕਣਾ | ਇੱਕੜ-ਦੁੱਕੜ |
| ਸਹਿਕਾਰੀ | ਸਹਿਕਾਰੀ |

**ਸ਼ਬਦ-ਕੋਸ਼ ਦੀ ਤਰਤੀਬ ਅਨੁਸਾਰ**

| | | |
|---|---|---|
| (2) | ਖ਼ਾਲਸਾ | ਸਤਪੁਰਖ |
| | ਘੁਮਿਆਰ | ਕਸਰਤ |
| | ਸਤਪੁਰਖ | ਕੱਕਰ |
| | ਗ਼ਦਰ | ਖ਼ਾਲਸਾ |
| | ਕੱਕਰ | ਗ਼ਦਰ |
| | ਕਸਰਤ | ਘੁਮਿਆਰ |

**ਸ਼ਬਦ-ਕੋਸ਼ ਦੀ ਤਰਤੀਬ ਅਨੁਸਾਰ**

| | | |
|---|---|---|
| (3) | ਚਾਰ ਮਗ਼ਜ਼ | ਚਪੇੜ |
| | ਚਾਂਦਨੀ | ਚੰਬਲ |
| | ਚਾਸ਼ਨੀ | ਚਾਸ਼ਨੀ |
| | ਚਪੇੜ | ਚਾਂਦਨੀ |
| | ਚੰਬਲ | ਚਾਰ ਮਗ਼ਜ਼ |
| | ਚੋਬਦਾਰ | ਚੋਬਦਾਰ |

**ਸ਼ਬਦ-ਕੋਸ਼ ਦੀ ਤਰਤੀਬ ਅਨੁਸਾਰ**

| | | |
|---|---|---|
| (4) | ਚਿੜਚਿੜਾ | ਚਿੜਚਿੜਾ |
| | ਝਕਣਾ | ਛੰਨਾ |
| | ਜਹਾਜ਼ | ਛੱਲੀ |
| | ਛੰਨਾ | ਜਹਾਜ਼ |
| | ਜੀਵਨ | ਜੀਵਨ |
| | ਛੱਲੀ | ਝਕਣਾ |

| | ਸ਼ਬਦ-ਕੋਸ਼ ਦੀ ਤਰਤੀਬ ਅਨੁਸਾਰ |
|---|---|
| (5) ਢਿੱਲਾ | ਕਾਇਰ |
| ਡਿਓਢੀ | ਟਿਕਣਾ |
| ਠਠਿਆਰ | ਠਠਿਆਰ |
| ਟਿਕਣਾ | ਡੰਗਰ |
| ਡੰਗਰ | ਡਿਓਢੀ |
| ਕਾਇਰ | ਢਿੱਲਾ |

| | ਸ਼ਬਦ-ਕੋਸ਼ ਦੀ ਤਰਤੀਬ ਅਨੁਸਾਰ |
|---|---|
| (6) ਦਰਬਾਰ | ਖਿਸਕ |
| ਥਰਮਾਮੀਟਰ | ਤਰਸਣਾ |
| ਤਰਸਣਾ | ਤੀਰਥ |
| ਦਸਤਾਰ | ਥਰਮਾਮੀਟਰ |
| ਤੀਰਥ | ਦਸਤਾਰ |
| ਖਿਸਕ | ਦਰਬਾਰ |

| | ਸ਼ਬਦ-ਕੋਸ਼ ਦੀ ਤਰਤੀਬ ਅਨੁਸਾਰ |
|---|---|
| (7) ਧੋਖਾ | ਖ਼ੁਸ਼ਕ |
| ਪਕੌੜਾ | ਧੋਖਾ |
| ਫੱਟੜ | ਨਖੱਟੂ |
| ਨਰਗਿਸ | ਨਰਗਿਸ |
| ਨਖੱਟੂ | ਪਕੌੜਾ |
| ਖ਼ੁਸ਼ਕ | ਫੱਟੜ |

| | ਸ਼ਬਦ-ਕੋਸ਼ ਦੀ ਤਰਤੀਬ ਅਨੁਸਾਰ |
|---|---|
| (8) ਪੰਜ | ਪਖੰਡੀ |
| ਪੈਂਡਾ | ਪੰਜ |
| ਪਿਤਾ-ਪੁਰਖੀ | ਪ੍ਰਤਾਪ |
| ਪ੍ਰਤਾਪ | ਪਿਤਾ-ਪੁਰਖੀ |

| | | |
|---|---|---|
| | ਪੂੰਝਣਾ | ਪੂੰਝਣਾ |
| | ਪਖੰਡੀ | ਪੈਂਡਾ |
| | | **ਸ਼ਬਦ-ਕੋਸ਼ ਦੀ ਤਰਤੀਬ ਅਨੁਸਾਰ** |
| (9) | ਫ਼ਰਿਸ਼ਤਾ | ਫ਼ਸਲ |
| | ਫ਼ਕੀਰ | ਫ਼ਕੀਰ |
| | ਫ਼ੌਲਾਦੀ | ਫ਼ਰਿਸ਼ਤਾ |
| | ਫ਼ਿਲਹਾਲ | ਫ਼ਿਰਕੀ |
| | ਫ਼ਸਲ | ਫ਼ਿਲਹਾਲ |
| | ਫ਼ਿਰਕੀ | ਫ਼ੌਲਾਦੀ |
| | | **ਸ਼ਬਦ-ਕੋਸ਼ ਦੀ ਤਰਤੀਬ ਅਨੁਸਾਰ** |
| (10) | ਬਸੰਤ | ਚਿਰਾਗ਼ |
| | ਮਚਕੋੜ | ਬਸੰਤ |
| | ਭਗਵਾਨ | ਬਖ਼ਸ਼ਿੰਦ |
| | ਬਖ਼ਸ਼ਿੰਦ | ਭਗਵਾਨ |
| | ਭਿੱਟਣਾ | ਭਿੱਟਣਾ |
| | ਚਿਰਾਗ਼ | ਮਚਕੋੜ |
| | | **ਸ਼ਬਦ-ਕੋਸ਼ ਦੀ ਤਰਤੀਬ ਅਨੁਸਾਰ** |
| (11) | ਰੜਕਣਾ | ਖ਼ੈਰਖ਼ਾਹ |
| | ਲਸ਼ਕਰ | ਯਮਰਾਜ |
| | ਯੋਗਤਾ | ਯੋਗਤਾ |
| | ਰਗੜ | ਰਗੜ |
| | ਯਮਰਾਜ | ਰੜਕਣਾ |
| | ਖ਼ੈਰਖ਼ਾਹ | ਲਸ਼ਕਰ |
| | | **ਸ਼ਬਦ-ਕੋਸ਼ ਦੀ ਤਰਤੀਬ ਅਨੁਸਾਰ** |
| (12) | ਵੇਦਾਂਤੀ | ਕਵੀਸ਼ਰ |
| | ਬੰਦਗੀ | ਕਾਨੂਨੀ |

| | |
|---|---|
| ਗੁਣਵੰਤੀ | ਗੁਣਵੰਤੀ |
| ਕਵੀਸ਼ਰ | ਬੰਦਗੀ |
| ਕਾਨੂੰਨੀ | ਵਾਪਰਨਾ |
| ਵਾਪਰਨਾ | ਵੇਦਾਂਤੀ |
| | **ਸ਼ਬਦ-ਕੋਸ਼ ਦੀ ਤਰਤੀਬ ਅਨੁਸਾਰ** |
| (13) ਰਾਜ-ਮਹੱਲ | ਰਸਤਾ |
| ਰਫ਼ੂਗਰ | ਰਚਨਾ |
| ਰਜਵਾੜਾ | ਰਜਵਾੜਾ |
| ਰਿਸ਼ਵਤ | ਰਫ਼ੂਗਰ |
| ਰਸਤਾ | ਰਾਜ-ਮਹੱਲ |
| ਰਚਨਾ | ਰਿਸ਼ਵਤ |
| | **ਸ਼ਬਦ-ਕੋਸ਼ ਦੀ ਤਰਤੀਬ ਅਨੁਸਾਰ** |
| (14) ਲੁਹਾਰ | ਲੰਗਰ |
| ਲਿਖਣਾ | ਲੰਬੜਦਾਰ |
| ਲੰਗਰ | ਲੜਕਾ |
| ਲਾਚਾਰ | ਲਾਚਾਰ |
| ਲੜਕਾ | ਲਿਖਣਾ |
| ਲੰਬੜਦਾਰ | ਲੁਹਾਰ |
| | **ਸ਼ਬਦ-ਕੋਸ਼ ਦੀ ਤਰਤੀਬ ਅਨੁਸਾਰ** |
| (15) ਵਹੁਟੀ | ਵਹੁਟੀ |
| ਵਿਰਾਨ | ਵਕਤਾ |
| ਵਰਜ਼ਸ਼ | ਵਕਾਲਤ |
| ਵੈਦਗੀ | ਵਰਜ਼ਸ਼ |
| ਵਕਾਲਤ | ਵਿਰਾਨ |
| ਵਕਤਾ | ਵੈਦਗੀ |
| | **ਸ਼ਬਦ-ਕੋਸ਼ ਦੀ ਤਰਤੀਬ ਅਨੁਸਾਰ** |
| (16) ਮਸ਼ਕਰੀ | ਗੁਲਕੰਦ |

| | |
|---|---|
| ਭੁਜੰਗ | ਪਿੰਜਣਾ |
| ਪਿੰਜਣਾ | ਬਰਾਂਡਾ |
| ਭੁਚਾਲ਼ | ਭੁਚਾਲ਼ |
| ਬਰਾਂਡਾ | ਭੁਜੰਗ |
| ਗੁਲਕੰਦ | ਮਸ਼ਕਰੀ |

**ਸ਼ਬਦ-ਕੋਸ਼ ਦੀ ਤਰਤੀਬ ਅਨੁਸਾਰ**

| | |
|---|---|
| (17) ਕਰਤਾਰਪੁਰ | ਅੰਮ੍ਰਿਤਸਰ |
| ਗੁਰਦਾਸਪੁਰ | ਹੁਸ਼ਿਆਰਪੁਰ |
| ਹੁਸ਼ਿਆਰਪੁਰ | ਕਰਤਾਰਪੁਰ |
| ਜਲੰਧਰ | ਗੁਰਦਾਸਪੁਰ |
| ਪਠਾਨਕੋਟ | ਜਲੰਧਰ |
| ਅੰਮ੍ਰਿਤਸਰ | ਪਠਾਨਕੋਟ |

**ਪਾਠ-ਅਭਿਆਸ**

**ਹੇਠਾਂ ਦਿੱਤੇ ਗਏ ਸ਼ਬਦਾਂ ਨੂੰ ਸ਼ਬਦ-ਕੋਸ਼ ਤਰਤੀਬ ਅਨੁਸਾਰ ਲਿਖੋ :-**

1. ਸਹਿਜੇ
   ਹੰਗਾਮਾ
   ਉਪਬੋਲੀ
   ਕਸਰਤ
   ਅਵਾਜ਼
   ਮਕਸਦ
2. ਖ਼ਾਲਸਾ
   ਖ਼ੁਦਾਈ
   ਖ਼ੂਨ
   ਖ਼ੁਸ਼ਕ
   ਖ਼ਿਆਨਤ
   ਖ਼ਰੀਦ

3. ਅਕ੍ਰਿਤਘਣ
   ਗਵੱਈਆ
   ਜੁਲਾਹਾ
   ਆਕਸੀਜਨ
   ਟੁਕੜ-ਬੋਚ
   ਗੁਰਦਵਾਰਾ
4. ਥੜ੍ਹਾ
   ਧੜਕਣ
   ਪਕਵਾਨ
   ਥਰਥਰਾਹਟ
   ਦੁਹਾਗਣ
   ਘੁਸਮੁਸਾ
5. ਪੂਛਲ
   ਜ਼ਿਲ੍ਹੇਦਾਰ
   ਝਗੜਾਲੂ
   ਗਲਵੱਕੜੀ
   ਪੂਜਨੀਕ
   ਜੱਦੋ-ਜਹਿਦ
   ਪਾਇਲ
6. ਟੁੱਟ-ਭੱਜ
   ਚੰਦਨ
   ਗਿਰਝ
   ਛਣਕਾਰ
   ਜ਼ੁਲਫ਼
7. ਤਾਨਾਸ਼ਾਹੀ
   ਬਾਈਸਿਕਲ

ਪਾਚਨ

ਤਤਕਰਾ

ਮੁਕੱਰਰ

ਖ਼ਾਨਦਾਨ

8. ਰਿਸ਼ਟ-ਪੁਸ਼ਟ

ਤਿੱਕੜੀ

ਰੋਜ਼ਨਾਮਚਾ

ਦਰੁਸਤ

ਹਥੌੜਾ

ਬਜ਼ੁਰਗ

9. ਨਵਾਰ

ਡੱਬ-ਖੜੱਬਾ

ਚਿਮਟਾ

ਜੁਗਨੀ

ਤਨਕੀਦ

ਬਟਵਾਰਾ

10. ਖਲਵਾੜਾ

ਦਸਮ-ਗ੍ਰੰਥ

ਪਰਾਗ

ਨਿੰਦਕ

ਛਣਕਣਾ

ਬੰਜਰ

11. ਮਹਿਕਮਾ

ਪਰਸ਼ਾਦਾ

ਤਿਲੰਗ

ਬਚੂੰਗੜਾ

ਵਿਧਾਤਾ

ਪਛਤਾਵਾ

12. ਗੁੜ੍ਹਤੀ

ਕੰਙਣਾ

ਜੰਗਲ਼

ਕਿਰਿਆ

ਦਸਤਕਾਰ

ਨਕੇਲ

13. ਡੈਲੀਗੇਸ਼ਨ

ਤਾਨਪੁਰਾ

ਟਾਕਰਾ

ਛਿਆਨਵੇਂ

ਝੀਂਗਰ

ਤੰਦਰੁਸਤ

14. ਬੰਸਾਵਲੀ

ਖੜ੍ਹਵਾਂ

ਇਸ਼ਨਾਨ

ਉਦਰੇਵਾਂ

ਸੱਜਰਾ

ਅੰਦਰਖਾਤੇ

15. ਹੈਸੀਅਤ

ਕਿਓੜਾ

ਖੁੱਡ

ਹੀਲ-ਹੁੱਜਤ

ਸਾਂਝੀਵਾਲ

# 4. ਵਾਕ ਦੀਆਂ ਕਿਸਮਾਂ ਅਤੇ ਵਾਕ-ਵਟਾਂਦਰਾ

ਧੁਨੀ ਨੂੰ ਭਾਸ਼ਾ ਦੀ ਸਭ ਤੋਂ ਛੋਟੀ ਇਕਾਈ ਮੰਨਿਆ ਗਿਆ ਹੈ। ਧੁਨੀਆਂ ਦੇ ਮੇਲ਼ ਨਾਲ਼ ਸ਼ਬਦ ਬਣਦੇ ਹਨ ਅਤੇ ਸ਼ਬਦਾਂ ਦੀ ਵਿਸ਼ੇਸ਼ ਵਿਆਕਰਨਿਕ ਜੜਤ ਨਾਲ਼ ਵਾਕ ਬਣਦੇ ਹਨ। ਵਾਕਾਂਸ਼, ਉਪਵਾਕ ਅਤੇ ਵਾਕ ਅਜਿਹੀਆਂ ਵਿਆਕਰਨਿਕ ਇਕਾਈਆਂ ਹਨ ਜਿਹੜੀਆਂ ਇੱਕ-ਦੂਜੇ ਨਾਲ਼ ਅੰਤਰ-ਸੰਬੰਧਿਤ ਹਨ ਅਤੇ ਇਹਨਾਂ ਨੂੰ ਇੱਕ-ਦੂਜੇ ਦੇ ਸੰਦਰਭ ਵਿੱਚ ਹੀ ਸਮਝਿਆ ਜਾ ਸਕਦਾ ਹੈ। ਇਹ ਇਕਾਈਆਂ ਆਪਸ ਵਿੱਚ 'ਅੰਗ' ਅਤੇ 'ਸਮੁੱਚ' ਦੇ ਰਿਸ਼ਤੇ ਵਿੱਚ ਬੱਝੀਆਂ ਹੋਈਆਂ ਹਨ। ਇਸ ਵਿੱਚ ਭਾਸ਼ਾ ਦਾ ਵਿਆਕਰਨਿਕ ਨੇਮ-ਪ੍ਰਬੰਧ ਕਾਰਜਸ਼ੀਲ ਹੁੰਦਾ ਹੈ। ਇਸ ਤਰ੍ਹਾਂ ਵਾਕ ਇੱਕ ਕਾਰਜੀ ਇਕਾਈ ਹੈ। ਵਾਕ ਨੂੰ ਭਾਸ਼ਾ ਦੀ ਵਿਆਕਰਨਿਕ ਪੱਧਰ ਉੱਤੇ ਸਭ ਤੋਂ ਵੱਡੀ ਇਕਾਈ ਮੰਨਿਆ ਗਿਆ ਹੈ। ਵਿਆਕਰਨਿਕ ਪੱਧਰ ਉੱਤੇ ਇਸ ਤੋਂ ਵੱਡੀ ਇਕਾਈ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਅਸਲ ਵਿੱਚ ਵਾਕ-ਪੱਧਰ ਉੱਤੇ ਪਹੁੰਚ ਕੇ ਛੋਟੀਆਂ ਵਿਆਕਰਨਿਕ ਇਕਾਈਆਂ ਦੀ ਅੰਦਰੂਨੀ ਬਣਤਰ ਸੰਪੂਰਨ ਹੋ ਜਾਂਦੀ ਹੈ। ਇਸ ਪ੍ਰਕਾਰ ਉਹ ਸਾਰਥਕ 'ਸਮੁੱਚ' ਦਾ ਹਿੱਸਾ ਬਣ ਜਾਂਦੀਆਂ ਹਨ।

### ਵਾਕ ਵਿੱਚ ਵਾਕਾਂਸ਼ ਅਤੇ ਉਪਵਾਕ

**ਵਾਕਾਂਸ਼ :**

'ਵਾਕਾਂਸ਼' ਆਧੁਨਿਕ ਵਿਆਕਰਨ ਦੀ ਦੇਣ ਹੈ। ਇਸ ਨੂੰ ਵਾਕ ਦੀ ਇੱਕ ਕਾਰਜੀ ਇਕਾਈ ਵੀ ਕਿਹਾ ਜਾਂਦਾ ਹੈ। ਵਾਕਾਂਸ਼ ਦੀ ਸ਼ਾਬਦਿਕ ਬਣਤਰ ਵਾਕ + ਅੰਸ਼ ਭਾਵ ਵਾਕ ਦੇ ਹਿੱਸੇ ਤੋਂ ਲਿਆ ਜਾਂਦਾ ਹੈ। ਪੰਜਾਬੀ ਭਾਸ਼ਾ ਦੀ ਵਾਕ-ਬਣਤਰ ਵਿੱਚ ਵਾਕਾਂਸ਼ ਦਾ ਸਥਾਨ ਉਪਵਾਕ ਤੋਂ ਥੱਲੇ ਅਤੇ ਸ਼ਬਦਾਂ ਤੋਂ ਉੱਪਰ ਹੁੰਦਾ ਹੈ। ਇਹ ਇੱਕ-ਸ਼ਬਦੀ ਵੀ ਹੋ ਸਕਦਾ ਹੈ ਤੇ ਸ਼ਬਦਾਂ ਦਾ ਸਮੂਹ ਵੀ। ਇੱਥੇ ਸ਼ਬਦ ਅਤੇ ਵਾਕਾਂਸ਼ ਦੇ ਭੇਦ ਨੂੰ ਸਪਸ਼ਟ ਕਰਨਾ ਵੀ ਜ਼ਰੂਰੀ ਹੈ। ਸ਼ਬਦ ਇੱਕ ਅਰਥਗਤ ਸ਼੍ਰੇਣੀ ਹੈ ਪਰ ਵਾਕਾਂਸ਼ ਇੱਕ ਕਾਰਜੀ ਇਕਾਈ ਹੈ। ਆਧੁਨਿਕ ਵਿਆਕਰਨ ਦੀ ਇਹ ਧਾਰਨਾ ਹੈ ਕਿ ਜਦ ਅਸੀਂ ਕਿਸੇ ਨਾਲ਼ ਗੱਲ-ਬਾਤ ਕਰ ਰਹੇ ਹੁੰਦੇ ਹਾਂ ਤਾਂ ਸਾਡੇ ਮੂੰਹ ਵਿੱਚੋਂ ਉਚਾਰੇ ਜਾਂਦੇ ਸ਼ਬਦ ਵਾਕਾਂਸ਼ ਦਾ ਰੂਪ ਧਾਰਨ ਕਰ ਲੈਂਦੇ ਹਨ। ਵਾਕ-ਪੱਧਰ ਉੱਪਰ ਵਿਚਰਦਾ ਹਰ ਨਾਂਵ/ਪੜਨਾਂਵ ਤੇ ਕਿਰਿਆ-ਸ਼ਬਦ ਵਾਕਾਂਸ਼ ਦੀ ਭੂਮਿਕਾ ਨਿਭਾਉਂਦਾ ਹੈ।

**ਬੱਚਾ ਖੇਡ ਰਿਹਾ ਹੈ।**

ਇਸ ਵਾਕ ਵਿੱਚ 'ਬੱਚਾ' ਇੱਕ ਨਾਂਵ-ਸ਼ਬਦ ਹੈ। ਇੱਥੇ ਇਹ ਨਾਂਵ-ਵਾਕਾਂਸ਼ ਦੀ ਭੂਮਿਕਾ ਨਿਭਾ ਰਿਹਾ ਹੈ। ਇਸ ਵਾਕ ਦਾ ਦੂਸਰਾ ਹਿੱਸਾ 'ਖੇਡ ਰਿਹਾ ਹੈ' ਦੇ ਰੂਪ ਵਿੱਚ ਕਿਰਿਆ-ਵਾਕਾਂਸ਼ ਵਜੋਂ ਵਿਚਰ ਰਿਹਾ ਹੈ।

**ਮੇਰੀ ਸ਼੍ਰੇਣੀ ਦੇ ਸਾਰੇ ਵਿਦਿਆਰਥੀ ਖੇਡ ਰਹੇ ਹਨ।**

ਉਪਰੋਕਤ ਵਾਕ ਵਿੱਚ 'ਮੇਰੀ ਸ਼੍ਰੇਣੀ ਦੇ ਸਾਰੇ ਵਿਦਿਆਰਥੀ' ਸ਼ਬਦਾਂ ਦੇ ਸਮੂਹ ਦੇ ਤੌਰ 'ਤੇ ਨਾਂਵ-ਵਾਕਾਂਸ਼ ਵਜੋਂ ਕਾਰਜਸ਼ੀਲ ਹੈ।

ਭਾਵੇਂ ਪੰਜਾਬੀ ਭਾਸ਼ਾ ਵਿੱਚ ਅੱਠ ਸ਼ਬਦ-ਸ਼੍ਰੇਣੀਆਂ ਹਨ ਪਰ ਇਹਨਾਂ ਵਿੱਚੋਂ ਸਿਰਫ਼ ਚਾਰ (ਨਾਂਵ, ਵਿਸ਼ੇਸ਼ਣ, ਕਿਰਿਆ ਤੇ ਕਿਰਿਆ-ਵਿਸ਼ੇਸ਼ਣ) ਹੀ ਵਾਕਾਂਸ਼ ਦੀ ਭੂਮਿਕਾ ਨਿਭਾਉਂਦੀਆਂ ਹਨ।

**ਉਪਵਾਕ**

ਉਪਵਾਕ ਇੱਕ ਅਧੀਨ ਵਿਆਕਰਨਿਕ ਇਕਾਈ ਹੈ। ਵਾਕ ਦੇ ਪੱਧਰ ਨਾਲੋਂ ਉਪਵਾਕ ਦਾ ਸਥਾਨ ਵਾਕ ਤੋਂ ਥੱਲੇ ਅਤੇ ਵਾਕਾਂਸ਼ ਤੋਂ ਉੱਪਰ ਦਾ ਹੈ। ਇਸ ਨੂੰ ਵਾਕ ਦਾ ਰਚਨਾਤਮਿਕ ਅੰਗ ਵੀ ਕਿਹਾ ਜਾਂਦਾ ਹੈ। ਉਪਵਾਕ ਸਧਾਰਨ ਵਾਕ ਵਾਂਗ ਵਿਚਰਨ ਦੀ ਸਮਰੱਥਾ ਰੱਖਦਾ ਹੈ। ਜਦੋਂ ਦੋ ਸਧਾਰਨ ਵਾਕ ਮਿਲ਼ਦੇ ਹਨ ਤਾਂ ਇੱਕ ਨਵੇਂ ਵਾਕ ਦੀ ਸਿਰਜਣਾ ਹੁੰਦੀ ਹੈ। ਇਸ ਸਿਰਜਣਾ ਵਿੱਚ ਸਮਾਨ ਅਤੇ ਅਧੀਨ ਯੋਜਕਾਂ ਦੀ ਖ਼ਾਸ ਭੂਮਿਕਾ ਹੁੰਦੀ ਹੈ। ਬਣਤਰ ਦੇ ਆਧਾਰ 'ਤੇ ਉਪਵਾਕ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ :

(1) ਸੁਤੰਤਰ ਉਪਵਾਕ ਜਾਂ ਸ੍ਵਾਧੀਨ ਉਪਵਾਕ

(2) ਅਧੀਨ ਉਪਵਾਕ ਜਾਂ ਪਰਾਧੀਨ ਉਪਵਾਕ

ਸ੍ਵਾਧੀਨ/ਸੁਤੰਤਰ ਉਪਵਾਕ ਵਿੱਚ ਵਿਚਰਨ ਵਾਲ਼ਾ ਕਿਰਿਆ-ਵਾਕਾਂਸ਼ ਕਾਲਕੀ ਹੁੰਦਾ ਹੈ ਜਦੋਂ ਕਿ ਅਧੀਨ/ਪਰਾਧੀਨ ਉਪਵਾਕਾਂ ਦੀ ਸਿਰਜਣਾ ਅਕਾਲਕੀ ਕਿਰਿਆ-ਵਾਕਾਂਸ਼ ਦੁਆਰਾ ਵੀ ਹੋ ਸਕਦੀ ਹੈ। ਸੁਤੰਤਰ/ਸ੍ਵਾਧੀਨ ਉਪਵਾਕ ਇਕੱਲੇ ਤੌਰ 'ਤੇ ਵਿਚਰਨ ਦੀ ਸਮਰੱਥਾ ਰੱਖਦਾ ਹੈ ਪਰ ਅਧੀਨ / ਪਰਾਧੀਨ ਉਪਵਾਕ ਇਕੱਲੇ ਤੌਰ 'ਤੇ ਨਹੀਂ ਵਿਚਰ ਸਕਦਾ। ਪੰਜਾਬੀ ਭਾਸ਼ਾ ਦੇ ਅਧੀਨ/ਪਰਾਧੀਨ ਉਪਵਾਕਾਂ ਦੀ ਪਛਾਣ ਇਹਨਾਂ ਵਾਕਾਂ ਦੇ ਸ਼ੁਰੂ ਵਿੱਚ ਵਿਚਰਨ ਵਾਲ਼ੇ ਅਧੀਨ ਯੋਜਕਾਂ ਰਾਹੀਂ ਕੀਤੀ ਜਾਂਦੀ ਹੈ। ਅਧੀਨ ਉਪਵਾਕਾਂ ਦਾ ਅਰੰਭ ਕਿ, ਜੋ, ਜਦੋਂ, ਜੇ, ਜਿਵੇਂ, ਜਿਹੜੇ, ਜਿਨ੍ਹਾਂ ਆਦਿ ਅਧੀਨ ਯੋਜਕਾਂ ਨਾਲ਼ ਹੁੰਦਾ ਹੈ।

ਵਾਕਾਂਸ਼ ਅਤੇ ਉਪਵਾਕ ਦੋਵੇਂ ਵਾਕ ਦਾ ਅੰਗ ਹਨ, ਦੋਵੇਂ ਵਾਕ ਦੇ ਕਾਰਜੀ ਤੱਤ ਹਨ ਪਰ ਫਿਰ ਵੀ ਦੋਹਾਂ ਵਿੱਚ ਥੋੜ੍ਹਾ ਅੰਤਰ ਹੈ। ਅੰਤਰ ਇਹ ਹੈ ਕਿ ਉਪਵਾਕ ਵਿੱਚ ਉਦੇਸ਼ ਅਤੇ ਵਿਧੇਅ ਦੋਵੇਂ ਹੁੰਦੇ ਹਨ ਜਦ ਕਿ ਵਾਕਾਂਸ਼ ਵਿੱਚ ਦੋਹਾਂ ਵਿੱਚੋਂ ਇੱਕ ਹੋ ਸਕਦਾ ਹੈ।

**ਵਾਕ ਦੀਆਂ ਕਿਸਮਾਂ :**

ਵਾਕਾਂ ਦੀ ਸ਼੍ਰੇਣੀ-ਵੰਡ ਵਾਕਾਂ ਦੀ ਬਣਤਰ ਅਤੇ ਕਾਰਜ ਦੇ ਆਧਾਰ 'ਤੇ ਕੀਤੀ ਜਾਂਦੀ ਹੈ :—

(ੳ) **ਬਣਤਰ ਦੇ ਆਧਾਰ 'ਤੇ ਵੰਡ :** ਵਾਕਾਂ ਦੀ ਬਣਤਰ ਦੇ ਆਧਾਰ 'ਤੇ ਇਹਨਾਂ ਨੂੰ ਤਿੰਨ ਕਿਸਮਾਂ ਵਿੱਚ ਵੰਡਿਆ ਜਾਂਦਾ ਹੈ :

1. ਸਧਾਰਨ ਵਾਕ
2. ਸੰਜੁਗਤ ਵਾਕ
3. ਮਿਸ਼ਰਿਤ ਵਾਕ


**(ਅ) ਕਾਰਜ ਦੇ ਆਧਾਰ 'ਤੇ ਵੰਡ :** ਕਾਰਜ ਦੇ ਆਧਾਰ 'ਤੇ ਪੰਜਾਬੀ ਭਾਸ਼ਾ ਦੇ ਵਾਕਾਂ ਦੀਆਂ ਹੇਠ ਲਿਖੀਆਂ ਕਿਸਮਾਂ ਮੰਨੀਆਂ ਜਾਂਦੀਆਂ ਹਨ :

1. ਹਾਂ-ਵਾਚਕ
2. ਨਾਂਹ-ਵਾਚਕ
3. ਪ੍ਰਸ਼ਨ-ਵਾਚਕ

4. ਵਿਸਮੈ-ਵਾਚਕ

5. ਆਗਿਆ/ਹੁਕਮ-ਵਾਚਕ

6. ਇੱਛਾ-ਵਾਚਕ




**ਬਣਤਰ ਦੇ ਆਧਾਰ 'ਤੇ ਵਾਕ ਦੀਆਂ ਕਿਸਮਾਂ**

**1. ਸਧਾਰਨ ਵਾਕ** : ਜਿਹੜਾ ਵਾਕ ਵੱਖ-ਵੱਖ ਉਪਵਾਕਾਂ ਵਿੱਚ ਨਾ ਵੰਡਿਆ ਜਾ ਸਕੇ ਅਤੇ ਜਿਸ ਵਿੱਚ ਇੱਕ ਉਦੇਸ਼ ਅਤੇ ਇੱਕ ਵਿਧੇਅ ਹੋਵੇ, ਉਸ ਨੂੰ ਇਕਹਿਰਾ/ਇੱਕ ਕਿਰਿਆ/ਸਧਾਰਨ ਵਾਕ ਕਹਿੰਦੇ ਹਨ। ਨਾਂਵ-ਵਾਕਾਂਸ਼ ਅਤੇ ਕਿਰਿਆ- ਵਾਕਾਂਸ਼ ਸਧਾਰਨ ਵਾਕ ਦੇ ਲਾਜ਼ਮੀ ਤੱਤ ਹਨ। ਇਸ ਤੋਂ ਇਲਾਵਾ ਹੋਰ ਵਾਕਾਂਸ਼ ਜੁੜ ਕੇ ਸਧਾਰਨ ਵਾਕ ਦਾ ਵਿਸਤਾਰ ਕਰਦੇ ਹਨ।

1. ਰਜਿੰਦਰ ਪੜ੍ਹ ਰਹੀ ਹੈ।

2. ਰਜਿੰਦਰ ਕਿਤਾਬ ਪੜ੍ਹ ਰਹੀ ਹੈ।

ਉਪਰੋਕਤ ਵਾਕ ਸਧਾਰਨ ਵਾਕ ਵਜੋਂ ਵਿਚਰ ਰਹੇ ਹਨ। ਪਹਿਲੇ ਵਾਕ ਵਿੱਚ ਸਿਰਫ਼ ਨਾਂਵ-ਵਾਕਾਂਸ਼ ਅਤੇ ਕਿਰਿਆ-ਵਾਕਾਂਸ਼ ਵਿਚਰ ਰਹੇ ਹਨ ਪਰ ਦੂਸਰੇ ਵਾਕ ਵਿੱਚ ਦੋ ਨਾਂਵ-ਵਾਕਾਂਸ਼ ਵਿਚਰ ਰਹੇ ਹਨ। ਪਹਿਲੇ ਵਾਕ ਦਾ ਕਰਤਾ ਨਾਂਵ-ਵਾਕਾਂਸ਼ ਵਜੋਂ ਤੇ ਦੂਸਰਾ ਕਰਮ-ਨਾਂਵ-ਵਾਕਾਂਸ਼ ਦੀ ਭੂਮਿਕਾ ਨਿਭਾ ਰਿਹਾ ਹੈ।

**2. ਸੰਜੁਗਤ ਵਾਕ** : ਸੰਜੁਗਤ ਵਾਕਾਂ ਦੀ ਬਣਤਰ ਸਾਂਵੀਂ ਹੁੰਦੀ ਹੈ। ਇੱਥੇ ਸਾਂਵੀਂ ਦਾ ਭਾਵ ਹੈ, ਹਰ ਪੱਖੋਂ ਬਰਾਬਰਤਾ ਦਾ ਭਾਵ ਰੱਖਣ ਵਾਲ਼ੇ ਵਾਕ। ਇਹਨਾਂ ਦੀ ਬਣਤਰ ਵਿੱਚ ਦੋ ਜਾਂ ਦੋ ਤੋਂ ਵੱਧ ਸੁਤੰਤਰ ਉਪਵਾਕ ਵਿਚਰਦੇ ਹਨ। ਵਿਆਕਰਨ ਦੀ ਦ੍ਰਿਸ਼ਟੀ ਤੋਂ ਇਹ ਸੁਤੰਤਰ ਤੌਰ ਉੱਤੇ ਵਿਚਰਨ ਦੀ ਸਮਰੱਥਾ ਰੱਖਦੇ ਹਨ। ਸੰਜੁਗਤ ਵਾਕਾਂ ਵਿਚਲੇ ਦੋ ਜਾਂ ਦੋ ਤੋਂ ਵੱਧ ਸੁਤੰਤਰ, ਸਧਾਰਨ ਜਾਂ ਸਮਾਨ ਉਪਵਾਕਾਂ ਨੂੰ ਕਾਮੇ (,), ਤੇ, ਅਤੇ, ਪਰ, ਜਾਂ, ਚਾਹੇ, ਫਿਰ ਵੀ, ਪਰੰਤੂ, ਸਗੋਂ ਆਦਿ ਸਮਾਨ-ਯੋਜਕਾਂ ਨਾਲ਼ ਜੋੜਿਆ ਜਾਂਦਾ ਹੈ। ਉਦਾਹਰਨ ਲਈ ਹੇਠ ਲਿਖੇ ਵਾਕਾਂ ਨੂੰ ਦੇਖਿਆ ਜਾ ਸਕਦਾ ਹੈ :

1. ਰਾਹ ਪਿਆ ਜਾਣੀਏ ਜਾਂ ਵਾਹ ਪਿਆ ਜਾਣੀਏ।

2. ਖ਼ੁਸ਼ਬੂ ਕਵਿਤਾ ਬੋਲਦੀ ਰਹੀ ਅਤੇ ਮੈਂ ਲਿਖਦੀ ਰਹੀ।

3. ਜਿਊਂਦੀ ਮੱਛੀ ਵਹਿਣ ਦੇ ਵਿਰੁੱਧ ਚੱਲਦੀ ਹੈ ਪਰ ਮਰੀ ਹੋਈ ਵਹਿਣ ਦੇ ਨਾਲ਼ ਚੱਲਦੀ ਹੈ।

ਉਪਰੋਕਤ ਸੰਜੁਗਤ ਵਾਕ ਜਾਂ, ਅਤੇ, ਪਰ ਆਦਿ ਸਮਾਨ-ਯੋਜਕਾਂ ਨਾਲ਼ ਬਣੇ ਹਨ। ਇਹਨਾਂ ਸੰਜੁਗਤ ਵਾਕਾਂ ਵਿਚਲੇ ਉਪਵਾਕਾਂ ਨੂੰ ਜੇਕਰ ਇੱਕ-ਦੂਸਰੇ ਤੋਂ ਵੱਖ ਵੀ ਕਰ ਦੇਈਏ ਤਾਂ ਵੀ ਇਹ ਸੁਤੰਤਰ ਰੂਪ ਵਿੱਚ ਵਿਚਰ ਸਕਣ ਦੀ ਸਮਰੱਥਾ ਰੱਖਦੇ ਹਨ ਕਿਉਂਕਿ ਇਹ ਉਪਵਾਕ ਇੱਕ-ਦੂਸਰੇ ਉੱਪਰ ਨਿਰਭਰ ਨਹੀਂ ਹਨ।

3. **ਮਿਸ਼ਰਿਤ ਵਾਕ**—ਮਿਸ਼ਰਿਤ ਵਾਕਾਂ ਦੀ ਬਣਤਰ ਅਸਾਂਵੀਂ ਮੰਨੀ ਜਾਂਦੀ ਹੈ ਭਾਵ ਇਸ ਵਿਚਲੇ ਉਪਵਾਕ ਬਰਾਬਰਤਾ ਦੇ ਪੱਧਰ ਉੱਤੇ ਨਹੀਂ ਵਿਚਰ ਸਕਦੇ। ਮਿਸ਼ਰਿਤ ਵਾਕ ਦੀ ਬਣਤਰ ਵਿੱਚ ਇੱਕ ਮੁੱਖ ਉਪਵਾਕ ਤੇ ਇੱਕ ਜਾਂ ਇੱਕ ਤੋਂ ਵੱਧ ਅਧੀਨ ਉਪਵਾਕ ਕਾਰਜਸ਼ੀਲ ਹੁੰਦੇ ਹਨ। ਮੁੱਖ ਉਪਵਾਕ ਸੁਤੰਤਰ ਤੌਰ 'ਤੇ ਵਿਚਰਨ ਦੀ ਸਮਰੱਥਾ ਰੱਖਦਾ ਹੈ ਪਰ ਅਧੀਨ ਉਪਵਾਕ ਸੁਤੰਤਰ ਤੌਰ 'ਤੇ ਨਹੀਂ ਵਿਚਰ ਸਕਦੇ। ਇਹ ਤਾਂ ਕਿਸੇ ਮੁੱਖ ਉਪਵਾਕ ਨਾਲ਼ ਆ ਕੇ ਹੀ ਸਾਰਥਕਤਾ ਗ੍ਰਹਿਣ ਕਰਦੇ ਹਨ। ਪੰਜਾਬੀ ਭਾਸ਼ਾ ਵਿੱਚ ਅਧੀਨ ਉਪਵਾਕ ਯੋਜਕਾਂ; ਕਿਉਂਕਿ, ਜੋ, ਜਿਹੜਾ, ਜਿਸ, ਜਿਵੇਂ, ਜਦੋਂ, ਜਿਸ ਤਰ੍ਹਾਂ, ਜੇ, ਕਿ ਆਦਿ ਨਾਲ਼ ਸ਼ੁਰੂ ਹੁੰਦੇ ਹਨ। ਇਹ ਸਾਰੇ ਅਧੀਨ ਯੋਜਕਾਂ ਦੀ ਸ਼੍ਰੇਣੀ ਵਿੱਚ ਸ਼ਾਮਲ ਹਨ। ਉਦਾਹਰਨ ਲਈ ਹੇਠ ਲਿਖੇ ਵਾਕਾਂ ਨੂੰ ਦੇਖਿਆ ਜਾ ਸਕਦਾ ਹੈ :

1. **ਉਸ ਨੇ ਕਿਹਾ** ਕਿ ਅੱਜ ਤੋਂ ਸਾਡੇ ਸਕੂਲ ਵਿੱਚ ਵਿਗਿਆਨ-ਮੇਲਾ ਸ਼ੁਰੂ ਹੋ ਗਿਆ ਹੈ।

2. **ਕੁਝ ਵਿਦਿਆਰਥੀ ਅਜਿਹੇ ਵੀ ਹੁੰਦੇ ਹਨ** ਜਿਹੜੇ ਆਪਣੇ ਅਧਿਆਪਕਾਂ ਦਾ ਨਾਂ ਰੁਸ਼ਨਾ ਦਿੰਦੇ ਹਨ।

ਇਹਨਾਂ ਵਾਕਾਂ ਵਿੱਚ ਗੂੜ੍ਹੇ ਛਪੇ ਉਪਵਾਕ ਮੁੱਖ ਉਪਵਾਕ ਹਨ ਤੇ ਹਲਕੇ ਛਪੇ ਅਧੀਨ ਉਪਵਾਕ ਹਨ। ਅਜਿਹੇ ਉਪਵਾਕ ਪੂਰਾ ਅਰਥ ਪ੍ਰਗਟ ਕਰਨ ਲਈ ਇੱਕ-ਦੂਜੇ ਉੱਪਰ ਨਿਰਭਰ ਕਰਦੇ ਹਨ। ਫਿਰ ਵੀ ਧਿਆਨ ਨਾਲ਼ ਦੇਖਿਆਂ ਪਤਾ ਲੱਗਦਾ ਹੈ ਕਿ ਇਹਨਾਂ ਵਿੱਚੋਂ ਕੋਈ ਇੱਕ ਉਪਵਾਕ ਦੂਜੇ ਉਪਵਾਕ ਨਾਲ਼ੋਂ ਕੁਝ ਵਧੇਰੇ ਸੁਤੰਤਰ ਹੈ।

**ਕਾਰਜ ਦੇ ਆਧਾਰ 'ਤੇ ਵਾਕਾਂ ਦੀਆਂ ਕਿਸਮਾਂ**

**1. ਬਿਆਨੀਆ ਵਾਕ :**

ਬਿਆਨੀਆ ਵਾਕਾਂ ਵਿੱਚ ਕਿਸੇ ਤੱਥ ਜਾਂ ਸਚਾਈ ਨੂੰ ਬਿਆਨ ਕੀਤਾ ਜਾਂਦਾ ਹੈ ਜਾਂ ਕਿਸੇ ਘਟਨਾ ਜਾਂ ਵਸਤੂ ਆਦਿ ਬਾਰੇ ਜਾਣਕਾਰੀ ਦਿੱਤੀ ਗਈ ਹੁੰਦੀ ਹੈ। ਵਿਆਕਰਨਿਕ ਬਣਤਰ ਦੇ ਪੱਖ ਤੋਂ ਇਹ ਵਾਕ ਸਧਾਰਨ, ਸੰਜੁਗਤ ਤੇ ਮਿਸ਼ਰਿਤ ਹੋ ਸਕਦੇ ਹਨ। ਇਹਨਾਂ ਵਾਕਾਂ ਦੇ ਅੱਗੋਂ ਦੋ ਰੂਪ ਮਿਲ਼ਦੇ ਹਨ :

(ੳ) **ਹਾਂ-ਵਾਚਕ ਵਾਕ** : ਜਿਸ ਵਾਕ ਵਿੱਚ ਕਿਰਿਆ ਹਾਂ-ਵਾਚਕ ਹੋਵੇ ਉਸ ਨੂੰ ਹਾਂ-ਵਾਚਕ ਵਾਕ ਆਖਦੇ ਹਨ, ਜਿਵੇਂ:-

(i) ਅਸੀਂ ਆਪਣੇ ਦੇਸ ਨੂੰ ਪਿਆਰ ਕਰਦੇ ਹਾਂ।

(ii) ਮਿਹਨਤੀ ਲੋਕ ਸਦਾ ਸੁੱਖ ਪਾਉਂਦੇ ਹਨ।

(iii) ਮੈਂ ਸਕੂਲ ਦਾ ਕੰਮ ਮੁਕਾ ਲਿਆ ਹੈ।

(iv) ਮੇਰੇ ਦਾਦੀ ਜੀ ਅਨਪੜ੍ਹ ਹਨ।

**(ਅ) ਨਾਂਹ-ਵਾਚਕ ਵਾਕ :** ਜਿਨ੍ਹਾਂ ਵਾਕਾਂ ਵਿੱਚ/ਨਾ, ਨਹੀਂ/ਨਾਂਹ-ਵਾਚਕ ਤੱਤ ਦੀ ਵਰਤੋਂ ਹੁੰਦੀ ਹੈ, ਉਹਨਾਂ ਨੂੰ ਨਾਂਹ-ਵਾਚਕ ਵਾਕ ਕਹਿੰਦੇ ਹਨ, ਜਿਵੇਂ:-

(i) ਬੱਚਿਓ ! ਫੁੱਲ ਨਾ ਤੋੜੋ।

(ii) ਮਿਹਨਤੀ ਲੋਕ ਕਦੇ ਵੀ ਦੁਖੀ ਨਹੀਂ ਹੁੰਦੇ।

(iii) ਏਨੀ ਸਰਦੀ ਵਿੱਚ ਨੰਗੇ ਪੈਰ ਨਾ ਤੁਰੋ।

(iv) ਮੇਰੇ ਦਾਦੀ ਜੀ ਪੜ੍ਹੇ-ਲਿਖੇ ਨਹੀਂ ਹਨ।

**ਪ੍ਰਸ਼ਨ-ਵਾਚਕ ਵਾਕ :** ਜਿਨ੍ਹਾਂ ਵਾਕਾਂ ਵਿੱਚ ਕੋਈ ਸਵਾਲ ਜਾਂ ਪ੍ਰਸ਼ਨ ਪੁੱਛਿਆ ਜਾਂਦਾ ਹੈ ਅਤੇ ਵਾਕ ਦੇ ਅੰਤ ਵਿੱਚ ਪ੍ਰਸ਼ਨ-ਸੂਚਕ ਚਿੰਨ੍ਹ ( ? ) ਲਾਇਆ ਜਾਂਦਾ ਹੈ, ਉਹਨਾਂ ਨੂੰ ਪ੍ਰਸ਼ਨ-ਵਾਚਕ ਵਾਕ ਆਖਦੇ ਹਨ। ਅਜਿਹੇ ਵਾਕਾਂ ਵਿੱਚ ਆਮ ਤੌਰ 'ਤੇ 'ਕੀ', 'ਕਿਉਂ', 'ਕਿੱਧਰ', ਕਿੱਥੇ, ਕਿਹੜਾ 'ਕਿਵੇਂ', 'ਕਿਸ ਤਰ੍ਹਾਂ' ਆਦਿ ਸ਼ਬਦਾਂ ਦੀ ਵਰਤੋਂ ਹੁੰਦੀ ਹੈ, ਜਿਵੇਂ :-

(i) ਉਹ ਕਿੱਥੇ ਜਾ ਰਹੇ ਹਨ ?

(ii) ਭਾਰਤ ਕਦੋਂ ਅਜ਼ਾਦ ਹੋਇਆ ?

(iii) ਤੁਹਾਡੀ ਸ਼੍ਰੇਣੀ ਵਿੱਚ ਕਿੰਨੇ ਬੱਚੇ ਪੜ੍ਹਦੇ ਹਨ ?

(iv) ਉਸ ਦੀ ਸਿਹਤ ਹੁਣ ਕਿਸ ਤਰ੍ਹਾਂ ਹੈ ?

(v) ਤੇਰੇ ਭਰਾ ਦਾ ਨਾਂ ਕੀ ਹੈ ?

**ਵਿਸਮੇ-ਵਾਚਕ ਵਾਕ :** ਜਿਸ ਵਾਕ ਵਿੱਚ ਮਨ ਦੀ ਖ਼ੁਸ਼ੀ, ਗ਼ਮੀ, ਹੈਰਾਨੀ ਜਾਂ ਵਿਸਮੇ ਦਾ ਭਾਵ ਪ੍ਰਗਟ ਹੋਵੇ, ਉਸ ਨੂੰ ਵਿਸਮੇ-ਵਾਚਕ ਵਾਕ ਕਿਹਾ ਜਾਂਦਾ ਹੈ। ਅਜਿਹੇ ਵਾਕਾਂ ਦੇ ਅੰਤ ਵਿੱਚ ਵਿਸਮਿਕ-ਚਿੰਨ੍ਹ ਦੀ ਵਰਤੋਂ ਹੁੰਦੀ ਹੈ, ਜਿਵੇਂ :-

(i) ਵਾਹ ! ਕਿੰਨਾ ਸੁੰਦਰ ਫੁੱਲ ਹੈ !

(ii) ਬੱਲੇ ! ਉਹਨੇ ਕਿੰਨੀ ਉੱਚੀ ਛਾਲ਼ ਮਾਰੀ !

(iii) ਹਾਏ ! ਮੈਂ ਕੀ ਕਰਾਂ !

ਇੱਥੇ ਇਹ ਗੱਲ ਧਿਆਨਯੋਗ ਹੈ ਕਿ ਜੇ ਵਿਸਮੈ ਦਾ ਭਾਵ ਇੱਕ ਸ਼ਬਦ ਵਿੱਚ ਪ੍ਰਗਟ ਹੋਵੇ ਤਦ ਵਿਸਮਕ-ਚਿੰਨ੍ਹ ਉਸ ਸ਼ਬਦ ਤੋਂ ਪਿੱਛੋਂ ਆਉਂਦਾ ਹੈ ਪਰ ਜੇ ਇਹ ਭਾਵ ਸਾਰੇ ਵਾਕ ਵਿੱਚ ਪ੍ਰਗਟ ਹੋਵੇ ਤਾਂ ਵਿਸਮਕ-ਚਿੰਨ੍ਹ ਸਾਰੇ ਵਾਕ ਤੋਂ ਪਿੱਛੋਂ ਆਉਂਦਾ ਹੈ।

**ਆਗਿਆਵਾਚਕ ਵਾਕ :** ਇਹ ਵਾਕ ਆਗਿਆ ਜਾਂ ਹੁਕਮ ਦਿੱਤੇ ਜਾਣ ਦੇ ਭਾਵ ਨੂੰ ਉਜਾਗਰ ਕਰਦੇ ਹਨ। ਇਹਨਾਂ ਵਾਕਾਂ ਵਿੱਚ ਆਮ ਤੌਰ 'ਤੇ ਕਰਤਾ ਦੀ ਅਣਹੋਂਦ ਹੁੰਦੀ ਹੈ। ਕਈ ਵਾਰ ਇਹਨਾਂ ਵਾਕਾਂ ਵਿੱਚ ਆਦਰਵਾਚੀ ਤੱਤ/ਕਿਰਪਾ/ਜੀ/ਆਦਿ ਦੀ ਵਰਤੋਂ ਵੀ ਹੁੰਦੀ ਹੈ, ਜਿਵੇਂ:-

(i) ਆਓ, ਸਕੂਲ ਦਾ ਕੰਮ ਕਰੀਏ।

(ii) ਚਾਹ ਲਿਆਓ।

(iii) ਕਿਰਪਾ ਕਰਕੇ ਚੁੱਪ ਕਰ ਜਾਓ।

(iv) ਆਓ ਜੀ, ਚੱਲੀਏ।

**ਇੱਛਾਵਾਚਕ ਵਾਕ :** ਇਹਨਾਂ ਵਾਕਾਂ ਵਿੱਚ ਕਿਸੇ ਲਈ ਸ਼ੁੱਭ-ਇੱਛਾਵਾਂ ਜਾਂ ਅਸੀਸ ਆਦਿ ਦੇ ਭਾਵਾਂ ਨੂੰ ਪ੍ਰਗਟ ਕੀਤਾ ਗਿਆ ਹੁੰਦਾ ਹੈ, ਜਿਵੇਂ :-

(i) ਤੇਰੀ ਦੇਹ ਨਿਰੋਈ ਰਹੇ।

(ii) ਤੂੰ ਸਦਾ ਸੁਖੀ ਰਹੇਂ।

(iii) ਤੈਨੂੰ ਤੱਤੀ 'ਵਾ ਨਾ ਲੱਗੇ।

## ਵਾਕ-ਵਟਾਂਦਰਾ

**ਵਾਕ-ਵਟਾਂਦਰਾ**—ਇੱਕ ਪ੍ਰਕਾਰ ਦੇ ਵਾਕ ਨੂੰ ਉਸ ਦੇ ਅਰਥ ਬਦਲੇ ਬਿਨਾਂ ਦੂਜੀ ਪ੍ਰਕਾਰ ਦੇ ਵਾਕ ਵਿੱਚ ਬਦਲਣਾ ਹੀ ਵਾਕ-ਵਟਾਂਦਰਾ ਅਖਵਾਉਂਦਾ ਹੈ।

**ਵਾਕ-ਵਟਾਂਦਰੇ ਦੀਆਂ ਕੁਝ ਉਦਾਹਰਨਾਂ :**

1. **ਸਧਾਰਨ ਵਾਕ ਤੋਂ ਸੰਜੁਗਤ ਵਾਕ ਵਿੱਚ ਬਦਲਣਾ**, ਜਿਵੇਂ :-

   **ਸਧਾਰਨ ਵਾਕ :** ਅੱਗੇ ਵਧ ਕੇ ਵੈਰੀ ਦੇ ਦੰਦ ਖੱਟੇ ਕਰੋ।

   **ਸੰਜੁਗਤ ਵਾਕ :** ਅੱਗੇ ਵਧੋ ਅਤੇ ਵੈਰੀ ਦੇ ਦੰਦ ਖੱਟੇ ਕਰੋ।

2. **ਸੰਜੁਗਤ ਵਾਕ ਤੋਂ ਸਧਾਰਨ ਵਾਕ ਵਿੱਚ ਬਦਲਣਾ** ਜਿਵੇਂ :-

   **ਸੰਜੁਗਤ ਵਾਕ :** ਸੂਰਜ ਨਿਕਲ਼ਿਆ ਅਤੇ ਅਸੀਂ ਆਪੋ-ਆਪਣੇ ਕੰਮਾਂ ਵਿੱਚ ਰੁੱਝ ਗਏ।

   **ਸਧਾਰਨ ਵਾਕ :** ਸੂਰਜ ਨਿਕਲ਼ਦੇ ਸਾਰ ਅਸੀਂ ਆਪੋ-ਆਪਣੇ ਕੰਮਾਂ ਵਿੱਚ ਰੁੱਝ ਗਏ।

3. **ਸਧਾਰਨ ਵਾਕ ਤੋਂ ਮਿਸ਼ਰਿਤ ਵਾਕ ਵਿੱਚ ਬਦਲਣਾ**; ਜਿਵੇਂ :-

   **ਸਧਾਰਨ ਵਾਕ :** ਸਮਝਦਾਰ ਬੱਚੇ ਮਾਪਿਆਂ ਦਾ ਕਿਹਾ ਮੰਨਦੇ ਹਨ।

   **ਮਿਸ਼ਰਿਤ ਵਾਕ :** ਜਿਹੜੇ ਬੱਚੇ ਸਮਝਦਾਰ ਹੁੰਦੇ ਹਨ, ਉਹ ਮਾਪਿਆਂ ਦਾ ਕਿਹਾ ਮੰਨਦੇ ਹਨ।

4. **ਮਿਸ਼ਰਿਤ ਵਾਕ ਤੋਂ ਸਧਾਰਨ ਵਾਕ ਵਿੱਚ ਬਦਲਣਾ** ਜਿਵੇਂ :-

   **ਮਿਸ਼ਰਿਤ ਵਾਕ :** ਜਦ ਬਿਪਤਾ ਪਏ ਤਦ ਧੀਰਜ ਰੱਖੋ।

   **ਸਧਾਰਨ ਵਾਕ :** ਬਿਪਤਾ ਸਮੇਂ ਧੀਰਜ ਰੱਖੋ।

5. **ਸੰਜੁਗਤ ਵਾਕ ਤੋਂ ਮਿਸ਼ਰਿਤ ਵਾਕ ਵਿੱਚ ਬਦਲਣਾ**, ਜਿਵੇਂ :-

   **ਸੰਜੁਗਤ ਵਾਕ :** ਬਜ਼ੁਰਗਾਂ ਦੀ ਸੇਵਾ ਕਰੋ ਅਤੇ ਉਹਨਾਂ ਦੀਆਂ ਅਸੀਸਾਂ ਲਓ।

**ਮਿਸ਼ਰਿਤ ਵਾਕ :** ਜੇ ਤੁਸੀਂ ਬਜ਼ੁਰਗਾਂ ਦੀ ਸੇਵਾ ਕਰੋਗੇ ਤਾਂ ਉਹ ਤੁਹਾਨੂੰ ਅ ਸ ੀ ਸ ਾਂ ਦੇਣਗੇ।

6. **ਮਿਸ਼ਰਿਤ ਵਾਕ ਤੋਂ ਸੰਜੁਗਤ ਵਾਕ ਵਿੱਚ ਬਦਲਣਾ**, ਜਿਵੇਂ :-

**ਮਿਸ਼ਰਿਤ ਵਾਕ :** ਭਾਵੇਂ ਤੁਸੀਂ ਦੌਲਤਮੰਦ ਹੋ ਤਾਂ ਵੀ ਤੁਸੀਂ ਸੁਖੀ ਨਹੀਂ ਹੋ।

**ਸੰਜੁਗਤ ਵਾਕ :** ਤੁਸੀਂ ਦੌਲਤਮੰਦ ਹੋ ਪਰ ਸੁਖੀ ਨਹੀਂ।

7. **ਹਾਂ-ਵਾਚਕ ਵਾਕ ਨੂੰ ਨਾਂਹ-ਵਾਚਕ ਵਾਕ ਵਿੱਚ ਬਦਲਣਾ**, ਜਿਵੇਂ :-

**ਹਾਂ-ਵਾਚਕ ਵਾਕ :** ਮਿਹਨਤ ਸਫ਼ਲ ਹੋਈ।

**ਨਾਂਹ-ਵਾਚਕ ਵਾਕ :** ਮਿਹਨਤ ਵਿਅਰਥ ਨਹੀਂ ਗਈ।

8. **ਨਾਂਹ-ਵਾਚਕ ਵਾਕ ਨੂੰ ਹਾਂ-ਵਾਚਕ ਵਾਕ ਵਿੱਚ ਬਦਲਣਾ**; ਜਿਵੇਂ :-

**ਨਾਂਹ-ਵਾਚਕ ਵਾਕ :** ਉਹ ਕਦੇ ਝੂਠ ਨਹੀਂ ਬੋਲਦਾ।

**ਹਾਂ-ਵਾਚਕ ਵਾਕ :** ਉਹ ਹਮੇਸ਼ਾਂ ਸੱਚ ਬੋਲਦਾ ਹੈ।

9. **ਪ੍ਰਸ਼ਨ-ਵਾਚਕ ਵਾਕ ਨੂੰ ਸਧਾਰਨ ਵਾਕ ਵਿੱਚ ਬਦਲਣਾ**, ਜਿਵੇਂ :-

**ਪ੍ਰਸ਼ਨ-ਵਾਚਕ ਵਾਕ :** ਤੁਹਾਡਾ ਨਾਂ ਕੀ ਹੈ ?

**ਸਧਾਰਨ ਵਾਕ :** ਤੁਸੀਂ ਆਪਣਾ ਨਾਂ ਦੱਸੋ।

10. **ਸਧਾਰਨ ਵਾਕ ਨੂੰ ਪ੍ਰਸ਼ਨ-ਵਾਚਕ-ਵਾਕ ਵਿੱਚ ਬਦਲਣਾ**, ਜਿਵੇਂ :

**ਸਧਾਰਨ ਵਾਕ :** ਤੁਹਾਡੀ ਸਿਆਣਪ ਨੂੰ ਸਭ ਜਾਣਦੇ ਹਨ।

**ਪ੍ਰਸ਼ਨ-ਵਾਚਕ ਵਾਕ :** ਤੁਹਾਡੀ ਸਿਆਣਪ ਨੂੰ ਕੌਣ ਨਹੀਂ ਜਾਣਦਾ ?

11. **ਸਧਾਰਨ ਵਾਕ ਤੋਂ ਵਿਸਮੈ-ਵਾਚਕ ਵਾਕ ਬਣਾਉਣਾ**, ਜਿਵੇਂ :-

**ਸਧਾਰਨ ਵਾਕ :** ਫੁੱਲ ਬਹੁਤ ਸੁੰਦਰ ਹੈ।

**ਵਿਸਮੈ-ਵਾਚਕ ਵਾਕ :** ਕਿੰਨਾ ਸੁੰਦਰ ਫੁੱਲ ਹੈ !

12. **ਵਿਸਮੈ-ਵਾਚਕ ਵਾਕ ਤੋਂ ਸਧਾਰਨ-ਵਾਕ ਬਣਾਉਣਾ**; ਜਿਵੇਂ :-

**ਵਿਸਮੈ-ਵਾਚਕ ਵਾਕ :** ਕਾਸ਼ ! ਮੈਂ ਡਾਕਟਰ ਹੁੰਦਾ।

**ਸਧਾਰਨ ਵਾਕ :** ਮੇਰੀ ਇੱਛਾ ਹੈ ਕਿ ਮੈਂ ਡਾਕਟਰ ਹੁੰਦਾ।

## ਕਰਤਰੀ ਵਾਚ ਅਤੇ ਕਰਮਣੀ ਵਾਚ

ਕਰਤਰੀ ਵਾਚ ਤੇ ਕਰਮਣੀ ਵਾਚ ਵਾਕ ਦਾ ਵਟਾਂਦਰਾ ਕਰਨ ਵੇਲੇ ਵਾਕ ਦੇ ਕਰਮ ਨੂੰ ਕਰਤਾ ਦੀ ਥਾਂ ਲਿਆਂਦਾ ਜਾਂਦਾ ਹੈ ਅਤੇ ਕਿਰਿਆ ਨੂੰ ਵੀ ਉਸ ਦੇ ਅਨੁਸਾਰ ਬਦਲ ਦਿੱਤਾ ਜਾਂਦਾ ਹੈ। ਵਾਕ ਦੇ ਕਰਤਾ ਨੂੰ ਆਮ ਤੌਰ 'ਤੇ ਕਰਮ ਦੀ ਥਾਂ ਰੱਖ ਦਿੱਤਾ ਜਾਂਦਾ ਹੈ। ਕਰਤਰੀ ਵਾਚ ਅਤੇ ਕਰਮਣੀ ਵਾਚ ਵਾਕਾਂ ਦੀਆਂ ਕੁਝ ਉਦਾਹਰਨਾਂ :

**ਕਰਤਰੀ ਵਾਚ** : ਮੈਂ ਰੋਟੀ ਖਾ ਰਿਹਾ ਹਾਂ।

**ਕਰਮਣੀ ਵਾਚ** : ਰੋਟੀ ਮੈਥੋਂ ਖਾਧੀ ਜਾ ਰਹੀ ਹੈ।

**ਕਰਤਰੀ ਵਾਚ** : ਖਾਣਾ ਪਰੋਸ ਦਿਓ।

**ਕਰਮਣੀ ਵਾਚ** : ਖਾਣਾ ਪਰੋਸ ਦਿੱਤਾ ਜਾਵੇ।

**ਕਰਤਰੀ ਵਾਚ** : ਮਾਲੀ ਨੇ ਬੂਟਿਆਂ ਨੂੰ ਪਾਣੀ ਦਿੱਤਾ।

**ਕਰਮਣੀ ਵਾਚ** : ਬੂਟਿਆਂ ਨੂੰ ਮਾਲੀ ਦੁਆਰਾ ਪਾਣੀ ਦਿੱਤਾ ਗਿਆ।

## ਪਾਠ-ਅਭਿਆਸ

ਪ੍ਰਸ਼ਨ 1.

**(ੳ) ਹੇਠ ਲਿਖੇ ਸਧਾਰਨ ਵਾਕਾਂ ਤੋਂ ਸੰਜੁਗਤ ਵਾਕ ਬਣਾਓ :**

(i) ਉਹ ਸੁੰਦਰ ਅਤੇ ਸੁਚੱਜੀ ਹੈ।

(ii) ਅਭਿਜੀਤ ਦਫ਼ਤਰ ਜਾ ਕੇ ਕੰਮ ਵਿੱਚ ਮਸਤ ਹੋ ਜਾਂਦਾ ਹੈ।

(iii) ਸੁਰਿੰਦਰ, ਮੋਹਨ ਤੋਂ ਗੇਂਦ ਖੋਹ ਕੇ ਭੱਜ ਗਿਆ।

**(ਅ) ਹੇਠ ਲਿਖੇ ਸਧਾਰਨ ਵਾਕਾਂ ਤੋਂ ਮਿਸ਼ਰਿਤ ਵਾਕ ਬਣਾਓ :**

(i) ਉਹ ਬਿਮਾਰ ਹੋਣ ਕਰਕੇ ਅੱਜ ਸਕੂਲ ਨਹੀਂ ਆਇਆ।

(ii) ਵੰਦਨਾ ਆਪਣੇ ਪਹਿਲੇ ਦਰਜੇ 'ਤੇ ਆਉਣ ਬਾਰੇ ਪਹਿਲਾਂ ਹੀ ਜਾਣਦੀ ਸੀ।

(iii) ਮਿਹਨਤ ਕਰਨ ਵਾਲ਼ੇ ਵਿਦਿਆਰਥੀਆਂ ਨੂੰ ਹਮੇਸ਼ਾਂ ਸਫਲਤਾ ਮਿਲ਼ਦੀ ਹੈ।

**(ੲ) ਹੇਠ ਲਿਖੇ ਸੰਜੁਗਤ ਵਾਕਾਂ ਤੋਂ ਸਧਾਰਨ ਵਾਕ ਬਣਾਓ :**

(i) ਮੇਰੇ ਕੋਲ਼ ਇੱਕ ਪੈੱਨਸਿਲ ਅਤੇ ਦੋ ਪੈੱਨ ਹਨ।

(ii) ਦਵਾਈ ਖਾਓ ਅਤੇ ਤੰਦਰੁਸਤ ਹੋ ਜਾਓ।

(iii) ਉਹ ਝਗੜਾਲੂ ਹੈ ਤੇ ਤੁਹਾਨੂੰ ਉਸ ਨਾਲ਼ ਵਪਾਰਿਕ ਭਾਈਵਾਲ਼ੀ ਨਹੀਂ ਕਰਨੀ ਚਾਹੀਦੀ।

**(ਸ) ਹੇਠ ਲਿਖੇ ਮਿਸ਼ਰਿਤ ਵਾਕਾਂ ਤੋਂ ਸੰਜੁਗਤ ਵਾਕ ਬਣਾਓ :**

(i) ਜਦੋਂ ਮੈਂ ਸਕੂਲ ਪਹੁੰਚਿਆ ਤਾਂ ਘੰਟੀ ਵੱਜ ਗਈ।

(ii) ਉਹ ਅੱਜ ਦਫ਼ਤਰ ਨਹੀਂ ਆਇਆ ਕਿਉਂਕਿ ਉਸ ਦੀ ਧੀ ਦਾ ਵਿਆਹ ਹੈ।

(iii) ਉਸ ਦੀਆਂ ਸਹੇਲੀਆਂ ਭਾਵੇਂ ਮੂਰਖ ਹਨ ਪਰ ਉਹ ਸਿਆਣੀ ਹੈ।

ਪ੍ਰਸ਼ਨ 2. **ਹੇਠ ਲਿਖੇ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਵਾਕ- ਵਟਾਂਦਰਾ ਕਰੋ :**

(1) ਮਿਹਨਤੀ ਆਦਮੀ ਹਮੇਸ਼ਾਂ ਸਫਲਤਾ ਪ੍ਰਾਪਤ ਕਰਦਾ ਹੈ। (ਮਿਸ਼ਰਿਤ ਵਾਕ)

(2) ਜੇਕਰ ਪਰਹੇਜ਼ ਨਹੀਂ ਰੱਖੋਗੇ ਤਾਂ ਸਿਹਤ ਖ਼ਰਾਬ ਹੋ ਜਾਵੇਗੀ। (ਹਾਂ-ਵਾਚਕ ਵਾਕ)

(3) ਆਹਾ ! ਮੇਰੀ ਨੌਕਰੀ ਲੱਗ ਗਈ ਹੈ।

(ਸਧਾਰਨ ਵਾਕ)

(4) ਭਲੇ ਲੋਕ ਸਭ ਦਾ ਭਲਾ ਸੋਚਦੇ ਹਨ।

(ਨਾਂਹ-ਵਾਚਕ ਵਾਕ)

(5) ਉਹ ਅਮੀਰ ਹੈ ਪਰ ਬਹੁਤ ਕੰਜੂਸ ਹੈ।

(ਸਧਾਰਨ ਵਾਕ)

(6) ਸਿਰਫ਼ ਮਾਂ ਹੀ ਬੱਚੇ ਨੂੰ ਪਾਲ਼ ਸਕਦੀ ਹੈ।

(ਨਾਂਹ-ਵਾਚਕ ਵਾਕ)

(7) ਮੇਰੀ ਇੱਛਾ ਹੈ ਕਿ ਮੈਂ ਅਮੀਰ ਹੋਵਾਂ।

(ਵਿਸਮੈ-ਵਾਚਕ ਵਾਕ)

(8) ਕਿਸੇ ਨਾਲ਼ ਕੌੜਾ ਨਾ ਬੋਲੋ।

(ਹਾਂ-ਵਾਚਕ ਵਾਕ)

(9) ਮੇਰੀ ਸਹਾਇਤਾ ਕਰਨ ਵਾਲ਼ੀ ਲੜਕੀ ਅਹੁ ਜਾ ਰਹੀ ਹੈ।

(ਮਿਸ਼ਰਿਤ ਵਾਕ)

(10) ਉਹ ਨਸ਼ਿਆਂ ਵਿੱਚ ਪੈ ਕੇ ਕੰਗਾਲ ਹੋ ਗਿਆ।

(ਸੰਜੁਗਤ ਵਾਕ)

(11) ਮੈਂ ਚਾਹੁੰਦਾ ਹਾਂ ਕਿ ਵਿਆਕਰਨ ਦੀ ਪੁਸਤਕ ਛੇਤੀ ਛਪੇ।

(ਸਧਾਰਨ ਵਾਕ)

(12) ਅੱਜ-ਕੱਲ੍ਹ ਕੌਣ ਕਿਸੇ ਦੇ ਆਖੇ ਲੱਗਦਾ ਹੈ ?

(ਸਧਾਰਨ ਵਾਕ)

(13) ਕੋਈ ਸੋਹਣਾ ਜਿਹਾ ਗੀਤ ਸੁਣਾਓ।

(ਪ੍ਰਸ਼ਨ-ਵਾਚਕ ਵਾਕ)

(14) ਬੱਚੇ ਸਭ ਨੂੰ ਪਿਆਰੇ ਲੱਗਦੇ ਹਨ।

(ਪ੍ਰਸ਼ਨ-ਵਾਚਕ ਵਾਕ)

(15) ਬਿਮਾਰ ਹੋਣ ਕਾਰਨ ਉਹ ਤੁਹਾਡਾ ਕੰਮ ਨਹੀਂ ਕਰ ਸਕਦਾ।

(ਮਿਸ਼ਰਿਤ ਵਾਕ)

(16) ਉਹ ਵਾਪਸ ਨਹੀਂ ਪਰਤੇਗਾ।

(ਕਰਮਣੀ ਵਾਚਕ ਵਾਕ)

(17) ਕਾਰ ਰਾਜੂ ਦੁਆਰਾ ਚਲਾਈ ਗਈ।

(ਕਰਤਰੀ ਵਾਚਕ ਵਾਕ)

(18) ਬਲਜੀਤ ਨੇ ਚਾਹ ਪੀਤੀ।

(ਕਰਮਣੀ ਵਾਚਕ ਵਾਕ)

(19) ਸਿਆਣੇ ਬੱਚੇ ਕਦੀ ਵੀ ਵੱਡਿਆਂ ਦਾ ਨਿਰਾਦਰ ਨਹੀਂ ਕਰਦੇ।

(ਹਾਂ-ਵਾਚਕ ਵਾਕ)

*******

# 5. ਅਖਾਉਤਾਂ

ਅਖਾਉਤਾਂ ਜਾਂ ਅਖਾਣਾਂ ਨੂੰ ਕਹਾਵਤਾਂ ਵੀ ਕਿਹਾ ਜਾਂਦਾ ਹੈ। ਕਿਸੇ ਭਾਸ਼ਾ ਦੀਆਂ ਅਖਾਉਤਾਂ ਕਈ ਪੱਖਾਂ ਤੋਂ ਮਹੱਤਵਪੂਰਨ ਹੁੰਦੀਆਂ ਹਨ। ਇਹ ਉਸ ਭਾਸ਼ਾ ਦੀ ਸ਼ਕਤੀ ਹੁੰਦੀਆਂ ਹਨ। ਇਹਨਾਂ ਵਿੱਚ ਉਸ ਭਾਸ਼ਾ ਨੂੰ ਬੋਲਣ ਵਾਲ਼ਿਆਂ ਦੀਆਂ ਅਣਗਿਣਤ ਪੀੜ੍ਹੀਆਂ ਦਾ ਅਨੁਭਵ ਸਮਾਇਆ ਹੁੰਦਾ ਹੈ। ਅਖਾਉਤਾਂ ਲੋਕ-ਸੂਝ ਦਾ ਭੰਡਾਰ ਹੁੰਦੀਆਂ ਹਨ। ਇਹਨਾਂ ਤੋਂ ਅਸੀਂ ਅਨੁਮਾਨ ਲਾ ਸਕਦੇ ਹਾਂ ਕਿ ਸਾਡੇ ਪੁਰਖੇ ਆਪਣੇ ਆਰਥਿਕ, ਸਮਾਜਿਕ ਤੇ ਧਾਰਮਿਕ ਜੀਵਨ ਵਿੱਚੋਂ ਕਿਵੇਂ ਗੁਜ਼ਰੇ ਅਤੇ ਆਪਣੇ ਜੀਵਨ-ਅਨੁਭਵ ਤੋਂ ਜੀਵਨ ਅਤੇ ਜਗਤ ਦੇ ਭਿੰਨ-ਭਿੰਨ ਪਹਿਲੂਆਂ ਬਾਰੇ ਕਿਹੋ-ਜਿਹੀ ਦ੍ਰਿਸ਼ਟੀ ਗ੍ਰਹਿਣ ਕੀਤੀ। ਇਸ ਤਰ੍ਹਾਂ ਕਿਸੇ ਭਾਸ਼ਾ ਦੀਆਂ ਅਖਾਉਤਾਂ ਉਸ ਭਾਸ਼ਾ ਨੂੰ ਬੋਲਦੇ ਲੋਕਾਂ ਦਾ ਭਾਸ਼ਾਈ ਅਤੇ ਸੱਭਿਆਚਾਰਿਕ ਵਿਰਸਾ ਹੁੰਦੀਆਂ ਹਨ। ਇਹ ਬੀਤੇ ਦੇ ਸਮਾਜਿਕ, ਧਾਰਮਿਕ ਅਤੇ ਆਰਥਿਕ ਜੀਵਨ ਦਾ ਸ਼ੀਸ਼ਾ ਵੀ ਹੁੰਦੀਆਂ ਹਨ।

ਅਖਾਉਤਾਂ ਕਿਸੇ ਭਾਸ਼ਾ ਨੂੰ ਬੋਲਣ ਵਾਲ਼ੇ ਮਨੁੱਖਾਂ ਦੀ ਆਮ ਬੋਲ-ਚਾਲ ਦਾ ਹਿੱਸਾ ਹੁੰਦੀਆਂ ਹਨ। ਬੋਲਣ ਵਾਲ਼ਾ ਆਪਣੀ ਗੱਲ ਦੀ ਪੁਸ਼ਟੀ ਅਤੇ ਪ੍ਰਮਾਣਿਕਤਾ ਲਈ ਕਿਸੇ ਅਖਾਉਤ ਨੂੰ ਵਰਤਦਾ ਹੈ ਅਤੇ ਇਸ ਤਰ੍ਹਾਂ ਆਪਣੀ ਗੱਲ ਨੂੰ ਸਿੱਕੇਬੰਦ ਬਣਾਉਣ ਦਾ ਜਤਨ ਕਰਦਾ ਹੈ। ਭਾਵ ਇਹੋ ਹੁੰਦਾ ਹੈ ਕਿ ਜੋ ਗੱਲ ਆਖੀ ਜਾ ਰਹੀ ਹੈ, ਸਾਥੋਂ ਪੂਰਵਲੇ ਅਣਗਿਣਤ ਲੋਕਾਂ ਦਾ ਜੀਵਨ-ਅਨੁਭਵ ਵੀ ਇਸ ਦੀ ਪ੍ਰੋੜ੍ਹਤਾ ਕਰਦਾ ਹੈ। ਆਮ ਤੌਰ 'ਤੇ ਮਨੁੱਖੀ ਅਨੁਭਵ ਦੀ ਕਸਵੱਟੀ 'ਤੇ ਪੂਰੇ ਉੱਤਰੇ ਜੀਵਨ-ਸੱਚ, ਮਨੁੱਖੀ ਵਿਹਾਰ, ਕੁਦਰਤ ਦੇ ਵਰਤਾਰੇ ਅਤੇ ਕੰਮਾਂ-ਕਿੱਤਿਆਂ ਦੀਆਂ ਵਿਧੀਆਂ ਬਾਰੇ ਨਿਰਨੇ, ਆਪਸੀ ਰਿਸ਼ਤਿਆਂ ਦੇ ਸੂਤਰ ਅਖਾਉਤਾਂ ਵਿੱਚ ਸਮਾਏ ਹੋਏ ਹੁੰਦੇ ਹਨ। ਵਿਸ਼ਵਾਸਾਂ, ਵਹਿਮਾਂ, ਭਰਮਾਂ ਤੇ ਮਨੌਤਾਂ ਪਿੱਛੇ ਕੰਮ ਕਰਦੀ ਮਾਨਸਿਕਤਾ ਦੀਆਂ ਝਲਕਾਂ, ਜੁਗੋ-ਜੁਗ ਵਿਕਸਿਤ ਹੋਇਆ ਚੱਜ-ਅਚਾਰ, ਲੋਕ-ਸਮਝ ਭਾਵ ਉਸ ਖਿੱਤੇ ਦੀ ਸੰਸਕ੍ਰਿਤੀ ਦੇ ਦਰਸ਼ਨ ਇਹਨਾਂ ਅਖਾਉਤਾਂ ਵਿੱਚੋਂ ਹੁੰਦੇ ਹਨ।

ਪ੍ਰਗਟਾਅ ਦੇ ਪੱਖੋਂ ਅਖਾਉਤਾਂ ਵਿੱਚ ਕਾਵਿਕ ਅੰਸ਼, ਨਾਟਕੀ ਅੰਸ਼, ਕਥਾ-ਅੰਸ਼, ਆਦਿ ਕਈ ਸਾਹਿਤਿਕ ਗੁਣਾਂ ਦਾ ਸੁਮੇਲ ਹੁੰਦਾ ਹੈ। ਕੁੱਜੇ ਵਿੱਚ ਸਮੁੰਦਰ ਬੰਦ ਕਰਨ ਦੀ ਕਲਾ ਅਖਾਉਤਾਂ ਦੇ ਕਣ-ਕਣ ਵਿੱਚ ਰਚੀ ਹੁੰਦੀ ਹੈ। ਲੈਅ, ਸੰਜਮ, ਸੰਖੇਪਤਾ ਆਦਿ ਗੁਣਾਂ ਸਦਕਾ ਅਖਾਉਤਾਂ ਗੁੰਦਵੀਂ ਸ਼ੈਲੀ ਦਾ ਸਿਖਰ ਹੁੰਦੀਆਂ ਹਨ। ਇਹਨਾਂ ਵਿੱਚ ਕਿਤੇ-ਕਿਤੇ ਵਿਅੰਗ ਤੇ ਚਟਖਾਰਾ ਵੀ ਹੁੰਦਾ ਹੈ।

ਅਖਾਉਤਾਂ, ਪੀੜ੍ਹੀ ਦਰ ਪੀੜ੍ਹੀ, ਅਣਗਿਣਤ ਬੋਲਣ ਵਾਲ਼ਿਆਂ ਦੇ ਵਰਤਦੇ ਰਹਿਣ ਕਾਰਨ ਅਜਿਹੀ ਖ਼ੂਬੀ ਨੂੰ ਗ੍ਰਹਿਣ ਕਰਦੀਆਂ ਹਨ ਜਿਸ ਸਦਕਾ ਇਹ ਸੁਣਨ ਵਾਲ਼ਿਆਂ ਦੇ ਮਨਾਂ ਉੱਤੇ ਡੂੰਘੀ ਛਾਪ ਛੱਡ ਦਿੰਦੀਆਂ ਹਨ। ਇਹ ਕਿਹਾ ਜਾ ਸਕਦਾ ਹੈ ਕਿ ਕਿਸੇ ਅਖਾਉਤ ਨੂੰ ਵਰਤਣ ਵਾਲ਼ਾ ਆਪਣੇ ਅਨੁਭਵ ਨੂੰ ਲੋਕ-ਅਨੁਭਵ ਦੀ ਲੜੀ ਨਾਲ਼ ਜੋੜ ਲੈਂਦਾ ਹੈ ਅਤੇ ਉਸ ਅਨੁਭਵ ਦੀ ਸਾਰੀ ਸਮਰੱਥਾ ਉਸ ਵਿਅਕਤੀ ਦੇ ਬੋਲਾਂ ਵਿੱਚ ਪ੍ਰਗਟ ਹੋ ਜਾਂਦੀ ਹੈ।

ਬਾਰ੍ਹਵੀਂ ਸ਼੍ਰੇਣੀ ਦੀ ਪੰਜਾਬੀ (ਲਾਜ਼ਮੀ) ਵਿਸ਼ੇ ਦੀ ਪੜ੍ਹਾਈ ਵਿੱਚ ਅਖਾਉਤਾਂ ਨੂੰ ਸ਼ਾਮਲ ਕਰਨ ਦੇ ਕਈ ਉਦੇਸ਼ ਹਨ। ਇੱਕ ਤਾਂ ਇਹ ਕਿ ਵਿਦਿਆਰਥੀ ਨੂੰ ਪੰਜਾਬੀ ਭਾਸ਼ਾ ਦੇ ਇਸ ਅਮੀਰ ਖ਼ਜ਼ਾਨੇ ਦਾ ਕੁਝ ਪਤਾ ਲੱਗ ਸਕੇ। ਦੂਜਾ ਉਹ ਆਪਣੀ ਗੱਲ-ਬਾਤ ਜਾਂ ਲਿਖਤ ਵਿੱਚ ਜਾਨ ਭਰਨ ਲਈ ਇਹਨਾਂ ਦੀ ਲੁੜੀਂਦੀ ਵਰਤੋਂ ਕਰ ਸਕੇ। ਤੀਜਾ ਇਹਨਾਂ ਅਖਾਉਤਾਂ ਵਿੱਚ ਪ੍ਰਗਟ ਹੋਏ ਪੂਰਵਜਾਂ ਦੇ ਜੀਵਨ-ਅਨੁਭਵ

ਤੋਂ ਜਾਣੂ ਹੋਣ ਨਾਲ਼ ਉਸ ਦੀ ਜੀਵਨ-ਸੋਝੀ ਵਿੱਚ ਵਾਧਾ ਹੋ ਸਕੇ। ਉਂਞ ਕਈ ਹੋਰ ਆਸ਼ਿਆਂ ਨਾਲ਼ ਕੀਤੇ ਜਾਂਦੇ ਅਧਿਐਨ ਲਈ ਸਮਗਰੀ ਵਜੋਂ ਵੀ ਅਖਾਉਤਾਂ ਨੂੰ ਪੜ੍ਹਿਆ ਜਾਂਦਾ ਹੈ। ਉਦਾਹਰਨ ਵਜੋਂ ਪੰਜਾਬੀ ਸੱਭਿਆਚਾਰ ਦੇ ਅਧਿਐਨ ਲਈ ਅਖਾਉਤਾਂ ਅਮੁੱਲ ਸਮਗਰੀ ਸਾਬਤ ਹੁੰਦੀਆਂ ਹਨ।

ਕਿਸੇ ਅਖਾਉਤ ਦਾ ਜਨਮ ਇੱਕ ਗੁੰਝਲ਼ਦਾਰ ਪ੍ਰਕਿਰਿਆ ਹੈ। ਦਰਿਆ ਦੇ ਵਹਿਣ ਵਿੱਚੋਂ, ਜਿਵੇਂ ਰਿੜ੍ਹ-ਰਿੜ੍ਹ, ਘਸ-ਘਸ ਕੇ ਪੱਥਰ ਏਨੇ ਮੁਲਾਇਮ ਤੇ ਪਿਆਰੀਆਂ ਸ਼ਕਲਾਂ ਦੇ ਪੱਥਰ-ਗੀਟੇ ਬਣ ਜਾਂਦੇ ਹਨ, ਤਿਵੇਂ ਅਖਾਉਤਾਂ ਵੀ ਆਪਣਾ ਸਰੂਪ ਅਖ਼ਤਿਆਰ ਕਰਦੀਆਂ ਹਨ। ਹਰ ਅਖਾਉਤ ਦਾ ਮੂਲ ਕਰਤਾ ਜ਼ਰੂਰ ਕੋਈ ਸਾਹਿਤਿਕ-ਸੁਭਾਅ ਦਾ ਵਿਅਕਤੀ ਹੋਣਾ ਹੈ ਪਰ ਉਸ ਦਾ ਕਥਨ ਲੰਮੇ ਸਮੇਂ ਤੱਕ ਲੋਕ-ਪ੍ਰਵਾਨਗੀ ਲੈਣ ਪਿੱਛੋਂ ਹੀ ਅਖਾਉਤ ਅਖਵਾਉਣ ਜੋਗਾ ਹੁੰਦਾ ਹੈ। ਲੋਕ-ਗੀਤ ਵਾਂਗ ਅਖਾਉਤ ਦਾ ਮੂਲ ਰਚਨਹਾਰ ਗੁਮਨਾਮ ਰਹਿ ਜਾਂਦਾ ਹੈ। ਇਸ ਤਰ੍ਹਾਂ ਅਖਾਉਤਾਂ ਲੋਕ ਸਿਰਜਣ ਕਲਾ ਦਾ ਸੁੰਦਰ ਪ੍ਰਗਟਾਵਾ ਹਨ।

ਕਿਸੇ ਸਾਹਿਤਕਾਰ ਦੀ ਮਹਾਨਤਾ ਦਾ ਇੱਕ ਪੈਮਾਨਾ ਇਹ ਹੁੰਦਾ ਹੈ ਕਿ ਉਸ ਦੀ ਟਾਂਵੀਂ-ਟਾਂਵੀਂ ਤੁਕ ਜਾਂ ਵਾਕ ਅਖਾਉਤ ਬਣਨ ਦਾ ਦਰਜਾ ਹਾਸਲ ਕਰ ਲੈਂਦੀ ਹੈ। ਅਖਾਉਤਾਂ ਦੀ ਵਡਿਆਈ ਦਾ ਇਸ ਤੋਂ ਵੱਡਾ ਪ੍ਰਮਾਣ ਕੀ ਹੋ ਸਕਦਾ ਹੈ? ਪੰਜਾਬੀ ਦੇ ਸਿਰਮੌਰ ਸਾਹਿਤਕਾਰਾਂ ਦੀਆਂ ਕਈ ਸਤਰਾਂ ਅਖਾਉਤਾਂ ਬਣ ਗਈਆਂ ਹਨ।

ਭਾਵੇਂ ਸਾਰੀਆਂ ਅਖਾਉਤਾਂ ਸਾਹਿਤਕਾਰਾਂ ਦੀਆਂ ਕਿਰਤਾਂ ਨਹੀਂ ਹੁੰਦੀਆਂ। ਪਰ ਇਹ ਦੁਹਰਾਉਣਯੋਗ ਸੱਚ ਹੈ ਕਿ ਕਿਸੇ ਅਖਾਉਤ ਦੇ ਮੂਲ ਰਚਨਹਾਰੇ ਦੇ ਹਿਰਦੇ ਵਿੱਚ ਸਾਹਿਤਿਕ ਕਣੀ ਜ਼ਰੂਰ ਹੁੰਦੀ ਹੋਵੇਗੀ ਜਿਸ ਸਦਕਾ ਉਸ ਦਾ ਕਥਨ ਕਿਸੇ ਖ਼ਿੱਤੇ ਜਾਂ ਜਾਤੀ ਦੇ ਲੋਕਾਂ ਦੀ ਸਹਿਜ ਪ੍ਰਵਾਨਗੀ ਹਾਸਲ ਕਰਦਾ ਗਿਆ।

ਇੱਕ ਤੋਂ ਦੂਜੀ ਭਾਸ਼ਾ ਦੇ ਪਰਸਪਰ ਸੰਪਰਕ ਨਾਲ਼ ਵੀ ਕਈ ਅਖਾਉਤਾਂ ਦਾ ਆਦਾਨ-ਪ੍ਰਦਾਨ ਹੁੰਦਾ ਹੈ ਪਰ ਇਸ ਭਾਂਤ ਦੀਆਂ ਅਖਾਉਤਾਂ ਉਹੀ ਹੁੰਦੀਆਂ ਹਨ ਜਿਨ੍ਹਾਂ ਵਿੱਚ ਮਨੁੱਖ ਦੇ ਸਾਂਝੇ ਅਨੁਭਵਾਂ ਦਾ ਪ੍ਰਗਟਾਵਾ ਹੁੰਦਾ ਹੈ।

ਇਸ ਪਾਠ-ਪੁਸਤਕ ਵਿੱਚ ਸ਼ਾਮਲ ਅਖਾਉਤਾਂ ਬਾਰੇ ਦੋ-ਤਿੰਨ ਗੱਲਾਂ ਕਹਿਣੀਆਂ ਜ਼ਰੂਰੀ ਹਨ। ਪਹਿਲੀ ਇਹ ਕਿ ਇਹਨਾਂ ਅਖਾਉਤਾਂ ਨੂੰ ਚੁਣਨ ਵੇਲ਼ੇ ਧਿਆਨ ਰੱਖਿਆ ਗਿਆ ਹੈ ਕਿ ਇਹ ਪੂਰਵਲੀਆਂ ਸ਼੍ਰੇਣੀਆਂ ਵਿੱਚ ਪੜ੍ਹੀਆਂ ਜਾਂ ਪੜ੍ਹਾਈਆਂ ਅਖਾਉਤਾਂ ਨਾਲ਼ੋਂ ਭਿੰਨ ਹੋਣ। ਦੂਜਾ, ਕੇਵਲ ਉਹ ਅਖਾਉਤਾਂ ਹੀ ਚੁਣੀਆਂ ਜਾਣ ਜਿਨ੍ਹਾਂ ਵਿੱਚ ਪ੍ਰਗਟ ਜੀਵਨ-ਅਨੁਭਵ ਵਿਦਿਆਰਥੀ ਦੇ ਸਿੱਖਣਯੋਗ ਹੋਵੇ ਭਾਵ ਅਜੋਕੀਆਂ ਜੀਵਨ-ਸਥਿਤੀਆਂ ਉੱਤੇ ਢੁਕਣਯੋਗ ਹੋਵੇ ਅਤੇ ਜਿਨ੍ਹਾਂ ਦੀ ਪ੍ਰਗਟਾਅ-ਸ਼ਕਤੀ ਸਿਖਰ ਦੀ ਹੋਵੇ।

ਇਹਨਾਂ ਅਖਾਉਤਾਂ ਨੂੰ ਵਰਤ ਕੇ ਦੱਸਿਆ ਗਿਆ ਹੈ। ਭਾਵੇਂ ਇਹ ਵਿਦਿਆਰਥੀ ਦੇ ਹੱਕ ਦੀ ਗੱਲ ਹੈ ਕਿ ਉਹ ਇਹਨਾਂ ਅਖਾਉਤਾਂ ਨੂੰ ਵੱਖਰੀਆਂ ਸਥਿਤੀਆਂ ਦੇ ਕੇ ਆਪ ਵੀ ਵਰਤੇ। ਅਖਾਉਤ ਦੀ ਸ਼ਕਤੀ ਇਸ ਦੀ ਸਹੀ ਵਰਤੋਂ ਕਰਨ 'ਤੇ ਹੀ ਪ੍ਰਕਾਸ਼ ਵਿੱਚ ਆਉਂਦੀ ਹੈ ਇਸ ਲਈ ਹਰੇਕ ਅਖਾਉਤ ਲਈ ਢੁਕਵੀਂ ਤੋਂ ਢੁਕਵੀਂ ਸਥਿਤੀ ਲੱਭਣੀ ਚਾਹੀਦੀ ਹੈ।

## ਅਖਾਉਤਾਂ

1. **ਉੱਠੇ ਤਾਂ ਉੱਠ ਨਹੀਂ ਰੇਤੇ ਦੀ ਮੁੱਠ :** "ਮਨਵੀਰ, ਤੂੰ ਦੁਪਹਿਰ ਤੱਕ ਸੁੱਤਾ ਹੀ ਨਾ ਰਿਹਾ ਕਰ, ਜਦੋਂ ਤੱਕ ਨੌਕਰੀ ਨਹੀਂ ਮਿਲ਼ਦੀ ਉਦੋਂ ਤੱਕ ਤੂੰ ਆਪਣੇ ਬਾਪੂ ਜੀ ਦਾ ਖੇਤੀ-ਬਾੜੀ ਦੇ ਕੰਮ ਵਿੱਚ ਹੱਥ ਵਟਾਇਆ ਕਰ। ਵਿਹਲ ਅਤੇ ਆਲ਼ਸ ਤਾਂ ਬੰਦੇ ਨੂੰ ਨਿਕੰਮਾ ਕਰ ਦਿੰਦੀਆਂ ਹਨ। ਸਿਆਣਿਆਂ ਨੇ ਠੀਕ ਹੀ ਕਿਹਾ ਹੈ—"**ਉੱਠੇ ਤਾਂ ਉੱਠ ਨਹੀਂ ਤਾਂ ਰੇਤੇ ਦੀ ਮੁੱਠ,**" ਮਨਵੀਰ ਦੇ ਮਾਤਾ ਜੀ ਨੇ ਉਸ ਨੂੰ ਸਮਝਾਉਂਦਿਆ ਕਿਹਾ।

2. **ਅਸ਼ਰਫ਼ੀਆਂ ਦੀ ਲੁੱਟ ਤੇ ਕੋਲਿਆਂ 'ਤੇ ਮੋਹਰਾਂ :** ਸ਼ਰਨਜੀਤ ਨਕਲੀ ਗਹਿਣਿਆਂ ਨੂੰ ਡੱਬਿਆਂ ਵਿੱਚ ਸਾਂਭ-ਸਾਂਭ ਰੱਖਦੀ ਹੈ। ਇੱਕ ਦਿਨ ਉਹ ਆਪਣੀ ਸੋਨੇ ਦੀ ਅੰਗੂਠੀ ਗ਼ੁਸਲਖ਼ਾਨੇ ਵਿੱਚ ਰੱਖ ਕੇ ਭੁੱਲ ਗਈ। ਇਹ ਵੇਖ ਕੇ ਉਸ ਦੀ ਮਾਂ ਨੇ ਕਿਹਾ, "ਨਕਲੀ ਗਹਿਣੇ ਤਾਂ ਬੜੇ ਸਾਂਭ ਕੇ ਰੱਖਦੀ ਏਂ, ਸੋਨੇ ਦੀ ਅੰਗੂਠੀ ਇੱਥੇ ਰੱਖੀ ਪਈ ਹੈ। ਤੇਰਾ ਤਾਂ ਉਹ ਹਾਲ ਹੈ, **ਅਖੇ—ਅਸ਼ਰਫ਼ੀਆਂ ਦੀ ਲੁੱਟ ਤੇ ਕੋਲਿਆਂ 'ਤੇ ਮੋਹਰਾਂ।**

3. **ਅੱਗੇ ਸੱਪ ਤੇ ਪਿੱਛੇ ਸ਼ੀਂਹ :** ਅਜੀਤ ਸਿੰਘ ਆਪਣੀ ਜ਼ਮੀਨ ਗਹਿਣੇ ਰੱਖ ਕੇ ਵਿਦੇਸ਼ ਗਿਆ। ਉੱਥੇ ਪਹੁੰਚ ਕੇ ਪਤਾ ਲੱਗਿਆ ਕਿ ਏਜੰਟ ਨੇ ਉਸ ਨਾਲ਼ ਧੋਖਾ ਕੀਤਾ ਹੈ ਅਤੇ ਗ਼ੈਰਕਨੂੰਨੀ ਢੰਗ ਨਾਲ਼ ਵਿਦੇਸ਼ ਭੇਜਿਆ ਹੈ। ਉਹ ਨਾ ਵਿਦੇਸ਼ ਵਿੱਚ ਰਹਿ ਕੇ ਅਜ਼ਾਦੀ ਨਾਲ਼ ਕੋਈ ਕੰਮ ਕਰ ਸਕਦਾ ਸੀ ਅਤੇ ਨਾ ਹੀ ਦੇਸ ਵਾਪਸ ਆ ਸਕਦਾ ਸੀ। ਉਸ ਦੀ ਤਾਂ **ਅੱਗੇ ਸੱਪ ਤੇ ਪਿੱਛੇ ਸ਼ੀਂਹ** ਵਾਲ਼ੀ ਹਾਲਤ ਸੀ।

4. **ਆਦਰ ਤੇਰੀ ਚਾਦਰ ਨੂੰ ਬਹਿਣਾ ਤੇਰੇ ਗਹਿਣੇ ਨੂੰ—**"ਜਦੋਂ ਦਾ ਹਰਜਿੰਦਰ ਸਿੰਘ ਪ੍ਰਧਾਨ ਬਣਿਆ ਹੈ ਉਹਦੀ ਬੈਠਕ ਵਿੱਚ ਬੜੀ ਰੌਣਕ ਲੱਗੀ ਰਹਿੰਦੀ ਹੈ," ਸੁਰੇਸ਼ ਨੇ ਕਿਹਾ, "ਲੋਕ ਹਰਜਿੰਦਰ ਸਿੰਘ ਕਰਕੇ ਥੋੜ੍ਹਾ ਜਾਂਦੇ ਹਨ ਉਹ ਤਾਂ ਉਸ ਦੀ ਪ੍ਰਧਾਨਗੀ ਕਰਕੇ ਜਾਂਦੇ ਹਨ। ਸਿਆਣਿਆ ਨੇ ਠੀਕ ਹੀ ਕਿਹਾ ਹੈ "**ਆਦਰ ਤੇਰੀ ਚਾਦਰ ਨੂੰ ਬਹਿਣਾ ਤੇਰੇ ਗਹਿਣੇ ਨੂੰ,**" ਰਾਜਵਿੰਦਰ ਨੇ ਉੱਤਰ ਦਿੱਤਾ।

5. **ਆਪੇ ਫਾਥੜੀਏ ਤੈਨੂੰ ਕੌਣ ਛੁਡਾਏ :** ਮਨਜੋਤ ਨੇ ਆਪਣੀ ਮਰਜ਼ੀ ਨਾਲ਼, ਮਾਪਿਆਂ ਤੋਂ ਬਾਗ਼ੀ ਹੋ ਕੇ ਅਦਾਲਤੀ ਵਿਆਹ ਕਰਵਾ ਲਿਆ ਜਦੋਂਕਿ ਉਸ ਨੂੰ ਦੱਸਿਆ ਗਿਆ ਸੀ ਕਿ ਮੁੰਡਾ ਸ਼ਰਾਬੀ ਅਤੇ ਅੜਬ ਸੁਭਾਅ ਦਾ ਹੈ। ਹੁਣ ਨਿੱਤ ਦੇ ਕਲ਼ੇਸ ਤੋਂ ਦੁਖੀ ਹੋ ਕੇ ਇੱਕ ਦਿਨ ਉਹ ਆਪਣੀ ਮਾਂ ਕੋਲ਼ ਆ ਕੇ ਰੋਣ ਲੱਗੀ ਤਾਂ ਉਸ ਦੀ ਮਾਂ ਨੇ ਕਿਹਾ, "ਇਸ ਵਿੱਚ ਅਸੀਂ ਕੀ ਕਰ ਸਕਦੇ ਹਾਂ, **ਆਪੇ ਫਾਥੜੀਏ ਤੈਨੂੰ ਕੌਣ ਛੁਡਾਏ।**"

6. **ਆਪੇ ਮੈਂ ਰੱਜੀ-ਪੁੱਜੀ ਆਪੇ ਮੇਰੇ ਬੱਚੇ ਜੀਣ :** ਰਾਮ ਚੰਦ ਸਾਰਾ ਦਿਨ ਆਪਣੇ ਕਾਰੋਬਾਰ ਅਤੇ ਆਪਣੀ ਉਲ਼ਾਦ ਦੀਆਂ ਸਿਫ਼ਤਾਂ ਕਰਦਾ ਰਹਿੰਦਾ ਹੈ। ਉਸ ਬਾਰੇ ਪਿੰਡ ਦੇ ਲੋਕ ਅਕਸਰ ਕਹਿੰਦੇ ਹਨ ਕਿ ਉਸ ਦੀ ਤਾਂ ਉਹ ਗੱਲ ਹੈ, ਅਖੇ : "**ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜੀਣ।**"

7. **ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਐ :** ਜਸਮੀਤ ਦੀ ਸਹੇਲੀ ਨੇ ਉਸ ਨੂੰ ਭਰੋਸਾ ਦਿੱਤਾ ਕਿ ਭੌਤਿਕ ਵਿਗਿਆਨ ਦੇ ਪ੍ਰੈਕਟੀਕਲ ਲਈ ਉਹ ਉਸ ਨੂੰ ਮਾਡਲ ਬਣਾ ਕੇ ਦੇਵੇਗੀ ਪਰ ਜਦੋਂ ਪ੍ਰੈਕਟੀਕਲ ਵਿੱਚ ਇੱਕ ਦਿਨ ਰਹਿ ਗਿਆ ਤਾਂ ਉਸ ਦੀ ਸਹੇਲੀ ਨੇ ਜਵਾਬ ਦੇ ਦਿੱਤਾ। ਜਸਮੀਤ ਘਬਰਾ ਗਈ ਤਾਂ ਉਸ ਦੇ ਦਾਦੀ ਜੀ ਨੇ ਕਿਹਾ, "ਅਜੇ ਵੀ ਵਕਤ ਹੈ ਤੂੰ ਮਾਡਲ ਤਿਆਰ ਕਰ ਸਕਦੀ ਹੈਂ। ਆਪਣਾ ਕੰਮ ਕਦੇ ਵੀ ਦੂਜਿਆਂ ਦੇ ਸਹਾਰੇ ਨਹੀਂ ਛੱਡਣਾ ਚਾਹੀਦਾ। ਸਿਆਣਿਆਂ ਨੇ ਠੀਕ ਹੀ ਕਿਹਾ ਹੈ—"**ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਐ।**"

੪. **ਆਰੀ ਨੂੰ ਇੱਕ ਪਾਸੇ ਦੰਦੇ ਜਹਾਨ ਨੂੰ ਦੋਹੀਂ ਪਾਸੀਂ** : ਰਣਬੀਰ : "ਮਾਤਾ ਜੀ, ਮੈਂ ਸੋਚਦਾਂ ਆਪਾਂ ਭੈਣ ਦਾ ਵਿਆਹ ਪੈਲਸ ਵਿੱਚ ਹੀ ਕਰੀਏ, ਨਹੀਂ ਤਾਂ ਲੋਕ ਐਵੇਂ ਗੱਲਾਂ ਕਰਨਗੇ।"

ਮਾਤਾ ਜੀ : "ਨਾ ਪੁੱਤਰ, ਆਪਾਂ ਨੇ ਆਪਣੀ ਚਾਦਰ ਵੇਖਣੀ ਹੈ ਅਤੇ ਘਰ ਦੇ ਵਿਹੜੇ ਵਿੱਚ ਹੀ ਟੈਂਟ ਲਾ ਕੇ ਵਿਆਹ ਕਰਾਂਗੇ। ਲੋਕਾਂ ਦਾ ਕੀ ਹੈ ? ਜੇ ਬਹੁਤਾ ਖ਼ਰਚਾ ਕਰਕੇ ਕਰਜ਼ਾ ਚੜ੍ਹਾ ਲਿਆ, ਲੋਕ ਤਾਂ ਫਿਰ ਵੀ ਗੱਲਾਂ ਕਰਨਗੇ। ਸਿਆਣਿਆਂ ਨੇ ਐਵੇਂ ਨੀ ਕਿਹਾ– **ਆਰੀ ਨੂੰ ਇੱਕ ਪਾਸੇ ਦੰਦੇ ਜਹਾਨ ਨੂੰ ਦੋਹੀਂ ਪਾਸੀਂ।"**

9. **ਇੱਕ ਚੁੱਪ ਤੇ ਸੌ ਸੁੱਖ** : ਸਿਮਰ ਦੀ ਸਹੇਲੀ ਦਿਲਪ੍ਰੀਤ ਗੁੱਸੇ ਵਿੱਚ ਉਸ ਨੂੰ ਬਹੁਤ ਬੁਰਾ-ਭਲਾ ਬੋਲ ਰਹੀ ਸੀ ਪਰ ਸਿਮਰ ਚੁੱਪ ਰਹੀ। ਉਸ ਦੇ ਜਾਣ ਤੋਂ ਬਾਅਦ ਸਿਮਰ ਦੇ ਮਾਤਾ ਜੀ ਨੇ ਕਿਹਾ, "ਸਿਮਰ, ਚੁੱਪ ਰਹਿ ਕੇ ਤੂੰ ਬਹੁਤ ਚੰਗਾ ਕੀਤਾ, "**ਅਖੇ-ਇੱਕ ਚੁੱਪ ਤੇ ਸੌ ਸੁੱਖ।"**

10. **ਸੱਚੇ ਮਾਰਗ ਚੱਲਦਿਆਂ ਉਸਤਤ ਕਰੇ ਜਹਾਨ** : ਸਾਡੇ ਪਿੰਡ ਦੇ ਪੜ੍ਹੇ-ਲਿਖੇ ਸੂਝਵਾਨ ਸਰਪੰਚ ਨੇ ਗਲ਼ੀਆਂ ਪੱਕੀਆਂ ਕਰਵਾ ਕੇ, ਗੰਦੇ ਪਾਣੀ ਦੇ ਨਿਕਾਸ ਦਾ ਯੋਗ ਪ੍ਰਬੰਧ ਕਰਕੇ ਪਿੰਡ ਦੀ ਕਾਇਆਂ ਕਲਪ ਕਰ ਦਿੱਤੀ ਹੈ। ਉਹ ਸਮੇਂ-ਸਮੇਂ ਡਾਕਟਰੀ ਸਹਾਇਤਾ ਕੈਂਪ ਵੀ ਲਗਵਾਉਂਦਾ ਰਹਿੰਦਾ ਹੈ। ਉਸ ਦੇ ਕੀਤੇ ਕੰਮਾਂ ਨੂੰ ਦੇਖ ਕੇ ਹਰ ਕੋਈ ਉਸ ਦੀ ਪ੍ਰਸੰਸਾ ਕਰਦਾ ਹੈ। ਠੀਕ ਹੀ ਹੈ **ਸੱਚੇ ਮਾਰਗ ਚੱਲਦਿਆਂ ਉਸਤਤ ਕਰੇ ਜਹਾਨ।**

11. **ਸ੍ਵੈਭਰੋਸਾ ਵੱਡਾ ਤੋਸਾ** : ਨਵਰੀਤ ਨੇ ਪੀ. ਸੀ. ਐੱਸ ਦੀ ਮੁੱਖ ਪਰੀਖਿਆ ਪਾਸ ਕਰ ਲਈ ਪਰ ਇੰਟਰਵਿਊ 'ਤੇ ਜਾਣ ਸਮੇਂ ਉਹ ਥੋੜ੍ਹਾ ਘਬਰਾ ਰਹੀ ਸੀ ਤਾਂ ਉਸ ਦੇ ਮਾਤਾ ਜੀ ਨੇ ਉਸ ਨੂੰ ਕਿਹਾ, "ਤੂੰ ਬਹੁਤ ਮਿਹਨਤ ਕੀਤੀ ਹੈ, ਤੇਰੀ ਇੰਟਰਵਿਊ ਵੀ ਵਧੀਆ ਹੋਵੇਗੀ ਪਰ ਉੱਥੇ ਤੂੰ ਆਪਣਾ ਆਤਮ-ਵਿਸ਼ਵਾਸ ਕਾਇਮ ਰੱਖੀਂ ਕਿਉਂਕਿ ਸਿਆਣਿਆ ਨੇ ਕਿਹਾ ਹੈ— **ਸ੍ਵੈਭਰੋਸਾ ਵੱਡਾ ਤੋਸਾ।"**

12. **ਸਾਰਾ ਜਾਂਦਾ ਵੇਖੀਏ ਅੱਧਾ ਦੇਈਏ ਵੰਡ** : ਪਰਤਾਪ ਸਿੰਘ ਨੰਬਰਦਾਰ ਦੀ ਕੁਝ ਜ਼ਮੀਨ ਸੀਲਿੰਗ ਵਿੱਚ ਆਉਣ ਕਾਰਨ ਉਸ ਪਾਸੋਂ ਖੁੱਸ ਰਹੀ ਸੀ। ਉਸ ਨੇ ਇਹ ਸੋਚਦਿਆਂ ਕੁਝ ਜ਼ਮੀਨ ਸਕੂਲ ਨੂੰ ਦੇ ਦਿੱਤੀ ਕਿ **ਸਾਰਾ ਜਾਂਦਾ ਵੇਖੀਏ ਅੱਧਾ ਦੇਈਏ ਵੰਡ।**

13. **ਸੇਰ ਦੁੱਧ ਤੇ ਵੀਹ ਸੇਰ ਪਾਣੀ ਘੁੰਮਰ-ਘੁੰਮਰ ਫਿਰੇ ਮਧਾਣੀ** : ਰਾਣੀ ਆਪਣੇ ਅਮਰੀਕਾ ਗਏ ਪੁੱਤਰ ਦੀਆਂ ਤੇ ਉਸ ਦੀ ਚੰਗੀ ਤਨਖ਼ਾਹ ਦੀਆਂ ਸਿਫ਼ਤਾਂ ਕਰ ਕੇ ਚਲੀ ਗਈ ਤਾਂ ਉਸ ਦੀ ਗੁਆਂਢਣ ਦੂਜੀ ਗੁਆਂਢਣ ਨੂੰ ਕਹਿਣ ਲੱਗੀ, "ਲੈ ਦੇਖ, '**ਸੇਰ ਦੁੱਧ ਤੇ ਵੀਹ ਸੇਰ ਪਾਣੀ ਘੁੰਮਰ-ਘੁੰਮਰ ਫਿਰੇ ਮਧਾਣੀ**,' ਜਿਵੇਂ ਕਿਸੇ ਨੂੰ ਪਤਾ ਹੀ ਨਹੀਂ ਕਿ ਇਹਦਾ ਮੁੰਡਾ ਤਾਂ ਉੱਥੇ ਕਿਸੇ ਹੋਟਲ ਵਿੱਚ ਸਫ਼ਾਈ ਦਾ ਕੰਮ ਕਰਦਾ ਹੈ।"

14. **ਹੱਥ ਨੂੰ ਹੱਥ ਧੋਂਦਾ ਹੈ** : ਗਿਆਨੀ ਜੀ ਨੇ ਅਨੰਦ-ਕਾਰਜ ਸਮੇਂ ਨਵੀਂ ਵਿਆਹੀ ਜੋੜੀ ਨੂੰ ਸਿੱਖਿਆ ਦਿੰਦਿਆਂ ਕਿਹਾ, "ਬੱਚਿਓ! ਤੁਸੀਂ ਧਿਆਨ ਰੱਖਣਾ, ਪਤੀ-ਪਤਨੀ ਵਿੱਚੋਂ ਕੋਈ ਵੀ ਦੁਖੀ ਹੋਵੇ ਤਾਂ ਇਕੱਲੇ-ਇਕੱਲੇ ਖ਼ੁਸ਼ ਨਹੀਂ ਰਹਿ ਸਕੋਗੇ। ਜੇ ਤੁਸੀਂ ਦੋਵੇਂ ਇੱਕ-ਦੂਜੇ ਨੂੰ ਖ਼ੁਸ਼ ਰੱਖਣ ਦੀ ਕੋਸ਼ਸ਼ ਕਰੋਗੇ ਤਾਂ ਹੀ ਖ਼ੁਸ਼ ਰਹੋਗੇ। ਇਹ ਜ਼ਿੰਦਗੀ ਦੀ ਅਟੱਲ ਸੱਚਾਈ ਹੈ ਕਿ ਹੱਥ ਨੂੰ ਹੱਥ ਧੋਂਦਾ ਹੈ।

15. **ਸੰਗ ਤਾਰੇ-ਕੁਸੰਗ ਡੋਬੇ** : ਖ਼ੁਸ਼ਪ੍ਰੀਤ ਹਮੇਸ਼ਾਂ ਵਧੀਆ ਅੰਕ ਪ੍ਰਾਪਤ ਕਰਦਾ ਸੀ ਪਰ ਗਿਆਰ੍ਹਵੀਂ ਸ਼੍ਰੇਣੀ ਵਿੱਚ ਉਹ ਮੁਸ਼ਕਲ ਨਾਲ਼ ਪਾਸ ਹੋਇਆ। ਖ਼ੁਸ਼ਪ੍ਰੀਤ ਵਧੀਆ ਬੱਚਾ ਹੈ ਪਰ ਉਸ ਦੇ ਮਾਪਿਆਂ ਨੂੰ ਨਤੀਜਾ ਦੱਸਦੇ ਹੋਏ ਅਧਿਆਪਕ ਨੇ ਕਿਹਾ ਕਿ ਇਸ ਸਾਲ ਉਸ ਦੀ ਸੰਗਤ ਚੰਗੀ ਨਹੀਂ ਸੀ। ਉਸ ਨੂੰ ਸਮਝਾਓ ਅਤੇ

ਚੰਗੇ ਬੱਚਿਆਂ ਦੀ ਸੰਗਤ ਕਰਨ ਦੀ ਪ੍ਰੇਰਨਾ ਦਿਓ ਕਿਉਂਕਿ ਸਿਆਣਿਆਂ ਦਾ ਕਥਨ ਹੈ, **ਸੰਗ ਤਾਰੇ ਕੁਸੰਗ ਡੋਬੇ**।

16. **ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਏ** : ਦੁਸ਼ਮਣ ਕਦੇ ਨਿਮਰਤਾ ਤੇ ਪਿਆਰ ਨਾਲ਼ ਨਹੀਂ ਮੰਨਦਾ ਉਸ ਨਾਲ਼ ਤਾਂ ਤਕੜੇ ਹੋ ਕੇ ਟੱਕਰ ਲੈਣੀ ਪੈਂਦੀ ਹੈ ਕਿਉਂਕਿ **ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਏ**।

17. **ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆਵੇ** : "ਬੱਚਿਓ! ਹਮੇਸ਼ਾਂ ਮਿੱਠਾ ਬੋਲੋ। ਇਸ ਨਾਲ਼ ਤੁਹਾਡਾ ਕੁਝ ਘਟ ਨਹੀਂ ਜਾਂਦਾ ਪਰ ਤੁਹਾਨੂੰ ਹਾਸਲ ਬੜਾ ਕੁਝ ਹੋ ਜਾਂਦਾ ਹੈ। ਮਿੱਠਾ ਬੋਲਣ ਦੀ ਤਾਂ ਉਹ ਗੱਲ ਹੈ ਕਿ **ਹਿੰਗ ਲੱਗੇ ਨਾ ਫਟਕੜੀ, ਰੰਗ ਚੋਖਾ ਆਵੇ**", ਪ੍ਰਿੰਸੀਪਲ ਸਾਹਿਬ ਨੇ ਸਵੇਰ ਦੀ ਸਭਾ ਵਿੱਚ ਭਾਸ਼ਣ ਕਰਦਿਆਂ ਵਿਦਿਆਰਥੀਆਂ ਨੂੰ ਸਮਝਾਇਆ।

18. **ਕੱਲ੍ਹ ਕਰਨਾ ਸੋ ਅੱਜ ਕਰ, ਅੱਜ ਕਰਨਾ ਸੋ ਹੁਣ; ਉਮਰ ਹੱਡਾਂ ਨੂੰ ਖਾ ਰਹੀ, ਜਿਉਂ ਲੱਕੜੀ ਨੂੰ ਘੁਣ** : ਜਦੋਂ ਕਰਮਜੋਤ ਦੂਜੇ ਦਿਨ ਵੀ ਸਕੂਲ ਦਾ ਕੰਮ ਨਾ ਕਰਕੇ ਲਿਆਈ ਤੇ ਕਹਿਣ ਲੱਗੀ, 'ਜੀ, ਮੈਂ ਕੱਲ੍ਹ ਕਰਕੇ ਲਿਆਵਾਂਗੀ ਤਾਂ ਅਧਿਆਪਕ ਨੇ ਨਸੀਹਤ ਦਿੰਦਿਆਂ ਕਿਹਾ, "ਸਮੇਂ ਸਿਰ ਕੰਮ ਕਰਨ ਦੀ ਆਦਤ ਪਾਓ। ਅੱਜ ਦਾ ਕੰਮ ਕਦੇ ਵੀ ਕੱਲ੍ਹ 'ਤੇ ਨਾ ਛੱਡੋ। ਸਿਆਣਿਆਂ ਦਾ ਕਥਨ ਹੈ— **ਕੱਲ੍ਹ ਕਰਨਾ ਸੋ ਅੱਜ ਕਰ, ਅੱਜ ਕਰਨਾ ਸੋ ਹੁਣ; ਉਮਰ ਹੱਡਾਂ ਨੂੰ ਖਾ ਰਹੀ, ਜਿਉਂ ਲੱਕੜੀ ਨੂੰ ਘੁਣ**।"

19. **ਕੁੱਤਾ ਭੌਂਕੇ ਬੱਦਲ਼ ਗੱਜੇ, ਨਾ ਉਹ ਵੱਢੇ ਨਾ ਉਹ ਵੱਸੇ** : "ਅਧਿਕਾਰੀ ਰੌਲ਼ਾ ਤਾਂ ਬਹੁਤ ਪਾਉਂਦੇ ਹਨ ਕਿ ਉਹ ਕਾਲ਼ੇ ਧੰਦੇ ਕਰਨ ਵਾਲ਼ਿਆਂ ਵਿਰੁੱਧ ਕਾਰਵਾਈ ਕਰਨਗੇ ਪਰ ਅਸਲ ਵਿੱਚ ਕੁਝ ਵੀ ਨਹੀਂ ਹੁੰਦਾ। ਉਹਨਾਂ ਦਾ ਤਾਂ ਉਹ ਹਾਲ ਹੈ, **ਕੁੱਤਾ ਭੌਂਕੇ ਬੱਦਲ਼ ਗੱਜੇ, ਨਾ ਉਹ ਵੱਢੇ ਨਾ ਉਹ ਵੱਸੇ**," ਚੋਣਾਂ ਵੇਲ਼ੇ ਵਿਰੋਧੀ ਧਿਰ ਦੇ ਨੇਤਾ ਨੇ ਭਾਸ਼ਣ ਵਿੱਚ ਕਿਹਾ।

20. **ਕੋਹ ਨਾ ਚੱਲੀ ਬਾਬਾ ਤਿਹਾਈ** : "ਮਨਜੋਤ, ਤੂੰ ਤਾਂ ਕਹਿ ਰਹੀ ਸੀ ਕਿ ਅੱਜ ਪੰਜਾਬੀ ਵਿਸ਼ੇ ਦੇ ਸਾਰੇ ਪਾਠ-ਕ੍ਰਮ ਦੀ ਦੁਹਰਾਈ ਕਰਨੀ ਹੈ ਪਰ ਤੂੰ ਤਾਂ ਦੋ ਪਾਠ ਪੜ੍ਹ ਕੇ ਹੀ ਅਰਾਮ ਕਰਨ ਲੱਗ ਪਈ, ਤੇਰਾ ਤਾਂ ਉਹ ਹਾਲ ਹੈ— **ਅਖੇ-ਕੋਹ ਨਾ ਚੱਲੀ ਬਾਬਾ ਤਿਹਾਈ**," ਮਨਜੋਤ ਦੇ ਮਾਤਾ ਜੀ ਨੇ ਕਿਹਾ।

21. **ਖ਼ਰਬੂਜ਼ੇ ਨੂੰ ਵੇਖ ਕੇ ਖ਼ਰਬੂਜ਼ਾ ਰੰਗ ਫੜਦਾ ਹੈ** : ਗੁਰਜੀਤ ਦੀ ਮਾਸੀ ਨਵੇਂ ਫ਼ੈਸ਼ਨ ਦੇ ਕੱਪੜੇ ਪਹਿਨ ਕੇ ਖੜ੍ਹੀ ਗੁਰਜੀਤ ਵੱਲ ਵੇਖ ਕੇ ਬੋਲੀ, "ਗੁਰਜੀਤ! ਪਹਿਲਾਂ ਤਾਂ ਤੂੰ ਬਹੁਤ ਸਿੱਧੀ-ਸਾਦੀ ਸੀ ਪਰ ਯੂਨੀਵਰਸਿਟੀ ਜਾ ਕੇ ਹੋਰਨਾਂ ਕੁੜੀਆਂ ਦੀ ਰੀਸੋ-ਰੀਸੀ ਬਹੁਤ ਫ਼ੈਸ਼ਨ ਕਰਨ ਲੱਗ ਪਈ ਏਂ।" "ਭੈਣ ਜੀ, ਖ਼ਰਬੂਜ਼ੇ ਨੂੰ ਵੇਖ ਕੇ ਖ਼ਰਬੂਜ਼ਾ ਰੰਗ ਫੜਦਾ ਹੈ," ਨੇੜੇ ਬੈਠੀ ਗੁਰਜੀਤ ਦੀ ਮਾਂ ਨੇ ਕਿਹਾ।

22. **ਖਿੱਦੋ ਫਰੋਲ਼ਿਆਂ ਲੀਰਾਂ ਹੀ ਨਿਕਲ਼ਨੀਆਂ ਹਨ** : ਦੋਂਹਾਂ ਭਰਾਵਾਂ ਵਿੱਚ ਜ਼ਮੀਨ ਦੇ ਝਗੜੇ ਨੂੰ ਨਿਪਟਾਉਣ ਤੋਂ ਬਾਅਦ ਸਰਪੰਚ ਨੇ ਕਿਹਾ, "ਆਪਸੀ ਸਹਿਮਤੀ ਨਾਲ਼ ਮਸਲੇ ਸੁਲਝਾਉਣੇ ਠੀਕ ਰਹਿੰਦੇ ਹਨ। ਇੱਕ-ਦੂਜੇ ਦੀਆਂ ਗ਼ਲਤੀਆਂ ਚਿਤਾਰਨ ਦੀ ਲੋੜ ਨਹੀਂ। ਤੁਹਾਨੂੰ ਪਤਾ ਹੀ ਹੈ ਕਿ **ਖਿੱਦੋ ਫਰੋਲ਼ਿਆਂ ਲੀਰਾਂ ਹੀ ਨਿਕਲ਼ਦੀਆਂ ਹਨ**।"

23. **ਘਰ ਦਾ ਸੜਿਆ ਵਣ ਗਿਆ, ਵਣ ਨੂੰ ਲੱਗੀ ਅੱਗ** : ਪਿੰਡ ਵਿੱਚ ਮਜ਼ਦੂਰੀ ਨਾਲ਼ ਗੁਜ਼ਾਰਾ ਕਰਨ ਦੀ ਔਖਿਆਈ ਕਰਕੇ ਸੁੰਦਰ ਸਿੰਘ ਸ਼ਹਿਰ ਚਲਿਆ ਗਿਆ ਪਰ ਸ਼ਹਿਰ ਦੇ ਖ਼ਰਚਿਆਂ ਕਾਰਨ ਉਹ ਹੋਰ ਵੀ ਦੁਖੀ ਹੋ ਗਿਆ। ਉਸ ਨਾਲ਼ ਤਾਂ ਉਹ ਗੱਲ ਹੋਈ, "**ਘਰ ਦਾ ਸੜਿਆ ਵਣ ਗਿਆ, ਵਣ ਨੂੰ ਲੱਗੀ ਅੱਗ**।"

24. **ਘਰ ਵੱਸਦਿਆਂ ਦੇ, ਸਾਕ ਮਿਲ਼ਦਿਆਂ ਦੇ ਤੇ ਖੇਤ ਵਾਹੁੰਦਿਆਂ ਦੇ** : ਪਟਿਆਲੇ ਰਹਿੰਦੇ ਸੁਰਿੰਦਰ ਦਾ ਚਾਚਾ ਉਸ ਨੂੰ ਮਿਲ਼ਨ ਆਇਆ। ਉਸ ਨੇ ਕਿਹਾ, "ਭਾਈ! ਕਦੇ ਤੂੰ ਵੀ ਪਿੰਡ ਮਿਲ਼ਨ ਆਇਆ ਕਰ। ਸਿਆਣਿਆਂ ਨੇ ਐਵੇਂ ਨਹੀਂ ਕਿਹਾ ਕਿ **ਘਰ ਵੱਸਦਿਆਂ ਦੇ, ਸਾਕ ਮਿਲ਼ਦਿਆਂ ਦੇ ਤੇ ਖੇਤ ਵਾਹੁੰਦਿਆਂ ਦੇ।**"

25. **ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ** : ਮਨਿੰਦਰਜੀਤ ਨੇ ਕਿਸੇ ਸ਼ਬਦ ਦਾ ਅਰਥ ਵੇਖਣ ਲਈ ਡਿਕਸ਼ਨਰੀ ਕੱਢੀ ਤਾਂ ਅਮਰਜੀਤ ਕਹਿਣ ਲੱਗੀ, "ਜ਼ਰਾ ਮੈਨੂੰ ਵੀ ਦੇਈਂ ਡਿਕਸ਼ਨਰੀ, ਮੈਂ ਵੀ ਇੱਕ ਸ਼ਬਦ ਦੇ ਅਰਥ ਵੇਖਣੇ ਹਨ।" ਅਮੀ ਨੇ ਵੀ ਡਿਕਸ਼ਨਰੀ ਲਈ ਅਵਾਜ਼ ਮਾਰ ਦਿੱਤੀ। ਮਨਿੰਦਰਜੀਤ ਕਹਿਣ ਲੱਗੀ ਕਿ ਇਹ ਤਾਂ ਉਹ ਗੱਲ ਹੋਈ— **ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ।**

26. **ਚਾਹੇ ਛੁਰੀ ਖ਼ਰਬੂਜ਼ੇ ਉੱਤੇ ਡਿੱਗੇ ਚਾਹੇ ਖ਼ਰਬੂਜ਼ਾ ਛੁਰੀ ਉੱਤੇ, ਨੁਕਸਾਨ ਖ਼ਰਬੂਜ਼ੇ ਦਾ** : ਅੱਜ ਦੇ ਵਪਾਰਿਕ ਯੁੱਗ ਵਿੱਚ ਗ਼ਰੀਬ ਕਿਰਸਾਣ ਭਾਵੇਂ ਵੇਚੇ ਤੇ ਭਾਵੇਂ ਖ਼ਰੀਦੇ, ਉਹਦਾ ਨੁਕਸਾਨ ਹੀ ਨੁਕਸਾਨ ਹੈ। ਜੇ ਉਹ ਅਨਾਜ ਵੇਚਦਾ ਹੈ ਤਾਂ ਸਸਤਾ ਵੇਚਣਾ ਪੈਂਦਾ ਹੈ, ਜੇ ਲੋੜ ਪੈਣ 'ਤੇ ਖ਼ਰੀਦਦਾ ਹੈ ਤਾਂ ਮਹਿੰਗਾ ਖ਼ਰੀਦਣਾ ਪੈਂਦਾ ਹੈ। ਉਹਦਾ ਤਾਂ ਉਹੀ ਹਾਲ **ਹੈ ਚਾਹੇ ਛੁਰੀ ਖ਼ਰਬੂਜ਼ੇ 'ਤੇ ਡਿੱਗੇ ਚਾਹੇ ਖ਼ਰਬੂਜ਼ਾ ਛੁਰੀ ਉੱਤੇ, ਨੁਕਸਾਨ ਖ਼ਰਬੂਜ਼ੇ ਦਾ** ਹੀ ਹੁੰਦਾ ਹੈ।

27. **ਛੱਜ ਤਾਂ ਬੋਲੇ ਛਾਣਨੀ ਕਿਉਂ ਬੋਲੇ** : ਮਲਕੀਤ ਸਿੰਘ ਨੇ ਆਪਣੇ ਜਮਾਤੀ ਬਲਦੇਵ ਨੂੰ ਕਿਹਾ, 'ਬਲਦੇਵ ਤੂੰ ਹੁਣ ਪੜ੍ਹਦਾ ਨਹੀਂ ਤਾਂ ਹੀ ਤੇਰੇ ਛਿਮਾਹੀ ਪੇਪਰਾਂ ਵਿੱਚ ਅੰਕ ਘੱਟ ਆਏ ਹਨ।' ਬਲਦੇਵ ਕਹਿਣ ਲੱਗਾ, 'ਤੂੰ ਚੁੱਪ ਕਰ ਮਲਕੀਤ, ਤੇਰਾ ਤਾਂ ਆਪ ਬਾਰ੍ਹਵੀਂ ਵਿੱਚ ਦੂਜਾ ਸਾਲ ਹੈ। **ਅਖੇ, ਛੱਜ ਤਾਂ ਬੋਲੇ ਛਾਣਨੀ ਕਿਉਂ ਬੋਲੇ।'**

28. **ਜਦੋਂ ਗਿੱਦੜ ਦੀ ਮੌਤ ਆਉਂਦੀ ਹੈ ਤਾਂ ਉਹ ਸ਼ਹਿਰ ਵੱਲ ਭੱਜਦਾ ਹੈ** : ਦੁੱਲੇ ਦੀਆਂ ਸਰਕਾਰੀ ਲੁੱਟਾਂ-ਖੋਹਾਂ ਨੂੰ ਸੁਣ-ਸੁਣ ਕੇ ਬਾਦਸ਼ਾਹ ਗੁੱਸੇ ਵਿੱਚ ਆ ਗਿਆ ਤੇ ਕਹਿਣ ਲੱਗਾ, "ਮੇਰੇ ਬਹਾਦਰ ਸਰਦਾਰੋ! ਦੁੱਲੇ ਨੂੰ ਮੁਸ਼ਕਾਂ ਬੰਨ੍ਹ ਕੇ ਦਰਬਾਰ ਵਿੱਚ ਲਿਆਓ। ਜਦੋਂ **ਗਿੱਦੜ ਦੀ ਮੌਤ ਆਉਂਦੀ ਹੈ ਤਾਂ ਉਹ ਸ਼ਹਿਰ ਵੱਲ ਭੱਜਦਾ ਹੈ।** ਦੁੱਲੇ ਦਾ ਦਿਮਾਗ ਖ਼ਰਾਬ ਹੋ ਗਿਆ ਲੱਗਦਾ ਹੈ।

29. **ਵਾਹ ਪਿਆ ਜਾਣੀਏ ਜਾਂ ਰਾਹ ਪਿਆ ਜਾਣੀਏ** : ਚਰਨਜੀਤ ਸਿੰਘ ਬਾਰੇ ਮੈਂ ਸੁਣਿਆ ਸੀ ਕਿ ਉਹ ਬੜਾ ਸਖ਼ਤ ਅਫ਼ਸਰ ਹੈ ਅਤੇ ਕਿਸੇ ਦੀ ਗੱਲ ਨਹੀਂ ਸੁਣਦਾ। ਪਰ ਜਦੋਂ ਮੈਨੂੰ ਆਪਣੀ ਕਿਸੇ ਸਮੱਸਿਆ ਨੂੰ ਸੁਲਝਾਉਣ ਹਿਤ ਉਸ ਨੂੰ ਮਿਲ਼ਨਾ ਪਿਆ ਤਾਂ ਉਹ ਮੈਨੂੰ ਬੜੇ ਪਿਆਰ ਤੇ ਨਿਮਰਤਾ ਨਾਲ਼ ਮਿਲਿਆ ਅਤੇ ਮੇਰੀ ਸਮੱਸਿਆ ਨੂੰ ਬੜੇ ਧਿਆਨ ਨਾਲ਼ ਸੁਣਿਆ। ਸੱਚ ਹੀ ਕਿਹਾ ਹੈ—**ਜਾਂ ਵਾਹ ਪਿਆ ਜਾਣੀਏ ਜਾਂ ਰਾਹ ਪਿਆ ਜਾਣੀਏ।**

30. **ਜਾਂਦੇ ਚੋਰ ਦੀ ਲੰਗੋਟੀ ਹੀ ਸਹੀ**—ਜਦੋਂ ਕਿਰਾਏਦਾਰ ਦੋ ਮਹੀਨੇ ਦਾ ਕਿਰਾਇਆ ਬਿਨਾਂ ਦਿੱਤੇ ਚੋਰੀ-ਚੋਰੀ ਮਕਾਨ ਖ਼ਾਲੀ ਕਰ ਗਿਆ ਤਾਂ ਕਮਰੇ ਵਿੱਚ ਉਸਦਾ ਕੂਲਰ ਅਤੇ ਇੱਕ ਮੰਜਾ ਵੇਖ ਕੇ ਮਾਲਕ ਮਕਾਨ ਨੇ ਕਿਹਾ, "ਚੱਲੋ ਇਹਨਾਂ ਨੂੰ ਤਾਂ ਕਾਬੂ ਕਰੋ। ਅਖੇ, **ਜਾਂਦੇ ਚੋਰ ਦੀ ਲੰਗੋਟੀ ਹੀ ਸਹੀ।**

31. **ਜਾਗਣ ਜੋ ਰਾਤੀਂ ਕਾਲ਼ੀਆਂ, ਸੋਈ ਖਾਣ ਸੁਖਾਲ਼ੀਆਂ**—ਪ੍ਰਿੰਸੀਪਲ ਜੀ ਨੇ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਅਤੇ ਲਗਨ ਦੀ ਆਦਤ ਪਾਉਣ ਦੀ ਸਿੱਖਿਆ ਦਿੰਦਿਆ ਕਿਹਾ, "ਜਿਹੜੇ ਬੱਚੇ ਵਿਦਿਆਰਥੀ ਜੀਵਨ ਵਿੱਚ ਹੀ ਸਖ਼ਤ ਮਿਹਨਤ ਕਰਨ ਦੀ ਜਾਚ ਸਿੱਖ ਲੈਂਦੇ ਹਨ ਉਹ ਜ਼ਿੰਦਗੀ ਵਿੱਚ ਹਮੇਸ਼ਾਂ ਕਾਮਯਾਬ ਰਹਿੰਦੇ ਹਨ। ਸਿਆਣਿਆਂ ਦਾ ਕਥਨ ਹੈ— **ਜਾਗਣ ਜੋ ਰਾਤੀਂ ਕਾਲ਼ੀਆਂ ਸੋਈ ਖਾਣ ਸੁਖਾਲ਼ੀਆਂ।**"

32. **ਠੂਠਾ ਫੁੱਟ ਕੇ ਛੰਨਾ ਮਿਲ਼ਿਆ** : ਜੋਗਿੰਦਰ ਦੀ ਪਤਨੀ ਗੁਰਮੀਤ ਦੀ ਗੰਭੀਰ ਰੋਗ ਨਾਲ਼ ਮੌਤ ਹੋ ਗਈ। ਗੁਰਮੀਤ ਦੇ ਮਾਪਿਆਂ ਨੇ ਉਸ ਦੇ ਛੋਟੇ-ਛੋਟੇ ਬੱਚਿਆਂ ਦਾ ਹਿਤ ਧਿਆਨ ਵਿੱਚ ਰੱਖ ਕੇ ਆਪਣੀ ਛੋਟੀ ਧੀ ਮਨਜੀਤ ਦਾ ਵਿਆਹ ਜੋਗਿੰਦਰ ਨਾਲ਼ ਕਰ ਦਿੱਤਾ। ਮਨਜੀਤ ਗੁਰਮੀਤ ਨਾਲ਼ੋਂ ਵੱਧ ਪੜ੍ਹੀ-ਲਿਖੀ ਹੈ ਅਤੇ ਨੌਕਰੀ ਵੀ ਕਰਦੀ ਹੈ। ਇਸੇ ਲਈ ਲੋਕ ਅਕਸਰ ਜੋਗਿੰਦਰ ਨੂੰ ਕਹਿ ਦਿੰਦੇ ਹਨ ਕਿ **ਤੈਨੂੰ ਤਾਂ ਠੂਠਾ ਫੁੱਟ ਕੇ ਛੰਨਾ ਮਿਲ਼ਿਆ ਹੈ।**

**ਜਾਂ**

ਬਲਕਾਰ ਨੂੰ ਬਹੁਤ ਖੱਜਲ਼-ਖੁਆਰੀ ਤੋਂ ਬਾਅਦ ਕੱਚੀ ਨੌਕਰੀ ਮਿਲ਼ੀ, ਉਹ ਵੀ ਇੱਕ ਸਾਲ ਲਈ। ਇਸ ਨੌਕਰੀ ਤੋਂ ਹਟਣ ਤੋਂ ਬਾਅਦ ਉਸ ਨੇ ਆਪਣੇ ਘਰ ਦਾ ਗੁਜ਼ਾਰਾ ਚਲਾਉਣ ਲਈ ਰੈਡੀਮੇਡ ਕੱਪੜਿਆਂ ਦੀ ਛੋਟੀ ਜਿਹੀ ਦੁਕਾਨ ਖੋਲ੍ਹ ਲਈ। ਉਸ ਦੀ ਦੁਕਾਨ ਚੰਗੀ ਚੱਲ ਪਈ। ਹੁਣ ਉਹ ਸ਼ਹਿਰ ਵਿੱਚ ਰੈਡੀਮੇਡ ਕੱਪੜਿਆਂ ਦੇ ਵੱਡੇ ਸ਼ੋ-ਰੂਮ ਦਾ ਮਾਲਕ ਹੈ। ਆਪਣੀ ਜ਼ਿੰਦਗੀ ਵਿੱਚ ਆਈ ਇਸ ਤਬਦੀਲੀ ਬਾਰੇ ਉਹ ਅਕਸਰ ਕਹਿੰਦਾ ਹੈ ਕਿ ਮੈਨੂੰ **ਤਾਂ ਠੂਠਾ ਫੁੱਟ ਕੇ ਛੰਨਾ ਮਿਲ਼ਿਆ ਹੈ।**

33. **ਡਾਢੇ ਨਾਲ਼ ਭਿਆਲ਼ੀ, ਉਹ ਮੰਗੇ ਹਿੱਸਾ ਉਹ ਕੱਢੇ ਗਾਲ਼ੀ** : ਸੋਹਣ ਕਰਮਚੰਦ ਨਾਲ਼ ਸਾਂਝਾ ਕੰਮ ਸ਼ੁਰੂ ਕਰਨਾ ਚਾਹੁੰਦਾ ਸੀ। ਉਸ ਦੇ ਪਿਤਾ ਜੀ ਨੇ ਉਸ ਨੂੰ ਸਮਝਾਉਂਦਿਆਂ ਕਿਹਾ ਕਿ ਆਪਣੇ ਤੋਂ ਤਾਕਤਵਾਰ ਬੰਦੇ ਨਾਲ਼ ਸਾਂਝਾ ਕੰਮ ਬਹੁਤ ਸੋਚ-ਸਮਝ ਕੇ ਸ਼ੁਰੂ ਕਰਨਾ ਚਾਹੀਦਾ ਹੈ। ਭਾਈਵਾਲ਼ੀ ਆਪਣੇ ਬਰਾਬਰ ਦੀ ਧਿਰ ਨਾਲ਼ ਹੀ ਨਿਭ ਸਕਦੀ ਹੈ। ਕਰਮ ਚੰਦ ਵਰਗੇ ਸਖ਼ਤ ਸੁਭਾਅ ਵਾਲ਼ੇ ਨਾਲ਼ ਤੇਰੀ ਭਾਈਵਾਲ਼ੀ ਨਹੀਂ ਨਿਭਣੀ। ਸਿਆਣਿਆਂ ਨੇ ਠੀਕ ਹੀ ਕਿਹਾ ਹੈ—**ਡਾਢੇ ਨਾਲ਼ ਭਿਆਲ਼ੀ, ਉਹ ਮੰਗੇ ਹਿੱਸਾ ਉਹ ਕੱਢੇ ਗਾਲ਼ੀ।**

34. **ਢਿੱਡ ਭਰਿਆ ਕੰਮ ਸਰਿਆ** : ਅਮਰ ਸਿੰਘ ਨੂੰ ਜਦੋਂ ਵਾਹੀ ਲਈ ਟ੍ਰੈਕਟਰ ਚਾਹੀਦਾ ਸੀ, ਉਦੋਂ ਸਵੇਰੇ-ਸ਼ਾਮ ਸਾਡੇ ਘਰ ਪੁੱਛਣ ਆਉਂਦਾ ਸੀ ਕਿ ਟ੍ਰੈਕਟਰ ਵਿਹਲਾ ਹੋਇਆ ਕਿ ਨਹੀਂ। ਚਾਰ ਦਿਨ ਟ੍ਰੈਕਟਰ ਨਾਲ਼ ਵਾਹੀ ਕਰਨ ਉਪਰੰਤ ਆਪਣੇ ਨੌਕਰ ਦੇ ਹੱਥ ਉਸ ਨੇ ਟ੍ਰੈਕਟਰ ਵਾਪਸ ਭੇਜ ਦਿੱਤਾ। ਉਸ ਦਾ ਤਾਂ ਉਹ ਹਾਲ ਹੈ, **ਅਖੇ—ਢਿੱਡ ਭਰਿਆ ਕੰਮ ਸਰਿਆ।** ਹੁਣ ਉਹ ਧੰਨਵਾਦ ਕਰਨ ਵੀ ਨਹੀਂ ਆ ਸਕਿਆ।

35. **ਤੌੜੀ ਉੱਬਲ਼ੇਗੀ ਤਾਂ ਆਪਣੇ ਹੀ ਕੰਢੇ ਸਾੜੇਗੀ** : "ਆਦਮੀ ਨੂੰ ਹਰ ਨਿੱਕੀ-ਨਿੱਕੀ ਗੱਲ ਉੱਤੇ ਗ਼ੁੱਸਾ ਨਹੀਂ ਕਰਨਾ ਚਾਹੀਦਾ। ਇਸ ਨਾਲ਼ ਆਪਣਾ ਹੀ ਨੁਕਸਾਨ ਹੁੰਦਾ ਹੈ। ਸਿਆਣੇ ਕਹਿੰਦੇ ਨੇ, **ਤੌੜੀ ਉੱਬਲ਼ੇਗੀ ਤਾਂ ਆਪਣੇ ਹੀ ਕੰਢੇ ਸਾੜੇਗੀ**", ਨਿਰਮਲ ਸਿੰਘ ਨੇ ਅਮਿਤ ਨੂੰ ਸਮਝਾਉਂਦਿਆ ਕਿਹਾ।

36. **ਨਵਾਂ ਨੌਂ ਦਿਨ ਪੁਰਾਣਾ ਸੌ ਦਿਨ** : ਅਭਿਤੋਜ ਪੁਰਾਣੀ ਕਾਰ ਵੇਚ ਕੇ ਨਵੀਂ ਕਾਰ ਲੈਣ ਦੀ ਜ਼ਿਦ ਕਰ ਰਿਹਾ ਸੀ ਤਾਂ ਉਸ ਦੇ ਪਿਤਾ ਜੀ ਨੇ ਕਿਹਾ ਕਿ ਨਵੀਂ ਕਾਰ ਨੇ ਵੀ ਤਾਂ ਕਦੇ ਪੁਰਾਣੀ ਹੋ ਜਾਣਾ ਹੈ। ਅਜੇ ਆਪਣੀ ਪੁਰਾਣੀ ਕਾਰ ਵਧੀਆ ਕੰਮ ਸਾਰ ਰਹੀ ਹੈ, ਤੈਨੂੰ ਪਤਾ ਹੋਣਾ ਚਾਹੀਦਾ ਹੈ—**ਨਵਾਂ ਨੌਂ ਦਿਨ ਪੁਰਾਣਾ ਸੌ ਦਿਨ।**

37. **ਪਾਟਾ ਸੀਵੀਂਏ ਨਾ, ਰੁੱਸਾ ਮਨਾਈਏ ਨਾ, ਤਾਂ ਘਰ ਨਹੀਂ ਵੱਸਦੇ** : ਮਾਤਾ ਜੀ ਨੇ ਪਰਮਜੀਤ ਨੂੰ ਸਮਝਾਉਂਦਿਆਂ ਕਿਹਾ, "ਜੇ ਤੇਰੀ ਦਰਾਣੀ ਤੈਨੂੰ ਨਹੀਂ ਬੁਲਾਉਂਦੀ ਤਾਂ ਤੂੰ ਉਸ ਨੂੰ ਬੁਲਾ ਲਿਆ ਕਰ। ਇਸੇ ਵਿੱਚ ਘਰ ਦੀ ਤੇ ਤੇਰੀ ਭਲਾਈ ਹੈ। ਸਿਆਣਿਆਂ ਨੇ ਕਿਹਾ ਹੈ—ਜੇ **ਪਾਟਾ ਸੀਵੀਂਏ ਨਾ, ਰੁੱਸਾ ਮਨਾਈਏ ਨਾ ਤਾਂ ਘਰ ਨਹੀਂ ਵੱਸਦੇ।**"

38. **ਪਾਣੀ ਵਿੱਚ ਸੋਟਾ ਮਾਰਿਆਂ ਪਾਣੀ ਦੋ ਨਹੀਂ ਹੋ ਜਾਂਦੇ** : ਜਗਤਾਰ ਸਿੰਘ ਨੇ ਆਪਣੇ ਭਰਾ ਅਵਤਾਰ ਸਿੰਘ ਦੇ ਪੁੱਤਰ ਦੇ ਵਿਆਹ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਤਾਂ ਉਸ ਦੀ ਭੂਆ ਨੇ ਉਸ ਨੂੰ ਸਮਝਾਉਂਦਿਆਂ ਕਿਹਾ, "ਪੁੱਤਰ! ਛੋਟੀ-ਮੋਟੀ ਗੱਲ ਤੋਂ ਇੱਕ ਦੂਜੇ ਤੋਂ ਟੁੱਟ ਕੇ ਨਹੀਂ ਬੈਠੀਦਾ। ਫਿਰ ਵੀ ਤੁਸੀਂ ਮਾਂ-ਜਾਏ ਹੋ। ਸਿਆਣਿਆਂ ਨੇ ਕਿਹਾ ਹੈ ਕਿ **ਪਾਣੀ ਵਿੱਚ ਸੋਟਾ ਮਾਰਿਆਂ ਪਾਣੀ ਦੋ ਨਹੀਂ ਹੋ ਜਾਂਦੇ।**"

39. **ਬਹਿ ਕੇ ਖਾਧਿਆਂ ਤਾਂ ਖੂਹ ਵੀ ਨਿਖੁੱਟ ਜਾਂਦੇ ਹਨ** : ਜੱਸੀ ਕੋਈ ਕੰਮ ਕਰਕੇ ਰਾਜ਼ੀ ਨਹੀਂ। ਪਿਉ-ਦਾਦੇ ਤੋਂ ਮਿਲੀ ਜ਼ਮੀਨ ਦਾ ਠੇਕਾ ਲੈਂਦਾ ਹੈ ਤੇ ਖ਼ਰਚ ਦਿੰਦਾ ਹੈ। ਜਦੋਂ ਉਸ ਨੇ ਆਪਣੀ ਜ਼ਮੀਨ ਦਾ ਕੁਝ ਹਿੱਸਾ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਵੇਚ ਦਿੱਤਾ ਤਾਂ ਉਸ ਦੇ ਮਾਮਾ ਜੀ ਨੇ ਉਸ ਨੂੰ ਕਿਹਾ, "ਇਸ ਤਰ੍ਹਾਂ ਕਦੋਂ ਤੱਕ ਚੱਲੇਗਾ? **ਬਹਿ ਕੇ ਖਾਧਿਆਂ ਤਾਂ ਖੂਹ ਵੀ ਨਿਖੁੱਟ ਜਾਂਦੇ ਹਨ।**"

40. **ਬੇਗਾਨਾ ਮਹਿਲ ਵੇਖ ਕੇ ਆਪਣੀ ਕੁੱਲੀ ਨਹੀਂ ਢਾਹੀਦੀ** : ਕਾਲਜ ਵਿੱਚ ਪੜ੍ਹਦਾ ਜਗਬੀਰ ਆਪਣੇ ਪਿਤਾ ਜੀ ਨੂੰ ਕਹਿਣ ਲੱਗਿਆ, "ਬਾਪੂ ਜੀ! ਕਾਲਜ ਦੇ ਸਾਰੇ ਮੁੰਡੇ ਮੋਟਰ-ਸਾਈਕਲਾਂ 'ਤੇ ਆਉਂਦੇ ਨੇ, ਇਹ ਪੁਰਾਣਾ ਸਕੂਟਰ ਵੇਚ ਕੇ ਮੈਨੂੰ ਵੀ ਮੋਟਰ-ਸਾਈਕਲ ਲੈ ਦਿਓ।" ਉਸ ਦੇ ਬਾਪੂ ਜੀ ਨੇ ਕਿਹਾ, 'ਆਪਣਾ ਸਕੂਟਰ ਅਜੇ ਵਧੀਆ ਹੈ, ਆਪਾਂ ਨੂੰ ਅਜੇ ਹੋਰ ਬਥੇਰੇ ਖ਼ਰਚੇ ਨੇ, **ਐਵੇਂ ਬੇਗਾਨਾ ਮਹਿਲ ਵੇਖ ਕੇ ਆਪਣੀ ਕੁੱਲੀ ਨਹੀਂ ਢਾਹੀਦੀ।**'

41. **ਬਿੱਲੀ ਦੇ ਸਿਰ੍ਹਾਣੇ ਦੁੱਧ ਨਹੀਂ ਜੰਮਦਾ** : ਯਸ਼ ਦੇ ਮਾਸੀ ਜੀ ਉਸ ਲਈ ਚਾਕਲੇਟ ਲੈ ਕੇ ਆਏ ਤਾਂ ਯਸ਼ ਨੇ ਆਪਣੀ ਮੰਮੀ ਨੂੰ ਕਿਹਾ, "ਮੰਮੀ, ਇਹ ਚਾਕਲੇਟ ਕੱਲ੍ਹ ਨੂੰ ਮੇਰੇ ਟਿਫ਼ਨ ਵਿੱਚ ਪਾ ਦਿਓ।" ਦੂਜੇ ਦਿਨ ਸਵੇਰੇ ਜਦੋਂ ਉਸ ਦੀ ਮੰਮੀ ਨੇ ਫ਼ਰਿੱਜ ਵਿੱਚ ਵੇਖਿਆ ਤਾਂ ਚਾਕਲੇਟ ਉੱਥੇ ਨਹੀਂ ਸੀ। ਪੁੱਛਣ 'ਤੇ ਯਸ਼ ਨੇ ਦੱਸਿਆ ਕਿ ਉਹ ਤਾਂ ਉਸ ਨੇ ਰਾਤ ਹੀ ਖਾ ਲਿਆ ਸੀ। "ਮੈਨੂੰ ਪਹਿਲਾਂ ਹੀ ਪਤਾ ਸੀ ਕਿ ਬਿੱਲੀ ਦੇ ਸਿਰ੍ਹਾਣੇ ਦੁੱਧ ਨਹੀਂ ਜੰਮਦਾ," ਮੰਮੀ ਨੇ ਹੱਸਦਿਆਂ ਹੋਇਆਂ ਕਿਹਾ।

42. **ਭੱਜਦਿਆਂ ਨੂੰ ਵਾਹਣ ਇੱਕੋ-ਜਿਹੇ** : ਜਦੋਂ ਮੁੰਡੇ ਵਾਲ਼ਿਆਂ ਨੇ ਨੂੰਹ ਨੂੰ ਤੰਗ ਕਰਨਾ ਸ਼ੁਰੂ ਕੀਤਾ ਤਾਂ ਉਸ ਦੇ ਭਰਾਵਾਂ ਨੇ ਮੁੰਡੇ ਦੇ ਬਾਪ ਨੂੰ ਕਿਹਾ, "ਦੇਖੋ ਬਜ਼ੁਰਗੋ! ਸਾਡੀ ਕੁੜੀ ਨੂੰ ਤੰਗ ਨਾ ਕਰੋ। ਨਹੀਂ ਤਾਂ **ਭੱਜਦਿਆਂ ਨੂੰ ਵਾਹਣ ਇੱਕੋ-ਜਿਹੇ** ਨੇ, ਅਸੀਂ ਤਾਂ ਤੰਗ ਹੋਵਾਂਗੇ ਹੀ, ਤੁਸੀਂ ਵੀ ਤੰਗ ਹੋਵੋਗੇ।"

43. **ਭੰਡਾ-ਭੰਡਾਰੀਆ ਕਿੰਨਾ ਕੁ ਭਾਰ, ਇੱਕ ਮੁੱਠੀ ਚੁੱਕ ਲੈ ਦੂਜੀ ਤਿਆਰ** : ਗੁਰਮੁਖ ਸਿੰਘ ਨੇ ਅਜੇ ਦੋ ਮਹੀਨੇ ਪਹਿਲਾਂ ਆਪਣੀ ਛੋਟੀ ਭੈਣ ਦਾ ਵਿਆਹ ਕੀਤਾ ਹੈ। ਨਾਲ ਹੀ ਉਸ ਦੀ ਭੂਆ ਦੀ ਕੁੜੀ ਦਾ ਵਿਆਹ ਆ ਗਿਆ, ਪਹਿਲੀ ਨਾਨਕ- ਛੱਕ ਹੈ। ਕਬੀਲਦਾਰੀ ਵਿੱਚ ਇਸ ਤਰ੍ਹਾਂ ਹੀ ਚੱਲਦਾ ਰਹਿੰਦਾ ਹੈ, ਅਖੇ—ਭੰਡਾ-ਭੰਡਾਰੀਆ ਕਿੰਨਾ ਕੁ ਭਾਰ, ਇੱਕ ਮੁੱਠੀ ਚੁੱਕ ਲੈ ਦੂਜੀ ਤਿਆਰ।

**ਜਾਂ**

ਅੱਜ-ਕੱਲ੍ਹ ਨੌਕਰੀ ਕਰਦੀਆਂ ਇਸਤਰੀਆਂ ਸਵੇਰ ਤੋਂ ਲੈ ਕੇ ਦੇਰ ਰਾਤ ਤੱਕ ਇੱਕ ਤੋਂ ਪਿੱਛੋਂ ਦੂਜੇ ਕੰਮ ਵਿੱਚ ਰੁੱਝੀਆਂ ਰਹਿੰਦੀਆਂ ਹਨ। ਉਹਨਾਂ ਦਾ ਤਾਂ ਉਹ ਹਾਲ ਹੈ—**ਭੰਡਾ-ਭੰਡਾਰੀਆ ਕਿੰਨਾ ਕੁ ਭਾਰ, ਇੱਕ ਮੁੱਠੀ ਚੁੱਕ ਲੈ ਦੂਜੀ ਤਿਆਰ।**

44. **ਮੈਂ ਵੀ ਰਾਣੀ ਤੂੰ ਵੀ ਰਾਣੀ ਕੌਣ ਭਰੇਗਾ ਘਰ ਦਾ ਪਾਣੀ** : ਵੀਰਵੰਤੀ ਨੂੰ ਐਤਵਾਰ ਵਾਲ਼ੇ ਦਿਨ ਕਿਸੇ ਰਿਸ਼ਤੇਦਾਰ ਦੇ ਘਰ ਜਾਣਾ ਪਿਆ। ਦੁਪਹਿਰ ਤੱਕ ਜਦ ਉਹ ਵਾਪਸ ਘਰ ਪਹੁੰਚੀ ਤਾਂ ਘਰ ਦਾ ਸਾਰਾ ਕੰਮ ਖਿੱਲਰਿਆ ਪਿਆ ਸੀ। ਉਸ ਦੀ ਧੀ ਟੈਲੀਵੀਜ਼ਨ ਵੇਖ ਰਹੀ ਸੀ ਅਤੇ ਨੂੰਹ ਸੁੱਤੀ ਪਈ ਸੀ। ਵੀਰਵੰਤੀ ਨੇ

ਦੋਂਹਾਂ ਨੂੰ ਆਖਿਆ, "ਠੀਕ ਹੈ, ਤੁਸੀਂ ਦੋਵੇਂ ਕਮਾਊ ਹੋ ਪਰ ਆਪਣੇ ਘਰ ਦਾ ਕੰਮ ਕਰਨ ਦਾ ਕੋਈ ਮਿਹਣਾ ਨਹੀਂ ਹੁੰਦਾ। ਤੁਹਾਡਾ ਤਾਂ ਉਹ ਹਾਲ ਹੈ, **ਅਖੇ—ਮੈਂ ਵੀ ਰਾਣੀ ਤੂੰ ਵੀ ਰਾਣੀ ਕੌਣ ਭਰੇਗਾ ਘਰ ਦਾ ਪਾਣੀ।**"

45. **ਮਨ ਜੀਤੈ ਜਗੁ ਜੀਤੁ** : "ਕਾਕਾ, ਕੋਈ ਵੀ ਔਗੁਣ ਅਜਿਹਾ ਨਹੀਂ ਜਿਸ ਤੋਂ ਬਚਿਆ ਨਾ ਜਾ ਸਕੇ। ਬੱਸ, ਮਨ ਉੱਤੇ ਕਾਬੂ ਪਾਉਣ ਦੀ ਲੋੜ ਹੈ। ਗੁਰਬਾਣੀ ਦਾ ਕਥਨ ਹੈ—ਮਨ ਜੀਤੈ ਜਗੁ ਜੀਤੁ," ਸਮਾਜ ਵਿੱਚ ਫੈਲ ਰਹੇ ਨਸ਼ਿਆਂ ਦੇ ਕੋਹੜ ਤੋਂ ਸੁਚੇਤ ਕਰਦਿਆਂ ਪੁਸ਼ਪਿੰਦਰ ਦੇ ਦਾਦਾ ਜੀ ਨੇ ਉਸ ਨੂੰ ਕਿਹਾ।

46. **ਮਾਂਹਾਂ-ਮੋਠਾਂ ਵਿੱਚ ਕੋਈ ਵੱਡਾ-ਛੋਟਾ ਨਹੀਂ ਹੁੰਦਾ** : ਦਾਦੀ ਜੀ ਜਦੋਂ ਭਾਈਚਾਰਿਕ ਸਾਂਝ ਬਾਰੇ ਗੱਲ ਕਰਦੇ ਹਨ ਤਾਂ ਕਹਿੰਦੇ ਹਨ, ਭਾਈਚਾਰੇ ਵਿੱਚ ਸਾਰੇ ਬਰਾਬਰ ਹੀ ਹੁੰਦੇ ਹਨ, **ਮਾਂਹਾਂ-ਮੋਠਾਂ ਵਿੱਚ ਕੋਈ ਵੱਡਾ-ਛੋਟਾ ਨਹੀਂ ਹੁੰਦਾ**, ਪੈਸਿਆਂ ਦਾ ਕੀ ਹੈ, ਕਦੇ ਕਿਸੇ ਕੋਲ਼ ਚਾਰ ਪੈਸੇ ਵੱਧ ਹੁੰਦੇ ਹਨ, ਕਿਸੇ ਕੋਲ਼ ਚਾਰ ਘੱਟ।

47. **ਰਾਣੀ ਆਪਣੇ ਪੈਰ ਧੋਂਦੀ ਗੋਲੀ ਨਹੀਂ ਕਹਾਉਂਦੀ** : ਰਵਨੀਤ ਨੂੰ ਆਪਣੇ ਕਮਰੇ ਦੀ ਝਾੜ-ਪੂੰਝ ਕਰਦਿਆਂ ਵੇਖ ਕੇ ਉਸ ਦੀ ਸਹੇਲੀ ਨੇ ਕਿਹਾ, "ਤੇਰੇ ਪਾਪਾ ਤਾਂ ਅਫ਼ਸਰ ਨੇ ਤੇ ਤੁਹਾਡੇ ਘਰ ਨੌਕਰ ਵੀ ਨੇ ਫਿਰ ਵੀ ਤੂੰ ਕੰਮ ਕਿਉਂ ਕਰਦੀ ਹੈਂ?" ਰਵਨੀਤ ਨੇ ਹੱਸ ਕੇ ਕਿਹਾ, "ਮੈਨੂੰ ਆਪਣਾ ਕੰਮ ਆਪ ਕਰਕੇ ਸੰਤੁਸ਼ਟੀ ਮਿਲ਼ਦੀ ਹੈ, ਨਾਲ਼ੇ ਸਿਆਣਿਆਂ ਨੇ ਵੀ ਕਿਹਾ ਹੈ ਕਿ **ਰਾਣੀ ਆਪਣੇ ਪੈਰ ਧੋਂਦੀ ਗੋਲੀ ਨਹੀਂ ਕਹਾਉਂਦੀ।**"

48. **ਵਾਦੜੀਆਂ-ਸਜਾਦੜੀਆਂ ਨਿਭਣ ਸਿਰਾਂ ਦੇ ਨਾਲ਼** : ਰਮਿੰਦਰ ਨੂੰ ਸ਼ੁਰੂ ਤੋਂ ਹੀ ਦੇਰੀ ਨਾਲ਼ ਉੱਠਣ ਦੀ ਆਦਤ ਸੀ। ਹੁਣ ਉਸ ਨੂੰ ਨੌਕਰੀ ਮਿਲ਼ ਗਈ ਹੈ, ਉਹ ਆਪਣੇ ਦਫ਼ਤਰ ਵੀ ਅਕਸਰ ਲੇਟ ਹੀ ਪਹੁੰਚਦਾ ਹੈ। ਉਸ ਦਾ ਜਮਾਤੀ ਵੀ ਰਮਿੰਦਰ ਦੇ ਦਫ਼ਤਰ ਵਿੱਚ ਕੰਮ ਕਰਦਾ ਹੈ। ਇੱਕ ਦਿਨ ਉਸ ਨੇ ਰਮਿੰਦਰ ਨੂੰ ਕਿਹਾ, "ਜਾਪਦਾ ਹੈ ਕਿ ਤੂੰ ਅਜੇ ਤੱਕ ਸਕੂਲ ਤੇ ਕਾਲਜ ਵਾਲ਼ੀਆਂ ਆਦਤਾਂ ਛੱਡੀਆਂ ਨਹੀਂ, ਤੇਰਾ ਤਾਂ ਉਹ ਹਾਲ ਜਾਪਦਾ **ਹੈ, ਅਖੇ—ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ਼।**"

49. **ਵਿੱਦਿਆ ਵੀਚਾਰੀ ਤਾਂ ਪਰਉਪਕਾਰੀ** : ਦੋ ਦਹਾਕੇ ਪਹਿਲਾਂ ਸਾਡੇ ਪਿੰਡ ਵਿੱਚ ਸੀਨੀਅਰ ਸੈਕੰਡਰੀ ਸਕੂਲ ਬਣਿਆ ਸੀ ਜਿਸ ਵਿੱਚ ਸ. ਕਰਨੈਲ ਸਿੰਘ ਜੀ ਵਰਗੇ ਪ੍ਰਿੰਸੀਪਲ ਆਏ। ਉਹਨਾਂ ਨੇ ਸਾਡੇ ਪਿੰਡ ਵਿੱਚ ਵਿੱਦਿਆ ਦੀ ਅਜਿਹੀ ਜੋਤ ਜਗਾਈ ਕਿ ਅੱਜ ਸਾਡੇ ਪਿੰਡ ਨੂੰ ਪੜ੍ਹਿਆਂ-ਲਿਖਿਆਂ ਦਾ ਪਿੰਡ ਹੋਣ ਦਾ ਮਾਣ ਹੈ। ਉਹਨਾਂ ਦੀ ਪ੍ਰੇਰਨਾ ਨਾਲ਼ ਉਚੇਰੀ ਸਿੱਖਿਆ ਪ੍ਰਾਪਤ ਕਰਕੇ ਬਹੁਤ ਸਾਰੇ ਲੋਕ ਉੱਚੇ ਅਹੁਦਿਆਂ 'ਤੇ ਪਹੁੰਚੇ ਹਨ ਅਤੇ ਪਿੰਡ ਤਰੱਕੀ ਦੀਆਂ ਸਿਖਰਾਂ ਛੂਹ ਰਿਹਾ ਹੈ। ਉਹਨਾਂ ਨੇ ਤਾਂ **ਵਿੱਦਿਆ ਵੀਚਾਰੀ ਤਾਂ ਪਰਉਪਕਾਰੀ** ਦਾ ਵਾਕ ਸੱਚ ਕਰ ਵਿਖਾ ਦਿੱਤਾ ਹੈ।

50. **ਵੇਲ਼ੇ ਦੀ ਨਮਾਜ਼ ਕੁਵੇਲ਼ੇ ਦੀਆਂ ਟੱਕਰਾਂ** : ਸੁਖਦੇਵ ਸਾਰਾ ਸਾਲ ਤਾਂ ਪੜ੍ਹਿਆ ਨਹੀਂ। ਹੁਣ ਜਦੋਂ ਇਮਤਿਹਾਨ ਸਿਰ 'ਤੇ ਆ ਗਏ ਹਨ ਤਾਂ ਕਦੇ ਉਹ ਆਪਣੇ ਜਮਾਤੀਆਂ ਤੋਂ ਨੋਟਸ ਮੰਗਦਾ ਫਿਰ ਰਿਹਾ ਹੈ ਤੇ ਕਦੇ ਅਧਿਆਪਕਾਂ ਤੋਂ ਮਹੱਤਵਪੂਰਨ ਪ੍ਰਸ਼ਨ ਪੁੱਛਣ ਲਈ ਜਾ ਰਿਹਾ ਹੈ। ਉਸ ਦੀ ਹਾਲਤ ਵੇਖ ਕੇ ਉਸ ਦੇ ਇੱਕ ਜਮਾਤੀ ਨੇ ਕਿਹਾ, "ਇੰਨੇ ਥੋੜ੍ਹੇ ਸਮੇਂ ਵਿੱਚ ਹੁਣ ਤੂੰ ਕੀ-ਕੀ ਪੜ੍ਹ ਲਵੇਂਗਾ, ਸਿਆਣਿਆਂ ਨੇ ਠੀਕ ਹੀ ਕਿਹਾ ਹੈ—ਵੇਲ਼ੇ ਦੀ **ਨਮਾਜ਼ ਕੁਵੇਲ਼ੇ ਦੀਆਂ ਟੱਕਰਾਂ।**"

## ਅਭਿਆਸ ਲਈ ਹੋਰ ਅਖਾਉਤਾਂ

1. **ਉੱਖਲੀ ਵਿੱਚ ਸਿਰ ਦਿੱਤਾ ਤਾਂ ਮੋਹਲਿਆਂ ਦਾ ਕੀ ਡਰ**—(ਜਦੋਂ ਇਹ ਦੱਸਣਾ ਹੋਵੇ ਕਿ ਔਖਾ ਕੰਮ ਅਰੰਭ ਕਰ ਕੇ ਉਸ ਦੀਆਂ ਔਕੜਾਂ ਤੋਂ ਡਰਨਾ ਨਹੀਂ ਚਾਹੀਦਾ)।

2. **ਆਪਣੀ ਅਕਲ ਤੇ ਪਰਾਇਆ ਧਨ ਬਹੁਤਾ ਹੀ ਜਾਪਦਾ ਹੈ**— (ਜਦੋਂ ਇਹ ਦੱਸਣਾ ਹੋਵੇ ਕਿ ਹਰ ਕੋਈ ਆਪਣੇ ਆਪ ਨੂੰ ਦੂਜਿਆਂ ਨਾਲੋਂ ਸਿਆਣਾ ਸਮਝਦਾ ਹੈ ਪਰ ਧਨ ਦੇ ਸੰਬੰਧ ਵਿੱਚ ਦੂਜੇ ਉਸ ਨੂੰ ਅਮੀਰ ਲੱਗਦੇ ਹਨ।

3. **ਆਪਣਾ ਮਾਰੇਗਾ ਤਾਂ ਛਾਂਵੇਂ ਹੀ ਸੁੱਟੇਗਾ**—(ਆਪਣੇ ਅਤੇ ਪਰਾਏ ਦੇ ਵਿਹਾਰ ਵਿਚਲਾ ਅੰਤਰ ਦੱਸਣਾ)

4. **ਅੰਨ੍ਹਾ ਵੰਡੇ ਰਿਓੜੀਆਂ ਮੁੜ-ਮੁੜ ਆਪਣਿਆਂ ਨੂੰ**—(ਮਹੱਤਵਪੂਰਨ ਅਹੁਦਿਆਂ 'ਤੇ ਬੈਠ ਕੇ ਆਪਣੀ ਤਾਕਤ ਦਾ ਲਾਭ ਆਪਣੇ ਮਿੱਤਰ-ਸੰਬੰਧੀਆਂ ਨੂੰ ਪਹੁੰਚਾਉਣਾ)।

5. **ਇੱਕ ਅਨਾਰ ਸੌ ਬਿਮਾਰ** (ਜਦੋਂ ਚੀਜ਼ ਘੱਟ ਹੋਵੇ ਅਤੇ ਉਸ ਦੀ ਮੰਗ ਕਰਨ ਵਾਲ਼ੇ ਬਹੁਤੇ ਹੋਣ ਤਾਂ ਕਹਿੰਦੇ ਹਨ।)

6. **ਇੱਕ ਦਰ ਬੰਦ ਸੌ ਦਰ ਖੁੱਲ੍ਹਾ**—(ਹਮੇਸ਼ਾਂ ਆਸਵੰਦ ਰਹਿਣ ਦਾ ਉਪਦੇਸ਼)।

7. **ਕੁੱਤੇ ਭੌਂਕਦੇ ਰਹਿੰਦੇ ਹਨ, ਹਾਥੀ ਲੰਘ ਜਾਂਦੇ ਹਨ**—(ਜਦੋਂ ਇਹ ਦੱਸਣਾ ਹੋਵੇ ਕਿ ਕੰਮ ਕਰਨ ਵਾਲ਼ੇ ਬੰਦੇ ਕਿਸੇ ਦੀ ਨੁਕਤਾਚੀਨੀ ਦੀ ਕੋਈ ਪਰਵਾਹ ਨਹੀਂ ਕਰਦੇ ਤਾਂ ਕਹਿੰਦੇ ਹਨ।)

8. **ਗੱਲ ਕਹਿੰਦੀ ਤੂੰ ਮੈਨੂੰ ਮੂੰਹੋ ਕੱਢ, ਮੈਂ ਤੈਨੂੰ ਪਿੰਡੋਂ ਕਢਾਉਂਦੀ ਹਾਂ**—(ਸੋਚ ਸਮਝ ਕੇ ਬੋਲਣ ਦੀ ਮਹੱਤਤਾ ਬਾਰੇ)

9. **ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ**—(ਘਰ ਦੀ ਮੁਰਗੀ ਦਾਲ਼ ਬਰਾਬਰ)

10. **ਤੂੰ ਮੇਰਾ ਮੁੰਡਾ ਖਿਡਾ, ਮੈਂ ਤੇਰੀ ਖੀਰ ਖਾਨੀ ਆਂ**—(ਜਦੋਂ ਕੋਈ ਕਿਸੇ ਤੋਂ ਕੰਮ ਵੀ ਲਵੇ ਅਤੇ ਉਲਟਾ ਉਸ ਦਾ ਨੁਕਸਾਨ ਵੀ ਕਰੇ।)

### ਅਭਿਆਸ

1. **ਵਸਤੂਨਿਸ਼ਠ ਪ੍ਰਸ਼ਨ :**

ਹੇਠ ਲਿਖੀਆਂ ਅਖਾਉਤਾਂ ਵਿੱਚ ਸਹੀ ਸ਼ਬਦ ਭਰ ਕੇ ਅਖਾਉਤ ਪੂਰੀ ਕਰੋ:

(ੳ) ਅਸ਼ਰਫ਼ੀਆਂ ਦੀ ਲੁੱਟ ਤੇ ---- 'ਤੇ ਮੋਹਰਾਂ।

(ਅ) ਸੱਚੇ ਮਾਰਗ ਚੱਲਦਿਆਂ ---- ਕਰੇ ਜਹਾਨ।

(ੲ) ---- ਲੱਗੇ ਨਾ ਫਟਕੜੀ ਰੰਗ ਚੋਖਾ ਆਵੇ।

(ਸ) ਨਵਾਂ ਨੌਂ ਦਿਨ ---- ਸੌ ਦਿਨ।

(ਹ) ---- ਨੂੰ ਵਾਹਣ ਇੱਕੋ-ਜਿਹੇ।

(ਕ) ਵਾਦੜੀਆਂ-ਸਜਾਦੜੀਆਂ ਨਿਭਣ---- ਦੇ ਨਾਲ਼।

(ਖ) ਇੱਕ ਅਨਾਰ ---- ਬਿਮਾਰ।

(ਗ) ਘਰ ਦਾ ---- ਜੋਗੜਾ ਬਾਹਰ ਦਾ ਜੋਗੀ ਸਿੱਧ।

2. ਹੇਠ ਲਿਖੀਆਂ ਅਖਾਉਤਾਂ ਨੂੰ ਵਾਕਾਂ ਵਿੱਚ ਵਰਤੋ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ:

(ੳ) ਅਸ਼ਰਫ਼ੀਆਂ ਦੀ ਲੁੱਟ ਤੇ ਕੋਲਿਆਂ 'ਤੇ ਮੋਹਰਾਂ

(ਅ) ਆਦਰ ਤੇਰੀ ਚਾਦਰ ਨੂੰ, ਬਹਿਣਾ ਤੇਰੇ ਗਹਿਣੇ ਨੂੰ

(ੲ) ਇੱਕ ਚੁੱਪ ਤੇ ਸੌ ਸੁੱਖ

(ਸ) ਹੱਥ ਨੂੰ ਹੱਥ ਧੋਂਦਾ ਹੈ

(ਹ) ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆਵੇ

(ਕ) ਸ੍ਵੈ-ਭਰੋਸਾ ਵੱਡਾ ਤੋਸਾ

(ਖ) ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ

(ਗ) ਗਿੱਦੜ ਦੀ ਮੌਤ ਆਉਂਦੀ ਹੈ ਤਾਂ ਉਹ ਸ਼ਹਿਰ ਵੱਲ ਭੱਜਦਾ ਹੈ

(ਘ) ਜਾਂਦੇ ਚੋਰ ਦੀ ਲੰਗੋਟੀ ਹੀ ਸਹੀ

(ਙ) ਠੂਠਾ ਫੁੱਟ ਕੇ ਛੰਨਾ ਮਿਲਿਆ

*******

# ਤੀਜਾ ਭਾਗ

# ਕਵਿਤਾਵਾਂ ਅਤੇ ਕਹਾਣੀਆਂ

# ਭਾਈ ਵੀਰ ਸਿੰਘ

(1872-1957 ਈ.)

ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਮੰਨੇ ਜਾਂਦੇ ਹਨ। ਆਪ ਇੱਕ ਸਰਬਾਂਗੀ ਸਾਹਿਤਕਾਰ ਸਨ। ਆਪ ਦਾ ਜਨਮ ਅੰਮ੍ਰਿਤਸਰ ਵਿਖੇ ਡਾ. ਚਰਨ ਸਿੰਘ ਦੇ ਘਰ ਹੋਇਆ। ਆਪ ਨੇ ਦਸਵੀਂ ਦੀ ਪਰੀਖਿਆ ਪਾਸ ਕਰਨ ਉਪਰੰਤ ਕਿਸੇ ਕਾਲਜ ਵਿੱਚ ਪੜ੍ਹਾਈ ਕਰਨ ਦੀ ਥਾਂ ਸ੍ਵੈ-ਅਧਿਐਨ ਰਾਹੀਂ ਹੀ ਭਾਰਤੀ ਅਤੇ ਵਿਦੇਸ਼ੀ ਸਾਹਿਤ ਪੜ੍ਹਿਆ।

ਭਾਈ ਵੀਰ ਸਿੰਘ ਤੋਂ ਪਹਿਲਾਂ ਕਵਿਤਾ ਰਵਾਇਤੀ ਛੰਦ ਵਿੱਚ ਹੀ ਲਿਖੀ ਜਾਂਦੀ ਸੀ। ਭਾਈ ਵੀਰ ਸਿੰਘ ਨੇ ਛੋਟੀਆਂ ਕਵਿਤਾਵਾਂ ਵੱਖ-ਵੱਖ ਤੋਲ-ਤੁਕਾਂਤ ਅਤੇ ਛੰਦਾਂ ਵਿੱਚ ਲਿਖ ਕੇ ਪੰਜਾਬੀ ਕਵਿਤਾ ਵਿੱਚ ਇੱਕ ਨਵਾਂ ਨਿਖਾਰ ਲਿਆਂਦਾ ਪਰ ਫਿਰ ਵੀ ਉਹਨਾਂ ਦੇ ਪ੍ਰਗਟਾਅ ਵਿੱਚ ਨਵੀਨਤਾ ਹੈ। ਆਪ ਦੀ ਕਵਿਤਾ ਵਿੱਚ ਪ੍ਰਕਿਰਤੀ-ਚਿਤਰਨ, ਦੇਸ-ਪਿਆਰ ਦਾ ਜਜ਼ਬਾ, ਵਲਵਲੇ ਅਤੇ ਸੰਗੀਤ ਦਾ ਪ੍ਰਗਟਾਅ ਆਦਿ ਵਿਸ਼ੇਸ਼ ਗੁਣ ਹਨ। ਇਸ ਤਰ੍ਹਾਂ ਆਪ ਨੇ ਪੰਜਾਬੀ ਕਵਿਤਾ ਨੂੰ ਵਿਸ਼ੇ ਅਤੇ ਰੂਪ ਦੋਹਾਂ ਪੱਖਾਂ ਤੋਂ ਹੀ ਆਧੁਨਿਕ ਲੀਹਾਂ ਉੱਤੇ ਤੋਰਿਆ।

ਹਥਲੇ ਕਾਵਿ-ਸੰਗ੍ਰਹਿ ਵਿੱਚ ਆਪ ਦੀ ਕਵਿਤਾ 'ਟੁਕੜੀ ਜਗ ਤੋਂ ਨਯਾਰੀ' ਸ਼ਾਮਲ ਕੀਤੀ ਗਈ ਹੈ। ਇਸ ਕਵਿਤਾ ਵਿੱਚ ਭਾਈ ਵੀਰ ਸਿੰਘ ਨੇ ਕਸ਼ਮੀਰ ਦੀ ਜਗਤ-ਪ੍ਰਸਿੱਧ ਨਵੇਕਲ਼ੀ ਸੁੰਦਰਤਾ ਦਾ ਵਰਣਨ ਕੀਤਾ ਹੈ।

### ਟੁਕੜੀ ਜਗ ਤੋਂ ਨਯਾਰੀ

ਅਰਸ਼ਾਂ ਦੇ ਵਿੱਚ 'ਕੁਦਰਤ ਦੇਵੀ'
ਸਾਨੂੰ ਨਜ਼ਰੀਂ ਆਈ।
ਹੁਸਨ-ਮੰਡਲ ਵਿੱਚ ਖੜ੍ਹੀ ਖੇਡਦੀ,
ਖ਼ੁਸ਼ੀਆਂ ਛਹਿਬਰ ਲਾਈ।
ਦੌੜੀ ਨੇ ਇੱਕ ਮੁੱਠ ਭਰ ਲੀਤੀ,
ਇਸ ਵਿੱਚ ਕੀ-ਕੀ ਆਇਆ :
ਪਰਬਤ, ਟਿੱਬੇ ਅਤੇ ਕਰੇਵੇ *
ਵਿੱਚ ਮੈਦਾਨ ਸੁਹਾਇਆ।
ਚਸ਼ਮੇ, ਨਾਲ਼ੇ, ਨਦੀਆਂ, ਝੀਲਾਂ,
ਨਿੱਕੇ ਜਿਵੇਂ ਸਮੁੰਦਰ।
ਠੰਢੀਆਂ ਛਾਂਵਾਂ, ਮਿੱਠੀਆਂ ਹਵਾਵਾਂ,
ਬਨ ਬਾਗ਼ਾਂ ਜਿਹੇ ਸੁੰਦਰ।
ਬਰਫ਼ਾਂ, ਮੀਂਹ, ਧੁੱਪਾਂ ਤੇ ਬੱਦਲ਼,

* ਕਸ਼ਮੀਰ ਵਿੱਚ ਉਚੇਰੇ ਟਿੱਬਿਆਂ ਦੀਆਂ ਪੱਧਰਾਂ ਨੂੰ ਕਰੇਵਾ ਆਖਦੇ ਹਨ।

ਰੁੱਤਾਂ ਮੇਵੇ ਪਯਾਰੇ।
ਅਰਸ਼ੀ ਨਾਲ਼ ਨਜ਼ਾਰੇ ਆਏ,
ਉਸ ਮੁੱਠੀ ਵਿੱਚ ਸਾਰੇ।
ਸੁਹਣੀ ਨੇ ਅਸਮਾਨ ਖੜੋ ਕੇ,
ਧਰਤੀ ਵੱਲ ਤਕਾ ਕੇ।
ਇੱਹ ਮੁੱਠੀ ਘੋਲ੍ਹੀ ਤੇ ਸੁੱਟਿਆ,
ਸਭ ਕੁਝ ਹੇਠ ਤਕਾ ਕੇ।
ਜਿਸ ਥਾਂਵੇਂ ਧਰਤੀ 'ਤੇ ਆ ਕੇ,
ਇਹ ਮੁੱਠ ਡਿੱਗੀ ਸਾਰੀ।
ਓਸ ਥਾਂਉਂ 'ਕਸ਼ਮੀਰ' ਬਣ ਗਿਆ,
ਟੁਕੜੀ ਜਗ ਤੋਂ ਨਯਾਰੀ।
ਹੈ ਧਰਤੀ ਪਰ 'ਛੁਹ ਅਸਮਾਨੀ',
ਸੁੰਦਰਤਾ ਵਿੱਚ ਲਿਸ਼ਕੇ।
ਧਰਤੀ ਦੇ ਰਸ, ਸ੍ਵਾਦ, ਨਜ਼ਾਰੇ,
'ਰਮਜ਼ ਅਰਸ਼' ਦੀ ਚਮਕੇ।

## ਪਾਠ-ਅਭਿਆਸ

1. **ਵਸਤੂਨਿਸ਼ਠ ਪ੍ਰਸ਼ਨ :**
   (ੳ) 'ਟੁਕੜੀ ਜਗ ਤੋਂ ਨਯਾਰੀ' ਕਵਿਤਾ ਦੇ ਕਵੀ ਦਾ ਨਾਂ ਦੱਸੋ।
   (ਅ) ਤੁਹਾਡੀ ਪਾਠ-ਪੁਸਤਕ ਵਿੱਚ ਸ਼ਾਮਲ ਭਾਈ ਵੀਰ ਸਿੰਘ ਦੀ ਕਵਿਤਾ ਦਾ ਨਾਂ ਲਿਖੋ।
   (ੲ) ਇਸ ਕਵਿਤਾ ਵਿੱਚ ਖ਼ੁਸ਼ੀਆਂ ਨੇ ਕਿੱਥੇ ਛਹਿਬਰ ਲਾਈ ਹੈ ? (ਧਰਤੀ/ਕਸ਼ਮੀਰ)
   (ਸ) ਇਸ ਕਵਿਤਾ ਵਿੱਚ ਚਸ਼ਮੇ, ਨਾਲ਼ੇ, ਨਦੀਆਂ ਅਤੇ ਸਮੁੰਦਰ ਕਿਸ ਤਰ੍ਹਾਂ ਜਾਪ ਰਹੇ ਸਨ ?
   (ਹ) ਇਸ ਕਵਿਤਾ ਅਨੁਸਾਰ ਮੁੱਠੀ ਵਿੱਚ ਕੀ ਆਇਆ ?
   (ਕ) "ਓਸ ਥਾਂਉਂ 'ਕਸ਼ਮੀਰ' ਬਣ ਗਿਆ ........ਜਗ ਤੋਂ ਨਯਾਰੀ।" ਇਸ ਸਤਰ ਨੂੰ ਪੂਰਾ ਕਰੋ।
2. **'ਟੁਕੜੀ ਜਗ ਤੋਂ ਨਯਾਰੀ' ਕਵਿਤਾ ਦਾ ਕੇਂਦਰੀ ਭਾਵ ਲਿਖੋ।**

*******

# ਪ੍ਰੋ. ਪੂਰਨ ਸਿੰਘ

(1881-1933 ਈ :)

ਪ੍ਰੋ. ਪੂਰਨ ਸਿੰਘ ਨੇ ਪੰਜਾਬੀ ਸਾਹਿਤ ਵਿੱਚ ਛੰਦ-ਮੁਕਤ ਕਵਿਤਾ ਲਿਖਣ ਦੀ ਪਹਿਲ ਕੀਤੀ। ਆਪ ਦਾ ਜਨਮ ਪਿੰਡ ਸਲਹੜ ਜ਼ਿਲ੍ਹਾ ਐਬਟਾਬਾਦ (ਪਾਕਿਸਤਾਨ) ਵਿੱਚ ਸ. ਕਰਤਾਰ ਸਿੰਘ ਦੇ ਘਰ ਹੋਇਆ। ਆਪ ਨੇ ਟੋਕੀਓ ਯੂਨੀਵਰਸਿਟੀ, ਜਪਾਨ ਤੋਂ ਵਿਗਿਆਨ ਅਤੇ ਦਰਸ਼ਨ ਵਿੱਚ ਉੱਚ-ਵਿੱਦਿਆ ਪ੍ਰਾਪਤ ਕੀਤੀ। ਜਪਾਨ ਵਿੱਚ ਆਪ ਨੂੰ ਉੱਥੋਂ ਦੇ ਵਾਤਾਵਰਨ ਅਤੇ ਬੋਧੀ ਸੱਭਿਅਤਾ ਨੇ ਪ੍ਰਭਾਵਿਤ ਕੀਤਾ ਅਤੇ ਆਪ ਬੋਧੀ ਬਣ ਗਏ। ਫਿਰ ਸੁਆਮੀ ਰਾਮ ਤੀਰਥ ਦੇ ਪ੍ਰਭਾਵ ਅਧੀਨ ਆਪ ਵੇਦਾਂਤੀ ਬਣੇ ਪਰ ਅਖੀਰ ਵਿੱਚ ਭਾਈ ਵੀਰ ਸਿੰਘ ਦੇ ਮਿਲਾਪ ਅਤੇ ਗੁਰਮਤਿ ਦੀ ਪ੍ਰੇਰਨਾ ਸਦਕਾ ਆਪ ਨੇ ਫਿਰ ਤੋਂ ਸਿੱਖ ਧਰਮ ਵਿੱਚ ਪ੍ਰਵੇਸ਼ ਕੀਤਾ। ਇਸ ਕਰਕੇ ਹੀ ਆਪ ਦੀ ਰਚਨਾ ਉੱਤੇ ਗੁਰਮਤਿ ਦੇ ਨਾਲ਼-ਨਾਲ਼ ਬੁੱਧ ਮਤ ਅਤੇ ਵੇਦਾਂਤ ਦਾ ਪ੍ਰਭਾਵ ਵੀ ਹੈ।

ਪ੍ਰੋ. ਪੂਰਨ ਸਿੰਘ ਨੇ ਪੂਰਬੀ ਅਤੇ ਪੱਛਮੀ ਸਾਹਿਤ ਦਾ ਅਧਿਐਨ ਕੀਤਾ ਅਤੇ ਪੰਜਾਬੀ ਤੋਂ ਇਲਾਵਾ ਅੰਗਰੇਜ਼ੀ ਵਿੱਚ ਵੀ ਪੁਸਤਕਾਂ ਲਿਖੀਆਂ। ਪ੍ਰੋ. ਪੂਰਨ ਸਿੰਘ ਦੀ ਰਚਨਾ ਦਾ ਮੂਲ ਭਾਵੇਂ ਅਧਿਆਤਮਿਕ ਸੀ ਪਰ ਇਹ ਅਧਿਆਤਮਵਾਦ ਬੜਾ ਵਿਸ਼ਾਲ ਅਤੇ ਡੂੰਘੇਰਾ ਹੈ। ਖੁੱਲ੍ਹੇ-ਡੁੱਲ੍ਹੇ ਸੁਭਾਅ ਅਤੇ ਸੁਤੰਤਰ ਸ਼ਖ਼ਸੀਅਤ ਦੇ ਮਾਲਕ ਹੋਣ ਕਰਕੇ ਪ੍ਰੋ. ਪੂਰਨ ਸਿੰਘ ਨੇ ਤੋਲ-ਤੁਕਾਂਤ ਅਤੇ ਛੰਦ ਦੀ ਬੰਦਸ਼ ਨੂੰ ਵੀ ਠੁਕਰਾ ਦਿੱਤਾ ਅਤੇ ਸੈਲਾਨੀ ਛੰਦ ਵਿੱਚ ਕਵਿਤਾ ਰਚੀ। ਆਪ ਦੀ ਕਵਿਤਾ ਵਿੱਚ ਲੈਅ ਅਤੇ ਵਲਵਲੇ ਦਾ ਵੇਗ ਹੈ। ਆਪ ਨੇ ਪੰਜਾਬ ਦੀ ਧਰਤੀ ਅਤੇ ਪੰਜਾਬੀ ਸੱਭਿਆਚਾਰ ਦਾ ਬੜਾ ਸੁਚੱਜਾ ਅਤੇ ਭਰਪੂਰ ਚਿੱਤਰ ਪੇਸ਼ ਕੀਤਾ ਹੈ। ਆਪ ਨੇ ਪੰਜਾਬ ਦੇ ਕਣ-ਕਣ ਨਾਲ਼ ਡੂੰਘੀ ਸਾਂਝ ਅਤੇ ਅਤੁੱਟ ਪਿਆਰ ਦਰਸਾਇਆ ਹੈ। ਬੀਤ ਚੁੱਕੇ ਸਮੇਂ ਵਿੱਚ ਉਹਨਾਂ ਨੂੰ ਸੁਨਹਿਰੀ ਸਮਾਂ ਦਿਖਾਈ ਦੇਂਦਾ ਹੈ ਅਤੇ ਨਵੀਂ ਸੱਭਿਅਤਾ ਦੀ ਰੋਸ਼ਨੀ ਚੰਗੀ ਨਹੀਂ ਲੱਗਦੀ ਇਸੇ ਕਰਕੇ ਉਹ ਪੁਰਾਣੇ ਪੰਜਾਬ ਨੂੰ ਅਵਾਜ਼ਾਂ ਮਾਰਦਾ ਹੈ।

### ਪੁਰਾਣੇ ਪੰਜਾਬ ਨੂੰ ਅਵਾਜ਼ਾਂ

ਉਹ ਪੁਰਾਣਾ ਅਦਬ ਤੇ ਹਿਰਸ ਨਾਂਹ।<br>
ਉਹ ਪ੍ਰੀਤ ਦੀਆਂ ਪੀਡੀਆਂ ਪੀਡੀਆਂ ਗੰਢਾਂ।।<br>
ਉਹ ਕੁੜੀਆਂ ਦੇ ਚਾਅ, ਤ੍ਰਿੰਞਣਾਂ ਦੇ ਗਾਵਨ ਕਿੱਥੇ,<br>
ਉਹ ਸ਼ਰੀਕਾਂ ਦੀ ਆਬ ਵਾਲ਼ੀ ਗੱਲ ਸਾਰੀ ਗਈ ਆਈ,<br>
ਉਹ ਖ਼ਾਤਰਾਂ ਤੇ ਸੇਵਾਵਾਂ, ਕੁਰਬਾਨੀਆਂ ਤੇ ਜਰਨੇ, ਜਿਗਰੇ ਤੇ ਹੌਸਲੇ,<br>
ਉਹ ਰੋਟੀਆਂ ਤੇ ਮਹਿਫ਼ਲਾਂ, ਉਹ ਡੂੰਘੀ-ਡੂੰਘੀ ਸ਼ਰਮਾਂ, ਸ਼ਰਾਫ਼ਤ,<br>
ਉਹ ਕਿੱਥੇ ?

... .... .... .... .... ....

ਇੱਕ ਪੜ੍ਹੇ ਨੌਜਵਾਨ ਨੂੰ ਮੈਂ ਪੁੱਛਿਆ,<br>
ਉਹ ਸਾਡੇ ਅਨਪੜ੍ਹਾਂ ਦਾ ਪੁਰਾਣਾ, ਗਠੀਲਾ, ਅਣਟੁੱਟ ਜਿਹਾ<br>
ਭਾਈਚਾਰਾ ਕਿੱਥੇ ?

ਹਿੱਤ ਕਿੱਥੇ ? ਪਿਆਰ ਕਿੱਥੇ ? ਉਹ ਸਾਡਾ ਹੱਸ ਬੋਲਣਾ
ਗਵਾਚ ਗਿਆ ਕਿੱਥੇ ?
ਦਿਲ, ਜ਼ੋਰ, ਮਿੱਠਤ ਕਿੱਥੇ ? ਮਿਲਤ ਕਿੱਥੇ ? ਉਹ ਬਾਂਹਾਂ ਦਾ ਮਾਣ
ਜ਼ੋਰ ਸਾਰਾ ?
ਸੱਸਾਂ ਦੇ ਉਹ ਸਮੁੰਦਰਾਂ ਵਰਗੇ ਦਿਲ ਕਿੱਥੇ ?
ਨੂੰਹਾਂ, ਧੀਆਂ ਦੀ ਲਿਹਾਜ਼ ਦੀ ਸੱਭਿਅਤਾ,
ਜਵਾਈਆਂ ਦੀ ਪੁਰਾਣੀ ਮੋਤੀਆਂ ਵਰਗੀ ਆਬ ਕਿੱਥੇ ?
ਸਜ-ਵਿਆਹੀਆਂ ਦਾ ਉਹ ਆਦਰ, ਭਾ, ਸ਼ਿੰਗਾਰ ਤੇ ਸੰਭਾਰ ਕਿੱਥੇ,
ਲਾਡ ਤੇ ਮੁਰਾਦਾਂ ?
ਸਾਲੂ ਕਿੱਥੇ, ਬਾਗ਼ ਤੇ ਫੁਲਕਾਰੀਆਂ,
ਉਹ ਮਹਿੰਦੀ ਦਾ ਰੰਗ ਸੁਹਾਗ ਦਾ,
ਉਹ ਹੱਥ ਪੈਰ ਰੰਗੇ, ਉਹ ਤਿੱਲੇਦਾਰ ਜੁੱਤੀਆਂ !

... .... .... .... .... ....

ਭਰਾਵਾ ! ਇਹ ਪੁਰਾਣੀ ਬੁੱਢੀ ਜਿਹੀ ਸੱਭਿਅਤਾ,
ਦਰਿਆਵਾਂ ਝਨਾਵਾਂ ਦੇ ਫੇਰ ਵਾਲ਼ੀ, ਦੂਰੋਂ ਆਈ, ਦੂਰ ਜਾਂਦੀ,
ਬਿਰਾਦਰੀਆਂ ਦਾ ਮਿਲ਼-ਮਿਲ਼ ਜੀਣਾ ਕਿੱਥੇ ?
ਉਹ ਸਦੀਆਂ ਦੀ ਬੋਹੜ ਕਿਸ ਵੱਢੀ,
ਉਹ ਪੁਰਾਣਾ ਪਿੱਪਲ਼ ਕਿੱਥੇ ਉੱਡ ਗਿਆ ?
ਹਵਾ ਆਈ, ਝੱਖੜ ਆਇਆ, ਉਹ ਕਿਸ ਗੇਰਿਆ ?
ਉਹ ਜੰਗਲ਼ ਜ਼ਰੂਰ ਸੀ, ਪੁਰਾਣਾ ਦੰਦ-ਕੱਢਿਆ, ਗੰਭੀਰ ਸੀ,
ਮੰਨਿਆ, ਭਾਂਤ ਭਾਂਤ ਬੋਲੀਆਂ ਤੇ ਖ਼ਿਆਲ ਸੀ, ਅਸੀਂ ਅਨਜਾਣ ਸੇ,
ਇੱਕੋ-ਜਿਹੇ ਸਿੱਧੇ-ਸਾਦੇ, ਕੰਮ ਕਰਨ ਵਾਲ਼ੇ ਹੱਡ ਸੇ,
ਤੇ ਇੱਕ ਅੱਧ ਖ਼ਿਆਲ ਕੋਈ ਸੁਣਿਆ, ਮੰਨਿਆ ਅਸਾਂ ਲਈ ਬੱਸ ਸੀ,
ਉਸੇ ਵਿੱਚ ਬਹਿੰਦੇ, ਉੱਠਦੇ, ਜੀਂਦੇ, ਜਾਗਦੇ, ਉਹੋ, ਇੱਕ ਖ਼ਿਆਲ
ਸਾਡੀ ਜਿੰਦ ਜਾਨ ਸੀ !

... .... .... .... .... ....

ਬਿਉਪਾਰ ਅਸੀਂ ਕਰਦੇ ਸੀ ਸੁੱਚਾ ਸੁਥਰਾ,
ਕਾਹਲ਼ੀ ਵਿੱਚ ਅਮੀਰ ਹੋਣ ਨੂੰ ਨਿੰਦਦੇ,
ਇੱਕ ਰੱਬੀ ਜੋੜ-ਮੇਲ ਜਾਣ ਕੁਲ ਦੁਨੀਆਂ ਦੀ ਸੇਵਾ ਕਰਦੇ,
ਇਹ ਚਾਂਦੀ ਦੀਆਂ ਠੀਕਰਾਂ ਕਦੀ ਨਾਂਹ ਸਾਡਾ ਰੱਬ ਸੀ।
ਵਲਾਇਤਾਂ ਜਾਂਦੇ, ਕਾਬਲ, ਕੰਧਾਰ, ਬੁਖ਼ਾਰੇ,
ਸਫ਼ਰ ਝਾਗਦੇ, ਜਫ਼ਰ ਜਾਲ਼ਦੇ, ਸਫ਼ਰ ਸਾਡਾ ਦਿਨ ਰਾਤ ਸੀ,

ਸੋਹਣੇ ਉਨਰਾਂ ਦੇ ਕੰਮ ਬਣੇ ਦੇਸ ਆਪਣੇ ਨੂੰ ਆਣਦੇ।
ਪਹਿਨਣ ਵਾਲ਼ਿਆਂ ਤੇ ਬਨਾਣ ਵਾਲ਼ਿਆਂ, ਦੋਂਹਾਂ ਦੇ ਸ਼ਗਨ ਮਨਾਂਦੇ,
ਦੋਏ ਧਿਰਾਂ ਜੀਣ, ਵੱਸਣ ਤੇ ਥੀਣ, ਅਸੀਂ ਰੋਟੀਆਂ ਪਏ ਖਾਂਵਦੇ,
ਲੱਦੇ ਜਾਂਦੇ ਲੱਦ ਆਂਦੇ, ਕਿਹਾ ਸੋਹਣਾ ਉਹ ਬਿਉਪਾਰ ਸੀ ?
ਸੋਹਣਿਆ ! ਤੂੰ ਦੱਸ ਨਾ ! ਉਹ ਵੇਲ਼ੇ, ਕਿਉਂ ਲੱਦ ਗਏ ?
ਵਹਿਮ ਸਨ ਸਾਡੇ ਠੀਕ, ਪਰ ਤੁਸਾਡੇ ਕੀ ਘੱਟ ਹਨ ?
ਨਾਮ ਬਦਲੇ, ਰੂਪ ਬਦਲੇ, ਤੱਕੋ ਨੀਝ ਲਾ, ਹੈਨ ਸਭ ਉਹੋ-ਜਿਹੇ
ਵਹਿਮ ਅੱਜ ਵੀ ?
ਆਦਮੀ ਦੀ ਪੂਜਾ ਛੱਡੀ, ਮੰਨਿਆ ਗੁਨਾਹ ਸੀ,
ਪਰ ਠੀਕਰੀਆਂ ਦੀ ਪੂਜਾ ਅੱਜ ਦੀ ; ਕਥਾਈਂ ਦਾ ਪੁੰਨ ਸੀ ?
ਸੇਵਾ ਕਰਨੀ, ਮਜ਼ੂਰੀ ਮੰਗਣੀ ਨਾਂਹ, ਕੁਛ ਜਹਿਲ ਸੀ,
ਪਰ ਮੁਰਦਿਆਂ ਦੇ ਜੇਬੇ ਫੋਲਣੇ ਖਾਣ-ਪੀਣ ਨੂੰ, ਕਿਹੜਾ ਇਲਮ ਹੈ ?
ਅਸੀਂ, ਗ਼ਰੀਬ ਸਾਂ, ਸੰਤੋਖ ਸਾਡਾ ਕਾਤਲ ਜ਼ਹਿਰ ਸੀ,
ਕੂੜ ਪਾਪ ਕਰ ਅਮੀਰ ਹੋਣਾ, ਵਹਿਲਾ-ਵਹਿਲਾ, ਇਹ ਬੇਸਬਰੀ ਕਦ
ਅੰਮ੍ਰਿਤ ਬਣੀ ਸੀ ?
ਸੋਹਣਿਆ ! ਦੱਸ ਨਾ, ਉਹ ਵੇਲ਼ੇ ਕਿੱਧਰ ਲੰਘ ਗਏ ?
ਉਹ ਪਿੱਪਲ਼ਾਂ ਦੇ ਪੱਤਿਆਂ ਦੀ ਝੂਮ-ਝੂਮ,
ਜਿਹੜੀ ਸਾਡੇ ਗੁੰਗੇ ਦਿਲਾਂ ਨੂੰ ਵਲੂੰਧਰਦੀ ਸੀ ;
ਉਹ ਖੜਕਦੇ ਕਿਉਂ ਨਿੰਮੋਝੂਣ ਹੋ ਅੱਜ,
ਕੋਈ ਨਾਚ ਉਹਨਾਂ ਦਾ ਨਾਂਹ ਹੁਣ ਦੇਖਣੇ ਆਉਂਦਾ,
ਕੀ ਅੰਦਰ ਦੀ ਖ਼ੁਸ਼ੀ ਸਾਰੀ ਮਰ ਗਈ ?
ਭੱਠ ਪਈ ਅੱਜ ਦੀ ਸੱਭਿਅਤਾ,
ਜਿਹੜੀ ਦੌੜਦੀ, ਹਫਦੀ, ਦੌੜ-ਦੌੜ ਆਰਾਮ ਚਾਹੇ ਲੈਣਾ
ਇੱਕੋ ਵੇਰੀ, ਇੱਕੋ ਦਿਨ ਦੋਂਹਾਂ ਹੱਥਾਂ ਨਾਲ਼।

... .... .... .... .... ....

ਅੰਬਾਂ ਦੇ ਬੂਰ ਪਏ ਕਿਰਦੇ ਬੇਬੱਸ ਹੋ,
ਕੋਈ ਸੋਹਣੀਆਂ ਪੀਂਘਾਂ ਹੁਣ ਨਾ ਝੂਟਦੀਆਂ,
ਇੱਹ ਕੀ ਹੈ ਮੁਰਦਿਹਾਣ ਜਿਹੀ ?
ਉਹ ਹੁਣ ਪੁਰਾਣੇ ਵਿਆਹ ਦੇ ਰੰਗ ਨਹੀਂ, ਢੰਗ ਨਹੀਂ,

ਕੁਝ ਉਧਲਣ-ਉਧਾਲਣ ਜਿਹਾ ਬੱਸ ਲਗਦਾ।
ਉਹ ਜੰਞਾਂ ਕਿੱਥੇ ? ਉਹ ਵਿਹਲ, ਉਹ ਖੁੱਲ੍ਹ, ਉਹ ਚਾਅ,
ਦੱਸੋ ਨਾ! ਕਿੱਥੇ ਟੁਰ ਗਿਆ ਸਾਰਾ ?
ਉਹ ਸ਼ਗਨ ਮਨਾਵਣੇ,
ਉਹ ਢੋਲਕੀਆਂ ਦੇ ਗੀਤ ਜਿਹੜੇ ਰਾਤ ਦੀ ਰਗ-ਰਗ ਛੇੜਦੇ,
ਉਹ ਕੁੜੀਆਂ ਕੰਵਾਰੀਆਂ ਦੇ ਮਨ ਦੇ ਚਾਅ ਦੇ ਟੱਪੇ,
ਨਿੱਕੇ-ਨਿੱਕੇ, ਕੋਇਲਾਂ ਦੀਆਂ ਭਾਂਤ-ਭਾਂਤ ਬੋਲੀਆਂ,
ਉਹ ਰਾਗ, ਨਵੇਂ-ਨਵੇਂ ਸੱਜਰੇ, ਸਿੱਜੇ-ਸਿੱਜੇ, ਭਿੱਜੇ-ਭਿੱਜੇ,
ਰੂਹਾਂ ਵਿੱਚੋਂ ਜਿਹੜੇ ਨਿਕਲ਼ਦੇ,
ਉਹ ਘੋੜੀਆਂ, ਉਹ ਸੁਹਾਗ,
ਉਹ ਦੋ-ਦੋ ਗੱਲਾਂ ਤੇ ਹਾਸੇ,
ਉਹ ਮਖੌਲੀ ਤਬੀਅਤਾਂ ਖ਼ੁਸ਼ੀ ਭਰਨ ਵਾਲ਼ੀਆਂ;
ਉਹ ਦਾਤੇ, ਉਹ ਭੰਡਾਰੀ; ਉਹ ਜਾਂਞੀ ਉਹ ਮਾਞੀ;
ਉਹ ਜੰਞਾਂ ਜਗਮਗ ਕਿੱਥੇ, ਕੇਸਰ ਦੀਆਂ ਰੰਗੀਆਂ ?
ਉਹ ਲਾੜੇ ਦਾ ਘੋੜੀ 'ਤੇ ਚੜ੍ਹਨਾ,
ਉਹ ਭੈਣਾਂ ਲਾੜੇ ਦੀਆਂ ਦਾ ਗਾ-ਗਾ, ਵਾਗਾਂ ਦਾ ਗੁੰਦਣਾ,
ਉਹ ਘੋੜੀ ਚਿੱਟੀ ਦਾ ਨਾਜ਼ ਤੇ ਚਾਅ ਵਿੱਚ,
ਲਾੜੇ ਨੂੰ ਚੱਕ ਮੋਢੇ, ਖ਼ੁਸ਼ੀ ਥੀਣਾ,
ਉਹਦੇ ਗਲ਼ ਦੀਆਂ ਗਾਨੀਆਂ ਦਾ ਭੈਣਾਂ ਨਾਲ਼ ਰਲ਼-ਮਿਲ਼ ਗਾਵਣਾ!

... .... .... .... .... ....

ਉਹ ਨੇਜ਼ੇਬਾਜ਼ੀਆਂ ਵਿਆਹਾਂ 'ਤੇ,
ਉਹ ਰੰਗ-ਬਰੰਗ ਦੀਆਂ ਚੋਚਲਾਂ,
ਉਹ ਖੇਡਾਂ ਉਹ ਕੌਡੀਆਂ, ਉਹ ਖੁੱਲ੍ਹੇ ਖੇਤਾਂ ਵਿੱਚ ਦੌੜਾਂ ਖ਼ੁਸ਼ੀ ਦੀਆਂ।
ਉਹ ਦਰਿਆਵਾਂ ਦਾ ਨਹਾਣ ਜਾਣਾ ਢੋਲਕੀ ਵੱਜਦੇ,
ਉਹ ਸੌਂਚੀਆਂ ਉਹ ਕੁਸ਼ਤੀਆਂ ਅਖਾੜੇ ਤੇ ਕਬੱਡੀਆਂ!

... .... .... .... .... ....

ਸਭ ਜੀਣ ਦਾ ਚਾਅ, ਹੋਣ ਦਾ ਮਾਣ, ਥੀਣ ਦਾ ਨਸ਼ਾ ਕਿੱਥੇ ?
ਉਹ ਪਿਆਰੀ ਬਸੰਤ ਦੀਆਂ ਫੁੱਲਾਂ ਦੀਆਂ ਹੋਲੀਆਂ,

ਬਾਗ਼, ਬਾਗ਼, ਭਰ ਪਿਚਕਾਰੀਆਂ ਰੂਪਾਂ ਦਾ ਖੇਡਣਾ।

.... .... .... .... .... ....

ਉਹ ਲੋਹੜੀਆਂ ਦੀ ਲੱਕੜਾਂ ਦੀ ਮੰਗ ਬੂਹੇ-ਬੂਹੇ,
ਉਹ ਕੁੜੀਆਂ ਦਾ ਜੁੜਨਾ ਅੱਗ ਦੇ ਚੁਫ਼ੇਰੇ ਤੇ ਗਿੱਧੇ ਪਾ-ਪਾ ਗਾਉਣਾ,

... .... .... .... .... ....

ਵਹਿਮ ਜੇ ਉੱਡੇ ਤਾਂ ਉੱਡੇ ਸਦਕੇ,
ਵਹਿਮਾਂ ਦਾ ਉਡਣਾ ਜ਼ਰੂਰ ਸੀ,
ਪਰ ਸਾਡੀਆਂ ਸਾਰੀਆਂ ਖ਼ੁਸ਼ੀਆਂ ਨਾਲ਼ੇ ਗਈਆਂ,
ਜਿੰਦ ਕਿੱਥੇ ਟੁਰ ਗਈ, ਨਾਲ਼ੇ ਰੂਹ ਕਿੱਥੇ ਟੁਰ ਗਿਆ ?
ਔਖਾ ਹੈ ਜਿੰਦਾਂ ਫਸਣੀਆਂ ਨੂੰ ਕੱਢਣਾ,
ਕੰਡੇ ਨਾਲ਼ੋਂ ਫੁੱਲ ਨੂੰ ਤੋੜਣਾ, ਫੁੱਲ ਨੂੰ ਮਾਰਨਾ ਹੈ।
ਦੱਸ ਨਾ, ਇਹ ਕੀ ਹੋਇਆ ?
ਕਿਸ ਲਈ ਸਭ ਕੁਝ ਖੋਇਆ ?
ਦਵਾਈ ਖਾ ਮਰੀਜ਼ ਹੀ ਮੋਇਆ, ਸਾਡੇ ਹੱਥ ਕੀ ਆਇਆ ?
ਦਿਲ ਸਾਡੇ ਸੱਖਣੇ, ਲਾਟ ਬੁਝ ਗਈ ਹੈ!!

## ਪਾਠ-ਅਭਿਆਸ

1. ਵਸਤੂਨਿਸ਼ਠ ਪ੍ਰਸ਼ਨ :

(ੳ) 'ਪੁਰਾਣੇ ਪੰਜਾਬ ਨੂੰ ਅਵਾਜ਼ਾਂ' ਨਾਂ ਦੀ ਕਵਿਤਾ ਦੇ ਕਵੀ ਦਾ ਨਾਂ ਦੱਸੋ।

(ਅ) ਆਪਣੀ ਪਾਠ-ਪੁਸਤਕ ਵਿੱਚ ਦਰਜ ਪ੍ਰੋ. ਪੂਰਨ ਸਿੰਘ ਦੀ ਕਵਿਤਾ ਦਾ ਨਾਂ ਲਿਖੋ।

(ੲ) 'ਪੁਰਾਣੇ ਪੰਜਾਬ ਨੂੰ ਅਵਾਜ਼ਾਂ' ਕਵਿਤਾ ਵਿੱਚ ਕਵੀ ਭਾਈਚਾਰੇ ਬਾਰੇ ਕਿਸ ਤੋਂ ਪੁੱਛਦਾ ਹੈ ?

(ਸ) ਕਵੀ ਅਨੁਸਾਰ ਪੁਰਾਣੇ ਪੰਜਾਬ ਵਿੱਚ ਸੱਸਾਂ ਦੇ ਦਿਲ ਕਿਹੋ-ਜਿਹੇ ਸਨ ?

(ਹ) 'ਪੁਰਾਣੇ ਪੰਜਾਬ ਨੂੰ ਅਵਾਜ਼ਾਂ' ਕਵਿਤਾ ਵਿੱਚੋਂ ਸਦੀਆਂ ਪੁਰਾਣੀ ਕਿਹੜੀ ਚੀਜ਼ ਕਿੱਧਰ ਉੱਡ ਗਈ ?

(ਕ) 'ਪੁਰਾਣੇ ਪੰਜਾਬ ਨੂੰ ਅਵਾਜ਼ਾਂ' ਕਵਿਤਾ ਅਨੁਸਾਰ ਪੁਰਾਣੇ ਸਮਿਆਂ 'ਚ ਲੋਕ ਸੁੱਚਾ ਤੇ ਸੁਥਰਾ ਵਪਾਰ ਕਰਦੇ ਸਨ । (ਠੀਕ/ਗ਼ਲਤ)

(ਖ) 'ਪੁਰਾਣੇ ਪੰਜਾਬ ਨੂੰ ਅਵਾਜ਼ਾਂ' ਕਵਿਤਾ 'ਚ ਕਵੀ ਨੂੰ ਮਨੁੱਖਾਂ ਦੀ ਪੂਜਾ ਦੀ ਥਾਂ ਠੀਕਰੀਆਂ ਦੀ ਪੂਜਾ ਕਰਨ ਦਾ ਦੁੱਖ ਹੈ। (ਹਾਂ/ਨਾਂਹ)

(ਗ) ਉਹ ਹੁਣ ਪੁਰਾਣੇ ਵਿਆਹ ਦੇ ........ਨਹੀਂ, .........ਨਹੀਂ।

'ਪੁਰਾਣੇ ਪੰਜਾਬ ਨੂੰ ਅਵਾਜ਼ਾਂ' ਕਵਿਤਾ ਦੇ ਆਧਾਰ 'ਤੇ ਉਪਰੋਕਤ ਖ਼ਾਲੀ ਥਾਂਵਾਂ ਭਰੋ।

(ਘ) 'ਪੁਰਾਣੇ ਪੰਜਾਬ ਨੂੰ ਅਵਾਜ਼ਾਂ' ਕਵਿਤਾ ਵਿੱਚ ਭਰਪੂਰ ਚਿਤਰਨ ਹੋਇਆ ਹੈ :

(ੳ) ਪੰਜਾਬੀ ਸੱਭਿਆਚਾਰ ਦਾ (ਅ) ਭਾਰਤੀ ਸੱਭਿਆਚਾਰ ਦਾ

(ੲ) ਦੇਸੀ ਸੱਭਿਆਚਾਰ ਦਾ (ਸ) ਵਿਦੇਸ਼ੀ ਸੱਭਿਆਚਾਰ ਦਾ

2. ਪ੍ਰੋ. ਪੂਰਨ ਸਿੰਘ ਦੀ ਕਵਿਤਾ 'ਪੁਰਾਣੇ ਪੰਜਾਬ ਨੂੰ ਅਵਾਜ਼ਾਂ' ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

*******

# ਡਾ. ਦੀਵਾਨ ਸਿੰਘ ਕਾਲ਼ੇਪਾਣੀ

(1894-1944)

ਡਾ. ਦੀਵਾਨ ਸਿੰਘ ਕਾਲ਼ੇਪਾਣੀ ਦਾ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਜ਼ਿਕਰਯੋਗ ਸਥਾਨ ਹੈ। ਆਪ ਦਾ ਜਨਮ **22 ਮਈ**, **1897** ਨੂੰ ਪਿਤਾ ਸ. ਸੁੰਦਰ ਸਿੰਘ ਢਿੱਲੋਂ, ਮਾਤਾ ਸ੍ਰੀਮਤੀ ਇੰਦਰ ਕੌਰ ਦੀ ਕੁੱਖੋਂ ਪਿੰਡ ਗਲੋਟੀਆਂ ਖ਼ੁਰਦ, ਜ਼ਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ) ਵਿਖੇ ਹੋਇਆ।

ਆਪ ਨੇ ਮੈਡੀਕਲ ਕਾਲਜ, ਆਗਰਾ ਤੋਂ ਮੈਡੀਕਲ ਡਿਗਰੀ ਹਾਸਲ ਕੀਤੀ। ਉਹਨਾਂ ਨੇ ਫ਼ੌਜ ਵਿੱਚ ਬਤੌਰ ਡਾਕਟਰ ਨੌਕਰੀ ਕੀਤੀ। ਆਪਣੇ ਜੀਵਨ ਦੇ ਅੰਤਿਮ ਵਰ੍ਹਿਆਂ ਵਿੱਚ ਉਹਨਾਂ ਦੀ ਬਦਲੀ ਅੰਡੇਮਾਨ ਟਾਪੂਆਂ ਵਿੱਚ ਹੋ ਗਈ ਸੀ। ਇਸ ਜਗ੍ਹਾ ਨੂੰ ਉਸ ਸਮੇਂ ਕਾਲ਼ੇਪਾਣੀ ਕਿਹਾ ਜਾਂਦਾ ਸੀ। ਇਸ ਤੋਂ ਹੀ ਡਾ. ਦੀਵਾਨ ਸਿੰਘ ਦੇ ਨਾਂ ਨਾਲ਼ 'ਕਾਲ਼ੇਪਾਣੀ' ਉਪਨਾਮ ਜੁੜ ਗਿਆ। ਇੱਥੇ ਹੀ ਜਪਾਨੀਆਂ ਦਾ ਕਬਜ਼ਾ ਹੋ ਜਾਣ 'ਤੇ ਜਪਾਨੀਆਂ ਨੇ ਉਹਨਾਂ ਨੂੰ ਅੰਗਰੇਜ਼ਾਂ ਦਾ ਪੱਖੀ ਹੋਣ ਦੇ ਸ਼ੱਕ ਵਿੱਚ ਤਸੀਹੇ ਦੇ ਕੇ 14 ਜਨਵਰੀ, 1944 ਨੂੰ ਸ਼ਹੀਦ ਕਰ ਦਿੱਤਾ।

ਡਾ. ਦੀਵਾਨ ਸਿੰਘ ਕਾਲ਼ੇਪਾਣੀ ਨੇ ਵਾਰਤਕ ਰਚਨਾ ਵੀ ਕੀਤੀ ਪਰ ਉਹਨਾਂ ਦੀ ਪਹਿਚਾਣ ਇੱਕ ਕਵੀ ਵਜੋਂ ਬਣੀ। ਉਹਨਾਂ ਦੇ ਪੰਜਾਬੀ ਕਾਵਿ-ਖੇਤਰ ਵਿੱਚ ਤਿੰਨ ਕਾਵਿ-ਸੰਗ੍ਰਹਿ 'ਵਗਦੇ ਪਾਣੀ', 'ਅੰਤਿਮ ਲਹਿਰਾਂ', ਤੇ 'ਮਲ੍ਹਿਆਂ ਦੇ ਬੇਰ' ਮਿਲ਼ਦੇ ਹਨ। ਪਿਛਲੇ ਦੋ ਕਾਵਿ-ਸੰਗ੍ਰਹਿ ਉਹਨਾਂ ਦੇ ਦਿਹਾਂਤ ਉਪਰੰਤ ਛਪੇ ਹਨ।

ਹਥਲੀ ਪਾਠ-ਪੁਸਤਕ ਵਿੱਚ ਉਹਨਾਂ ਦੀ ਕਵਿਤਾ 'ਵਗਦੇ ਪਾਣੀ' ਸ਼ਾਮਲ ਕੀਤੀ ਗਈ ਹੈ। ਇਸ ਕਵਿਤਾ ਵਿੱਚ ਗਤੀਸ਼ੀਲ ਹੋ ਕੇ ਜੀਵਨ ਜਿਊਂਣ ਦੀ ਪ੍ਰਬਲ ਇੱਛਾ ਪ੍ਰਗਟ ਹੋਈ ਹੈ। ਕਵੀ ਨੇ ਇਸ ਕਵਿਤਾ ਰਾਹੀਂ ਪ੍ਰਤੀਕਾਤਮਿਕ ਢੰਗ ਨਾਲ਼ ਮਨੁੱਖ ਨੂੰ ਅੱਗੇ ਵਧਣ ਲਈ ਪ੍ਰੇਰਿਆ ਹੈ।

# ਵਗਦੇ ਪਾਣੀ

ਪਾਣੀ ਵਗਦੇ ਹੀ ਰਹਿਣ,
ਕਿ ਵਗਦੇ ਸੁੰਹਦੇ ਨੇ,
ਖੜੋਂਦੇ ਬੁਸਦੇ ਨੇ,
ਕਿ ਪਾਣੀ ਵਗਦੇ ਹੀ ਰਹਿਣ ।

ਜਿੰਦਾਂ ਮਿਲ਼ੀਆਂ ਹੀ ਰਹਿਣ,
ਕਿ ਮਿਲ਼ੀਆਂ ਜੀਂਦੀਆਂ ਨੇ,
ਵਿੱਛੜਿਆਂ ਮਰਦੀਆਂ ਨੇ,
ਕਿ ਜਿੰਦਾਂ ਮਿਲ਼ੀਆਂ ਹੀ ਰਹਿਣ ।

ਰੂਹਾਂ ਉੱਡਦੀਆਂ ਹੀ ਰਹਿਣ,
ਕਿ ਉੱਡਿਆਂ ਚੜ੍ਹਦੀਆਂ ਨੇ,
ਅਟਕਿਆਂ ਡਿਗਦੀਆਂ ਨੇ,
ਕਿ ਰੂਹਾਂ ਉੱਡਦੀਆਂ ਹੀ ਰਹਿਣ ।

ਤੇ ਮੈਂ ਟੁਰਦਾ ਹੀ ਰਹਾਂ,
ਕਿ ਟੁਰਿਆਂ ਵਧਦਾ ਹਾਂ,
ਖਲੋਇਆਂ ਘਟਦਾ ਹਾਂ,
ਕਿ ਹਾਂ, ਮੈਂ ਟੁਰਦਾ ਹੀ ਰਹਾਂ ।

## ਪਾਠ-ਅਭਿਆਸ

1. **ਵਸਤੂਨਿਸ਼ਠ ਪ੍ਰਸ਼ਨ :**

(ੳ) 'ਪੰਜਾਬੀ ਲਾਜ਼ਮੀ' ਪੁਸਤਕ ਵਿੱਚ ਸ਼ਾਮਲ ਡਾ.ਦੀਵਾਨ ਸਿੰਘ ਕਾਲ਼ੇਪਾਣੀ ਦੀ ਕਵਿਤਾ ਦਾ ਨਾਂ ਲਿਖੋ।

(ਅ) 'ਵਗਦੇ ਪਾਣੀ' ਕਵਿਤਾ ਦਾ ਰਚਨਾਕਾਰ ਕੌਣ ਹੈ ?

(ੲ)ਖੜ੍ਹੇ ਪਾਣੀ ਨਾਲ਼ ਕੀ ਵਾਪਰਦਾ ਹੈ ?

(ਸ) 'ਵਗਦੇ ਪਾਣੀ' ਕਵਿਤਾ ਅਨੁਸਾਰ ਵਿਛੜਨ ਨਾਲ਼ ਜਿੰਦਾਂ ਮਰ ਜਾਂਦੀਆਂ ਹਨ।
(ਸਹੀ/ਗਲਤ)

(ਹ)ਰੂਹਾਂ ਅਟਕਣ ਨਾਲ਼ ਡਿਗਦੀਆਂ ਨਹੀਂ।
(ਹਾਂ/ਨਾਂਹ)

(ਕ) ਕਿ ਟੁਰਿਆਂ ..................... ਹਾਂ

ਖਲੋਇਆਂ ........................ ਹਾਂ।

ਡਾ. ਦੀਵਾਨ ਸਿੰਘ ਕਾਲ਼ੇਪਾਣੀ ਦੀ ਕਵਿਤਾ ਦੇ ਮੱਦੇ-ਨਜ਼ਰ ਉਕਤ ਖ਼ਾਲੀ ਥਾਂਵਾਂ ਭਰੋ।

(ਖ) ਡਾ. ਦੀਵਾਨ ਸਿੰਘ ਕਾਲ਼ੇਪਾਣੀ ਦੀ ਕਵਿਤਾ 'ਵਗਦੇ ਪਾਣੀ' 'ਚ ਕਿਹੜਾ ਭਾਵ ਪ੍ਰਬਲ ਰੂਪ 'ਚ ਪ੍ਰਗਟ ਹੋਇਆ ਹੈ—

(ੳ) ਗਤੀਸ਼ੀਲ ਜੀਵਨ ਦਾ

(ਅ) ਰੁਮਾਂਚਿਕ ਜੀਵਨ ਦਾ

(ੲ) ਕੁਦਰਤੀ ਜੀਵਨ ਦਾ

(ਸ) ਨਿੱਜੀ ਜੀਵਨ ਦਾ

**2. ਡਾ. ਦੀਵਾਨ ਸਿੰਘ ਕਾਲ਼ੇਪਾਣੀ ਦੁਆਰਾ ਲਿਖੀ 'ਵਗਦੇ ਪਾਣੀ' ਕਵਿਤਾ ਦਾ ਕੇਂਦਰੀ ਭਾਵ ਲਿਖੋ।**

*******

# ਪ੍ਰੋ. ਮੋਹਨ ਸਿੰਘ

(1905-1978)

ਆਧੁਨਿਕ ਪੰਜਾਬੀ ਕਵਿਤਾ ਨੂੰ ਨਵੀਂ ਦਸ਼ਾ ਤੇ ਦਿਸ਼ਾ ਦੇਣ ਵਾਲ਼ੇ ਪ੍ਰੋ: ਮੋਹਨ ਸਿੰਘ ਦਾ ਜਨਮ 20 ਅਕਤੂਬਰ, 1905 ਈ: ਨੂੰ ਡਾ. ਜੋਧ ਸਿੰਘ ਦੇ ਘਰ, ਮਾਤਾ ਸ੍ਰੀਮਤੀ ਭਾਗਵੰਤੀ ਦੀ ਕੁੱਖੋਂ, ਪਿੰਡ ਮਰਦਾਨ, ਸੂਬਾ ਸਰਹੱਦ (ਹੁਣ ਪਾਕਿਸਤਾਨ) 'ਚ ਹੋਇਆ। ਉਹਨਾਂ ਦਾ ਜੱਦੀ ਪਿੰਡ ਧਮਿਆਲ ਸੀ।

ਆਪ ਨੇ ਮੁਨਸ਼ੀ ਫ਼ਾਜ਼ਿਲ ਤੇ ਐੱਮ.ਏ ਫ਼ਾਰਸੀ ਦੀ ਵਿੱਦਿਆ ਪ੍ਰਾਪਤ ਕੀਤੀ। ਉਹਨਾਂ ਨੇ ਅਧਿਆਪਨ, ਪ੍ਰਕਾਸ਼ਨ ਤੇ ਸੰਪਾਦਕ ਦਾ ਕਾਰਜ ਕੀਤਾ। ਉਹਨਾਂ ਦੀ ਕਵਿਤਾ ਵਿੱਚ ਰੁਮਾਂਸਵਾਦੀ ਤੇ ਪ੍ਰਗਤੀਵਾਦੀ ਰਸ ਝਲਕਦਾ ਹੈ।

ਆਪ ਨੇ ਕਹਾਣੀਆਂ ਲਿਖੀਆਂ, ਅਨੁਵਾਦ-ਕਾਰਜ ਵੀ ਕੀਤਾ ਪਰ ਆਪ ਦੀ ਪ੍ਰਸਿੱਧੀ ਪੰਜਾਬੀ ਦੇ ਕਵੀ ਵਜੋਂ ਹੋਈ। ਆਪ ਦੇ ਮੁੱਖ ਕਾਵਿ-ਸੰਗ੍ਰਹਿ 'ਸਾਵੇ ਪੱਤਰ', 'ਕਸੁੰਭੜਾ', 'ਅਧਵਾਟੇ', 'ਕੱਚ-ਸੱਚ', 'ਵੱਡਾ ਵੇਲਾ' 'ਆਵਾਜ਼ਾਂ', 'ਜੰਦਰੇ', 'ਜੈਮੀਰ', 'ਬੂਹੇ', 'ਨਨਕਾਇਣ', ਏਸ਼ੀਆ ਦਾ ਚਾਨਣ (ਅਨੁਵਾਦ) ਹਨ।

ਹਥਲੇ ਸੰਗ੍ਰਹਿ ਵਿੱਚ ਉਹਨਾਂ ਦੀ ਕਵਿਤਾ 'ਤਾਜ ਮੱਹਲ' ਸ਼ਾਮਲ ਕੀਤੀ ਗਈ ਹੈ। ਇਸ ਕਵਿਤਾ ਨੂੰ ਦੋ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਚਿਤਰਿਆ ਗਿਆ ਹੈ। ਇਸ ਦੇ ਤਹਿਤ ਪਹਿਲਾਂ ਤਾਜ-ਮਹੱਲ ਦੀ ਸੁੰਦਰਤਾ ਦਾ ਪ੍ਰਭਾਵ ਚਿਤਰਿਆ ਗਿਆ ਹੈ। ਫਿਰ ਇਸ ਨੂੰ ਬਣਾਉਣ ਵਿੱਚ ਲੱਗੇ ਲੱਖਾਂ ਗ਼ਰੀਬਾਂ ਅਤੇ ਮਜ਼ਦੂਰਾਂ ਦੇ ਹੋਏ ਸ਼ੋਸ਼ਣ ਦਾ ਵਰਨਣ ਹੈ।

# ਤਾਜ ਮਹੱਲ

ਦੁੱਧ-ਚਿੱਟੀਆਂ ਰੰਗਦਾਰ ਮਰਮਰਾਂ,
ਦੇ ਗੱਲ ਘਤ ਕੇ ਬਾਹੀਂ,
ਸੁਹਲ ਪਤਲੀਆਂ ਚੰਨ ਦੀਆਂ ਰਿਸ਼ਮਾਂ,
ਸੁੱਤੀਆਂ ਬੇਪਰਵਾਹੀਂ ।

ਬਿਰਛਾਂ-ਬੂਟਿਆਂ ਦੇ ਪਰਛਾਂਵੇਂ,
ਨਸ਼ਿਆਂ ਨਾਲ਼ ਗੜੂੰਦੇ,
ਘਾਹ ਦੇ ਸੁਹਲ ਸੀਨਿਆਂ ਉੱਤੇ,
ਸਵਾਦ-ਸਵਾਦ ਹੋ ਊਂਘੇ ।
ਲੱਗ ਟਾਹਣਾਂ ਗਲ਼ ਵੇਲਾਂ ਸੁੱਤੀਆਂ,
ਲੱਗ ਵੇਲਾਂ ਗਲ਼ ਕਲੀਆਂ,
ਲੱਗ ਕਲੀਆਂ ਗਲ਼ ਗੰਧਾਂ ਸੁੱਤੀਆਂ,
ਨੀਂਦ ਵਲ਼ੇਵੇਂ ਵਲ਼ੀਆਂ ।

ਸ਼ਾਂਤ ਸੁੱਤੇ ਜਮਨਾ ਦੇ ਕੰਢੇ,
ਹਰੇ-ਭਰੇ ਅਤੇ ਸਾਵੇ,
ਨੀਂਦ ਵਿਗੁੱਤੀ ਜਲ-ਧਾਰਾ ਨੂੰ,
ਬੰਨ੍ਹੀ ਵਿੱਚ ਕਲ਼ਾਵੇ ।

ਸੁੱਤੇ ਪਾਣੀਆਂ ਦੇ ਵਿੱਚ ਸੁੱਤਾ,
ਤਾਜ ਮਹੱਲ ਦਾ ਸਾਇਆ,
ਜਾਣੋਂ ਜਮਨਾ ਹਰਨ ਵਾਸਤੇ,
ਬੁੱਕਲ਼ ਵਿੱਚ ਲੁਕਾਇਆ ।
ਐਪਰ ਦੂਰ ਸਾਗਰਾਂ ਵੰਨੀ,
ਨੱਸਣ ਜਦੋਂ ਉਹ ਲੱਗੀ,
ਨੀਂਦ-ਟੂਣਿਆਂ ਦੇ ਜੰਤਰ ਵਿੱਚ,
ਟੋਰ ਓਸ ਦੀ ਬੱਝੀ ।

ਸੁੱਤੇ ਏਸ ਚੁਗਿਰਦੇ ਅੰਦਰ,
ਮੈਂ 'ਕੱਲਾ ਇੱਕ ਜਾਗਾਂ,

ਜਗ ਰਹੀਆਂ ਦੋ ਅੱਖਾਂ ਮੇਰੀਆਂ,
ਚੁੱਪ - ਚੁੱਪ ਵਾਂਗ ਚਿਰਾਗਾਂ ।
ਗੁੰਬਦ ਦਿਆਂ ਉਭਾਰਾਂ ਉੱਤੇ
ਮਸਤਾਈਆਂ ਅਲਸਾਈਆਂ,
ਫਿਰ ਰਹੀਆਂ ਸਨ ਨਜ਼ਰਾਂ ਮੇਰੀਆਂ
ਸੁਹਜ-ਸਵਾਦ ਤਰਿਹਾਈਆਂ ।
ਤੱਕ-ਤੱਕ ਕਸਬ ਹੁਨਰ ਮੁਗ਼ਲਾਂ ਦਾ
ਹੈਰਤ ਵਧਦੀ ਜਾਵੇ,
ਸ਼ਾਹ ਜਹਾਨ ਦੇ ਸੁਹਜ-ਸਵਾਦ ਨੂੰ
ਲੂੰ-ਲੂੰ ਪਿਆ ਸਲਾਹਵੇ।
ਏਨੇ ਨੂੰ ਗੁੰਬਦ ਦਾ ਆਂਡਾ
ਟੋਟੇ-ਟੋਟੇ ਹੋਇਆ,
ਚੀਕਾਂ, ਕੂਕਾਂ ਤੇ ਫ਼ਰਿਆਦਾਂ,
ਜਾ ਅੰਬਰ ਨੂੰ ਛੋਹਿਆ ।
ਹੜ੍ਹ ਮਜ਼ਦੂਰਨੀਆਂ ਦਾ ਵਗਿਆ,
ਨਾਲ਼ ਮਜੂਰ ਹਜ਼ਾਰਾਂ,
ਚੁੱਕੀ ਕਹੀਆਂ, ਦੁਰਮਟ, ਤੇਸੇ
ਬੱਝੇ ਵਿੱਚ ਵਗਾਰਾਂ ।
ਦੁੱਧੀਆਂ ਨਾਲ਼ ਪਲਮਦੇ ਬੱਚੇ,
ਕੰਮੀਂ ਰੁੱਝੀਆਂ ਮਾਂਵਾਂ,
ਅੱਖਾਂ ਦੇ ਵਿੱਚ ਛਲਕਣ ਅੱਥਰੂ,
ਹਿੱਕਾਂ ਦੇ ਵਿੱਚ ਆਹਾਂ ।
ਬੋਕਿਆਂ ਵਰਗੇ ਪੇਟ ਉਹਨਾਂ ਦੇ,
ਤੁੱਕਿਆਂ ਵਰਗੇ ਗਾਟੇ ।
ਛਾਲੇ-ਛਾਲੇ ਹੱਥ ਉਹਨਾਂ ਦੇ,
ਪੈਰ ਬਿਆਈਆਂ-ਪਾਟੇ ।

ਫਿਰ ਵੀ ਕੰਮ ਕਰਾਵਣ ਵਾਲ਼ੇ,
ਮਾਰ-ਮਾਰ ਕੇ ਫਾਂਟਾਂ,
ਮਾਸੂਮਾਂ ਦੇ ਪਿੰਡਿਆਂ ਉੱਤੇ,
ਚਾੜ੍ਹੀ ਜਾਣ ਸਲਾਟਾਂ ।

ਏਦਾਂ ਮਜ਼ਦੂਰਾਂ ਦੀ ਝਾਕੀ,

ਜਦ ਮੈਨੂੰ ਦਿਸ ਆਈ,
ਨਾਲ਼ ਪੀੜ ਦੇ ਕਲਵਲ ਹੋ ਕੇ,
ਰੂਹ ਮੇਰੀ ਕੁਰਲਾਈ।
ਕੀ ਉਹ ਹੁਸਨ-ਹੁਸਨ ਹੈ ਸੱਚ-ਮੁੱਚ,
ਜਾਂ ਉਂਜੇ ਹੀ ਛਲ਼ਦਾ,
ਲੱਖ ਗ਼ਰੀਬਾਂ ਮਜ਼ਦੂਰਾਂ ਦੇ,
ਹੰਝੂਆਂ 'ਤੇ ਜੋ ਪਲ਼ਦਾ ?

## ਪਾਠ-ਅਭਿਆਸ

**ਵਸਤੂਨਿਸ਼ਠ ਪ੍ਰਸ਼ਨ :**

(ੳ) 'ਤਾਜ ਮਹੱਲ' ਕਵਿਤਾ ਕਿਸ ਕਵੀ ਦੀ ਰਚਨਾ ਹੈ ?

(ਅ) ਪਾਠ-ਕ੍ਰਮ 'ਚ ਸ਼ਾਮਲ ਪ੍ਰੋ: ਮੋਹਨ ਸਿੰਘ ਦੀ ਕਵਿਤਾ ਦਾ ਨਾਂ ਲਿਖੋ।

(ੲ) ਬਿਰਛਾਂ-ਬੂਟਿਆਂ ਦੇ ਪਰਛਾਂਵੇਂ
ਨਸ਼ਿਆਂ ਨਾਲ਼ ..........,
ਘਾਹ ਦੇ ਸੁਹਲ ਸੀਨਿਆਂ ਉੱਤੇ,
ਸਵਾਦ-ਸਵਾਦ ਹੋ .........।
ਪ੍ਰੋ: ਮੋਹਨ ਸਿੰਘ ਦੀ ਕਵਿਤਾ 'ਤਾਜ ਮਹੱਲ' ਦੇ ਆਧਾਰ 'ਤੇ ਖ਼ਾਲੀ ਥਾਂਵਾਂ ਦੀ ਪੂਰਤੀ ਕਰੋ।

(ਸ) ਪ੍ਰੋ: ਮੋਹਨ ਸਿੰਘ ਦੀ ਕਵਿਤਾ 'ਤਾਜ ਮਹੱਲ' ਅਨੁਸਾਰ ਸ਼ਾਂਤ ਸੁੱਤੇ ਜਮਨਾ ਦੇ ਕੰਢੇ ਹਰੇ-ਭਰੇ ਤੇ ਸਾਵੇ ਹਨ।
(ਠੀਕ/ਗ਼ਲਤ)

(ਹ) ਸੁੱਤੇ ਪਾਣੀਆਂ ਵਿੱਚ ਤਾਜ-ਮਹੱਲ ਦਾ ਪਰਛਾਂਵਾਂ ਨਹੀਂ ਸੁੱਤਾ।
(ਹਾਂ/ਨਾਂਹ)

(ਕ) ਕਵੀ ਤਾਜ ਮਹੱਲ ਵੇਖ ਕੇ ਕਿਹੜੇ ਮੁਗ਼ਲ ਸਮਰਾਟ ਦੀਆਂ ਸਿਫ਼ਤਾਂ ਕਰਦਾ ਹੈ।

(ਖ) ਪ੍ਰੋ: ਮੋਹਨ ਸਿੰਘ ਦੀ ਕਵਿਤਾ ਅਨੁਸਾਰ ਕੰਮ ਕਰਨ ਵਾਲ਼ੇ ਮਜ਼ਦੂਰਾਂ ਦੇ ਹੱਥਾਂ-ਪੈਰਾਂ ਦੀ ਕਿਸ ਤਰ੍ਹਾਂ ਦੀ ਹਾਲਤ ਹੈ ?

(ਗ) 'ਤਾਜ ਮਹੱਲ' ਕਵਿਤਾ ਪੜ੍ਹ ਕੇ ਕਵੀ ਦੀ ਹਮਦਰਦੀ ਕਿਸ ਧਿਰ ਵੱਲ ਜਾਪਦੀ ਹੈ :
(i) ਸ਼ਾਸਕ ਧਿਰ
(ii) ਸ਼ੋਸ਼ਿਤ ਧਿਰ
(iii) ਸਮਾਜਿਕ ਧਿਰ
(iv) ਸੰਗਾਊ ਧਿਰ

2. ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਤਾਜ ਮਹੱਲ' ਦਾ ਕੇਂਦਰੀ ਭਾਵ ਆਪਣੇ ਸ਼ਬਦਾਂ 'ਚ ਲਿਖੋ।

*******

# ਨੰਦ ਲਾਲ ਨੂਰਪੁਰੀ

(1906-1966 ਈ:)

ਨੂਰਪੁਰੀ ਦਾ ਜਨਮ ਪਿੰਡ ਨੂਰਪੁਰ, ਜ਼ਿਲ੍ਹਾ ਲਾਇਲਪੁਰ (ਅੱਜ-ਕੱਲ੍ਹ ਪਾਕਿਸਤਾਨ) ਵਿੱਚ ਹੋਇਆ। ਆਪ ਨੇ ਆਪਣਾ ਬਹੁਤਾ ਸਮਾਂ ਜਲੰਧਰ ਵਿੱਚ ਬਿਤਾਇਆ। ਆਪ ਨੇ ਬਹੁਤ ਸਾਰਾ ਲੋਕ-ਕਾਵਿ ਰਚਿਆ ਅਤੇ ਆਪ ਦੇ ਬਹੁਤ ਸਾਰੇ ਗੀਤ ਰਿਕਾਰਡ ਹੋਏ। ਆਪ ਨੇ 'ਮੈਂ ਵਤਨ ਦਾ ਸ਼ਹੀਦ ਹਾਂ' ਗੀਤ, ਸ. ਭਗਤ ਸਿੰਘ ਦੀ ਸ਼ਹੀਦੀ ਬਾਰੇ ਲਿਖਿਆ ਜੋ ਬਹੁਤ ਮਸ਼ਹੂਰ ਹੋਇਆ। ਆਪ ਦੇ 'ਪੰਜਾਬ ਬੋਲਿਆ', 'ਆਖ਼ਰੀ ਸੁਗਾਤ', 'ਸੁਗਾਤ' ਅਤੇ 'ਨੂਰਪੁਰੀ ਦੇ ਗੀਤ' ਆਦਿ ਗੀਤਾਂ ਅਤੇ ਕਵਿਤਾਵਾਂ ਦੇ ਸੰਗ੍ਰਹਿ ਪ੍ਰਕਾਸ਼ਿਤ ਹੋਏ। ਹਥਲੀ ਪਾਠ-ਪੁਸਤਕ ਵਿੱਚ ਆਪ ਦੀ 'ਚੁੰਮ ਚੁੰਮ ਰੱਖੋ' ਕਵਿਤਾ ਸ਼ਾਮਲ ਕੀਤੀ ਗਈ ਹੈ। ਇਸ ਕਵਿਤਾ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ, ਅਜੀਤ ਸਿੰਘ ਅਤੇ ਜੁਝਾਰ ਸਿੰਘ ਦੇ ਯੁੱਧ ਉਪਰੰਤ ਵਾਪਸੀ ਦੀ ਉਡੀਕ ਬਾਰੇ ਮਾਤਾ ਗੁਜਰੀ ਦੇ ਮਨ ਦੇ ਭਾਵ ਤੇ ਵਲਵਲੇ ਬਿਆਨ ਕੀਤੇ ਗਏ ਹਨ।

# ਚੁੰਮ-ਚੁੰਮ ਰੱਖੋ

ਚੁੰਮ-ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ,
ਫੁੱਲਾਂ ਨਾਲ਼ ਗੁੰਦੋ ਲੜੀ ਹੀਰਿਆਂ ਦੇ ਹਾਰ ਦੀ।
ਜੰਗ ਵਿੱਚੋਂ ਲੜ ਕੇ ਸਿਪਾਹੀ ਮੇਰੇ ਆਣਗੇ,
ਚੰਨਾਂ ਦਿਆਂ ਚਿਹਰਿਆਂ 'ਚੋਂ ਚੰਨ ਮੁਸਕਾਣਗੇ,
ਵਿਹੜੇ ਵਿੱਚ ਠਾਠਾਂ ਮਾਰੂ ਖ਼ੁਸ਼ੀ ਸੰਸਾਰ ਦੀ,
ਚੁੰਮ ਚੁੰਮ ਰੱਖੋ ... ... ...
ਕੂਲ਼ੇ-ਕੂਲ਼ੇ ਹੱਥ ਕਿਰਪਾਨਾਂ ਵਿੱਚ ਗੋਰੀਆਂ,
ਕੱਲ੍ਹ ਨੇ ਸਵੇਰੇ ਦੀਆਂ ਜੋੜੀਆਂ ਮੈਂ ਤੋਰੀਆਂ,
ਜਿਨ੍ਹਾਂ ਦਾ ਵਿਛੋੜਾ ਮੈਂ ਨਾ ਪਲ ਸੀ ਸਹਾਰਦੀ,
ਚੁੰਮ-ਚੁੰਮ ਰੱਖੋ ... ... ...
ਘੋੜੀਆਂ ਦੇ ਪੌੜ ਜਦੋਂ ਕੰਨਾਂ ਸੁਣੇ ਵਜਦੇ,
ਵੇਖਣ ਨੂੰ ਨੈਣ ਆਏ ਬੂਹੇ ਵੱਲ ਭੱਜਦੇ,
ਲਹੂ ਵਿੱਚ ਭਿਜੀ ਘੋੜੀ ਵੇਖੀ ਭੁੱਬਾਂ ਮਾਰਦੀ ,
ਚੁੰਮ ਚੁੰਮ ਰੱਖੋ ... ... ...
ਲੱਗੇ ਹੋਏ ਕਾਠੀ ਉੱਤੇ, ਲਹੂ ਨੇ ਇਹ ਦੱਸਿਆ,
ਮਾਂਏਂ ਤੇਰਾ ਜੋੜਾ ਦਾਦੇ ਕੋਲ਼ ਹੈ ਜਾ ਵੱਸਿਆ,
ਛੱਡ ਦੇ ਉਡੀਕ ਹੁਣ ਹੰਸਾਂ ਦੀ ਡਾਰ ਦੀ,
ਚੁੰਮ-ਚੁੰਮ ਰੱਖੋ ... ... ...

## ਪਾਠ-ਅਭਿਆਸ

1. **ਵਸਤੂਨਿਸ਼ਠ ਪ੍ਰਸ਼ਨ :**
   (ੳ) 'ਚੁੰਮ-ਚੁੰਮ ਰੱਖੋ' ਕਵਿਤਾ ਕਿਸ ਕਵੀ ਨੇ ਲਿਖੀ ਹੈ?
   (ਅ) ਪੁਸਤਕ ਵਿੱਚ ਸ਼ਾਮਲ ਨੰਦ ਲਾਲ ਨੂਰਪੁਰੀ ਦੀ ਕਵਿਤਾ ਦਾ ਸਿਰਲੇਖ ਲਿਖੋ।
   (ੲ) 'ਚੁੰਮ-ਚੁੰਮ ਰੱਖੋ' ਕਵਿਤਾ ਵਿੱਚ ਦਸਮ ਪਿਤਾ ਦੇ ਕਿਹੜੇ ਸਾਹਿਬਜ਼ਾਦੇ ਦੀ ਕਲਗੀ ਨੂੰ ਚੁੰਮ ਕੇ ਰੱਖਣ ਦਾ ਜ਼ਿਕਰ ਹੈ?
   (ਸ) 'ਜੰਗ ਵਿੱਚੋਂ ਲੜ ਕੇ ਸਿਪਾਹੀ ਮੇਰੇ ਆਣਗੇ' ਇਸ ਤੁਕ ਵਿੱਚ ਕਵੀ ਜੰਗ ਵਿੱਚੋਂ ਕਿਸ ਦੇ ਆਉਣ ਬਾਰੇ ਕਹਿੰਦਾ ਹੈ?
   (ਹ) ਕੂਲ਼ੇ-ਕੂਲ਼ੇ ਹੱਥਾਂ ਵਿੱਚ ਕਿਹੋ-ਜਿਹੀਆਂ ਕਿਰਪਾਨਾਂ ਫੜੀਆਂ ਹੋਈਆਂ ਸਨ?
   (ਗੋਰੀਆਂ / ਤਿੱਖੀਆਂ)
   (ਕ) ਲਹੂ ਵਿੱਚ ਭਿੱਜੀ ਘੋੜੀ ਭੁੱਬਾਂ ਮਾਰ ਰਹੀ ਸੀ।
   (ਹਾਂ/ ਨਾਂਹ)

(ਖ) ਘੋੜੀਆਂ ਦੇ ਪੌੜ ਜਦੋਂ ਕੰਨਾਂ ਸੁਣੇ ..........।

ਵੇਖਣ ਨੂੰ ਨੈਣ ਆਏ ਬੂਹੇ ਵੱਲ ........।

ਨੰਦਲਾਲ ਨੂਰਪੁਰੀ ਦੀ ਕਵਿਤਾ ਚੁੰਮ-ਚੁੰਮ ਰੱਖੋ 'ਤੇ ਆਧਾਰਿਤ ਉਪਰੋਕਤ ਕਾਵਿ-ਸਤਰਾਂ ਪੂਰੀਆਂ ਕਰੋ।

(ਗ) 'ਚੁੰਮ-ਚੁੰਮ ਰੱਖੋ' ਕਵਿਤਾ ਵਿੱਚ 'ਮਾਂਏਂ ਤੇਰਾ ਜੋੜਾ ਦਾਦੇ ਕੋਲ਼ ਹੈ ਜਾ ਵੱਸਿਆ,' ਤੁਕ ਅਨੁਸਾਰ ਜੋੜਾ ਕਿਸ ਦੇ ਕੋਲ਼ ਚਲਿਆ ਗਿਆ।

(ੳ) ਦਾਦਾ

(ਅ) ਦਾਦੀ

(ੲ) ਪਿਤਾ

(ਸ) ਮਾਤਾ

2. 'ਚੁੰਮ-ਚੁੰਮ ਰੱਖੋ' ਕਵਿਤਾ ਦਾ ਕੇਂਦਰੀ ਭਾਵ ਲਿਖੋ।

*******

# ਪਿਆਰਾ ਸਿੰਘ ਸਹਿਰਾਈ

## (1915-1998 ਈ.)

ਪਿਆਰਾ ਸਿੰਘ ਸਹਿਰਾਈ ਦਾ ਪੰਜਾਬੀ ਰਚਨਾ-ਜਗਤ ਵਿੱਚ ਵਿਸ਼ੇਸ਼ ਸਥਾਨ ਹੈ। ਆਪ ਵਿੱਚ ਬਚਪਨ ਤੋਂ ਹੀ ਕਵਿਤਾ ਲਿਖਣ ਦੀ ਰੁਚੀ ਸੀ। ਆਪ ਦਾ ਜਨਮ ਜ਼ਿਲਾ ਮਾਨਸਾ ਵਿੱਚ ਪਿੰਡ ਛਾਪਿਆਂਵਾਲ਼ੀ ਵਿਖੇ 16 ਸਤੰਬਰ, 1915 ਵਿੱਚ ਹੋਇਆ ਅਤੇ ਆਪ ਦਾ ਦਿਹਾਂਤ 28 ਜਨਵਰੀ, 1998 ਵਿੱਚ ਹੋਇਆ। ਆਪ ਜੀ ਦੇ ਮਾਤਾ ਮਹਿੰਦਰ ਕੌਰ ਅਤੇ ਪਿਤਾ ਸ. ਕੇਹਰ ਸਿੰਘ ਸਨ। ਆਪ ਜੀ ਦੀ ਸਾਹਿਤਿਕ ਰੁਚੀ ਏਨੀ ਜ਼ਿਆਦਾ ਸੀ ਕਿ ਆਪ ਨੇ ਗ੍ਰਿਸਤ ਜੀਵਨ ਵਿੱਚ ਪ੍ਰਵੇਸ਼ ਹੀ ਨਹੀਂ ਕੀਤਾ। ਕਾਲਜ-ਪੱਧਰ ਦੀ ਵਿੱਦਿਆ ਬੀ. ਏ. ਤੱਕ ਹਾਸਲ ਕਰਨ ਤੋਂ ਬਾਅਦ ਆਪ ਜੀ ਨੇ ਐਕਟਿਵਿਟੀ ਸਕੂਲ, ਪ੍ਰੀਤ ਨਗਰ ਵਿੱਚ ਅਧਿਆਪਨ ਕਿੱਤੇ ਨੂੰ ਅਪਣਾਇਆ ਪਰ ਆਪ ਦੀ ਸਾਹਿਤਿਕ ਰੁਚੀ ਨੇ ਆਪ ਦੇ ਕਿੱਤੇ ਵਿੱਚ ਛੇਤੀ ਹੀ ਬਦਲਾਅ ਲੈ ਆਂਦਾ। ਇੱਕ ਸੁਤੰਤਰ ਲੇਖਕ ਦੇ ਤੌਰ 'ਤੇ ਪੱਤਰਕਾਰੀ ਵਿੱਚ 'ਸੋਵੀਅਤ ਦੇਸ' ਰਿਸਾਲੇ ਵਿੱਚ ਸਹਿ-ਸੰਪਾਦਕ ਦੇ ਤੌਰ 'ਤੇ ਕਾਰਜ ਅਰੰਭ ਕੀਤਾ। ਆਪ ਜੀ ਵਿੱਚ ਦੇਸ-ਪਿਆਰ, ਸਦਭਾਵਨਾ ਅਤੇ ਚੜ੍ਹਦੀ ਕਲਾ ਦੀ ਸੋਚ ਨੇ ਆਪ ਜੀ ਨੂੰ ਪੰਜਾਬੀ ਦੇ ਸਿਰਮੌਰ ਲੇਖਕਾਂ ਵਿੱਚ ਖੜ੍ਹਿਆਂ ਕੀਤਾ। ਆਪ ਜੀ ਦੇ ਕਾਵਿ-ਰਚਨਾ ਸੰਗ੍ਰਹਿ—ਸਹਿਰਾਈ ਪੰਛੀ, ਤਾਰਿਆਂ ਦੀ ਲੋਅ, ਧਰਤੀ ਦੇ ਗੀਤ, ਮੇਰੀ ਕਵਿਤਾ ਦਾ ਸਫਰ ਅਤੇ ਵਣ-ਤ੍ਰਿਣ ਆਦਿ ਪ੍ਰਸਿੱਧ ਹਨ। ਮੇਰੀ ਸਾਹਿਤਿਕ ਸ੍ਵੈਜੀਵਨੀ, ਆਤਮ ਕਥਾ ਤੇ ਚੋਣਵੀਂ ਕਵਿਤਾ ਵਾਰਤਕ ਰੂਪ ਰਚਨਾਵਾਂ ਹਨ। ਆਪ ਨੇ ਸੋਵੀਅਤ ਲੈਂਡ ਨਹਿਰੂ ਅਵਾਰਡ, ਬਾਵਾ ਬਲਵੰਤ ਅਵਾਰਡ ਅਤੇ ਕਈ ਹੋਰ ਸਨਮਾਨ ਵੀ ਪ੍ਰਾਪਤ ਕੀਤੇ।

ਹਥਲੀ ਪੁਸਤਕ ਵਿੱਚ 'ਵਣ-ਤ੍ਰਿਣ' ਕਾਵਿ-ਸੰਗ੍ਰਹਿ ਵਿੱਚੋਂ 'ਦੋਸਤਾ' ਕਵਿਤਾ ਲਈ ਗਈ ਹੈ। ਇਸ ਕਵਿਤਾ ਵਿੱਚ ਸਮੇਂ ਦੀ ਨਜ਼ਾਕਤ ਨੂੰ ਪਛਾਣਦਿਆਂ ਹੋਇਆਂ ਮਨੁੱਖ ਨੂੰ ਆਪਣੀ ਜ਼ਿੰਦਗੀ ਵਿੱਚ ਉਸਾਰੂ ਮੁੱਲ-ਵਿਧਾਨ ਨੂੰ ਧਾਰਨ ਕਰਨਾ ਚਾਹੀਦਾ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਉਹ ਸਦਾ ਹਿੰਮਤ, ਲਗਨ, ਮਿਹਨਤ ਅਤੇ ਕਿਰਤ ਨੂੰ ਅਪਣਾ ਕੇ ਆਪਣੀ ਜ਼ਿੰਦਗੀ ਵਿੱਚ ਖ਼ੁਸ਼ੀਆਂ-ਖੇੜੇ ਭਰੇ।

## ਦੋਸਤਾ

ਜ਼ਿੰਦਗੀ ਨੂੰ ਭਰ ਹੁੰਗਾਰਾ, ਦੋਸਤਾ।
ਤੱਕ ਜੁਗਾਂ ਦਾ ਇਸ਼ਾਰਾ, ਦੋਸਤਾ।
ਨਾਚ ਪੈਰਾਂ ਵਿੱਚ ਧੜਕੇ ਅੱਜ ਨਵਾਂ,
ਅੰਗਾਂ ਵਿੱਚ ਕੋਈ ਹੁਲਾਰਾ, ਦੋਸਤਾ।
ਦੋ ਕਦਮ ਦੀ ਵਿੱਥ 'ਤੇ ਮੰਜ਼ਲ ਤੇਰੀ,
ਤੁਰ ਜ਼ਰਾ ਹੋ ਕੇ ਕਰਾਰਾ, ਦੋਸਤਾ।
ਢਾਰਿਆਂ 'ਚੋਂ ਉੱਠ ਹੰਭਲ਼ਾ ਮਾਰ ਕੇ,
ਪਕੜ ਲੈ ਉੱਚਾ ਮੁਨਾਰਾ, ਦੋਸਤਾ।
ਧੌਣ ਚੁੱਕ ਕੇ ਵੇਖ, ਕਰਦਾ ਸੈਨਤਾਂ,
ਤੇਰੀ ਹੋਣੀ ਦਾ ਸਿਤਾਰਾ, ਦੋਸਤਾ।
ਗਗਨ ਮੱਲੇ ਏਸ ਨੇ ਅੱਜ ਇਸ ਤਰ੍ਹਾਂ,
ਫਿੱਕਾ ਪਿਆ ਹਰ ਇੱਕ ਤਾਰਾ, ਦੋਸਤਾ।
ਨਗ਼ਮਾ ਕਿਹੜਾ ਛਿੜਿਆ ਅੱਜ ਦਿਲ-ਸਾਜ਼ 'ਤੇ,
ਗੂੰਜਦਾ ਕਿਹੜਾ ਜੈਕਾਰਾ, ਦੋਸਤਾ।
ਸੀਮਾ ਨਹੀਓਂ ਤੇਰੀ ਕੋਈ ਆਖ਼ਰੀ,
ਹੋਣ ਵਾਲ਼ਾ ਇਹ ਨਿਤਾਰਾ, ਦੋਸਤਾ।
ਰਚਨਾ ਤੇਰੀ, ਤੇਰੀ ਸਾਰੀ ਸਿਰਜਣਾ,
ਤੇਰਾ ਹੀ ਸਗਲਾ ਪਸਾਰਾ, ਦੋਸਤਾ।
ਕਿਰਤ ਦੀ ਕੁੱਖੋਂ ਹੀ ਸਭ ਕੁਝ ਜੰਮਿਆ,
ਹੋਰ ਰਚ ਅੱਜ ਇੱਕ ਨਜ਼ਾਰਾ, ਦੋਸਤਾ।
ਧਾ ਕੇ ਪਾ ਲੈ ਭਵਿਖ ਨੂੰ ਗਲਵੱਕੜੀ,
ਚੁੰਮ ਲੈ ਤੂੰ ਮੂੰਹ ਪਿਆਰਾ, ਦੋਸਤਾ।

### ਪਾਠ-ਅਭਿਆਸ

**1. ਵਸਤੂਨਿਸ਼ਠ ਪ੍ਰਸ਼ਨ :**

(ੳ) ਆਪਣੀ ਪਾਠ-ਪੁਸਤਕ ਵਿੱਚ ਸ਼ਾਮਲ ਪਿਆਰਾ ਸਿੰਘ ਸਹਿਰਾਈ ਦੀ ਕਵਿਤਾ ਦਾ ਸਿਰਲੇਖ ਦੱਸੋ।

(ਅ) ਤੁਹਾਡੀ ਪਾਠ-ਪੁਸਤਕ ਵਿੱਚ ਦਰਜ 'ਦੋਸਤਾ' ਕਵਿਤਾ ਕਿਸ ਕਵੀ ਦੀ ਰਚਨਾ ਹੈ ?

(ੲ) ਕਵਿਤਾ 'ਦੋਸਤਾ' ਅਨੁਸਾਰ ਨਵਾਂ ਨਾਚ ਸਰੀਰ ਦੇ ਕਿਸ ਅੰਗ ਵਿੱਚ ਧੜਕਦਾ ਹੈ ?

(ਸ) 'ਦੋਸਤਾ' ਕਵਿਤਾ ਵਿੱਚ ਕਵੀ ਨੂੰ ਮਨੁੱਖ ਦੀ ਮੰਜ਼ਲ ਕਿੰਨੀ ਕੁ ਵਿੱਥ 'ਤੇ ਨਜ਼ਰ ਆਉਂਦੀ ਹੈ।

(ਹ) ਢਾਰਿਆਂ 'ਚੋਂ ਉੱਠ ਹੰਭਲਾ ਮਾਰ ਕੇ,
ਪਕੜ ਲੈ ਉੱਚਾ ..........., ਦੋਸਤਾ।
ਪਿਆਰਾ ਸਿੰਘ ਸਹਿਰਾਈ ਦੀ ਕਵਿਤਾ 'ਦੋਸਤਾ' ਦੀ ਸਤਰ ਵਿੱਚ ਖ਼ਾਲੀ ਥਾਂ ਭਰੋ।

(ਕ) ਪਿਆਰਾ ਸਿੰਘ ਸਹਿਰਾਈ ਦੀ ਕਵਿਤਾ 'ਦੋਸਤਾ' ਅਨੁਸਾਰ ਮਨੁੱਖੀ ਹੋਣੀ ਦਾ ਸਿਤਾਰਾ ਧੌਣ ਚੁੱਕ ਕੇ ਸੈਨਤਾਂ ਕਰਦਾ ਹੈ।
(ਸਹੀ/ਗਲਤ)

(ਖ) ਪਿਆਰਾ ਸਿੰਘ ਸਹਿਰਾਈ ਦੀ ਕਵਿਤਾ 'ਦੋਸਤਾ' ਦੀ ਮੂਲ ਸੁਰ ਹੈ :—
(ੳ) ਉਪਦੇਸ਼ਤਾਮਿਕ
(ਅ) ਵਿਆਖਿਆਤਮਿਕ
(ੲ) ਭਾਵਾਤਮਿਕ
(ਸ) ਨਕਾਰਾਤਮਿਕ

2. ਪਿਆਰਾ ਸਿੰਘ ਸਹਿਰਾਈ ਦੀ ਕਵਿਤਾ 'ਦੋਸਤਾ' ਦਾ ਕੇਂਦਰੀ ਭਾਵ ਲਿਖੋ।

*******

# ਅੰਮ੍ਰਿਤਾ ਪ੍ਰੀਤਮ

## (1919-2005)

ਆਧੁਨਿਕ ਪੰਜਾਬੀ ਕਵਿਤਾ ਨੂੰ ਰੁਮਾਂਸਵਾਦੀ ਤੇ ਰੁਮਾਂਸਵਾਦੀ-ਪ੍ਰਗਤੀਵਾਦੀ ਰੰਗਾਂ ਵਿੱਚ ਰੰਗਣ ਵਾਲ਼ੀ ਕਵਿਤਰੀ ਅੰਮ੍ਰਿਤਾ ਪ੍ਰੀਤਮ ਦਾ ਜਨਮ ਪਿਤਾ ਸ. ਕਰਤਾਰ ਸਿੰਘ ਹਿਤਕਾਰੀ ਤੇ ਮਾਤਾ ਸ੍ਰੀਮਤੀ ਰਾਜ ਬੀਬੀ ਦੇ ਗ੍ਰਹਿ-ਸਥਾਨ ਗੁਜਰਾਂਵਾਲਾ (ਹੁਣ ਪਾਕਿਸਤਾਨ 'ਚ ਹੈ) ਵਿਖੇ 31 ਅਗਸਤ, 1919 ਨੂੰ ਹੋਇਆ।

ਆਪ ਨੇ ਵਿੱਦਿਅਕ ਯੋਗਤਾ ਦੇ ਸੰਬੰਧ 'ਚ ਦਸਵੀਂ ਤੇ ਗਿਆਨੀ ਕੀਤੀ। ਕਿੱਤੇ ਪੱਖੋਂ ਆਪ ਸਾਹਿਤਕਾਰੀ ਤੇ ਸੰਪਾਦਨਾ ਨਾਲ਼ ਜੁੜੇ ਰਹੇ।

ਅੰਮ੍ਰਿਤਾ ਪ੍ਰੀਤਮ ਨੇ ਕਹਾਣੀਆਂ, ਨਾਵਲ, ਸ੍ਵੈਜੀਵਨੀ, ਸਫ਼ਰਨਾਮਾ ਅਤੇ ਕਾਫ਼ੀ ਵਾਰਤਕ ਰਚਨਾ ਕੀਤੀ ਹੈ ਪਰ ਉਹਨਾਂ ਦੀ ਪ੍ਰਸਿੱਧੀ ਇੱਕ ਕਵਿਤਰੀ ਵਜੋਂ ਜ਼ਿਆਦਾ ਹੋਈ। ਉਹਨਾਂ ਦੇ ਮੁੱਖ ਕਾਵਿ-ਸੰਗ੍ਰਹਿ ਇਸ ਪ੍ਰਕਾਰ ਹਨ :

'ਓ ਗੀਤਾਂ ਵਾਲ਼ਿਆ', 'ਬੱਦਲ਼ਾਂ ਦੇ ਪੱਲੇ ਵਿੱਚ', 'ਸੰਝ ਦੀ ਲਾਲੀ', 'ਲੋਕ-ਪੀੜ', 'ਪੱਥਰ ਗੀਟੇ', 'ਲੰਮੀਆਂ ਵਾਟਾਂ', 'ਮੈਂ ਤਵਾਰੀਖ਼ ਹਾਂ ਹਿੰਦ ਦੀ', ਸਰਘੀ ਵੇਲਾ', 'ਸੁਨੇਹੜਾ', 'ਅਸ਼ੋਕਾ ਚੇਤੀ', 'ਕਸਤੂਰੀ', 'ਨਾਗਮਣੀ', 'ਕਾਗਜ਼ ਤੇ ਕੈਨਵਸ', 'ਕਾਗਜ਼ ਤੇ ਕੈਨਵਸ ਤੋਂ ਪਿੱਛੋਂ'। ਆਪ ਨੂੰ 'ਸੁਨੇਹੜੇ' ਲਈ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ, 'ਕਾਗਜ਼ ਤੇ ਕੈਨਵਸ' ਲਈ ਗਿਆਨ ਪੀਠ ਐਵਾਰਡ ਮਿਲ਼ਿਆ।

ਹਥਲੀ ਪਾਠ-ਪੁਸਤਕ ਵਿੱਚ ਉਹਨਾਂ ਦੀ ਕਵਿਤਾ 'ਵਾਰਸ ਸ਼ਾਹ' ਸ਼ਾਮਲ ਕੀਤੀ ਗਈ ਹੈ। ਇਸ ਕਵਿਤਾ ਵਿੱਚ ਦੇਸ-ਵੰਡ ਦੇ ਦੁਖਾਂਤ ਦੀ ਝਲਕ ਬੜੇ ਕਾਵਿਕ ਅੰਦਾਜ਼ ਵਿੱਚ ਪ੍ਰਗਟ ਹੋਈ ਹੈ। ਪਿਆਰ ਦਾ ਜਸ਼ਨ ਮਨਾਉਣ ਵਾਲ਼ੀ ਪੰਜਾਬ ਦੀ ਧਰਤੀ ਨੂੰ ਆਪਸੀ ਨਫ਼ਰਤ ਵਿੱਚ ਨੱਕ-ਨੱਕ ਡੁੱਬਿਆ ਤੱਕ ਕੇ ਕਵਿਤਰੀ ਦਾ ਕੋਮਲ ਹਿਰਦਾ ਇਸ ਕਵਿਤਾ ਵਿੱਚ ਜਾਣੋ ਫੁੱਟ ਕੇ ਵਗ ਪਿਆ ਹੈ।

## ਵਾਰਸ ਸ਼ਾਹ

ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ
ਇੱਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ-ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਸ ਸ਼ਾਹ ਨੂੰ ਕਹਿਣ :
ਵੇ ਦਰਦਮੰਦਾਂ ਦਿਆ ਦਰਦੀਆ ! ਉੱਠ ਤੱਕ ਆਪਣਾ ਪੰਜਾਬ
ਅਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ
ਕਿਸ ਨੇ ਪੰਜਾਂ ਪਾਣੀਆਂ ਵਿੱਚ ਦਿੱਤੀ ਜ਼ਹਿਰ ਰਲ਼ਾ
ਤੇ ਉਹਨਾਂ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ
ਇਸ ਜ਼ਰਖੇਜ਼ ਜ਼ਮੀਨ ਦੇ ਲੂੰ-ਲੂੰ ਫੁੱਟਿਆ ਜ਼ਹਿਰ
ਗਿੱਠ-ਗਿੱਠ ਚੜ੍ਹੀਆਂ ਲਾਲੀਆਂ, ਫੁੱਟ-ਫੁੱਟ ਚੜ੍ਹਿਆ ਕਹਿਰ।
ਵਿਹੁ-ਵਲਿੱਸੀ 'ਵਾ ਫਿਰ ਵਣ-ਵਣ ਵੱਗੀ ਜਾ
ਓਹਨੇ ਹਰ ਇੱਕ ਬਾਂਸ ਦੀ ਵੰਝਲੀ ਦਿੱਤੀ ਨਾਗ ਬਣਾ
ਪਹਿਲੇ ਡੰਗ ਮਦਾਰੀਆਂ ਮੰਤਰ ਗਏ ਗੁਆਚ
ਦੂਜੇ ਡੰਗ ਦੀ ਲੱਗ ਗਈ ਜਣੇ-ਖਣੇ ਨੂੰ ਲਾਗ
ਨਾਗਾਂ ਕੀਲੇ ਲੋਕ-ਮੂੰਹ ਬੱਸ ਫਿਰ ਡੰਗ ਹੀ ਡੰਗ
ਪਲੋ-ਪਲੀ ਪੰਜਾਬ ਦੇ ਨੀਲੇ ਪੈ ਗਏ ਅੰਗ
ਗਲਿਓਂ ਟੁੱਟੇ ਗੀਤ ਫਿਰ ਤ੍ਰੱਕਲਿਓਂ ਟੁੱਟੀ ਤੰਦ
ਤ੍ਰਿੰਜਣੋਂ ਟੁੱਟੀਆਂ ਸਹੇਲੀਆਂ ਚਰੱਖੜੇ ਘੂਕਰ ਬੰਦ
ਸਣੇ ਸੇਜ ਦੇ ਬੇੜੀਆਂ ਲੁੱਡਣ ਦਿੱਤੀਆਂ ਰੋੜ੍ਹ
ਸਣੇ ਡਾਲੀਆਂ ਪੀਂਘ ਅੱਜ ਪਿੱਪਲਾਂ ਦਿੱਤੀ ਤੋੜ
ਜਿੱਥੇ ਵੱਜਦੀ ਸੀ ਫੂਕ ਪਿਆਰ ਦੀ ਵੇ ਉਹ ਵੰਝਲੀ ਗਈ ਗੁਆਚ
ਰਾਂਝੇ ਦੇ ਸਭ ਵੀਰ ਅੱਜ ਭੁੱਲ ਗਏ ਉਹਦੀ ਜਾਚ
ਧਰਤੀ 'ਤੇ ਲਹੂ ਵੱਸਿਆ ਕਬਰਾਂ ਪਈਆਂ ਚੋਣ
ਪ੍ਰੀਤ ਦੀਆਂ ਸ਼ਾਹਜ਼ਾਦੀਆਂ ਅੱਜ ਵਿੱਚ ਮਿਜ਼ਾਰਾਂ ਰੋਣ
ਅੱਜ ਸੱਭੇ ਕੈਦੋਂ ਬਣ ਗਏ, ਹੁਸਨ-ਇਸ਼ਕ ਦੇ ਚੋਰ
ਅੱਜ ਕਿੱਥੋਂ ਲਿਆਈਏ ਲੱਭ ਕੇ, ਵਾਰਸ ਸ਼ਾਹ ਇੱਕ ਹੋਰ।
ਅੱਜ ਆਖਾਂ ਵਾਰਸ ਸ਼ਾਹ ਨੂੰ ਤੂਹੇਂ ਕਬਰਾਂ ਵਿੱਚੋਂ ਬੋਲ ।
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ ।

## ਪਾਠ-ਅਭਿਆਸ

**1. ਵਸਤੂ ਨਿਸ਼ਠ ਪ੍ਰਸ਼ਨ :**

(ੳ) ਆਪਣੀ ਪਾਠ-ਪੁਸਤਕ ਵਿੱਚ ਦਰਜ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਦਾ ਨਾਂ ਦੱਸੋ।

(ਅ) 'ਵਾਰਸ ਸ਼ਾਹ' ਕਵਿਤਾ ਕਿਸ ਦੀ ਸਿਰਜਣਾ ਹੈ ?

(ੲ) 'ਵੇ ਦਰਦਮੰਦਾਂ ਦਿਆ ਦਰਦੀਆ ! ਉੱਠ ਤੱਕ ਆਪਣਾ ਪੰਜਾਬ', ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਵਾਰਸ ਸ਼ਾਹ' ਦੀ ਉਕਤ ਤੁਕ ਵਿੱਚ 'ਦਰਦਮੰਦਾਂ ਦਿਆ ਦਰਦੀਆ' ਕਿਸ ਨੂੰ ਆਖਿਆ ਗਿਆ ਹੈ ?

(ਸ) ਅੱਜ ਬੇਲੇ ................ ਵਿਛੀਆਂ ਤੇ .............. ਦੀ ਭਰੀ ਚਨਾਬ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਵਾਰਸ ਸ਼ਾਹ' ਨੂੰ ਮੁੱਖ ਰੱਖਦਿਆਂ ਖ਼ਾਲੀ ਥਾਂਵਾਂ ਭਰੋ।

(ਹ) ਕਵਿਤਾ ਵਾਰਸ ਸ਼ਾਹ ਅਨੁਸਾਰ ਪੰਜ ਪਾਣੀਆਂ ਵਿੱਚੋਂ ਜ਼ਹਿਰ ਰਲ਼ਾਉਣ ਨਾਲ਼ ਇੱਥੋਂ ਦੀ ਜ਼ਰਖੇਜ਼ ਜ਼ਮੀਨ ਦੇ ਲੂੰ-ਲੂੰ ਵਿੱਚ ਜ਼ਹਿਰ ਫੁੱਟ ਪਿਆ ਸੀ।
(ਸਹੀ/ਗ਼ਲਤ)

(ਕ) ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਵਾਰਸ ਸ਼ਾਹ' ਵਿੱਚ ਕਿਹੜੇ ਪ੍ਰੀਤ- ਨਾਇਕ/ਨਾਇਕਾ ਦਾ ਜ਼ਿਕਰ ਹੋਇਆ ਹੈ ?

(ਖ) ਕਵਿਤਾ 'ਵਾਰਸ ਸ਼ਾਹ' ਅਨੁਸਾਰ ਪੰਜਾਬ ਵਿੱਚ ਫ਼ਿਰਕਾਪ੍ਰਸਤੀ ਫੈਲਣ ਨਾਲ਼ ਧਰਤੀ ਲਹੂ ਨਾਲ਼ ਭਿੱਜ ਗਈ ਤੇ ਕਬਰਾਂ ਵੀ ਰੋ ਰਹੀਆਂ ਸਨ।
(ਹਾਂ/ਨਾਂਹ)

(ਗ) ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਵਾਰਸ ਸ਼ਾਹ' ਵਿੱਚ ਕਿਹੜੇ ਸਾਲ ਦਾ ਦੁਖਾਂਤਿਕ ਚਿਤਰਨ ਹੋਇਆ ਹੈ ?

(ੳ) 1857 (ਅ) 1914
(ੲ) 1947 (ਸ) 1965

**2. ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਵਾਰਸ ਸ਼ਾਹ' ਦਾ ਕੇਂਦਰੀ ਭਾਵ ਲਿਖੋ।**

*******

# ਹਰਿਭਜਨ ਸਿੰਘ
## (1920-2002 ਈ:)

ਡਾ. ਹਰਿਭਜਨ ਸਿੰਘ ਪੰਜਾਬੀ ਸਾਹਿਤ ਦੇ ਸ੍ਰੇਸ਼ਟ ਆਲੋਚਕ ਅਤੇ ਆਧੁਨਿਕ ਚੇਤਨਾ ਦੇ ਕਵੀ ਸਨ। ਆਪ ਨੇ ਮਨੁੱਖ ਦੀਆਂ ਅੰਤਰਮੁਖੀ ਅਤੇ ਬਾਹਰਮੁਖੀ ਸਮੱਸਿਆਵਾਂ ਨੂੰ ਧੁਰ ਡੂੰਘਾਈ ਤੱਕ ਜਾ ਕੇ ਚਿਤਰਿਆ ਹੈ।

ਆਪ ਦਾ ਜਨਮ 18 ਅਗਸਤ, 1920 ਈ: ਨੂੰ ਲਮਡਿੰਗ 'ਅਸਾਮ' ਵਿੱਚ ਹੋਇਆ। ਆਪ ਨੇ ਹਿੰਦੀ ਅਤੇ ਅੰਗਰੇਜ਼ੀ ਸਾਹਿਤ ਦਾ ਡੂੰਘਾ ਅਧਿਐਨ ਕੀਤਾ ਅਤੇ ਦੋਹਾਂ ਵਿਸ਼ਿਆਂ ਵਿੱਚ ਐੱਮ. ਏ. ਕਰਕੇ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਦਿੱਲੀ ਵਿੱਚ ਲੰਮੇ ਸਮੇਂ ਤੱਕ ਲੈਕਚਰਾਰ ਲੱਗੇ ਰਹੇ। ਕਾਫ਼ੀ ਸਮੇਂ ਤੱਕ ਆਪ ਦਿੱਲੀ ਯੂਨੀਵਰਸਿਟੀ ਵਿੱਚ ਭਾਰਤੀ ਭਾਸ਼ਾਵਾਂ ਵਿਭਾਗ ਦੇ ਅਧਿਅਕਸ਼ ਪਦ ਉੱਤੇ ਲੱਗੇ ਰਹੇ।

ਡਾ. ਹਰਿਭਜਨ ਸਿੰਘ ਦੇ ਪਹਿਲੇ ਕਾਵਿ-ਸੰਗ੍ਰਹਿਆਂ ਵਿੱਚ ਭਾਵ-ਪ੍ਰਧਾਨ ਸ਼ੈਲੀ ਦਾ ਰੰਗ ਵਧੇਰੇ ਹੈ। ਪਰ ਮੁੱਖ ਤੌਰ 'ਤੇ ਆਪ ਬੌਧਿਕ ਰੰਗਣ ਵਾਲ਼ੇ ਕਵੀ ਸਨ। ਆਪ ਨੇ ਜੀਵਨ ਦੀ ਨਿਰਾਸਤਾ, ਕਰਮਹੀਣਤਾ, ਸਮਾਜਿਕ ਮਨੋਵਿਗਿਆਨਿਕ ਪਰਿਸਥਿਤੀਆਂ, ਮਨੁੱਖੀ ਭਾਵਾਂ ਦੀ ਸੂਖਮਤਾ ਅਤੇ ਗਹਿਰਾਈ ਨੂੰ ਬਰੀਕੀ ਨਾਲ਼ ਚਿਤਰਿਆ ਹੈ।

ਹਥਲੀ ਪਾਠ-ਪੁਸਤਕ ਵਿੱਚ ਆਪ ਦੀ ਕਵਿਤਾ 'ਮੇਰਾ ਬਚਪਨ' ਸ਼ਾਮਲ ਕੀਤੀ ਗਈ ਹੈ। ਇਸ ਕਵਿਤਾ ਵਿੱਚ ਇੱਕ ਬਾਪ ਤੋਂ ਬਿਨਾਂ ਬਚਪਨ ਦੀ ਹਕੀਕਤ ਨੂੰ ਬਿਆਨ ਕੀਤਾ ਹੈ। ਸਮਾਜ ਵਿੱਚ 'ਮਾਂ' ਨੂੰ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਬੱਚੇ ਦਾ ਬਚਪਨ ਕਿਵੇਂ ਬਤੀਤ ਹੋ ਜਾਂਦਾ ਹੈ, ਦਾ ਜ਼ਿਕਰ ਕੀਤਾ ਗਿਆ ਹੈ।

# ਮੇਰਾ ਬਚਪਨ

ਮੇਰਾ ਬਚਪਨ ਅਜੇ ਨਾ ਆਇਆ
ਮੇਰਾ ਬਚਪਨ ਕਦ ਆਵੇਗਾ ?
ਜਦ ਉਮਰਾਂ ਦੀ ਝੋਲ਼ੀ ਦੇ ਵਿੱਚ
ਦੋ, ਤਿੰਨ, ਚਾਰ ਜਾਂ ਪੰਜ ਵਰ੍ਹੇ ਸਨ।
ਮਾਂ ਦੇ ਬੁੱਲ੍ਹ ਬਰਾਨਾਂ ਉੱਤੇ
ਕਦੀ ਨ ਉੱਗੀ ਹਰੀ ਕਰੂਮਲ
ਨੈਣ ਉਸ ਦੇ ਭਰੇ ਭਰੇ ਸਨ
ਦਿਨ ਜਿਉਂ ਬੁਝੇ-ਬੁਝੇ ਪਰਛਾਂਵੇਂ
ਮਾਂ ਮੇਰੀ ਦੀ ਸਗਲ ਮੁਸ਼ੱਕਤ—
ਨੀਵੀਂ ਨਜ਼ਰ ਸਦਾ ਸ਼ਰਮਾਵੇ।

ਰਾਤ ਸੁਲੱਗਦਾ ਸੁੰਵਾ ਪਾਲ਼ਾ
ਮੈਂ, ਮੇਰੀ ਮਾਂ, ਦੀਪ-ਵਿਹੂਣੇ
ਜਿਉਂ ਨੇਰ੍ਹੇ ਦੀ ਝੁੰਬ ਮਾਰ ਕੇ
ਦੋ ਬੂਟੇ ਕੁਮਲ਼ਾਏ ਸੁੱਤੇ।

ਸਾਡੇ ਵਿਹੜੇ ਮਰੀ ਕਹਾਣੀ
ਇੱਕ ਸੀ ਰਾਜਾ, ਇੱਕ ਸੀ ਰਾਣੀ
ਕਦੀ-ਕਦੀ ਮੇਰੀ ਮਾਂ ਆਖੇ :
'ਵੇ ਮੇਰੇ ਦੁੱਖ-ਦਰਦ ਦੇ ਹਾਣੀ,
ਮੇਰੀ ਹਿੱਕ ਨੂੰ ਲੱਗ ਕੇ ਸੌਂ ਜਾ
ਜਿਸ ਥਾਂਉਂ ਤੇਰਾ ਬਾਪ ਸਿਧਾਇਆ
ਉਸ ਥਾਂਵੇਂ ਕੋਈ ਪਾਪ ਨ ਆਵੇ
ਮੇਰੇ ਬੂਟੇ, ਗੱਭਰੂ ਹੋ ਜਾ
ਤੇਰੀ ਛਾਂਵੇਂ ਮੈਂ ਸੌਂ ਜਾਵਾਂ
ਕਦੇ-ਕਦੇ ਬਾਲਾਂ ਦੇ ਕੁੱਛੜ
ਸੌਣ ਨਿਚਿੰਤ, ਨਿਕਰਮਣ ਮਾਂਵਾਂ।

ਮੈਂ ਆਪਣੀ ਮਾਤਾ ਦਾ ਉਹਲਾ,
ਉਸ ਦੀ ਛਾਂ ਉਸ ਦਾ ਪਰਛਾਂਵਾਂ
ਉਂਞ ਤਾਂ ਹਰ ਮਾਂ ਸੁਹਣੀ ਹੁੰਦੀ,
ਪਰ ਮੇਰੀ ਮਾਂ ਵੇਖ-ਵੇਖ ਕੇ—
ਹਰ ਅੱਖ ਸੁਲਗੇ ਜਿਵੇਂ ਦੁਪਹਿਰੀਂ
ਮੈਂ ਉਸ ਦੇ ਸੰਗ ਤੁਰਿਆ ਜਾਵਾਂ
ਚੁੱਪ ਸੰਘਣੀ, ਛਾਂਉਂ ਇਕਹਰੀ
ਨਜ਼ਰ-ਨਜ਼ਰ ਮੇਰਾ ਮਕਤਬ ਸੀ,
ਬੋਲ-ਬੋਲ ਸੀ ਸੰਥਾ ਮੇਰੀ
ਬਚਪਨ ਆਉਂਦਾ ਤਾਂ ਕਿਸ ਰਾਹੋਂ
ਹਰ ਰਾਹ ਸੂਝ ਸਮਝ ਨੇ ਘੇਰੀ
ਇੱਕ ਦਿਨ ਮਾਂ ਨੇ ਬਾਤ ਸੁਣਾਈ
ਕਿਵੇਂ ਉਸ ਨੇ ਆਪਣੇ ਹੱਥੀਂ—
ਪਿਤਾ ਮੇਰੇ ਦੀ ਚਿਤਾ ਜਲ਼ਾਈ
ਫਿਰ ਕੁਰਲਾਈ :
ਨਹੀਂ-ਨਹੀਂ ਮੈਂ ਆਪਣੇ ਹੱਥੀਂ
ਤੇਰਾ ਬਚਪਨ ਆਪ ਜਲ਼ਾਇਆ
ਮੇਰਾ ਬਚਪਨ ਉਦੋਂ ਨਾ ਆਇਆ
ਮੇਰਾ ਬਚਪਨ ਕਦ ਆਵੇਗਾ ?

## ਪਾਠ-ਅਭਿਆਸ

1. **ਵਸਤੂਨਿਸ਼ਠ ਪ੍ਰਸ਼ਨ :**

   (ੳ) ਆਪਣੀ 'ਲਾਜ਼ਮੀ ਪੰਜਾਬੀ' ਦੀ ਪਾਠ-ਪੁਸਤਕ 'ਚ ਦਰਜ ਹਰਿਭਜਨ ਸਿੰਘ ਦੀ ਕਵਿਤਾ ਦਾ ਸਿਰਲੇਖ ਲਿਖੋ।

   (ਅ) 'ਮੇਰਾ ਬਚਪਨ' ਕਵਿਤਾ ਕਿਸ ਸ਼ਾਇਰ ਦੀ ਰਚਨਾ ਹੈ ?

   (ੲ) 'ਮੇਰਾ ਬਚਪਨ' ਕਵਿਤਾ ਵਿੱਚ ਕਿਸ ਰਿਸ਼ਤੇ ਦੀ ਗ਼ੈਰਹਾਜ਼ਰੀ ਕਾਰਨ ਬੱਚੇ ਦਾ ਬਚਪਨ ਰੁਲ਼ ਜਾਂਦਾ ਹੈ ?

   (ਸ) ਪੁੱਤਰ ਦੇ ਛੇਤੀ-ਛੇਤੀ ਗੱਭਰੂ ਹੋਣ ਦੀ ਲੋਚਾ ਕਿਸ ਦੇ ਮਨ ਵਿੱਚ ਹੈ ? ਮੇਰਾ ਬਚਪਨ ਕਵਿਤਾ ਦੇ ਆਧਾਰ 'ਤੇ ਦੱਸੋ।

   (ਹ) ਕਦੇ-ਕਦੇ ਬਾਲਾਂ ਦੇ ਕੁੱਛੜ, ਸੌਂਣ ਨਿਚਿੰਤ, ................ ਮਾਂਵਾਂ। 'ਮੇਰਾ ਬਚਪਨ' ਕਵਿਤਾ ਦੀ ਉਪਰੋਕਤ ਕਾਵਿ- ਤੁਕ ਪੂਰੀ ਕਰੋ।

(ਕ) 'ਮੇਰਾ ਬਚਪਨ' ਕਵਿਤਾ 'ਚ ਮਾਂ ਨੇ ਆਪਣੇ ਹੱਥੀਂ ਆਪਣੇ ਪਤੀ ਦੀ ਚਿਤਾ ਜਲ਼ਾਈ। (ਠੀਕ / ਗ਼ਲਤ)

(ਖ) 'ਮੇਰਾ ਬਚਪਨ' ਕਵਿਤਾ ਵਿੱਚ ਮੂਲ ਰੂਪ ਵਿੱਚ ਰਿਸ਼ਤਾ ਵਿਚਰਦਾ ਨਜ਼ਰ ਆਉਂਦਾ ਹੈ।

(ੳ) ਮਾਂ-ਪੁੱਤ

(ਅ) ਪਿਓ-ਧੀ

(ੲ) ਭੈਣ-ਭਰਾ

(ਸ) ਨੂੰਹ-ਪੁੱਤ

2. **ਹਰਿਭਜਨ ਸਿੰਘ ਦੀ ਕਵਿਤਾ 'ਮੇਰਾ ਬਚਪਨ' ਦਾ ਕੇਂਦਰੀ ਭਾਵ ਆਪਣੇ ਸ਼ਬਦਾਂ 'ਚ ਲਿਖੋ।**

*******

# ਸ਼ਿਵ ਕੁਮਾਰ ਬਟਾਲਵੀ

## (1937 ਈ. -1973 ਈ.)

ਸ਼ਿਵ ਕੁਮਾਰ ਬਟਾਲਵੀ ਨੂੰ ਬਿਰਹਾ ਦਾ ਕਵੀ ਕਿਹਾ ਜਾਂਦਾ ਹੈ। ਆਪ ਨੇ ਆਪਣੀਆਂ ਰਚਨਾਵਾਂ ਵਿੱਚ ਗ਼ਮ, ਦਰਦ ਅਤੇ ਵਿਛੋੜੇ ਦੀ ਪੀੜ ਨੂੰ ਵਿਸ਼ੇਸ਼ ਰੂਪ ਵਿੱਚ ਬਿਆਨਿਆ ਹੈ। ਆਪ ਦਾ ਜਨਮ ਬੜਾ ਪਿੰਡ ਲੋਹਟੀਆਂ ਤਹਿਸੀਲ ਤੇ ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿੱਚ 8 ਅਕਤੂਬਰ, 1937 ਈ: ਨੂੰ ਸ੍ਰੀ ਕ੍ਰਿਸ਼ਨ ਗੋਪਾਲ ਦੇ ਘਰ ਹੋਇਆ। ਆਪ ਨੇ ਮੁਢਲੀ ਵਿੱਦਿਆ ਪਿੰਡ ਦੇ ਸਕੂਲ ਵਿੱਚੋਂ ਅਤੇ ਸਾਲਵੇਸ਼ਨ ਆਰਮੀ ਹਾਈ ਸਕੂਲ ਬਟਾਲੇ ਤੋਂ ਮੈਟ੍ਰਿਕ ਪਾਸ ਕੀਤੀ। ਆਪ ਕਾਲਜ ਦਾਖ਼ਲ ਤਾਂ ਹੋਏ ਪਰ ਪੜ੍ਹਾਈ ਵਿੱਚੇ ਹੀ ਛੱਡ ਦਿੱਤੀ ਅਤੇ ਪੜ੍ਹਾਈ ਦੇ ਦੌਰਾਨ ਹੀ ਕਵਿਤਾ ਲਿਖਣ ਲੱਗ ਪਏ। ਆਪ ਕੁਝ ਸਮਾਂ ਪਟਵਾਰੀ ਲੱਗੇ ਰਹੇ ਪਰ ਛੇਤੀ ਹੀ ਇਹ ਨੌਕਰੀ ਛੱਡ ਦਿੱਤੀ ਅਤੇ ਫਿਰ ਸਟੇਟ ਬੈਂਕ ਆਫ਼ ਇੰਡੀਆ, ਚੰਡੀਗੜ੍ਹ ਵਿੱਚ ਲੱਗ ਗਏ। ਪਰੰਤੂ ਆਪ ਦਾ ਰੁਝਾਨ ਕਵਿਤਾ ਲਿਖਣ ਵੱਲ ਹੀ ਰਿਹਾ।

ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ ਦਰਦ, ਵਿਛੋੜੇ, ਗ਼ਮ ਅਤੇ ਪੀੜ ਨਾਲ਼ ਭਿੱਜੀ ਹੋਈ ਹੈ। ਆਪ ਨੇ ਬਿਰਹਾ ਦੀ ਪੀੜ ਨੂੰ ਪੇਸ਼ ਕਰਨ ਲਈ ਉਪਮਾ ਅਲੰਕਾਰ ਲੋਕ-ਸੰਸਕ੍ਰਿਤੀ ਵਿੱਚੋਂ ਲਏ ਹਨ। ਆਪ ਦਾ ਬੋਲੀ ਉੱਤੇ ਵਿਸ਼ੇਸ਼ ਕਾਬੂ ਹੈ। ਲੋਕ-ਬੋਲੀ ਵਿੱਚੋਂ ਲਏ ਗਏ ਸ਼ਬਦ ਆਪ ਦੀ ਕਵਿਤਾ ਵਿੱਚ ਨਵੇਕਲ਼ੇ ਅਰਥ ਅਤੇ ਭਾਵ ਪੈਦਾ ਕਰਦੇ ਹਨ।

ਹਥਲੇ ਕਾਵਿ-ਸੰਗ੍ਰਹਿ ਵਿੱਚ ਆਪ ਦੀ ਕਵਿਤਾ 'ਗੀਤ' ਸ਼ਾਮਲ ਕੀਤੀ ਗਈ ਹੈ।

# ਗੀਤ

ਤੈਨੂੰ ਦਿਆਂ ਹੰਝੂਆਂ ਦਾ ਭਾੜਾ,
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲ਼ੀਏ।
ਭੱਠੀ ਵਾਲ਼ੀਏ ਚੰਬੇ ਦੀਏ ਡਾਲ਼ੀਏ
ਨੀਂ ਦੁੱਖਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲ਼ੀਏ।
ਹੋ ਗਿਆ ਕੁਵੇਲ਼ਾ ਮੈਨੂੰ
ਢਲ਼ ਗਈਆਂ ਛਾਂਵਾਂ ਨੀਂ
ਬੇਲਿਆਂ 'ਚੋਂ ਮੁੜ ਆਈਆਂ
ਮੱਝੀਆਂ ਤੇ ਗਾਂਵਾਂ ਨੀਂ
ਪਾਇਆ ਚਿੜੀਆਂ ਨੇ ਚੀਕ-ਚਿਹਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲ਼ੀਏ।
ਤੈਨੂੰ ਦਿਆਂ ਹੰਝੂਆਂ ਦਾ ਭਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲ਼ੀਏ।
ਛੇਤੀ-ਛੇਤੀ ਕਰੀਂ
ਮੈਂ ਤਾਂ ਜਾਣਾ ਬੜੀ ਦੂਰ ਨੀ
ਜਿੱਥੇ ਮੇਰੇ ਹਾਣੀਆਂ ਦਾ
ਟੁਰ ਗਿਆ ਪੂਰ ਨੀ
ਓਸ ਪਿੰਡ ਦਾ ਸੁਣੀਂਦੈ ਰਾਹ ਮਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲ਼ੀਏ।
ਤੈਨੂੰ ਦਿਆਂ ਹੰਝੂਆਂ ਦਾ ਭਾੜਾ
ਨੀ ਦੁੱਖਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲ਼ੀਏ।
ਮੇਰੀ ਵਾਰੀ ਪੱਤਿਆਂ ਦੀ
ਪੰਡ ਸਿੱਲ੍ਹੀ ਹੋ ਗਈ
ਮਿੱਟੀ ਦੀ ਕੜਾਹੀ ਤੇਰੀ
ਕਾਹਨੂੰ ਪਿੱਲੀ ਹੋ ਗਈ

ਤੇਰੇ ਸੇਕ ਨੂੰ ਕੀ ਵੱਜਿਆ ਦੁਗਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲ਼ੀਏ।
ਤੈਨੂੰ ਦਿਆਂ ਹੰਝੂਆਂ ਦਾ ਭਾੜਾ
ਨੀ ਦੁੱਖਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲ਼ੀਏ।
ਲੱਪ ਕੁ ਏ ਚੁੰਗ ਮੇਰੀ
ਮੈਨੂੰ ਪਹਿਲਾਂ ਟੋਰ ਨੀ
ਕੱਚੇ-ਕੱਚੇ ਰੱਖ ਨਾ ਨੀ
ਰਾੜ੍ਹ ਥੋੜ੍ਹੇ ਹੋਰ ਨੀ
ਕਰਾਂ ਮਿੰਨਤਾਂ ਮੁਕਾ ਦੇ ਨੀਂ ਪੁਆੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲ਼ੀਏ।
ਤੈਨੂੰ ਦਿਆਂ ਹੰਝੂਆਂ ਦਾ ਭਾੜਾ
ਨੀ ਦੁੱਖਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲ਼ੀਏ।
ਸੌਂ ਗਈਆਂ ਹਵਾਵਾਂ ਰੋ-ਰੋ
ਕਰ ਵਰਲਾਪ ਨੀ
ਤਾਰਿਆਂ ਨੂੰ ਚੜ੍ਹ ਗਿਆ
ਮੱਠਾ-ਮੱਠਾ ਤਾਪ ਨੀ
ਜੰਜ ਸਾਹਵਾਂ ਦੀ ਦਾ ਰੁੱਸ ਗਿਆ ਲਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲ਼ੀਏ।
ਤੈਨੂੰ ਦਿਆਂ ਹੰਝੂਆਂ ਦਾ ਭਾੜਾ
ਨੀ ਦੁੱਖਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲ਼ੀਏ।

## ਪਾਠ-ਅਭਿਆਸ

1. **ਵਸਤੂਵਿਸ਼ਠ ਪ੍ਰਸ਼ਨ :**

(ੳ) ਸ਼ਿਵ ਕੁਮਾਰ ਬਟਾਲਵੀ ਦੀ ਆਪਣੇ ਪਾਠ-ਕ੍ਰਮ 'ਚ ਸ਼ਾਮਲ ਕਵਿਤਾ ਦਾ ਨਾਂ ਲਿਖੋ।

(ਅ) 'ਗੀਤ' ਕਾਵਿ-ਰਚਨਾ ਕਿਸ ਕਵੀ ਦੀ ਰਚਨਾ ਹੈ ?

(ੲ) ਸ਼ਿਵ ਕੁਮਾਰ ਬਟਾਲਵੀ ਨੇ ਆਪਣਾ 'ਗੀਤ' ਕਿਸ ਨੂੰ ਸੰਬੋਧਨ ਕਰਦਿਆ ਲਿਖਿਆ ਹੈ ?

(ਸ) ਕਵੀ ਭੱਠੀ ਵਾਲ਼ੀ ਨੂੰ ਛੇਤੀ ਕਰਨ ਲਈ ਕਿਉਂ ਆਖਦਾ ਹੈ ? ਸ਼ਿਵ ਕੁਮਾਰ ਬਟਾਲਵੀ ਦੀ ਰਚਨਾ 'ਤੇ ਆਧਾਰਿਤ ਦੱਸੋ।

(ਹ) ਮੇਰੇ ਵਾਰੀ ਪੱਤਿਆਂ ਦੀ
ਪੰਡ .................. ਹੋ ਗਈ।
ਮਿੱਟੀ ਦੀ ਕੜਾਹੀ ਤੇਰੀ
ਕਾਹਨੂੰ ................. ਹੋ ਗਈ।
ਸ਼ਿਵ ਕੁਮਾਰ ਬਟਾਲਵੀ ਦੀ ਰਚਨਾ 'ਗੀਤ' ਦੀਆਂ ਉਪਰੋਕਤ ਕਾਵਿ-ਸਤਰਾਂ ਪੂਰੀਆਂ ਕਰੋ।

(ਕ) ਸ਼ਿਵ ਕੁਮਾਰ ਬਟਾਲਵੀ ਦੀ ਰਚਨਾ 'ਗੀਤ' ਅਨੁਸਾਰ ਉਸ ਕੋਲ਼ ਚੁੰਗ ਦੀ ਬੋਰੀ ਹੈ।
(ਠੀਕ / ਗ਼ਲਤ)

(ਖ) ਸ਼ਿਵ ਕੁਮਾਰ ਬਟਾਲਵੀ ਦੀ ਰਚਨਾ 'ਗੀਤ' ਅਨੁਸਾਰ ਹਵਾਵਾਂ ਵਿਰਲਾਪ ਕਰਕੇ ਸੌਂ ਗਈਆਂ ਹਨ।
(ਠੀਕ / ਗ਼ਲਤ)

(ਗ) ਸ਼ਿਵ ਕੁਮਾਰ ਬਟਾਲਵੀ ਦੇ ਗੀਤ ਦੀ ਮੂਲ ਸੁਰ ਹੈ।
(ੳ) ਉਦਾਸ (ਅ) ਚੜ੍ਹਦੀ ਕਲਾ
(ੲ) ਰੁਮਾਂਟਿਕ (ਸ) ਬਾਗ਼ੀਆਨਾ

2. ਸ਼ਿਵ ਕੁਮਾਰ ਬਟਾਲਵੀ ਦੇ 'ਗੀਤ' ਦਾ ਕੇਂਦਰੀ ਭਾਵ ਲਿਖੋ।

*******

# ਸੁਰਜੀਤ ਪਾਤਰ

## (1945 ਈ.)

ਸੁਰਜੀਤ ਪਾਤਰ ਦਾ ਜਨਮ ਪਿੰਡ ਪੱਤੜ ਕਲਾਂ, ਜ਼ਿਲ੍ਹਾ ਜਲੰਧਰ ਵਿਖੇ ਸ. ਹਰਭਜਨ ਸਿੰਘ ਦੇ ਘਰ ਹੋਇਆ। ਆਪ ਨੇ ਪਿੰਡ ਦੇ ਸਕੂਲ ਤੋਂ ਹੀ ਪ੍ਰਾਇਮਰੀ ਪਾਸ ਕਰਕੇ ਖ਼ਾਲਸਾ ਹਾਈ ਸਕੂਲ, ਖਹਿਰਾ ਮੱਝਾ ਤੋਂ ਦਸਵੀਂ ਪਾਸ ਕੀਤੀ। ਰਣਧੀਰ ਗੌਰਮਿੰਟ ਕਾਲਜ ਕਪੂਰਥਲਾ ਤੋਂ ਬੀ. ਏ. ਕਰਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਐੱਮ. ਏ. ਪਾਸ ਕੀਤੀ। 1969 ਈ. ਵਿੱਚ ਆਪ ਬਾਬਾ ਬੁੱਢਾ ਕਾਲਜ ਬੀੜ ਸਾਹਿਬ (ਅੰਮ੍ਰਿਤਸਰ) ਵਿੱਚ ਲੈਕਚਰਾਰ ਲੱਗ ਗਏ। ਲਗ-ਪਗ ਦੋ ਸਾਲ ਬਾਅਦ ਆਪ ਖੇਤੀ-ਬਾੜੀ ਯੂਨੀਵਰਸਿਟੀ, ਲੁਧਿਆਣਾ ਵਿੱਚ ਰਿਸਰਚ ਫ਼ੈਲੋ ਬਣ ਗਏ।

ਸੁਰਜੀਤ ਪਾਤਰ ਦੀ ਪ੍ਰਸਿੱਧੀ ਇੱਕ ਸਫਲ ਗ਼ਜ਼ਲਕਾਰ ਦੇ ਤੌਰ 'ਤੇ ਹੋਈ। ਆਪ ਨੇ ਪੰਜਾਬੀ ਗ਼ਜ਼ਲ ਨੂੰ ਬੌਧਿਕ ਅਤੇ ਯਥਾਰਥਿਕ ਮਸਲਿਆਂ ਨਾਲ ਜੋੜ ਕੇ ਇੱਕ ਨਵਾਂ ਮੋੜ ਦੇਣ ਦਾ ਯਤਨ ਕੀਤਾ ਹੈ। ਆਪ ਨੇ ਗ਼ਜ਼ਲ ਦੇ ਰੂਪਕ ਪੱਖ ਨਾਲੋਂ ਗ਼ਜ਼ਲ ਦੇ ਵਿਸ਼ੇ ਵੱਲ ਵਧੇਰੇ ਧਿਆਨ ਦਿੱਤਾ। ਆਪ ਦੀਆਂ ਕੁਝ ਨਜ਼ਮਾਂ 'ਹਵਾ ਵਿੱਚ ਲਿਖੇ ਹਰਫ਼' ਗ਼ਜ਼ਲ-ਸੰਗ੍ਰਹਿ ਤੋਂ ਪਹਿਲਾਂ 'ਕੋਲਾਜ' ਕਿਤਾਬ ਵਿੱਚ ਪ੍ਰਕਾਸ਼ਿਤ ਹੋਈਆਂ ਸਨ। ਇਹਨਾਂ ਨਜ਼ਮਾਂ ਵਿੱਚ ਆਪ ਨੇ ਸਮਾਜਿਕ ਅਤੇ ਰਾਜਸੀ ਪ੍ਰਬੰਧ ਉੱਤੇ ਤਿੱਖਾ ਵਿਅੰਗ ਕੀਤਾ ਹੈ। ਆਪ ਨੇ ਰਾਜਸੀ ਪ੍ਰਬੰਧ ਦੀ ਸਥਾਪਤੀ ਦਾ ਵਿਅੰਗਮਈ ਚਿੱਤਰ ਪੇਸ਼ ਕੀਤਾ ਹੈ।

ਹਥਲੇ ਸੰਗ੍ਰਹਿ 'ਚ ਆਪ ਦੀ ਗ਼ਜ਼ਲ 'ਐਵੇਂ ਨਾ ਬੁੱਤਾਂ 'ਤੇ ਡੋਲ੍ਹੀ ਜਾ ਪਾਣੀ' ਸ਼ਾਮਲ ਕੀਤੀ ਗਈ ਹੈ। ਇਸ ਗ਼ਜ਼ਲ ਵਿੱਚ ਸ਼ਾਇਰ ਨੇ ਪ੍ਰਕਿਰਤਿਕ ਰੰਗਾਂ 'ਚ ਰੰਗ ਕੇ ਆਪਣੇ ਭਾਵਾਂ ਦੀ ਅਭਿਵਿਅਕਤੀ ਕੀਤੀ ਹੈ।

# ਐਵੇਂ ਨਾ ਬੁੱਤਾਂ 'ਤੇ ਡੋਲ੍ਹੀ ਜਾ ਪਾਣੀ

ਐਵੇਂ ਨਾ ਬੁੱਤਾਂ 'ਤੇ ਡੋਲ੍ਹੀ ਜਾ ਪਾਣੀ
ਜਾ ਕਿਧਰੇ ਬਿਰਖਾਂ 'ਤੇ ਇਹ ਬਰਸਾ ਪਾਣੀ।
ਜੇ ਕੋਈ ਰਾਹਗੀਰ ਪਿਆਸਾ ਨਾ ਆਇਆ
ਹੋਰ ਘੜੀ ਨੂੰ ਜਾਵਣਗੇ ਪਥਰਾ ਪਾਣੀ।
ਕੌਣ ਕਿਤੇ ਬਿਰਖਾਂ ਤੋਂ ਪੱਤੀਆਂ ਤੋੜ ਰਿਹਾ
ਕੰਬ ਗਿਆ ਹੈ ਸੁੱਤਾ ਸਰਵਰ ਦਾ ਪਾਣੀ।
ਬਿਰਖਾਂ ਪੀਲ਼ੇ ਪੱਤਰ ਪੌਣਾਂ ਹੱਥ ਭੇਜੇ
ਉੱਡ ਕੇ ਮਿਲਣ ਗਿਆ ਫਿਰ ਸਾਗਰ ਦਾ ਪਾਣੀ।
ਜਦ ਤੋਂ ਸੁਣਿਆ ਪੁੰਨਿਆ ਕਾਲ਼ੇ ਚੰਨ ਦੀ ਅੱਜ
ਡੋਲ੍ਹਣ ਦੇ ਉਪਰਾਲੇ ਸੋਚ ਰਿਹਾ ਪਾਣੀ।
ਜਦ ਵੀ ਮੇਰੀ ਪਿਆਸ ਬਣੀ ਹੈ ਅਗਨ ਜਿਹੀ
ਸੁੱਚਾ ਲੱਗਾ ਹਰ ਇੱਕ ਸਰਵਰ ਦਾ ਪਾਣੀ।
ਚੇਤੇ ਆਈ ਤੂੰ ਮੈਨੂੰ ਤੇ ਨਾਲ਼ੇ ਮੈਂ
ਜਦ ਵੀ ਸੂਲ਼ਾਂ ਦੇ ਰੁੱਖ 'ਤੇ ਵੱਸਿਆ ਪਾਣੀ।
ਲੱਗੀ ਧੁੱਪ ਜੇ ਸ਼ਹਿਰ ਤੇਰੇ ਦੇ ਬਿਰਖਾਂ ਨੂੰ
ਸ਼ਹਿਰ ਮੇਰੇ ਦਾ ਓਦਰ ਜਾਵੇਗਾ ਪਾਣੀ।
ਰੋਵਣਗੇ ਪੱਥਰ ਤਾਂ ਦੁਨੀਆ ਦੇਖੇਗੀ।
ਕੌਣ ਸਕੇਗਾ ਦੇਖ ਜੋ ਰੋਵੇਗਾ ਪਾਣੀ।

## ਪਾਠ-ਅਭਿਆਸ

1. **ਵਸਤੂਨਿਸ਼ਠ ਪ੍ਰਸ਼ਨ :**

(ੳ) 'ਐਵੇਂ ਨਾ ਬੁੱਤਾਂ 'ਤੇ ਡੋਲ੍ਹੀ ਜਾ ਪਾਣੀ' ਗ਼ਜ਼ਲ ਕਿਸ ਗ਼ਜ਼ਲਕਾਰ ਦੀ ਰਚਨਾ ਹੈ ?

(ਅ) ਆਪਣੇ ਪਾਠ-ਕ੍ਰਮ ਵਿੱਚ ਸ਼ਾਮਲ ਸੁਰਜੀਤ ਪਾਤਰ ਦੀ ਗ਼ਜ਼ਲ-ਰਚਨਾ ਦਾ ਸਿਰਲੇਖ ਦੱਸੋ।

(ੲ) ਸੁਰਜੀਤ ਪਾਤਰ ਨੇ ਆਪਣੀ ਗ਼ਜ਼ਲ-ਰਚਨਾ 'ਚ ਪਾਣੀ ਬੁੱਤਾਂ 'ਤੇ ਡੋਲ੍ਹਣ ਦੀ ਥਾਂ ਕਿੱਥੇ ਬਰਸਾਉਣ ਦੀ ਨਸੀਹਤ ਦਿੱਤੀ ਹੈ ?

(ਸ) 'ਐਵੇਂ ਨਾ ਬੁੱਤਾਂ 'ਤੇ ਡੋਲ੍ਹੀ ਜਾ ਪਾਣੀ' ਗ਼ਜ਼ਲ ਵਿੱਚ ਸਰਵਰ ਦਾ ਸੁੱਤਾ ਪਾਣੀ ਕਿਉਂ ਕੰਬਦਾ ਹੈ ?

(ਹ) 'ਬਿਰਖਾਂ ਪੀਲ਼ੇ ਪੱਤਰ ................ ਹੱਥ ਭੇਜੇ', ਸੁਰਜੀਤ ਪਾਤਰ ਦੀ ਉਕਤ ਗ਼ਜ਼ਲ-ਤੁਕ ਨੂੰ ਖ਼ਾਲੀ ਥਾਂ ਭਰ ਕੇ ਪੂਰਾ ਕਰੋ।

(ਕ) ਕਵੀ ਦੀ ਪਿਆਸ ਅਗਨ ਬਣਨ 'ਤੇ ਉਸ ਨੂੰ ਹਰ ਸਰਵਰ ਦਾ ਪਾਣੀ ਸੁੱਚਾ ਲੱਗਿਆ। (ਠੀਕ / ਗ਼ਲਤ)

'ਐਵੇਂ ਨਾ ਬੁੱਤਾਂ 'ਤੇ ਡੋਲ੍ਹੀ ਜਾ ਪਾਣੀ' ਗਜ਼ਲ ਦੇ ਆਧਾਰ 'ਤੇ ਦੱਸੋ ?

(ਖ) ਸੂਲ਼ਾਂ ਦੇ ਰੁੱਖਾਂ 'ਤੇ ਪਾਣੀ ਵਰਨ੍ਹ ਨਾਲ਼ ਲੇਖਕ ਨੂੰ ਕਿਸੇ ਦੀ ਯਾਦ ਨਹੀਂ ਆਈ। (ਹਾਂ/ਨਾਂਹ)

(ਗ) ਸੁਰਜੀਤ ਪਾਤਰ ਦੀ ਗ਼ਜ਼ਲ-ਤੁਕ 'ਲੱਗੀ ਧੁੱਪ ਜੇ ਸ਼ਹਿਰ ਤੇਰੇ ਦੇ ਬਿਰਖਾਂ ਨੂੰ' ਦੇ ਪ੍ਰਤਿਕਰਮ ਵਜੋਂ ਪਾਣੀ ਓਦਰ ਜਾਵੇਗਾ :

(ੳ) ਮੇਰੇ ਸ਼ਹਿਰ ਦਾ

(ਅ) ਮੇਰੀ ਨਹਿਰ ਦਾ

(ੲ) ਮੇਰੇ ਸਮੁੰਦਰ ਦਾ

(ਸ) ਮੇਰੇ ਘਰ ਦਾ

2. **ਸੁਰਜੀਤ ਪਾਤਰ ਦੀ ਗ਼ਜ਼ਲ-ਰਚਨਾ 'ਐਵੇਂ ਨਾ ਬੁੱਤਾਂ 'ਤੇ ਡੋਲ੍ਹੀ ਜਾ ਪਾਣੀ' ਦਾ ਕੇਂਦਰੀ ਭਾਵ ਲਿਖੋ।**

*******

ਕਹਾਣੀਕਾਰ ਬਾਰੇ

# ਸੁਜਾਨ ਸਿੰਘ

(1909-1993)

| | | |
|---|---|---|
| ਮਾਤਾ ਜੀ ਦਾ ਨਾਂ | : | ਸ੍ਰੀਮਤੀ ਜਮਨਾ ਦੇਵੀ |
| ਪਿਤਾ ਜੀ ਦਾ ਨਾਂ | : | ਸ. ਹਕੀਮ ਸਿੰਘ |
| ਜਨਮ-ਮਿਤੀ | : | 29 ਜੁਲਾਈ, 1909 |
| ਜਨਮ-ਸਥਾਨ | : | ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ |
| ਵਿੱਦਿਅਕ ਯੋਗਤਾ | : | ਐੱਮ.ਏ., ਬੀ.ਟੀ. |
| ਕੰਮ-ਕਿੱਤਾ | : | ਅਧਿਆਪਕ , ਪ੍ਰੋਫ਼ੈਸਰ, ਪ੍ਰਿੰਸੀਪਲ |
| ਦਿਹਾਂਤ | : | 21 ਅਪ੍ਰੈਲ, 1993 |
| ਕਹਾਣੀ-ਸੰਗ੍ਰਹਿ | : | ਸੁਜਾਨ ਸਿੰਘ ਨੇ ਕਵਿਤਾ, ਵਾਰਤਕ ਤੇ ਸ੍ਵੈਜੀਵਨੀ ਲਿਖੀ ਪਰ ਉਹਨਾਂ ਦੀ ਪ੍ਰਸਿੱਧੀ ਕਹਾਣੀਕਾਰ ਦੇ ਤੌਰ 'ਤੇ ਹੋਈ। ਉਹਨਾਂ ਦੇ ਪ੍ਰਸਿੱਧ ਕਹਾਣੀ-ਸੰਗ੍ਰਹਿ ਹਨ :<br>ਦੁੱਖ-ਸੁੱਖ, ਦੁੱਖ-ਸੁੱਖ ਤੋਂ ਪਿੱਛੋਂ, ਨਰਕਾਂ ਦੇ ਦੇਵਤੇ, ਮਨੁੱਖ ਤੇ ਪਸ਼ੂ, ਸਭ ਰੰਗ, ਨਵਾਂ ਰੰਗ, ਸਵਾਲ ਜਵਾਬ, ਸ਼ਹਿਰ ਤੇ ਗ੍ਰਾਂ। |
| ਸਨਮਾਨ | : | ਸ਼ਹਿਰ ਤੇ ਗ੍ਰਾਂ ਲਈ ਸਾਹਿਤ ਅਕਾਦਮੀ ਦਾ ਰਾਸ਼ਟਰੀ ਪੁਰਸਕਾਰ ਪ੍ਰਾਪਤ ਹੋਇਆ। |

'ਸਾਂਝ' ਕਹਾਣੀ ਜੋ ਸੱਠਵਿਆਂ ਦੇ ਵਿਕਾਸ-ਪੜਾਅ ਦੇ ਪਿਛੋਕੜ ਵਿੱਚ ਲਿਖੀ ਗਈ ਹੈ, ਵਿੱਚ ਇੱਕ ਪ੍ਰੋਫ਼ੈਸਰ ਅਤੇ ਸਾਈਕਲ 'ਤੇ ਚੜ੍ਹੇ ਇੱਕ ਆਮ ਪੇਂਡੂ ਨੌਜਵਾਨ ਵਿਚਕਾਰ ਹਮਦਰਦੀ ਦੇ ਜਜ਼ਬੇ ਦੁਆਰਾ ਇੱਕ ਸਾਂਝ ਵਿਖਾਈ ਗਈ ਹੈ। ਗਰਮੀਆਂ ਦੀ ਇੱਕ ਦੁਪਹਿਰ ਨੂੰ ਪੈਦਲ ਚੱਲ ਰਹੀ ਇੱਕ ਬੁੱਢੀ ਇਸਤਰੀ ਨੂੰ ਸਾਈਕਲ ਉੱਤੇ ਜਾ ਰਿਹਾ ਪ੍ਰੋਫ਼ੈਸਰ ਹਮਦਰਦੀ ਦੇ ਭਾਵ ਨਾਲ਼ ਸਾਈਕਲ ਉੱਤੇ ਬਿਠਾ ਲੈਂਦਾ ਹੈ। ਉਹ ਸਮਝਦਾ ਹੈ ਕਿ ਉਸ ਰਾਹ ਜਾ ਰਹੇ ਚੀਰੇ ਵਾਲ਼ੇ ਸਾਈਕਲ- ਸਵਾਰ ਨੇ ਉਸ ਬੁੱਢੀ ਇਸਤਰੀ ਨੂੰ ਉਸ ਦੇ ਕਹਿਣ ਦੇ ਬਾਵਜੂਦ, ਸਾਈਕਲ 'ਤੇ ਨਹੀਂ ਬਿਠਾਇਆ ਸੀ। ਇਸ ਲੇਖੇ ਉਹ ਨੌਜਵਾਨ ਪੱਥਰ-ਦਿਲ ਸੀ ਪਰ ਆਪਣੇ ਪੜਾਅ 'ਤੇ ਪਹੁੰਚ ਕੇ ਪ੍ਰੋਫ਼ੈਸਰ ਨੇ ਜਦੋਂ ਬੁੱਢੀ ਇਸਤਰੀ ਨੂੰ ਉਤਾਰਿਆ ਤਾਂ ਉਹੀ ਨੌਜਵਾਨ ਵਾਪਸ ਉੱਥੇ ਅੱਪੜ ਗਿਆ। ਅਸਲ ਵਿੱਚ ਉਸ ਨੌਜਵਾਨ ਦੇ ਮਨ ਵਿੱਚ ਵੀ ਉਸ ਬੁੱਢੀ ਇਸਤਰੀ ਲਈ ਡੂੰਘੀ ਹਮਦਰਦੀ ਸੀ ਤੇ ਉਹ ਕਿਸੇ ਜ਼ਰੂਰੀ ਕੰਮ ਕਾਰਨ ਹੀ ਅੱਗੇ ਲੰਘ ਆਇਆ ਸੀ ਅਤੇ ਉਹ ਉਸ ਨੂੰ ਸਾਈਕਲ ਉੱਤੇ ਬਿਠਾਉਣ ਲਈ ਹੀ ਵਾਪਸ ਮੁੜ ਰਿਹਾ ਸੀ।

ਪ੍ਰੋਫ਼ੈਸਰ ਤੇ ਚੀਰੇ ਵਾਲ਼ੇ ਨੌਜਵਾਨ ਵਿੱਚ ਉਮਰ, ਪੜ੍ਹਾਈ, ਅਹੁਦੇ ਤੇ ਹੋਰ ਵਖਰੇਵੇਂ ਹੋ ਸਕਦੇ ਹਨ ਪਰ ਕਿਸੇ ਪੀੜਿਤ ਹਮਰਾਹੀ ਲਈ ਹਮਦਰਦੀ ਦੀ ਭਾਵਨਾ ਅਤੇ ਆਪਣੇ ਵਿਤ ਅਨੁਸਾਰ ਸਹਾਇਤਾ ਕਰਨ ਦਾ ਜਜ਼ਬਾ ਹੋਣ ਕਾਰਨ ਉਹਨਾਂ ਵਿਚਕਾਰ ਡੂੰਘੀ ਸਾਂਝ ਬਣ ਜਾਂਦੀ ਹੈ।

ਕਹਾਣੀ ਇਹ ਦ੍ਰਿੜ੍ਹਾਉਂਦੀ ਹੈ ਕਿ ਹਮਦਰਦੀ ਦੀ ਭਾਵਨਾ ਸਦਕਾ ਅਸੀਂ ਇੱਕ-ਦੂਜੇ ਨੂੰ ਮਨੁੱਖ ਦੇ ਰੂਪ ਵਿੱਚ ਪਛਾਣਦੇ ਹਾਂ।

# ਸਾਂਝ

ਸਾਈਕਲ 'ਤੇ ਸਵਾਰ ਹੋਣ ਤੋਂ ਪਹਿਲਾਂ ਪ੍ਰੋਫ਼ੈਸਰ ਐੱਮ. ਐੱਲ. ਮਲ੍ਹੋਤਰਾ ਨੇ ਪੈਡਲ 'ਤੇ ਪੈਰ ਰੱਖ ਕੇ ਸਾਈਕਲ ਕਾਫ਼ੀ ਤੋਂ ਜ਼ਿਆਦਾ ਚਿਰ ਰੇੜ੍ਹਿਆ। ਆਮ ਆਦਮੀ ਵੀ ਉਸ ਨੂੰ ਇਸ ਤਰ੍ਹਾਂ ਸਾਈਕਲ ਸਵਾਰ ਹੁੰਦਿਆਂ ਦੇਖ ਕੇ ਕਹਿ ਦਿੰਦਾ ਕਿ ਉਸ ਨੇ ਨਵਾਂ-ਨਵਾਂ ਸਾਈਕਲ ਚਲਾਉਣਾ ਸਿੱਖਿਆ ਹੈ। ਪਰ ਅਸਲ ਵਿੱਚ ਇਹ ਗੱਲ ਨਹੀਂ ਸੀ। ਸਾਈਕਲ ਚਲਾਉਣਾ ਸਿੱਖਿਆਂ ਉਸ ਨੂੰ ਲਗ-ਪਗ ਤੀਹ ਸਾਲ ਹੋ ਚੁੱਕੇ ਸਨ ਅਤੇ ਉਹ ਵਾਹਵਾ ਸਾਫ਼ ਸਾਈਕਲ ਚਲਾ ਸਕਦਾ ਸੀ । ਇਹ ਸ਼ਹਿਰ  ਨਹੀਂ ਸੀ। ਪਰ ਪ੍ਰੋਫ਼ੈਸਰ ਭੀੜ ਭਰੇ ਸ਼ਹਿਰਾਂ ਤੇ ਤੰਗ ਬਜ਼ਾਰਾਂ ਵਿੱਚੋਂ ਵੀ ਬਿਨਾਂ ਟੱਲੀ ਖੜਕਾਇਆਂ ਆਪਣਾ ਵਿੰਗ-ਤੜਿੰਗਾ ਰਾਹ ਪ੍ਰੋਂਦਾ ਲੰਘ ਜਾਂਦਾ ਸੀ। ਅਸਲ ਵਿੱਚ ਉਹ ਕੁਝ ਸੋਚਦਾ-ਸੋਚਦਾ ਕਾਲਜ ਵਿੱਚੋਂ ਨਿਕਲ਼ਿਆ ਸੀ ਤੇ ਸੋਚਦਿਆਂ-ਸੋਚਦਿਆਂ ਹੀ ਉਸ ਨੇ ਆਦਤਨ ਜ਼ੋਰ ਨਾਲ਼ ਪੈਡਲ 'ਤੇ ਪੈਰ ਰੱਖ ਦਿੱਤਾ ਸੀ ਅਤੇ ਕਿਸੇ ਹੋਰ ਹੀ ਅੱਖ ਨਾਲ਼ ਦੂਰ ਤੱਕ ਸੜਕ ਦੇ ਕੱਚੇ ਟੋਟੇ ਨੂੰ ਬੰਦਿਆਂ ਵੱਲੋਂ ਪੱਕੀ ਸੜਕ ਤੱਕ ਸਾਫ਼ ਦੇਖ ਕੇ ਸਾਈਕਲ ਨੂੰ ਧੱਕਣ ਦੀ ਕੋਸ਼ਸ਼ ਸ਼ੁਰੂ ਕਰ ਦਿੱਤੀ। ਅੱਗੇ ਚੜ੍ਹਾਈ ਸੀ, ਸੜਕ ਵਿੱਚ ਰੋੜੇ ਵੀ ਬੜੇ ਉੱਭਰੇ ਹੋਏ ਸਨ ਤੇ ਕਿਤੇ-ਕਿਤੇ ਪਾਣੀ ਨੇ ਵਗ ਕੇ ਡੂੰਘੀਆਂ ਘਰਾਲ਼ਾਂ ਵਾਹ ਛੱਡੀਆਂ ਹੋਈਆਂ ਸਨ। ਤਿੰਨਾਂ ਗੱਲਾਂ ਨੇ ਰਲ਼ ਕੇ ਸਾਈਕਲ ਨੂੰ ਰੇੜ੍ਹੇ ਪੈਣ ਵਿੱਚ ਕਾਫ਼ੀ ਦੇਰ ਲਾ ਦਿੱਤੀ। ਬਹੁਤਾ ਜ਼ੋਰ ਲੱਗਣ ਨਾਲ਼ ਪ੍ਰੋਫ਼ੈਸਰ ਸਾਹਿਬ ਦੀ ਸੋਚ ਦਾ ਸਿਲਸਿਲਾ ਟੁੱਟਾ ਅਤੇ ਉਹਨਾਂ ਦੋ-ਚਾਰ ਪੈਰ ਆਪਣੇ ਧਿਆਨ ਪੂਰੇ ਜ਼ੋਰ ਨਾਲ਼ ਮਾਰ ਕੇ ਕਾਠੀ ਉੱਤੇ ਪਲਾਕੀ ਮਾਰ ਦਿੱਤੀ।

ਕਾਠੀ 'ਤੇ ਬੈਠਦਿਆਂ ਹੀ ਪ੍ਰੋਫ਼ੈਸਰ ਨੂੰ ਹੋਰ ਜ਼ੋਰ ਲਾਉਣਾ ਪਿਆ। ਟਾਇਰ ਖਿੰਗਰੀਲੇ ਕੱਚੇ ਰੋੜਿਆਂ 'ਤੇ ਥਿੜਕਦੇ ਸਨ ਤੇ ਸਾਈਕਲ ਖੱਬੇ-ਸੱਜੇ ਡੋਲਦਾ, ਵਲ਼ ਖਾਂਦਾ ਹੌਲ਼ੀ-ਹੌਲ਼ੀ ਵਧ ਰਿਹਾ ਸੀ। ਪ੍ਰੋਫ਼ੈਸਰ ਨੂੰ ਇਸ ਵਿੱਚ ਆਪਣੇ ਮੁਢਲੇ ਜੀਵਨ ਦੀਆਂ ਮੁਸ਼ਕਲਾਂ ਤੇ ਮੁਸ਼ੱਕਤਾਂ ਨਾਲ਼ ਸਮਾਨਤਾ ਜਾਪੀ। ਪੱਕੀ ਸੜਕ ਤੱਕ ਪਹੁੰਚਦਿਆਂ ਉਸ ਦਾ ਸਾਈਕਲ ਬਿਲਕੁਲ ਖਲੋ ਜਾਣ ਲੱਗਾ ਸੀ ਕਿ ਉਸ ਨੇ ਜ਼ੋਰ ਦੇ ਇੱਕ-ਦੋ ਧੱਕਿਆਂ ਨਾਲ਼ ਉਸ ਨੂੰ ਸੜਕ 'ਤੇ ਚੜ੍ਹਾ ਹੀ ਲਿਆ। ਸੜਕ ਤੋਂ ਉਹ ਖੱਬੇ ਪਾਸੇ ਮੁੜਿਆ। ਇਤਿਹਾਸਿਕ ਗੁਰਦਵਾਰੇ ਦੇ ਵੱਡੇ ਦਰਵਾਜ਼ੇ ਦੀਆਂ ਪੌੜੀਆਂ ਦੇ ਲਾਗੇ ਸੰਘਣੀ ਧ੍ਰੇਕ ਦੀ ਨਿੱਕੀ ਜਿਹੀ ਹਰੀ-ਭਰੀ ਛਾਂ ਹੇਠਾਂ ਕੁਝ ਮਰਦਾਵੀਆਂ ਅਤੇ ਜ਼ਨਾਨਾਂ ਸਵਾਰੀਆਂ ਬੱਸ ਦੀ ਉਡੀਕ ਕਰ ਰਹੀਆਂ ਸਨ। ਕੁਝ ਸਵਾਰੀਆਂ ਉਸ ਦੀ ਪਿੱਠ ਪਿੱਛੇ ਸੜਕ ਦੇ ਖੱਬੇ ਬੰਨੇ ਬਣਾਏ ਬੱਸ-ਸਟੈਂਡ ਵਿੱਚ ਇੱਧਰ-ਉੱਧਰ ਦੀਆਂ ਗੱਲਾਂ ਕਰ ਰਹੀਆਂ ਸਨ। ਜੇਠ ਦਾ ਪਹਿਲਾ ਦਿਨ ਦੁਪਹਿਰ ਲੰਘਾ ਕੇ ਵੀ ਆਪਣਾ ਜੋਬਨ ਦਿਖਾ ਰਿਹਾ ਸੀ ਤੇ ਸਟੈਂਡ ਦੀ ਛਾਂਵੇਂ ਖੜੋਤੀ ਕੋਈ ਸਵਾਰੀ ਗਰਮੀ ਦੀ ਸ਼ਿਕਾਇਤ ਕਰਦੀ ਉਸ ਨੂੰ ਸੁਣਾਈ ਦੇ ਰਹੀ ਸੀ।

ਕੱਚੀ ਤੇ ਉੱਖੜੀ-ਪੁੱਖੜੀ ਸੜਕ 'ਤੇ ਜ਼ੋਰ ਲਾਉਣ ਨਾਲ਼ ਪ੍ਰੋਫ਼ੈਸਰ ਨੂੰ ਪਸੀਨਾ ਆ ਗਿਆ ਸੀ। ਇਸ ਥਾਂ ਤੋਂ ਫ਼ਰਲਾਂਗ ਕੁ ਦੀ ਵਿੱਥ ਤੱਕ ਪੱਕੀ ਸੜਕ ਢਲਵਾਨ ਸੀ ਤੇ ਪ੍ਰੋਫ਼ੈਸਰ ਨੇ ਪੈਡਲ 'ਤੇ ਪੈਰ ਮਾਰਨੇ ਬੰਦ ਕਰ ਦਿੱਤੇ ਸਨ। ਸਾਈਕਲ ਰੇੜ੍ਹੇ ਪੈ ਗਿਆ ਸੀ। ਅਚਾਨਕ ਦੋ ਕੁ ਤੇਜ਼ ਪੈਰ ਮਾਰ ਕੇ ਉਸ ਨੇ ਸਾਈਕਲ ਦੀ ਚਾਲ ਨੂੰ ਹੋਰ ਤਿੱਖੀ ਕਰ ਦਿੱਤਾ । ਸਾਹ ਰੋਕ ਕੇ ਖੜ੍ਹੀ ਹਵਾ ਵੀ ਮਾਨੋ ਸ਼ੂਕ ਕੇ ਵਗਣ ਲੱਗੀ ਅਤੇ ਉਸ ਨੂੰ ਬਚਪਨ ਵਿੱਚ ਪੜ੍ਹੀ ਅੰਗਰੇਜ਼ੀ ਦੀ ਕਵਿਤਾ 'ਸਾਈਕਲ 'ਤੇ ਪਹਾੜੀ ਉੱਤੋਂ ਥੱਲੇ ਉੱਤਰਦਿਆਂ' ਦਾ ਚੇਤਾ ਕਰਾਇਆ। ਉਸ ਨੂੰ ਚੇਤਾ ਆਇਆ ਕਿ ਉਸ ਕਵਿਤਾ ਦੇ ਅੰਤ ਵਿੱਚ

ਲਿਖਿਆ ਸੀ ਕਿ ਜਿਹੜਾ ਮਿਹਨਤ ਕਰ ਕੇ ਤੇ ਜ਼ੋਰ ਲਾ ਕੇ ਪਹਾੜੀ ਦੀ ਚੋਟੀ 'ਤੇ ਪਹੁੰਚ ਜਾਂਦਾ ਹੈ ਉਸ ਦੀ ਉਡੀਕ ਕਰਦੇ ਖੰਭ ਉਸ ਨੂੰ ਉਸ ਚੋਟੀ 'ਤੇ ਮਿਲਦੇ ਹਨ। ਉਹ ਸੋਚਣ ਲੱਗਾ, ਜਿਵੇਂ ਮਿਹਨਤ ਕਰ ਕੇ ਵੀ ਉਹ ਆਪਣੇ ਜੀਵਨ ਦੀ ਚੋਟੀ 'ਤੇ ਨਾ ਪਹੁੰਚ ਸਕਿਆ ਹੋਵੇ ਤੇ ਜੇ ਪਹੁੰਚ ਗਿਆ ਹੋਵੇ ਤਾਂ ਜੀਵਨ ਦੀ ਚੋਟੀ 'ਤੇ ਵੀ ਸ਼ਾਇਦ ਉਸ ਦੀ ਉਡੀਕ ਲਈ ਕੋਈ ਖੰਭ ਹੀ ਨਾ ਆਏ ਹੋਣ। ਉਹ ਉਤਰਾਈ ਨੂੰ ਮਾਨੋ ਸਰ ਕਰਦਾ ਪੱਧਰੀ ਧਰਤ 'ਤੇ ਉੱਤਰ ਆਇਆ ਸੀ ਅਤੇ ਹੁਣ ਆਮ ਜਿਹੀ ਚਾਲ ਨਾਲ਼ ਫਾਟਕਾਂ ਦੇ ਵਿੱਚੋਂ ਰੇਲਵੇ ਦੀ ਲਾਈਨ ਨੂੰ ਪਾਰ ਕਰ ਰਿਹਾ ਸੀ। ਉਸ ਨੂੰ ਉਸ ਕਵਿਤਾ ਦੀ ਉਸ ਤੁਕ ਦੀ ਸਚਾਈ ਦਾ ਅਹਿਸਾਸ ਹੋ ਰਿਹਾ ਸੀ ਕਿ ਹਰ ਪਹਾੜੀ ਦਾ, ਭਾਵੇਂ ਉਹ ਕਿੱਡੀ ਉੱਚੀ ਹੋਵੇ, ਅੰਤ ਜ਼ਰੂਰ ਹੁੰਦਾ ਹੈ।

ਰੇਲਵੇ ਦੀ ਲਾਈਨ ਪਾਰ ਕਰ ਕੇ ਉਸ ਫੇਰ ਪੈਰ ਮਾਰਨੇ ਸ਼ੁਰੂ ਕਰ ਦਿੱਤੇ। ਜੇਠ ਦੀ ਧੁੱਪ ਨੇ ਕਈਆਂ ਥਾਂਵਾਂ ਤੋਂ ਸੜਕ ਦੀ ਲੁੱਕ ਨੂੰ ਪੱਘਰਾ ਦਿੱਤਾ ਸੀ ਅਤੇ ਕੰਢਿਆਂ ਤੋਂ ਇਹ ਵਧੇਰੇ ਪੱਘਰੀ ਹੋਈ ਸੀ। ਇਹ ਲੁੱਕ ਉਸ ਦੇ ਸਾਈਕਲ ਦੇ ਪਹੀਆਂ ਨੂੰ ਪਕੜ ਕਰ ਰਹੀ ਸੀ ਅਤੇ ਉਹ ਇਸ ਤੋਂ ਬਚ ਕੇ ਪਕੇਰੀ ਲੁੱਕ ਤੇ ਬਜਰੀ ਵਾਲ਼ੀ ਥਾਂ ਤੋਂ ਲੰਘਣ ਦੀ ਕੋਸ਼ਸ਼ ਕਰ ਰਿਹਾ ਸੀ।

ਕਣਕਾਂ ਸਾਂਭੀਆਂ ਜਾਣ ਤੋਂ ਮਗਰੋਂ ਵਧੇਰੇ ਵਾਹੀਆਂ-ਅਣਵਾਹੀਆਂ ਪੈਲ਼ੀਆਂ ਖ਼ਾਕੀ ਮਿੱਟੀ ਉਘਾੜ ਕੇ ਮਾਨੋ ਅਗੇਤਰੇ ਮੀਂਹ ਦੀ ਉਡੀਕ ਕਰ ਰਹੀਆਂ ਸਨ। ਜੇਠ ਦੀ ਧੁੱਪ ਵਿੱਚ ਕੰਢੇ 'ਤੇ ਉੱਗੀਆਂ ਉੱਚੀਆਂ ਟਾਹਲੀਆਂ ਦੇ ਨਿੱਕੀ ਜਿਹੀ ਨੁੱਕਰ ਵਾਲ਼ੇ ਗੋਲ਼ ਪੱਤੇ ਆਪਣੀ ਹਰਿਆਵਲ ਨਾਲ਼ ਪ੍ਰੋਫ਼ੈਸਰ ਸਾਹਿਬ ਦੇ ਗਰਮ ਹੋਏ ਚੋਂਦੇ ਸਰੀਰ ਨੂੰ ਦਰਸ਼ਨ ਮਾਤਰ ਨਾਲ਼ ਸੰਘਣੀ ਠੰਢ ਪਾਉਂਦੇ ਸਨ ਭਾਵੇਂ ਉਹਨਾਂ ਦੀ ਛਾਂ ਨਾ ਹੀ ਪ੍ਰੋਫ਼ੈਸਰ ਤੇ ਨਾ ਹੀ ਸੜਕ ਦੇ ਕਿਸੇ ਭਾਗ 'ਤੇ ਪੈ ਰਹੀ ਸੀ। ਬਰਸਾਤੀ ਪਾਣੀ ਨੂੰ ਕੱਢਣ ਲਈ ਬਣੇ ਐਸ ਵੇਲ਼ੇ ਸੁੱਕੇ ਨਾਲ਼ੇ ਦੇ ਕੰਢੇ 'ਤੇ ਅੱਕ ਦੇ ਝਾੜਾਂ ਦੀ ਬਹਾਰ ਦੇਖਣ ਵਾਲ਼ੀ ਸੀ। ਪੰਛੀ ਉੱਡਦੇ ਘੱਟ ਹੀ ਨਜ਼ਰ ਆਉਂਦੇ ਸਨ। ਦੂਰ ਟਾਹਲੀ ਵਿੱਚ ਲੁਕ ਕੇ ਬੈਠੀ ਘੁੱਗੀ ਆਪਣੀ ਘੁੱਗੂ-ਘੂੰ ਦੀ ਮਿੱਠੀ-ਕਰੁਨਾ-ਭਰੀ ਅਵਾਜ਼ ਨਾਲ਼ ਉਹਨਾਂ ਦੀ ਹੋਂਦ ਦੀ ਗਵਾਹੀ ਦੇ ਰਹੀ ਸੀ।

ਅਚਾਨਕ ਮਾੜੀ ਜਿਹੀ ਖੜ-ਖੜ ਦੀ ਅਵਾਜ਼ ਪ੍ਰੋਫ਼ੈਸਰ ਨੂੰ ਸੁਣਾਈ ਦਿੱਤੀ। ਹਾਲੀ ਤੱਕ ਬਿਨਾਂ ਇੱਕ ਬੱਸ ਦੇ ਉਸ ਦੇ ਲਾਗੋਂ ਕੋਈ ਨਹੀਂ ਸੀ ਲੰਘਿਆ। ਉਸ ਨੇ ਸੁਤੇ-ਸਿੱਧ ਆਪਣੇ ਪੈਰ ਤੇਜ਼ ਮਾਰਨੇ ਸ਼ੁਰੂ ਕਰ ਦਿੱਤੇ ਪਰ ਖੜ-ਖੜ ਕਰਦਾ ਸਾਈਕਲ ਉਸ ਦੇ ਲਾਗੋਂ ਦੀ ਲੰਘ ਹੀ ਗਿਆ। ਪਹਿਲੋਂ ਤਾਂ ਪ੍ਰੋਫ਼ੈਸਰ ਨੇ ਸੋਚਿਆ ਕਿ ਉਹ ਸਾਈਕਲ ਨੂੰ ਜ਼ਰਾ ਹੋਰ ਤੇਜ਼ ਕਰ ਕੇ ਲਾਲ ਚੀਰੇ ਵਾਲ਼ੇ ਨੌਜਵਾਨ ਦੇ ਲਾਗੋਂ ਦੀ ਨਿਕਲ਼ ਕੇ ਦੱਸ ਦਏ ਪਈ ਭਾਵੇਂ ਉਸ ਦੇ ਸਿਰ ਦੇ ਵਾਲ਼ ਚਿੱਟੇ ਹੋ ਗਏ ਹਨ ਪਰ ਹਾਲੀਂ ਉਹ ਜਵਾਨਾਂ ਕੋਲ਼ੋਂ ਮਾਰ ਨਹੀਂ ਖਾਂਦਾ। ਪਰ ਛੇਤੀ ਹੀ ਉਸ ਦੇ ਦਿਲ ਵਿੱਚ ਚੱਲੋ- ਜਾਣ- ਦਿਉ ਦਾ ਭਾਵ ਤੀਬਰ ਹੋ ਗਿਆ ਤੇ ਉਸ ਨੇ ਆਪਣੇ ਪੈਰਾਂ ਨੂੰ ਤੇਜ਼ ਹੋਣ ਤੋਂ ਰੋਕ ਦਿੱਤਾ। ਪਤਾ ਨਹੀਂ ਕਿਸਾਨਨੁਮਾ ਸਾਈਕਲ-ਸਵਾਰ ਨੂੰ ਕੀ ਭਾਜੜ ਪਈ ਹੋਈ ਸੀ? ਉਹ ਲੱਕੜ ਦੇ ਗੁਟਕਿਆਂ ਵਾਲ਼ੇ ਖੜ-ਖੜਾਉਂਦੇ ਸਾਈਕਲ ਨੂੰ ਧਸੀ ਜਾ ਰਿਹਾ ਸੀ। ਦੋ ਪਹੀਆਂ 'ਤੇ ਦੌੜੇ ਜਾਂਦੇ ਸਾਈਕਲ ਨੂੰ ਦੇਖ ਕੇ ਇਸ ਕਾਢ ਦੀ ਅਹਿਮੀਅਤ ਦਾ ਖ਼ਿਆਲ ਉਸ ਦੇ ਦਿਮਾਗ਼ ਵਿੱਚ ਲਿਸ਼ਕ ਗਿਆ। ਕਿਵੇਂ ਇੱਕੋ ਲਾਈਨ ਵਿੱਚ ਅੱਗੇ-ਪਿੱਛੇ ਜੋੜੇ ਦੋ ਪਹੀਏ ਇੱਕ ਤੇਜ਼ ਸਵਾਰੀ ਦਾ ਸਾਧਨ ਬਣ ਗਏ ਸਨ। ਉਸ ਦਾ ਮਨ ਦੌੜ ਕੇ ਇਸ ਖ਼ਿਆਲ ਵੱਲ ਜਾ ਪਿਆ ਕਿ ਸਾਈਕਲ ਗ਼ਰੀਬ ਦੀ ਸਵਾਰੀ ਹੈ। ਤੇ ਫੇਰ ਉਸ ਨੂੰ ਕੱਲ੍ਹ ਅੰਗਰੇਜ਼ੀ ਦੇ ਰੋਜ਼ਾਨਾ ਅਖ਼ਬਾਰ ਦੀ ਖ਼ਬਰ ਵਿੱਚੋਂ ਇੱਕ ਭਾਰਤੀ ਲੀਡਰ ਦੀ ਤਕਰੀਰ ਦਾ ਇੱਕ ਫ਼ਿਕਰਾ ਯਾਦ ਆਇਆ

ਕਿ ਜਿੱਥੇ ਦੂਜਿਆਂ ਦੇਸਾਂ ਵਿੱਚ ਸਪੂਤਨਿਕਾਂ, ਹਵਾਈ ਜਹਾਜ਼ਾਂ ਜਾਂ ਘੱਟੋ-ਘੱਟ ਕਾਰਾਂ ਦਾ ਜੁਗ ਆ ਗਿਆ ਹੈ ਉੱਥੇ ਭਾਰਤ ਹਾਲੀ ਮਸੀਂ ਸਾਈਕਲ ਦੇ ਜੁਗ ਤੱਕ ਪਹੁੰਚਿਆ ਹੈ। ਕਿੰਨੇ ਫ਼ੀਸਦੀ ਆਦਮੀ ਹਨ ਭਾਰਤ ਦੇ ਜਿਨ੍ਹਾਂ ਕੋਲ਼ ਸਵਾਰੀ ਲਈ ਸਾਈਕਲ ਵੀ ਹਨ?" ਉਸ ਸੋਚਿਆ। ਉਸ ਨੂੰ ਇਹ ਸੰਖਿਆ ਨਗੂਣੀ ਜਿਹੀ ਜਾਪੀ। ਉਸ ਨੇ ਫ਼ੈਸਲਾ ਕੀਤਾ, ਭਾਰਤ ਸਾਈਕਲ ਦੇ ਜੁਗ ਵਿੱਚ ਨਹੀਂ ਪਹੁੰਚਿਆ। ਇਹ ਵੀ ਸਾਡੀ ਇੱਕ ਖ਼ੁਸ਼ਫਹਿਮੀ ਹੈ ਕਿ ਸਾਈਕਲ ਗ਼ਰੀਬਾਂ ਦੀ ਸਵਾਰੀ ਹੈ। ਸਾਈਕਲ-ਕਾਲ ਵੀ ਤਾਂ ਭਾਰਤ ਦੀ ਗ਼ਰੀਬੀ ਦਾ ਸੂਚਕ ਹੈ। ਉਸ ਨੂੰ ਸਾਈਕਲ ਦੇ ਨਾਂ 'ਤੇ ਆਪਣੀ ਗ਼ਰੀਬੀ ਦਾ ਅਹਿਸਾਸ ਹੋਇਆ। ਉਸ ਨੂੰ ਪ੍ਰਤੀਤ ਹੋਇਆ ਕਿ ਉਸ ਦੀ ਧੋਬੀ ਦੀ ਧੋਤੀ ਚਿੱਟੀ ਪਤਲੂਨ ਤੇ ਬੁਸ਼-ਸ਼ਰਟ ਵਿੱਚੋਂ ਉਸ ਦੀ ਕਾਲ਼ੀ ਤੇ ਗ਼ਲੀਜ਼ ਗ਼ਰੀਬੀ ਫੁੱਟ ਪਈ ਹੈ ਤੇ ਸਾਰੀ ਦੁਨੀਆ ਨੇ ਉਸ ਨੂੰ ਦੇਖ ਲਿਆ ਹੈ; ਉਹਨਾਂ ਗਰੀਬ ਲੋਕਾਂ ਨੇ ਵੀ, ਜੋ ਉਸ ਦੀ ਚਿੱਟੀ ਪਤਲੂਨ ਨੂੰ ਉਸ ਦੀ ਅਮੀਰੀ ਜਾਂ ਅਫ਼ਸਰੀ ਦਾ ਚਿੰਨ੍ਹ ਸਮਝ ਕੇ ਬਿਨਾਂ ਜਾਣ-ਪਛਾਣ ਤੋਂ ਹੀ ਸਲਾਮਾਂ ਮਾਰਦੇ ਰਹਿੰਦੇ ਸਨ। ਅਸਲ ਵਿੱਚ ਉਸ ਨੂੰ ਬੁੱਢੇ ਵਾਰੇ ਮੁਢਲੀ ਤਨਖ਼ਾਹ 'ਤੇ ਲੈਕਚਰਾਰੀ ਮਿਲ਼ੀ ਸੀ ਤੇ ਟੱਬਰਦਾਰੀ ਉਸ ਦੀ ਵੱਡੀ ਸੀ।

ਦੂਜੇ ਬੰਨਿਓਂ ਇੱਕ ਬੱਸ ਆ ਰਹੀ ਸੀ ਤੇ ਉਸ ਦੂਰੋਂ ਹੀ ਹਾਰਨ ਵਜਾਇਆ ਸੀ। ਲਾਲ ਚੀਰੇ ਵਾਲ਼ਾ ਸਾਈਕਲ-ਸਵਾਰ ਸੜਕ ਤੋਂ ਥੱਲੇ ਉੱਤਰ ਗਿਆ ਸੀ। ਪ੍ਰੋਫ਼ੈਸਰ ਨੂੰ ਵੀ ਖੱਬੇ ਬੰਨੇ ਉੱਤਰਨਾ ਪਿਆ ਤੇ ਉਸ ਨੇ ਇਸ ਆਪਣੇ ਬਚਾਅ ਦੇ ਕੰਮ ਨੂੰ ਵੀ ਆਪਣੀ ਹੱਤਕ ਸਮਝਿਆ ਸੀ। ਅੱਜ ਜੇ ਉਸ ਦੇ ਕੋਲ਼ ਕਾਰ ਹੁੰਦੀ ਤਾਂ ਉਸ ਨੂੰ ਪੂਰੀ ਸੜਕ ਤੋਂ ਥੱਲੇ ਨਾ ਉਤਰਨਾ ਪੈਂਦਾ। ਤੇ ਹੋਰ ਦੇਖੋ, ਇਹ ਭੂਤਨੀ ਉਸ ਦੇ ਅੱਧੇ-ਚਿੱਟੇ ਸਿਰ ਵਿੱਚ ਧੂੜ ਦੀ ਟੋਕਰੀ ਪਾ ਕੇ ਚੱਲਦੀ ਬਣੀ ਸੀ ਅਤੇ ਉਸ ਦੀਆਂ ਅੱਖਾਂ ਅੱਗੇ ਕੁਝ ਚਿਰ ਲਈ ਹਨੇਰਾ ਤਾਣ ਗਈ ਸੀ।

ਧੂੜ ਦੀ ਧੁੰਦ ਵਿੱਚੋਂ ਕਿਸਾਨ ਸਾਈਕਲ-ਸਵਾਰ ਉਸ ਨੂੰ ਸੜਕ 'ਤੇ ਚੜ੍ਹਦਾ ਦਿੱਸਿਆ। ਇੱਕ ਤੀਵੀਂ ਦਾ ਬੁੱਤ ਉਸ ਨੂੰ ਸੜਦੇ ਘੱਟੇ ਵਿੱਚ ਤੁਰਦਾ ਦਿਸ ਰਿਹਾ ਸੀ। ਉਸ ਦੀ ਪਿੱਠ ਪ੍ਰੋਫ਼ੈਸਰ ਸਾਹਿਬ ਵੱਲ ਸੀ ਅਤੇ ਉਹ ਉਸ ਪਾਸੇ ਜਾ ਰਹੀ ਸੀ ਜਿਸ ਪਾਸੇ ਦੋਵੇਂ ਸਾਈਕਲ-ਸਵਾਰ। ਅੰਦਾਜ਼ੇ ਤੋਂ ਪ੍ਰੋਫ਼ੈਸਰ ਨੇ ਜਾਣਿਆ ਕਿ ਤੀਵੀਂ ਨੇ ਸਾਈਕਲ-ਸਵਾਰ ਨੂੰ ਕੁਝ ਕਿਹਾ ਹੈ ਤੇ ਉਸ ਨੇ ਮੁੜ ਕੇ ਤੀਵੀਂ ਵੱਲ ਦੇਖਿਆ ਹੈ। ਪਰ ਸਾਈਕਲ-ਸਵਾਰ ਝੱਟ ਹੀ ਤੀਵੀਂ ਤੋਂ ਦੂਰ ਲੰਘ ਚੁੱਕਾ ਸੀ।

ਹੁਣ ਪ੍ਰੋਫ਼ੈਸਰ ਦੋ ਕੁ ਮੀਲ ਪੈਂਡਾ ਕਰ ਚੁੱਕਾ ਸੀ ਤੇ ਉਸ ਦੀ ਸਵੇਰੇ ਹੀ ਸ਼ੇਵ ਕੀਤੀ ਤਿੱਖੀ ਠੋਡੀ ਤੋਂ ਪਸੀਨਾ ਵਗ ਤੁਰਿਆ ਸੀ। ਸੱਜੇ ਹੱਥ ਨਾਲ਼ ਰੁਮਾਲ ਕੱਢ ਕੇ ਉਸ ਆਪਣਾ ਮੂੰਹ ਪੂੰਝਿਆ ਅਤੇ ਰੁਮਾਲ ਜੇਬ ਵਿੱਚ ਪਾ ਕੇ ਹੈਂਡਲ ਫੇਰ ਦੋਹਾਂ ਹੱਥਾਂ ਨਾਲ਼ ਸੰਭਾਲ਼ ਲਿਆ। ਹੁਣ ਉਸ ਦਾ ਸਾਈਕਲ ਉਸ ਤੀਵੀਂ ਦੇ ਬਰਾਬਰ ਪਹੁੰਚ ਰਿਹਾ ਸੀ। ਤੀਵੀਂ ਦੇ ਕੰਨ ਖੜ੍ਹੇ ਹੋ ਗਏ ਸਨ ਤੇ ਸਾਈਕਲ ਦੇ ਬਰਾਬਰ ਪਹੁੰਚਦਿਆਂ ਉਸ ਨੇ ਕਿਹਾ, "ਬੇ ਬੀਰਾ, ਸਾਈਕਲ ਬਾਲ਼ਿਆ ਮੈਨੂੰ ਬੀ ਨਾਲ਼ ਲੈ ਚੱਲ।"

ਪ੍ਰੋਫ਼ੈਸਰ ਨੇ ਮੁੜ ਕੇ ਇੱਕ ਨਜ਼ਰ ਭਰ ਕੇ ਉਸ ਵੱਲ ਦੇਖਿਆ ਤੇ ਫਿਰ ਮੂੰਹ ਸਿੱਧਾ ਕਰਕੇ ਸਾਈਕਲ ਚਲਾਈ ਗਿਆ। ਅੱਧ ਫ਼ਰਲਾਂਗ ਜਾ ਕੇ ਉਸ ਦਾ ਸਾਈਕਲ ਰੁਕ ਗਿਆ, ਜਿਵੇਂ ਮਾਈ ਦੇ ਹੱਥਾਂ ਨੇ ਆ ਕੇ ਉਸ ਦੀਆਂ ਬ੍ਰੇਕਾਂ ਨੂੰ ਬੰਨ੍ਹ ਦਿੱਤਾ ਹੋਵੇ। ਉਸ ਸਾਈਕਲ ਪਿਛਾਂਹ ਮੋੜਿਆ ਤੇ ਸੋਚਣ ਲੱਗਾ ਕਿ ਲਾਲ ਚੀਰੇ ਵਾਲ਼ੇ ਸਾਈਕਲ ਸਵਾਰ ਨੇ ਉਸ ਨੂੰ ਸ਼ਹਿਰ ਤੱਕ ਕਿਉਂ ਨਾ ਚੜ੍ਹਾ ਲਿਆ, ਜਦਕਿ ਸ਼ਹਿਰ ਹੁਣ ਮਸੀਂ ਮੀਲ ਕੁ ਰਹਿ ਗਿਆ ਸੀ। ਉਹ ਸਾਈਕਲ-ਸਵਾਰ ਉਸ ਨੂੰ ਪੱਥਰ-ਦਿਲ ਜਾਪਿਆ। ਪਰ ਚੰਗਾ ਤਾਂ ਉਹ ਆਪ ਵੀ ਨਹੀਂ ਸੀ ਜੋ ਇੱਕ ਮੁਹਤਾਜ ਨੂੰ ਮੁਸ਼ਕਲ ਵਿੱਚ ਛੱਡ ਕੇ ਅਗਾਂਹ ਲੰਘ ਗਿਆ ਸੀ।

ਉਸ ਨੂੰ ਆਪਣੀ ਗ਼ਲਤੀ ਠੀਕ ਕਰਦਿਆਂ ਖ਼ੁਸ਼ੀ ਪ੍ਰਤੀਤ ਹੋ ਰਹੀ ਸੀ।

ਉਸ ਨੇ ਕੋਲ਼ ਜਾ ਕੇ ਮਾਈ ਨੂੰ ਪੁੱਛਿਆ, "ਮਾਈ, ਕਿੱਥੇ ਜਾਣਾ ਈ?"

"ਬੇ ਬੀਰਾ, ਮੈਂ ਜਾਣੈ ਸਹੇੜੇ!"

"ਸਹੇੜਾ ਕਿੱਥੇ ਐ?"

"ਬਾਗਾਂ ਆਲ਼ੇ ਦੇ ਗੈਲ — ਤਿੰਨ ਕੋਹ।"

ਪ੍ਰੋਫ਼ੈਸਰ ਨੇ ਸਮਝਿਆ ਸੀ, ਮਾਈ ਨੇ ਉਸ ਦੇ ਸ਼ਹਿਰ ਜਾਣਾ ਹੈ ਜੋ ਮਸੀਂ ਮੀਲ ਕੁ ਸੀ, ਓਥੋਂ। ਪਰ ਬਾਗ਼ਾਂ ਵਾਲ਼ਾ ਤਾਂ ਓਥੋਂ ਨੌਂ ਮੀਲ ਸੀ। ਮਾਈ ਬਹੁਤ ਹੀ ਬੁੱਢੀ ਸੀ, ਸੁੱਕੀ ਹੋਈ ਭੁਗੜੀ। ਉਸ ਨੂੰ ਦਿਸਦਾ ਵੀ ਚੰਗੀ ਤਰ੍ਹਾਂ ਨਹੀਂ ਸੀ। ਪੈਰ ਉਸ ਦੇ ਨੰਗੇ ਸਨ। ਪਤਾ ਨਹੀਂ ਉਹ ਭੁੱਬਲ਼ ਵਰਗੀ ਧੂੜ ਵਿੱਚ ਕਿਵੇਂ ਖੜ੍ਹੀ ਸੀ! ਕਾਲ਼ੀ ਗੰਦੀ ਸੁੱਥਣ ਨੂੰ ਸੌ ਕੁ ਰੰਗ-ਬਰੰਗੀਆਂ ਟਾਕੀਆਂ ਲੱਗੀਆਂ ਹੋਈਆਂ ਸਨ। ਉਹੋ-ਜਿਹਾ ਹੀ ਕੁੜਤਾ ਸੀ ਜਿਸ ਦਾ ਰੰਗ ਨਹੀਂ ਪਛਾਣਿਆ ਜਾ ਸਕਦਾ ਸੀ। ਮੈਲ਼ ਨੇ ਉਸ ਦਾ ਰੰਗ ਮਾਰ ਹੀ ਛੱਡਿਆ ਹੋਇਆ ਸੀ। ਸਿਰ 'ਤੇ ਬਟੇਰਿਆਂ ਦੇ ਜਾਲ਼ ਵਰਗੀ ਤੰਦੋ-ਤੰਦ ਚੁੰਨੀ ਸੀ, ਜਿਸ ਨੂੰ ਚੁੰਨੀ ਕਹਿਣਾ 'ਚੁੰਨੀ' ਸ਼ਬਦ ਦੀ ਹੱਤਕ ਸੀ। ਗੰਦਾ ਪਸੀਨਾ ਦੇਖ ਕੇ ਪ੍ਰੋਫ਼ੈਸਰ ਦਾ ਮਨ ਮਿਚਕ ਗਿਆ ਤੇ ਉਸ ਆਪਣੀਆਂ ਨਜ਼ਰਾਂ ਉਸ ਦੀ ਸੋਟੀ 'ਤੇ ਕੇਂਦਰਿਤ ਕਰ ਲਈਆਂ। ਥੱਲਿਓਂ ਪਾਟੀ ਹੋਈ ਤੇ ਬਾਹਰ ਨੂੰ ਖਿੱਲਰੀਆਂ ਹੋਈਆਂ ਫਾਂਕਾਂ ਵਾਲ਼ੀ ਤੂਤ ਦੀ ਟਾਹਣੀ ਸੀ, ਇਹ।

"ਮੈਂ ਤੇ ਸ਼ਹਿਰ ਜਾਣਾ ਐਂ, ਮਸੀਂ ਇੱਕ ਮੀਲ ਐ ਐਥੋਂ — ਪੌਣਾ ਕੁ ਕੋਹ," ਪ੍ਰੋਫ਼ੈਸਰ ਨੇ ਕਿਹਾ, ਇਸ ਬੇਰਹਿਮੀ ਭਰੀ ਆਸ ਨਾਲ ਕਿ ਉਹ ਆਪੇ ਹੀ ਨਾਂਹ ਕਰ ਦੇਵੇਗੀ। ਪਰ ਹੋਇਆ ਉਸ ਦੇ ਐਨ ਉਲਟ। ਉਸ ਤਰਲੇ ਭਰੀ ਅਵਾਜ਼ ਵਿੱਚ ਕਿਹਾ, "ਹਾੜੇ-ਹਾੜੇ। ਬੀਰ, ਓਥੋਂ ਤੀਕਣ ਈ ਲੈ ਚੱਲ।"

ਪ੍ਰੋਫ਼ੈਸਰ ਨੂੰ 'ਸੱਪ ਦੇ ਮੂੰਹ ਵਿੱਚ ਕੋਹੜ-ਕਿਰਲੀ' ਵਾਲ਼ੀ ਅਖਾਉਤ ਯਾਦ ਆਈ। ਉਸ ਕਿਹਾ, "ਮਾਈ, ਬਹਿ ਜਾ ਪਿੱਛੇ।"

"ਕਿੱਥੇ ਬੈਠਾਂ, ਕਿਮੇਂ ਬੈਠਾਂ? ਮੈਨੂੰ ਚੁੱਕ ਕੇ ਝੜਾ ਲੈ। ਨਾਲ਼ੇ ਐਹ ਲੈ ਮੇਰਾ ਥੈਲਾ।"

ਗੰਦੇ ਥੈਲੇ ਵਿੱਚ ਇੱਕ ਗੰਦਾ ਪਾਟਾ ਹੋਇਆ ਡੱਬੀਦਾਰ ਖੇਸ ਸੀ। ਪ੍ਰੋਫ਼ੈਸਰ ਨੇ ਦੰਦਾਂ ਦੀ ਕਚੀਚੀ ਵੱਟ ਕੇ ਉਸ ਨੂੰ ਦੂਰ ਰੱਖਣ ਦੀ ਨੀਅਤੋਂ ਸਾਈਕਲ ਦੀ ਬੱਤੀ ਦੀ ਹੁੱਕ ਨਾਲ਼ ਲਮਕਾਉਣ ਦਾ ਜਤਨ ਕੀਤਾ ਪਰ ਮੱਡ-ਗਾਰਡ ਤੋਂ ਉਹ ਇੱਕ ਪਾਸੇ ਉੱਲਰ ਗਿਆ। ਸੋ, ਉਸ ਨੂੰ ਉਹ ਹੈਂਡਲ ਨਾਲ਼ ਹੀ ਲਟਕਾਉਣਾ ਪਿਆ। ਇੱਕ ਬਾਂਹ ਦਾ ਸਹਾਰਾ ਦੇ ਕੇ ਮਾਨੋਂ ਅੱਖਾਂ ਮੀਟ ਕੇ ਉਸ ਨੇ ਉਸ ਨੂੰ ਪਿੱਛੇ ਕੈਰੀਅਰ 'ਤੇ ਬਿਠਾ ਲਿਆ। ਉਹ ਬੱਚੇ ਦੇ ਭਾਰ ਜਿੰਨੀ ਹੌਲ਼ੀ ਸੀ। ਪ੍ਰੋਫ਼ੈਸਰ ਨੇ ਹੱਥ ਨੂੰ ਲੱਗੇ ਮਾਈ ਦੇ ਬਦਬੂ ਭਰੇ ਪਸੀਨੇ ਦੀ ਹੁਣ ਕੋਈ ਪਰਵਾਹ ਨਾ ਕੀਤੀ ਕਿਉਂਕਿ ਉਸ ਦਾ ਧਿਆਨ ਹੁਣ ਹੋਰ ਖ਼ਿਆਲਾਂ ਵੱਲ ਲੱਗ ਗਿਆ ਸੀ। ਸਾਈਕਲ ਨੂੰ ਥੋੜ੍ਹਾ ਜਿਹਾ ਰੇੜ੍ਹੇ ਪਾ ਕੇ ਅੱਗੇ ਦੀ ਪੈਰ ਕੱਢ ਕੇ, ਕਾਠੀ 'ਤੇ ਬੈਠ ਕੇ, ਉਹ ਉਸ ਨੂੰ ਚਲਾਉਣ ਲੱਗਾ। ਉਸ ਨੇ ਝੱਟ ਹੀ ਪਤਾ ਕਰ ਲਿਆ ਕਿ ਉਸ ਮਾਈ ਦਾ ਕੋਈ ਸੰਗ-ਸਾਕ ਨਹੀਂ ਸੀ। ਉਹ ਜੇਠ ਦੀ ਸੰਗਰਾਂਦ ਨੂੰ ਤੁਰ ਕੇ ਤੇਰਾਂ-ਚੌਦਾਂ-ਪੰਦਰਾਂ ਮੀਲ 'ਤੇ ਗੁਰਦਵਾਰੇ ਆਈ ਸੀ। ਪਿੰਡ ਵਿੱਚ ਇੱਕ ਝੁੱਗੀ ਤੋਂ ਸਿਵਾਏ ਉਸ ਦਾ ਕੁਝ ਵੀ ਨਹੀਂ ਸੀ। ਜੇ ਆਂਢ-ਗੁਆਂਢ ਆਪੇ ਹੀ ਉਸ ਨੂੰ ਕੁਝ ਖਾਣ ਨੂੰ ਦੇ ਦੇਣ ਤਾਂ ਉਹ ਲੈ ਲੈਂਦੀ ਪਰ ਉਹ ਆਪ ਕਿਸੇ ਦੇ ਘਰੋਂ ਕੁਝ ਮੰਗਣ ਨਹੀਂ ਸੀ ਜਾਂਦੀ ਭਾਵੇਂ ਉਸ ਨੂੰ ਦਿਹਾੜੀ-ਡੰਗ ਭੁੱਖੀ ਹੀ ਕਿਉਂ ਨਾ ਰਹਿਣਾ ਪਵੇ।

ਕਿਸੇ ਤਰ੍ਹਾਂ ਪ੍ਰੋਫ਼ੈਸਰ ਦੇ ਦਿਲ ਵਿੱਚ ਇਹ ਜਾਣਦਿਆਂ ਵੀ ਕਿ ਉਹ ਉਸ ਦੇ ਲਈ ਕਿਸੇ ਤਰ੍ਹਾਂ ਵੀ ਲਾਭਦਾਇਕ ਨਹੀਂ ਹੋਵੇਗੀ, ਇਹ ਸ਼ੁੱਭ ਭਾਵਨਾ ਉੱਠੀ ਕਿ ਉਹ ਉਸ ਨੂੰ ਆਪਣੇ ਘਰ ਹੀ ਲੈ ਜਾਵੇ, ਪਰ ਇਹ ਸ਼ੁੱਭ ਇੱਛਿਆ ਉਸ ਦੇ ਵੱਡੇ ਟੱਬਰ ਦੀ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋ ਕੇ ਰਹਿ ਗਈ। ਉਸ ਨੂੰ ਪ੍ਰਤੀਤ ਹੋਇਆ ਕਿ ਉਹ ਬੇਵੱਸ ਸੀ। ਉਸ ਦੇ ਦਿਲ ਵਿੱਚ ਫੇਰ ਇੱਕ ਨਿੱਕੀ ਜਿਹੀ ਨੇਕੀ ਕਰਨ ਦੀ ਇੱਛਿਆ ਉੱਭਰੀ। ਉਹ ਉਸ ਨੂੰ ਬੱਸ 'ਤੇ ਬਿਠਾ ਦੇਵੇ। ਪਰ ਅੰਗਰੇਜ਼ੀ ਮਹੀਨਾ ਅਖ਼ੀਰਲੇ ਹਫ਼ਤੇ ਵਿੱਚ ਪ੍ਰਵੇਸ਼ ਕਰ ਚੁੱਕਾ ਸੀ। ਉਸ ਨੂੰ ਪਤਾ ਸੀ ਕਿ ਉਸ ਦੀ ਜੇਬ ਵਿੱਚ ਕੁੱਲ ਤੀਹ ਨਵੇਂ ਪੈਸੇ ਹਨ ਤੇ ਇਹ ਪੈਸੇ ਤਾਂ ਮਸੀਂ ਉਸ ਨੂੰ ਉਸ ਦੀ ਮੰਜ਼ਲ ਦੇ ਅੱਧ ਵਿੱਚ ਵੀ ਨਹੀਂ ਅਪੜਾ ਸਕਣਗੇ। 'ਪਰ ਚੱਲੋ ਅੱਧ ਤੱਕ ਹੀ ਸਹੀ। ਇਸ ਦਾ ਕੁਝ ਭਾਰ ਤੇ ਹਲਕਾ ਹੋਵੇਗਾ।' ਪ੍ਰੋਫ਼ੈਸਰ ਨੇ ਸੋਚਿਆ, "ਮੈਂ ਕਹਿ ਦੇਵਾਂਗਾ ਕਿ ਉਹ ਅੱਗੋਂ ਦਿਨ ਢਲ਼ੇ ਤੁਰੇ ਤੇ ਮੂਰਖਤਾ ਨਾਲ਼ ਪੈਰ ਨਾ ਸਾੜੇ।"

ਪਰ ਅਚਾਨਕ ਉਸ ਦੇ ਸਾਮ੍ਹਣੇ ਨੰਨ੍ਹੇ ਦਿਨੇਸ਼ ਦਾ ਚਿਹਰਾ ਆਣ ਖਲੋਤਾ, ਜਿਹੜਾ ਦਿਨ ਚੜ੍ਹਦਿਆਂ ਹੀ 'ਰੱਸ'-'ਰੱਸ' ਦੀ ਰਟ ਲਗਾ ਦਿੰਦਾ ਸੀ। ਤੇ ਰੱਸ ਵੀ ਕੋਈ ਸੁਗਾਤ ਹੈ, ਸੁੱਕੀ ਹੋਈ ਰੋਟੀ। ਤਿੰਨਾਂ ਨਵਿਆਂ ਪੈਸਿਆਂ ਦੀ। ਤੇ ਤਿੰਨ ਨਵੇਂ ਪੈਸੇ ਵੀ ਕੋਈ ਆਪਣੇ ਬੱਚੇ 'ਤੇ ਉਸ ਦੀ ਖ਼ੁਸ਼ੀ ਲਈ ਨਾ ਖ਼ਰਚ ਸਕੇ ਤੇ ਉਸ ਨੂੰ ਸਾਰਾ ਦਿਨ ਰੋਂਦਾ ਰੱਖੇ?"

ਉਹ ਫਿਰ ਸੋਚਣ ਲੱਗਾ; ਤੇ ਇਹ ਬੁੱਢੇ ਜਿਨ੍ਹਾਂ ਦਾ ਕੋਈ ਨਹੀਂ, ਇਹਨਾਂ ਦਾ ਕੀ ਬਣੇ! ਇਹਨਾਂ ਦੀ ਪਾਲਣਾ ਕੌਣ ਕਰੇ! ਜੇ ਕੋਈ ਵੀ ਨਾ ਕਰੇ ਤਾ ਇਹ ਮੰਗਤਿਆਂ ਦੀਆਂ ਫ਼ੌਜਾਂ ਵਿੱਚ ਭਰਤੀ ਹੋਣ ਕਿ ਨਾ? ਮੈਂ ਕੁਝ ਪੈਸੇ ਲੋਕਾਂ ਕੋਲ਼ੋਂ ਮੰਗ ਕੇ ਤੇ ਕੁਝ ਆਪਣੇ ਕੋਲ਼ੋਂ ਪਾ ਕੇ ਇਸ ਮਾਈ ਨੂੰ ਬਾਗ਼ਾਂ ਵਾਲ਼ੇ ਦੀ ਟਿਕਟ ਲੈ ਦਿਆਂ।' ਝੱਟ ਹੀ ਉਹ ਹੋਰ ਤਰ੍ਹਾਂ ਸੋਚਣ ਲੱਗ ਪਿਆ, "ਪੈਸੇ ਮੰਗਾਂਗਾ ਤਾਂ ਲੋਕੀਂ ਕਹਿਣਗੇ, ਪ੍ਰੋਫ਼ੈਸਰ ਅੱਠਾਂ ਆਨਿਆਂ ਦੇ ਪੈਸੇ ਵੀ ਆਪਣੇ ਕੋਲ਼ੋਂ ਨਹੀਂ ਖ਼ਰਚ ਸਕਦਾ। ਤੇ ਮੇਰੀਆਂ ਸਲਾਮਾਂ ਮੈਥੋਂ ਖੁੱਸ ਜਾਣਗੀਆਂ।' ਉਸ ਦੇ ਵਿਚਾਰਾਂ ਨੇ ਹੋਰ ਪਾਸਾ ਪਰਤਾਇਆ, 'ਹੱਛਾ ਮੈਂ ਆਪ ਹੀ ਉਸ ਨੂੰ ਬਾਗ਼ਾਂ ਵਾਲ਼ੇ ਤੱਕ ਕਿਉਂ ਨਾ ਛੱਡ ਆਵਾਂ?' ਹੁਣ ਉਸ ਨੂੰ ਆਪਣੇ ਬੁਢੇਪੇ ਦਾ ਅਹਿਸਾਸ ਹੋਇਆ, ਜਿਸ ਨੂੰ ਉਹ ਕਦੇ ਕਿਸੇ ਸਾਮ੍ਹਣੇ ਨਹੀਂ ਸੀ ਮੰਨਦਾ। ਨਾਲ਼ੇ ਉਸ ਰੋਟੀ ਵੀ ਹਾਲੀ ਖਾਣੀ ਸੀ। ਥਕਾਵਟ ਨਾਲ਼ ਉਸ ਚੂਰ ਹੋ ਜਾਣਾ ਸੀ ਤੇ ਉਸ ਕੋਲ਼ੋਂ ਪੜ੍ਹਾਉਣ ਲਈ ਪੜ੍ਹ-ਲਿਖ ਨਹੀਂ ਸੀ ਹੋਣਾ। ਜਮਾਤ ਵਿੱਚ ਗੱਪਾਂ ਮਾਰਨ ਦੀ ਉਸ ਦੀ ਆਦਤ ਨਹੀਂ ਸੀ ਅਤੇ ਪੈਸੇ ਲੈ ਕੇ ਤਸੱਲੀ ਨਾਲ਼ ਨਾ ਪੜ੍ਹਾਉਣਾ ਉਹ ਪਾਪ ਸਮਝਦਾ ਸੀ। ਉਸ ਨੂੰ ਜੇਬ ਵਿਚਲੇ ਪੈਸਿਆਂ ਨਾਲ਼ ਬੁੱਢੀ ਦੀ ਸਹਾਇਤਾ ਕਰਨ ਦਾ ਫੇਰ ਉਲੇਲ ਉੱਠਿਆ ਪਰ ਝੱਟ ਹੀ ਉਸ ਨੂੰ ਚੇਤਾ ਆਇਆ ਕਿ ਉਸ ਨੇ ਧੋਬੀ ਦੀ ਧੁਆਈ ਵੀ ਦੇਣੀ ਹੈ ਤੇ ਧੋਬੀ ਇੱਕ-ਅੱਧਾ ਤਗਾਦਾ ਵੀ ਕਰ ਗਿਆ ਸੀ।

ਸ਼ਹਿਰ ਦਾ ਮੋੜ ਆ ਗਿਆ ਸੀ ਤੇ ਨਾ ਚਾਹੁੰਦਿਆਂ ਵੀ ਪ੍ਰੋਫ਼ੈਸਰ ਨੇ ਕਿਹਾ, "ਮਾਈ, ਸ਼ਹਿਰ ਆ ਗਿਆ। ਮੈਂ ਸ਼ਹਿਰ ਨੂੰ ਮੁੜ ਜਾਣੈਂ।" ਤੇ ਸਾਈਕਲ ਬ੍ਰੇਕ ਲਾ ਕੇ ਰੋਕ ਦਿੱਤਾ। ਮਾਈ ਨਾ ਉੱਤਰੀ। ਪ੍ਰੋਫ਼ੈਸਰ ਨੇ ਔਖਿਆਂ ਹੋ ਕੇ ਖੜ੍ਹੇ ਸਾਈਕਲ ਤੋਂ ਅੱਗਿਓਂ ਦੀ ਆਪਣੀ ਲੱਤ ਕੱਢੀ ਤੇ ਉੱਤਰ ਕੇ ਮਾਈ ਨੂੰ ਉਤਾਰਿਆ। ਉਸ ਦਾ ਗੰਦਾ ਥੈਲਾ ਲਾਹ ਕੇ ਉਸ ਨੂੰ ਫੜਾਇਆ। ਕਮੇਟੀ ਦੀ ਚੌਕੀ ਦਾ ਬਾਬੂ ਘਿਰਣਾ ਭਰੀ ਨਜ਼ਰ ਨਾਲ਼ ਪ੍ਰੋਫ਼ੈਸਰ ਨੂੰ ਦੇਖ ਰਿਹਾ ਸੀ ਕਿ ਬਾਗ਼ਾਂ ਵਾਲ਼ੇ ਦੀ ਬੱਸ ਮੋੜ 'ਤੇ ਆਣ ਖਲੋਤੀ। ਬੱਸ ਚਲੀ ਗਈ ਪਰ ਪ੍ਰੋਫ਼ੈਸਰ ਨੇਕੀ ਤੇ ਮਜਬੂਰੀ ਵਿਚਕਾਰ ਝੂਟੇ ਲੈਂਦਾ ਰਿਹਾ ਅਤੇ ਆਖ਼ਰ ਮਜਬੂਰੀ ਦੇ ਹੱਥੋਂ ਹਾਰ ਖਾ ਬੈਠਾ।

ਉਸ ਘਰ ਜਾਣ ਲਈ ਜਦ ਸਾਈਕਲ ਮੋੜਿਆ ਤਾਂ ਲਾਲ ਚੀਰੇ ਤੇ ਸਧਾਰਨ ਕੱਪੜਿਆਂ ਵਾਲ਼ਾ ਸਾਈਕਲ-ਸਵਾਰ ਸ਼ਹਿਰੋਂ ਮੁੜਿਆ ਆ ਰਿਹਾ ਸੀ। ਪ੍ਰੋਫ਼ੈਸਰ ਉਸ ਪੱਥਰ-ਦਿਲ ਇਨਸਾਨ ਨੂੰ ਕੁਝ ਨਾ ਕਹਿਣਾ ਚਾਹੁੰਦਿਆਂ ਵੀ ਕੁਝ ਕਹਿਣਾ ਚਾਹੁੰਦਾ ਸੀ ਕਿ ਸਾਈਕਲ-ਸਵਾਰ ਨੇ ਮਾਈ ਨੂੰ ਦੇਖ ਕੇ ਕਿਹਾ, "ਆ ਗਈ ਐਂ, ਮਾਂ! ਛੇਤੀ ਈ ਆ ਗਈ ਐਂ! ਮੇਰਾ ਕੰਮ ਵੀ ਛੇਤੀ ਈ ਮੁੱਕ ਗਿਆ। ਚੱਲ ਬੈਠ, ਮੈਂ ਤੇ ਬਾਗ਼ਾਂ ਵਾਲ਼ੇ ਤੀਕ ਜਾਣਾ। ਤੈਨੂੰ ਦੋ ਪੈਰ 'ਗਾਂਹ ਸਹੇੜੇ ਈ ਛੱਡ ਆਊਂ।"

"ਬੀਰ, ਔਹ ਦੂਜਾ ਬੀਰ ਐਥੋਂ ਤੱਕ ਲੈ ਆਇਆ, ਜੀਂਦਾ ਰਹਿਣਾ। ਛੇਤੀ ਈ ਆ ਗਈ।"

ਪ੍ਰੋਫ਼ੈਸਰ ਨੇ ਆਪਣੇ ਸਾਈਕਲ ਦਾ ਸਟੈਂਡ ਲਾ ਕੇ ਮਾਈ ਨੂੰ ਚੁੱਕ ਕੇ ਲਾਲ ਚੀਰੇ ਵਾਲ਼ੇ ਦੇ ਕੈਰੀਅਰ 'ਤੇ ਬਿਠਾਇਆ ਤੇ ਉਸ ਦਾ ਥੈਲਾ ਉਸ ਦੇ ਸਾਈਕਲ ਦੇ ਹੈਂਡਲ ਨਾਲ਼ ਲਮਕਾ ਦਿੱਤਾ। ਲਾਲ ਚੀਰੇ ਵਾਲ਼ੇ ਨੇ ਪ੍ਰੋਫ਼ੈਸਰ ਵੱਲ ਇਹੋ-ਜਿਹੀ ਤੱਕਣੀ ਨਾਲ਼ ਤੱਕਿਆ, ਜਿਵੇਂ ਜਿਸ ਨੂੰ ਉਹ ਓਪਰਾ ਸਮਝਦਾ ਸੀ ਉਹ ਆਪਣਾ ਹੀ ਨਿਕਲ਼ ਆਇਆ ਹੋਵੇ। ਪਰ ਉਹ ਕੁਛ ਮੂੰਹੋਂ ਨਾ ਬੋਲਿਆ, ਅੱਖਾਂ ਹੀ ਅੱਖਾਂ ਨਾਲ਼ ਉਸ ਨੇ ਪ੍ਰੋਫ਼ੈਸਰ ਨਾਲ਼ ਸਾਂਝ ਪਾ ਲਈ ਅਤੇ ਉਸ ਸਾਂਝ ਵਿੱਚ ਪ੍ਰੋਫ਼ੈਸਰ ਨੇ ਇਉਂ ਪ੍ਰਤੀਤ ਕੀਤਾ, ਜਿਵੇਂ ਆਪਣੇ ਘਾਟੇ ਨੂੰ ਪੂਰਾ ਕਰ ਲਿਆ ਹੋਵੇ।

## ਪਾਠ-ਅਭਿਆਸ

### 1. ਵਸਤੂਨਿਸ਼ਠ ਪ੍ਰਸ਼ਨ/ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :

'ਸਾਂਝ' ਕਹਾਣੀ ਦੇ ਆਧਾਰ 'ਤੇ ਦੱਸੋ:

(ੳ) ਸਾਈਕਲ 'ਤੇ ਸਵਾਰ ਹੋਣ ਤੋਂ ਪਹਿਲਾਂ ਕਹਾਣੀ ਦੇ ਕਿਹੜੇ ਪਾਤਰ ਨੇ ਪੈਡਲ 'ਤੇ ਪੈਰ ਰੱਖ ਕੇ ਸਾਈਕਲ ਨੂੰ ਕਾਫ਼ੀ ਚਿਰ ਤੱਕ ਰੇੜ੍ਹਿਆ?

(ਅ) ਪ੍ਰੋਫ਼ੈਸਰ ਸਾਈਕਲ ਚਲਾਉਣ ਦੀ ਆਪਣੇ ਜੀਵਨ ਦੀਆਂ ਮੁਸ਼ਕਲਾਂ ਅਤੇ ਮੁਸ਼ੱਕਤਾਂ ਨਾਲ਼ ਸਮਾਨਤਾ ਮਹਿਸੂਸ ਕਰਦਾ ਹੈ। (ਸਹੀ/ਗ਼ਲਤ)

(ੲ) ਪ੍ਰੋਫ਼ੈਸਰ ਨੂੰ ਸਾਈਕਲ ਚਲਾਉਂਦਿਆਂ ਆਪਣੇ ਬਚਪਨ ਵਿੱਚ ਪੜ੍ਹੀ ਕਵਿਤਾ ਦਾ ਚੇਤਾ ਆਇਆ। (ਸਹੀ/ਗ਼ਲਤ)

(ਸ) 'ਭਾਰਤ ਸਾਈਕਲ ਦੇ ਯੁੱਗ ਵਿੱਚ ਨਹੀਂ ਪਹੁੰਚਿਆ ਤੇ ਸਾਈਕਲ਼ ਗ਼ਰੀਬਾਂ ਦੀ ਸਵਾਰੀ ਹੈ।' ਪ੍ਰੋਫ਼ੈਸਰ ਦੇ ਮਨ ਵਿੱਚ ਇਹ ਵਿਚਾਰ ਕਿਉਂ ਆਉਂਦੇ ਹਨ?

(ਹ) ਪ੍ਰੋਫ਼ੈਸਰ ਬੁੱਢੀ ਮਾਈ ਨੂੰ ਪੈਸੇ ਨਾ ਦੇ ਸਕਣ ਦੇ ਕਿਹੜੇ-ਕਿਹੜੇ ਕਾਰਨ ਸੋਚਦਾ ਹੈ?

(ਕ) ਪ੍ਰੋਫ਼ੈਸਰ ਲਾਲ ਚੀਰੇ ਵਾਲ਼ੇ ਸਾਈਕਲ-ਸਵਾਰ ਬਾਰੇ ਕੀ-ਕੀ ਸੋਚਦਾ ਹੈ?

(ਖ) ਇਸ ਕਹਾਣੀ ਵਿੱਚ ਕਿਹੜੀ ਸਾਂਝ ਦਾ ਜ਼ਿਕਰ ਆਇਆ ਹੈ?

(ਗ) 'ਸਾਂਝ' ਕਹਾਣੀ ਵਿੱਚ ਆਏ ਮੁੱਖ ਪਾਤਰ ਪ੍ਰੋਫ਼ੈਸਰ, ਚੀਰੇ ਵਾਲ਼ਾ ਸਾਈਕਲ-ਸਵਾਰ ਅਤੇ ਬੁੱਢੀ ਮਾਈ ਹਨ। (ਸਹੀ/ਗ਼ਲਤ)

2. ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
3. ਹੇਠ ਲਿਖੇ ਪਾਤਰਾਂ ਦੇ ਇਸ ਕਹਾਣੀ ਵਿੱਚ ਉੱਘੜਦੇ ਸੁਭਾਅ ਬਾਰੇ ਲਿਖੋ:
   ਪ੍ਰੋਫ਼ੈਸਰ, ਚੀਰੇ ਵਾਲ਼ਾ ਸਾਈਕਲ-ਸਵਾਰ, ਬੁੱਢੀ ਮਾਈ।
4. 'ਸਾਂਝ' ਕਹਾਣੀ ਦੀ ਪਿੱਠ-ਭੂਮੀ ਵਿੱਚ ਬਣਦੀਆਂ ਪਰਿਸਥਿਤੀਆਂ ਨਾਲ਼ੋਂ ਅਜੋਕੀਆਂ ਪਰਿਸਥਿਤੀਆਂ ਕਿਵੇਂ ਭਿੰਨ ਹਨ ?

*******

ਕਹਾਣੀਕਾਰ ਬਾਰੇ

# ਕਰਤਾਰ ਸਿੰਘ ਦੁੱਗਲ

(1917—2012)

| | | |
|---|---|---|
| ਮਾਤਾ ਜੀ ਦਾ ਨਾਂ | : | ਸ੍ਰੀਮਤੀ ਵੰਤੀ ਦੇਵੀ |
| ਪਿਤਾ ਜੀ ਦਾ ਨਾਂ | : | ਸ. ਜੀਵਨ ਸਿੰਘ ਦੁੱਗਲ |
| ਜਨਮ-ਮਿਤੀ | : | 7 ਮਾਰਚ, 1917 |
| ਜਨਮ-ਸਥਾਨ | : | ਪਿੰਡ ਧਮਿਆਲ, ਜ਼ਿਲ੍ਹਾ ਰਾਵਲਪਿੰਡੀ |
| ਵਿੱਦਿਆ-ਪ੍ਰਾਪਤੀ | : | ਐੱਮ.ਏ. (ਅੰਗਰੇਜ਼ੀ) |
| ਕੰਮ-ਕਿੱਤਾ | : | ਆਲ ਇੰਡੀਆ ਰੇਡੀਓ, ਨੈਸ਼ਨਲ ਬੁੱਕ ਟ੍ਰਸਟ ਆਦਿ ਸੰਸਥਾਵਾਂ ਵਿੱਚ ਉੱਚੇ ਅਹੁਦਿਆਂ 'ਤੇ ਕੰਮ ਕੀਤਾ। |
| ਦਿਹਾਂਤ | : | 26 ਜਨਵਰੀ, 2012 |
| ਰਚਨਾਵਾਂ | : | ਆਪ ਨੇ ਕਵਿਤਾ, ਇਕਾਂਗੀ, ਸ੍ਵੈਜੀਵਨੀ ਤੇ ਨਾਵਲ ਵੀ ਲਿਖੇ ਪਰ ਆਪ ਦੀ ਪ੍ਰਸਿੱਧੀ ਕਹਾਣੀਕਾਰ ਦੇ ਤੌਰ 'ਤੇ ਵਧੇਰੇ ਹੈ। ਆਪ ਦੇ ਮੁੱਖ ਕਹਾਣੀ-ਸੰਗ੍ਰਹਿ ਇਹ ਹਨ: "ਸਵੇਰ ਸਾਰ, ਪਿੱਪਲ਼ ਪੱਤੀਆਂ, ਕੁੜੀ ਕਹਾਣੀ ਕਰਦੀ ਗਈ, ਡੰਗਰ, ਅੱਗ ਖਾਣ ਵਾਲ਼ੇ, ਕੱਚਾ ਦੁੱਧ, ਨਵਾਂ ਆਦਮੀ, ਨਵਾਂ ਘਰ, ਲੜਾਈ ਨਹੀਂ, ਫੁੱਲ ਤੋੜਨਾ ਮਨ੍ਹਾ ਹੈ, ਕਰਾਮਾਤ, ਸਭੇ ਸਾਂਝੀਵਾਲ ਸਦਾਇਨ, ਇੱਕ ਛਿਟ ਚਾਨਣ ਦੀ, ਮਾਜ੍ਹਾ ਨਹੀਂ ਮੋਇਆ, ਹੰਸਾ ਆਦਮੀ। |
| ਸਨਮਾਨ | : | 'ਇੱਕ ਛਿਟ ਚਾਨਣ ਦੀ' ਕਹਾਣੀ ਸੰਗ੍ਰਹਿ 'ਤੇ ਸਾਹਿਤ ਅਕਾਦਮੀ ਤੋਂ ਪੁਰਸਕਾਰ ਮਿਲ਼ਿਆ। |

ਇਸ ਪਾਠ-ਪੁਸਤਕ ਲਈ ਆਪ ਦੀ ਪ੍ਰਸਿੱਧ ਕਹਾਣੀ 'ਨੀਲੀ' ਚੁਣੀ ਗਈ ਹੈ।

'ਨੀਲੀ' ਕਹਾਣੀ ਵਿੱਚ ਕਹਾਣੀਕਾਰ ਨੇ ਪਸ਼ੂਆਂ ਦੀ ਸੰਵੇਦਨਸ਼ੀਲਤਾ ਦਾ ਬੜੇ ਮਾਰਮਿਕ ਤਰੀਕੇ ਨਾਲ਼ ਵਰਨਣ ਕੀਤਾ ਹੈ। ਗਊ 'ਨੀਲੀ' ਜਿੰਨੀ ਦੇਰ ਤੱਕ ਦੁੱਧ ਦਿੰਦੀ ਹੈ, ਉਸ ਨੂੰ ਚੰਗਾ ਚਾਰਾ ਮਿਲ਼ਦਾ ਹੈ। ਜਦੋਂ ਉਸ ਦੀ ਵੱਛੀ ਜੰਮਦੀ ਹੈ ਤਾਂ ਗਵਾਲਾ ਆਪਣੀਆਂ ਆਰਥਿਕ ਮਜਬੂਰੀਆਂਵੱਸ ਵੱਛੀ ਨੂੰ ਲੁੜੀਂਦਾ ਦੁੱਧ ਪੀਣ ਲਈ ਨਹੀਂ ਛੱਡਦਾ। ਨਤੀਜੇ ਵਜੋਂ ਵੱਛੀ ਮਰ ਜਾਂਦੀ ਹੈ। ਵੱਛੀ ਮਰਨ 'ਤੇ ਨੀਲੀ ਏਨੀ ਉਦਾਸ ਹੋ ਜਾਂਦੀ ਹੈ ਕਿ ਉਸ ਨੂੰ ਕੁਝ ਵੀ ਖਾਣਾ ਚੰਗਾ ਨਹੀਂ ਲੱਗਦਾ। ਗਵਾਲਾ ਉਸ ਤੋਂ ਦੁੱਧ ਲੈਣ ਲਈ ਉਸ ਨੂੰ ਚਾਰਾ, ਮਸਾਲਾ ਖਾਣ ਨੂੰ ਧਰਦਾ ਹੈ, ਪਿਆਰਦਾ ਤੇ ਪੁਚਕਾਰਦਾ ਵੀ ਹੈ ਪਰ ਜਦੋਂ ਨੀਲੀ ਦੁੱਧ ਨਹੀਂ ਦਿੰਦੀ ਤਾਂ ਉਸ ਨੂੰ ਉਹ ਬੁਰੀ ਲੱਗਦੀ ਹੈ। ਫਿਰ ਉਹ ਉਸ ਦੇ ਅੱਗੋਂ ਚਾਰਾ ਚੁੱਕ ਲੈਂਦਾ ਹੈ।

ਇਹ ਕਹਾਣੀ ਨੀਲੀ ਦੇ ਮਨੋਭਾਵਾਂ ਨੂੰ ਉਘਾੜਦੀ ਹੈ। ਗਵਾਲਾ ਉਸ ਨੂੰ ਕੇਵਲ ਦੁੱਧ ਦੇਣ ਦਾ ਸਾਧਨ ਸਮਝਦਾ ਹੈ ਜਦਕਿ ਨੀਲੀ ਇੱਕ ਮਾਂ ਵੀ ਹੈ। ਵੱਛੀ ਦੇ ਮਰਨ 'ਤੇ ਉਸ ਦੀ ਮਮਤਾ ਵਲੂੰਧਰੀ ਜਾਂਦੀ ਹੈ। ਗਵਾਲਾ ਉਸ ਦੇ ਇਸ ਦੁੱਖ ਨੂੰ ਸਮਝਣ ਤੋਂ ਅਸਮਰਥ ਰਹਿੰਦਾ ਹੈ।

# ਨੀਲੀ

'ਨੀਲੀ' ਰੰਗ ਦੀ ਗੋਰੀ ਸੀ, ਜਿਵੇਂ ਕੋਈ ਮੱਖਣ ਦੇ ਪੇੜੇ ਨੂੰ ਦੁੱਧ ਨਾਲ਼ ਧੋ ਕੇ ਰੱਖੇ।

ਸੋਹਣੀ, ਸਿਹਤਮੰਦ ਗਾਂ ਦਾ ਦੁੱਧ ਵੀ ਵਧੀਆ ਹੁੰਦਾ ਹੈ। ਗਵਾਲੇ ਦੇ ਢੇਰ ਸਾਰੇ ਡੰਗਰਾਂ ਵਿੱਚੋਂ ਚੁਣ ਕੇ ਮੇਰੀ ਤ੍ਰੀਮਤ ਨੇ ਨੀਲੀ ਨੂੰ ਪਸੰਦ ਕੀਤਾ ਸੀ। ਤੇ ਫੇਰ ਇਸੇ ਦੇ ਦੁੱਧ ਦਾ ਭਾਅ ਚੁਕਾਇਆ ਗਿਆ।

ਹਰ ਰੋਜ਼ ਸਵੇਰੇ ਗਵਾਲਾ ਨੀਲੀ ਨੂੰ ਸਾਡੇ ਲੈ ਆਉਂਦਾ ਤੇ ਸਾਮ੍ਹਣੇ ਮਹਿੰਦੀ ਦੇ ਬੂਟੇ ਹੇਠ ਖਲੋਤੀ ਉਹ ਗਾਗਰ ਦੁੱਧ ਦੀ ਭਰ ਕੇ ਤੁਰ ਜਾਂਦੀ।

ਹਰ ਰੋਜ਼ ਸਵੇਰੇ ਪਹਿਲੇ ਨੀਲੀ ਆਉਂਦੀ। ਫੇਰ ਗਵਾਲਾ ਆਉਂਦਾ... ਸਿਰ 'ਤੇ ਚਾਰੇ ਦੀ ਟੋਕਰੀ ਚੁੱਕੀ। ਨੀਲੀ ਦੇ ਸਾਮ੍ਹਣੇ ਚਾਰਾ ਰੱਖਦਾ, ਉਹਦੇ ਪਿੰਡੇ 'ਤੇ ਹੱਥ ਫੇਰਦਾ ਤੇ ਫੇਰ ਦੁੱਧ ਚੋਣ ਬੈਠ ਜਾਂਦਾ। ਫੇਰ ਗਾਗਰ ਵਿੱਚ ਧਾਰਾਂ ਦਾ ਸੰਗੀਤ ਸੁਣਾਈ ਦੇਣ ਲੱਗ ਪੈਂਦਾ।

ਜਿਤਨਾ ਚਿਰ ਗਵਾਲਾ ਦੁੱਧ ਚੋਂਦਾ ਰਹਿੰਦਾ, ਨੀਲੀ ਟੋਕਰੀ ਵਿੱਚੋਂ ਦਾਣਾ, ਵੜੇਵੇਂ, ਖਲ਼ੀ ਆਦਿ ਚਾਰਾ ਖਾਂਦੀ ਰਹਿੰਦੀ। ਦੁੱਧ ਦਾ ਭਾਅ ਚੁਕਾਣ ਵੇਲ਼ੇ ਇਸ ਤਰ੍ਹਾਂ ਦਾ ਚੰਗਾ ਚਾਰਾ ਖੁਆਣ ਦੀ ਵੀ ਸ਼ਰਤ ਤੈਅ ਹੋਈ ਸੀ ਤੇ ਕਦੀ-ਕਦੀ ਮੇਰੀ ਤ੍ਰੀਮਤ ਉਚੇਚਾ ਜਾ ਕੇ ਟੋਕਰੀ ਵਿੱਚ ਵੇਖ ਲੈਂਦੀ, ਗਵਾਲਾ ਆਪਣਾ ਇਕਰਾਰ ਪੂਰਾ ਕਰ ਰਿਹਾ ਸੀ ਕਿ ਨਹੀਂ! ਚੰਗੀ ਖ਼ੁਰਾਕ ਡੰਗਰ ਨੂੰ ਮਿਲ਼ੇ ਤੇ ਦੁੱਧ ਚੰਗਾ ਹੁੰਦਾ ਹੈ, ਵਿੱਚੋਂ ਮੱਖਣ ਚੋਖਾ ਨਿਕਲ਼ਦਾ ਹੈ।

ਹਰ ਰੋਜ਼ ਸਵੇਰੇ ਨੀਲੀ ਆਉਂਦੀ, ਤਾਵਲੀ-ਤਾਵਲੀ। ਕਦੀ ਮੈਂ ਸੋਚਦਾ ਉਸ ਨੂੰ ਮਸਾਲੇਦਾਰ ਚਾਰਾ ਖਾਣ ਦੀ ਕਾਹਲ਼ ਹੁੰਦੀ ਹੈ। ਕਦੀ ਮੈਂ ਸੋਚਦਾ ਉਸ ਨੂੰ ਦੁੱਧ ਦੇ ਕੇ ਸੁਰਖ਼ਰੂ ਹੋ ਜਾਣ ਦੀ ਖ਼ੁਸ਼ੀ ਹੁੰਦੀ ਹੈ।

ਨੀਲੀ ਨਿੱਤ ਆਉਂਦੀ। ਕਦੀ ਜਦੋਂ ਅਸੀਂ ਅਜੇ ਸੌਂ ਰਹੇ ਹੁੰਦੇ। ਕਦੀ ਜਦੋਂ ਅਸੀਂ ਸੌਂ ਕੇ ਉੱਠ ਰਹੇ ਹੁੰਦੇ। ਕਦੀ ਜਦੋਂ ਅਸੀਂ ਸੌਂ ਕੇ ਉੱਠ ਚੁੱਕੇ ਹੁੰਦੇ। ਮਲਕੜੇ ਆਉਂਦੀ, ਪਿੱਤਲ਼ ਦੀ ਗਾਗਰ ਵਿੱਚ ਧਾਰਾਂ ਦਾ ਨਗ਼ਮਾ ਛੋੜ ਕੇ ਤੁਰ ਜਾਂਦੀ।

ਕਈ ਮਹੀਨੇ ਇੰਞ ਗੁਜ਼ਰ ਗਏ। ਫੇਰ ਇੱਕ ਰੋਜ਼ ਸੁਣਿਆ ਕਿ ਨੀਲੀ ਅੱਜ ਲੱਤ ਮਾਰ ਗਈ ਹੈ। ਨਵੀਂ ਹੋਈ ਨੂੰ ਵੀ ਤੇ ਕਿਤਨੇ ਦਿਨ ਹੋ ਚੁੱਕੇ ਸਨ।

ਬਹੁਤ ਦਿਨ, ਖ਼ੈਰ, ਸਾਨੂੰ ਨੀਲੀ ਦੀ ਉਡੀਕ ਨਹੀਂ ਕਰਨੀ ਪਈ। ਹੁਣ ਨੀਲੀ ਵੀ ਆਉਂਦੀ, ਪਿੱਛੇ ਨੀਲੀ ਦੀ ਵੱਛੀ ਵੀ ਆਉਂਦੀ। ਨਿਰੀ-ਪੁਰੀ ਨੀਲੀ ਦੀ ਸ਼ਕਲ। ਗੋਰਾ-ਗੋਰਾ ਰੰਗ, ਮਲੂਕੜੀ ਜਿਹੀ ਚਮੜੀ, ਲੰਮੀ ਫੁੰਮਣਦਾਰ ਪੂਛ, ਸ਼ਰਮਾਕਲ਼-ਸ਼ਰਮਾਕਲ਼ ਲੱਖ ਲਾਜਾਂ ਭਰੀਆਂ ਅੱਖੀਆਂ।

ਮੇਰੀ ਤ੍ਰੀਮਤ ਦੀ ਦੁੱਧ ਦੀ ਲੋੜ ਜਿਵੇਂ ਨੀਲੀ ਦੇ ਦੁੱਧ ਦੇਣ 'ਤੇ ਨਿਰਭਰ ਹੋ ਗਈ ਸੀ। ਜਿਤਨਾ ਨੀਲੀ ਇੱਕ ਵੇਲ਼ੇ ਦਾ ਦੁੱਧ ਦੇਂਦੀ ਸਾਰਾ ਅਸੀਂ ਖ਼ਰੀਦ ਲੈਂਦੇ। ਵਸੇਂ-ਵਸੇਂ ਕਿਸੇ ਹੋਰ ਡੰਗਰ ਦਾ ਦੁੱਧ ਸਾਡੇ ਘਰ ਨਹੀਂ ਵੜਦਾ ਸੀ। ਤੇ ਅੱਜ-ਕੱਲ੍ਹ ਮੇਰੀ ਤ੍ਰੀਮਤ ਮੁੜ- ਮੁੜ ਗਵਾਲੇ ਨੂੰ ਕਹਿੰਦੀ, "ਭੈੜਿਆ ਇਸ ਵੱਛੀ ਨੂੰ ਵੀ ਕੁਝ ਛੋੜਿਆ ਕਰ। ਬੜੀ ਵਧੀਆ ਗਾਂ ਬਣੇਗੀ।" ਪਰ ਗਵਾਲਾ ਆਪਣੀ ਮਰਜ਼ੀ ਕਰਦਾ। ਜਦੋਂ ਮੇਰੀ ਤ੍ਰੀਮਤ ਉਸ ਨੂੰ ਵੱਛੀ ਬਾਰੇ ਯਾਦ ਕਰਵਾਉਂਦੀ, ਉਹ ਨੱਕ ਵਿੱਚ ਕੁਝ ਗੁਣਗੁਣਾ ਛੱਡਦਾ।

ਕਿਉਂਕਿ ਵੱਛੀ ਦੇ ਮੂੰਹ ਮਾਰਨ 'ਤੇ ਨੀਲੀ ਦੁੱਧ ਲਾਹ ਲੈਂਦੀ ਸੀ, ਅੱਜ-ਕੱਲ੍ਹ ਗਵਾਲ਼ੇ ਨੇ ਮਸਾਲਾ ਹੀ ਲਿਆਣਾ ਬੰਦ ਕਰ ਛੱਡਿਆ ਸੀ। ਸਾਡੇ ਸ਼ਿਕਾਇਤ ਕਰਨ 'ਤੇ ਉਹ ਹਮੇਸ਼ਾਂ ਕਹਿੰਦਾ, ਉਹ ਮਸਾਲਾ ਬਾਕਾਇਦਾ ਖੁਆਂਦਾ ਸੀ, ਕੇਵਲ ਵਕਤ ਉਸ ਬਦਲ ਛੱਡਿਆ ਸੀ। ਸ਼ਾਮੀਂ ਤੂੜੀ ਨਾਲ਼ ਵੀ ਖੁਆ ਛੱਡਦਾ ਸੀ।

ਮੇਰੀ ਤ੍ਰੀਮਤ ਖਪਦੀ ਰਹਿੰਦੀ। ਇਸ ਗੱਲ 'ਤੇ ਖਪ-ਖਪ ਹਟਦੀ ਕਿ ਦੁੱਧ ਅੱਜ-ਕੱਲ੍ਹ ਪਾਣੀ ਵਰਗਾ ਸੀ ਤੇ ਕਦੀ ਇਸ ਗੱਲ 'ਤੇ ਖਪਣ ਲੱਗ ਪੈਂਦੀ ਕਿ ਗਵਾਲਾ ਵੱਛੀ ਲਈ ਚੂਲ਼ੀ ਦੁੱਧ ਦੀ ਨਹੀਂ ਬਚਾਂਦਾ ਸੀ ਤੇ ਵਿਚਾਰੀ ਬੇਜ਼ਬਾਨ ਹੱਡੀਆਂ ਦੀ ਮੁੱਠ ਨਿਕਲ਼ਦੀ ਆ ਰਹੀ ਸੀ। ਗਵਾਲਾ ਕਹਿੰਦਾ, "ਨੀਲੀ ਵੱਛੀ ਲਈ ਦੁੱਧ ਛੁਪਾ ਕੇ ਰੱਖ ਲੈਂਦੀ ਏ ਤੇ ਪਿੱਛੋਂ ਉਸ ਨੂੰ ਪਿਲ਼ਾਂਦੀ ਹੈ।" ਤੇ ਹਮੇਸ਼ਾਂ ਮੁੜ-ਮੁੜ ਥਣਾਂ ਨੂੰ ਧੁੱਸਾ ਮਾਰ ਰਹੀ ਵੱਛੀ ਵੱਲ ਇਸ਼ਾਰੇ ਕਰ-ਕਰ ਕੇ ਸਾਨੂੰ ਝੂਠਿਆਂ ਕਰਨ ਦੀ ਕੋਸ਼ਸ਼ ਕਰਦਾ।

ਅਖ਼ੀਰ ਉਹੀ ਗੱਲ ਹੋਈ। ਵੱਛੀ ਮਰ ਗਈ।

ਅਗਲੇ ਰੋਜ਼ ਗਵਾਲਾ ਨਿੱਕਾ ਜਿਹਾ ਮੂੰਹ ਲੈ ਕੇ ਆਇਆ। ਪਿਛਲੀ ਰਾਤ ਵੱਛੀ ਮਰ ਗਈ ਸੀ ਤੇ ਨੀਲੀ ਨੇ ਨਾ ਕੁਝ ਖਾਧਾ ਸੀ ਨਾ ਕੁਝ ਪੀਤਾ ਸੀ। ਇੱਕ ਦਿਨ ਦੁੱਧ ਦਾ ਨਾਗਾ ਹੋਣਾ ਸੀ।

ਮੇਰੀ ਤ੍ਰੀਮਤ ਦੰਦ ਕਰੀਚ ਕੇ ਰਹਿ ਗਈ। ਉਸ ਨੂੰ ਪਤਾ ਸੀ, ਗਵਾਲਾ ਵੱਛੀ ਨੂੰ ਜਾਣ ਕੇ ਮਾਰ ਰਿਹਾ ਸੀ। ਪਹਿਲੇ ਵੀ ਤੇ ਨੀਲੀ ਦਾ ਵੱਛਾ-ਵੱਛੀ ਕੋਈ ਨਹੀਂ ਸੀ। ਪਰ ਅੱਗੇ ਹੀ ਗਵਾਲ਼ੇ ਵਿਚਾਰੇ ਦਾ ਨੁਕਸਾਨ ਹੋ ਰਿਹਾ ਸੀ, ਖ਼ਬਰੇ ਗਾਂ ਉੱਕਾ ਹੀ ਲੱਤ ਮਾਰ ਜਾਏ, ਡੰਗਰ ਦਾ ਪਤਾ ਨਹੀਂ ਹੁੰਦਾ, ਤੇ ਅਸੀਂ ਚੁੱਪ ਕਰ ਰਹੇ। ਨਾਲ਼ੇ ਗਵਾਲ਼ੇ ਦੀਆਂ ਅੱਖੀਆਂ ਵਿੱਚ ਅੱਥਰੂ ਤਾਂ ਪਹਿਲੇ ਹੀ ਡੁਲ੍ਹੂੰ-ਡੁਲ੍ਹੂੰ ਪਏ ਕਰਦੇ ਸਨ।

"ਚੂਲ਼ੀ ਦੁਧ ਬਚਾਣ ਲਈ ਭੈੜੇ ਨੇ ਵੱਛੀ ਗੁਆ ਲਈ ਏ।" ਗਵਾਲਾ ਜਦੋਂ ਮੁੜਿਆ, ਮੇਰੀ ਤ੍ਰੀਮਤ ਆਪਣੇ ਹੋਠਾਂ ਵਿੱਚ ਬੁੜਬੁੜਾ ਰਹੀ ਸੀ।

ਅਗਲੇ ਰੋਜ਼ ਸਵੇਰੇ ਮੈਂ ਵੇਖਿਆ, ਕੋਠੀ ਦੇ ਸਾਮ੍ਹਣੇ ਗੇਟ ਦੇ ਬਾਹਰ ਨੀਲੀ ਆ ਕੇ ਖੜ੍ਹੋ ਗਈ। ਪਿੱਛੇ-ਪਿੱਛੇ ਗਵਾਲਾ ਆ ਰਿਹਾ ਸੀ। ਉਹਦੇ ਸਿਰ 'ਤੇ ਮਸਾਲ਼ੇ ਦੀ ਟੋਕਰੀ ਸੀ। ਅਕਸਰ ਸਵੇਰੇ ਜਦੋਂ ਨੀਲੀ ਇੰਞ ਆਂਦੀ, ਧੁੱਸ ਮਾਰ ਕੇ ਗੇਟ ਨੂੰ ਖੋਲ੍ਹ ਲੈਂਦੀ ਸੀ। ਅੱਜ ਚੁਪਾਤੇ ਜਿਹੇ ਆ ਕੇ ਗੇਟ ਦੇ ਬਾਹਰ ਖੜ੍ਹੋ ਗਈ। ਅਕਸਰ ਜੇ ਕਦੀ ਗੇਟ ਬੰਦ ਹੁੰਦਾ ਤਾਂ ਉਹ ਆਪਣੇ ਸਿੰਗਾਂ ਨਾਲ਼ ਗੇਟ ਨੂੰ ਖੜਕਾਉਣ ਲੱਗ ਪੈਂਦੀ ਸੀ। ਅੱਜ ਉਸ ਨੇ ਇੰਞ ਨਹੀਂ ਕੀਤਾ। ਵੀਰਾਨ-ਵੀਰਾਨ ਭਰਵੱਟਿਆਂ ਹੇਠ ਉਦਾਸ ਅੱਖੀਆਂ, ਉਹ ਨਿੰਮੋਝੂਣ ਆ ਕੇ ਖਲੋ ਗਈ।

ਤਾਵਲਾ-ਤਾਵਲਾ ਗਵਾਲਾ ਆਇਆ। ਉਸ ਗੇਟ ਖੋਲ੍ਹਿਆ। ਉਹਦੇ ਪਿੱਛੇ ਨੀਲੀ ਆਈ। ਗਿਣ-ਗਿਣ ਕੇ ਕਦਮ ਰੱਖ ਰਹੀ ਸੀ।

ਬਰਾਂਡੇ ਵਿੱਚ ਮੈਂ ਖਲੋਤਾ ਸਾਂ। ਕੋਲ਼ ਮੇਰੇ ਮੇਰੀ ਤ੍ਰੀਮਤ ਖਲੋਤੀ ਸੀ। ਮੇਰੀ ਤ੍ਰੀਮਤ ਦੇ ਕੁੱਛੜ ਸਾਡੀ ਬੱਚੀ ਸੀ, ਹੁਮਲੀਆਂ ਭਰ ਰਹੀ, ਉੱਛਲ਼-ਉੱਛਲ਼ ਪੈ ਰਹੀ, ਕਿਲਕਾਰੀਆਂ ਮਾਰ ਰਹੀ।

ਮਹਿੰਦੀ ਦੇ ਬੂਟੇ ਹੇਠ ਗਵਾਲ਼ੇ ਨੇ ਮਸਾਲ਼ੇ ਦੀ ਟੋਕਰੀ ਲਿਆ ਰੱਖੀ ਤੇ ਉਹ ਹੱਥ ਮਾਰ ਕੇ ਖਲ਼ੀ ਦੀ ਖੱਟੀ-ਖੱਟੀ ਖ਼ੁਸ਼ਬੂ ਨੂੰ ਖਿਲਾਰਨ ਲੱਗ ਪਿਆ। ਨੀਲੀ ਅਜੇ ਵੀ ਨਹੀਂ ਪਹੁੰਚੀ ਸੀ। ਫ਼ਿਕਰਾਂ ਵਿੱਚ ਗੜੂੰਦ,

ਉੱਖੜੇ-ਉੱਖੜੇ ਕਦਮ, ਬੇਦਿਲੇ-ਬੇਦਿਲੇ ਪੈਰ ਉਹ ਆ ਰਹੀ ਸੀ। ਮਹਿੰਦੀ ਹੇਠ ਆ ਕੇ ਖੜ੍ਹੋ ਗਈ। ਉਸ ਟੋਕਰੀ ਵੱਲ ਵੇਖਿਆ ਤੱਕ ਨਹੀਂ। ਗਵਾਲੇ ਨੇ ਮਸਾਲੇ ਵਿੱਚ ਫੇਰ ਆਪਣੀ ਬਾਂਹ ਫੇਰੀ ਤੇ ਟੋਕਰੀ ਨੂੰ ਉਛਾਲ਼ ਕੇ ਵੜੇਵਿਆਂ ਨੂੰ ਵਿਖਾਇਆ, ਦਾਣੇ ਨੂੰ ਵਿਖਾਇਆ। ਇਸ ਵਾਰ ਖਲ਼ੀ ਦੀ ਖ਼ੁਸ਼ਬੂ ਸਾਡੇ ਤੱਕ ਬਰਾਂਡੇ ਵਿੱਚ ਵੀ ਆਈ। ਨੀਲੀ ਅੱਗੇ ਹੋਈ। ਫੇਰ ਰੁਕ ਗਈ। ਫੇਰ ਅੱਗੇ ਹੋਈ। ਮੁੜ ਉਸ ਮੂੰਹ ਮੋੜ ਲਿਆ। ਕਿਤਨਾ ਚਿਰ ਜਿਵੇਂ ਸੋਚਦੀ ਰਹੀ, ਸੋਚਦੀ ਰਹੀ। ਸਾਮ੍ਹਣੇ ਟੋਕਰੀ ਵਿੱਚ ਪੀਲ਼ਾ-ਪੀਲ਼ਾ ਦਾਣਾ ਸੀ, ਇੱਧਰੋਂ ਖਾਓ ਉੱਧਰ ਹਜ਼ਮ ਹੋ ਜਾਏ। ਨਾਲ਼ੇ ਖਲ਼ੀ ਖਾਓ ਤੇ ਭੁੱਖ ਕਿਤਨੀ ਲੱਗਦੀ ਏ। ਪਰ ਅੱਜ ਨੀਲੀ ਤੋਂ ਕੁਝ ਖਾਧਾ ਨਹੀਂ ਸੀ ਜਾ ਰਿਹਾ। ਗਵਾਲਾ ਨੀਲੀ ਦੇ ਸਿਰ 'ਤੇ ਹੱਥ ਫੇਰਨ ਲੱਗ ਪਿਆ, ਮੂੰਹ ਨਾਲ਼ ਉਹਨੂੰ ਪੁਚਕਾਰਨ ਲੱਗ ਪਿਆ। ਕਿਤਨਾ ਚਿਰ ਇੰਞ ਕਰਦਾ ਰਿਹਾ। ਟੋਕਰੀ ਕੋਲ਼ ਬੈਠ ਕੇ ਉਸ ਫਿਰ ਹੱਥ ਫੇਰਿਆ। ਖਲ਼ੀ ਦੀ ਖ਼ੁਸ਼ਬੂ ਫੇਰ ਉੱਠੀ। ਨੀਲੀ ਦੀ ਜਿਵੇਂ ਅੱਭਵਾਹੇ ਗਰਦਨ ਉਸ ਪਾਸੇ ਮੁੜ ਗਈ। ਆਪ ਹੀ ਆਪ ਉਸ ਦਾ ਕਦਮ ਜਿਵੇਂ ਅੱਗੇ ਪਿਆ ਤੇ ਉਸ ਟੋਕਰੀ ਵਿੱਚ ਆਪਣੀ ਬੂਥਣੀ ਨੂੰ ਛੱਡ ਦਿੱਤਾ। ਕਿਤਨਾ ਚਿਰ ਇੰਞ ਉਹਦਾ ਮੂੰਹ ਮਸਾਲੇ ਵਿੱਚ ਪਿਆ ਰਿਹਾ। ਪਰ ਨੀਲੀ ਤੋਂ ਕੁਝ ਖਾਧਾ ਨਹੀਂ ਗਿਆ। ਅੱਜ ਨੀਲੀ ਤੋਂ ਕੁਝ ਨਹੀਂ ਖਾਧਾ ਜਾ ਰਿਹਾ ਸੀ ਤੇ ਫੇਰ ਨੀਲੀ ਨੇ ਆਪਣੀ ਬੂਥਣੀ ਨੂੰ ਚੁੱਕ ਲਿਆ, ਗਰਦਨ ਨੂੰ ਟੋਕਰੀ ਵੱਲੋਂ ਮੋੜ ਲਿਆ ਤੇ ਜਿਵੇਂ ਉੱਧਰ ਕੰਡ ਕਰ ਕੇ ਖਲੋ ਗਈ।

ਪਰੇਸ਼ਾਨ-ਪਰੇਸ਼ਾਨ ਨਜ਼ਰਾਂ, ਗਵਾਲੇ ਨੇ ਸਾਡੇ ਵੱਲ ਵੇਖਿਆ ਤੇ ਬੇਵੱਸ ਟੋਕਰੀ ਨੂੰ ਸਿਰ 'ਤੇ ਚੁੱਕੀ ਉਹ ਮੁੜ ਪਿਆ। ਪਿੱਛੇ-ਪਿੱਛੇ ਉਹਦੇ ਨੀਲੀ ਤੁਰ ਪਈ।

"ਚੂਲ਼ੀ ਦੁਧ ਬਚਾਣ ਲਈ ਭੈੜੇ ਨੇ ਵੱਛੀ ਗਵਾ ਲਈ ਹੈ।" ਮੇਰੀ ਤ੍ਰੀਮਤ ਨੇ ਆਪਣੇ ਹੋਠਾਂ ਵਿੱਚ ਮੁੜ ਬੁੜਬੁੜਾਇਆ ਤੇ ਫੇਰ ਅੰਦਰ ਨੌਕਰ ਨੂੰ ਕਹਿਣ ਤੁਰ ਗਈ ਕਿ ਡੇਅਰੀ ਤੋਂ ਜਾ ਕੇ ਉਹ ਦੁੱਧ ਲੈ ਆਵੇ।

ਸਾਡੀ ਬੱਚੀ ਹੁਣ ਮੇਰੀ ਛਾਤੀ ਨਾਲ਼ ਲੱਗੀ ਹੋਈ ਸੀ ਤੇ ਬਰਾਂਡੇ ਵਿੱਚ ਟਹਿਲਦਾ ਮੈਂ ਦੂਰ ਸੜਕ 'ਤੇ ਅੱਗੇ-ਅੱਗੇ ਗਵਾਲੇ ਨੂੰ ਜਾਂਦਾ ਵੇਖ ਰਿਹਾ ਸਾਂ। ਉਹਦੇ ਪਿੱਛੇ ਨੀਲੀ ਸੀ, ਜਿਵੇਂ ਕੋਈ ਹਨੇਰੇ ਵਿੱਚ ਗਰੋਲੇ ਦਿੰਦਾ ਰਾਹ ਟੋਲ਼ਦਾ ਜਾ ਰਿਹਾ ਹੋਵੇ।

"ਨਾਲ਼ੇ ਡੇਅਰੀ ਤੋਂ ਗਊ ਦਾ ਤਨਕ ਗੋਹਾ ਵੀ ਲੈ ਆਵੀਂ, ਕੱਲ੍ਹ ਸੰਗਰਾਂਦ ਏ, ਚੌਂਕਾ ਲਿੰਬਣਾ ਹੋਵੇਗਾ।" ਮੇਰੀ ਤ੍ਰੀਮਤ ਅੰਦਰ ਨੌਕਰ ਨੂੰ ਸਮਝਾ ਰਹੀ ਸੀ।

ਤੇ ਮੈਂ ਅਜੇ ਵੀ ਦੂਰ ਸੜਕ 'ਤੇ ਜਾ ਰਹੀ ਨੀਲੀ ਵੱਲ ਵੇਖ ਰਿਹਾ ਸਾਂ। ਜਿਵੇਂ ਪੇਤਲੇ ਪਾਣੀ ਵਿੱਚ ਸੁੱਕੀ ਗੇਲੀ ਡਿੱਕਡੋਲੇ ਖਾਂਦੀ ਹੈ। ਜਿਵੇਂ ਬਿਖਰੇ ਪੈਂਡਿਆਂ ਵਿੱਚ ਅਣਖ਼ਿਆਲਿਆ ਹੰਝੂ। ਕੱਟੀ ਹੋਈ ਗੁੱਡੀ ਵਾਂਗ ਜਿਵੇਂ ਢਹਿਣ-ਢਹਿਣ ਕਰ ਰਹੀ ਹੋਵੇ। ਉਹ ਅੱਖੀਓਂ ਓਹਲੇ ਹੋ ਰਹੀ ਸੀ। ਤੇਜ਼-ਤੇਜ਼ ਆ-ਜਾ ਰਹੇ ਲੋਕਾਂ ਵਿੱਚ ਗੁੰਮਦੀ ਜਾ ਰਹੀ ਸੀ। ਸੜਕ 'ਤੇ ਕਈ ਲੋਕੀਂ ਕਿਤਨੇ ਤੇਜ਼ ਤੁਰਦੇ ਹਨ।

ਅਗਲੇ ਰੋਜ਼ ਅਜੇ ਮੂੰਹ-ਝਾਖੜਾ ਹੀ ਸੀ ਕਿ ਮੈਂ ਵੇਖਿਆ, ਸਾਮ੍ਹਣੇ ਕੋਠੀ ਦਾ ਗੇਟ ਖੁੱਲ੍ਹਿਆ। ਅੱਗੇ-ਅੱਗੇ ਗਵਾਲਾ ਸੀ, ਸਿਰ 'ਤੇ ਮਸਾਲੇ ਦੀ ਟੋਕਰੀ ਚੁੱਕੀ ਤੇ ਉਹਦੇ ਪਿੱਛੇ-ਪਿੱਛੇ ਨੀਲੀ ਸੀ। ਮੂੰਹ ਚੁੱਕੀ ਜਿਵੇਂ ਖਲ਼ੀ ਦੀ ਖੱਟੀ ਖ਼ੁਸ਼ਬੂ ਸੁੰਘ ਰਹੀ ਹੋਵੇ। ਮੈਂ ਸੋਚਿਆ ਗਵਾਲੇ ਨੇ ਮੈਦਾਨ ਮਾਰ ਲਿਆ ਹੈ ਤੇ ਉਹੀ ਗੱਲ ਹੋਈ, ਮਹਿੰਦੀ ਦੇ ਰੁੱਖ ਥੱਲੇ ਉਸ ਆ ਕੇ ਟੋਕਰੀ ਰੱਖੀ ਹੀ ਸੀ ਕਿ ਨੀਲੀ ਅੱਗੇ ਵਧ ਕੇ ਟੋਕਰੀ ਵਿੱਚ ਮੂੰਹ ਮਾਰਨ ਲੱਗ ਪਈ। ਕੁਝ ਚਿਰ ਉਸ ਨੂੰ ਇੰਞ ਮਸਾਲਾ ਖਾਂਦੀ ਨੂੰ ਵੇਖ ਗਵਾਲਾ ਗਾਗਰ ਫੜ ਨੀਲੀ ਕੋਲ਼ ਬੈਠ ਗਿਆ।

ਨੀਲੀ ਪਰੇ ਹੋ ਗਈ।

ਗਵਾਲੇ ਨੇ ਮੁੜ ਕੇ ਉਹਦੇ ਮੂੰਹ ਵੱਲ ਵੇਖਿਆ। ਟੋਕਰੀ ਵਿੱਚ ਮੂੰਹ ਦਿੱਤੀ ਮਸਾਲਾ ਤੇ ਖਾ ਰਹੀ ਸੀ। ਗਵਾਲਾ ਫੇਰ ਨੀਲੀ ਵੱਲ ਜ਼ਰਾ ਖਿਸਕਿਆ। ਨੀਲੀ ਹੋਰ ਪਰੇ ਹੋ ਗਈ।

ਗਵਾਲਾ ਹਾਰ ਕੇ ਉੱਠ ਖਲੋਤਾ।

ਨੀਲੀ ਮਸਾਲੇ ਦੀ ਟੋਕਰੀ ਵਿੱਚ ਆਪਣੀ ਬੂਥਣੀ ਜਮਾਈ, ਹੌਲ਼ੇ-ਹੌਲ਼ੇ ਮਸਾਲਾ ਖਾਂਦੀ ਜਾ ਰਹੀ ਸੀ। ਤਿੰਨ ਦਿਨ ਦੀ ਭੁੱਖੀ ਸੀ।

ਗਵਾਲਾ ਉਹਦੇ ਪਿੰਡੇ 'ਤੇ ਹੱਥ ਫੇਰਨ ਲੱਗ ਪਿਆ। ਕਿਤਨਾ ਚਿਰ ਲਾਡ ਨਾਲ਼ ਉਹਦੀ ਪਿੱਠ 'ਤੇ ਆਪਣੇ ਪੋਟਿਆਂ ਨੂੰ ਫੇਰਦਾ ਰਿਹਾ। ਵਿੱਚ-ਵਿੱਚ ਮੂੰਹ ਨਾਲ਼ ਉਹਨੂੰ ਪੁਚਕਾਰਨ ਵੀ ਲੱਗ ਜਾਂਦਾ। ਮੁੜ-ਮੁੜ ਉਹਨੂੰ ਨੀਲ, ਨੀਲ ਕਹਿ ਕੇ ਬੁਲਾਂਦਾ। ਕੋਈ ਪੰਜ ਮਿੰਟ ਉਹ ਇੰਞ ਕਰਦਾ ਰਿਹਾ।

ਫੇਰ ਗਵਾਲਾ ਪੋਲੇ ਜਿਹੇ ਨੀਲੀ ਥੱਲੇ ਬੈਠ ਗਿਆ। ਹੁਣ ਨੀਲੀ ਮਸਾਲਾ ਜ਼ਰਾ ਤੇਜ਼ੀ ਨਾਲ਼ ਖਾ ਰਹੀ ਸੀ। ਉਹ ਹਿੱਲੀ ਨਹੀਂ। ਇੱਕ ਨਜ਼ਰ ਉਹਦੇ ਮੂੰਹ ਵੱਲ ਵੇਖ ਕੇ ਗਵਾਲੇ ਨੇ ਨੀਲੀ ਦੇ ਥਣਾਂ ਵੱਲ ਹੱਥ ਵਧਾਇਆ। ਨੀਲੀ ਲੱਤ ਛੰਡ ਕੇ ਪਰੇ ਹੋ ਗਈ।

ਗਵਾਲਾ ਫੇਰ ਆਪਣਾ ਜਿਹਾ ਮੂੰਹ ਲੈ ਕੇ ਉੱਠ ਖੜੋਤਾ। ਮਸਾਲਾ ਤੇ ਖਾਂਦੀ ਜਾ ਰਹੀ ਸੀ ਪਰ ਦੁੱਧ ਦਾ ਨਾਂ ਨਹੀਂ ਲੈਣ ਦਿੰਦੀ ਸੀ। ਗਵਾਲਾ ਅੱਗੇ ਹੋ ਕੇ ਨੀਲੀ ਦੇ ਨਿੱਕੇ- ਨਿੱਕੇ ਸਿੰਗਾਂ ਨੂੰ ਸਹਿਲਾਣ ਲੱਗ ਪਿਆ। ਫੇਰ ਉਹਦੀ ਲੰਮੀ ਗਰਦਨ ਨੂੰ ਆਪਣੀਆਂ ਉਂਗਲ਼ੀਆਂ ਨਾਲ਼ ਪਲੋਸਣ ਲੱਗ ਪਿਆ। ਕਿਤਨਾ ਚਿਰ ਇੰਞ ਕਰਦਾ ਰਿਹਾ। ਗਰਦਨ ਨੂੰ ਲਡਿਆਂਦਾ-ਲਡਿਆਂਦਾ, ਗਵਾਲਾ ਪਿੱਠ 'ਤੇ ਪੋਲੇ-ਪੋਲੇ ਹੱਥ ਫੇਰਨ ਲੱਗ ਪਿਆ, ਪਿੱਠ 'ਤੇ ਹੱਥ ਫੇਰਦਾ ਉਹ ਨੀਲੀ ਦੀ ਪੂਛ ਨਾਲ਼ ਖੇਡਦਾ ਰਿਹਾ। ਇੰਞ ਪਿਆਰਦਾ ਫੇਰ ਉਹ ਮਲਕਣੇ ਹੀ ਨੀਲੀ ਹੇਠ ਬੈਠ ਗਿਆ। ਕਿਤਨਾ ਚਿਰ ਬੈਠ ਪੂਛ ਨੂੰ ਮਲ਼ਦਾ ਰਿਹਾ। ਨੀਲੀ ਦੀਆਂ ਪਿਛਲੀਆਂ ਟੰਗਾਂ ਤੋਂ ਗੋਹੇ ਦੀਆਂ ਛਿੱਟਾਂ ਨੂੰ ਪੋਟਿਆਂ ਨਾਲ਼ ਲਾਂਹਦਾ ਰਿਹਾ ਤੇ ਫੇਰ ਉਸ ਭਗਵਾਨ ਦਾ ਨਾਂ ਲੈ ਉਹਦੇ ਇੱਕ ਥਣ ਨੂੰ ਪੋਲੇ ਜਿਹੇ ਫੜਿਆ। ਨੀਲੀ ਨੇ ਤ੍ਰਭਕ ਕੇ ਜ਼ੋਰ ਦੀ ਲੱਤ ਛੰਡੀ ਤੇ ਫੁੰਕਾਰਦੀ ਹੋਈ ਪਰੇ ਹਟ ਗਈ।

ਗਵਾਲਾ ਕ੍ਰੋਧ ਵਿੱਚ ਉੱਠਿਆ। ਇੱਕ ਨਜ਼ਰ ਉਸ ਨੀਲੀ ਵੱਲ ਵੇਖਿਆ। ਉਹਦੀਆਂ ਨਜ਼ਰਾਂ ਵਿੱਚ ਗ਼ਜ਼ਬ ਸੀ। ਇੱਕ ਸਾਹ ਨੀਲੀ ਮਸਾਲੇ ਨੂੰ ਖਾ ਰਹੀ ਸੀ ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ।

ਤੇ ਗਵਾਲੇ ਨੇ ਅੱਗੇ ਵਧ ਕੇ ਮਸਾਲੇ ਦੀ ਟੋਕਰੀ ਨੂੰ ਖੋਹ ਲਿਆ। ਤੇ ਉਸ ਨੂੰ ਸਿਰ 'ਤੇ ਰੱਖ ਤੇਜ਼-ਤੇਜ਼ ਕਦਮ ਮੁੜ ਤੁਰਿਆ। ਨੀਲੀ ਉੱਥੇ ਦੀ ਉੱਥੇ ਖਲੋਤੀ ਗਰਦਨ ਮੋੜ ਗਵਾਲੇ ਨੂੰ ਵੇਖਣ ਲੱਗ ਪਈ। ਉਹ ਤੇ ਮਸਾਲੇ ਦੀ ਟੋਕਰੀ ਚੁੱਕੀ ਵਾਹੋ-ਦਾਹੀ ਜਾ ਰਿਹਾ ਸੀ। ਦੂਰ ਕੋਠੀ ਦੇ ਗੇਟ ਕੋਲ਼ ਜਦੋਂ ਉਹ ਪੁੱਜਾ, ਨੀਲੀ ਉੜੀਕੀ, ਜਿਵੇਂ ਉਸ ਨੂੰ ਬੁਲਾ ਰਹੀ ਹੋਵੇ। ਗਵਾਲੇ ਨੇ ਪਰਵਾਹ ਨਹੀਂ ਕੀਤੀ। ਜਦੋਂ ਹੱਥ ਵਧਾ ਕੇ ਉਹ ਗੇਟ ਨੂੰ ਖੋਲ੍ਹਣ ਲੱਗਾ, ਨੀਲੀ ਨੇ ਫੇਰ ਉੜੀਕ ਕੇ ਜਿਵੇਂ ਉਹਨੂੰ ਬੁਲਾਇਆ। ਗਵਾਲਾ ਗ਼ੁੱਸੇ ਵਿੱਚ ਕੋਠੀ ਤੋਂ ਬਾਹਰ ਚਲਾ ਗਿਆ।

ਕਿਤਨਾ ਚਿਰ ਉਂਞ ਹੀ ਉਂਞ ਮਹਿੰਦੀ ਹੇਠ ਖਲੋਤੀ, ਬੂਥੀ ਚੁੱਕੀ ਨੀਲੀ ਗੇਟ ਵੱਲ ਵੇਖਦੀ ਰਹੀ,

ਜਿਵੇਂ ਗਵਾਲੇ ਨੂੰ ਉਡੀਕ ਰਹੀ ਹੋਵੇ। ਵਿੱਚ-ਵਿੱਚ ਨੀਲੀ ਕਦੀ-ਕਦੀ ਉੜੀਕਦੀ ਜਿਵੇਂ ਗਵਾਲੇ ਨੂੰ ਅਵਾਜ਼ਾਂ ਦੇ ਰਹੀ ਹੋਵੇ। ਜਿਵੇਂ ਨੀਲੀ ਉਹਨੂੰ ਕਹਿ ਰਹੀ ਹੋਵੇ.. ਮੇਰੇ ਮਾਲਕ! ਤੈਨੂੰ ਕਿਉਂ ਨਹੀਂ ਸਮਝ ਆਉਂਦੀ ਅਜੇ ਤੇ ਦੋ ਦਿਨ ਨਹੀਂ ਹੋਏ ਮੇਰੀ ਬੱਚੀ ਨੂੰ ਮੋਇਆਂ! ਮੇਰੀ ਕੁੱਖੋਂ ਜਾਈ ਮੈਥੋਂ ਖੋਹ ਲਈ ਗਈ ਹੈ। ਮੇਰੀ ਆਂਦਰ! ਹਾਏ, ਉਹਦੀ ਯਾਦ ਵਿਸਾਰਿਆਂ ਨਹੀਂ ਵਿਸਰਦੀ। ਇਸ ਪੇਟ ਭੈੜੇ ਦਾ ਕੀ ਕਰਾਂ। ਇਸ ਵਿੱਚ ਤੇ ਝੁਲ਼ਕਾ ਪਾਣਾ ਹੀ ਹੋਇਆ। ਅੱਜ ਤਿੰਨ ਦਿਨਾਂ ਦੀ ਮੈਂ ਭੁੱਖੀ-ਭਾਣੀ ਡਿੱਕਡੋਲੇ ਪਈ ਖਾਂਦੀ ਹਾਂ। ਤੈਨੂੰ ਕਿਉਂ ਸਮਝ ਨਹੀਂ ਆਉਂਦੀ, ਇਹਨਾਂ ਥਣਾਂ ਨੂੰ ਮੇਰੀ ਲਾਡਲੀ ਦੇ ਪੋਲੇ-ਪੋਲੇ ਹੋਂਠ ਜਦੋਂ ਲੱਗਦੇ ਸਨ ਤੇ ਆਪਣੇ-ਆਪ ਹੀ ਮੇਰਾ ਦੁੱਧ ਲਹਿ ਆਉਂਦਾ ਸੀ ? ਇੰਵ ਧੁੱਸਾਂ ਮਾਰਦੀ ਸੀ ਲਾਡ ਵਿੱਚ ਉਹ ਮੇਰੀ ਖੀਰੀ ਨੂੰ, ਤੈਨੂੰ ਨਹੀਂ ਪਤਾ, ਮਾਂ ਬੱਚੇ ਦਾ ਕੀ ਰਿਸ਼ਤਾ ਹੁੰਦਾ ਹੈ ? ਮੈਂ ਨਹੀਂ ਕਹਿੰਦੀ ਕਿ ਮੈਂ ਉਸ ਨੂੰ ਭੁੱਲਾਂਗੀ ਨਹੀਂ। ਮੈਂ ਉਸ ਨੂੰ ਭੁੱਲ ਜਾਵਾਂਗੀ। ਮੈਂ ਨਹੀਂ ਕਹਿੰਦੀ, ਮੈਂ ਹਮੇਸ਼ਾਂ ਦੁੱਧ ਨਹੀਂ ਦਿਆਂਗੀ। ਮੈਂ ਦੁੱਧ ਦਿਆਂਗੀ । ਪਰ ਕੁਝ ਚਿਰ ਹੋਰ ਤੂੰ ਸਬਰ ਕਰ ਲੈ। ਖ਼ਬਰੇ ਇੱਕ ਦਿਨ ਹੀ ਹੋਰ। ਤੇ ਫੇਰ ਮੈਂ ਆਪਣੇ ਦਿਲ ਦੇ ਟੁਕੜੇ ਨੂੰ ਭੁੱਲ ਜਾਵਾਂਗੀ। ਫੇਰ ਮੈਨੂੰ ਆਪਣਾ ਲਾਂਭ-ਚਾਂਭ ਖ਼ਾਲੀ-ਖ਼ਾਲੀ ਨਹੀਂ ਲੱਗੇਗਾ। ਅੱਗੇ-ਪਿੱਛੇ ਮੈਨੂੰ ਇਹ ਹਨੇਰਾ-ਹਨੇਰਾ ਨਹੀਂ ਮਹਿਸੂਸ ਹੋਵੇਗਾ। ਤੇ ਫੇਰ ਮਸਾਲਾ ਖਾਂਦੀ ਆਪਣੇ ਧਿਆਨ ਮੈਂ ਦੁੱਧ ਲਾਹ ਦਿਆ ਕਰਾਂਗੀ। ਮੈਂ ਹੁਣ ਦੁੱਧ ਨੂੰ ਕੀ ਕਰਨਾ ਏ ? ਦੁੱਧ ਪੀਣ ਵਾਲ਼ੀ ਤੇ ਮੇਰੀ ਤੁਰ ਗਈ। ਤੂੰ ਮੁੜ ਆ, ਇੰਵ ਮੈਨੂੰ ਭੁੱਖਾ ਨਾ ਮਾਰ। ਅੱਗੇ ਥੋੜ੍ਹਾ ਮੇਰੇ ਨਾਲ਼ ਅਨਿਆਂ ਹੋਇਆ ਏ, ਤੂੰ ਮੁੜ ਆ, ਮੇਰੇ ਮਾਲਕ....

ਕਿਤਨਾ ਚਿਰ ਮਹਿੰਦੀ ਹੇਠ ਉਂਵ ਦੀ ਉਂਵ ਖੜੋਤੀ ਨੀਲੀ ਕੋਠੀ ਦੇ ਗੇਟ ਵੱਲ ਵੇਖਦੀ ਰਹੀ, ਵੇਖਦੀ ਰਹੀ। ਗਵਾਲਾ ਨਹੀਂ ਮੁੜਿਆ।

## ਪਾਠ-ਅਭਿਆਸ

### 1. ਵਸਤੂਨਿਸ਼ਠ ਪ੍ਰਸ਼ਨ / ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :

ਨੀਲੀ ਕਹਾਣੀ ਦੇ ਆਧਾਰ 'ਤੇ ਦੱਸੋ :

(ੳ) ਲੇਖਕ ਦੀ ਤ੍ਰੀਮਤ ਨੇ ਗਵਾਲੇ ਨਾਲ਼ ਕਿਹੜੀਆਂ-ਕਿਹੜੀਆਂ ਸ਼ਰਤਾਂ ਤੈਅ ਕੀਤੀਆਂ ਸਨ ?

(ਅ) ਲੇਖਕ ਦੀ ਤ੍ਰੀਮਤ ਨੇ ਨੀਲੀ ਨੂੰ ਇਸ ਕਰਕੇ ਪਸੰਦ ਕੀਤਾ ਸੀ, ਕਿਉਂਕਿ:

(1) ਸੋਹਣੀ ਸਿਹਤਮੰਦ ਗਾਂ ਦਾ ਦੁੱਧ ਵਧੀਆ ਹੁੰਦਾ ਹੈ।

(2) ਨੀਲੀ ਦੁੱਧ ਬਹੁਤ ਜ਼ਿਆਦਾ ਦੇਂਦੀ ਸੀ।

(ਠੀਕ ਉੱਤਰ ਅੱਗੇ ✓ ਲਾਓ)

(ੲ) ਨੀਲੀ ਦੀ ਵੱਛੀ ਦੀ ਸ਼ਕਲ ਨਿਰੀ-ਪੁਰੀ ਨੀਲੀ ਵਰਗੀ ਸੀ।

(ਸਹੀ/ਗਲਤ)

(ਸ) ਨੀਲੀ ਦੀ ਵੱਛੀ ਮਰ ਗਈ ਸੀ ਕਿਉਂਕਿ :

(1) ਗਵਾਲਾ ਉਸਨੂੰ ਚਾਰਾ ਨਹੀਂ ਖੁਆਉਂਦਾ ਸੀ।

(2) ਗਵਾਲਾ ਉਸ ਲਈ ਚੂਲੀ ਭਰ ਦੁੱਧ ਵੀ ਨਹੀਂ ਸੀ ਛੱਡਦਾ।

(ਸਹੀ ਉੱਤਰ ਉੱਤੇ ✓ ਦਾ ਨਿਸ਼ਾਨ ਲਾਓ)

(ਹ) ਗਵਾਲੇ ਵੱਲੋਂ ਮਸਾਲੇ ਦੀ ਟੋਕਰੀ ਚੁੱਕ ਕੇ ਲੈ ਜਾਣ ਤੋਂ ਬਾਅਦ ਨੀਲੀ ਦੇ ਮਨ ਦੀ ਹਾਲਤ ਲੇਖਕ ਨੇ ਕਿਵੇਂ ਬਿਆਨ ਕੀਤੀ ਹੈ ?

(ਕ) ਵੱਛੀ ਮਰਨ 'ਤੇ ਨੀਲੀ ਦੁੱਧ ਕਿਉਂ ਨਹੀਂ ਸੀ ਦੇ ਰਹੀ ?

2. 'ਨੀਲੀ' ਕਹਾਣੀ ਦਾ ਸਾਰ ਲਿਖੋ।

# ਸੰਤੋਖ ਸਿੰਘ ਧੀਰ

(1920-2010)

| | | |
|---|---|---|
| ਮਾਤਾ ਜੀ ਦਾ ਨਾਂ | : | ਸ੍ਰੀਮਤੀ ਜਮਨਾ ਦੇਵੀ |
| ਪਿਤਾ ਜੀ ਦਾ ਨਾਂ | : | ਗਿਆਨੀ ਈਸ਼ਰ ਸਿੰਘ ਦਰਦ |
| ਜਨਮ-ਮਿਤੀ | : | 2 ਦਸੰਬਰ, 1920 |
| ਜਨਮ-ਸਥਾਨ | : | ਬਸੀ ਪਠਾਣਾ (ਨਾਨਕਾ ਘਰ) |
| | : | ਜੱਦੀ ਪਿੰਡ-ਡਡਹੇੜੀ, ਜ਼ਿਲ੍ਹਾ ਲੁਧਿਆਣਾ। |
| ਵਿੱਦਿਆ-ਪ੍ਰਾਪਤੀ | : | ਮੈਟ੍ਰਿਕ, ਗਿਆਨੀ |
| ਕੰਮ-ਕਿੱਤਾ | : | ਅਧਿਆਪਕੀ, ਸੰਪਾਦਕੀ, ਸਾਹਿਤਕਾਰੀ। |
| ਰਚਨਾਵਾਂ | : | ਆਪ ਨੇ ਕਵਿਤਾਵਾਂ, ਸਫ਼ਰਨਾਮੇ, ਸ੍ਵੈਜੀਵਨੀ ਅਤੇ ਨਾਵਲ ਵੀ ਲਿਖੇ ਪਰ ਕਹਾਣੀਕਾਰ ਦੇ ਤੌਰ 'ਤੇ ਆਪ ਵਧੇਰੇ ਪ੍ਰਸਿੱਧ ਹੋਏ। ਆਪ ਦੇ ਕੁਝ ਕਹਾਣੀ-ਸੰਗ੍ਰਹਿ ਹਨ- ਸਿੱਟਿਆਂ ਦੀ ਛਾਂ, ਸਵੇਰ ਹੋਣ ਤੱਕ, ਸਾਂਝੀ ਕੰਧ, ਊਸ਼ਾ ਭੈਣ ਜੀ ਚੁੱਪ ਸਨ, ਪੱਖੀ ਆਦਿ। |
| ਸਨਮਾਨ | : | ਸ਼੍ਰੋਮਣੀ ਪੰਜਾਬੀ ਸਾਹਿਤਕਾਰ, ਸਾਹਿਤ ਅਕਾਦਮੀ ਪੁਰਸਕਾਰ। |
| ਦਿਹਾਂਤ | : | 8 ਮਾਰਚ, 2010 |

ਇਸ ਸੰਗ੍ਰਹਿ ਲਈ ਲੇਖਕ ਦੀ ਕਹਾਣੀ 'ਆਪਣਾ ਦੇਸ' ਚੁਣੀ ਗਈ ਹੈ। ਇਸ ਕਹਾਣੀ ਵਿੱਚ ਉਹਨਾਂ ਨੇ ਅਜੋਕੇ ਯੁੱਗ ਵਿੱਚ ਦੇਸ-ਪ੍ਰੇਮ ਦੀ ਭਾਵਨਾ ਨੂੰ ਨਵੇਕਲੇ ਢੰਗ ਨਾਲ਼ ਬਿਆਨ ਕੀਤਾ ਹੈ। ਲੇਖਕ ਦੱਸਦਾ ਹੈ ਕਿ ਕਿਸੇ ਵੀ ਵਿਅਕਤੀ ਨੂੰ ਉਹ ਦੇਸ ਆਪਣਾ ਲੱਗਦਾ ਹੈ ਜਿੱਥੇ ਉਹ ਜੰਮਿਆ-ਪਲ਼ਿਆ ਤੇ ਰਹਿੰਦਾ ਹੈ ਅਤੇ ਉਸ ਥਾਂ ਨਾਲ਼ ਚਿਰ-ਪਰਿਚਿਤ ਹੋਣ ਕਰਕੇ ਉਸ ਦੀ ਭਾਵਕ ਸਾਂਝ ਬਣੀ ਹੁੰਦੀ ਹੈ।

ਦੂਜਾ ਦੇਸ ਭਾਵੇਂ ਉਹ ਉਸ ਦੇ ਪੁਰਖਿਆਂ ਦਾ ਦੇਸ ਹੀ ਕਿਉਂ ਨਾ ਹੋਵੇ, ਉਸ ਨੂੰ ਓਪਰਾ ਹੀ ਲੱਗਦਾ ਹੈ। ਇਸ ਕਹਾਣੀ ਵਿੱਚ ਨਿਰੰਜਣ ਸਿੰਘ ਤਾਂ ਆਪਣੇ ਦੇਸ ਨੂੰ ਬਹੁਤ ਪਿਆਰ ਕਰਦਾ ਹੈ ਪਰ ਉਸ ਦੇ ਲੜਕੇ ਇਸ ਦੇਸ ਨਾਲ਼ ਉਸ ਵਾਂਗ ਲਗਾਅ ਮਹਿਸੂਸ ਨਹੀਂ ਕਰਦੇ।

# ਆਪਣਾ ਦੇਸ

ਆਪਣੇ ਮਾਤਾ-ਪਿਤਾ ਨਾਲ਼, ਦੋਂਹਾਂ ਹੀ ਭਰਾਵਾਂ ਨੂੰ ਭਾਰਤ ਤੋਂ ਕੈਨੇਡਾ ਗਿਆਂ ਸੋਲ਼ਾਂ ਵਰ੍ਹੇ ਹੋ ਚੁੱਕੇ ਸਨ ਤੇ ਇਹਨਾਂ ਸੋਲ਼ਾਂ ਵਰ੍ਹਿਆਂ ਵਿੱਚ ਉਹ ਇੱਕ ਵਾਰ ਆਪਣੇ ਦੇਸ ਭਾਰਤ ਨਹੀਂ ਆਏ ਸਨ। ਇੱਕ ਦੀ ਉਮਰ ਇੱਕ ਸਾਲ ਸੀ,. ਦੂਜੇ ਦੀ ਦੋ ਸਾਲ ਦੀ ਜਦ ਉਹ ਏਥੋਂ ਗਏ ਸਨ। ਹੁਣ ਉਹ ਭਾਰਤ ਆਏ ਸਨ। ਇਸ ਲਈ ਉਹ ਭਾਰਤ ਨੂੰ ਕੁਝ ਇਉਂ ਹੀ ਦੇਖ ਰਹੇ ਸਨ ਜਿਵੇਂ ਕੋਈ ਬਦੇਸ਼ੀ ਜਾਂ ਅਣੋਭੜ ਦੇਖਦਾ ਹੁੰਦਾ ਹੈ। ਉਹਨਾਂ ਲਈ ਭਾਰਤ ਆਪਣਾ ਨਹੀਂ, ਕਿਸੇ ਹੋਰ ਦਾ ਦੇਸ ਹੀ ਸੀ। ਉਹਨਾਂ ਦਾ ਦੇਸ ਕੈਨੇਡਾ ਸੀ। ਸਨ ਉਹ ਭਾਵੇਂ ਪੰਜਾਬੀ ਤੇ ਸਿੱਖ ਮਾਤਾ-ਪਿਤਾ ਦੇ ਜੰਮੇ-ਜਾਏ।

ਨਿਰੰਜਣ ਸਿੰਘ, ਉਹਨਾਂ ਦਾ ਪਿਤਾ ਜਾਣ-ਬੁੱਝ ਕੇ ਉਹਨਾਂ ਨੂੰ ਹੁਣ ਭਾਰਤ ਲੈ ਕੇ ਆਇਆ ਸੀ। ਇਸ ਲਈ ਕਿ ਉਹ ਵੀ ਆਪਣੇ ਦੇਸ ਭਾਰਤ ਨੂੰ ਦੇਖ ਸਕਣ ਕਿਉਂਕਿ ਉਹਨਾਂ ਨੇ ਭਾਰਤ ਉੱਕਾ ਹੀ ਨਹੀਂ ਸੀ ਦੇਖਿਆ ਹੋਇਆ। ਕੀ ਸੂਝ ਸੀ ਉਹਨਾਂ ਨੂੰ ਜਦ ਉਹ ਏਥੋਂ ਗਏ ਸਨ? ਬੱਸ, ਉਹਨਾਂ ਜਨਮ ਹੀ ਇੱਕ ਏਥੇ ਲਿਆ ਹੋਇਆ ਸੀ। ਇਸ ਤੋਂ ਬਿਨਾਂ ਹੋਰ ਕੋਈ ਸੰਬੰਧ ਉਹਨਾਂ ਦਾ ਏਥੇ ਨਹੀਂ ਸੀ। ਵਰ੍ਹਾ-ਵਰ੍ਹਾ ਦੋ-ਦੋ ਵਰ੍ਹੇ ਦੇ ਬਾਲ ਹੀ ਤਾਂ ਸਨ, ਉਹ ਕੁੱਲ। ਕੀ ਲਗਾਉ ਹੋ ਸਕਦਾ ਸੀ ਉਹਨਾਂ ਨੂੰ ਇਸ ਧਰਤੀ ਨਾਲ਼? ਉਹਨਾਂ ਦਾ ਲਗਾਉ ਤਾਂ ਕੈਨੇਡਾ ਦੀ ਧਰਤੀ ਨਾਲ਼ ਸੀ, ਕੈਨੇਡਾ ਦੇ ਬਿਰਛਾਂ- ਬੂਟਿਆਂ ਨਾਲ਼। ਉੱਥੋਂ ਦੇ ਹੀ ਵਾਤਾਵਰਨ ਦੀ ਉਹਨਾਂ ਨੂੰ ਸਮਝ ਆ ਸਕਦੀ ਸੀ।

ਕੈਨੇਡਾ ਵਿੱਚ, ਘਰ ਵਿੱਚ, ਪੰਜਾਬੀ ਬੋਲੀ ਜਾਂਦੀ ਸੀ। ਇਹ ਪੰਜਾਬੀ ਬੋਲ ਇਹਨਾਂ ਦੇ ਕੰਨਾਂ ਵਿੱਚ ਵੀ ਪੈਂਦੇ ਸਨ। ਪਰ ਬੋਲਣ ਵੇਲ਼ੇ ਇਹਨਾਂ ਦੇ ਉਚਾਰਨ ਉਹ ਨਹੀਂ ਹੁੰਦੇ ਸਨ ਜੋ ਉਹਨਾਂ ਦੇ ਮਾਤਾ-ਪਿਤਾ ਜਾਂ ਦਾਦੇ-ਦਾਦੀ ਦੇ ਹੁੰਦੇ ਸਨ। ਉਹਨਾਂ ਦੇ ਪੰਜਾਬੀ ਲਫ਼ਜ਼ ਮੱਲੋ-ਮੱਲੀ ਅੰਗਰੇਜ਼ੀ ਲਬੋ-ਲਹਿਜੇ ਦੇ ਹੋ ਜਾਂਦੇ ਸਨ। ਉਹ ਮੇਜ਼ ਨਹੀਂ ਕਹਿ ਸਕਦੇ ਸਨ, ਟੇਬਲ ਆਖ ਸਕਦੇ ਸਨ। ਪੁਸਤਕ ਜਾਂ ਕਿਤਾਬ ਉਹਨਾਂ ਦੀ ਸਮਝ ਤੋਂ ਬਾਹਰ ਦੀ ਗੱਲ ਸੀ। ਕੇਵਲ ਬੁੱਕ ਆਖਣ ਨਾਲ਼ ਹੀ ਉਹਨਾਂ ਨੂੰ ਸਮਝ ਪੈ ਸਕਦੀ ਸੀ। ਬੂਹਾ, ਬਾਰੀ ਤਾਂ ਉੱਕਾ ਹੀ ਉਹ ਸਮਝ ਨਹੀਂ ਸਨ ਸਕਦੇ। ਉਹਨਾਂ ਲਈ ਇਹ ਡੋਰ ਅਤੇ ਵਿੰਡੋ ਹੀ ਹੋ ਸਕਦੇ ਸਨ। ਵਿੰਡੋ ਵੀ ਫੇਰ ਵਿੰਡੋ ਨਹੀਂ, ਉਹਨਾਂ ਲਈ ਇਹ "ਵਿੰਡਾ" ਹੀ ਸੀ। ਜਿਵੇਂ ਯੈੱਸ, ਯੈੱਸ ਨਹੀਂ, ਉਹਨਾਂ ਲਈ ਇਹ "ਯਾਅ" ਹੀ ਸੀ। ਅੰਗਰੇਜ਼ੀ ਉਹ ਬੜੀ ਸੋਹਣੀ ਅਤੇ ਸਥਾਨਿਕ ਬੋਲ ਸਕਦੇ ਸਨ, ਪੰਜਾਬੀ ਨਹੀਂ। ਪੰਜਾਬੀ ਉਹ ਇਉਂ ਬੋਲਦੇ ਸਨ, ਜਿਵੇਂ ਕੋਈ ਬਦੇਸ਼ੀ ਸਿੱਖ-ਸੁੱਖ ਕੇ ਬੋਲਦਾ ਹੁੰਦਾ ਹੈ।

ਨਿਰੰਜਣ ਸਿੰਘ ਪੜ੍ਹਿਆ ਲਿਖਿਆ ਸੂਝਵਾਨ ਵਿਅਕਤੀ ਸੀ। ਬੀ.ਏ.,ਬੀ.ਐੱਡ. ਪਾਸ ਸੀ ਤੇ ਏਧਰ ਉਹ ਪੰਜਾਬ ਵਿੱਚ ਅਧਿਆਪਕ ਲੱਗਾ ਹੁੰਦਾ ਸੀ। ਖੱਬੇ-ਪੱਖੀ ਜਾਗ੍ਰਿਤ ਵਿਚਾਰਧਾਰਾ ਦਾ ਧਾਰਨੀ। ਹੇਠਲੀ ਮੱਧ-ਸ਼੍ਰੇਣੀ ਦੇ ਕਿਸਾਨ-ਪਰਿਵਾਰ ਦਾ ਜੰਮ-ਪਲ਼। ਮੋਗੇ ਵੱਲ ਸੀ, ਪਿੰਡ ਉਹਦਾ। ਗੁਜ਼ਾਰਾ ਮਾੜਾ ਨਹੀਂ ਸੀ, ਪਰ ਹੋਰ ਵੀ ਚੰਗੇ ਜੀਵਨ ਲਈ ਉਹ ਏਥੋਂ ਨੌਕਰੀ ਛੱਡ ਕੇ ਕੈਨੇਡਾ ਚਲਾ ਗਿਆ ਸੀ ਤੇ ਅੱਜ-ਕੱਲ੍ਹ ਉਹ ਉੱਥੇ ਵੈਨਕੂਵਰ ਵਿੱਚ ਰਹਿ ਰਿਹਾ ਸੀ। ਆਪ ਤਾਂ ਉਹ ਪੂਰਾ-ਪੂਰਾ ਪੰਜਾਬੀ ਅਤੇ ਭਾਰਤੀ ਸੀ, ਪਰ ਉਹਨੂੰ ਆਪਣੇ ਪੁੱਤਰਾਂ ਬਾਰੇ ਚਿੰਤਾ ਜਿਹੀ ਰਹਿੰਦੀ ਸੀ ਕਿ ਉਹ ਵੀ ਉਹਦੇ ਵਾਂਗ ਹੀ ਪੰਜਾਬੀ ਭਾਰਤੀ ਹੋਣ। ਇਹ ਸਮੱਸਿਆ ਭਾਵੇਂ ਉਸ ਇਕੱਲੇ ਦੀ ਹੀ ਨਹੀਂ ਸੀ, ਸਾਰੇ ਉਹਨਾਂ ਪੰਜਾਬੀਆਂ ਤੇ ਭਾਰਤੀਆਂ ਦੀ ਸਾਂਝੀ ਸੀ ਜੋ ਉਸ ਵਾਂਗ ਹੀ, ਏਥੋਂ ਜਾ ਕੇ, ਇੰਗਲੈਂਡ, ਅਮਰੀਕਾ ਜਾਂ ਕੈਨੇਡਾ ਵੱਸੇ ਹੋਏ ਸਨ; ਤਾਂ ਵੀ, ਜਿਵੇਂ ਉਹਨੂੰ ਇਹ ਗੱਲ ਕੁਝ ਬਹੁਤੀ ਹੀ ਮਹਿਸੂਸ ਹੁੰਦੀ

ਕਿਉਂਕਿ ਉਹਨੂੰ ਪਤਾ ਸੀ ਕਿ ਆਪਣੀ ਬੋਲੀ ਤੇ ਸੱਭਿਆਚਾਰ ਦੀ ਕੀ ਮਹੱਤਤਾ ਹੁੰਦੀ ਹੈ। ਇਹਨਾਂ ਬਿਨਾਂ ਤਾਂ ਜਿਵੇਂ ਬੰਦਾ ਉੱਕਾ ਕੁਝ ਵੀ ਨਹੀਂ।

ਠੀਕ ਹੀ, ਕੈਨੇਡਾ ਵਿੱਚ, ਉਹ ਇਹਨਾਂ ਆਪਣੇ ਪੁੱਤਰਾਂ ਨੂੰ ਉਹ ਸਭ ਕੁਝ ਦੱਸਦਾ ਹੁੰਦਾ ਸੀ ਜੋ ਭਾਰਤ ਜਾਂ ਪੰਜਾਬ ਬਾਰੇ ਉਹਨਾਂ ਲਈ ਜ਼ਰੂਰੀ ਸੀ। ਰਾਮਾਇਣ, ਮਹਾਂਭਾਰਤ ਤੇ ਗੁਰੂ ਗ੍ਰੰਥ ਸਾਹਿਬ ਬਾਰੇ ਵੀ ਉਹ ਉਹਨਾਂ ਨੂੰ ਦੱਸਦਾ ਹੁੰਦਾ ਸੀ ਤੇ ਏਥੋਂ ਦੇ ਦਰਿਆਵਾਂ ਅਤੇ ਪਹਾੜਾਂ ਆਦਿ ਬਾਰੇ ਵੀ। ਪੰਜਾਬ ਵਿੱਚ ਕਦੇ ਪੰਜ ਦਰਿਆ ਵਗਦੇ ਹੁੰਦੇ ਸਨ ਪਰ ਹੁਣ ਦੋ ਰਹਿ ਗਏ ਹਨ। ਤਿੰਨ ਦੂਜੇ ਪਾਸੇ ਪਾਕਿਸਤਾਨ ਵਿੱਚ ਚਲੇ ਗਏ ਹਨ। ਪਾਕਿਸਤਾਨ ਹਿੰਦੁਸਤਾਨ ਨੂੰ ਕੱਟ ਕੇ ਬਣਾਇਆ ਗਿਆ। ਪਹਿਲਾਂ ਪਾਕਿਸਤਾਨ ਸਾਰਾ ਇੰਡੀਆ ਵਿੱਚ ਹੀ ਹੁੰਦਾ ਸੀ। ਪਾਕਿਸਤਾਨ ਤਾਂ ਕੱਲ੍ਹ ਬਣਿਆ—1947 ਵਿੱਚ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਹਨਾਂ ਵੈਨਕੂਵਰ ਗੁਰਦਵਾਰੇ ਵਿੱਚ ਬਹੁਤ ਵਾਰ ਦਰਸ਼ਨ ਕੀਤੇ ਸਨ, ਰੇਸ਼ਮੀ ਰੁਮਾਲਿਆਂ ਤੇ ਬੜੀ ਹੀ ਸੁੰਦਰ ਪਾਲਕੀ ਵਿੱਚ। ਸੰਡੇ ਨੂੰ ਉਹ ਡੈਡ ਨਾਲ਼ ਬਹੁਤ ਵਾਰ ਵੈਨਕੂਵਰ ਗੁਰਦਵਾਰੇ ਗਏ ਸਨ। ਇਹ ਵੀ ਦੱਸਿਆ ਹੋਇਆ ਸੀ ਕਿ ਆਪਾਂ ਸਿੱਖ ਧਰਮ ਨਾਲ਼ ਸੰਬੰਧ ਰੱਖਣ ਵਾਲ਼ੇ ਹਾਂ ਤੇ ਆਪਣੇ ਦਸ ਗੁਰੂ ਹੋਏ ਹਨ ਤੇ ਸਭ ਤੋਂ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਹਨ। ਉਹਨਾਂ ਨੇ ਦਸਾਂ ਗੁਰੂਆਂ ਦੀਆਂ ਤਸਵੀਰਾਂ ਵੀ ਦੇਖੀਆਂ ਹੋਈਆਂ ਸਨ। ਗੁਰੂ ਹਰਿਕ੍ਰਿਸ਼ਨ ਜੀ ਦੀ ਤਸਵੀਰ ਦੇਖ ਕੇ ਇੱਕ ਨੇ ਕਿਹਾ:

"ਡੈਡ, ਇਹ ਚਾਈਲਡ ਵੀ ਗੁਰੂ ਸੀ?"

"ਹਾਂ, ਇਹ ਵੀ ਗੁਰੂ ਸਨ। ਚਾਈਲਡ ਨਾ ਕਹੋ, ਬਾਬਾ ਜੀ ਕਹੋ। ਗੁਰੂ-ਮਹਾਰਾਜ ਕਹੋ। ਇਹ ਆਪਣੇ ਅੱਠਵੇਂ ਗੁਰੂ ਸਨ। ਨਮਸਕਾਰ ਕਰੋ ਬੇਟਾ, ਨਮਸਕਾਰ ਕਰੋ।" ਉਹਨੇ ਆਪ ਹੱਥ ਜੋੜ ਕੇ ਨਮਸਕਾਰ ਕਰ ਕੇ ਕਿਹਾ, "ਇਉਂ ਕਰੋ ਨਮਸਕਾਰ।" ਉਹਨਾਂ ਦੋਹਾਂ ਨੇ ਹੱਥ ਜੋੜ ਕੇ ਉਵੇਂ ਹੀ ਨਮਸਕਾਰ ਕੀਤਾ ਪਰ ਓਪਰਿਆਂ ਜਿਹਾਂ ਵਾਂਗ ਹੀ।

ਕਿਉਂਕਿ ਉਸ ਵਾਂਗ ਤਾਂ ਉਹਨਾਂ ਨੂੰ ਕਰਨਾ ਆਉਂਦਾ ਹੀ ਨਹੀਂ ਸੀ।

ਰਾਮਾਇਣ ਅਤੇ ਮਹਾਂਭਾਰਤ ਦੇ ਭਾਰਤ ਵਿੱਚ ਟੀ.ਵੀ. ਲਈ ਸੀਰੀਅਲ ਬਣ ਚੁੱਕੇ ਸਨ ਤੇ ਇਹਨਾਂ ਦੀਆਂ ਕੈਸਟਾਂ ਕੈਨੇਡਾ ਵੀ ਪੁੱਜ ਗਈਆਂ ਸਨ। ਉਹਨੇ ਵੀ.ਸੀ.ਆਰ. ਰਾਹੀਂ ਇਹ ਕੈਸਟਾਂ ਟੀ.ਵੀ. ਉੱਤੇ ਉਹਨਾਂ ਨੂੰ ਦਿਖਾਈਆਂ ਸਨ। ਪਰ ਉਹਨਾਂ ਨੂੰ ਕੁਝ ਬਹੁਤੀ ਇਹਨਾਂ ਦੀ ਸਮਝ ਨਹੀਂ ਆ ਸਕੀ ਸੀ। ਕਿਉਂਕਿ ਭਾਰਤ ਦੇ ਬੱਚਿਆਂ ਵਾਂਗ ਇਹ ਉਹਨਾਂ ਦੇ ਆਪਣੇ ਜੀਵਨ ਵਿੱਚ ਰਚੀਆਂ-ਮਿਚੀਆਂ ਨਹੀਂ ਸਨ। ਭਾਰਤ ਦੇ ਬੱਚਿਆਂ ਦੇ ਤਾਂ ਇਹ ਖ਼ੂਨ ਵਿੱਚ ਰਚੀਆਂ ਹੁੰਦੀਆਂ ਹਨ।

ਰਾਮਾਇਣ ਵਿੱਚ ਹਨੂਮਾਨ ਤੇ ਉਹਨਾਂ ਦੀ ਬਾਨਰ-ਸੈਨਾ ਉਹਨਾਂ ਨੂੰ ਬੜੀ ਹੀ ਅਦਭੁਤ ਲੱਗੀ ਸੀ। ਉਹਨਾਂ ਵਿੱਚੋਂ ਹਨੂਮਾਨ ਨੂੰ ਦੇਖ ਕੇ, ਇੱਕ ਨੇ ਕਿਹਾ ਸੀ:

"ਡੈਡ, ਇੰਡੀਆ ਵਿੱਚ ਪੂਛਾਂ ਵਾਲ਼ੇ ਲੋਕ ਵੀ ਨੇ?"

"ਨਹੀਂ," ਉਹਨੇ ਹੱਸ ਕੇ ਕਿਹਾ।

"ਫੇਰ ਇਹ ਕਿੱਥੋਂ ਆ ਗਏ?"

"ਇਹ ਗੱਲ ਕੁਝ ਹੋਰ ਹੈ। ਇਹ ਘੜੀ ਹੋਈ ਕਹਾਣੀ ਹੈ। ਇਹ ਹੂ-ਬਹੂ ਸੱਚ ਨਹੀਂ।"

"ਫੇਰ ਇਹ ਘੜੀ ਕਿਉਂ ਗਈ ਹੈ, ਝੂਠ?"

"ਇਹ ਪ੍ਰਾਚੀਨ ਕਹਾਣੀ ਹੈ। ਇਹ ਇਸੇ ਤਰ੍ਹਾਂ ਹੀ ਹੁੰਦੀ ਹੈ। ਘੜੀ ਹੋਈ ਮਨੋਕਲਪਿਤ। ਇਹਨੂੰ ਮਿਥਿਹਾਸ ਕਹਿੰਦੇ ਹਨ। ਅੰਗਰੇਜ਼ੀ ਵਿੱਚ ਮਾਈਥਾਲੋਜੀ। ਇਹ ਹਰ ਕੌਮ ਦੀ ਹੁੰਦੀ ਹੈ। ਮਿਸਰ ਦੀ, ਯੂਨਾਨ ਦੀ, ਚੀਨ ਦੀ। ਇਹ ਆਪਣੀ ਹੈ। ਇਹ ਆਪਣੇ ਭਾਰਤ ਦੀ ਰੂਹ ਹੈ।"

"ਅੱਛਾ, ਇਹ ਰੂਹ ਹੈ!" ਅਤੇ ਉਹ ਹੱਸ ਪਏ।

ਨਿਰੰਜਣ ਸਿੰਘ ਨੇ ਸੋਚਿਆ ਕਿ ਇਹ ਬੱਚੇ ਏਥੇ ਹੀ ਜਵਾਨ ਹੁੰਦੇ ਜਾ ਰਹੇ ਹਨ। ਹੋਰ ਵਰ੍ਹੇ ਲੰਘ ਗਏ ਤਾਂ ਹੋਰ ਵੱਡੇ ਹੋ ਜਾਣਗੇ ਤੇ ਫੇਰ ਤਾਂ ਇਹ ਉੱਕਾ ਹੀ ਭਾਰਤ ਨੂੰ ਜਾਣ ਹੀ ਨਹੀਂ ਸਕਣਗੇ—ਆਪਣੀ ਮਾਤਰੀ-ਭੂਮੀ ਨੂੰ। ਇਹਨਾਂ ਨੂੰ ਹੁਣ ਭਾਰਤ ਤੇ ਪੰਜਾਬ ਲੈ ਜਾਣਾ ਚਾਹੀਦਾ ਹੈ। ਦਿੱਲੀ ਦੇਖਣ, ਮੋਗਾ ਦੇਖਣ, ਤਾਜ ਦੇਖਣ, ਪਿੰਡ ਦੇਖਣ। ਅੰਮ੍ਰਿਤਸਰ ਦਰਬਾਰ ਸਾਹਿਬ ਤਾਂ ਅਵੱਸ਼ ਹੀ ਦੇਖਣਾ ਚਾਹੀਦਾ ਹੈ ਤੇ ਜੱਲ੍ਹਿਆਂਵਾਲਾ ਬਾਗ਼ ਵੀ। ਇਹਨਾਂ ਨੂੰ ਤਾਂ ਜੱਲ੍ਹਿਆਂਵਾਲੇ ਬਾਗ਼ ਦਾ ਉੱਕਾ ਹੀ ਪਤਾ ਨਹੀ।

ਅਤੇ ਉਹ ਉਹਨਾਂ ਨੂੰ ਦਸੰਬਰ ਦੇ ਅੱਧ-ਵਿਚਕਾਰ ਜਿਹੇ ਇੰਡੀਆ ਲੈ ਕੇ ਆ ਗਿਆ ਸੀ। ਹੁਣ ਉਹਨਾਂ ਨੂੰ ਏਧਰ-ਉੱਧਰ ਪੰਜਾਬ ਅਤੇ ਹੋਰੀਂ ਥਾਂਈਂ ਸੈਰ ਕਰਾਉਂਦਾ ਫਿਰ ਰਿਹਾ ਸੀ। ਉਸ ਦੇ ਆਪਣੇ ਪਿੰਡ ਵਿੱਚ ਹੀ ਕਿਸੇ ਕੋਲ਼ ਇੱਕ ਵੈਨ ਸੀ ਜੋ ਆਪ ਡ੍ਰਾਈਵ ਕਰ ਕੇ ਉਹਨੂੰ ਟੈਕਸੀ ਵਜੋਂ ਵਾਹੁੰਦਾ ਸੀ। ਉਹਨੇ, ਸਾਰੇ ਸਮੇਂ ਲਈ ਉਹੀ ਆਪਣੇ ਪਿੰਡ ਦੀ ਵੈਨ ਕਿਰਾਏ ਉੱਤੇ ਲੈ ਲਈ ਸੀ। ਪੈਸੇ ਦੀ ਫ਼ਿਕਰ ਨਹੀਂ ਸੀ। ਕਾਫ਼ੀ ਖੁੱਲ੍ਹਾ ਖ਼ਰਚ ਕਰ ਸਕਣ ਦੀ ਪਰੋਖੋਂ ਸੀ। ਇਉਂ ਸਾਲਮ ਕੀਤੀ ਵੈਨ ਸਸਤੀ ਵੀ ਸੀ, ਸੁਖਦਾਇਕ ਵੀ, ਜਿਵੇਂ ਆਪਣੀ ਹੀ ਗੱਡੀ ਹੋਵੇ।

ਪੰਜ ਸਨ, ਉਹ ਵੈਨ ਵਿੱਚ। ਤਿੰਨ ਆਪ ਹੀ ਸਨ— ਦੋ ਮੁੰਡੇ, ਇੱਕ ਉਹ ਆਪ—ਇੱਕ ਉਸ ਦਾ ਦੋਸਤ ਸੀ ਜੋ ਉਹਨੇ ਨਾਲ਼ ਲੈ ਲਿਆ ਸੀ, ਪੰਜਵਾਂ ਡ੍ਰਾਈਵਰ ਸੀ। ਇਸ ਸਮੇਂ ਉਹ ਆਗਰਾ ਤੋਂ ਦਿੱਲੀ ਵੱਲ ਆ ਰਹੇ ਸਨ ਤੇ ਅੱਜ ਰਾਤ ਦਿੱਲੀ ਹੀ ਇੱਕ ਦੋਸਤ ਕੋਲ਼ ਰਹਿਣਾ ਸੀ ਜੋ ਪਾਰਲੀਮੈਂਟ ਦਾ ਮੈਂਬਰ ਸੀ। ਜਨਵਰੀ ਦਾ ਪਹਿਲਾ ਹਫ਼ਤਾ ਅੰਤ ਨੂੰ ਛੂਹ ਰਿਹਾ ਸੀ ਤੇ ਇਸ ਸਮੇਂ ਸ਼ਾਮ ਰਾਤ ਦੀਆਂ ਜੂਹਾਂ ਵੱਲ ਵਧ ਰਹੀ ਸੀ। ਅਚਾਨਕ ਉਹਨਾਂ ਸੋਚਿਆ ਕਿ ਉਂਜੇ ਹੀ ਜਾ ਵੱਜਣ ਦੀ ਥਾਂ ਪਾਰਲੀਮੈਂਟ ਦੇ ਮੈਂਬਰ ਦੇ ਘਰ ਫ਼ੋਨ ਕਰ ਲੈਣਾ ਚਾਹੀਦਾ ਹੈ। ਘਰ ਹੋਵੇ ਤਾਂ ਠੀਕ ਹੈ, ਨਹੀਂ ਤਾਂ ਕਿਤੇ ਹੋਰ ਰਹਿਣ ਦਾ ਇੰਤਜ਼ਾਮ ਕੀਤਾ ਜਾਵੇ। ਉਹੀਓ ਗੱਲ ਹੋਈ ਸੀ। ਉਹਨਾਂ ਜਦੋਂ ਐੱਸ.ਟੀ.ਡੀ. ਤੋਂ ਕਿਤੋਂ ਫ਼ੋਨ ਕੀਤਾ, ਪਤਾ ਲੱਗਾ ਕਿ ਐੱਮ.ਪੀ. ਸਾਹਿਬ ਅੱਜ ਏਥੇ ਨਹੀਂ ਹਨ, ਮਦਰਾਸ ਗਏ ਹੋਏ ਹਨ ਤੇ ਕੱਲ੍ਹ ਵਾਪਸ ਆ ਰਹੇ ਹਨ। ਉਹਨਾਂ ਬਿਨਾਂ ਘਰ ਰਹਿਣ ਦਾ ਕੋਈ ਵੀ ਮਤਲਬ ਨਹੀਂ ਸੀ। ਤਦੇ ਉਹਦੇ ਦੋਸਤ ਨੇ ਇੱਕ ਹੋਰ ਪਾਸੇ ਵੱਲ ਰਿੰਗ ਘੁਮਾਈ। ਉਹਦਾ ਇੱਕ ਜਿਗਰੀ ਦੋਸਤ ਰੋਹਿਨੀ ਵਿਖੇ ਰਹਿ ਰਿਹਾ ਸੀ। ਜਿਸ ਦਾ ਆਪਣਾ ਘਰ ਸੀ ਤੇ ਬੜਾ ਹੀ ਮਹਿਮਾਨਨਵਾਜ਼ ਸੀ। ਉਸ ਨੂੰ ਉਹ ਦੋਸਤ ਘਰ ਹੀ ਮਿਲ਼ ਗਿਆ। ਕਿਹਾ ਗਿਆ ਕਿ ਪੰਜ ਜਣੇ ਉਸ ਕੋਲ਼ ਆ ਰਹੇ ਹਾਂ ਤੇ ਉਸ ਕੋਲ਼ ਹੀ ਰਹਾਂਗੇ। ਵੈਨ ਉੱਤੇ ਆ ਰਹੇ ਹਾਂ। ਪੰਜਾਂ ਬਾਰੇ ਵੀ ਸਾਰਾ ਵਿਸਤਾਰ ਦੱਸ ਦਿੱਤਾ ਗਿਆ ਸੀ ਕਿ ਤਿੰਨ ਕੈਨੇਡਾ ਵਾਲ਼ੇ ਹਨ, ਇੱਕ ਡ੍ਰਾਈਵਰ, ਇੱਕ ਉਹ ਆਪ। ਘੰਟੇ-ਸਵਾ ਘੰਟੇ ਤੱਕ ਉਹ ਉਸ ਕੋਲ਼ ਆ ਪੁੱਜੇ ਸਨ। ਇੱਕ ਹੋਰ ਦੋਸਤ ਵੀ ਪੰਜਾਬ ਤੋਂ ਆਇਆ ਹੋਇਆ ਸੀ ਜੋ ਸ਼ਾਮੀਂ ਪੰਜ ਕੁ ਵਜੇ ਨਾਲ਼ ਹੀ ਉਸ ਕੋਲ਼ ਅੱਜ ਪੁੱਜਾ ਸੀ। ਚਲੋ, ਠੀਕ ਹੋ ਗਿਆ ਸੀ। ਮੇਜ਼ਬਾਨ ਖ਼ੁਸ਼ ਸੀ। ਮਹਿਫ਼ਲ ਜਿਹੀ ਬਣ ਗਈ ਸੀ।

ਡ੍ਰਾਇੰਗ-ਰੂਮ ਵਿੱਚ ਸਾਰੇ ਹੀ ਦੀਵਾਨ ਅਤੇ ਸੋਫ਼ਿਆਂ ਉੱਤੇ ਏਧਰ-ਉੱਧਰ ਬਹਿ ਗਏ ਸਨ। ਸਫ਼ਰ ਨਾਲ਼ ਥੱਕੇ ਹੋਏ ਤਾਂ ਥੋੜ੍ਹਾ-ਬਹੁਤ ਸਾਰੇ ਹੀ ਸਨ ਪਰ ਮੁੰਡੇ ਦੋਵੇਂ ਥੋੜ੍ਹਾ ਜਿਹਾ ਮੁਰਝਾਏ ਜਿਹੇ ਲੱਗ ਰਹੇ ਸਨ।

ਜਾਪਦਾ ਸੀ, ਜਿਵੇਂ ਉਹਨਾਂ ਦਾ ਮਨ ਏਥੇ ਨਹੀਂ ਸੀ, ਇਸ ਸਮੇਂ ਉਹ ਕਿਸੇ ਹੋਰ ਹੀ ਥਾਂਵੇਂ ਗਿਆ ਹੋਇਆ ਸੀ। ਚੁੱਪ-ਚਾਪ ਬੈਠੇ ਉਹ ਖ਼ਾਲੀ-ਖ਼ਾਲੀ ਅੱਖਾਂ ਨਾਲ਼ ਕੰਧਾਂ ਵੱਲ ਜਾਂ ਏਧਰ-ਉੱਧਰ ਬਿੱਟ-ਬਿੱਟ ਤੱਕ ਰਹੇ ਸਨ, ਜਿਵੇਂ ਉਹਨਾਂ ਕੋਲ਼ੋਂ ਕੁਝ ਗੁਆਚ ਗਿਆ ਹੁੰਦਾ ਹੈ ਤੇ ਲੱਭ ਹੀ ਨਹੀਂ ਰਿਹਾ ਹੁੰਦਾ।

ਮੇਜ਼ਬਾਨ ਨੇ ਚਾਹ ਪੁੱਛੀ। ਚਾਹ ਦਾ ਸਮਾਂ ਹੀ ਨਹੀਂ ਸੀ ਤੇ ਚਾਹ ਉਹਨਾਂ ਰਾਹ ਵਿੱਚ ਹੀ ਕਿਤੇ ਪੀ ਲਈ ਹੋਈ ਸੀ। ਕੌਫ਼ੀ ਬਾਰੇ ਪੁੱਛਿਆ ਗਿਆ। ਕੌਫ਼ੀ ਵੀ ਨਹੀਂ ਸੀ ਚਾਹੀਦੀ।

ਨੌਂ-ਸਵਾ ਨੌਂ ਸਨ, ਇਸ ਸਮੇਂ ਰਾਤ ਦੇ। ਇਸ ਸਮੇਂ ਚਾਹ ਜਾਂ ਕੌਫ਼ੀ ਕਿਸੇ ਦੀ ਲੋੜ ਨਹੀਂ ਸੀ। ਬੱਸ, ਖਾਣਾ ਖਾਣਾ ਸੀ। ਸੋ, ਖਾਣਾ ਖਾ ਲਿਆ ਜਾਵੇਗਾ। ਮੇਜ਼ਬਾਨ ਕੋਲ਼ ਵਧੀਆ ਬਾਹਰ ਦੀ ਵਿਸਕੀ ਆਈ ਪਈ ਸੀ। ਆਪ ਤਾਂ ਪੀਂਦਾ ਨਹੀਂ ਸੀ ਉਹ। ਆਏ-ਗਏ ਕਿਸੇ ਮਿੱਤਰ ਦੀ ਸੇਵਾ ਲਈ ਜ਼ਰੂਰ ਉਸ ਦੇ ਅੱਗੇ ਰੱਖੀ ਜਾ ਸਕਦੀ ਸੀ। ਸੋ, ਮੇਜ਼ ਉੱਤੇ ਕੱਚ ਦੇ ਗਲਾਸ ਅਤੇ ਵਿਸਕੀ ਦੀ ਸੁਨਹਿਰੀ ਬੋਤਲ ਰੱਖੀ ਗਈ। ਆਂਡੇ ਬਣ ਕੇ ਆ ਗਏ। ਸਲਾਦ ਦੀ ਪਲੇਟ ਅਤੇ ਸੇਬ ਵੀ ਆ ਗਏ ਸਨ। ਕਿਚਨ ਵਿੱਚ ਅੰਦਰ ਖਾਣਾ ਤਿਆਰ ਹੋਣ ਲੱਗ ਪਿਆ ਸੀ। ਮੁੰਡੇ ਇੰਡੀਆ ਆਏ ਹਨ। ਇੰਡੀਆ ਦੀ ਦਾਲ਼-ਸਬਜ਼ੀ ਇੰਡੀਆ ਦੀ ਮਿੱਠੀ ਡਿਸ਼, ਇੰਡੀਆ ਦੇ ਫਲ਼-ਫ਼ਰੂਟ।

ਪਰ ਇਹ ਜਾਣ ਕੇ ਹੈਰਾਨੀ ਹੋਈ ਕਿ ਮੁੰਡੇ ਕਿਸੇ ਚੀਜ਼ ਨੂੰ ਵੀ ਮੂੰਹ ਨਹੀਂ ਲਾ ਰਹੇ ਸਨ। ਠੀਕ ਹੈ, ਸਿਆਲ਼ ਸੀ, ਤ੍ਰੇਹ ਦੇ ਦਿਨ ਨਹੀਂ ਸਨ, ਤਾਂ ਵੀ ਸਭ ਨੂੰ ਆਉਂਦਿਆਂ ਹੀ ਕੱਚ ਦੇ ਗਲਾਸਾਂ ਵਿੱਚ ਪਾਣੀ ਦਿੱਤਾ ਗਿਆ ਸੀ ਅਤੇ ਸਭ ਨੇ ਥੋੜ੍ਹਾ-ਥੋੜ੍ਹਾ ਪਾਣੀ ਪੀ ਵੀ ਲਿਆ ਸੀ। ਪਰ ਇਹਨਾਂ ਦੋਹਾਂ ਮੁੰਡਿਆਂ ਨੇ ਪਾਣੀ ਨਹੀਂ ਪੀਤਾ ਸੀ। ਕਿਹਾ ਗਿਆ ਕਿ ਇਹ ਏਥੋਂ ਦਾ ਪਾਣੀ ਪੀਂਦੇ ਨਹੀਂ ਹਨ। ਬਿਮਾਰ ਹੋਣ ਤੋਂ ਡਰਦੇ ਹਨ। ਮੇਜ਼ਬਾਨ ਨੇ ਆਖਿਆ ਕਿ ਹੁਣੇ ਸੋਡਾ ਆ ਜਾਂਦਾ ਹੈ, ਕੋਕਾ ਕੋਲਾ ਆ ਜਾਂਦਾ ਹੈ, ਥਮਜ਼ ਅੱਪ ਆ ਜਾਂਦਾ ਹੈ ਪਰ ਕਿਹਾ ਗਿਆ ਕਿ ਨਹੀਂ, ਇਹਨਾਂ ਨੂੰ ਇਹਨਾਂ ਦੀ ਵੀ ਲੋੜ ਨਹੀਂ। ਇਹਨਾਂ ਇਹ ਵੀ ਪੀਣਾ ਨਹੀਂ। ਬੜੀ ਅਜੀਬ ਗੱਲ ਸੀ, ਆਖ਼ਰ ਇਹ ਪੀਂਦੇ ਕੀ ਸਨ ਫੇਰ?

"ਕਾਕਾ! ਤੁਸੀਂ ਫੇਰ ਕੁਝ ਹੋਰ ਪੀ ਲਓ," ਮੇਜ਼ਬਾਨ ਨੇ ਆਖਿਆ। ਪਰ ਉਹ ਕੁਝ ਵੀ ਬੋਲੇ ਨਹੀਂ। ਦੂਜੀ ਵਾਰੀ ਫੇਰ ਆਖਿਆ। ਫੇਰ ਵੀ ਉਹ ਬੋਲੇ ਨਹੀਂ। ਬੱਸ ਉਹਨਾਂ ਥੋੜ੍ਹਾ ਜਿਹਾ ਨਾਂਹ ਆਖਣ ਲਈ ਸਿਰ ਹਿਲਾਇਆ।

ਉਹਨਾਂ ਨੂੰ "ਕਾਕਾ" ਲਫ਼ਜ਼ ਦੀ ਵੀ ਸਮਝ ਨਹੀਂ ਆ ਸਕੀ ਸੀ। ਸ਼ਾਇਦ ਅਜਿਹੇ ਲਫ਼ਜ਼ ਉਹਨਾਂ ਦੇ ਕੰਨੀਂ ਪਏ ਹੀ ਨਹੀਂ ਸਨ ਕਦੇ। ਇਹਨਾਂ ਵਿੱਚ ਜੋ ਖੰਡ ਅਤੇ ਸ਼ਹਿਦ ਵਰਗੀ ਮਿੱਠਤ ਸੀ, ਉਹ ਉਸ ਤੋਂ ਜਾਣੂ ਨਹੀਂ ਸਨ।

"ਕੌਫ਼ੀ ਪੀ ਲਵੋ।"

"ਨਹੀਂ", ਉਹਨਾਂ ਉਵੇਂ ਹੀ ਨਾਂਹ ਕਹਿਣ ਲਈ ਸਿਰ ਹਿਲਾਇਆ। ਏਨਾ ਚੰਗਾ, ਚਾਹ ਤੇ ਕੌਫ਼ੀ ਉਹਨਾਂ ਨੂੰ ਸਮਝ ਆ ਰਹੇ ਸਨ। ਖ਼ੈਰ, ਕੌਫ਼ੀ ਤਾਂ ਸਮਝ ਸਕਣਾ ਉਹਨਾਂ ਲਈ ਮੁਸ਼ਕਲ ਨਹੀਂ ਸੀ। ਇਹ ਅੰਗਰੇਜ਼ੀ ਲਫ਼ਜ਼ ਹੀ ਸੀ।

ਤਾਂ ਵੀ, ਉਹ ਖਾਣਗੇ ਕੀ? ਆਖ਼ਰ ਕੁਝ ਤਾਂ ਖਾਣਗੇ ਹੀ? ਤਦੇ ਦੱਸਿਆ ਗਿਆ ਕਿ ਆਂਡਿਆਂ ਦੇ ਇੱਕ-ਇੱਕ ਸੈਂਡਵਿੱਚ ਲੈ ਲੈਣਗੇ। ਥੋੜ੍ਹਾ ਸੇਬ ਖਾ ਲੈਣਗੇ। ਪਾਣੀ ਨਹੀਂ ਪੀਣਗੇ। ਕੀ ਪੀਣਗੇ? ਕੁਝ ਵੀ ਨਹੀਂ। ਬੜੀ ਅਜੀਬ ਗੱਲ, ਸੀ ਇਹ। ਮੁੰਡੇ ਸਨ ਕਿ ਇੱਕ ਪਹੇਲੀ। ਆਖ਼ਰ ਕੁਝ ਤਾਂ ਪੀਣਗੇ ਹੀ?

ਉਹਨਾਂ ਨੂੰ ਉੱਥੇ ਬੈਠਣ ਵਿੱਚ ਵੀ ਕੋਈ ਦਿਲਚਸਪੀ ਨਹੀਂ ਸੀ। ਉਹ ਜਿਵੇਂ ਬੱਧੇ-ਰੁੱਧੇ ਜਿਹੇ ਹੀ ਉੱਥੇ ਸਭ ਵਿੱਚ ਬੈਠੇ ਸਨ ਤੇ ਆਪਣੇ-ਆਪ ਵਿੱਚ ਪੂਰੀ ਤਰ੍ਹਾਂ ਉਹ ਅੱਕ-ਥੱਕ ਜਿਹੇ ਚੁੱਕੇ ਸਨ। ਉਹਨਾਂ ਦੀਆਂ ਉਨੀਂਦਰੀਆਂ ਤੇ ਥੱਕੀਆਂ-ਥੱਕੀਆਂ ਅੱਖਾਂ ਵਿੱਚ ਲਾਲ ਡੋਰੇ ਦਿਸ ਰਹੇ ਸਨ ਅਤੇ ਉਹ ਉਬਾਸੀਆਂ ਵੀ ਘੜੀ-ਮੁੜੀ ਲੈ ਰਹੇ ਸਨ। ਵਿਸਕੀ ਉਹ ਪੀਂਦੇ ਨਹੀਂ ਸਨ। ਟੀਨ-ਏਜਰ ਹੋਣ ਕਾਰਨ ਉਹਨਾਂ ਨੂੰ ਅਜੇ ਇਸ ਪਾਸੇ ਵੱਲ ਪਾਇਆ ਹੀ ਨਹੀਂ ਗਿਆ ਸੀ। ਬੀਅਰ ਵੀ ਪੀਣੀ ਨਹੀਂ ਸੀ। ਉਹਨਾਂ ਨੂੰ ਉਂਞ ਵੀ ਹੁਣ ਬੀਅਰ ਦਿੱਲੀ ਵਿੱਚ ਨੇੜੇ ਮਿਲਣੀ ਹੀ ਨਹੀਂ ਸੀ ਕਿਤੇ, ਵਰਜਿਤ ਏਰੀਆ ਹੋਣ ਕਾਰਨ। ਖ਼ੈਰ, ਜੇ ਮਿਲ਼ ਵੀ ਜਾਂਦੀ ਤਾਂ ਉਹਨਾਂ ਪੀਣੀ ਹੀ ਨਹੀਂ ਸੀ, ਇਹ ਇੰਡੀਆ ਦੀ ਬੀਅਰ। ਉਹਨਾਂ ਨੂੰ ਤਾਂ ਕੈਨੇਡਾ ਦਾ ਹੀ ਖਾਣਾ-ਪੀਣਾ ਮੁਆਫ਼ਿਕ ਸੀ। ਸਾਹ ਜ਼ਰੂਰ ਉਹ ਏਥੇ ਦੀਆਂ ਹਵਾਵਾਂ ਵਿੱਚ ਲੈ ਰਹੇ ਸਨ। ਇਸ ਲਈ ਮਜ਼ਬੂਰੀ ਸੀ। ਵੱਸ ਚੱਲਦਾ, ਸ਼ਾਇਦ ਉਹ ਏਥੇ ਸਾਹ ਵੀ ਲੈਣ ਤੋਂ ਬਚੇ ਹੀ ਰਹਿੰਦੇ।

ਉਹਨਾਂ ਦੀ ਉਕਤਾਹਟ ਦੇਖ, ਮੇਜ਼ਬਾਨ ਨੇ ਆਖਿਆ ਕਿ ਇਹਨਾਂ ਨੂੰ ਉੱਤੇ ਕਮਰੇ ਵਿੱਚ ਪਹੁੰਚਾਇਆ ਜਾਣਾ ਚਾਹੀਦਾ ਹੈ। ਬੈੱਡ ਲੱਗੇ ਹੋਏ ਹਨ, ਉੱਪਰ। ਇਹ ਉੱਪਰ ਰੈੱਸਟ ਕਰਨ। ਇਹਨਾਂ ਨੂੰ ਸੈਂਡਵਿੱਚ ਆਦਿ ਉੱਤੇ ਹੀ ਪੁੱਜ ਜਾਣਗੀਆਂ। ਇੱਥੇ ਬੋਰ ਹੋ ਰਹੇ ਹਨ। ਇਵੇਂ ਹੀ ਕੀਤਾ ਗਿਆ ਸੀ। ਮੇਜ਼ਬਾਨ ਨੇ ਆਖਿਆ ਕਿ ਕਾਕਾ ਪਾਣੀ ਵੀ ਪੀ ਲਵੋ। ਸਾਡੇ ਫ਼ਿਲਟਰਡ ਪਾਣੀ ਹੈ। ਫ਼ਿਲਟਰ ਲੱਗਾ ਹੋਇਆ ਹੈ ਸਾਡੇ। ਫ਼ਿਲਟਰਡ ਪਾਣੀ ਆਖਣ ਨਾਲ਼ ਉਹਨਾਂ ਨੇ ਪਾਣੀ ਪੀ ਲਿਆ। ਰੱਜ-ਰੱਜ ਕੇ ਪੀ ਲਿਆ। ਨਹੀਂ ਤਾਂ ਉਹਨਾਂ ਨੇ ਉਂਞੇ ਬਿਨਾਂ ਪਾਣੀ ਹੀ ਗੁਜ਼ਰ ਕਰਨੀ ਸੀ। ਸੈਂਡਵਿੱਚ ਵੀ ਆਂਡਿਆਂ ਵਾਲ਼ੇ ਉਹਨਾਂ ਨੇ ਦੋ-ਦੋ ਤਿੰਨ-ਤਿੰਨ ਖਾਧੇ।

ਮੁੰਡੇ ਕਲੀਨ-ਸ਼ੇਵਨ ਸਨ ਤੇ ਦੋਹਾਂ ਨੇ ਹੀ ਜੀਨਾਂ ਅਤੇ ਜਰਸੀਆਂ ਪਹਿਨੀਆਂ ਹੋਈਆਂ ਸਨ। ਰੰਗ ਗੋਰੇ ਨਹੀਂ ਸਨ, ਕਣਕਵੰਨੇ ਭਾਰਤੀ ਸਨ ਪਰ ਉਂਞ ਉਹ ਭਾਰਤੀ ਨਹੀਂ ਸਨ, ਕੈਨੇਡੀਅਨ ਅੰਗਰੇਜ਼ ਸਨ। ਕਲੀਨ-ਸ਼ੇਵਨ ਬਾਪ ਵੀ ਸੀ ਪਰ ਉਹ ਵਿੱਚੋਂ ਪੂਰਾ-ਸੂਰਾ ਭਾਰਤੀ ਪੰਜਾਬੀ ਸੀ। ਉਹਨੂੰ ਆਪਣੇ ਭਾਰਤ ਨਾਲ਼, ਪੰਜਾਬ ਨਾਲ਼ ਪਿਆਰ ਸੀ।

ਉਹਨਾਂ ਦੇ ਉੱਤੇ ਜਾਣ ਪਿੱਛੋਂ ਉਹ ਸਾਰੇ ਵਿਸਕੀ ਪੀਂਦੇ ਤੇ ਦੇਰ ਤੱਕ ਗੱਲਾਂ ਕਰਦੇ ਰਹੇ।

ਉਹਨਾਂ ਨੇ ਉਹਨਾਂ ਦੇ ਬਾਪ ਨੂੰ ਪੁੱਛਿਆ।

"ਕਿਹੋ-ਜਿਹਾ ਲੱਗਾ ਫੇਰ, ਇਹਨਾਂ ਨੂੰ ਆਪਣਾ ਦੇਸ, ਇੰਡੀਆ?"

"ਬੱਸ, ਕਹਿੰਦੇ ਠੀਕ ਹੈ। ਟ੍ਰੈਫ਼ਿਕ ਕਹਿੰਦੇ ਬਹੁਤ ਹੈ। ਢੰਗ-ਤਰੀਕਾ ਨਹੀਂ ਹੈ। ਕਦੇ ਗੱਡਾ ਆ ਜਾਂਦਾ ਹੈ ਮੂਹਰੇ, ਕਦੇ ਮੱਝ ਆ ਜਾਂਦੀ ਹੈ, ਅੱਗੇ। ਕੱਚੀ ਥਾਂ ਵੀ ਬਹੁਤ ਹੈ। ਸੜਕਾਂ ਚੰਗੀਆਂ ਨਹੀਂ ਹਨ। ਲੋਕ ਉੱਚੀ ਬੋਲਦੇ ਹਨ।"

"ਤਾਜ-ਮਹੱਲ ਦੇਖਿਆ?"

"ਹਾਂ, ਉਹ ਦਿਖਾਇਆ ਹੈ।"

"ਕੀ ਕਹਿੰਦੇ ਸਨ, ਦੇਖ ਕੇ?"

"ਕਹਿੰਦੇ ਸਨ ਕਿ ਚੰਗਾ ਹੈ।"

"ਬੱਸ, ਕੇਵਲ ਚੰਗਾ ਹੀ?"

"ਬੱਸ, ਏਨਾ ਹੀ ਕਿਹਾ ਸੀ।"

"ਦਰਬਾਰ ਸਾਹਿਬ, ਅੰਮ੍ਰਿਤਸਰ ?"

"ਹਾਂ, ਉਹ ਵੀ ਦੇਖਿਆ।"

"ਉਸ ਬਾਰੇ ਕੀ ਕਹਿੰਦੇ ਸਨ ?"

"ਬੱਸ, ਇਹੋ; ਠੀਕ ਹੈ। ਬੋਲਦੇ ਹੀ ਥੋੜ੍ਹਾ ਹਨ।"

"ਯਾਰ ਇਹ ਤਾਂ ਆਪਣੇ ਦੇਸ ਭਾਰਤ ਦੇ ਅਜੂਬੇ ਹਨ। ਇੱਕ ਚੰਨ, ਇੱਕ ਸੂਰਜ।"

"ਅਸਲ ਵਿੱਚ ਇਹਨਾਂ ਨੂੰ ਮਹੱਤਤਾ ਦਾ ਪਤਾ ਨਹੀਂ। ਕਹਿੰਦੇ ਨਾਈਸ ਬਿਲਡਿੰਗਾਂ ਹਨ।"

ਉਹਨੇ ਥੋੜ੍ਹਾ ਹੱਸ ਕੇ ਕਿਹਾ। ਬਾਕੀ ਵੀ ਮੁਸਕਾ ਪਏ ਕੁਝ।

"ਇਤਿਹਾਸ ਦੱਸ ਦੇਣਾ ਸੀ ?"

"ਫ਼ਾਲੋ ਹੀ ਤਾਂ ਇਹ ਕਰਦੇ ਨਹੀਂ। ਏਨੇ ਜੋਗੇ ਇਹ ਕਿੱਥੇ ਹਨ। ਅਸਲ ਵਿੱਚ ਮੈਂ ਇਸ ਗੱਲੋਂ ਬਹੁਤ ਹੀ ਪਰੇਸ਼ਾਨ ਹਾਂ। ਮੈਂ ਚਾਹੁੰਦਾ ਹਾਂ ਕਿ ਇਹ ਆਪਣੀ ਮਾਤਰ-ਭੂਮੀ ਨਾਲ਼ ਜੁੜਨ। ਆਪਣੇ-ਆਪ ਦੀ ਜੜ੍ਹ ਨੂੰ ਜਾਨਣ। ਪਰ... ਜਦੋਂ ਅਸੀਂ ਆਏ ਸਾਂ, ਸਵੇਰ ਵੇਲ਼ੇ ਦਿੱਲੀ ਏਅਰਪੋਰਟ ਉੱਤੇ ਪੁੱਜੇ ਸਾਂ, ਜਹਾਜ਼ ਲੈਂਡ ਕਰਨ ਲੱਗਾ। ਮੇਰੇ ਮੂੰਹੋਂ ਆਪਣੇ-ਆਪ ਹੀ, 'ਆ ਗਈ ਮੇਰੀ ਮਾਤਰ-ਭੂਮੀ, ਮਾਤਰ-ਭੂਮੀ ਨਮਸਕਾਰ', ਦੋ ਲਫ਼ਜ਼ ਨਿਕਲ਼ ਰਹੇ ਸਨ ਪਰ ਇਹ ਦੋਵੇਂ ਚੁੱਪ ਸਨ। ਜਹਾਜ਼ ਵਿੱਚੋਂ ਲੱਥੇ ਤਾਂ ਮੈਂ ਧਰਤੀ ਨੂੰ ਹੱਥ ਲਾ ਕੇ ਮੱਥੇ ਨਾਲ਼ ਛੁਹਾਇਆ ਤੇ ਨਮਸਕਾਰ ਆਖਿਆ। ਪਰ ਇਹ ਚੁੱਪ ਦੇ ਚੁੱਪ ਸਨ। ਫ਼ੀਲਿੰਗ ਹੀ ਕੋਈ ਨਹੀਂ ਸੀ। ਸਗੋਂ ਇਉਂ ਦੇਖਣ, ਜਿਵੇਂ ਮੈਂ ਕੋਈ ਪੱਥਰ-ਜੁਗ ਦਾ ਪਛੜਿਆ ਹੋਇਆ ਵਿਅਕਤੀ ਹੋਵਾਂ।"

"ਅਸਲ ਵਿੱਚ, ਨਿਰੰਜਣ ਸਿੰਘ ਜੀ," ਮੇਜ਼ਬਾਨ ਨੇ ਆਖਿਆ, "ਇਹ ਏਥੇ ਇਸ ਦੇਸ ਨਾਲ਼ ਫ਼ੈਮੀਲੀਅਰ ਨਹੀਂ ਹਨ ਤੇ ਨਾ ਹੀ ਹੋ ਸਕਦੇ ਹਨ। ਇਹਨਾਂ ਦਾ ਦੇਸ ਇਹ ਹੈ ਵੀ ਨਹੀਂ। ਇਹਨਾਂ ਦਾ ਦੇਸ ਕੈਨੇਡਾ ਹੈ। ਏਥੇ ਇਹ ਕੇਵਲ ਜੰਮੇ ਹਨ। ਜੰਮ ਕੋਈ ਕਿਤੇ ਵੀ ਸਕਦਾ ਹੈ। ਬਚਪਨ ਕਿੱਥੇ ਬੀਤਿਆ, ਕਿਸ ਮਾਹੌਲ ਵਿੱਚ ਬੀਤਿਆ, ਉਸ ਮਾਹੌਲ ਨਾਲ਼ ਹੀ ਕਿਸੇ ਦਾ ਮੋਹ-ਪਿਆਰ ਹੋ ਸਕਦਾ ਹੈ। ਸੋ, ਇਸ ਵਿੱਚ ਪਰੇਸ਼ਾਨ ਹੋਣ ਦੀ ਕੋਈ ਵੀ ਗੱਲ ਨਹੀਂ ਹੈ। ਤੁਸੀਂ ਪਰੇਸ਼ਾਨ ਨਾ ਹੋਵੋ। ਪਰੇਸ਼ਾਨ ਤਾਂ ਹੋਣਾ ਤੁਹਾਨੂੰ ਉੱਕਾ ਹੀ ਨਹੀਂ ਚਾਹੀਦਾ। ਇਹ ਮੁੰਡੇ ਭਾਰਤੀ ਨਹੀਂ, ਨਾ ਹੀ ਇਹ ਪੰਜਾਬੀ ਹਨ, ਇਹ ਵਿੱਚ-ਵਿਚਾਲ਼ਾ ਜਿਹੇ ਹਨ। ਇਹਨਾਂ ਦੇ ਪੁੱਤਰ-ਧੀਆਂ ਹੋਰ ਵੀ ਓਪਰੇ ਹੋ ਜਾਣੇ ਹਨ। ਇਉਂ ਹੀ ਫੇਰ ਕਦੇ ਜਾ ਕੇ ਨਸਲਾਂ ਬਦਲ ਜਾਂਦੀਆਂ ਹਨ।"

"ਚੰਡੀਗੜ੍ਹ ਨੂੰ ਕਹਿੰਦੇ ਸਨ ਕਿ ਹਾਂ, ਇਹ ਕੁਝ ਠੀਕ ਹੈ। ਏਥੇ ਰਿਹਾ ਜਾ ਸਕਦਾ ਹੈ।"

"ਉਹ ਯੂਰਪ ਦੇ ਨੇੜੇ ਹੈ, ਨਾ! ਫ਼ਰਾਂਸੀਸੀ ਆਰਕੀਟੈਕਟ ਨੇ ਨਕਸ਼ਾ ਵਾਹਿਆ ਹੋਇਆ ਹੈ ਤੇ ਮਾਡਰਨ ਲੇਅ-ਆਊਟ ਹੈ, ਆਪੇ ਹੀ ਪਸੰਦ ਹੈ। ਬਾਕੀ ਗੱਲਾਂ ਬਹੁਤੀਆਂ ਰਹਿਣ-ਸਹਿਣ ਦੀਆਂ ਵੀ ਹੁੰਦੀਆਂ ਹਨ ਤੇ ਆਦਤ ਜਿਹੀ ਪੈ ਜਾਣ ਦੀਆਂ ਵੀ। ਚੰਡੀਗੜ੍ਹ ਵਿੱਚ ਰਹਿਣ ਵਾਲ਼ੇ ਨੂੰ ਪਿੰਡ ਜਾ ਕੇ ਰਹਿਣਾ ਪਵੇ ਤਾਂ ਉਹਨੂੰ ਔਖ ਹੋ ਜਾਂਦੀ ਹੈ। ਕਿੱਥੇ ਤਾਂ ਫ਼ਲੱਸ਼-ਟੱਟੀਆਂ, ਕਿੱਥੇ ਬਾਹਰ ਖੇਤਾਂ ਵਿੱਚ ਜਾਣਾ। ਪਿੰਡਾਂ ਵਿੱਚ ਰਹਿਣ ਵਾਲ਼ਾ ਵੀ ਚੰਡੀਗੜ੍ਹ ਵਿੱਚ ਆ ਕੇ ਪਰੇਸ਼ਾਨ ਜਿਹਾ ਹੋ ਜਾਂਦਾ ਹੈ। ਇੱਕ ਬੁੱਢੀ ਤੇ ਬੁੱਢਾ ਆਪਣੇ ਪੁੱਤਰ ਕੋਲ਼ ਚੰਡੀਗੜ੍ਹ ਆਏ। ਮਾਈ ਨੂੰ ਚੰਡੀਗੜ੍ਹ ਟੱਟੀ ਨਾ ਆਵੇ। ਅਖੇ ਘਰ ਦੇ ਵਿੱਚ ਹੀ ਟੱਟੀ ? ਟੱਟੀ ਤਾਂ ਬਾਹਰ ਜਾਈਦਾ ਹੈ। ਘਰ ਵਾਲ਼ੇ ਨੂੰ ਆਖਣ ਲੱਗੀ, ਚੱਲੋ ਜੀ, ਚੱਲੀਏ ਪਿੰਡ।" ਤੀਜੇ ਦਿਨ ਹੀ ਪਿੰਡ ਮੁੜ ਆਈ। ਟੱਟੀ ਹੀ ਨਾ ਉੱਤਰੇ, ਉਹਨੂੰ। ਇਸ ਲਈ, ਨਿਰੰਜਣ ਸਿੰਘ ਜੀ, ਤੁਸੀਂ

ਪਰੇਸ਼ਾਨ ਨਾ ਹੋਵੋ। ਉਹਨਾਂ ਦਾ ਇਹ ਦੇਸ ਨਹੀਂ। ਦੂਜੀ ਗੱਲ ਇਹ ਵੀ ਹੈ, ਦੁਨੀਆ ਸਾਰੀ ਹੀ ਆਪਣੀ ਹੈ। ਸਾਰੇ ਦੇਸ ਆਪਣੇ ਹਨ। ਹਿੰਦੁਸਤਾਨ ਆਰੀਆਂ ਦਾ ਦੇਸ ਨਹੀਂ ਸੀ ਹੁੰਦਾ ਕਦੇ, ਅੱਜ ਇਹ ਹੈ ਹੀ ਆਰੀਆਂ ਦਾ। ਮੁਗ਼ਲ ਆਏ, ਪਠਾਣ ਆਏ, ਏਥੋਂ ਦੇ ਹੀ ਹੋ ਗਏ। ਹਾਲਾਂ ਕਿ ਬਾਹਰੋਂ ਆਏ ਸਨ। ਸੋ ਇਸ ਗੱਲ ਦੀ ਚਿੰਤਾ ਨਾ ਕਰੋ। ਅੱਜ ਤਾਂ ਦੁਨੀਆ ਉਂਵ ਵੀ ਸਾਰੀ ਇੱਕ ਹੁੰਦੀ ਜਾ ਰਹੀ ਹੈ। ਸੱਭਿਆਚਾਰ ਆਪੋ ਵਿੱਚ ਕਰੰਗੜੀਆਂ ਪਾ ਰਹੇ ਹਨ। ਅੰਗਰੇਜ਼ਾਂ ਦੇ ਘਰ ਹਬਸ਼ਣਾਂ, ਹਬਸ਼ੀਆਂ ਦੇ ਮੇਮਾਂ।"

"ਗੱਲ ਤਾਂ ਇਹ ਠੀਕ ਹੈ, ਪਰ...."

ਗਿਆਰਾਂ ਸਾਢੇ ਗਿਆਰਾਂ ਵੱਜ ਗਏ ਸਨ। ਸੌਣ ਦਾ ਵੇਲ਼ਾ ਹੋ ਗਿਆ ਸੀ। ਨਿਰੰਜਣ ਸਿੰਘ ਨੂੰ ਉੱਤੇ ਮੁੰਡਿਆਂ ਕੋਲ਼ ਹੀ ਭੇਜਿਆ ਗਿਆ ਸੀ ਤਾਂਜੋ ਉਹਨਾਂ ਦੀ ਲੋੜ ਅਨੁਸਾਰ ਉਹ ਉਹਨਾਂ ਦੀ ਖ਼ਬਰਗੀਰੀ ਰੱਖੇ। ਕਿਉਂਕਿ ਉਹਨਾਂ ਦੀ ਮਾਨਸਿਕਤਾ ਦਾ ਜਿੰਨਾ ਉਸ ਨੂੰ ਪਤਾ ਸੀ, ਹੋਰ ਕਿਸੇ ਨੂੰ ਨਹੀਂ ਸੀ। ਇਸ ਲਈ ਉਹਨੂੰ ਉੱਤੇ ਉਹਨਾਂ ਕੋਲ਼ ਹੀ ਸੌਣਾ ਚਾਹੀਦਾ ਸੀ। ਬਾਕੀ ਸਾਰੇ ਏਧਰ-ਉੱਧਰ ਐਡਜਸਟ ਹੋ ਗਏ ਸਨ। ਕੋਠੀ ਵੱਡੀ ਨਹੀਂ ਸੀ, ਦਿਲ ਜ਼ਰੂਰ ਕੋਠੀ ਵਾਲ਼ੇ ਮੇਜ਼ਬਾਨ ਦਾ ਵੱਡਾ ਸੀ। ਛੇ ਬੰਦੇ ਅਚਾਨਕ ਆਏ ਦਿੱਲੀ ਵਿੱਚ ਸਾਂਭਣੇ ਕੋਈ ਛੋਟੀ ਗੱਲ ਨਹੀਂ ਸੀ। ਉਹ ਵੀ ਇੱਕ ਨੌਕਰੀ ਤੋਂ ਰਿਟਾਇਰ ਹੋਏ ਪ੍ਰੋਫ਼ੈਸਰ ਲਈ। ਭਾਵੇਂ ਪੁੱਤਰ ਤੇ ਨੂੰਹ ਦੋਵੇਂ ਚੰਗੀਆਂ ਨੌਕਰੀਆਂ ਉੱਤੇ ਸਨ ਜੋ ਮਹਾਂਰਾਸ਼ਟਰ ਵਿੱਚ ਸਨ ਪਰ ਉਹ ਆਪਣੀ ਥਾਂਵੇਂ ਸਨ। ਘਰ ਵਿੱਚ ਉਹ ਤਿੰਨ ਇੱਥੇ ਦਿੱਲੀ ਵਿੱਚ ਰਹਿ ਰਹੇ ਸਨ; ਉਹ, ਉਹਦੀ ਪਤਨੀ ਤੇ ਪੁੱਤਰੀ। ਨੌਂ ਜੀਅ ਅੱਜ ਇਸ ਕੋਠੀ ਵਿੱਚ ਸੌਂ ਰਹੇ ਸਨ। ਨੌਆਂ ਨੇ ਹੀ ਖਾਣਾ ਖਾਧਾ।

ਸਵੇਰ ਹੋਈ। ਉੱਠੇ। ਮੁੰਡੇ ਅਤੇ ਉਹਨਾਂ ਦਾ ਪਿਤਾ ਉੱਤੋਂ ਹੀ ਤਿਆਰ ਹੋ ਕੇ ਡ੍ਰਾਇੰਗ ਰੂਮ ਵਿੱਚ ਆਏ ਸਨ ਤੇ ਇਸ ਸਮੇਂ ਉਹ ਏਧਰ-ਉੱਧਰ ਸੋਫ਼ਿਆਂ ਉੱਤੇ ਬੈਠੇ ਸਨ। ਟਾਇਲਟ ਅਤੇ ਬਾਥਰੂਮ ਉੱਤੇ ਵੀ ਬਣੇ ਹੋਏ ਸਨ। ਇਸ ਲਈ ਉਹ ਇਸ ਕੰਮੋਂ ਉੱਤੇ ਹੀ ਫ਼ਾਰਿਗ਼ ਹੋ ਗਏ ਸਨ। ਟਾਇਲਟ ਇੰਗਲਿਸ਼ ਨਹੀਂ ਸੀ, ਬੈਠਵੀਂ ਹਿੰਦੁਸਤਾਨੀ ਸੀ। ਚਲੋ, ਕਿਵੇਂ ਨਾ ਕਿਵੇਂ ਉਹਨਾਂ ਨੇ ਕੰਮ ਚਲਾ ਲਿਆ ਹੋਵੇਗਾ। ਮੁੰਡਿਆਂ ਦੀ ਹੀ ਮੁਸ਼ਕਿਲ ਸੀ। ਬਾਪ ਵੱਲੋਂ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਸੀ। ਉਹੀ ਸਨ ਸਮੱਸਿਆ। ਹੇਠਾਂ ਵੀ ਜੋ ਟਾਇਲਟ ਸੀ, ਉਹ ਵੀ ਹਿੰਦੁਸਤਾਨੀ ਹੀ ਸੀ।

ਬਾਹਰ ਨਜ਼ਰ ਮਾਰੀ ਤਾਂ ਬਾਰਸ਼ ਪੈਂਦੀ ਨਜ਼ਰ ਆਈ। ਜਨਵਰੀ ਦੀ ਬਾਰਿਸ਼ ਚਾਂਦੀ ਵਰਗੀ ਸਾਫ਼ ਕਣੀ।

"ਹਾਂ ਬਈ, ਨੌਜਵਾਨੋ, ਇੰਡੀਆ ਦੀ ਬਾਰਿਸ਼ ਦੇਖੋ। ਦੁਨੀਆ ਵਿੱਚ ਏਨੀ ਸੋਹਣੀ ਬਾਰਸ਼ ਕਿਤੇ ਵੀ ਹੁੰਦੀ ਨਹੀਂ। ਪੱਛਮ ਵਿੱਚ ਤਾਂ ਉੱਕਾ ਹੀ ਨਹੀਂ।" ਉਹਨਾਂ ਵਿੱਚੋਂ ਕਿਸੇ ਇੱਕ ਨੇ ਮੁੰਡਿਆਂ ਨੂੰ ਸੰਬੋਧਨ ਕੀਤਾ। "ਨਾ ਹੀ ਏਨੇ ਸੋਹਣੇ ਬੱਦਲ਼ ਕਿਸੇ ਹੋਰ ਥਾਂ ਹੁੰਦੇ ਨੇ, ਕਾਲ਼ੇ ਘਟ ਘਨਘੋਰ ਬੱਦਲ਼।"

ਮੁੰਡੇ ਸਿਰਫ਼ ਸੁਣਦੇ ਰਹੇ ਤੇ ਬਿਟਰ-ਬਿਟਰ ਤੱਕਦੇ ਰਹੇ। ਮੂੰਹੋਂ ਕੁਝ ਵੀ ਬੋਲੇ ਨਹੀਂ।

"ਇਹ ਜਨਵਰੀ ਦੇ ਦਿਨ ਹਨ। ਇੰਡੀਆ ਦੀ ਧੁੱਪ ਵੀ ਬੜੀ ਖ਼ੂਬਸੂਰਤ ਹੁੰਦੀ ਹੈ, ਜਨਵਰੀ ਦੇ ਦਿਨਾਂ ਵਿੱਚ। ਪੀਲ਼ੀ-ਪੀਲ਼ੀ ਰੇਸ਼ਮੀ ਧੁੱਪ। ਪੀਲ਼ੀ ਨਹੀਂ, ਬਸੰਤੀ ਧੁੱਪ।"

ਮੁੰਡੇ ਫੇਰ ਵੀ ਚੁੱਪ ਸਨ। ਬੱਸ, ਉਹ ਤੱਕਦੇ ਰਹੇ ਸਨ। ਖ਼ਾਲੀ-ਖ਼ਾਲੀ ਅੱਖਾਂ ਨਾਲ਼।

"ਇਹ ਬਸੰਤ ਦੇ ਦਿਨ ਹਨ। ਕੁਝ ਦਿਨਾਂ ਤੱਕ ਲੋਹੜੀ ਹੈ। ਫੇਰ ਬਸੰਤ ਆ ਜਾਵੇਗੀ। ਉਂਵ ਇਹ ਸਾਰੀ ਹੁਣੇ ਤੋਂ ਬਸੰਤ ਰੁੱਤ ਚੱਲ ਰਹੀ ਹੈ।"

"ਇਹਨਾਂ ਨੂੰ ਕੀ ਪਤਾ ਹੈ ਜੀ, ਇਹਨਾਂ ਸੁੰਦਰਤਾਈਆਂ ਦਾ। ਇਹੀ ਤਾਂ ਮੈਨੂੰ ਦੁੱਖ ਹੈ।" ਉਹਨਾਂ ਦਾ ਪਿਤਾ ਬੋਲਿਆ, "ਇਹਨਾਂ ਨੂੰ ਆਪਣੇ-ਆਪ ਦਾ ਤੇ ਆਪਣੇ ਦੇਸ ਦਾ ਪਤਾ ਹੀ ਨਹੀਂ। ਕਈ ਵਾਰ ਕਹਿ ਚੁੱਕੇ ਹਨ, ਚੱਲੋ ਡੈਡ, ਵਾਪਸ ਚੱਲੋ।"

"ਹਿੰਦੁਸਤਾਨ ਦੇ ਸੂਰਜ ਵਰਗਾ ਸੂਰਜ ਕਿਤੇ ਵੀ ਨਹੀਂ ਹੈ। ਨਾ ਹੀ ਕਿਤੇ ਚੰਦਰਮਾ। ਦੇਖੇ ਹਨ, ਇਹ ਚੰਨ, ਸੂਰਜ ?"

ਮੁੰਡਿਆਂ ਨੇ ਥੋੜ੍ਹਾ ਜਿਹਾ ਹੇਠਾਂ-ਉੱਤੇ ਸਿਰ ਹਿਲਾਇਆ।

"ਸਾਡੀ ਚੰਨ-ਚਾਨਣੀ ਵੀ ਬਹੁਤ ਖ਼ੂਬਸੂਰਤ ਹੈ। ਚਿੱਟੀ ਚੰਨ ਦੀ ਚਾਨਣੀ।"

ਮੁੰਡੇ ਕੇਵਲ ਤੱਕਦੇ ਰਹੇ।

"ਸਾਡੀ ਕਾਲ਼ੀ ਰਾਤ ਦਾ ਵੀ ਕਿਤੇ ਕੋਈ ਜਵਾਬ ਨਹੀਂ। ਮੱਸਿਆ ਦੀ ਕਾਲ਼ੀ ਰਾਤ। ਜਿਵੇਂ ਕਾਲ਼ੀ ਮਖ਼ਮਲ ਵਿੱਚ ਸਿਤਾਰੇ ਜੜੇ ਹੁੰਦੇ ਹਨ।" ਫੇਰ ਅੱਗੇ ਕਿਹਾ ਗਿਆ "ਸਾਡਾ ਪਿੱਪਲ਼, ਸਾਡਾ ਮੋਰ। ਪਿੱਪਲ਼ ਕੌਮੀ ਬਿਰਛ ਹੈ, ਮੋਰ ਸਾਡਾ ਕੌਮੀ ਪੰਛੀ।"

ਮੁੰਡਿਆਂ ਦੀਆਂ ਅੱਖਾਂ ਉਵੇਂ ਖੁੱਲ੍ਹੀਆਂ ਤੇ ਖ਼ਾਲੀ ਸਨ।

"ਸੱਚ, ਇਹਨਾਂ ਦੇ ਨਾਂ ਕੀ ਹਨ ? ਨਾਂ ਤਾਂ ਇਹਨਾਂ ਦੇ ਪੁੱਛੇ ਹੀ ਨਹੀਂ। ਕਿਉਂ ਬਈ, ਨੌਜਵਾਨੋ, ਕੀ ਹਨ, ਨਾਂ ਤੁਹਾਡੇ ?"

"ਇੱਕ ਦਾ ਨਾਂ ਹਰਿੰਦਰ ਹੈ, ਦੂਜੇ ਦਾ ਗੁਰਿੰਦਰ," ਉਹਨਾਂ ਦਾ ਬਾਪ ਬੋਲਿਆ, "ਕੈਨੇਡਾ ਵਿੱਚ ਆਪਣੇ ਆਪ ਨੂੰ ਇੱਕ ਹੈਰੀ ਅਖਵਾਉਂਦਾ ਹੈ ਤੇ ਦੂਜਾ ਗੈਰੀ।"

"ਚਲੋ, ਬਹੁਤ ਠੀਕ ਹੈ। ਬਹੁਤ ਸੁੰਦਰ ਨਾਂ ਹਨ।"

ਮੁੰਡੇ ਕੁਝ ਨਹੀਂ ਬੋਲੇ ਸਨ।

ਵੀਹ, ਬਾਈ ਜਾਂ ਪੱਚੀ ਦਿਨ ਉਹ ਏਥੇ ਰਹੇ ਹੋਣਗੇ। ਆਖ਼ਰ ਉਹਨਾਂ ਦੇ ਵਾਪਸ ਜਾਣ ਲਈ ਸੀਟਾਂ ਬੁੱਕ ਕਰਵਾਈਆਂ ਗਈਆਂ।

ਸੀਟਾਂ ਬੁੱਕ ਹੋਣ ਨਾਲ਼ ਹੀ ਜਿਵੇਂ ਉਹਨਾਂ ਦੀਆਂ ਅੱਖਾਂ ਵਿੱਚ ਕੁਝ ਚਮਕ ਜਿਹੀ ਆ ਗਈ ਸੀ। ਜਿਸ ਦਿਨ ਜਹਾਜ਼ ਉੱਡਿਆ, ਉਹਨਾਂ ਦੇ ਪਿਤਾ ਦੀਆਂ ਅੱਖਾਂ ਵਿੱਚ ਤਾਂ ਹੰਝੂ ਛਲਕ ਆਏ ਸਨ ਪਰ ਉਹਨਾਂ ਦੋਹਾਂ ਦੀਆਂ ਅੱਖਾਂ ਵਿੱਚ ਚੰਨ-ਸੂਰਜ ਦੀਆਂ ਕਿਰਨਾਂ ਅਤੇ ਸਿਤਾਰੇ ਚਮਕ ਰਹੇ ਸਨ। ਕਿਉਂਕਿ ਹੁਣ ਉਹ ਆਪਣੇ ਦੇਸ ਵੱਲ ਉੱਡਦੇ ਜਾ ਰਹੇ ਸਨ।

## ਪਾਠ-ਅਭਿਆਸ

### 1. ਵਸਤੂਨਿਸ਼ਠ ਪ੍ਰਸ਼ਨ / ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :

1. 'ਆਪਣਾ ਦੇਸ' ਕਹਾਣੀ ਦੇ ਆਧਾਰ 'ਤੇ ਦੱਸੋ:

(ੳ) ਦੋਵੇਂ ਭਰਾ ਭਾਰਤ ਨੂੰ ਕਿਵੇਂ ਵੇਖ ਰਹੇ ਸਨ ?

(ਅ) ਨਿਰੰਜਣ ਸਿੰਘ ਆਪਣੇ ਮੁੰਡਿਆਂ ਨੂੰ ਭਾਰਤ ਕਿਉਂ ਲੈ ਕੇ ਆਇਆ ਸੀ:

(i) ਉਹ ਚਾਹੁੰਦਾ ਸੀ ਕਿ ਉਸ ਦੇ ਬੱਚੇ ਆਪਣੀ ਮਾਤਰ-ਭੂਮੀ ਨਾਲ਼ ਜੁੜਨ।

(ii) ਉਹ ਉਹਨਾਂ ਨੂੰ ਭਾਰਤ-ਦਰਸ਼ਨ ਕਰਵਾਉਣਾ ਚਾਹੁੰਦਾ ਸੀ।

(ਉਪਰੋਕਤ ਵਿੱਚ ਸਹੀ ਉੱਤਰ ਉੱਤੇ ਸਹੀ (✓) ਲਾਓ)

(ੲ) ਨਿਰੰਜਣ ਸਿੰਘ ਦੇ ਮੁੰਡਿਆਂ ਦੇ ਨਾਂ ਹਰਿੰਦਰ ਅਤੇ ਗੁਰਿੰਦਰ ਸਨ।

(ਸਹੀ/ਗ਼ਲਤ)

(ਸ) ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀ ਆਪਣੀ ਸੰਤਾਨ ਬਾਰੇ ਕੀ ਚਿੰਤਾ ਕਰਦੇ ਹਨ ?

(ਹ) ਰੋਹਿਨੀ ਵਾਲ਼ੇ ਦੋਸਤ ਦੇ ਘਰ ਨਿਰੰਜਣ ਸਿੰਘ ਦੇ ਮੁੰਡੇ ਕਿਵੇਂ ਰਹੇ ?

(ਕ) 'ਇਹਨਾਂ ਦਾ ਦੇਸ ਇਹ ਹੈ ਵੀ ਨਹੀਂ। ਇਹਨਾਂ ਦਾ ਦੇਸ ਕੈਨੇਡਾ ਹੈ', ਮੇਜ਼ਬਾਨ ਨੇ ਇਹ ਸ਼ਬਦ ਕਿਉਂ ਕਹੇ ?

(ਖ) ਕਿਹੜੀਆਂ ਗੱਲਾਂ ਤੋਂ ਪਤਾ ਲੱਗਦਾ ਹੈ ਕਿ ਨਿਰੰਜਣ ਸਿੰਘ ਨੂੰ ਭਾਰਤ ਨਾਲ਼ ਪਿਆਰ ਹੈ ?

(ਗ) ਕਹਾਣੀ ਦੇ ਅੰਤ ਵਿੱਚ ਪਿਤਾ ਦੀਆਂ ਅੱਖਾਂ ਵਿੱਚ ਹੰਝੂ ਅਤੇ ਪੁੱਤਰਾਂ ਦੀਆਂ ਅੱਖਾਂ ਵਿੱਚ ਖ਼ੁਸ਼ੀ ਕਿਉਂ ਸੀ ?

2. 'ਆਪਣਾ ਦੇਸ' ਕਹਾਣੀ ਦਾ ਸਾਰ ਲਿਖੋ।

3. 'ਨਿਰੰਜਣ ਸਿੰਘ' ਦਾ ਪਾਤਰ-ਚਿਤਰਨ ਕਰੋ।

*******

# ਪ੍ਰੇਮ ਪ੍ਰਕਾਸ਼

| | | |
|---|---|---|
| ਮਾਤਾ ਜੀ ਦਾ ਨਾਂ | : | ਸ੍ਰੀਮਤੀ ਦਯਾ ਵੰਤੀ |
| ਪਿਤਾ ਜੀ ਦਾ ਨਾਂ | : | ਰਾਮ ਪ੍ਰਸਾਦ (ਪ੍ਰਿੰ.) |
| ਜਨਮ-ਮਿਤੀ | : | ਸਰਕਾਰੀ ਕਾਗਜ਼ਾਂ ਵਿੱਚ 7-4-1932<br>ਅਸਲ ਮਿਤੀ 26.06.1932 |
| ਜਨਮ-ਸਥਾਨ | : | ਖੰਨਾ, ਜ਼ਿਲ੍ਹਾ ਲੁਧਿਆਣਾ। |
| ਵਿੱਦਿਆ-ਪ੍ਰਾਪਤੀ | : | |
| ਕੰਮ-ਕਿੱਤਾ | : | ਅਧਿਆਪਕ, ਸੰਪਾਦਕ, ਸਾਹਿਤਕਾਰ, |
| ਰਚਨਾਵਾਂ | : | 'ਕਚਕੜੇ', 'ਨਮਾਜ਼ੀ', 'ਸ਼ਵੇਤਾਂਬਰ ਨੇ ਕਿਹਾ ਸੀ', 'ਕੁਝ ਅਣਕਿਹਾ ਵੀ', 'ਰੰਗਮੰਚ ਤੇ ਭਿਕਸ਼ੂ' ਕਹਾਣੀ-ਸੰਗ੍ਰਹਿ ਹਨ।<br>ਸ੍ਵੈਜੀਵਨੀ-'ਬੰਦੇ ਅੰਦਰ ਬੰਦੇ' ਅਤੇ 'ਆਤਮ ਮਾਯਾ' ਅਤੇ ਨਾਵਲ'ਦਸਤਾਵੇਜ਼'। |
| ਸਨਮਾਨ | : | ਰਾਸ਼ਟਰੀ ਸਾਹਿਤ ਅਕਾਦਮੀ ਵੱਲੋਂ 'ਕੁਝ ਅਣਕਿਹਾ ਵੀ' ਕਹਾਣੀ-ਸੰਗ੍ਰਹਿ ਲਈ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ। |

ਹਥਲੀ ਪਾਠ-ਪੁਸਤਕ ਵਿੱਚ ਆਪ ਜੀ ਦੀ ਕਹਾਣੀ 'ਮਾੜਾ ਬੰਦਾ' ਸ਼ਾਮਲ ਕੀਤੀ ਗਈ ਹੈ। ਇਸ ਕਹਾਣੀ ਵਿੱਚ ਮੱਧ-ਵਰਗੀ ਮਾਨਸਿਕਤਾ ਨੂੰ ਉਘਾੜ ਕੇ ਪੇਸ਼ ਕੀਤਾ ਗਿਆ ਹੈ। ਮੱਧ-ਵਰਗੀ ਪਤੀ-ਪਤਨੀ ਦਾ ਇੱਕ ਆਮ ਰਿਕਸ਼ਾ ਚਾਲਕ ਵੱਲੋਂ ਕੁਝ ਵੱਧ ਪੈਸੇ ਮੰਗਣ 'ਤੇ ਉਸ ਨਾਲ਼ ਖਹਿਬੜਨਾ, ਰਿਕਸ਼ੇ ਵਾਲ਼ੇ ਵੱਲੋਂ ਉਹਨਾਂ ਦੇ ਦਿੱਤੇ ਪੈਸੇ ਵਗਾਹ ਮਾਰਨ ਉਪਰੰਤ ਉਸ ਦਾ ਕਾਫ਼ੀ ਸਮੇਂ ਤੱਕ ਬਾਹਰ ਖੜ੍ਹੇ ਰਹਿਣਾ, ਦੋਂਹਾਂ ਪਤੀ-ਪਤਨੀ ਨੂੰ ਪਰੇਸ਼ਾਨ ਤੇ ਬੇਚੈਨ ਕਰ ਦਿੰਦਾ ਹੈ। ਦੋਵੇਂ ਹੀ ਆਪਣੇ ਕੰਮ ਵਿੱਚ ਇਕਾਗਰ-ਚਿੱਤ ਨਹੀਂ ਹੋ ਸਕਦੇ, ਘੜੀ-ਮੁੜੀ ਬਾਹਰ ਝਾਕ ਕੇ ਉਸ ਨੂੰ ਖੜ੍ਹੇ ਹੋਏ ਨੂੰ ਦੇਖ ਕੇ ਅੰਦਰ ਬੈਠੇ ਘਬਰਾਈ ਜਾਂਦੇ ਹਨ। ਅਸਲ ਵਿੱਚ ਆਪਣੇ-ਆਪ ਨੂੰ ਤਾਕਤਵਰ ਸਮਝਦੀ ਮੱਧ-ਵਰਗ ਦੀ ਪਤਨੀ ਇੱਕ ਆਮ, ਮਾੜੇ ਰਿਕਸ਼ਾ-ਚਾਲਕ ਤੋਂ ਭੈ-ਭੀਤ ਹੋ ਜਾਂਦੀ ਹੈ ਜਦਕਿ ਬਾਹਰ ਖੜ੍ਹਾ ਰਿਕਸ਼ਾ-ਚਾਲਕ ਤਾਕਤਵਰ ਜਾਪਣ ਲੱਗ ਜਾਂਦਾ ਹੈ। ਜਦੋਂ ਕੁਝ ਸਮਾਂ ਬਾਹਰ ਖੜ੍ਹੇ ਰਹਿਣ ਬਾਅਦ ਰਿਕਸ਼ੇ ਵਾਲ਼ਾ ਪੈਸੇ ਲਏ ਬਿਨਾਂ ਚਲਾ ਜਾਂਦਾ ਹੈ ਤਾਂ ਦੋਂਹਾਂ ਪਤੀ-ਪਤਨੀ ਨੂੰ ਸੁੱਖ ਦਾ ਸਾਹ ਤਾਂ ਆਉਂਦਾ ਹੈ ਪਰ ਨਾਲ਼ ਹੀ ਉਹਨਾਂ ਨੂੰ ਦੋਸ਼-ਭਾਵਨਾ ਵੀ ਆ ਘੇਰਦੀ ਹੈ। ਇਸ ਦੋਸ਼-ਭਾਵਨਾ ਤੋਂ ਛੁਟਕਾਰਾ ਪਾਉਣ ਲਈ ਉਹ ਸੋਚਦੇ ਹਨ ਕਿ ਉਹ ਤਿੰਨ ਰੁਪਏ ਪਿੰਗਲਵਾੜੇ ਨੂੰ ਦੇ ਦੇਣਗੇ ਤਾਂਜੋ ਉਹਨਾਂ ਨੂੰ ਮਾੜੇ ਬੰਦੇ ਨਾ ਸਮਝਿਆ ਜਾਵੇ।

# ਮਾੜਾ ਬੰਦਾ

ਉਹ ਉੱਥੇ ਹੀ ਖੜ੍ਹਾ ਸੀ।

ਮੇਰੀ ਪਤਨੀ ਨੇ ਮੈਥੋਂ ਚੋਰੀ-ਚੋਰੀ ਰਸੋਈ 'ਚੋਂ ਨਿਕਲ਼ ਕੇ ਉਹਨੂੰ ਦੋ ਵਾਰ ਦੇਖਿਆ। ਫੇਰ ਉਹ ਬੂਹੇ 'ਚ ਖਲੋ ਕੇ ਮੇਰੇ ਵੱਲ ਵੇਖਣ ਲੱਗੀ। ਮੈਂ ਖਿਝੀ ਨਜ਼ਰ ਨਾਲ਼ ਉਹਨੂੰ ਵੇਖਿਆ ਤਾਂ ਉਹ ਰਸੋਈ 'ਚ ਵੜ ਕੇ ਚਾਹ ਬਣਾਉਣ ਲੱਗ ਪਈ।

ਮੈਂ ਮੇਜ਼ 'ਤੇ ਬਹਿ ਕੇ ਫੇਰ ਉਹੀ ਚਿੱਠੀ ਲਿਖਣ ਦਾ ਜਤਨ ਕਰਨ ਲੱਗਾ ਜਿਹੜੀ ਕਈ ਦਿਨਾਂ ਤੋਂ ਅਧੂਰੀ ਪਈ ਸੀ। ਜੰਗਲ਼ਾਤ ਦੇ ਅਫ਼ਸਰ, ਆਪਣੀ ਭੂਆ ਦੇ ਪੁੱਤਰ-ਭਰਾ ਨੂੰ ਫ਼ਰਨੀਚਰ ਬਣਵਾ ਕੇ ਭੇਜਣ ਲਈ ਲਿਖਣਾ ਸੀ। ਸਾਈਜ਼ ਤੇ ਡਿਜ਼ਾਈਨ ਲਿਖਣ ਵੇਲ਼ੇ ਗੱਲ ਉਲ਼ਝ ਗਈ ਸੀ। ਜ਼ਰਾ ਕੁ ਸੁਲਝਣ ਲੱਗੀ ਤਾਂ ਪਤਨੀ ਨੇ ਆ ਕੇ ਹੌਲ਼ੀ ਦੇਣੀ ਕਿਹਾ, "ਹੈਂ ਜੀ, ਉਹ ਉੱਥੇ ਈ ਖਲੋਤੈ!"

ਪਤਨੀ ਹਾਲੇ ਵੀ ਬੇਚੈਨ ਸੀ। ਮੈਂ ਚਾਹੁੰਦਾ ਸੀ ਪਈ ਉਹਦਾ ਧਿਆਨ ਹੀ ਨਾ ਕਰੇ। ਪਰ ਮੈਥੋਂ ਆਪ ਚਿੱਠੀ ਲਿਖੀ ਨਹੀਂ ਸੀ ਜਾ ਰਹੀ। ਮੈਂ ਵੀ ਉਹਨੂੰ ਬਾਰੀ ਵਿੱਚੋਂ ਕਈ ਵਾਰ ਵੇਖ ਚੁੱਕਾ ਸੀ। ਉਹ ਉਂਜੇ ਖਲੋਤਾ ਸੀ— ਚੌਕ ਦੇ ਖੱਬੇ ਪਾਸੇ, ਆਪਣੇ ਰਿਕਸ਼ੇ ਦਾ ਰੁਖ਼ ਪਾਰਕ ਵੱਲ ਨੂੰ ਕਰ ਕੇ। ਪਹਿਲਾਂ ਉਹ ਰਿਕਸ਼ੇ ਦੀ ਗੱਦੀ 'ਤੇ ਬੈਠਾ ਸੀ। ਫੇਰ ਉਹ ਪੈਡਲਾਂ 'ਤੇ ਖਲੋ ਗਿਆ। ਹੁਣ ਉਹਨੇ ਕਾਠੀ 'ਤੇ ਕੂਹਣੀ ਰੱਖੀ ਹੋਈ ਸੀ ਤੇ ਝੁਕਿਆ ਖਲੋਤਾ ਸੀ। ਜਿਵੇਂ ਉਹਨੇ ਕਿਤੇ ਜਾਣਾ ਵੀ ਨਹੀਂ ਹੁੰਦਾ।

ਉਹਨੇ ਇੱਕ ਵਾਰ ਵੀ ਮੁੜ ਕੇ ਸਾਡੇ ਵੱਲ ਨਹੀਂ ਸੀ ਵੇਖਿਆ। ਘੱਟੋ-ਘੱਟ ਉਦੋਂ ਉਹ ਖ਼ਾਲੀ ਪਲਾਟ ਵੱਲ ਵੇਖੀ ਜਾ ਰਿਹਾ ਸੀ, ਜਿਵੇਂ ਉਹਦਾ ਸਾਡੇ ਨਾਲ਼ ਕੋਈ ਲੈਣ-ਦੇਣ ਹੀ ਨਾ ਹੋਵੇ। ਕੁੱਬੀ ਹੋਈ ਉਹਦੀ ਪਿੱਠ 'ਤੇ ਸੱਜੇ ਮੋਢੇ ਦੀ ਹੱਡੀ ਤੱਕ, ਭੈੜੀ ਜਿਹੀ ਬੁਸ਼ਰਟ 'ਤੇ ਹੋਰ ਰੰਗ ਦੇ ਕੱਪੜੇ ਦੀ ਟਾਕੀ ਲੱਗੀ ਹੋਈ ਸੀ। ਕੱਛੇ ਹੇਠ ਕਾਲ਼ੀਆਂ ਸੁੱਕੀਆਂ ਲੱਤਾਂ ਸਨ ਤੇ ਸਿਰ ਦੇ ਵਾਲ਼ ਮੈਲ਼ੇ, ਉਲ਼ਝੇ ਹੋਏ ਸਨ। ਉਹਨੂੰ ਵੇਖ ਕੇ ਈ ਦਿਲ ਖ਼ਰਾਬ ਹੁੰਦਾ ਸੀ। ਜੇ ਉਹਦੀ ਫੋਟੋ ਖਿੱਚ ਕੇ ਅਖ਼ਬਾਰ 'ਚ ਛਾਪੀ ਜਾਵੇ ਤੇ ਹੇਠਾਂ ਲਿਖ ਦਿੱਤਾ ਜਾਵੇ—ਇਹ ਹੈ ਉਹ ਮੁੰਡਾ ਜਿਹੜਾ ਆਪਣੇ ਮਾਲਕ, ਉਹਦੀ ਪਤਨੀ ਤੇ ਇੱਕਲੌਤੇ ਪੁੱਤਰ ਨੂੰ ਕਤਲ ਕਰ ਕੇ ਉਹਨਾਂ ਦੇ ਸਾਰੇ ਗਹਿਣੇ ਲੈ ਕੇ ਭੱਜ ਗਿਆ ਸੀ—ਤਾਂ ਲੋਕ ਸੱਚ ਮੰਨ ਲੈਣਗੇ। ਇਹਦੀਆਂ ਭੁੱਖੀਆਂ-ਭੁੱਖੀਆਂ ਨਜ਼ਰਾਂ ਏਸ ਤਰ੍ਹਾਂ ਹੈਰਾਨੀ ਨਾਲ਼ ਵੇਖਦੀਆਂ ਨੇ, ਜਿਵੇਂ ਕੁਝ ਚੰਗਾ ਵੇਖਿਆ ਹੀ ਨਹੀਂ ਹੁੰਦਾ ......ਕਮੀਨੀਆਂ ਜਿਹੀਆਂ।

ਜਦੋਂ ਉਹਨੇ ਭੈੜਾ ਜਿਹਾ ਮੂੰਹ ਕਰ ਕੇ, ਆਨੇ ਕੱਢ ਕੇ ਮੇਰੇ ਵੱਲ ਤੱਕਿਆ ਸੀ, ਜਿਵੇਂ ਹੱਤਕ ਕਰ ਰਿਹਾ ਹੋਵੇ, ਤਾਂ ਮੈਨੂੰ ਖਿਝ ਆ ਗਈ ਸੀ। ਤੇ ਜਦੋਂ ਉਹਨੇ ਮੇਰੀ ਪਤਨੀ ਦੇ ਫੜਾਏ ਦੋ ਰੁਪਏ ਬੁੜ-ਬੁੜ ਕਰਕੇ ਵਗਾਹ ਮਾਰੇ ਸਨ ਤਾਂ ਮੇਰਾ ਦਿਲ ਕੀਤਾ ਸੀ ਪਈ ਉਹਨੂੰ ਵਾਲ਼ਾਂ ਤੋਂ ਫੜ ਕੇ ਥੱਲੇ ਸੁੱਟ ਲਵਾਂ ਅਤੇ ਸੁੱਕੀਆਂ ਜਿਹੀਆਂ ਬਾਂਹਵਾਂ ਦੇ ਕਾਨੇ ਮਰੋੜ ਦਿਆਂ।

ਪਰ ਮੇਰੀ ਪਤਨੀ ਨੇ ਮੈਨੂੰ ਰੋਕ ਦਿੱਤਾ। ਕੁਝ ਮੈਂ ਆਪ ਵੀ ਚੁੱਪ ਕਰ ਗਿਆ ਪਈ ਏਸ ਕਮੀਨੇ ਜਿਹੇ ਬੰਦੇ ਨੂੰ ਕੀ ਹੱਥ ਲਾਉਣਾ ਏ, ਛਿੱਟੇ ਹੀ ਪੈਣਗੇ। ਉਹ ਨਿੱਕੀ ਜਿਹੀ ਗਾਲ਼ ਕੱਢ ਦੇਵੇ, ਹੱਥ ਚੁੱਕ ਲਵੇ, ਸ਼ਰੀਫ਼ ਆਦਮੀ ਮਿੱਟੀ ਹੋ ਜਾਂਦਾ ਏ। ਫੇਰ ਭਾਵੇਂ ਉਹ ਆਪਣੇ ਆਪ ਨੂੰ ਹੀ ਗਾਲ਼ਾਂ ਕੱਢ ਲਵੇ, ਲੋਕ ਸਮਝਦੇ ਨੇ ਦੂਜੇ ਨੂੰ ਹੀ ਕੱਢ ਰਿਹਾ ਏ।

ਉਂਞ ਵੀ ਮੈਂ ਨਹੀਂ ਚਾਹੁੰਦਾ ਪਈ ਮਾੜੇ ਬੰਦੇ ਨਾਲ਼ ਲੜਿਆ ਜਾਵੇ। ਪਰ ਇਹ ਬੇਇਨਸਾਫ਼ੀ ਵੀ ਸਹਿ ਨਹੀਂ ਹੁੰਦੀ। ਸਬਜ਼ੀ-ਮੰਡੀ ਤੋਂ ਇਥੋਂ ਤੱਕ ਦੇ ਦੋ ਰੁਪਏ ਦੇਣੇ ਤੈਅ ਕੀਤੇ ਸਨ, ਮੇਰੀ ਪਤਨੀ ਨੇ। ਫੇਰ ਝਗੜਾ ਕਾਹਦਾ ? ਇਹ ਕਮੀਨਾ ਤਰੀਕਾ ਏ ਇਹਨਾਂ ਦਾ ਮੰਗਣ ਦਾ ਜਾਂ ਠੱਗਣ ਦਾ। ਪਹਿਲਾਂ ਕਹਿਣਗੇ, ਜੋ ਮਰਜ਼ੀ ਦੇ ਦਿਉ। ਪਰ ਲੈਣ ਵੇਲ਼ੇ ਆਪਣੀ ਮਰਜ਼ੀ ਦੇ ਲੈਣਗੇ। ਜੇ ਪੈਸੇ ਤੈਅ ਕਰ ਲਉ ਤਾਂ ਜਦੋਂ ਮੁਹੱਲਾ ਨੇੜੇ ਆਉਣ ਲੱਗਦਾ ਏ ਤਾਂ ਕਹਿਣ ਲੱਗ ਪੈਂਦੇ ਨੇ—ਬੀਬੀ ਜੀ, ਇਹ ਤਾਂ ਬੜੀ ਦੂਰ ਏ। ਸ਼ਹਿਰ ਦਾ ਦੂਜਾ ਪਾਸਾ ਆ ਗਿਆ। ਮਾਡਲ ਟਾਊਨ ਤਾਂ ਡੂਢ ਮੀਲ ਲੰਮਾ ਏ, ਗ਼ਰੀਬ ਆਦਮੀ ਨੂੰ ਮਾਰ ਲਿਆ। ਏਸ ਵੇਲ਼ੇ ਕੋਈ ਏਨੀ ਦੂਰ ਕਾਹਨੂੰ ਆਉਂਦਾ ਏ।

ਅਜੇ ਤਾਂ ਦੁਪਹਿਰ ਦੇ ਦੋ ਹੀ ਵੱਜੇ ਸਨ। ਇਹਦਾ ਖ਼ਿਆਲ ਸੀ ਪਈ ਘਰ 'ਚ ਕੋਈ ਮਰਦ ਨਹੀਂ ਹੋਵੇਗਾ, ਜ਼ਨਾਨੀ ਨੂੰ ਠੱਗ ਲਵਾਂਗੇ। ਰਿਕਸ਼ਾ ਰੋਕ ਕੇ ਕਹਿੰਦਾ-ਇਹ ਤਾਂ ਬੀਬੀ ਜੀ ਸ਼ਕਤੀ ਨਗਰ ਈ ਆ ਗਿਆ। ਸੜਕ ਟੁੱਟੀ ਪਈ ਏ। ਤਿੰਨ ਰੁਪਏ ਦਿਓ।

ਅਵਾਜ਼ ਸੁਣ ਕੇ ਮੈਂ ਬਾਹਰ ਨਿਕਲ਼ ਆਇਆ। ਉਹਨੇ ਮੇਰੇ ਸਾਮ੍ਹਣੇ ਮੇਰੀ ਪਤਨੀ ਦੇ ਫੜਾਏ ਦੋ ਰੁਪਏ ਵਗਾਹ ਸੁੱਟੇ। ਜਦੋਂ ਮੈਂ ਉਹਨੂੰ ਕਮੀਨਾ ਕਹਿ ਕੇ ਮਾਰਨ ਲੱਗਾ ਤਾਂ—ਗ਼ਰੀਬ ਹਾਂ ਨਾ, ਮਾੜਾ ਬੰਦਾ ਹਾਂ ਨਾ—ਆਖਦਾ ਭੈੜੀਆਂ ਜਿਹੀਆਂ ਨਜ਼ਰਾਂ ਨਾਲ਼ ਵੇਖਦਾ ਰਿਕਸ਼ਾ ਲੈ ਕੇ ਤੁਰ ਗਿਆ। ਮੈਨੂੰ ਪਤਾ ਸੀ ਪਈ ਉਹ ਇੱਕ ਰੁਪਇਆ ਵੱਧ ਮੰਗ ਕੇ ਪੰਜਾਹ ਪੈਸੇ ਵੱਧ ਲੈਣੇ ਚਾਹੁੰਦਾ ਸੀ। ਪਰ ਇਹ ਕੋਈ ਤਰੀਕਾ ਸੀ ? ਉਹ ਮਿੰਨਤ ਨਾਲ਼, ਮਿੰਨਤ ਨਾ ਸਹੀ, ਨਿਮਰਤਾ ਨਾਲ਼ ਕਹਿੰਦਾ ਪਈ ਮੈਂ ਸਮਝਦਾ ਸੀ ਕੋਠੀ ਨੇੜੇ ਹੋਵੇਗੀ ਪਰ ਬੀਬੀ ਜੀ, ਇਹ ਦੂਰ ਨਿਕਲ਼ੀ। ਮੈਨੂੰ ਪੰਜਾਹ ਪੈਸੇ ਹੋਰ ਦੇ ਦਿਉ। ਉਹਨੂੰ ਉਸੇ ਵੇਲ਼ੇ ਮਿਲ਼ ਜਾਣੇ ਸਨ। ਭਗਤਣੀ ਮੇਰੀ ਪਤਨੀ ਤਾਂ ਤੁਰੇ ਜਾਂਦੇ ਗ਼ਰੀਬ-ਗ਼ੁਰਬੇ ਨੂੰ ਰੋਟੀ ਚਾਹ ਦੇ ਦਿੰਦੀ ਏ। ਇਹਨੇ ਤਾਂ ਫੇਰ ਵੀ ਉਹਨੂੰ ਢੋ ਕੇ ਲਿਆਂਦਾ ਸੀ। ਪਰ ਪੁਆੜਾ ਪੈ ਗਿਆ ਉਹਦੇ ਰੁਪਏ ਸੁੱਟਣ ਅਤੇ ਮੇਰੇ ਗਰਮ ਹੋਣ 'ਤੇ।

ਮੇਰੀ ਪਤਨੀ ਚਾਹ ਦਾ ਆਪਣਾ ਕੱਪ ਵੀ ਮੇਰੇ ਕੋਲ਼ ਲੈ ਆਈ ਤਾਂ ਚੀਨੀ ਲੈਣ ਦੇ ਬਹਾਨੇ ਇੱਕ ਵਾਰ ਫੇਰ ਉਹਨੂੰ ਵੇਖ ਆਈ। ਕੁਰਸੀ 'ਤੇ ਬਹਿ ਕੇ ਚਾਹ ਪੀਂਦੀ ਨੇ ਮੇਰੇ ਚਿਹਰੇ ਵੱਲ ਤੱਕਿਆ। ਜਦ ਮੈਂ ਚੁੱਪ ਹੀ ਰਿਹਾ ਤਾਂ ਆਪ ਹੀ ਬੋਲੀ, "ਛੱਡੋ ਪਰੇ, ਤਿੰਨ ਰੁਪਏ ਹੀ ਨੇ, ਦੇ ਦਿਓ, ਆਹ!"

"ਨਹੀਂ।" ਮੈਂ ਇੱਕੋ ਸ਼ਬਦ ਬੋਲਿਆ।

"ਉਹ ਗ਼ਰੀਬ ਏ, ਪੈਸੇ ਡਿਗ ਵੀ ਪੈਂਦੇ ਨੇ। ਬੱਚੇ ਰੋਜ਼ ਰੁਪਇਆ ਦੋ ਰੁਪਏ ਖ਼ਰਚ ਦੇਂਦੇ ਨੇ। ਕਿੰਨੇ ਪੈਸੇ ਐਵੇਂ ਰੋਹੜ ਛੱਡੀਦੇ ਨੇ।" ਉਹ ਰਿਕਸ਼ੇਵਾਲ਼ੇ ਦੀ ਵਕੀਲ ਬਣੀ ਬੈਠੀ ਸੀ। ਹਮਦਰਦੀ ਨਾਲ਼ ਜਾਂ ਡਰ ਨਾਲ਼। ਉਂਞ ਉਹਦੀ ਗੱਲ ਠੀਕ ਸੀ। ਮੈਂ ਰੋਜ਼ ਤਿੰਨ-ਢਾਈ ਰੁਪਏ ਦੀਆਂ ਸਿਗਰਟਾਂ ਪੀਂਦਾ ਹਾਂ। ਮਹੀਨੇ 'ਚ ਦੋ-ਤਿੰਨ ਵਾਰ ਸਿਨਮਾ ਦੇਖਦਾ ਹਾਂ।

"ਡੈਡੀ, ਰਿਕਸ਼ੇ ਵਾਲ਼ਾ ਉੱਥੇ ਖਲੋਤਾ। ......ਇੱਕ ਬੰਦੇ ਨੇ ਪੁੱਛਿਆ, ਚੱਲਣਾ ਈ, ਕੰਪਨੀ ਬਾਗ਼—ਕਹਿੰਦਾ ਨਹੀਂ।" ਮੇਰੇ ਵੱਡੇ ਪੁੱਤਰ ਨੇ ਆ ਕੇ ਦੱਸਿਆ।

"ਬੇਵਕੂਫ਼, ਜਾਹਲ, ਤਦੇ ..... ਗ਼ਰੀਬ ਨੇ। ਨਾਜਾਇਜ਼ ਤਰੀਕੇ ਨਾਲ਼ ਇੱਕ ਰੁਪਇਆ ਕਮਾਉਣ ਬਦਲੇ ਦੋ ਰੁਪਏ ਦੀ ਸਵਾਰੀ ਗੁਆ ਦਿੱਤੀ। ਪੂਰਾ ਇੱਕ ਘੰਟਾ ਬਰਬਾਦ ਕਰ ਲਿਆ। ਪੰਜ ਰੁਪਏ ਕਮਾਏ ਜਾ ਸਕਦੇ ਸੀ, ਏਸ ਸਮੇਂ, 'ਚ।" ਬੁੜਬੁੜਾ ਕੇ ਮੈਂ ਇੰਞ ਕਿਹਾ ਪਈ ਮੁੰਡਾ ਨਾ ਸੁਣੇ। ਤੇ ਚਿੱਠੀ ਅਧੂਰੀ ਹੀ ਪਰੇ ਕਰ ਦਿੱਤੀ। ਮੈਂ ਨਹੀਂ ਸੀ ਚਾਹੁੰਦਾ ਪਈ ਮੁੰਡੇ ਨੂੰ ਮੇਰੇ ਚਿਹਰੇ ਤੋਂ ਇਸ ਚਿੰਤਾ ਦਾ ਪਤਾ ਲੱਗੇ ਜਿਹੜੀ ਰਿਕਸ਼ਾਵਾਲ਼ੇ

ਦੇ ਖਲੋਣ ਨਾਲ਼ ਮੈਨੂੰ ਹੋ ਰਹੀ ਸੀ। ਮੈਂ ਪਤਨੀ ਨੂੰ ਵੀ ਇਵੇਂ ਜ਼ਾਹਿਰ ਕਰ ਰਿਹਾ ਸੀ ਤੇ ਸਮਝਾ ਵੀ ਰਿਹਾ ਸੀ ਪਈ ਉਹ ਉੱਧਰ ਧਿਆਨ ਹੀ ਨਾ ਦੇਵੇ। ........ ਆਪੇ ਥੱਕ-ਹਾਰ ਕੇ ਚਲਿਆ ਜਾਵੇਗਾ।

ਪਤਨੀ ਕੱਪ ਚੁੱਕ ਕੇ ਰਸੋਈ 'ਚ ਚਲੀ ਗਈ।

ਮੈਂ ਉੱਠ ਕੇ ਬਾਰੀ ਵਿੱਚੀਂ ਝਾਤੀ ਮਾਰੀ। ਕੋਈ ਹੋਰ ਰਿਕਸ਼ੇਵਾਲ਼ਾ ਉਹਦੇ ਕੋਲ਼ ਖਲੋਤਾ ਸੀ। ਉਹ ਦੂਜਾ ਰਿਕਸ਼ੇਵਾਲ਼ਾ ਕੋਈ ਗੱਲ ਕਰਕੇ ਕਾਹਲ਼ ਨਾਲ਼ ਅੱਡੇ ਵੱਲ ਨੂੰ ਚਲਾ ਗਿਆ। ਮੈਨੂੰ ਲੱਗਾ, ਉਹ ਆਪਣੇ ਸਾਥੀਆਂ ਨੂੰ ਬੁਲਾਉਣ ਗਿਆ ਏ। ਇਹਨਾਂ ਵਿੱਚ ਏਕਤਾ ਬੜੀ ਏ। ਝਗੜਾ ਹੋਣ 'ਤੇ ਸਾਰੇ ਚੰਬੜ ਜਾਂਦੇ ਨੇ। ਪਰ ਦੂਜੇ ਮੁਸਾਫ਼ਰ ਵੇਖ ਕੇ ਵੀ ਲੰਘ ਜਾਂਦੇ ਨੇ।

ਬੁਲਾ ਲਿਆਵੇ ਪਿਆ, ਮੈਂ ਕੋਈ ਡਰਦਾਂ ? ਸੋਚ ਕੇ ਮੈਂ ਕੁਰਸੀ 'ਤੇ ਬਹਿ ਗਿਆ।

ਪਤਨੀ ਮੁੜ ਕੇ ਆ ਕੇ ਬੂਹੇ 'ਚ ਖਲੋ ਗਈ। ਹੌਲ਼ੀ ਦੇਣੀ ਕਹਿੰਦੀ, "ਰਿਕਸ਼ੇਵਾਲ਼ੇ ਨੂੰ ਚੰਗਾ ਹੁੰਦਾ, ਇੱਕ ਕੱਪ ਚਾਹ ਪਿਆ ਦੇਂਦੀ। ਹੁਣ ਡੋਲ੍ਹਣੀ ਪਈ ਏ।" ਉਹ ਸਮਝੌਤੇ ਦਾ ਰਾਹ ਲੱਭ ਰਹੀ ਸੀ। ਲੱਗਦਾ ਸੀ, ਉਹ ਹਾਰ ਗਈ ਏ। ਜੇ ਉਹ ਰਿਕਸ਼ੇਵਾਲ਼ਾ ਮੁੜ ਕੇ ਆ ਜਾਵੇ ਤੇ ਮੈਂ ਇੱਥੋਂ ਚਲਾ ਜਾਵਾਂ ਤਾਂ ਇਹ ਉਹਨੂੰ ਚੁੱਪ ਕਰਕੇ ਤਿੰਨ ਰੁਪਏ ਹੀ ਦੇ ਦੇਵੇਗੀ।

"ਕਿਉਂ ਜੀ," ਉਹ ਕਹਿਣ ਲੱਗੀ। "ਜੇ ਰਾਤ ਹੋਵੇ, ਮੀਂਹ ਵੱਸਦਾ ਹੋਵੇ ਤਾਂ ਤਿੰਨ ਹੀ ਰੁਪਏ ਲੈਂਦੇ ਨੇ, ਰਿਕਸ਼ੇਵਾਲ਼ੇ ?"

"ਹੁਣ ਮੀਂਹ ਵੱਸਦੈ ?" ਮੇਰੇ ਮੂੰਹੋਂ ਇਹ ਗੱਲ ਸਖ਼ਤੀ ਨਾਲ਼ ਨਿਕਲ਼ ਗਈ, ਏਸ ਦਾ ਅਹਿਸਾਸ ਮੈਨੂੰ ਵੀ ਸ਼ਿੱਦਤ ਨਾਲ਼ ਹੋਇਆ। ਉਹ ਉੱਠ ਕੇ ਦੂਜੇ ਕਮਰੇ 'ਚ ਚਲੀ ਗਈ। .....ਮੈਂ ਚਿੱਠੀ 'ਤੇ ਦੋ-ਤਿੰਨ ਸਤਰਾਂ ਝਰੀਟੀਆਂ ਤੇ ਪੂਰੀ ਕਰ ਦਿੱਤੀ, ਪੂਰੀ ਕੀ ਕਰ ਦਿੱਤੀ, ਥੱਕ-ਹਾਰ ਕੇ ਲਿਖ ਦਿੱਤਾ—ਹੋਰ ਗੱਲਾਂ ਮੈਂ ਅਗਲੀ ਚਿੱਠੀ 'ਚ ਲਿਖਾਂਗਾ। ਡਿਜ਼ਾਈਨ ਜਿਹੜਾ ਤੁਹਾਨੂੰ ਚੰਗਾ ਲੱਗੇ, ਤੇ ਲੱਕੜ ਬਾਰੇ ਮਿਸਤਰੀ ਨੇ ਜਿਹੜੀ ਗੱਲ ਮੈਨੂੰ ਦੱਸੀ ਸੀ, ਉਹ ਭੁੱਲ-ਭੱਲ ਗਈ ਏ। ਵਿਚਕਾਰ .......... ਉਹ ਆ ਗਿਆ ਸੀ, ਜਿਹੜਾ ਚੌਕ 'ਚ ਖਲੋਤਾ ਸੀ। ਸ਼ਾਇਦ ਹਾਲੇ ਵੀ ਉਂਞ ਖਲੋਤਾ ਹੋਵੇ, ਰਿਕਸ਼ੇ ਦੀ ਕਾਠੀ 'ਤੇ ਕੂਹਣੀ ਟਿਕਾ ਕੇ।

ਮੈਨੂੰ ਪਤਨੀ ਦੀ ਏਸ ਆਦਤ 'ਤੇ ਖਿਝ ਆਈ ਕਿ ਜਦੋਂ ਵੀ ਕੋਈ ਮਜ਼ਦੂਰ ਝਗੜਾ ਪਾਵੇ ਤਾਂ ਵੱਧ ਪੈਸੇ ਦੇ ਕੇ ਖ਼ਲਾਸੀ ਕਰ ਲਈ ਜਾਵੇ।...ਤੇ ਅੱਡੇ 'ਤੇ ਬੈਠੇ ਮੰਗਤੇ ਦੀ ਇਹ ਗੱਲ ਮੰਨ ਲਈ ਜਾਵੇ ਕਿ ਪੰਝੀ ਪੈਸੇ ਦਾ ਪਾਨ ਖਾ ਕੇ ਥੁੱਕ ਦੇਂਦੇ ਹੋ, ਇਸ ਗ਼ਰੀਬ ਦੀ ਤਲ਼ੀ 'ਤੇ ਥੁੱਕ ਦਿਓ। ਇਸ ਮਾਮਲੇ 'ਚ ਮੈਂ ਉਹਦੇ ਨਾਲ਼ ਬਹਿਸ ਨਹੀਂ ਕਰਨਾ ਚਾਹੁੰਦਾ। ਕਿਉਂਕਿ ਇਹ ਗੱਲ ਦਲੀਲ ਨਾਲੋਂ ਵੱਧ ਭਾਵਨਾ ਦੀ ਏ। ਉਹ ਪੁੰਨ ਸਮਝ ਕੇ ਸੁਖੀ ਹੋ ਜਾਂਦੀ ਏ ਤੇ ਰਿਕਸ਼ੇਵਾਲ਼ਾ ਜਾਂ ਮੰਗਤਾ ਠੇਕੇ ਤੋਂ ਬੋਤਲ ਲੈ ਆਉਂਦਾ ਏ।

ਮੇਰਾ ਦਿਲ ਕੀਤਾ, ਉੱਠ ਕੇ ਰਿਕਸ਼ੇਵਾਲ਼ੇ ਕੋਲ਼ ਜਾਵਾਂ ਤੇ ਪੁੱਛਾਂ ਪਈ ਤੈਂ ਜਾਣਾ ਏ ਕਿ ਨਹੀਂ ? ਭਲਾਮਾਣਸ ਬਣ ਕੇ ਪੈਸੇ ਲੈ ਕੇ ਟੁਰ ਜਾ, ਨਹੀਂ ਤਾਂ ਛਿੱਤਰ ਲਾ... ਲ਼ਆ ਦਿਆਂਗਾ। ਪੁਲਿਸ ਨੂੰ ਫ਼ੋਨ ਕਰਕੇ ਕਹਿ ਦਿਆਂਗਾ...ਇਹ ਬਦਮਾਸ਼ ਰਿਕਸ਼ਾਵਾਲ਼ਾ ਮੈਨੂੰ ਧਮਕੀਆਂ ਦੇਂਦਾ ਏ। ਮੇਰੀ ਇੱਜ਼ਤ ਨੂੰ ਹੱਥ ਪਾਉਣ ਨੂੰ ਫਿਰਦਾ ਏ।

ਔਖਾ ਜਿਹਾ ਉੱਠ ਕੇ ਮੈਂ ਬਰਾਂਡੇ 'ਚ ਆਇਆ। ਗੁੱਸੇ ਨਾਲ਼ ਵਿਹੜੇ 'ਚ ਗਿਆ। ਗੇਟ ਵੱਲ ਵਧਿਆ ਤਾਂ ਉਹ ਰਿਕਸ਼ਾਵਾਲ਼ਾ ਉੱਥੇ ਨਹੀਂ ਸੀ। ਮੈਂ ਪਿਛਾਂਹ ਮੁੜ ਕੇ ਪਤਨੀ ਨੂੰ 'ਵਾਜ ਮਾਰੀ। ਉਹ ਕੋਈ ਧਰਮ-ਪੋਥੀ

ਪੜ੍ਹਦੀ ਬਾਹਰ ਨਿਕਲ਼ੀ, ਮੈਂ ਉਹਨੂੰ ਦੱਸਿਆ ਕਿ ਉਹ ਚਲਾ ਗਿਆ ਏ।" ਉਹਨੇ ਝੱਟ ਦੇਣੀ ਪੋਥੀ ਬੰਦ ਕਰ ਕੇ ਬਰਾਂਡੇ ਦੀ ਬੰਨੀ 'ਤੇ ਰੱਖ ਦਿੱਤੀ। ਅਸੀਂ ਲਾਅਨ 'ਚ ਪਈਆਂ ਕੁਰਸੀਆਂ 'ਤੇ ਬਹਿ ਗਏ। ਉਹਦੇ ਚਿਹਰੇ 'ਤੇ ਦੁੱਖ ਦਾ ਜਿਹੜਾ ਪੋਚਾ ਫਿਰਿਆ ਪਿਆ ਸੀ, ਉਹ ਧੁਪ ਗਿਆ ਸੀ। ਮੈਂ ਐਵੇਂ ਪੁੱਛਿਆ, "ਅੱਜ ਰਾਤੀਂ ਫ਼ਿਲਮ ਨਾ ਵੇਖ ਆਈਏ ?"

"ਹੂੰ...ਉਂ-ਉਂ।...ਹੁਣ ਆਪਾਂ ਇਹ ਤਿੰਨ ਰੁਪਏ ਪਿੰਗਲਵਾੜੇ ਨੂੰ ਦੇ ਦਿਆਂਗੇ।"

"ਤੇ ਉਹ ਪੰਜਾਹ ਪੈਸੇ, ਜਿਹੜੇ ਤੈਂ ਵੱਧ ਦੇਣੇ ਸਨ ?"

"ਉਹ ? ਉਹ ਅੱਡੇ ਵਾਲ਼ੇ ਮੰਗਤੇ ਦੀ ਤਲ਼ੀ 'ਤੇ ਧਰ ਦਿਆਂਗੇ।"

"ਜਿਵੇਂ ਤੇਰੀ ਮਰਜ਼ੀ ! ਤੂੰ ਮੁਖ਼ਤਿਆਰ ਏਂ। ਮੈਨੂੰ ਕੀ ?" ਗੱਲ ਕਰ ਕੇ ਅਸੀਂ ਇੱਕ- ਦੂਜੇ ਵੱਲ ਵੇਖਿਆ ਤੇ ਮੁਸਕਰਾ ਪਏ।

## ਪਾਠ-ਅਭਿਆਸ

1. **ਵਸਤੂਨਿਸ਼ਠ ਪ੍ਰਸ਼ਨ/ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :**

   **'ਮਾੜਾ ਬੰਦਾ' ਕਹਾਣੀ ਦੇ ਆਧਾਰ 'ਤੇ ਦੱਸੋ :**

(ੳ) 'ਮਾੜਾ ਬੰਦਾ' ਕਹਾਣੀ ਵਿੱਚ ਮਾੜਾ ਬੰਦਾ ਕੌਣ ਹੈ ?

(i) ਰਿਕਸ਼ੇਵਾਲ਼ਾ

(ii) ਲੇਖਕ ਦੀ ਪਤਨੀ

(iii) ਲੇਖਕ

(iv) ਤਿੰਨਾਂ ਵਿੱਚੋਂ ਕੋਈ ਵੀ ਨਹੀਂ ।

(ਉਪਰੋਕਤ ਵਿੱਚੋਂ ਸਹੀ ਉੱਤਰ ਉੱਤੇ ਸਹੀ (✓) ਲਾਓ)

(ਅ) ਲੇਖਕ ਦੀ ਪਤਨੀ ਬੇਚੈਨ ਸੀ, ਕਿਉਂਕਿ:

(i) ਰਿਕਸ਼ੇਵਾਲ਼ੇ ਨੇ ਪੈਸੇ ਵਗਾਹ ਮਾਰੇ ਸਨ।

(ii) ਉਸ ਨੇ ਰਿਕਸ਼ੇਵਾਲ਼ੇ ਨੂੰ ਤੈਅ ਕੀਤੇ ਪੈਸਿਆਂ ਤੋਂ ਘੱਟ ਪੈਸੇ ਦਿੱਤੇ ਸਨ।

(ੲ) ਲੇਖਕ ਕਿਸ ਨੂੰ ਚਿੱਠੀ ਲਿਖਣ ਦਾ ਯਤਨ ਕਰ ਰਿਹਾ ਸੀ ?

(ਸ) ਲੇਖਕ ਦੀ ਪਤਨੀ ਦਾ ਰਿਕਸ਼ੇਵਾਲ਼ੇ ਨਾਲ਼ ਝਗੜਾ ਕਿਉਂ ਹੋਇਆ :

(i) ਕਿਉਂਕਿ ਰਿਕਸ਼ੇਵਾਲ਼ਾ ਤੈਅ ਕੀਤੇ ਪੈਸੇ ਮੰਗਦਾ ਸੀ।

(ii) ਕਿਉਂਕਿ ਰਿਕਸ਼ੇਵਾਲ਼ਾ ਤੈਅ ਕੀਤੇ ਪੈਸਿਆਂ ਤੋਂ ਵੱਧ ਪੈਸੇ ਮੰਗਦਾ ਸੀ।

(ਉਪਰੋਕਤ ਵਿੱਚੋਂ ਸਹੀ ਉੱਤਰ ਉੱਤੇ ਸਹੀ (✓) ਲਾਓ)

(ਹ) ਰਿਕਸ਼ੇਵਾਲ਼ੇ ਨੇ ਪੈਸੇ ਕਿਉਂ ਵਗਾਹ ਮਾਰੇ ?

2. ਰਿਕਸ਼ੇਵਾਲ਼ੇ ਦਾ ਹੁਲੀਆ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।
3. ਲੇਖਕ ਦੇ ਰਿਕਸ਼ੇਵਾਲ਼ੇ ਬਾਰੇ ਕੀ ਵਿਚਾਰ ਹਨ ? ਆਪਣੇ ਸ਼ਬਦਾਂ ਵਿੱਚ ਲਿਖੋ।
4. 'ਮਾੜਾ ਬੰਦਾ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

*******

**ਕਹਾਣੀਕਾਰ ਬਾਰੇ**

# ਗੁਲਜ਼ਾਰ ਸਿੰਘ ਸੰਧੂ
## (1935)

| | | |
|---|---|---|
| ਮਾਤਾ ਜੀ ਦਾ ਨਾਂ | : | ਸ੍ਰੀਮਤੀ ਗੁਰਚਰਨ ਕੌਰ |
| ਪਿਤਾ ਜੀ ਦਾ ਨਾਂ | : | ਸ. ਹਰੀ ਸਿੰਘ |
| ਜਨਮ-ਮਿਤੀ | : | 27 ਫ਼ਰਵਰੀ, 1935 |
| ਜਨਮ-ਸਥਾਨ | : | ਪਿੰਡ ਕੋਟਲਾ ਬਡਲਾ, ਜ਼ਿਲ੍ਹਾ ਲੁਧਿਆਣਾ |
| ਵਿੱਦਿਆ-ਪ੍ਰਾਪਤੀ | : | ਐੱਮ. ਏ. (ਅੰਗਰੇਜ਼ੀ) |
| ਕੰਮ-ਕਿੱਤਾ | : | ਆਪ ਵੱਖ-ਵੱਖ ਮਹਿਕਮਿਆਂ ਵਿੱਚ ਅਧਿਕਾਰੀ ਪਦਾਂ 'ਤੇ ਰਹੇ। ਇਸ ਤੋਂ ਬਿਨਾਂ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਪੱਤਰਕਾਰੀ ਵਿਭਾਗ ਵਿੱਚ ਪ੍ਰੋਫ਼ੈਸਰ ਵੀ ਰਹੇ ਹਨ। ਉਹ 'ਪੰਜਾਬੀ ਟ੍ਰਿਬਿਊਨ' ਅਤੇ 'ਦੇਸ਼ ਸੇਵਕ' ਦੈਨਿਕ ਅਖ਼ਬਾਰਾਂ ਦੇ ਸੰਪਾਦਕ ਵੀ ਰਹੇ। |
| ਰਚਨਾਵਾਂ | : | 'ਹੁਸਨ ਦੇ ਹਾਣੀ', 'ਇੱਕ ਸਾਂਝ ਪੁਰਾਣੀ' 'ਸੋਨੇ ਦੀ ਇੱਟ', 'ਅਮਰ ਕਥਾ', 'ਗਮਲੇ ਦੀ ਵੇਲ', ਅਤੇ 'ਰੁਦਨ ਬਿੱਲੀਆਂ ਦਾ' ਉਹਨਾਂ ਦੇ ਮੁੱਖ ਕਹਾਣੀ-ਸੰਗ੍ਰਹਿ ਹਨ। |
| ਸਨਮਾਨ | : | ਉਹਨਾਂ ਦੇ ਕਹਾਣੀ-ਸੰਗ੍ਰਹਿ 'ਅਮਰ ਕਥਾ' ਨੂੰ ਸਾਹਿਤ ਅਕਾਦਮੀ ਵੱਲੋਂ ਰਾਸ਼ਟਰੀ ਪੁਰਸਕਾਰ ਦਿੱਤਾ ਗਿਆ। ਉਹਨਾਂ ਨੂੰ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਅਤੇ ਪੰਜਾਬ ਸਰਕਾਰ ਵੱਲੋਂ ਸਾਹਿਤ ਸ਼੍ਰੋਮਣੀ ਪੁਰਸਕਾਰ ਮਿਲ਼ਿਆ। ਉਹਨਾਂ ਨੂੰ ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰੋਫ਼ੈਸਰ ਐਮਿਰੈਟਸ ਵੀ ਲਾਇਆ ਗਿਆ। |

ਹਥਲੀ ਪੁਸਤਕ ਵਿੱਚ ਗੁਲਜ਼ਾਰ ਸਿੰਘ ਸੰਧੂ ਦੀ ਕਹਾਣੀ 'ਘਰ ਜਾਹ ਆਪਣੇ' ਸ਼ਾਮਲ ਕੀਤੀ ਗਈ ਹੈ। ਇਸ ਕਹਾਣੀ ਵਿੱਚ ਪੰਜਾਬੀਆਂ ਦੇ ਰੀਤੀ-ਰਿਵਾਜ ਅਤੇ ਪੰਜਾਬ ਦੇ ਪੇਂਡੂ ਸੱਭਿਆਚਾਰ ਦਾ ਚਿਤਰਨ ਪੇਸ਼ ਕੀਤਾ ਗਿਆ ਹੈ। ਉਸ ਸਮੇਂ ਦੇ ਵਿਆਹ ਦੇ ਮਾਹੌਲ ਅਤੇ ਆਪਸੀ ਰਿਸ਼ਤਿਆਂ ਨੂੰ ਇਹ ਕਹਾਣੀ ਉਜਾਗਰ ਕਰਦੀ ਹੈ। ਵਿਆਹ ਨਾਲ਼ ਸੰਬੰਧਿਤ ਰਸਮਾਂ, ਤਿਆਰੀਆਂ ਅਤੇ ਭੈਣ-ਭਰਾ ਦੇ ਪਿਆਰ ਤੋਂ ਮਾਣ-ਮਰਯਾਦਾ ਨੂੰ ਬਹੁਤ ਸ਼ਿੱਦਤ ਨਾਲ਼ ਇਹ ਕਹਾਣੀ ਬਿਆਨ ਕਰਦੀ ਹੈ।

# ਘਰ ਜਾਹ ਆਪਣੇ

ਇਸ ਘਰ ਵਿੱਚ ਪਿਛਲੇ ਚਾਲ਼ੀ ਵਰ੍ਹਿਆਂ ਤੋਂ ਕਿਸੇ ਮੁੰਡੇ ਦਾ ਵਿਆਹ ਨਹੀਂ ਸੀ ਹੋਇਆ। ਚਾਲ਼ੀ ਕੁ ਵਰ੍ਹੇ ਪਹਿਲਾਂ ਜੀਤੋ ਦੇ ਬਾਪੂ ਦਾ ਵਿਆਹ ਹੋਇਆ ਸੀ ਤੇ ਹੁਣ ਮਸਾਂ-ਮਸਾਂ ਉਸ ਦੇ ਵੀਰ ਦੀ ਉਮਰ ਆਈ ਸੀ, ਵਿਆਹ ਕਰਵਾਉਣ ਦੀ। ਪਰ ਉਹ ਮੰਨਦਾ ਹੀ ਨਹੀਂ ਸੀ। ਜੀਤੋ ਦੇ ਚਾਚੇ-ਚਾਚੀਆਂ, ਮਾਮੇ-ਮਾਮੀਆਂ, ਜੀਤੋ ਦੀਆਂ ਦੂਰੋਂ-ਨੇੜਿਓਂ ਲੱਗਦੀਆਂ ਭਾਬੀਆਂ, ਜੀਤੋ ਦੀਆਂ ਆਪਣੀਆਂ ਸਹੇਲੀਆਂ ਜੀਤੋ ਦੇ ਵੀਰ ਨੂੰ ਉਲਾਂਭੇ ਦਿੰਦੀਆਂ ਕਿ ਉਹ ਉਹਨਾਂ ਨੂੰ ਇਕੱਠੇ ਮਿਲ਼ ਕੇ ਬੈਠਣ ਦਾ ਮੌਕਾ ਨਹੀਂ ਸੀ ਦਿੰਦਾ। ਵਿਆਹ ਇੱਕੋ-ਇੱਕ ਮੌਕਾ ਹੁੰਦਾ ਹੈ ਜਦੋਂ ਇਕੱਠੇ ਹੋ ਕੇ ਬੈਠੀਦਾ ਹੈ ਪਰ ਜੀਤੋ ਦਾ ਵੀਰ ਸੀ ਕਿ ਮੰਨਣ ਵਿੱਚ ਹੀ ਨਹੀਂ ਸੀ ਆਉਂਦਾ।

ਤੇ ਫੇਰ ਘਰਦਿਆਂ ਨੇ ਆਪਣਾ ਚਾਅ ਪੂਰਾ ਕਰਨ ਦਾ ਇੱਕ ਹੋਰ ਤਰੀਕਾ ਲੱਭ ਲਿਆ। ਜੀਤੋ ਦੇ ਵੀਰ ਦੀ ਥਾਂ ਜੀਤੋ ਦਾ ਹੀ ਵਿਆਹ ਰਚਾ ਦਿੱਤਾ। ਅੰਗਾਂ-ਸਾਕਾਂ ਨੇ ਵੀ ਸੋਚਿਆ ਕਿ ਰਲ਼ ਬੈਠਣ ਦਾ ਚੰਗਾ ਬਹਾਨਾ ਸੀ। ਵੱਡੀ ਗੱਲ ਇਹ ਕਿ ਸਭ ਦੇ ਸਿਰ ਦਾ ਭਾਰ ਹੌਲ਼ਾ ਹੁੰਦਾ ਸੀ। ਕਿਸੇ ਦੀ ਜੀਤੋ ਭਾਣਜੀ ਸੀ। ਕਿਸੇ ਦੀ ਭਤੀਜੀ ਸੀ। ਕਿਸੇ ਦੀ ਜੀਤੋ ਨਣਾਨ ਸੀ, ਕਿਸੇ ਦੀ ਜੀਤੋ ਪੋਤਰੀ ਤੇ ਕਿਸੇ ਦੀ ਦੋਹਤਰੀ ਸੀ। ਇੱਕ ਜੀਤੋ ਨੂੰ ਵਿਆਹਿਆਂ ਸਭ ਦਾ ਪੁੰਨ ਹੁੰਦਾ ਸੀ ਤੇ ਸਾਰਿਆਂ ਦੇ ਸਿਰ ਦਾ ਬੋਝ ਹੌਲ਼ਾ ਹੁੰਦਾ ਸੀ ਤੇ ਨਾਲ਼ੇ ਜੀਤੋ ਦੇ ਵੀਰ ਦਾ ਕੀ ਪਤਾ ਸੀ, ਕਦੋਂ ਮੰਨਦਾ। ਕੁੜੀਆਂ ਨੂੰ ਕੋਈ ਘਰ ਥੋੜ੍ਹੀ ਬਿਠਾਈ ਰੱਖਦਾ ਹੈ। ਸਤਾਰ੍ਹਵਾਂ ਸਾਲ ਜੀਤੋ ਨੂੰ ਲੱਗ ਗਿਆ ਸੀ, ਕੋਈ ਨਿਆਣੀ ਥੋੜ੍ਹੀ ਸੀ, ਸਾਰੇ ਅੰਗ-ਸਾਕ ਤੇ ਰਿਸ਼ਤੇਦਾਰ ਕਹਿੰਦੇ। ਜੀਤੋ ਲਈ ਮੁੰਡਾ ਲੱਭ ਲਿਆ ਗਿਆ ਤੇ ਘਰ ਵਿੱਚ ਜੀਤੋ ਦਾ ਵਿਆਹ ਕਰਨ ਦੀਆਂ ਸਲਾਹਾਂ ਹੋਣ ਲੱਗ ਪਈਆਂ।

ਕਰਦਿਆਂ-ਕਰਾਉਂਦਿਆਂ ਵਿਆਹ ਵੀ ਸਿਰ 'ਤੇ ਆ ਗਿਆ। ਵਿਆਹ ਦੇ ਘਮਸਾਣ ਵਿੱਚ ਜੀਤੋ ਦੇ ਵੀਰ ਦੀ ਮੱਤ ਮਾਰੀ ਗਈ। ਇੱਕ ਕੰਮ ਮੁੱਕਦਾ ਸੀ, ਦੂਜਾ ਉਸ ਲਈ ਤਿਆਰ ਹੁੰਦਾ ਸੀ। ਜੀਤੋ ਦੇ ਮਾਪਿਆਂ ਦੀ ਘਰ ਦੇ ਕੰਮਾਂ ਵਿੱਚ ਹੀ ਮੱਤ ਮਾਰੀ ਗਈ ਸੀ। ਬਾਹਰ ਦਾ ਸਾਰਾ ਕੰਮ ਜੀਤੋ ਦੇ ਵੀਰ ਨੇ ਹੀ ਕਰਨਾ ਸੀ। ਬਰਾਤ ਢੁੱਕਣ ਵਿੱਚ ਕੇਵਲ ਇੱਕ ਦਿਨ ਰਹਿ ਗਿਆ। ਘਰ ਵਿੱਚ ਭੱਜ-ਦੌੜ ਹੋਰ ਵੀ ਤੇਜ਼ ਹੋ ਗਈ। ਅਨੰਦ-ਕਾਰਜ ਉੱਤੇ ਆਉਣ ਵਾਲ਼ੇ ਰਾਗੀਆਂ ਨੇ ਵੀ ਹਾਲੀ ਪੱਕੀ ਤਰ੍ਹਾਂ ਹਾਂ ਨਹੀਂ ਸੀ ਕੀਤੀ। ਖਾਣੇ ਤੋਂ ਪਿੱਛੋਂ ਬਰਾਤੀਆਂ ਨੂੰ ਫਲ਼ ਦੇਣੇ ਵੀ ਜ਼ਰੂਰੀ ਸਨ ਤੇ ਖ਼ਰੀਦਣ ਦਾ ਹਾਲੀ ਕਿਸੇ ਨੂੰ ਚਿੱਤ-ਚੇਤਾ ਨਹੀਂ ਸੀ। ਨਾਲ਼ ਦੇ ਪਿੰਡਾਂ ਵਿੱਚੋਂ ਖਾਣਾ ਖੁਆਉਣ ਲਈ ਮੇਜ਼-ਕੁਰਸੀਆਂ ਵੀ ਇਕੱਠੀਆਂ ਕਰਨੀਆਂ ਸਨ। ਧਾਤ ਦੇ ਬਰਤਨਾਂ ਵਿੱਚ ਅੱਜ-ਕੱਲ੍ਹ ਕੋਈ ਨਹੀਂ ਸੀ ਖੁਆਉਂਦਾ ਤੇ ਪਿਰਚ-ਪਿਆਲੀਆਂ ਆਦਿ ਸਮਾਨ ਵੱਡੇ ਸ਼ਹਿਰ ਤੋਂ ਨੇੜੇ ਕਿਧਰੇ ਮਿਲ਼ਦਾ ਨਹੀਂ ਸੀ। ਹੁਣੇ-ਹੁਣੇ ਡਾਕੀਆ ਚਿੱਠੀ ਫੜਾ ਗਿਆ ਸੀ। ਮੁੰਡੇ ਵਾਲ਼ਿਆਂ ਨੇ ਲਿਖਿਆ ਸੀ ਕਿ ਉਹ ਬਿਸਤਰੇ ਨਹੀਂ ਲਿਆ ਰਹੇ। ਪਿੰਡ ਵਿੱਚੋਂ ਬਿਸਤਰੇ ਇਕੱਠੇ ਕਰਨਾ ਹੋਰ ਵੀ ਔਖਾ ਸੀ। ਵਿਆਹ ਵਾਲ਼ੇ ਘਰ ਆਈ ਚੀਜ਼ ਦਾ ਮੇਲ਼ੀ ਤੇ ਬਰਾਤੀ ਛੱਡਦੇ ਹੀ ਕੀ ਨੇ ? ਇੱਕ ਦਿਨ ਵਿੱਚ ਹੀ ਸੁਆਹ ਵਰਗੀ ਕਰ ਦਿੰਦੇ ਹਨ। ਜੁੱਤੀਆਂ ਸਾਰਖੀਆਂ ਉਹ ਬਿਸਤਰਿਆਂ ਦੀਆਂ ਚਾਦਰਾਂ ਨਾਲ਼ ਪੂੰਝਦੇ ਹਨ। ਇਸ ਲਈ ਮੰਗਣ 'ਤੇ ਵੀ ਕਿਹੜੀ ਕੋਈ ਚੀਜ਼ ਸੌਖੀ ਮਿਲ਼ ਜਾਣੀ ਸੀ। ਮੁੱਠੀ ਕੁ ਸਾਨ ਪਿੰਡ ਸੀ, ਉਹਨਾਂ ਦਾ। ਉਸ ਵਿੱਚੋਂ ਤਾਂ ਭਲਾ ਲੱਭਣਾ ਹੀ ਕੀ ਸੀ ?

ਸ਼ਾਮ ਨੂੰ ਨਾਨਕੀ ਛੱਕ ਲੈ ਕੇ ਨਾਨਕੇ ਆ ਗਏ। ਆਪਣੇ-ਆਪਣੇ ਤਿਆਰ ਕੀਤੇ ਕੱਪੜੇ-ਲੱਤੇ ਲੈ ਕੇ ਜੀਤੋ ਦੀਆਂ ਭੂਆਂ ਆ ਗਈਆਂ। ਬਣਦਾ-ਸਰਦਾ ਕੰਨਿਆਦਾਨ ਲੈ ਕੇ ਸਾਰੇ ਅੰਗ-ਸਾਕ ਜੀਤੋ ਦੇ ਪਿੰਡ

ਪਹੁੰਚ ਗਏ—ਉਸ ਪਿੰਡ ਜਿੱਥੇ ਹੁਣ ਤੱਕ ਜੀਤੋ ਨੇ ਸਹੇਲ ਹੰਢਾਏ ਸਨ ਜਿੱਥੇ ਜੀਤੋ ਗੁੱਡੀਆਂ-ਪਟੋਲਿਆਂ ਨਾਲ਼ ਖੇਡੀ ਸੀ ਜਿੱਥੇ ਹੁਣ ਤੱਕ ਜੀਤੋ ਨੇ ਤ੍ਰਿੰਞਣਾਂ ਵਿੱਚ ਬਹਿ ਕੇ ਕੱਤਿਆ ਸੀ ਜਿੱਥੇ ਜੀਤੋ ਨੇ ਤੀਆਂ ਦੀਆਂ ਪੀਂਘਾਂ ਝੂਟੀਆਂ ਸਨ ਤੇ ਜਿੱਥੋਂ ਦੇ ਕੱਖਾਂ ਸਾਰਖਿਆਂ ਨਾਲ਼ ਜੀਤੋ ਦਾ ਮੋਹ ਪੈ ਗਿਆ ਸੀ। ਇਸ ਸਭ ਕੁਝ ਬਾਰੇ ਸੋਚ ਕੇ ਜੀਤੋ ਉਦਾਸ ਹੋ ਗਈ।

ਦੂਜੇ ਦਿਨ ਸਵੇਰੇ ਤਿੰਨ ਵਜੇ ਜੀਤੋ ਨੂੰ ਉਠਾ ਲਿਆ ਗਿਆ। ਉਸ ਨੂੰ ਫੇਰਿਆਂ ਵਾਲਾ ਲਾਲ ਸੂਟ ਪਹਿਨਾਇਆ ਗਿਆ। ਲਾਲ ਪਰਾਂਦਾ ਉਸ ਦੀ ਗੁੱਤ ਵਿੱਚ ਗੁੰਦਿਆ ਗਿਆ। ਕੁਝ ਸਹੁਰਿਆਂ ਵੱਲੋਂ ਆਏ ਕੁਝ ਨਾਨਕਿਆਂ ਤੋਂ ਆਏ ਕਈ ਪ੍ਰਕਾਰ ਦੇ ਗਹਿਣਿਆਂ ਨਾਲ਼ ਉਸ ਨੂੰ ਸ਼ਿੰਗਾਰ ਦਿੱਤਾ ਗਿਆ। ਜੀਤੋ ਨੂੰ ਇਹ ਸਭ ਕੁਝ ਵੇਖ ਕੇ ਰੋਣ ਆ ਗਿਆ ਕਿ ਸਾਰੇ ਦੇ ਸਾਰੇ ਅੰਗ-ਸਾਕ ਤੇ ਸਖੀਆਂ-ਸਹੇਲੀਆਂ ਉਸ ਨੂੰ ਉਸ ਦੀ ਜਨਮ-ਭੌਂ ਵਿੱਚੋਂ ਕੱਢਣ ਦੀਆਂ ਤਿਆਰੀਆਂ ਕਰ ਰਹੀਆਂ ਸਨ। ਕਿਵੇਂ ਕੋਈ ਵੀ ਉਸ ਦਾ ਸਾਥ ਨਹੀਂ ਸੀ ਦੇ ਰਿਹਾ। ਰੋਂਦੀ-ਕੁਰਲਾਂਦੀ ਜੀਤੋ ਨੂੰ ਚੁੱਪ ਕਰਵਾ ਕੇ ਅਨੰਦਾਂ ਵਾਸਤੇ ਬਿਠਾ ਦਿੱਤਾ ਗਿਆ। ਹੁਣ ਉਸ ਨੂੰ ਪਰਨਾ ਕੇ ਲੈ ਜਾਣ ਵਾਲ਼ਾ ਉਸ ਦੇ ਬਰਾਬਰ ਬੈਠਾ ਸੀ। ਉਹ ਇਸ ਵੇਲ਼ੇ ਕੁਝ ਸੋਚ ਰਹੀ ਸੀ, ਸ਼ਾਇਦ ਕੁਝ ਵੀ ਨਹੀਂ ਸੀ ਸੋਚ ਰਹੀ।

ਅਨੰਦ-ਕਾਰਜ ਕਰਵਾਉਣ ਵਾਲ਼ਾ ਭਾਈ ਉਸ ਨੂੰ ਸਿੱਖਿਆ ਦੇ ਰਿਹਾ ਸੀ ਕਿ ਹੁਣ ਜੀਤੋ ਨੇ ਆਪਣੇ ਮਾਪੇ ਛੱਡ ਕੇ ਆਪਣੇ ਸਹੁਰੇ ਘਰ ਚਲੇ ਜਾਣਾ ਸੀ। ਉੱਥੇ ਉਸ ਲਈ ਉਸ ਦਾ ਪਤੀ ਹੀ ਪਰਮੇਸ਼ਰ ਸੀ। ਉਸ ਨੂੰ ਹਰ ਕੰਮ ਵਿੱਚ ਉਸ ਦੀ ਸਲਾਹ ਲੈਣੀ ਚਾਹੀਦੀ ਸੀ। ਉਸ ਨੂੰ ਪੁੱਛੇ ਬਿਨਾਂ ਆਪਣੀ ਮਰਜ਼ੀ ਨਾਲ਼ ਕੋਈ ਕੰਮ ਨਹੀਂ ਸੀ ਕਰਨਾ। ਪਤੀ ਪਰਮੇਸ਼ਰ ਨੂੰ ਖ਼ੁਸ਼ ਰੱਖਣਾ ਸੀ ਤੇ ਅਜਿਹਾ ਕਰਨ ਲਈ ਉਸ ਨੂੰ ਨਿਵਣ, ਖਿਵਣ ਆਦਿ ਗੁਣ ਪੈਦਾ ਕਰਨ ਲਈ ਪ੍ਰੇਰਿਆ ਜਾ ਰਿਹਾ ਸੀ।

ਨਿਵਣ ਸੁ ਅਖਰੁ ਖਵਣੁ ਗੁਣ ਜਿਹਬਾ ਮਣੀਆ ਮੰਤੁ।
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ।

ਇਹ ਤੁਕਾਂ ਭਾਈ ਜੀ ਨੇ ਕੁਝ ਇਸ ਪ੍ਰਕਾਰ ਦੇ ਵੈਰਾਗ ਵਿੱਚ ਕਹੀਆਂ ਕਿ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬੈਠੀਆਂ ਸਾਰੀਆਂ ਕੁਆਰੀਆਂ ਕੁੜੀਆਂ ਉਦਾਸ ਜਿਹੀਆਂ ਹੋ ਗਈਆਂ। ਉਹਨਾਂ ਨੂੰ ਆਪਣਾ ਆਉਣ ਵਾਲ਼ਾ ਉਹ ਸਮਾਂ ਚੇਤੇ ਆ ਗਿਆ ਜਦ ਉਹਨਾਂ ਨੇ ਵੀ ਮਾਪਿਆਂ ਦੀ ਜਾਣੀ-ਪਛਾਣੀ ਧਰਤੀ ਨੂੰ ਛੱਡ ਕੇ ਅਨਜਾਣ ਭੌਂ ਵਿੱਚ ਕਿਸੇ ਅਨਜਾਣ ਬੰਦੇ ਨਾਲ਼ ਜਾ ਵੱਸਣਾ ਸੀ। ਉਸ ਬੰਦੇ ਨਾਲ਼ ਜਿਸ ਨੂੰ ਉਹਨਾਂ ਨੇ ਕਦੀ ਨਹੀਂ ਸੀ ਵੇਖਿਆ। ਜਿਹੜਾ ਪਤਾ ਨਹੀਂ ਕਿਹੋ-ਜਿਹੇ ਸੁਭਾਅ ਦਾ ਸੀ। ਉਹ ਸਭ ਉਦਾਸ ਸਨ, ਉਹਨਾਂ ਦੇ ਮਾਪੇ ਉਦਾਸ ਸਨ ਤੇ ਉਹਨਾਂ ਦੇ ਭੈਣ- ਭਰਾ ਉਦਾਸ ਸਨ। ਜੀਤੋ ਦੇ ਇਹ ਸਮਾਂ ਬਿਲਕੁਲ ਸਿਰ ਉੱਤੇ ਆ ਗਿਆ ਸੀ। ਉਸ ਨੇ ਤਾਂ ਉਸੇ ਦੁਪਹਿਰ ਨੂੰ ਤੁਰ ਜਾਣਾ ਸੀ—ਆਪਣੀ ਅੰਮੜੀ ਦੇ ਵਿਹੜੇ ਤੇ ਤ੍ਰਿੰਞਣ ਦੀਆਂ ਸਹੇਲੀਆਂ ਤੋਂ ਦੂਰ।

ਸੰਗਤ ਵਿੱਚ ਛਾਈ ਉਦਾਸੀ ਹੋਰ ਵੀ ਤੀਬਰ ਹੋ ਗਈ ਜਦ ਇੱਕ ਹਾਰਮੋਨੀਅਮ ਵਾਲ਼ੇ ਗਵੱਈਏ ਨੇ ਫ਼ਿਲਮੀ ਗੀਤ ਦੀ ਤਰਜ਼ ਉੱਤੇ ਗਾ ਕੇ ਸਹੁਰੇ ਜਾਣ ਵਾਲ਼ੀ ਕੁੜੀ ਦੇ ਆਉਣ ਵਾਲ਼ੇ ਸਮੇਂ ਦਾ ਚਿੱਤਰ ਦਰਦਮਈ ਸ਼ਬਦਾਂ ਵਿੱਚ ਖਿੱਚਣਾ ਸ਼ੁਰੂ ਕਰ ਦਿੱਤਾ। ਹਾਰਮੋਨੀਅਮ ਦੀ ਉਦਾਸ ਤੇ ਵੈਰਾਗੀ ਸੁਰ ਦੇ ਨਾਲ਼ ਉਸ ਨੇ ਵੈਣ ਜਿਹੇ ਪਾ ਕੇ ਗਾਂਵਿਆ ਕਿ ਕਿਸ ਤਰ੍ਹਾਂ ਨਵੀਂ ਥਾਂ ਜਾ ਕੇ ਵਿਆਹੁਲ਼ੀ ਜੀਤੋ ਨੇ ਆਪਣੇ ਮਾਪਿਆਂ ਤੇ ਮਾਂ-ਪਿਓ ਜਾਇਆਂ ਨੂੰ ਤਾਂਘਣਾ ਸੀ ਤੇ ਕਿਸ ਤਰ੍ਹਾਂ ਜਦ ਉਹਨਾਂ ਨੇ ਨਹੀਂ ਸੀ ਬਹੁੜਨਾ ਤਾਂ

ਉਸ ਵਿਚਾਰੀ ਨੇ ਵਿਅਰਥ ਹੀ ਬਨੇਰੇ ਤੋਂ ਕਾਂ ਉਡਾਂਦੀ ਰਹਿਣਾ ਸੀ। ਕਾਂਵਾਂ ਰਾਹੀਂ ਵੀਰਾਂ ਨੂੰ ਮਿਲਣ ਵਾਸਤੇ ਜੀਤੋ ਨੇ ਸੁਨੇਹੇ ਘੱਲਣੇ ਸਨ। ਰਾਗੀ ਦੀ ਵੈਰਾਗੀ ਤੇ ਭਰੜਾਈ ਅਵਾਜ਼ ਨੇ ਸਾਰੀ ਦੀ ਸਾਰੀ ਸਾਜੀ-ਨਿਵਾਜੀ ਸਾਧ-ਸੰਗਤ ਦੀਆਂ ਅੱਖਾਂ ਵਿੱਚ ਹੰਝੂ ਲੈ ਆਂਦੇ, ਨਜ਼ਦੀਕੀਆਂ ਦੇ ਨੈਣਾਂ ਵਿੱਚ ਜ਼ਰਾ ਵਧੇਰੇ ਤੇ ਬਾਕੀਆਂ ਦੇ ਨੈਣਾਂ ਵਿੱਚ ਘੱਟ।

ਜੀਤੋ ਦਾ ਵੀਰ ਵੀ ਇਸ ਸਭ ਕੁਝ ਨੂੰ ਸੁਣ ਰਿਹਾ ਸੀ। ਉਸ ਦਾ ਮਨ ਵੀ ਉਦਾਸ ਹੋ ਗਿਆ ਸੀ। ਉਸ ਦੀ ਸਕੀ ਭੈਣ ਨੇ ਉਸ ਟੱਬਰ ਵਿੱਚ ਤੁਰ ਜਾਣਾ ਸੀ ਜਿਸ ਬਾਰੇ ਉਹ ਕੁਝ ਨਹੀਂ ਸੀ ਜਾਣਦੀ ਤੇ ਜਿੱਥੇ ਜਾ ਕੇ ਉਸ ਆਪਣੀ ਮਰਜ਼ੀ ਨਹੀਂ ਸੀ ਕਰ ਸਕਣੀ। ਉਸ ਦਾ ਦਿਲ ਭਾਰਾ ਹੋ ਗਿਆ। ਉਸ ਨੇ ਗਾਉਣ ਵਾਲੇ ਨੂੰ ਝਿੜਕਵੇਂ ਜਿਹੇ ਲਹਿਜੇ ਵਿੱਚ ਬੋਲ ਕੇ ਉਸ ਦਾ ਗਾਣਾ ਬੰਦ ਕਰਵਾ ਦਿੱਤਾ। ਉਹ ਕਿਸੇ ਅੱਗੇ ਇਹ ਨਹੀਂ ਸੀ ਜ਼ਾਹਰ ਹੋਣ ਦੇਣਾ ਚਾਹੁੰਦਾ ਕਿ ਉਸ ਦਾ ਦਿਲ ਵੀ ਕਮਜ਼ੋਰ ਤੇ ਜਜ਼ਬਾਤੀ ਹੈ। ਉਹ ਦ੍ਰਿੜ੍ਹ ਸੀ ਤੇ ਉਹ ਆਪਣੇ ਨੈਣਾਂ ਵਿੱਚ ਆਉਣ ਵਾਲੇ ਹੰਝੂਆਂ ਨੂੰ ਰੋਕ ਕੇ ਆਪਣੀ ਦ੍ਰਿੜ੍ਹਤਾ ਕਾਇਮ ਰੱਖਣੀ ਚਾਹੁੰਦਾ ਸੀ।

ਉਸ ਨੇ ਆਪਣੇ ਆਪ 'ਤੇ ਕਾਬੂ ਜਿਹਾ ਪਾ ਕੇ ਜਿਸ ਬੇਪ੍ਰਵਾਹੀ ਨਾਲ ਹਾਰਮੋਨੀਅਮ ਵਾਲੇ ਮੁੰਡੇ ਨੂੰ ਕਿਹਾ ਸੀ, ਮੁੰਡੇ ਨੂੰ ਮੰਨਣਾ ਪਿਆ। ਅਨੰਦ-ਕਾਰਜ ਦੀ ਰਸਮ ਖ਼ਤਮ ਹੋ ਗਈ। ਸਾਰੇ ਆਪਣੀਆਂ ਅੱਖਾਂ ਪੂੰਝਦੇ ਭੋਗ ਦਾ ਪ੍ਰਸ਼ਾਦ ਲੈ ਕੇ ਦੁਪਹਿਰ ਦੀ ਰੋਟੀ ਦਾ ਬੰਦੋਬਸਤ ਕਰਨ ਲੱਗ ਪਏ। ਜੀਤੋ ਦੇ ਵੀਰ ਨੇ ਆਪਣੇ ਤੋਂ ਅੱਠ-ਦਸ ਵਰ੍ਹੇ ਛੋਟੀ ਭੈਣ ਨੂੰ ਬੁੱਕਲ ਵਿੱਚ ਲੈ ਕੇ ਮਹਾਰਾਜ ਦੇ ਹਜ਼ੂਰ ਤੋਂ ਉਠਾਇਆ ਤੇ ਲਿਜਾ ਕੇ ਆਪਣੇ ਘਰ ਅੰਦਰਲੇ ਕਮਰੇ ਵਿੱਚ ਬਿਠਾ ਦਿੱਤਾ। ਉਸ ਨੇ ਤੱਕਿਆ ਕਿ ਜੀਤੋ ਨੇ ਰੋ-ਰੋ ਕੇ ਅੱਖਾਂ ਸੁਜਾ ਲਈਆਂ ਸਨ। ਵਿਆਹ ਵਾਲਾ ਉਸ ਦਾ ਚੋਪ ਹੰਝੂਆਂ ਨਾਲ ਤਰੋ-ਤਰ ਹੋਇਆ ਪਿਆ ਸੀ। "ਬੱਚੀ ਹੈ ਵਿਚਾਰੀ", ਉਸ ਨੇ ਮਨ ਹੀ ਮਨ ਵਿੱਚ ਕਿਹਾ ਸੀ। "ਮੂਰਖ ਨਹੀਂ ਬਣੀਂਦਾ, ਚੁੱਪ ਕਰ" ਉਸ ਨੇ ਆਪਣੀ ਛੋਟੀ ਭੈਣ ਨੂੰ ਝਿੜਕਿਆ ਤੇ ਦੁਪਹਿਰ ਦੀ ਰੋਟੀ ਦੀ ਤਿਆਰੀ ਲਈ ਝਿਊਰੀਆਂ ਤੇ ਪਕਾਵੀਆਂ ਨੂੰ ਤਾੜਨ ਲੱਗ ਪਿਆ।

ਰੋਟੀ ਬਣੀ। ਬਰਾਤੀ ਖਾ ਗਏ। ਉਸ ਤੋਂ ਪਿੱਛੋਂ ਦੂਰੋਂ-ਨੇੜਿਓਂ ਆਏ ਮੇਲੀ ਵੀ ਖਾ ਬੈਠੇ ਤੇ ਪਿੰਡ ਦਾ ਭਾਈਚਾਰਾ ਤੇ ਕੰਮੀ-ਕਮੀਣ ਵੀ। ਫਟਾ-ਫਟ ਖੱਟ ਵਿਛਾ ਦਿੱਤੀ ਗਈ। ਪਿੰਡ ਵਾਲੇ ਤੇ ਬਰਾਤੀ ਖੱਟ ਦੀ ਸ਼ਲਾਘਾ ਕਰਦੇ ਚਲੇ ਗਏ। ਜੀਤੋ ਦੇ ਵੀਰ ਨੂੰ ਅਨੰਦ-ਕਾਰਜ ਸਮੇਂ ਦੀ ਉਦਾਸੀ ਤੇ ਜੀਤੋ ਦੇ ਹੰਝੂਆਂ ਨਾਲ ਭਿੱਜੇ ਚੋਪ ਸਭ ਭੁੱਲ- ਭੁਲਾ ਗਏ।

ਐਨ ਉਸ ਸਮੇਂ ਜੀਤੋ ਨੂੰ ਵਿਦਾ ਕਰਨ ਦੀ ਤਿਆਰੀ ਸ਼ੁਰੂ ਹੋ ਗਈ। ਵਿਆਂਹਦੜ ਲਾੜੇ ਨੂੰ ਬੁਲਾ ਕੇ ਭਾਈਚਾਰੇ ਤੇ ਅੰਗਾਂ-ਸਾਕਾਂ ਨੇ ਸਲਾਮੀਆਂ ਪਾਈਆਂ। ਜੀਤੋ ਦੀ ਮਾਂ ਨੇ ਜੀਤੋ ਦੇ ਪਰਾਹੁਣੇ ਨੂੰ ਬੜੇ ਪਿਆਰ ਨਾਲ ਪਿਆਰ ਦਿੱਤਾ ਤੇ ਸਲਾਮੀ ਦੇ ਗਿਆਰਾਂ ਰੁਪਏ ਉਸ ਦੀ ਝੋਲੀ ਵਿੱਚ ਪਾ ਦਿੱਤੇ। ਪਿੰਡ ਦੀਆਂ ਹੋਰ ਕੁੜੀਆਂ ਜਿਹੜੀਆਂ ਸ਼ਰੀਕੇ ਵਿੱਚ ਜੀਤੋ ਦੀਆਂ ਭੈਣਾਂ ਹੀ ਲੱਗਦੀਆਂ ਸਨ, ਆਪਣੇ ਨਵੇਂ ਬਣੇ ਜੀਜੇ ਨੂੰ ਟਿਚਕਰਾਂ ਤੇ ਮਖੌਲ ਕਰਨ ਲੱਗ ਪਈਆਂ ਤੇ ਜੀਤੋ ਦਾ ਵੀਰ ਵੀ ਉਹਨਾਂ ਦੇ ਨਾਲ ਰਲ਼ ਗਿਆ।

ਜੀਤੋ ਦੀ ਇੱਕ ਬਹੁਤ ਗੂੜ੍ਹੀ ਸਹੇਲੀ ਜਿਹੜੀ ਗੁਆਂਢੀ ਪਿੰਡ ਤੋਂ ਚੱਲ ਕੇ ਆਈ ਸੀ ਤੇ ਜਿਹੜੀ ਪੰਜਵੀਂ ਜਮਾਤ ਵਿੱਚ ਜੀਤੋ ਦੀ ਜਮਾਤਣ ਰਹੀ ਸੀ, ਜੀਤੋ ਦੇ ਵੀਰ ਕੋਲ਼ ਆ ਕੇ ਰੋਣ ਲੱਗ ਪਈ। ਜੀਤੋ ਦੇ ਵੀਰ ਨੇ ਉਸ ਨੂੰ ਰੋਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਜੀਤੋ ਦੇ ਵੀਰ ਨੂੰ ਜੀਤੋ ਦੇ ਨਾਲ਼ ਸਹੁਰੀਂ ਜਾਣਾ ਚਾਹੀਦਾ ਹੈ। ਜੀਤੋ ਦੇ ਵੀਰ ਨੇ ਜੀਤੋ ਦੇ ਹਾਣ ਦੀ ਇਸ ਕੁੜੀ ਨੂੰ ਉਸੇ ਤਰ੍ਹਾਂ ਝਿੜਕ ਕੇ ਭੇਜ ਦਿੱਤਾ ਜਿਸ ਤਰ੍ਹਾਂ ਕਿ ਉਹ ਜੀਤੋ ਨੂੰ ਭੇਜ ਦਿਆ ਕਰਦਾ ਸੀ ਤੇ ਫੇਰ ਉਦਾਸੀ ਹੋਟੀ ਜੀਤੋ ਦੀ ਮਾਂ ਆਈ, ਉਸ ਦੀ

ਆਪਣੀ ਮਾਂ। ਉਸ ਨੇ ਉਹਦੀ ਗੱਲ ਸੁਣੀ-ਅਣਸੁਣੀ ਕਰ ਦਿੱਤੀ। ਵਿਆਹ ਦੀ ਰੀਤ ਅਨੁਸਾਰ ਕਿਸੇ ਨਾ ਕਿਸੇ ਭਰਾ ਨੇ ਜੀਤੋ ਦੇ ਨਾਲ਼ ਸਹੁਰੀਂ ਜ਼ਰੂਰ ਜਾਣਾ ਸੀ ਤੇ ਜੀਤੋ ਦੇ ਵੀਰ ਨੇ ਆਪਣੇ ਸਭ ਤੋਂ ਛੋਟੇ ਭਰਾ ਦਾ ਨਾਂ ਲੈ ਕੇ ਸਭ ਨੂੰ ਪਰੇ ਹਟਾ ਦਿੱਤਾ। ਜਦ ਬੜੇ ਮਾਣ ਨਾਲ਼ ਉਸ ਦੇ ਤਾਏ ਦੀ ਵੱਡੀ ਧੀ ਮਨਾਉਣ ਆਈ ਤਾਂ ਜੀਤੋ ਦੇ ਵੀਰ ਨੇ ਉਸ ਨੂੰ ਵੀ ਨਾਂਹ ਕਰ ਦਿੱਤੀ। ਜੇ ਉਸ ਦੇ ਮੂੰਹੋਂ ਇੱਕ ਵਾਰੀ ਨਾਂਹ ਨਿਕਲ਼ ਜਾਵੇ, ਉਹ ਕਦੀ ਹਾਂ ਨਹੀਂ ਸੀ ਕਰਦਾ। ਤਾਏ ਦੀ ਧੀ ਆਪਣਾ ਜਿਹਾ ਮੂੰਹ ਲੈ ਕੇ ਪਰੇ ਚਲੀ ਗਈ। ਉਸ ਤੋਂ ਪਿੱਛੋਂ ਹੋਰ ਕਿਸੇ ਦੀ ਹਿੰਮਤ ਨਾ ਪਈ ਕਿ ਜੀਤੋ ਦੇ ਵੀਰ ਨੂੰ ਕੋਈ ਕੁਝ ਕਹੇ।

ਸਾਰੀ ਦੀ ਸਾਰੀ ਜੰਞ ਵਿਦਾ ਹੋਣ ਲਈ ਤਿਆਰ ਹੋ ਕੇ ਬੱਸ ਵਿੱਚ ਬੈਠ ਗਈ। ਜੀਤੋ ਦਾ ਪਰਾਹੁਣਾ ਵੀ ਆ ਕੇ ਕਾਰ ਵਿੱਚ ਬੈਠ ਗਿਆ। ਜੀਤੋਂ ਸੀ ਕਿ ਰੋਣ ਤੋਂ ਹੀ ਨਹੀਂ ਸੀ ਹਟਦੀ। ਉਸ ਦੀਆਂ ਸਹੇਲੀਆਂ ਤੇ ਛੋਟੀਆਂ ਭੈਣਾਂ ਏਨੀ ਉੱਚੀ-ਉੱਚੀ ਰੋ ਰਹੀਆਂ ਸਨ ਕਿ ਕਿਸੇ ਨੂੰ ਕੁਝ ਸੁਣਾਈ ਨਹੀਂ ਸੀ ਦਿੰਦਾ। ਜੀਤੋ ਵੀ ਪਰਲ-ਪਰਲ ਰੋਈ ਜਾ ਰਹੀ ਸੀ ਤੇ ਘਰੋਂ ਕਾਰ ਵੱਲ ਪੈਰ ਪੁੱਟਣ ਦਾ ਨਾਂ ਹੀ ਨਹੀਂ ਸੀ ਲੈਂਦੀ। ਉਹ ਕਿਸੇ ਦੀ ਸਲਾਮੀ ਸਾਰਖੀ ਆਪਣੇ ਪੱਲੇ ਨਹੀਂ ਸੀ ਪੁਆ ਰਹੀ ਤੇ ਇਹ ਪੈਸੇ ਵੀ ਨੈਣ ਹੀ ਸੰਭਾਲ਼ ਰਹੀ ਸੀ। ਜੀਤੋ ਦਾ ਵੀਰ ਸੀ ਕਿ ਹਾਲੀਂ ਤੱਕ ਸਲਾਮੀ ਪਾਉਣ ਨਹੀਂ ਸੀ ਆਇਆ। ਉਸ ਦਾ ਵਿਚਾਰ ਸੀ ਕਿ ਉਹ ਸਭ ਤੋਂ ਪਿੱਛੋਂ ਜਦ ਜੀਤੋ ਕਾਰ ਵਿੱਚ ਬੈਠ ਕੇ ਜਾਣ ਲੱਗੇਗੀ, ਉਸ ਵੇਲ਼ੇ ਉਸ ਨੂੰ ਸਲਾਮੀ ਪਾਵੇਗਾ ਤੇ ਪਿਆਰ ਦੇ ਕੇ ਤੋਰ ਦਏਗਾ। ਜੀਤੋ ਦੇ ਤਾਇਆਂ-ਚਾਚਿਆਂ ਤੇ ਪਿਓ ਨੇ ਵੀ ਜੀਤੋ ਦੇ ਵੀਰ ਨੂੰ ਸਮਝਾਇਆ ਕਿ ਉਸ ਨੂੰ ਨਾਲ਼ ਜਾਣ ਵਿੱਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਜੇ ਨਿਆਣੀ ਕੁੜੀ ਜ਼ਿਦ ਕਰਦੀ ਹੈ ਤਾਂ ਵਿਆਹ ਵਾਲ਼ੇ ਦਿਨ ਉਸ ਦੀ ਇਹ ਜ਼ਿਦ ਵੀ ਪ੍ਰਵਾਨ ਕਰ ਲੈਣੀ ਚਾਹੀਦੀ ਹੈ। ਪਰ ਜੀਤੋ ਦੇ ਵੀਰ ਨੇ ਨਾ ਹਾਂ ਕੀਤੀ ਨਾ ਨਾਂਹ, ਪੱਥਰ ਦਾ ਪੱਥਰ ਉਸੇ ਤਰ੍ਹਾਂ ਖਲੋਤਾ ਰਿਹਾ।

ਜੰਞ ਦੇ ਤੁਰਨ ਵਿੱਚ ਦੇਰ ਹੋ ਰਹੀ ਸੀ। ਸ਼ਾਮ ਦੇ ਚਾਰ ਵੱਜ ਚੁੱਕੇ ਸਨ ਤੇ ਪੂਰੇ ਤੀਹ ਮੀਲ ਜਾਂਞੀਆਂ ਨੇ ਜਾਣਾ ਸੀ। ਵਿੱਚੋਂ ਯਾਰਾਂ ਮੀਲ ਕੱਚਾ ਰਸਤਾ ਸੀ ਤੇ ਦੋ ਮੀਲ ਬਿਲਕੁਲ ਰੇਤਾ ਜਿੱਥੋਂ ਕਦੀ ਕੋਈ ਬੱਸ ਧੋੜ੍ਹੇ ਕੀਤੇ ਪਾਰ ਨਹੀਂ ਸੀ ਲੰਘੀ। ਜੀਤੋ ਕਾਰ ਵੱਲ ਪੈਰ ਪੁੱਟਣ ਵਿੱਚ ਨਹੀਂ ਸੀ ਆਉਂਦੀ। ਜੀਤੋ ਦੇ ਵੀਰ ਨੇ ਘੜੀ ਵੱਲ ਤੱਕਿਆ ਤਾਂ ਸਾਢੇ ਪੰਜ ਹੋ ਚੁੱਕੇ ਸਨ। ਉਸ ਨੂੰ ਕੁੜੀਆਂ ਦੀ ਮੱਤ ਉੱਤੇ ਗੁੱਸਾ ਜਿਹਾ ਆਇਆ ਤੇ ਫਟਾ-ਫਟ ਘਰ ਜਾ ਕੇ ਰੋਂਦੀ-ਕੁਰਲਾਂਦੀ ਸਾਲੂ ਵਿੱਚ ਵਲ੍ਹੇਟੀ ਜੀਤੋ ਨੂੰ ਆਪਣੇ ਕਲ਼ਾਵੇ ਵਿੱਚ ਚੁੱਕ ਲਿਆਇਆ ਤੇ ਲਿਆ ਕੇ ਕਾਰ ਵਿੱਚ ਬਿਠਾ ਦਿੱਤਾ। ਜੀਤੋ ਦੇ ਵੱਡੇ ਤਾਏ ਤੇ ਛੋਟੇ ਚਾਚੇ ਨੇ ਬੜੇ ਪਿਆਰ ਨਾਲ਼ ਜੀਤੋ ਨੂੰ ਦਿਲਾਸਾ ਦਿੱਤਾ ਅਤੇ ਸਲਾਮੀ ਪਾ ਕੇ ਪਰੇ ਹਟ ਗਏ।

ਆਪਣੇ ਵੀਰ ਦੇ ਲੱਕ ਦੁਆਲ਼ੇ ਲਿਪਟੀ ਜੀਤੋ ਨੇ ਜਦ ਆਪਣੀਆਂ ਬਾਂਹਾਂ ਦੀ ਕੱਸ ਢਿੱਲੀ ਕੀਤੀ ਤਾਂ ਜੀਤੋ ਦਾ ਵੀਰ ਵੀ ਆਪਣੀ ਨਿੱਕੀ ਜਿਹੀ ਭੈਣ ਨੂੰ ਸਲਾਮੀ ਪਾਉਣ ਲਈ ਆਪਣਾ ਬਟੂਆ ਫਰੋਲਣ ਲੱਗ ਪਿਆ। ਜੀਤੋ ਅਤੇ ਉਸ ਦੀਆਂ ਸਹੇਲੀਆਂ ਦੇ ਰੋ-ਰੋ ਕੇ ਲਾਲ ਹੋਏ ਮੂੰਹ ਵੇਖ ਕੇ ਉਸ ਦਾ ਮਨ ਭਾਰੀ ਜਿਹਾ ਹੋ ਗਿਆ। ਤੇ ਫੇਰ ਉਸ ਨੂੰ ਆਪਣਾ ਚੇਤਾ ਆ ਗਿਆ ਕਿ ਕਿਸ ਤਰ੍ਹਾਂ ਵਿਆਹ ਲਈ ਤਿਆਰ ਹੁੰਦਾ-ਹੁੰਦਾ ਉਹ ਵਿਆਹ ਤੋਂ ਡਰ ਜਾਂਦਾ ਸੀ। ਉਹ ਕਿਸੇ ਉਸ ਕੁੜੀ ਨੂੰ ਕਿਸ ਤਰ੍ਹਾਂ ਅਪਣਾ ਸਕਦਾ ਸੀ ਜਿਸ ਨੂੰ ਉਹ ਨੇੜਿਓਂ ਨਹੀਂ ਸੀ ਜਾਣਦਾ। ਕਿਸੇ ਅਨਜਾਣ ਬੰਦੇ ਨੂੰ ਅਪਣਾ ਸਕਣਾ ਕਿੰਨਾ ਔਖਾ ਸੀ, ਹਾਲਾਂਕਿ ਉਸ ਦੀ ਵਹੁਟੀ ਨੇ ਤਾਂ ਉਸ ਦੇ ਘਰ ਆ ਕੇ ਭਾਰਤੀ ਮਰਯਾਦਾ ਅਨੁਸਾਰ ਉਸ ਦੀ ਦਾਸੀ ਬਣ ਕੇ ਰਹਿਣਾ ਸੀ। ਹੁਣ ਉਸ ਦੀ ਛੋਟੀ ਭੈਣ, ਉਸ ਤੋਂ ਅੱਠ-ਦਸ ਵਰ੍ਹੇ ਛੋਟੀ ਭੈਣ, ਕਿਸੇ ਅਨਜਾਣ ਮੁੰਡੇ ਕੋਲ਼ ਜਾ ਰਹੀ ਸੀ, ਉਸ ਦਾ ਕਹਿਣਾ ਮੰਨਣ ਲਈ ਤਿਆਰ ਹੋ ਕੇ, ਉਸ ਦੀ ਦਾਸੀ ਬਣਨ ਲਈ। ਜੀਤੋ ਦੇ ਵੀਰ ਨੂੰ ਭਾਈ ਤੇ ਗਵੱਈਏ

ਦੇ ਵੈਰਾਗ ਵਿੱਚ ਪੜ੍ਹੇ ਗਏ ਸਲੋਕ ਤੇ ਗੀਤ ਚੇਤੇ ਆ ਗਏ। ਤੇ ਫੇਰ ਉਸ ਨੂੰ ਇਹ ਗੱਲ ਵੀ ਚੇਤੇ ਆਈ ਕਿ ਕਿਸ ਤਰ੍ਹਾਂ ਉਸ ਨੇ ਆਪਣੀ ਭੈਣ ਨੂੰ ਕਦੀ ਕਿਸੇ ਗੱਲੋਂ ਤੰਗ ਨਹੀਂ ਸੀ ਰੱਖਿਆ। ਉਦੋਂ ਵੀ ਤੰਗ ਨਹੀਂ ਸੀ ਰੱਖਿਆ, ਜਦੋਂ ਉਹ ਨੀਲੋਖੇੜੀ ਉਸ ਦੇ ਕੋਲ਼ ਆ ਕੇ ਚਾਰ ਮਹੀਨੇ ਰਹੀ ਸੀ ਤੇ ਜਦੋਂ ਜੀਤੋ ਨੇ ਚਾਰ ਮਹੀਨੇ ਆਪਣੇ ਹੱਥੀਂ ਪਕਾ ਚਾਈਂ-ਚਾਈਂ ਉਸ ਨੂੰ ਰੋਟੀਆਂ ਖੁਆਈਆਂ ਸਨ ਤੇ ਜਦੋਂ ਉਹ ਮਾਪਿਆਂ ਤੋਂ ਦੂਰ ਬੈਠਾ ਵੀ ਜੀਤੋ ਕਾਰਨ ਮਾਪਿਆਂ ਦਾ ਉਦਰੇਵਾਂ ਨਹੀਂ ਸੀ ਕਰਦਾ। ਹੁਣ ਜੀਤੋ ਦੂਰ ਜਾ ਰਹੀ ਸੀ ਜਿੱਥੇ ਉਸ ਨੂੰ ਸ਼ਾਇਦ ਛੇਤੀ ਮਿਲਣ ਨਹੀਂ ਸੀ ਜਾ ਸਕਣਾ ਤੇ ਸ਼ਾਇਦ ਚਿੱਠੀ ਵੀ ਨਹੀਂ ਸੀ ਲਿਖ ਸਕਣੀ ਜਿੱਥੇ ਜੀਤੋ ਦੀ ਕੋਈ ਸਹੇਲੀ ਨਹੀਂ ਸੀ ਤੇ ਜਿੱਥੇ ਉਸ ਨੇ ਕੋਈ ਗੱਲ ਆਪਣੀ ਮਨ-ਮਰਜ਼ੀ ਨਾਲ਼ ਥੋੜ੍ਹੇ ਕੀਤੇ ਨਹੀਂ ਸੀ ਕਰ ਸਕਣੀ।

ਛਿਣ ਭਰ ਵਿੱਚ ਹੀ ਇਹ ਸਾਰੇ ਦੇ ਸਾਰੇ ਵਿਚਾਰ ਉਸ ਦੇ ਦਿਲ ਵਿੱਚ ਆਏ ਤੇ ਉਹ ਉਦਾਸ ਹੋ ਗਿਆ। ਉਦਾਸ ਜਿਹੇ ਮਨ ਨਾਲ਼ ਉਸ ਨੇ ਆਪਣੇ ਬਟੂਏ ਵਿੱਚੋਂ ਸਾਰੇ ਦੇ ਸਾਰੇ ਪੈਸੇ ਬਿਨਾਂ ਕਿਸੇ ਗਿਣਤੀ ਕਰਨ ਦੇ ਕੱਢੇ ਤੇ ਜੀਤੋ ਦੇ ਹੱਥ ਉੱਤੇ ਧਰੇ। ਜੀਤੋ ਨੂੰ ਪਤਾ ਨਹੀਂ ਕੀ ਹੋਇਆ, ਚੰਗੀ-ਭਲੀ ਚੁੱਪ ਹੋਈ ਜੀਤੋ ਇਕਦਮ ਫਿੱਸ ਪਈ ਤੇ ਉਸ ਨੇ ਆਪਣੀ ਹਥੇਲੀ ਉੱਤੇ ਖਿੱਲਰੇ ਰੁਪਏ ਕਾਰ ਦੇ ਬਾਹਰ ਸੁੱਟ ਦਿੱਤੇ ਅਤੇ ਆਪਣੇ ਵੀਰ ਨੂੰ ਜੱਫੀ ਪਾ ਕੇ ਰੋਣ ਲੱਗ ਪਈ।

ਜੀਤੋ ਦੇ ਵੀਰ ਨੂੰ ਗੱਚ ਆ ਗਿਆ। ਡ੍ਰਾਈਵਰ ਨੂੰ ਉਸ ਨੇ ਕਾਰ ਸਟਾਰਟ ਕਰਨ ਦਾ ਇਸ਼ਾਰਾ ਕੀਤਾ ਤੇ ਭਾਰੇ ਜਿਹੇ ਮਨ ਨਾਲ਼ ਆਪਣੇ ਛੋਟੇ ਭਰਾ ਨੂੰ ਜੀਤੋ ਕੋਲ਼ੋਂ ਉਠਾ ਕੇ ਆਪਣੇ ਬਾਪੂ ਨੂੰ ਫੜਾ ਦਿੱਤਾ ਅਤੇ ਆਪ ਜੀਤੋ ਦੇ ਨਾਲ਼ ਵਾਲ਼ੀ ਸੀਟ ਉੱਤੇ ਬੈਠ ਗਿਆ।

"ਅਹਿ ਕੱਪੜੇ ਤਾਂ ਬਦਲ ਲੈਂ, ਸਬਜ਼ੀ ਨਾਲ਼ ਖ਼ਰਾਬ ਹੋਏ ਪਏ ਨੇ," ਪਿਓ ਨੇ ਛੋਟੇ ਪੁੱਤਰ ਨੂੰ ਕੁੱਛੜ ਚੁੱਕਦਿਆਂ ਜੀਤੋ ਦੇ ਵੱਡੇ ਵੀਰ ਨੂੰ ਕਿਹਾ।

"ਚੁੱਪ ਕਰ ਹੁਣ, ਨਹੀਂ ਤਾਂ ਮਾਰੂੰਗਾ ਮੈਂ," ਆਪਣੇ ਬਾਪ ਦੇ ਬੋਲਾਂ ਨੂੰ ਅਣਸੁਣੇ ਕਰਕੇ ਉਸ ਨੇ ਜੀਤੋ ਨੂੰ ਕਿਹਾ ਤੇ ਉਹਨਾਂ ਹੀ ਕੱਪੜਿਆਂ ਨਾਲ਼ ਜੀਤੋ ਦੇ ਨਾਲ਼ ਤੁਰ ਗਿਆ।

## ਪਾਠ-ਅਭਿਆਸ

**1. ਵਸਤੂਨਿਸ਼ਠ ਪ੍ਰਸ਼ਨ/ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :**

**'ਘਰ ਜਾਹ ਆਪਣੇ' ਕਹਾਣੀ ਦੇ ਆਧਾਰ 'ਤੇ ਦੱਸੋ :**

(ੳ) ਵਿਆਹ ਇੱਕਠੇ ਮਿਲ਼ ਕੇ ਬੈਠਣ ਦਾ ਇੱਕੋ-ਇੱਕ ਮੌਕਾ ਹੁੰਦਾ ਹੈ। (ਸਹੀ/ਗਲਤ)

(ਅ) ਜੀਤੋ ਦੇ ਵੀਰ ਦੀ ਵਿਆਹ ਦੇ ਘਮਸਾਣ ਵਿੱਚ ਮੱਤ ਮਾਰੀ ਗਈ ਸੀ ਕਿਉਂਕਿ :

(i) ਇੱਕ ਕੰਮ ਮੁੱਕਦਾ ਸੀ, ਦੂਜਾ ਉਸ ਲਈ ਤਿਆਰ ਹੁੰਦਾ ਸੀ।

(ii) ਉਸਦੀ ਮਦਦ ਕਰਨ ਵਾਲ਼ਾ ਘਰ ਵਿੱਚ ਹੋਰ ਕੋਈ ਨਹੀਂ ਸੀ।

(ਉਪਰੋਕਤ ਵਿੱਚੋਂ ਸਹੀ ਉੱਤਰ ਉੱਤੇ ਸਹੀ (✓) ਲਾਓ)

(ੲ) ਘਰਦਿਆਂ ਨੇ ਆਪਣਾ ਚਾਅ ਪੂਰਾ ਕਰਨ ਲਈ ਕਿਹੜਾ ਤਰੀਕਾ ਲੱਭ ਲਿਆ ?

(ਸ) ਅਨੰਦ-ਕਾਰਜ ਕਰਵਾਉਣ ਵਾਲ਼ਾ ਭਾਈ ਜੀਤੋ ਨੂੰ ਕੀ ਸਿੱਖਿਆ ਦੇ ਰਿਹਾ ਸੀ ?

(ਹ) ਜੀਤੋ ਦੀ ਗੂੜ੍ਹੀ ਸਹੇਲੀ ਨੇ ਜੀਤੋ ਦੇ ਵੀਰ ਨੂੰ ਰੋ ਕੇ ਕੀ ਕਿਹਾ ?

(ਕ) ਜੀਤੋ ਦੇ ਵੀਰ ਨੂੰ ਗੱਚ ਕਿਸ ਗੱਲ ਕਰਕੇ ਆ ਗਿਆ ?

2. **ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।**

3. **ਜੀਤੋ ਦੇ ਵੀਰ ਦੇ ਸੁਭਾਅ ਬਾਰੇ ਕੁਝ ਸਤਰਾਂ ਲਿਖੋ।**

*******

**ਲੇਖਕਾ ਬਾਰੇ**

# ਡਾ. ਦਲੀਪ ਕੌਰ ਟਿਵਾਣਾ

## (1935-2020)

| | | |
|---|---|---|
| ਮਾਤਾ ਦਾ ਨਾਂ | : | ਚੰਦ ਕੌਰ |
| ਪਿਤਾ ਦਾ ਨਾਂ | : | ਕਾਕਾ ਸਿੰਘ |
| ਜਨਮ-ਮਿਤੀ | : | 4 ਮਈ, 1935 |
| ਜਨਮ-ਸਥਾਨ | : | ਪਟਿਆਲ਼ਾ |
| ਵਿੱਦਿਆ-ਪ੍ਰਾਪਤੀ | : | ਐੱਮ. ਏ. (ਪੰਜਾਬੀ), ਪੀ-ਐੱਚ. ਡੀ. |
| ਕੰਮ-ਕਿੱਤਾ | : | ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ ਵਿਖੇ ਪੰਜਾਬੀ ਦੇ ਪ੍ਰੋਫ਼ੈਸਰ ਅਤੇ ਹੁਣ ਲਾਈਫ਼-ਫ਼ੈਲੋ। |
| **ਰਚਨਾਵਾਂ** | : | ਨਾਵਲ : 'ਅਗਨੀ ਪ੍ਰੀਖਿਆ', 'ਇਹੁ ਹਮਾਰਾ ਜੀਵਣਾ', ਵਾਟ ਹਮਾਰੀ, ਤੀਲੀ ਦਾ ਨਿਸ਼ਾਨ, ਸੂਰਜ ਤੇ ਸਮੁੰਦਰ, ਦੂਸਰੀ ਗੀਤਾ, ਸਰਕੰਡਿਆਂ ਦਾ ਦੇਸ, ਹਸਤਾਖਰ, ਪੀਲ਼ੇ ਪੱਤਿਆਂ ਦੀ ਦਾਸਤਾਨ ਆਦਿ। |
| **ਕਹਾਣੀ-ਸੰਗ੍ਰਹਿ** | : | ਪ੍ਰਬਲ ਵਹਿਣ, ਤ੍ਰਾਟਾਂ, ਵੈਰਾਗੇ ਨੈਣ, ਵੇਦਨਾ, ਤੂੰ ਭਰੀਂ ਹੁੰਗਾਰਾ, ਸਾਧਨਾ, ਇੱਕ ਕੁੜੀ ਆਦਿ ਕਹਾਣੀ-ਸੰਗ੍ਰਹਿ ਅਤੇ ਚੋਣਵੀਆਂ ਕਹਾਣੀਆਂ। ਕਿਸੇ ਦੀ ਧੀ, ਪੀੜਾਂ, ਮਾਲਣ, ਮੇਰੀਆਂ ਸਾਰੀਆਂ ਕਹਾਣੀਆਂ ਅਤੇ ਮੇਰੀ ਪ੍ਰਤਿਨਿਧ ਰਚਨਾ ਲਿਖੀਆਂ।<br>ਇਸ ਤੋਂ ਇਲਾਵਾ ਕੁਝ ਸ੍ਵੈਜੀਵਨੀਆਂ, ਆਲੋਚਨਾ ਦੀਆਂ ਪੁਸਤਕਾਂ, ਬਾਲਾਂ ਲਈ ਕਹਾਣੀਆਂ, ਵਾਰਤਕ ਆਦਿ ਤੋਂ ਬਿਨਾਂ ਹੋਰ ਬਹੁਤ ਸਾਰਾ ਸਾਹਿਤ ਰਚ ਕੇ ਪੰਜਾਬੀ ਸਾਹਿਤ ਨੂੰ ਦਿੱਤਾ। |
| **ਸਨਮਾਨ** | : | 1961-62 ਵਿੱਚ ਪੰਜਾਬ ਸਰਕਾਰ ਵੱਲੋਂ ਸਲਾਨਾ ਸਨਮਾਨ, 1972 ਵਿੱਚ ਸਾਹਿਤ ਅਕਾਦਮੀ ਵੱਲੋਂ ਇਨਾਮ, ਭਾਸ਼ਾ-ਵਿਭਾਗ ਵੱਲੋਂ ਨਾਨਕ ਸਿੰਘ ਪੁਰਸਕਾਰ, ਗੁਰਮੁਖ ਸਿੰਘ ਮੁਸਾਫ਼ਿਰ ਪੁਰਸਕਾਰ, ਸ਼੍ਰੋਮਣੀ ਸਾਹਿਤਕਾਰ ਸਨਮਾਨ, ਪੰਜਾਬ ਅਕਾਦਮੀ ਲੁਧਿਆਣਾ ਵੱਲੋਂ ਪ੍ਰਮਾਣ ਪੱਤਰ ਪੁਰਸਕਾਰ, ਧਾਲੀਵਾਲ ਪੁਰਸਕਾਰ, ਪੰਜਾਬੀ ਅਕਾਦਮੀ ਦਿੱਲੀ ਵੱਲੋਂ ਸਰਬੋਤਮ ਨਾਵਲਕਾਰ, ਇਆਪਾ ਐਵਾਰਡ ਕੈਨੇਡਾ ਵੱਲੋਂ, ਸਰਸਵਤੀ ਸਨਮਾਨ ਅਤੇ ਭਾਰਤ ਸਰਕਾਰ ਵੱਲੋਂ 'ਪਦਮ ਸ਼੍ਰੀ' ਸਨਮਾਨ ਦਿੱਤੇ ਗਏ। |

ਹਥਲੀ ਪਾਠ-ਪੁਸਤਕ ਵਿੱਚ ਲੇਖਕਾ ਦੀ 'ਸਤੀਆ ਸੋਈ' ਕਹਾਣੀ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਕਹਾਣੀ ਵਿੱਚ ਲੇਖਕਾ ਨੇ ਸ਼ਹੀਦ ਭਗਤ ਸਿੰਘ ਦੀ ਮੰਗੇਤਰ ਦੇ ਮਨ ਦੀਆਂ ਭਾਵਨਾਵਾਂ ਨੂੰ ਬੜੇ ਭਾਵਪੂਰਤ

ਢੰਗ ਨਾਲ਼ ਵਿਅਕਤ ਕੀਤਾ ਹੈ। ਇੱਕ ਵਾਰ ਲੇਖਕਾ ਜਦੋਂ ਕਿਸੇ ਬੱਸ ਵਿੱਚ ਸਫ਼ਰ ਕਰ ਰਹੀ ਸੀ, ਉਸ ਦੌਰਾਨ ਇੱਕ ਮੰਗਤੇ ਦੇ ਮੂੰਹੋਂ ਭਗਤ ਸਿੰਘ ਦੀ ਮੰਗੇਤਰ ਬਾਰੇ ਗੀਤ ਸੁਣ ਕੇ ਲੇਖਕਾ ਆਪਣੀ ਕਲਪਨਾ ਦੇ ਵਹਿਣ ਵਿੱਚ ਵਹਿ ਤੁਰੀ। ਉਹ ਕਲਪਨਾ ਕਰਦੀ ਹੈ ਕਿ ਭਗਤ ਸਿੰਘ ਦੀ ਸ਼ਹੀਦੀ ਉਪਰੰਤ ਉਸ ਦੀ ਮੰਗੇਤਰ ਨੇ ਭਗਤ ਸਿੰਘ ਦੀ ਯਾਦ ਵਿੱਚ ਆਪਣਾ ਪੂਰਾ ਜੀਵਨ ਕਿਵੇਂ ਲੰਘਾ ਦਿੱਤਾ ਹੋਵੇਗਾ। ਲੇਖਕਾ ਮਨ ਹੀ ਮਨ ਵਿੱਚ ਭਗਤ ਸਿੰਘ ਦੀ ਮੰਗੇਤਰ ਪ੍ਰਤਿ ਨਤਮਸਤਕ ਹੁੰਦੀ ਹੈ ਤੇ ਸੋਚਦੀ ਹੈ ਕਿ ਅਸਲ ਵਿੱਚ ਉਹ ਔਰਤ ਸਹੀ ਅਰਥਾਂ ਵਿੱਚ ਜਿਊਂਦੇ-ਜੀਅ ਸਤੀ ਹੋ ਗਈ।

## ਸਤੀਆ ਸੇਈ

"ਜਦੋਂ ਵੀਰ ਭਗਤ ਸਿੰਘ, ਦੱਤ ਨੂੰ;
ਦਿੱਤਾ ਫਾਂਸੀ ਦਾ ਹੁਕਮ ਸੁਣਾ।
ਉਹਦੀ ਹੋਵਣ ਵਾਲ਼ੀ ਨਾਰ ਨੂੰ,
ਕਿਸੇ ਪਿੰਡ ਵਿੱਚ ਦੱਸਿਆ ਜਾ...।"

ਗੱਡੀ ਵਿੱਚ ਅੰਨ੍ਹਾ ਮੰਗਤਾ ਗਾ ਰਿਹਾ ਸੀ........ਫਿਰ...........ਮੈਂ ਮੰਗਤੇ ਦੇ ਮੂੰਹ ਵੱਲ ਤੱਕਿਆ, ਪਰ ਸਟੇਸ਼ਨ ਆ ਜਾਣ ਕਰਕੇ ਉਹ ਉਸ ਡੱਬੇ ਵਿੱਚੋਂ ਉੱਤਰ ਕੇ ਦੂਜੇ ਵਿੱਚ ਜਾ ਚੜ੍ਹਿਆ, ਪਰ ਮੈਨੂੰ ਮੁੜ-ਮੁੜ ਖ਼ਿਆਲ ਆਣ ਲੱਗਾ ਕਿ ਜਦੋਂ ਕਿਸੇ ਨੇ ਪਿੰਡ ਵਿੱਚ ਜਾ ਕੇ ਦੱਸਿਆ ਹੋਣਾ ਏਂ, ਕੀ ਗੁਜ਼ਰੀ ਹੋਊ, ਭਗਤ ਸਿੰਘ ਦੀ ਮੰਗੇਤਰ ਦੇ ਦਿਲ 'ਤੇ....? ਮੈਂ ਡੱਬੇ ਦੀ ਬਾਰੀ ਵਿੱਚੋਂ ਬਾਹਰ ਤੱਕਣ ਲੱਗੀ। ਇਉਂ ਲੱਗਦਾ ਸੀ, ਜਿਵੇਂ ਸਾਮ੍ਹਣੇ ਖੇਤ, ਖੇਤਾਂ ਵਿੱਚ ਉੱਗੀਆਂ ਫ਼ਸਲਾਂ ਤੇ ਦਰਖ਼ਤਾਂ ਦੀਆਂ ਕਤਾਰਾਂ ਨੱਠੀਆਂ ਜਾ ਰਹੀਆਂ ਹੋਣ। ਓਨੀ ਹੀ ਤੇਜ਼ੀ ਨਾਲ਼ ਖ਼ਿਆਲ ਮੇਰੇ ਦਿਮਾਗ਼ ਵਿੱਚ ਨੱਠਣ ਲੱਗੇ। ਮੇਰੀ ਕਲਪਨਾ ਦੂਰ....ਦਿਸਹੱਦੇ ਤੋਂ ਵੀ ਦੂਰ ਪਿੰਡ ਦੇ ਇੱਕ ਕੱਚੇ ਕੋਠੇ ਵਿੱਚ ਬੈਠੀ ਚਰਖਾ ਕੱਤਦੀ ਇੱਕ ਸੁਨੱਖੀ ਇਸਤਰੀ ਨੂੰ ਲੱਭਣ ਲੱਗੀ। ਚੁੱਪ-ਚਾਪ ਮੈਂ ਓਹਦੇ ਮੂੰਹ ਵੱਲ ਤੱਕਣ ਲੱਗੀ।

"ਕੀ ਆਹਨੀਂ ਏਂ.........?" ਉਹ ਬੋਲੀ।

"ਤੂੰ ਕਿਵੇਂ ਉਮਰ ਗੁਜ਼ਾਰੀ ?" ਮੈਂ ਪੁੱਛਿਆ।

"ਮੈਨੂੰ ਉਹਦੀ ਇੱਜ਼ਤ ਦਾ ਪਾਸ ਸੀ। ਲੋਕਾਂ ਕਹਿਣਾ ਸੀ, ਇਹ ਭਗਤ ਸਿੰਘ ਦੀ ਮੰਗੇਤਰ ਏ—ਮੈਂ ਕਿਵੇਂ ਸਾਹਸ ਛੱਡਦੀ ? ਮਿਹਨਤ-ਮਜੂਰੀ ਕੀਤੀ ਲੋਕਾਂ ਦੀਆਂ ਕਪਾਹਾਂ ਚੁਗੀਆਂ, ਕੱਤਣਾ ਕੱਤਿਆ, ਪੀਹਣੇ ਪੀਠੇ, ਕੋਠੇ ਲਿੱਪੇ, ਘਾਹ ਖੋਤੇ.........ਤੇ ਡੰਗ ਟਪਾਇਆ।"

"ਕਿਉਂ, ਤੇਰੇ ਮਾਪਿਆਂ ਨੂੰ ਤੇਰਾ ਖ਼ਿਆਲ ਨਹੀਂ ਸੀ ?" ਮੈਂ ਪੁੱਛਿਆ।

"ਕਿਹੜਾ ਸਾਲ-ਛੀ ਮਹੀਨੇ ਦੀ ਗੱਲ ਸੀ ਕਿ ਮੈਂ ਉਹਨਾਂ 'ਤੇ ਬੋਝ ਬਣੀ ਰਹਿੰਦੀ ? ਇਹ ਤਾਂ ਉਮਰਾਂ ਦੇ ਮਾਮਲੇ ਸਨ। ਨਾਲ਼ੇ ਉਹਨਾਂ ਉਹਨੂੰ ਹੀ ਕੋਸਣਾ ਸੀ ਜਿਹੜਾ ਆਪਣੇ ਫ਼ਰਜ਼ਾਂ ਨੂੰ ਵਿੱਚੇ ਹੀ ਛੱਡ ਗਿਆ ਸੀ।"

"ਤੂੰ ਸਰਕਾਰ ਕੋਲ਼ੋਂ ਮਦਦ ਮੰਗ ਲੈਣੀ ਸੀ", ਮੈਂ ਉਦਾਸ ਹੋ ਕੇ ਆਖਿਆ।

ਮੈਂ ਉਹਦੀ ਮੰਗੇਤਰ ਹੋ ਕੇ ਕਿਸੇ ਅੱਗੇ ਹੱਥ ਅੱਡਦੀ—ਇਹ ਮੈਥੋਂ ਹੋ ਨਹੀਂ ਸਕਿਆ।"

ਉਹਦਾ ਸਿਦਕ, ਉਹਦਾ ਸਾਹਸ, ਉਹਦਾ ਸਿਰੜ ਦੇਖ, ਮੇਰਾ ਦਿਲ ਕਰੇ ਇਸ ਮਹਾਨ ਔਰਤ ਦੇ ਪੈਰ ਛੂਹ ਲਵਾਂ। ਉਮਰਾਂ ਦੇ ਛਿੱਲੜ, ਲਾਹ ਉਹ ਭਰ-ਜਵਾਨ ਕੁੜੀ ਬਣ ਮੇਰੀ ਯਾਦ ਵਿੱਚ ਉੱਘੜ ਖਲੋਤੀ।

"ਸੁਣਿਆ ਏਂ, ਉਹਦੇ ਪਿੰਡ ਉਹਦੀ ਯਾਦ ਮਨਾ ਰਹੇ ਨੇ। ਤੂੰ ਜਾਏਂਗੀ ?" ਮੈਂ ਪੁੱਛਿਆ।

"ਮੈਂ...ਮੈਂ ਉਹਦੇ ਪਿੰਡ ਭਲਾ ਕਿਵੇਂ ਜਾ ਸਕਦੀ ਹਾਂ ? ਉਹਨੇ ਵੱਜਦੇ ਵਾਜਿਆਂ ਨਾਲ਼ ਸਿਹਰੇ ਬੰਨ੍ਹ ਕੇ ਮੈਨੂੰ ਲੈਣ ਆਉਣਾ ਸੀ। ਉਹ ਆਇਆ ਨਹੀਂ। ਫਿਰ ਮੈਂ ਕਿਵੇਂ ਜਾ ਸਕਦੀ ਹਾਂ ?"

"ਇਹ ਤੇ ਬੜੀ ਪੁਰਾਣੀ ਗੱਲ ਹੋ ਗਈ ਏ", ਮੈਂ ਆਖਿਆ।

ਤੈਨੂੰ ਪੁਰਾਣੀ ਲੱਗਦੀ ਹੋਊ। ਮੈਨੂੰ ਤਾਂ ਇਹ ਲੱਗਦੀ ਏ, ਜਿਵੇਂ ਹਾਲੇ ਕੱਲ੍ਹ ਦੀ ਗੱਲ ਹੋਵੇ। ਜਦੋਂ ਇੱਕ ਦਿਨ ਦੀਵੇ ਮਿਲ਼ਦਿਆਂ ਨਾਲ਼ ਉਹ ਸਾਡੇ ਪਿੰਡ ਆਇਆ ਸੀ। ਬਾਹਰ ਖੂਹ 'ਤੇ ਖਲੋ ਇੱਕ ਨਿਆਣੇ ਹੱਥ ਮੈਨੂੰ ਸੁਨੇਹਾ ਭੇਜ ਦਿੱਤਾ। ਮੈਂ ਝਿਜਕਦੀ-ਝਿਜਕਦੀ ਸਭ ਤੋਂ ਚੋਰੀ ਉੱਥੇ ਆ ਗਈ। ਬੋਲਿਆ, "ਤੂੰ ਫ਼ਿਕਰ ਨਾ ਕਰੀਂ। ਅਜੇ ਮੈਨੂੰ ਜ਼ਰੂਰੀ ਕੰਮ ਨੇ। ਜਦੋਂ ਵਿਆਹ ਕੀਤਾ ਮੈਂ ਤੇਰੇ ਨਾਲ਼ ਹੀ ਕਰਾਂਗਾ। ਮੈਂ ਛੇਤੀ ਹੀ ਆਵਾਂਗਾ....। ਉਹ ਚਲਿਆ ਗਿਆ ਤੇ ਮੁੜ ਅਜੇ ਤੱਕ ਨਹੀਂ ਆਇਆ...।"

ਉਸ ਵੇਲੇ ਮੈਨੂੰ ਇੱਕ ਰਸੀਲਾ ਗੀਤ ਯਾਦ ਆਇਆ ਕਿ 'ਸਾਡਾ ਘਰ ਸਜਨੀਏ ਏਡੀ ਦੂਰ ਤਾਂ ਨਹੀਂ ਸੀ ਕਿ ਉਮਰ ਭਰ ਫੇਰਾ ਨਾ ਪਾਇਆ।' ਇਹਨਾਂ ਲਫ਼ਜ਼ਾਂ ਦੀ ਤੜਪ ਉਹਦੇ ਮੂੰਹ ਤੋਂ ਲੱਭਦੀ ਸੀ ਜਿਹੜੀ ਜ਼ਿੰਦਗੀ ਭਰ ਉਹਨੂੰ ਉਡੀਕਦੀ ਰਹੀ ਜਿਸ ਨੇ ਮੁੜ ਕਦੇ ਫੇਰਾ ਨਾ ਪਾਇਆ।

"ਤੂੰ ਇਹਨਾਂ ਪੀੜਾਂ ਦੀ ਸਾਰ ਕੀ ਜਾਣੇਂ ?" ਉਹ ਅੱਖਾਂ ਭਰ ਕੇ ਬੋਲੀ। ਦੋ ਹੰਝੂ ਵਹਿ ਤੁਰੇ। ਮੈਨੂੰ ਲੱਗਿਆ, ਜਿਵੇਂ ਉਹ ਕਹਿ ਰਹੀ ਹੋਵੇ, "ਇਹ ਕਿਹੀ ਵੇ ਧਰਤ ਕੰਡਿਆਲੀ, ਇਹ ਕਿਹੇ ਵੇ ਜੀਵਨ ਦੇ ਬਰੇਤੇ—ਮੇਰੇ ਸਾਹ ਸੁੱਕਦੇ ਜਾ ਰਹੇ ਨੇ।"

"ਰੱਬ ਤੈਨੂੰ ਲੰਮੀ ਉਮਰ ਬਖ਼ਸ਼ੇ," ਉਹਦੇ ਕੁਮਲਾਏ ਮੂੰਹ ਵੱਲ ਤੱਕ ਕੇ ਮੈਂ ਆਖਿਆ।

ਉਹ ਇਉਂ ਤ੍ਰਭਕੀ, ਜਿਵੇਂ ਮੈਂ ਉਹਦੇ ਚਪੇੜ ਕੱਢ ਮਾਰੀ ਹੋਵੇ। ਫਿਰ ਕਰੁਣਾ ਭਰੀ ਅਵਾਜ਼ ਵਿੱਚ ਕਹਿਣ ਲੱਗੀ, "ਮੇਰੀਏ ਹਮਦਰਦਣੇ, ਲੰਮੀ ਉਮਰ ਲਈ ਮੇਰੀ ਚਾਹ ਨਹੀਂ। ਉਮਰ ਦੇ ਤਾਂ ਇਹ ਦਿਨ ਵੀ ਨਹੀਂ ਮੁੱਕਦੇ ਪਏ।"

ਉਹਦੀ ਉਦਾਸੀ ਮੇਰੇ ਕੋਲ਼ੋਂ ਦੇਖੀ ਨਾ ਗਈ। ਗੱਲ ਬਦਲਣ ਲਈ ਮੈਂ ਆਖਿਆ, "ਤੂੰ ਮੇਰੇ ਨਾਲ਼ ਸ਼ਹਿਰ ਚੱਲ। ਮੇਰੀ ਭੈਣ ਦਾ ਵਿਆਹ ਏ, ਦੋ-ਚਾਰ ਦਿਨ ਸੋਹਣੇ ਲੰਘ ਜਾਣਗੇ।"

"ਨਹੀਂ, ਮੈਂ ਵਿਆਹ ਨਹੀਂ ਜਾ ਸਕਦੀ," ਉਹ ਬੋਲੀ।

"ਕਿਉਂ.... ?" ਮੈਂ ਪੁੱਛਿਆ।

"ਖੁਸ਼ੀਆਂ ਦੇ ਮੌਕੇ ਮੇਰੇ ਕੋਲੋਂ ਝੱਲੇ ਨਹੀਂ ਜਾਂਦੇ। ਅਜਿਹਿਆਂ ਮੌਕਿਆਂ 'ਤੇ ਮੈਂ ਬੜੀ ਥੱਕ ਜਾਂਦੀ ਹਾਂ। ਮੇਰੇ ਕੋਲ਼ੋਂ ਆਪਣੇ ਗ਼ਮ ਹੁਣ ਘੜੀ-ਪਲ ਲਈ ਵੀ ਦੂਰ ਨਹੀਂ ਕੀਤੇ ਜਾਂਦੇ। ਮੈਨੂੰ ਇਹਨਾਂ ਦੇ ਨਾਲ਼ ਰਹਿਣ ਦੀ ਆਦਤ ਪੈ ਗਈ ਏ। ਇੱਕ ਗੱਲ ਦੱਸੇਂਗੀ ? ਉਹਨੇ ਆਸ ਨਾਲ਼ ਮੇਰੇ ਵੱਲ ਤੱਕਿਆ।

"ਹਾਂ, ਪੁੱਛ", ਮੈਂ ਆਖਿਆ।

"ਕੀ ਸੱਚੀ-ਮੁੱਚੀ ਕੋਈ ਅਗਲਾ ਜਨਮ ਵੀ ਹੁੰਦਾ ਏ ?"

"ਵਿਚਾਰੀ...." ਮੇਰੇ ਦਿਲ ਨੇ ਆਖਿਆ।

"ਹਾਂ, ਜ਼ਰੂਰ ਹੁੰਦਾ ਏ।" ਮੈਂ ਕਹਿ ਦਿੱਤਾ। ਇਹ ਸੁਣ ਉਹਦੀਆਂ ਅੱਖਾਂ ਵਿੱਚ ਇੱਕ ਚਮਕ ਆਈ ਤੇ ਉਹ ਮੁਸਕਰਾ ਪਈ।

"ਕੀ ਅਜੇ ਤੀਕ ਵੀ ਉਹ ਤੈਨੂੰ ਯਾਦ ਏ ?" ਮੈਂ ਪੁੱਛਿਆ।

"ਹਾਂ...ਹਰ ਘੜੀ, ਹਰ ਪਲ ਉਹ ਮੈਨੂੰ ਯਾਦ ਰਹਿੰਦਾ ਏ। ਕਦੇ-ਕਦੇ ਤਾਂ ਬੜਾ ਮਨ ਕਰਦਾ ਏ ਕਿ ਕੋਈ ਆ ਕੇ ਆਖੇ, 'ਨਹੀਂ, ਉਹ ਮਰਿਆ ਨਹੀਂ, ਉਹਨੂੰ ਫ਼ਾਂਸੀ ਨਹੀਂ ਦਿੱਤੀ ਗਈ, ਉਹ ਜਿਉਂਦਾ ਏ।' ਕਦੀ-ਕਦੀ ਸੋਚਦੀ ਹਾਂ ਜੇ ਕਿਧਰੋਂ ਉਹ ਸੱਚੀ-ਮੁੱਚੀ ਮੁੜ ਆਵੇ, ਮੈਂ ਉਹਨੂੰ ਆਖਾਂ—ਕਹੁ ਵੇ ਇਹਨਾਂ ਤਕਦੀਰਾਂ ਨੂੰ, ਕਹੁ ਨਾ ਦੂਰ ਖਲੋਣ—ਮੈਂ ਵੀ ਕਿਸੇ ਦੀ ਧੀ ਵੇ, ਮੈਂ ਵੀ ਕਿਸੇ ਦੀ ਭੈਣ'—ਪਰ ਹੁਣ ਇਹਨਾਂ ਤਕਦੀਰਾਂ ਕੋਲ਼ ਮੇਰੇ ਜੋਗਾ ਹੈ ਹੀ ਕੀ ਏ ?" ਉਹ ਉਦਾਸ ਹੋ ਕੇ ਬੋਲੀ।

"ਹੁਣ ਤਾਂ ਭਗਤ ਸਿੰਘ ਦੇ ਸੁਪਨੇ ਪੂਰੇ ਹੋ ਰਹੇ ਨੇ। ਦੇਖ ਦੇਸ਼ ਕਿਵੇਂ ਤਰੱਕੀ ਵੱਲ ਜਾ ਰਿਹਾ ਏ, ਤੂੰ ਵੀ ਕੋਈ ਹਿੱਸਾ ਪਾ। ਦੇਖ ਨਵਾਂ ਵਰ੍ਹਾ ਆਇਆ ਏ, ਕੋਈ ਨਵਾਂ ਕਦਮ ਚੁੱਕ," ਮੈਂ ਆਖਿਆ।

ਉਹਦਾ ਮੂੰਹ ਹਿੱਸ ਗਿਆ ਤੇ ਉਹ ਚੁੱਪ-ਚਾਪ ਮੇਰੇ ਵੱਲ ਤੱਕਣ ਲਗੀ, ਜਿਵੇਂ ਕਹਿੰਦੀ ਹੋਵੇ :-

'ਪਿਛਲਾ ਵਰ੍ਹਾ ਰੋ ਕੇ ਟੁਰ ਚੱਲਿਆ, ਅਗਲਾ ਵੀ ਖੜ੍ਹਾ ਉਦਾਸ।<br>
ਕਿਹੜੇ ਵੇ ਮੁਨੀ ਸਰਾਪਿਆ, ਤੂੰ ਮੁੜ ਨਾ ਪੁੱਛੀ ਬਾਤ।'

"ਤੂੰ ਕੀ ਸੋਚ ਰਹੀ ਏਂ ?" ਮੈਂ ਪੁੱਛਿਆ। ਉਸ ਨੇ ਇੱਕ ਹੌਕਾ ਭਰਿਆ, ਜਿਵੇਂ ਕਹਿੰਦੀ ਹੋਵੇ, 'ਰਾਤ ਦੀ ਰਾਣੀ ਮੈਨੂੰ ਪੁੱਛਦੀ, ਕਿੱਥੇ ਤਾਂ ਗਈਆਂ ਨੀ ਤੇਰੀਆਂ ਨੀਂਦਰਾਂ, ਦਿਹੁੰ ਵੀ ਉਲਾਂਭੇ ਦਿੰਦਾ, ਕਿੱਥੇ ਤਾਂ ਖੋਈਆਂ ਤੇਰੀਆਂ ਸੁਰਤਾਂ—ਮੈਂ ਮੁੜ- ਮੁੜ ਤੈਥੋਂ ਪੁੱਛਦੀ, ਕੌਣ ਭਰੂ ਵੇ ਮੇਰੀ ਕਹਾਣੀ ਦਾ ਹੁੰਗਾਰਾ, ਕੌਣ ਬਣੂ ਵੇ ਮੇਰੇ ਦੁੱਖਾਂ ਦਾ ਸੀਰੀ— ?'

ਮੈਂ ਉਹਦੇ ਮੂੰਹ ਵੱਲ ਤੱਕਿਆ, 'ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ....' ਇਸ ਕਥਨ ਅੱਗੇ ਮੈਂ ਸਿਰ ਝੁਕਾ ਦਿੱਤਾ—ਉਹਦੀ ਟੁੱਟੀ ਹੋਈ ਜੁੱਤੀ 'ਤੇ ਮੇਰੀ ਨਜ਼ਰ ਪੈ ਗਈ। ਮੈਂ ਧਿਆਨ ਨਾਲ਼ ਦੇਖਿਆ, ਉਹਦੀ ਕਮੀਜ਼ ਨੂੰ ਵੀ ਟਾਕੀਆਂ ਲੱਗੀਆਂ ਹੋਈਆਂ ਸਨ। ਮੈਨੂੰ ਦੁੱਖ ਲੱਗਾ।

"ਤੂੰ ਉਹਨੂੰ ਵੇਖਿਆ ਸੀ ?" ਉਹ ਅਜੇ ਵੀ ਉਹਦੇ ਬਾਰੇ ਹੀ ਸੋਚ ਰਹੀ ਸੀ।

"ਨਹੀਂ"—ਮੈਂ ਆਖਿਆ।

"ਉਹ ਬੜਾ ਸੋਹਣਾ ਸੀ—ਸਾਡੇ ਪਿੰਡ ਦੀਆਂ ਸਾਰੀਆਂ ਕੁੜੀਆਂ ਦੇ ਪਰਾਹੁਣਿਆਂ ਨਾਲ਼ੋਂ ਸੋਹਣਾ" ਤੇ... ਅੱਗੋਂ ਉਹਦਾ ਗਲ਼ ਭਰ ਆਇਆ ਤੇ ਫਿਰ ਜਿਵੇਂ ਆਪਣੇ-ਆਪ ਗੱਲਾਂ ਕਰਨ ਲੱਗੀ :

'ਆਉਂਦੇ-ਜਾਂਦੇ ਰਾਹੀਆਂ ਦੇ ਮੈਂ ਮੂੰਹ ਵੱਲ ਤੱਕਦੀ,

ਕੋਈ ਕਰੇ ਵੇ ਤੇਰੀ ਗੱਲ।

ਮੈਂ ਕੰਨਿਆ ਕੁਆਰੀ ਖੜ੍ਹੀ ਉਡੀਕਦੀ ਵੇ ਕਦੇ ਤਾਂ ਸੁਨੇਹਾ ਘੱਲ।'

"ਕੀ ਸੋਚ ਰਹੀ ਏਂ, ਸੋਹਣੀਏ ?" ਮੈਂ ਪੁੱਛਿਆ। ਉਹ ਆਪਣੇ ਹੱਥਾਂ ਦੀਆਂ ਲਕੀਰਾਂ ਵੱਲ ਧਿਆਨ ਨਾਲ਼ ਤੱਕਣ ਲੱਗੀ, ਜਿਵੇਂ ਕਹਿ ਰਹੀ ਹੋਵੇ, 'ਮਾਂ ਆਪਣੀ ਨੂੰ ਮੈਂ ਪੁੱਛਦੀ, ਧੀ ਦੇ ਕਿਹੇ ਲੇਖ ਲਿਖਾਏ।'

ਮੈਂ ਉਹਦੇ ਵੱਲ ਤੱਕਦੀ ਰਹੀ। ਇੱਕ ਲਾਟ ਬਲ਼ਦੀ ਸੀ ਉਹਦੀਆਂ ਨਜ਼ਰਾਂ ਵਿੱਚ, ਇੱਕ ਕਹਿਰ ਸੀ, ਉਹਦੀ ਤੱਕਣੀ ਵਿੱਚ। ਮੈਨੂੰ ਲੱਗਿਆ, ਜਿਵੇਂ, ਉਹ ਇੱਕ ਨਾਗਣ ਬਣ ਕੇ ਫੁੰਕਾਰ ਰਹੀ ਹੋਵੇ। ਭਗਤ ਸਿੰਘ ਦੇ ਕਾਤਲਾਂ ਨੂੰ ਜਿਵੇਂ ਹੁਣੇ ਡੱਸ ਲੈਣਾ ਲੋਚਦੀ ਹੋਵੇ। ਜਿਵੇਂ ਸਭ ਕੁਝ ਭੰਨ-ਤੋੜ ਮਸਲ ਦੇਣਾ ਚਾਹੁੰਦੀ ਹੋਵੇ। ਫਿਰ ਉਹਨੇ ਪਲਕਾਂ ਝੁਕਾ ਲਈਆਂ, ਜਿਵੇਂ ਕਹਿੰਦੀ ਹੋਵੇ, 'ਮੈਂ ਭਲਾ ਕੀ ਕਰ ਸਕਦੀ ਹਾਂ—'

"ਤੂੰ ਨਿਰਾਸ ਨਾ ਹੋ। ਭਗਤ ਸਿੰਘ ਸਿਰਫ਼ ਤੇਰਾ ਹੀ ਨਹੀਂ ਸੀ। ਉਹ ਸਾਡਾ ਸਾਰਿਆਂ ਦਾ ਸੀ। ਉਹਦੀ ਮੌਤ ਦਾ ਦੁੱਖ ਤੈਨੂੰ ਹੀ ਨਹੀਂ—ਸਾਰੇ ਦੇਸ਼ ਨੂੰ ਹੈ—ਅਸੀਂ ਉਹਨੂੰ ਭੁੱਲੇ ਨਹੀਂ, ਸਾਨੂੰ ਤੂੰ ਭੀ ਯਾਦ ਏਂ।"

ਇਹ ਸੁਣ ਉਹਦੀਆਂ ਅੱਖਾਂ ਭਰ ਆਈਆਂ ਤੇ ਹੰਝੂ ਕੇਰ, ਉਹ ਮੇਰੀ ਕਲਪਨਾ ਵਿੱਚੋਂ ਮੁੜ ਚੱਲੀ। ਮੈਨੂੰ ਲੱਗਿਆ, 'ਧਰਤ-ਅੰਬਰ ਵੀ ਸੋਚਦੇ ਕੀ ਦੇਣ ਤਸੱਲੀ।'

ਏਨੇ ਨੂੰ ਇੱਕ ਝੂਟੇ ਨਾਲ਼ ਗੱਡੀ ਸਟੇਸ਼ਨ ਉੱਤੇ ਆਣ ਖੜ੍ਹੀ ਹੋਈ। ਉਹ ਮੰਗਤਾ ਫੇਰ ਡੱਬੇ ਅੱਗੋਂ ਦੀ ਗਾਉਂਦਾ ਜਾ ਰਿਹਾ ਸੀ—

ਜਦੋਂ ਵੀਰ ਭਗਤ ਸਿੰਘ, ਦੱਤ ਨੂੰ;
ਦਿੱਤਾ ਫਾਂਸੀ ਦਾ ਹੁਕਮ ਸੁਣਾ।
ਉਹਦੀ ਹੋਵਣ ਵਾਲ਼ੀ ਨਾਰ ਨੂੰ,
ਕਿਸੇ ਪਿੰਡ ਵਿੱਚ ਦੱਸਿਆ ਜਾ।

## ਪਾਠ-ਅਭਿਆਸ

1. **ਵਸਤੂਨਿਸ਼ਠ ਪ੍ਰਸ਼ਨ/ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :**

   **'ਸਤੀਆ ਸੇਈ' ਕਹਾਣੀ ਦੇ ਆਧਾਰ 'ਤੇ ਦੱਸੋ :**

   (ੳ) ਗੱਡੀ ਵਿੱਚ ਅੰਨ੍ਹਾ ਮੰਗਤਾ ਕਿਸ ਬਾਰੇ ਗੀਤ ਗਾ ਰਿਹਾ ਸੀ ?

   (ਅ) ਗੀਤ ਸੁਣਨ ਉਪਰੰਤ ਲੇਖਕਾ ਦੇ ਮਨ ਵਿੱਚ ਕਿਸ ਬਾਰੇ ਖ਼ਿਆਲ ਆਉਣ ਲੱਗੇ ਸਨ :

   (i) ਭਗਤ ਸਿੰਘ ਬਾਰੇ

   (ii) ਭਗਤ ਸਿੰਘ ਦੀ ਮੰਗੇਤਰ ਬਾਰੇ

   *[ਉਪਰੋਕਤ ਵਿੱਚੋਂ ਸਹੀ ਉੱਤਰ ਉੱਤੇ ਸਹੀ (✓) ਲਾਓ]*

   (ੲ) ਭਗਤ ਸਿੰਘ ਦੀ ਮੰਗੇਤਰ ਨੇ ਸਾਹਸ ਨਾਲ਼ ਕਿਹੜੇ-ਕਿਹੜੇ ਕੰਮ ਕੀਤੇ ਸਨ :

   (i) ਮਿਹਨਤ-ਮਜ਼ੂਰੀ ਵਾਲ਼ੇ ਸਾਰੇ ਕੰਮ ਕੀਤੇ।

   (ii) ਸਰਕਾਰ ਕੋਲ਼ੋਂ ਮਦਦ ਦੀ ਮੰਗ ਕੀਤੀ।

   *[ਉਪਰੋਕਤ ਵਿੱਚੋਂ ਸਹੀ ਉੱਤਰ ਉੱਤੇ ਸਹੀ (✓) ਲਾਓ]*

   (ਸ) ਲੇਖਕਾ ਦਾ ਮਨ ਭਗਤ ਸਿੰਘ ਦੀ ਮੰਗੇਤਰ ਦੇ ਪੈਰ ਛੂਹਣ ਲਈ ਕਿਉਂ ਕੀਤਾ ?

   (ਹ) ਭਗਤ ਸਿੰਘ ਦੀ ਮੰਗੇਤਰ ਲੇਖਕਾ ਦੀ ਕਿਹੜੀ ਗੱਲੋਂ ਤ੍ਰਭਕ ਪਈ ਸੀ ?

2. 'ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟਿ ਮਰੰਨਿ' ਇਹਨਾਂ ਸਤਰਾਂ ਦੇ ਇਸ ਕਹਾਣੀ ਦੇ ਪ੍ਰਸੰਗ ਵਿੱਚ ਕੀ ਅਰਥ ਹਨ ?
3. ਕਹਾਣੀ ਦੇ ਆਧਾਰ 'ਤੇ ਭਗਤ ਸਿੰਘ ਦੀ ਮੰਗੇਤਰ ਦਾ ਪਾਤਰ-ਚਿਤਰਨ ਕਰੋ।
4. 'ਸਤੀਆ ਸੇਈ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

*******